# ਹਾਸ਼ੀਏ 'ਤੇ

41 ਕਹਾਣੀਆਂ



ਕਿਰਪਾਲ ਕਜ਼ਾਕ

ਹਾਸ਼ੀਏ 'ਤੇ

41 ਕਹਾਣੀਆਂ

ਕਿਰਪਾਲ ਕਜ਼ਾਕ



A Group of
Chetna Parkashan
Ludhiana | Kotkapura | Canada | USA

ISBN 93-90603-78-1

Hashiye Te

₹ 695/-



# ਹਾਸ਼ੀਏ 'ਤੇ

ਹੋਰ ਪੁਸਤਕਾਂ

| | |
|---|---|
| ਕਾਲਾ ਇਲਮ | (ਕਹਾਣੀ ਸੰਗ੍ਰਿਹ) |
| ਸੂਰਜਮੁਖੀ ਪੁੱਛਦੇ ਨੇ | (ਕਹਾਣੀ ਸੰਗ੍ਰਿਹ) |
| ਅੰਧਾ ਪੁਲ | (ਕਹਾਣੀ ਸੰਗ੍ਰਿਹ) |
| ਹੁੰਮਸ | (ਕਹਾਣੀ ਸੰਗ੍ਰਿਹ) |
| ਅੰਤਰੀਵ | (ਕਹਾਣੀ ਸੰਗ੍ਰਿਹ) |
| ਕਾਲਾ ਪੱਤਣ | (ਨਾਵਲ) |
| ਜੁਗਨੂੰਆਂ ਦੀ ਢਾਣੀ | (ਰੇਖਾ ਚਿੱਤਰ) |
| ਕੰਧਾਂ ਤੋਂ ਬਿਨਾ | (ਨਾਟਕ) |
| ਅਗਨ ਕਥਾ | (ਨਾਟਕ) |
| ਰੰਗਮੰਚ ਚਿੰਤਨ | (ਖੋਜ ਕਾਰਜ) |
| ਲੋਕ-ਧਰਮੀ ਰੰਗਮੰਚ : ਸਿਧਾਂਤ ਤੇ ਵਿਹਾਰ | (ਖੋਜ ਕਾਰਜ) |
| ਲੋਕ ਪਰੰਪਰਾ ਤੇ ਕਬੀਲਾ ਸਭਿਆਚਾਰ | (ਖੋਜ ਕਾਰਜ) |
| ਭਾਰਤ ਕੇ ਆਦਿਵਾਸੀ | (ਖੋਜ ਕਾਰਜ/ਹਿੰਦੀ) |
| ਪੰਜਾਬੀ ਸਭਿਆਚਾਰ : ਲੋਕ-ਮੇਲੇ ਤੇ ਤਿਉਹਾਰ | (ਖੋਜ ਕਾਰਜ) |
| ਲੋਕ-ਧਰਮ ਤੇ ਕਬੀਲਾ ਸਭਿਆਚਾਰ | (ਖੋਜ ਕਾਰਜ) |
| ਸਿਰਜਣ ਪ੍ਰਕਿਰਿਆ : ਸਿਧਾਂਤ ਤੇ ਵਿਹਾਰ | (ਖੋਜ ਕਾਰਜ) |
| ਲੋਕ ਸਭਿਆਚਾਰ | (ਖੋਜ ਕਾਰਜ) |
| ਪਰੰਪਰਾ ਸਭਿਆਚਾਰ ਤੇ ਕਬੀਲੇ | (ਖੋਜ ਕਾਰਜ) |
| ਲੋਕ-ਧਾਰਾ ਅਤੇ ਸਾਹਿਤ : ਪਾਠ ਤੇ ਪ੍ਰਸੰਗ | (ਖੋਜ ਕਾਰਜ) |
| ਸਾਹਿਤ ਤੇ ਸੰਵਾਦ | (ਮੁਲਾਕਾਤਾਂ) |
| ਨਛੱਤਰ ਦਾ ਗਲਪ ਚਿੰਤਨ | (ਸੰਪਾਦਨਾ) |
| ਸਿਕਲੀਗਰ ਕਬੀਲੇ ਦਾ ਸਭਿਆਚਾਰ | (ਖੋਜ ਕਾਰਜ) ਪੰਜਾਬੀ/ਅੰਗਰੇਜ਼ੀ |
| ਲੋਕ ਖੇਡਾਂ ਤੇ ਪੰਜਾਬੀ ਸਭਿਆਚਾਰ | (ਖੋਜ ਕਾਰਜ) |
| ਗਾਡੀ ਲੁਹਾਰ ਕਬੀਲੇ ਦਾ ਸਭਿਆਚਾਰ | (ਖੋਜ ਕਾਰਜ) |
| ਪੰਜਾਬੀ ਸਭਿਆਚਾਰ ਤੇ ਲੋਕ ਪਹਿਰਾਵਾ | (ਖੋਜ ਕਾਰਜ) |
| ਬਾਲ ਵਿਸ਼ਵ ਕੋਸ਼, ਭਾਗ: ਲੋਕ ਪਰੰਪਰਾਵਾਂ | (ਸਹਿ ਲੇਖਨ) |
| ਪੰਜਾਬੀ ਸਭਿਆਚਾਰ ਸ਼ਬਦਾਵਲੀ ਕੋਸ਼ | (ਕੋਸ਼) |
| ਕਿੱਤਾ ਸ਼ਬਦ ਕੋਸ਼ | (ਸਹਿ ਲੇਖਨ) |
| ਲੋਕ-ਵੇਦ | (ਵਾਰਤਕ) |

ਬੱਚਿਆਂ ਲਈ

ਸਾਈਕਲ ਦੀ ਕਹਾਣੀ, ਖੁੱਲ ਜਾ ਸਿਮ ਸਿਮ, ਪਿੰਡ ਦੀ ਸੈਰ, ਜੋ ਡਰਦੇ ਨਹੀਂ, ਆਉ ਪਿੰਡ ਵੇਖੀਏ

# ਹਾਸ਼ੀਏ 'ਤੇ

(41- ਕਹਾਣੀਆਂ)

## ਕਿਰਪਾਲ ਕਜ਼ਾਕ

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ

**_Hashiye te_**

_All short stories by_

**Kirpal Kazak ©**

2687, Phase II,

Urban Estate, Patiala

Ph: 98726 44428

**ISBN : 978-93-90603-78-7**

**Rs.695/-**

**2021**

_Printed and Bound in India_

_Published by_

**A Group of**

**Chetna Parkashan**

PUNJABI BHAWAN, LUDHIANA (Pb.) INDIA

**KOTKAPURA | CANADA | USA**

Ph. 0161-2413613, 2404928, (M) 98152-98459, 98762-07774

Ph.: 95011-45039

Website: www.chetnaparkashan.com

E-mail: chetnaparkashan@gmail.com, gulatipublishersltd@gmail.com

Printer : R.K. Offset, Delhi

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

follow us on : www.facebook.com/ChetnaParkashan

**Follow us on : Instagram / Chetna_Parkashan**

ਸਮਰਪਣ

ਪਿਛਲੇ ਪਹਿਰ ਦੇ

ਨਾਂ

# ਤਤਕਰਾ

## ਕਾਲਾ ਇਲਮ


ਕਾਲਾ ਇਲਮ ........ 11
ਕਿਰਨਾਂ ਦੇ ਹਾਸ਼ੀਏ ........ 24
ਬਾਰੂਦ ........ 31
ਚਾਕੂ ........ 40
ਬੀਜ ........ 47
ਅੰਤਹਕਰਨ ........ 56
ਉਤਾਰ ........ 71
ਰਮਕਾਰ ........ 82
ਬੁੱਤ ਤਰਾਸ਼ ........ 99
ਗਿੱਲੇ ਅੱਖਰ ........ 112
ਖ਼ਲਾਅ ........ 120


## ਹੁੰਮਸ


ਹੁੰਮਸ ........ 131
ਪਾਣੀ ਦੀ ਕੰਧ ........ 140
ਜਿੱਥੋਂ ਸੂਰਜ ਉੱਗਦਾ ਹੈ ........ 148
ਸੈਲਾਬ ........ 161
ਤੱਕਲੇ ਦਾ ਦਾਗ਼ ........ 169
ਕੰਧਾਂ ਤੋਂ ਬਿਨਾਂ ........ 177
ਗਿੱਲੀ ਮਿੱਟੀ ........ 192
ਦਰਅਸਲ ........ 206

## ਅੰਤਹੀਣ


ਡੁਮਣਾ ........ 221
ਸੁਰਮਗਤੀ ........ 235
ਜੜ੍ਹਾਂ ........ 244
ਗੁਆਚ ਗਿਆ ਕੁਝ ........ 251
ਗੁੰਮਸ਼ੁਦਾ ........ 256
ਪਿੰਜਰੇ ........ 270
ਅੰਤਹੀਣ ........ 296



## ਸ਼ਰ੍ਹੇ ਆਮ


ਮਿੱਟੀ ਦਾ ਮਾਧੋ ........ 327
ਉਡੀਕ ........ 354
ਚਿਤਰ-ਗੁਪਤ ........ 361
ਹਾਰ ਜਿੱਤ ........ 372
ਆਪਣੇ ਆਪਣੇ ਸੂਰਜ ........ 380
ਪਿਆਦੇ ........ 390
ਚਿੰਬ ........ 402
ਲਾਜ਼ਮਾ ........ 414


## ਸਿਲਸਿਲੇ


ਤਲਾਕ ........ 437
ਸਦਗਤੀ ........ 466
ਫਰਿਸ਼ਤੇ ........ 487
ਰਣ ਖੇਤਰ ........ 506
ਇੱਛਾਧਾਰੀ ........ 522
ਕੀੜਿਆਂ ਦਾ ਭੌਣ ........ 536
ਤਾਸੀਰ ........ 553


## ਕਾਲਾ ਇਲਮ



# ਕਾਲਾ ਇਲਮ

ਪਿੰਡੋਂ ਬਾਹਰ ਉਹਨਾਂ ਦਾ ਡੇਰਾ ਸੀ। ਨਿੱਕੀਆਂ-ਨਿੱਕੀਆਂ ਢਾਲਵੀਆਂ ਛੰਨਾਂ। ਕਦੇ ਦਸ ਉੱਜੜ ਜਾਂਦੀਆਂ ਕਦੇ ਵੱਸ ਜਾਂਦੀਆਂ। ਜੱਦੀ-ਪੁਸ਼ਤੀ ਉਹ ਪਾਕਿਸਤਾਨੋਂ ਆਏ ਪਚਾਧੂ ਸਨ। ਮੰਗ-ਪਿੰਨ ਕੇ ਖਾਣ ਵਾਲੇ। ਜਿਨ੍ਹਾਂ ਬਾਰੇ ਅਖੌਤ ਸੀ ਕਿ 'ਬੁੱਢੀ ਮੱਝ, ਪੁਰਾਣਾ ਗੱਡਾ। ਯਾਰ ਪਚਾਧਾ, ਜਾਈ ਸੱਭੇ ਖਾਧਾ।' ਪਰ ਜਦੋਂ ਦਾ ਪਾਕਿਸਤਾਨ ਬਣਿਆ ਸੀ; ਉਹ ਚੱਕਵੇਂ ਚੁੱਲ੍ਹੇ ਦੇ ਵਾਸੀ ਸਨ।

ਇਕ ਸਮਾਂ ਸੀ, ਜਿਨ੍ਹਾਂ ਦੇ ਘਰੀਂ ਓਪਰੀ ਚਿੜੀ ਨਹੀਂ ਸੀ ਫਟਕਦੀ, ਉਹਨਾਂ ਦੇ ਘਰੀਂ ਨੁਆਰੀ ਪਲੰਘਾਂ ਤੇ ਬੈਠੇ ਉਹ ਕਈ-ਕਈ ਚਿਲਮਾਂ ਦੀ ਪੰਤ ਫੂਕ ਆਉਂਦੇ। ਮੰਗਣ ਦੇ ਨਾਲ-ਨਾਲ ਉਹ ਨਜੂਮੀਏ ਵੀ ਸਨ। ਜਿਸ ਘਰ ਜਾ ਖੜ੍ਹਦੇ, ਬਿਨਾਂ ਖ਼ੈਰ ਪੁਆਏ ਉਹਨਾਂ ਦੀ ਬੁਗਲੀ ਅੰਗਦ ਦਾ ਪੈਰ ਬਣ ਜਾਂਦੀ; ਜਿਸਨੂੰ ਰਾਵਣ ਵੀ ਨਹੀਂ ਸੀ ਚੁੱਕ ਸਕਿਆ। ਉਹ ਫ਼ਕੀਰਾਂ ਜਿਹੇ ਵੇਸ ਵਿਚ ਰਹਿੰਦੇ; ਇਸ ਲਈ ਵੱਡੀ ਉਮਰ ਦਿਆਂ ਨੂੰ ਲੋਕ ਸਾਂਈ ਜੀ ਕਹਿੰਦੇ। ਲੋਕ-ਵਿਸ਼ਵਾਸ ਸੀ ਕਿ ਇਹਨਾਂ ਦੀ ਬਦ-ਦੁਆ ਅੱਲ੍ਹਾ ਪਾਕ ਸਿੱਧੀ ਸੁਣਦਾ ਸੀ। ਥੋੜ੍ਹੀ ਕੀਤੇ ਲੋਕ ਦਰਾਂ ਤੋਂ ਖਾਲੀ ਨਾ ਮੋੜਦੇ।...

ਪੂਰੀ ਪਚਾਧੂਾ ਬਿਰਾਦਰੀ ਦੇ ਆਪੋ ਆਪਣੇ ਪਿੰਡ ਅਤੇ ਇਲਾਕੇ ਸਨ। ਉਹ ਹਰ ਘਰ ਦੇ ਪੋਤੜਿਆਂ ਤੋਂ ਵਾਕਿਫ਼ ਸਨ। ਖ਼ੈਰ ਲਈ ਜ਼ਰਾ ਕੁ ਦੇਰੀ ਹੋ ਰਹੀ ਹੁੰਦੀ ਤਾਂ ਉਹ ਘਰ ਦੀ ਸੁਆਣੀ ਦੇ ਪੇਕਿਆਂ ਦੀ ਉਸਤਤ ਛੋਹ ਲੈਂਦੇ। ਲੋਕ ਉਹਨਾਂ ਦੀ ਲੋਭਗਿਰੀ ਤੋਂ ਕੰਨੀ ਕਤਰਾਉਂਦੇ। ਉਹਨਾਂ ਲਈ ਖ਼ੈਰਾਇਤ ਦੀ ਕੋਈ ਸੀਮਾਂ ਨਹੀਂ ਸੀ। ਆਟਾ, ਅਨਾਜ, ਬਾਲਣ-ਲੱਕੜ, ਕੱਪੜ-ਲੀੜ, ਪੱਠਾ-ਦੱਥਾ, ਰਿੱਝਾ-ਪੱਕਾ ਜਾਂ ਕੁਝ ਵੀ...'ਚੰਗਾ ਭਾਈ ਸੁਖੀ ਵੱਸੋ' ਦੇ ਖਾਤੇ 'ਚ ਪਾ ਕੇ ਤੁਰਦੇ ਬਣਦੇ। ਉਹ ਲੰਗੜੇ-ਲੂਲ੍ਹੇ ਜਾਂ ਅਪਾਹਜ ਨਹੀਂ ਸਨ। ਸਗੋਂ ਭਰਵੀਂ ਡੀਲ-ਡੌਲ, ਉੱਚੇ-ਲੰਮੇ ਅਤੇ ਕਈ-ਕਈ ਕੋਹ ਪੈਰੀਂ ਤੁਰ ਕੇ ਟੱਬਰ ਲਈ ਮੰਗ-ਪਿੰਨ ਕੇ ਲੈ ਆਉਣ ਦੇ ਜੁੱਸੇ ਵਾਲੇ ਸਨ। ਪਰ ਮੰਗ ਖਾਣ ਨੂੰ ਆਪਣਾ ਹੱਕ ਸਮਝਦੇ।

ਇਹ ਗਏ ਜ਼ਮਾਨੇ ਦੀਆਂ ਗੱਲਾਂ ਸਨ। ਦੇਸ ਵੰਡ ਨੇ ਸਭ ਕੁਝ ਤਬਾਹ ਕਰਕੇ ਰੱਖ ਦਿਤਾ ਸੀ। ਹੁਣ ਬਿਗਾਨੀ ਧਰਤੀ, ਬਿਗਾਨੇ ਲੋਕ ਸਨ। ਪੂਰਾ ਦੇਸ ਖ਼ੁਦ ਮੰਗਤਿਆਂ ਦੀ ਕੱਗਾਰ 'ਤੇ ਖੜ੍ਹਾ ਸੀ। ਫਿਰ ਮੰਗਤਿਆਂ ਦਾ ਕੋਈ ਕੀ ਕਰੇ? ਰਹਿੰਦੀ ਕਸਰ ਉਜਾੜੇ ਨੇ ਪੂਰੀ ਕਰ ਦਿੱਤੀ ਸੀ।

ਭਾਵੇਂ ਸਥਿਤੀਆਂ ਤਹਿ ਕਰ ਰਹੀਆਂ ਸਨ ਕਿ ਕੋਈ ਕਰੇ ? ਫਿਰ ਵੀ ਹਰ ਜੱਦੀ ਖਸਲਤ ਦੀਆਂ ਜੜ੍ਹਾਂ ਪਤਾਲ ਵਿਚ ਸਨ। ਬ੍ਰਾਹਮਣ, ਵੈਸ਼, ਛੱਤਰੀ ਜੇ ਆਪੋ ਆਪਣੇ ਰੰਗ ਵਿਚ ਸਨ ਤਾਂ ਪਚਾਧੂ ਕਿਉਂ ਨਹੀਂ ? ਇਹ ਵੱਖਰੀ ਗੱਲ ਸੀ ਕਿ ਕਈ ਰਾਜਿਆਂ ਤੋਂ ਰੰਕ ਅਤੇ ਕਈ ਕੰਗਲਿਆਂ ਤੋਂ ਰਾਜੇ ਬਣ ਬੈਠੇ ਸਨ; ਪਰ ਨਵੀਂ ਦੁਨੀਆਂ, ਨਵੇਂ ਲੋਕ ਅਤੇ ਨਵੇਂ ਵਸੇਬੇ ਨੇ ਭਾਂਤ-ਭਾਂਤ ਦੀ ਲੱਕੜ ਜੋੜਦਿਆਂ, 'ਕਹੀਂ ਕੀ ਈਂਟ ਕਹੀਂ ਕਾ ਰੋੜਾ, ਭਾਨਮਤੀ ਨੇ ਕੁਨਬਾ ਜੋੜਾ' ਜਿਹੇ ਹਾਲਾਤ ਪੈਦਾ ਕਰ ਦਿੱਤੇ ਸਨ। ਜਿਸ ਵਿਚ ਉੱਜੜ ਕੇ ਆਏ ਲੋਕ, ਮੰਗਤਿਆਂ ਨੂੰ ਤਿਰਸਕਾਰ ਦੀ ਅੱਖ ਨਾਲ ਦੇਖਦੇ।

ਮੁਸਲਮਾਨ ਹੋਣ ਵਜੋਂ ਭਾਵੇਂ ਬਹੁਤੇ ਪਚਾਧੂ ਪਾਕਿਸਤਾਨ ਰਹਿ ਗਏ ਸਨ; ਪਰ ਜਿਹੜੇ ਏਧਰ ਨਿਕਲ ਆਏ ਉਹਨਾਂ ਲਈ ਨਵੇਂ ਰੰਗ 'ਚ ਰੰਗੇ ਜਾਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਨਵੇਂ ਮਫੈਰੂ ਮਿਹਨਤ ਮਜ਼ੂਰੀ ਵੱਲ ਨਿਕਲ ਗਏ। ਦੇਹ-ਰੱਖਾਂ ਫਿਰ ਬਗਲੀ ਚੁੱਕ ਲਈ। ਕਈ ਬਹੁਤ ਸਿਆਣੇ ਨਿਕਲੇ, ਉਹਨਾਂ ਛੇਤੀ ਹੀ ਜਾਣ ਲਿਆ ਕਿ ਭਾਵੇਂ ਉਹ ਲੱਖ ਮੁਸਲਮਾਨ ਸਨ, ਪਰ ਗਰੀਬੀ ਦਾ ਕੋਈ ਧਰਮ ਨਹੀਂ ਸੀ। ਸੁੰਨਤ ਪਹਿਲਾਂ ਹੀ ਲੁੱਕਵੀਂ ਸੀ। ਲਬਾਂ ਕਤਰਨੀਆਂ ਉਸਤਰੇ ਦੀ ਮਾਰ ਸਨ। ਉਹਨਾਂ ਬਗਲੀ ਤਾਂ ਉਹੋ ਰਹਿਣ ਦਿੱਤੀ। ਸੂਫ ਦੀ ਥਾਂ ਭਗਵਾ ਧਾਰਨ ਕਰਨ ਲਿਆ ਅਤੇ ਫਾਲ ਸੁੱਟਣ ਨੂੰ ਟੇਵੇ ਦਾ ਨਾਂ ਦੇ ਲਿਆ। ਹੁਣ ਉਹਨਾਂ ਦੇ ਕਈ ਨਾਂ ਸਨ। ਨਜੂਮੀਏਂ, ਹਰਫ਼ਪੋਪੇ ਅਤੇ ਜੋਤਸ਼ੀ ਆਦਿ...। ਵੱਡ-ਵਡੇਰੇ ਭਿੱਖਿਆ ਬਦਲੇ ਇਲਹਾਮ ਅਤੇ ਉਸਤਤ ਵੰਡਦੇ ਸਨ। ਵੀਰੂ ਤੇ ਜੁੰਮਾ ਭਿੱਖਿਆ ਬਦਲੇ ਸੁਪਨੇ ਵੰਡਣ ਲੱਗ ਗਏ। ਫਿਰ ਉੱਜੜ ਕੇ ਆਇਆਂ ਲਈ ਤਾਂ ਸੁਪਨੇ ਹੋਰ ਵੀ ਜ਼ਰੂਰੀ ਅਤੇ ਕੀਮਤੀ ਸਨ ਤੇ ਇਹ ਪਚਾਧੂ ਜਿਹੜੇ ਅੱਖਰ ਤੱਕ ਉਠਾਲਣਾ ਨਹੀਂ ਸਨ ਜਾਣਦੇ, ਸੁਪਨੇ ਤਾਂ ਕੀ, ਹਰ ਇੱਛਾਵਾਨ ਦੇ ਹੱਥਾਂ 'ਤੇ ਸਰ੍ਹੋਂ ਜਮਾਉਣ ਤੀਕ ਜਾਂਦੇ ਸਨ।

ਪਰ ਜੁੰਮਾ ਤੇ ਵੀਰੂ ਅਜਿਹੇ ਨਹੀਂ ਸਨ। ਉਹ ਬਚਪਨ ਦੇ ਯਾਰ ਸਨ। ਇਕੱਠੇ ਮੱਦਰਸੇ ਗਏ। ਫ਼ਾਜ਼ਲ ਦੀ ਜਮਾਤ ਤੋਂ ਪਹਿਲਾਂ ਹੀ ਮੁਲਕ ਵੰਡਿਆ ਗਿਆ ਅਤੇ ਏਧਰ ਆ ਗਏ। ਜਦ ਨੂੰ ਉਜੜੇ ਲੋਕਾਂ ਦੇ ਪੈਰ ਲੱਗੇ। ਵੀਰੂ ਅਤੇ ਜੁੰਮਾਂ ਆਪਣੇ ਜੱਦੀ ਕਸਬ ਸਮੇਤ ਜੜ੍ਹਾਂ ਫੜ ਗਏ।

ਦੋਹਾਂ ਨੂੰ ਹੀ ਇਲਮ, ਇਸਲਾਮ ਅਤੇ ਉਮਰ ਦਾ ਤਕਾਜ਼ਾ ਅਜਿਹਾ ਰਾਸ ਆਇਆ ਕਿ ਥੋੜ੍ਹੇ ਸਮੇਂ ਵਿੱਚ ਹੀ ਦੋਹਾਂ ਦੀ ਭੱਲ ਬੈਠ ਗਈ। ਉਹਨਾਂ ਆਪਣੇ ਇਲਮ ਅਤੇ ਅੱਖਰ-ਗਿਆਨ ਨੂੰ ਮੰਗਣ ਵਾਲੀ ਬਗਲੀ ਦੇ ਅੰਦਰ ਇਸ ਕਾਬਲੀਅਤ ਨਾਲ ਟਾਂਕ ਲਿਆ ਕਿ ਦਿਨਾਂ ਵਿਚ ਹੀ ਦੂਰ-ਦੂਰ ਦੇ ਪਿੰਡਾਂ ਵਿਚ ਉਹ ਨਜੂਮੀਆਂ ਵਜੋਂ ਪ੍ਰਸਿੱਧ ਹੋ ਗਏ। ਦੂਰ ਦੇ ਪਿੰਡਾਂ ਵਿਚ ਇਸ ਲਈ ਕਿਉਂਕਿ ਉਹ ਛੇਤੀ ਹੀ ਜਾਣ ਗਏ ਕਿ ਘਰ ਕਾ ਜੋਗੀ ਜੋਗੜੇ ਤੋਂ ਵੱਧ ਕੁਝ ਨਹੀਂ ਹੁੰਦਾ। ਇਸ ਲਈ ਉਹਨਾਂ ਦੂਰ ਦੇ ਪਿੰਡ ਆਪਣੀ ਮਾਰ ਹੇਠ ਕਰ ਲਏ। ਇਨ੍ਹਾਂ ਪਿੰਡਾਂ ਦੇ ਘਰਾਂ ਵਿਚ ਉਹ ਫਾਲ ਸਿੱਟ ਕੇ ਅਜਿਹਾ ਟੇਵਾ



ਲਾਉਂਦੇ ਕਿ ਖੂਹ ਵਿਚ ਡਿੱਗੀ ਇੱਟ ਤਾਂ ਸੁੱਕੀ ਨਿਕਲ ਸਕਦੀ ਸੀ; ਪਰ ਉਹਨਾਂ ਦਾ ਟੇਵਾ ਖਾਲੀ ਨਹੀਂ ਸੀ ਜਾਂਦਾ।...

ਇਸ ਜਾਦੂ ਦੇ ਕਈ ਭੇਤ ਸਨ। ਵੱਡਾ ਭੇਤ ਇਹ ਸੀ ਕਿ ਉਹ ਦੋਵੇਂ ਭੁੱਲ ਕੇ ਵੀ ਇਕੱਠੇ ਕਿਸੇ ਇਕ ਪਿੰਡ ਨਹੀਂ ਸਨ ਜਾਂਦੇ। ਨਾ ਹੀ ਉਹ ਬਾਹਰ ਕਿਸੇ ਨੂੰ ਇਹ ਭਿਣਕ ਪੈਣ ਦਿੰਦੇ ਸਨ ਕਿ ਉਹ ਇਕ ਦੂਜੇ ਨੂੰ ਜਾਣਦੇ ਸਨ।

ਕਿਸੇ ਦੇ ਘਰ ਜੇਕਰ ਵੀਰੂ ਕੋਈ ਤਵੀਤ ਧਾਗਾ ਜਾਂ ਟੂਣੇ-ਟੰਜਰ ਦੀ ਵਸਤੂ ਦਬਵਾ ਆਉਂਦਾ ਤਾਂ ਉਹ ਟੱਬਰ ਦੀ ਦੁੱਖ ਤਕਲੀਫ਼ ਅਤੇ ਦਬਾਈ ਹੋਈ ਸਮੱਗਰੀ ਬਾਰੇ ਆਉਂਦੇ ਹੀ ਜੁੰਮੇ ਨੂੰ ਦੱਸ ਦਿੰਦਾ। ਅਤੇ ਮਹੀਨੇ ਵੀਹ ਦਿਨੀਂ ਜੁੰਮਾ ਜਾ ਸੰਗਲੀ ਸਿੱਟਦਾ ਤੇ 'ਚਲੇ ਮੰਤਰ ਫੁਰੇ ਬਾਬਾ ਦਾ ਕਲਮਾਂ ਪੜ੍ਹਦਾ ਤਵੀਤ ਕੱਢ ਕੇ ਸਾਮ੍ਹਣੇ ਵਾਲੇ ਦੇ ਪੈਰੀਂ ਮਿੱਟੀ ਕੱਢ ਦਿੰਦਾ। ਇੰਜ ਕੁੱਕੜ, ਕੱਪੜੇ, ਸਤਨਾਜੇ ਅਤੇ ਪੀਰਾਂ ਫ਼ਕੀਰਾਂ ਦੇ ਨਾਂ ਤੇ ਲਈ-ਦਿੱਤੀ ਨਿਆਜ਼ ਦਾ ਭੇਤ ਦੋਹਾਂ ਵਿਚਾਲੇ ਸਾਂਝਾ ਰਹਿੰਦਾ।

ਆਪਣੇ ਇਸ ਇਲਮ ਵਿਚ ਉਹ ਇਤਨੇ ਮਾਹਰ ਸਨ ਕਿ ਬਿਰਾਦਰੀ ਤਾਂ ਦੂਰ, ਦੋਹਾਂ ਦੇ ਟੱਬਰਾਂ ਵਿਚ ਵੀ ਇਸ ਜੁਗਲਬੰਦੀ ਦੀ ਭਿਣਕ ਨਹੀਂ ਸੀ। ਸਿੱਟੇ ਵਜੋਂ ਉਹਨਾਂ ਦੀ ਭੱਲ ਤਾਂ ਸੀ ਹੀ, ਸਗੋਂ ਚਾਰ ਛਿਲੜ ਜੁੜ ਜਾਣ ਦੀ ਹੁੱਸ ਕਾਰਨ ਦੋਹਾਂ ਦੀਆਂ ਗੋਗੜਾਂ ਵੀ ਠੋਡੀ ਤੋਂ ਬਾਹਰ ਝਾਕਣ ਲੱਗੀਆਂ ਸਨ।

ਪਰ ਜਿਉਂ ਜਿਉਂ ਮੁਲਕ ਵੱਸ ਰਿਹਾ ਸੀ, ਸਮਾਂ ਤੇਜ਼ੀ ਨਾਲ ਬਦਲ ਰਿਹਾ ਸੀ। ਉਜਾੜੇ ਨੇ ਪੁੰਨ ਦਾਨ ਦੇ ਵਿਸ਼ਵਾਸ ਬਦਲ ਕੇ ਰੱਖ ਦਿੱਤੇ ਸਨ। ਨਿਹੱਥੇ ਅਤੇ ਨਿਆਸਰੇ ਲੋਕ ਅੰਗਾਂ-ਸਾਕਾਂ ਨੂੰ ਵੀ ਸ਼ੱਕ ਦੀ ਨਿਗਾਹ ਨਾਲ ਦੇਖਦੇ ਫਿਰ ਮੰਗਤੇ ਕੀ ਚੀਜ਼ ਸਨ। ਇਸ ਲਈ ਨਵੀਂ ਮੁਢੀਰ੍ਹ ਤੋਂ ਵੀਰੂ ਤੇ ਜੁੰਮੇ ਨੂੰ ਭੈਅ ਆਉਂਦਾ। ਵਾਹ ਲਗਦੀ ਉਹ ਤੀਵੀਆਂ ਕੋਲ ਹੀ ਟੇਵਾ ਲਾਉਣ ਦਾ ਕਸਬ ਨੰਗਾ ਕਰਦੇ। ਲਗਦਾ ਇਹ ਪੜ੍ਹੀ ਲਿਖੀ ਮੁਢੀਰ੍ਹ ਕਿਸੇ ਵੇਲੇ ਵੀ ਉਹਨਾਂ ਨੂੰ ਚੌਰਾਹੇ 'ਚ ਨੰਗਾ ਕਰ ਸਕਦੀ ਸੀ। ਫਿਰ ਵੀ ਦੁਖਿਆਰੇ ਅਤੇ ਇਛਾਵਾਂ ਦੇ ਅਭਿਲਾਸ਼ੀ ਲੋਕ ਉਹਨਾਂ ਦੀ ਰੋਟੀ-ਰੋਜ਼ੀ ਲਈ ਕਾਫ਼ੀ ਸਨ।...

ਸਭ ਕੁਝ ਠੀਕ ਠਾਕ ਚੱਲ ਰਿਹਾ ਸੀ। ਪਰ ਇਕ ਦਿਨ ਵੀਰੂ ਸਾਹਵੇਂ ਸਮਾਂ ਅਟਕ ਕੇ ਖੜ੍ਹ ਗਿਆ।...

ਇਕ ਸਵੇਰ ਗਜ਼ਾ ਕਰਦਾ ਵੀਰੂ ਕਿਸੇ ਪਿੰਡ ਦੀ ਗਲੀ ਵਿਚੋਂ ਲੰਘ ਰਿਹਾ ਸੀ ਕਿ ਵੱਖੀ ਵੱਲੋਂ ਕਾਮਰੇਡਾਂ ਦੇ ਘਰੋਂ ਤੀਵੀਆਂ ਦਾ ਬੋਲ-ਬੁਲਾਰਾ ਉੱਚਾ ਹੋਇਆ। ਉਹ ਠਿਠਕ ਗਿਆ। ਅਜਿਹੇ ਝਗੜੇ ਵਾਲੇ ਘਰਾਂ ਨੂੰ ਤਾਂ ਉਹ ਭਾਲ ਕੇ ਲੱਭਦੇ ਸਨ। ਉਹਨੇ ਧਿਆਨ ਨਾਲ ਸੁਣਿਆ; ਦੋ ਅਵਾਜ਼ਾਂ ਸਨ। ਉਸ ਅੰਦਾਜ਼ਾ ਲਗਾਇਆ, ਦਰਾਣੀ ਜਠਾਣੀ, ਜਾਂ ਨੂੰਹ ਸੱਸ ਹੋ ਸਕਦੀਆਂ ਸਨ। ਉਹਦੇ ਅੰਦਰਲੇ ਕਸਬ ਨੇ ਅੰਗੜਾਈ ਲਈ; ਪਰ ਨਾਲ ਦੀ ਨਾਲ ਉਹ ਕੰਬ ਗਿਆ। ਘਰ ਕਾਮਰੇਡ ਬਖ਼ਤੌਰੇ ਦਾ ਸੀ, ਜਿਸ ਬਾਰੇ ਮਸ਼ਹੂਰ ਸੀ ਕਿ ਉਹ ਮੰਗਤਿਆਂ ਤੋਂ ਬਗਲੀ ਵਿਚਲਾ ਆਟਾ ਵੀ ਡੰਗਰਾਂ ਦੀ ਖੁਰਲੀ ਵਿਚ ਸੁਟਵਾ

ਲੈਂਦਾ ਸੀ। ਬਹੁਤੀ ਵੇਰ ਤਾਂ ਉਹ ਛਿੱਤਰ-ਪੋਲੇ 'ਤੇ ਵੀ ਉੱਤਰ ਆਉਂਦਾ। ਪਿਛਲੇ ਕਈ ਸਾਲਾਂ ਤੋਂ ਵੀਰੂ ਤੇ ਜੁੰਮੇ ਨੇ ਭੁੱਲ ਕੇ ਵੀ ਏਸ ਘਰ ਵੱਲ ਕਦੇ ਮੂੰਹ ਨਹੀਂ ਸੀ ਕੀਤਾ।

ਇਕ ਘੜੀ ਉਸ ਮਨ ਹਟਕ ਲਿਆ ਅਤੇ ਕਾਹਲੀ ਨਾਲ ਗਲੀ ਪਾਰ ਕਰਨੀ ਚਾਹੀ। ਪਰ ਨਾ ਚਾਹੁੰਦੇ ਵੀ ਪੈਰ ਅਟਕ ਗਏ। ਉਸ ਦੇਖਿਆ, ਵੱਡੇ ਦਰਵਾਜ਼ੇ ਦੀ ਨਿੱਕੀ ਬਾਰੀ ਖੁੱਲ੍ਹੀ ਸੀ। ਨੂੰਹ ਸੱਸ ਹੀ ਸਨ। ਨੂੰਹ ਪਰੇ ਨਲਕੇ ਥੱਲੇ ਭਾਂਡੇ ਧੋਂਦੀ ਬੌਂਕੜਵਾਹ ਕਰ ਰਹੀ ਸੀ, ਜਦ ਕਿ ਸੱਸ ਰਾਂਗਲੇ ਚਰਖ਼ੇ ਦੀ ਘੂਕਰ ਵਿਚ ਨੂੰਹ ਦਾ ਅੱਗਾ-ਪਿੱਛਾ ਨੋਲ ਰਹੀ ਸੀ।

ਵੀਰੂ ਨੇ ਇਕ ਨਜ਼ਰ ਦੇਖਿਆ ਅਤੇ ਦੇਖਦਾ ਹੀ ਰਹਿ ਗਿਆ। ਨੂੰਹ ਸੱਸ ਵੱਲ ਨਹੀਂ। ਚਰਖ਼ੇ ਵੱਲ। ਅਜਿਹਾ ਖ਼ੂਬਸੂਰਤ ਚਰਖ਼ਾ ਉਹ ਪਹਿਲੀ ਵੇਰ ਦੇਖ ਰਿਹਾ ਸੀ। ਚਰਖ਼ੇ ਦੇ ਬੈੜ ਵਾਲੇ ਹਿੱਸੇ ਤੇ ਲੱਗੇ ਸੀਸ਼ੇ ਘੁੰਮਦੇ ਹੋਏ ਉਹਦਾ ਸਿਰ ਚਕਰਾ ਗਏ। ਕੰਨਾਂ ਵਿਚ ਸਾਂ ਸਾਂ ਹੋਈ। ਨੂੰਹ ਸੱਸ ਦਾ ਕੁਝ ਵੀ ਨਾ ਸੁਣ, ਪਤਨੀ ਜੈਨਾ ਦਾ ਚਰਖ਼ਾ ਨਾ ਹੋਣ ਬਾਰੇ ਨਿੱਤ ਦਾ ਕਚੀਰਾ ਸੁਣਿਆ। ਆਟੇ ਦੀ ਮੁੱਠੀ ਹੁੰਦੀ ਤਾਂ ਹੋਰ ਗੱਲ ਸੀ; ਬਖ਼ਤੌਰੇ ਦੇ ਘਰੋਂ ਚਰਖ਼ੇ ਜਿਹੀ ਜੱਤਰ ਹਥਿਆਉਣੀ ਦਿਨ ਪੱਛੋਂ ਵੱਲੋਂ ਚਾੜ੍ਹਨ ਦੇ ਬਰਾਬਰ ਸੀ। ਇਸ ਲਈ 'ਹੱਥ ਨਾ ਅੱਪੜੇ ਥੂਹ ਕੌੜੀ' ਸੋਚ ਉਹਨੇ ਆਪਣੇ ਆਪ ਨੂੰ ਲਾਨ੍ਹਤ ਪਾਈ ਤੇ ਕਿਹਾ, 'ਵੀਰੂ ਭਾ ! ਜੇ ਘਰ 'ਚ ਚਰਖ਼ਾ ਨਹੀਂ ਤਾਂ ਕੀ ਆਫ਼ਤ ਆ ਗਈ। ਉੱਤੋਂ ਔਕਾਤ ਤਾਂ ਦੇਖ ਆਪਦੀ...!'

ਉਹ ਚਲਾ ਤਾਂ ਆਇਆ ਪਰ ਉਸ ਤੋਂ ਬਾਦ ਉਹ ਕਿਸੇ ਦੇ ਘਰ ਫਾਲ ਨਾ ਸਿੱਟ ਸਕਿਆ। ਨਾ ਮੰਗ ਸਕਿਆ। ਉਦਾਸ ਮਨ ਡੇਰੇ 'ਚ ਪਰਤ ਆਇਆ।...

ਉਸ ਰਾਤ ਉਹਨੂੰ ਨੀਂਦਰ ਹੀ ਨਾ ਪਈ। ਜਦ ਕੇ ਰੋਜ਼ ਥੱਕ-ਟੁੱਟ ਕੇ ਪੈਂਦੇ ਹੀ ਸੌਂ ਜਾਣਾ ਉਸ ਲਈ ਆਮ ਗੱਲ ਸੀ। ਜ਼ਿਹਨ 'ਚ ਸੱਸ ਨੂੰਹ, ਚਰਖ਼ਾ, ਜੈਨਾ ਅਤੇ ਬਖ਼ਤੌਰਾ ਕਾਮਰੇਡ ਰਲਗੱਡ ਹੋਏ ਪਏ ਸਨ। ਉਹਨੇ ਯਾਦ ਕੀਤਾ, ਵਰ੍ਹੇ ਬੀਤ ਗਏ ਸਨ, ਕਦੇ ਅਜਿਹੀ ਨੌਬਤ ਨਹੀਂ ਸੀ ਆਈ। ਪਹਿਲੀ ਗੱਲ ਤਾਂ ਏਨੀ ਵੱਡੀ ਚੀਜ਼ 'ਤੇ ਕਦੇ ਅੱਖ ਹੀ ਨਹੀਂ ਸੀ ਟਿਕੀ, ਦੂਜਾ ਕਦੇ ਕਾਮਰੇਡ ਉਹਦੇ ਕਸਬ ਵਿਚ ਛਾਪੇ ਵਾਂਗ ਨਹੀਂ ਸਨ ਫਸੇ।

ਬੇਬਸੀ ਅਤੇ ਜੈਨਾ ਦੀ ਚਿਰੋਕੀ ਜ਼ਿੱਦ ਨੇ ਉਹਨੂੰ ਭੰਨ ਕੇ ਰੱਖ ਦਿੱਤਾ। ਲਗਦਾ, ਜਿਵੇਂ ਚਰਖ਼ਾ ਅਤੇ ਕਾਮਰੇਡ ਉਹਦੇ ਕਸਬ ਨੂੰ ਵੰਗਾਰ ਰਹੇ ਸਨ। ਜਦ ਕੇ ਉਹ ਜਾਣਦਾ ਸੀ ਉਹਨਾਂ ਦੇ ਕਸਬ ਦੀ ਜਾਦੂਈ ਮੁਹਾਰਨੀ ਜਦੋਂ 'ਚਲੇ ਮੰਤਰ ਫੁਰੇ ਬਾਬਾ, ਦੇਖਾਂ ਸੁਲੇਮਾਨ ਤੇਰੀ ਕਲਾਮ ਦਾ ਤਮਾਸ਼ਾ' ਦੇ ਰਹੱਸਮਈ ਬੋਲ ਉਚਾਰਦੀ ਸੀ ਤਾਂ ਖੱਬੀਖਾਨਾਂ ਦੇ ਪੈਰ ਵੀ ਕੱਢ ਦਿੰਦੀ ਸੀ।

ਮੰਗ ਪਿੰਨ ਕੇ ਮੁੜਦੇ ਵੀਰੂ ਅਤੇ ਜੁੰਮਾ ਹਰ ਸ਼ਾਮ ਨਹਿਰ ਦੀ ਪੁਲੀ 'ਤੇ ਮਿਲਦੇ। ਇਕ ਦੋ ਚਿਲਮਾਂ ਦੀ ਪੱਤ ਸਾਂਝੀ ਕਰਦੇ। ਕਿਸੇ ਟੱਬਰ ਨੂੰ ਹੱਥਾਂ ਹੇਠ ਲਿਆਉਣ ਦੀ



ਰਣਨੀਤੀ ਘੜਦੇ। ਪਰ ਵੀਰੂ ਜਦੋਂ ਦੋ ਦਿਨ ਟੱਪਰੀ ਵਿਚੋਂ ਹੀ ਨਾ ਨਿਕਲਿਆ ਤਾਂ ਜੁੰਮਾ ਉਹਦੇ ਸਰਹਾਣੇ ਜਾ ਖੜ੍ਹਾ। ਚਰਖ਼ਾ ਹਥਿਆਉਣ ਬਾਰੇ ਸੁਣ ਜੁੰਮੇ ਦੀ ਹੋਸ਼ ਜਾਂਦੀ ਰਹੀ।

"ਨਾ ਸਾਈਂ! ਮੇਰੀ ਤੌਬਾ!! ਉੱਤੋਂ ਬਖ਼ਤੌਰਾ? ਮੇਰੇ ਵੱਡੇ ਵਡੇਰਿਆਂ ਦੀ ਵੀ ਤੌਬਾ!"

"ਫਿਰ ਕਾਹਦੇ ਨਜੂਮੀ ਹਾਂ ਅਸੀਂ? ਇਕ ਚਰਖ਼ਾ ਵੀ ਨਹੀਂ ਹਥਿਆ ਸਕਦੇ!"

"ਤੂੰ ਤਵੀਤ ਧਾਗੇ ਦੀ ਆਖ, ਗੰਨੇ 'ਚੋਂ ਰਸ ਕੱਢਣ ਬਰੋਬਰ। ਪਰ ਬਖ਼ਤੌਰੇ ਦੇ ਘਰੋਂ ਚਰਖ਼ਾ, ਰਸ 'ਚੋਂ ਗੰਨਾ ਬਣਾਉਣ ਦੇ ਤੁੱਲ। ਮੇਰੀ ਮੰਨ 'ਤੇ ਸਿਰ 'ਤੇ ਖੱਫਣ ਨਾ ਬੰਨ੍ਹ।"

"ਪਰ ਐਹੋ ਜਿਹਾ ਰਾਂਗਲਾ ਚਰਖ਼ਾ, ਮੈਂ ਪਹਿਲਾਂ ਕਦੇ ਨਹੀਂ ਵੇਖਿਆ।"

"ਵੇਖ ਲਿਆ ਤਾਂ ਭੁੱਲ ਜਾਹ। ਅੱਗ 'ਚ ਹੱਥ ਨਾ ਪਾ।"

"ਨਹੀਂ, ਭੁੱਲਦਾ ਨਹੀਂ।"

"ਫਿਰ ਮੇਰੀ ਤੌਬਾ!"

"ਪਰ ਸਾਥ ਤਾਂ ਦੇਵੇਂਗਾ ਨਾ?"

"ਜੇ ਲੱਤ ਬਾਂਹ ਟੁੱਟਣ ਦੀ ਨੌਬਤ ਨਾ ਹੋਈ ਤਾਂ"

ਵੀਰੂ ਨੇ ਅਗਲਾ ਦਿਨ ਵੀ ਨਾ ਪੈਣ ਦਿੱਤਾ ਤੇ ਮਨ ਨੂੰ ਢਾਰਸ ਦਿੰਦੇ ਸੋਚਿਆ ਜੇ ਉਹਨਾਂ ਦੇ ਪੁਰਖੇ ਪਰਦੇ ਵਾਲੇ ਘਰਾਂ ਦੇ ਪਲੰਘਾਂ ਤੇ ਬੈਠੇ ਕਈ-ਕਈ ਚਿਲਮਾਂ ਦੀ ਪੱਤ ਫੂਕ ਆਉਂਦੇ ਸਨ ਤਾਂ ਇਹ ਕਾਮਰੇਡ ਬਖ਼ਤੌਰਾ ਕੀ ਚੀਜ਼ ਸੀ?

ਉਹਨੇ ਜੁੰਮੇ ਨੂੰ ਪਿੰਡੋਂ ਬਾਹਰ ਢਹੀ ਮਸੀਤ ਨੇੜਲੇ ਤਕੀਏ 'ਚ ਬਿਠਾਇਆ ਤੇ ਆਪ ਮਨ ਹੀ ਮਨ ਬਿਸਮਿੱਲ੍ਹਾ ਕਹਿੰਦੇ ਬਖ਼ਤੌਰੇ ਦੇ ਘਰ ਜਾ ਫਾਲ (ਸੰਗਲੀ) ਸੁੱਟੀ। ਟੇਵਾ ਲਾਇਆ ਕਿ ਘਰ ਵਿਚ ਰਿਜ਼ਕ ਤਾਂ ਅੰਨ੍ਹਾਂ ਸੀ, ਪਰ ਕਲਹਿ ਕਲੇਸ਼ ਕਾਰਨ ਘਰ ਦੋਜ਼ਖ਼ ਤੋਂ ਵੀ ਬਦਤਰ ਬਣਿਆ ਪਿਆ ਸੀ।

ਫਿਰ ਉਹਨੇ ਸਿਰ ਨੂੰ ਝਟਕਦੇ, ਦੇਹ ਵਿਚ ਕੰਬਣੀ ਲੈਂਦੇ, ਹੱਥ ਅਸਮਾਨ ਵੱਲ ਫੈਲਾਉਂਦੇ, ਮੂੰਹ ਵਿਚ ਕਲਮਾਂ ਪੜ੍ਹਦੇ ਅਤੇ ਬਗਲੀ ਸਮੇਟਦੇ ਪੇਸ਼ੀਨਗੋਈ ਕੀਤੀ ਕਿ ਉਹ ਏਥੇ ਇਕ ਪਲ ਵੀ ਹੋਰ ਨਹੀਂ ਰੁਕ ਸਕੇਗਾ।...

ਉਠ ਕੇ ਤੁਰਨ ਲੱਗਾ ਤਾਂ ਮਾਈ ਉਹਦੀ ਬਗਲੀ ਫੜ ਲਈ।

"ਕੀ ਗੱਲ ਸਾਈਂ ਜੀ! ਨਾ ਜਲ, ਨਾ ਪਾਣੀ...ਤੇ ਗੱਲ ਵਿੱਚ ਛੱਡ ਦਿੱਤੀ।"

"ਟੇਵਾ ਸਾਫ਼ ਏ ਬੀਬੀ! ਮੇਰਾ ਇਲਮ ਕਹਿੰਦੈ ਇਹ ਘਰ ਕਿਸੇ ਨਾਸਤਕ ਦੈ।"

"ਘਰ ਨੂੰ ਛੱਡ...ਤੂੰ ਟੇਵੇ ਬਾਰੇ ਦੱਸ..."

ਉਹਨੇ ਬਗਲੀ ਖੋਹਲੀ। ਚੌਂਕੜੀ ਮਾਰੀ। ਇਕ ਖ਼ਸਤਾਹਾਲ ਕਿਤਾਬ ਕੱਢੀ। ਅੱਖਾਂ ਨੂੰ ਲਾਈ ਅਤੇ ਇਕ ਤੋਂ ਵੱਧ ਵਾਰ ਵੱਖ-ਵੱਖ ਪੰਨਿਆਂ ਤੇ ਮਾਈ ਦੀ ਉਂਗਲ

ਰਖਵਾਈ। ਜਿਤਨੀ ਵੇਰ ਮਾਈ ਨੇ ਉਂਗਲ ਰੱਖੀ; ਵੀਰੂ ਨੇ ਸਾਹ ਅੰਦਰ ਖਿੱਚ, ਮੱਥਾ ਸਿਕੋੜ, ਅੱਖਾਂ ਮੀਟ ਅਤੇ ਮੂੰਹ ਨਾਲ ਸੀ-ਸੀ ਦੀ ਅਵਾਜ਼ ਕੱਢਦੇ ਬਦਨ ਨੂੰ ਇਸਤਰ੍ਹਾਂ ਵਲਿੱਸਿਆ ਜਿਵੇਂ ਉਹਦੇ ਸੀਨੇ ਵਿਚ ਤਿੱਖੀ ਚੀਜ਼ ਚੁੱਭਣ ਨਾਲ ਪੀੜ ਹੋਈ ਹੋਵੇ ਜਾਂ ਕੌੜੀਆਂ ਮਿਰਚਾਂ ਚਿੱਥ ਲੈਣ ਨਾਲ ਸਾਰਾ ਬਦਨ ਸੜ ਰਿਹਾ ਹੋਵੇ।

ਵੀਰੂ ਦੀ ਇਸ ਹਰਕਤ ਨੇ ਮਾਈ ਤੇ ਉਹਦੀ ਨੂੰਹ ਨੂੰ ਜਿਵੇਂ ਧੁਰ ਅੰਦਰ ਤੱਕ ਵਿੰਨ੍ਹ ਕੇ ਰੱਖ ਦਿੱਤਾ। ਦੋਵੇਂ ਅੱਖਾਂ ਭਰ ਆਈਆਂ। ਮਾਈ ਕੁਝ ਜ਼ਿਆਦਾ ਹੀ ਕੰਬ ਗਈ। ਪਤੀ ਸਾਥ ਛਡ ਕੇ ਸਿਰੋਂ ਨੰਗੀ ਕਰ ਗਿਆ ਸੀ। ਸੁਖ ਲਈ ਪੁੱਤਰ ਵਿਆਹਿਆ; ਪਰ ਨੂੰਹ ਨੇ ਆਉਂਦਿਆਂ ਹੀ ਸੋਹ ਦਾ ਤੱਕਲਾ ਗੱਡ ਦਿੱਤਾ। ਨੂੰਹ ਸੱਸ ਹੈਰਾਨ ਸਨ ਕਿ ਇਸ ਬਾਹਰਲੇ ਬੰਦੇ ਨੂੰ ਕਿਵੇਂ ਪਤਾ ਕਿ ਘਰ ਨਰਕ ਬਣਿਆ ਪਿਆ ਸੀ।

"ਕਲਹਿ ਜਿਹੀ ਕਲਹਿ...। ਸਾਈਂ ਜੀ! ਮੰਗ ਕੇ ਰਿਸ਼ਤਾ ਲਿਆ। ਚਾਵਾਂ ਨਾਲ ਵਿਆਹ ਕੇ ਲਿਆਂਦੀ। ਹੁਣ ਕਹਿੰਦੀ ਮੈਂ ਅੱਖੀਂ ਨਾ ਦਿੱਸਾਂ। ਤੂੰ ਦੱਸ ਮੈਂ ਕਿੱਥੇ ਮਰਾਂ ਜਾ ਕੇ।" ਸੱਸ ਕਿਹਾ।

"ਬਿਲਕੁਲ ਗ਼ਲਤ, ਉਲਟਾ ਇਹ ਕਹਿੰਦੀ ਮੈਂ ਨਾ ਇਹਨੂੰ ਦਿੱਸਾਂ।" ਨੂੰਹ ਕਿਹਾ।

ਵੀਰੂ ਨੂੰ ਯਕੀਨ ਨਾ ਆਇਆ ਕਿ ਉਹਦਾ ਇਕੋ ਤੀਰ ਦੋਹਾਂ ਨੂੰ ਵਿੰਨ੍ਹ ਕੇ ਰੱਖ ਦੇਵੇਗਾ। ਉਹ ਇਸੇ ਪਲ ਦੀ ਤਲਾਸ਼ ਵਿਚ ਸੀ।

"ਬੱਸ! ਆਹ ਨੁਕਸ ਏ ਇਹਦੇ 'ਚ ਨਾ ਵੱਡੇ ਦੀ ਦੀਦ, ਨਾ ਛੋਟੇ ਦੀ...।"

ਤਦ ਤੀਕ ਵੀਰੂ ਦੁਬਾਰਾ ਅੱਖਾਂ ਮੀਟ ਚੁੱਕਾ ਸੀ। ਉਹਨੇ ਬੁੱਲ੍ਹਾਂ 'ਤੇ ਉਂਗਲ ਰੱਖ ਮਾਈ ਨੂੰ ਚੁੱਪ ਰਹਿਣ ਲਈ ਕਿਹਾ ਅਤੇ ਪੂਰੇ ਜੋਸ਼ ਨਾਲ ਮਾਈ ਦੇ ਸਾਮ੍ਹਣੇ ਖਲਾਰ ਕੇ ਜ਼ੋਰ ਨਾਲ ਸੰਗਲੀ ਸੁੱਟੀ।

ਫਿਰ ਬੁੱਲ੍ਹਾਂ ਵਿਚ ਮੂਕ ਬੋਲਣ ਦਾ ਅਭਿਨੈ ਕੀਤਾ। ਉਂਗਲਾਂ ਤੇ ਕੋਈ ਹਿਸਾਬ ਲਗਾਇਆ ਅਤੇ ਕਾਹਲੀ ਨਾਲ ਫਿਰ ਬਗਲੀ ਸਮੇਟਣ ਲੱਗਾ।

ਮਾਈ ਦੀ ਖਾਨਿਉਂ ਗਈ। ਵਹੁਟੀ ਵੀ ਹੈਰਾਨੀ ਨਾਲ ਦੇਖ ਰਹੀ ਸੀ।

"ਕੀ ਹੋਇਆ?" ਮਾਈ ਦਹਿਲ ਚੁੱਕੀ ਸੀ।

"ਦੋ ਵੇਰ ਫਾਲ ਸੁੱਟੀ, ਦੋਵੇਂ ਵੇਰ ਨਾਚਲ ਹੋਇਆ ਕਿ ਇਹ ਕਲਹਿ ਖ਼ਤਮ ਨਹੀਂ ਹੋਣੀ।"

"ਕਿਉਂ?"

"ਨਾਸਤਕ ਏ ਟੱਬਰ...। ਪੀਰਾਂ ਫ਼ਕੀਰਾਂ ਦਾ ਖੋਫ਼ ਨਹੀਂ ਏਥੇ।"

"ਤੂੰ ਖ਼ੌਫ਼ ਛੱਡ!... ਉਪਾਅ ਦੱਸ।" ਮਾਈ ਕਾਹਲੀ ਪੈ ਗਈ।

ਵੀਰੂ ਕੁਝ ਵੀ ਨਾ ਕਹਿ ਕੇ ਨਾਂਹ ਵਿਚ ਕਈ ਵੇਰ ਸਿਰ ਹਿਲਾਇਆ।

"ਬਹੁਤ ਮੁਸ਼ਕਿਲ ਏ ਬੀਬੀ!"



"ਕੀ ਮੁਸ਼ਕਿਲ ਏ, ਕੁਝ ਪਤਾ ਤਾਂ ਲੱਗੇ।"

"ਇਹ ਬੀਬੀ ਕੀ ਲਗਦੀ ਏ ਤੇਰੀ? ।" ਵੀਰੂ ਵਹੁਟੀ ਵੱਲ ਇਸ਼ਾਰਾ ਕਰ ਪੁੱਛਿਆ।

"ਇਹੋ ਤੇ ਨੂੰਹ ਏ...ਹੋਰ ਤੇ ਚੌਥਾ ਬੰਦਾ ਕੋਈ ਨਹੀਂ ਘਰ 'ਚ।"

ਵੀਰੂ ਨੇ ਉਹਨੂੰ ਵੀ ਹੱਥ ਦੇ ਇਸ਼ਾਰੇ ਨਾਲ ਬਹਿ ਜਾਣ ਲਈ ਕਿਹਾ।

ਵੀਰੂ ਨੂੰਹ ਅੱਗੇ ਸੰਗਲੀ ਸੁੱਟ ਹੱਥ ਲੁਆਇਆ ਤੇ ਕਿਹਾ।

"ਇਹ ਤਾਂ ਬਹੁਤ ਭਾਗਾਂ ਵਾਲੀ ਧੀ ਏ ਬੀਬੀ, ਇਹਦਾ ਕੋਈ ਕਸੂਰ ਨਹੀਂ।"

"ਤਾਂ ਮੇਰਾ ਏ ਫਿਰ?" ਮਾਈ ਨੂੰ ਨੂੰਹ ਦੀ ਉਸਤਤ ਬੁਰੀ ਲੱਗੀ।

ਵੀਰੂ ਆਪਣੇ ਹੀ ਢੰਗ ਨਾਲ ਵਹੁਟੀ ਨੂੰ ਆਪਣੇ ਵੱਲ ਕਰ ਲੈਣਾ ਚਾਹੁੰਦਾ ਸੀ। ਉਹ ਜਾਣਦਾ ਸੀ ਚਰਖ਼ੇ ਵਿਚ ਕੋਈ ਰੋਕ ਬਣ ਸਕਦੀ ਸੀ ਤਾਂ ਚਰਖ਼ੇ ਦੀ ਮਾਲਕਣ ਬਣ ਸਕਦੀ ਸੀ।

"ਬਿਲਕੁਲ ਨਹੀਂ, ਪਾਕ ਸਾਫ਼ ਨੇ ਸਾਰੇ ਘਰ ਦੇ ਜੀਅ।"

"ਕਿਸੇ ਕੀਤਾ ਕਰਾਇਐ ਕੁਝ?" ਮਾਈ ਨੂੰ ਕੁਝ ਸਮਝ ਨਹੀਂ ਸੀ ਆ ਰਹੀ।

"ਸਵਾਲ ਹੀ ਪੈਦਾ ਨਹੀਂ ਹੁੰਦਾ, ਤਵੀਤ ਧਾਗਾ, ਟੂਣਾ-ਟੰਜਰ ਇਸ ਘਰ ਦੇ ਨੇੜੇ ਨਹੀਂ ਫ਼ਟਕ ਸਕਦਾ।"

"ਸੋਲਾਂ ਆਨੇ ਸੱਚ...ਇਹਨਾਂ ਦਾ ਪੁੱਤਰ ਨਹੀਂ ਮੰਨਦਾ ਇਹ ਗੱਲਾਂ।" ਇਸ ਵਾਰ ਨੂੰਹ ਨੇ ਕਿਹਾ।

"ਪਰ ਕੋਈ ਤਾਂ ਨੁਕਸ ਹੈ ਨਾ, ਜਿਹੜਾ ਸੁਖ ਦਾ ਸਾਹ ਨਹੀਂ ਆਉਂਦਾ।" ਮਾਈ ਹਥਿਆਰ ਸਿੱਟ ਗਈ।

ਵੀਰੂ ਨੂੰ ਲੱਗਾ ਲੋਹਾ ਗਰਮ ਸੀ।

"ਨੁਕਸ ਬਹੁਤ ਵੱਡੈ, ਪਰ ਬੰਦਿਆਂ 'ਚ ਨਹੀਂ ਕਿਤੇ ਹੋਰ ਐ।"

"ਕਿੱਥੇ?" ਦੋਹਾਂ ਕਿਹਾ।

"ਤੁਸੀਂ ਨੁਕਸ ਪੁੱਛਣੈ ਕਿ ਕਲਹਿ ਕੱਢਣੀ ਐ?" ਵੀਰੂ ਹੁਣ ਕਾਹਲ ਵਿਚ ਸੀ। ਉਹ ਚਰਖ਼ੇ ਦੇ ਬਿਲਕੁਲ ਨੇੜੇ ਸੀ। ਪਰ ਮਾਈ ਦਾ ਪੁੱਤਰ ਆ ਜਾਣ 'ਤੇ ਖੇਡ ਵਿਗੜ ਸਕਦੀ ਸੀ।

"ਕਲਹਿ ਕੱਢਣੀ ਐ...।" ਇਕ ਤਰ੍ਹਾਂ ਦੋਹਾਂ ਕਿਹਾ।

"ਤਾਂ ਸੁਣੋ! ਪਹਿਲਾਂ ਦੱਸੋ ਕੋਈ ਨਵਾਂ ਚਰਖ਼ਾ ਆਇਐ ਤੁਹਾਡੇ ਘਰ ਵਿੱਚ?"

ਨੂੰਹ ਸੱਸ ਦੋਹਾਂ ਇਕ ਦੂਜੇ ਵੱਲ ਦੇਖਿਆ ਅਤੇ ਚੁੱਪ ਕਰ ਗਈਆਂ।

"ਦੇਖੋ ਉਪਾਅ ਚਾਹੀਦੈ ਤਾਂ ਝੂਠ ਨਹੀਂ। ਹਾਂ, ਜਾਂ ਨਾਂਹ।"

ਵਹੁਟੀ ਨੂੰ ਦਾਜ ਵਿਚ ਆਏ ਚਰਖ਼ੇ ਬਾਰੇ ਸੁਣ ਪੀੜ ਹੋਈ, ਭਲਾ ਲੜਾਈ ਝਗੜੇ ਨਾਲ ਚਰਖ਼ੇ ਦਾ ਕੀ ਸੰਬੰਧ? ਫਿਰ ਵੀ ਉਸ ਕਿਹਾ।

"ਹਾਂ! ਮੇਰੇ ਦਾਜ ਵਿਚ ਆਇਐ।"

"ਬੱਸ ਉਸੇ ਦਾ ਪੁਆੜੈ ਸਭ।"

"ਕਿਉਂ? ਉਸ ਦਾ ਕਿਉਂ?" ਵਹੁਟੀ ਨੂੰ ਗੱਲ ਹਜ਼ਮ ਨਾ ਹੋਈ।

"ਟੇਵਾ ਕਹਿੰਦੇ ਫਲ ਖਾਓ, ਰੁੱਖ ਨਾ ਗਿਣੋ। ਪਰ ਤੁਸੀਂ ਪੁਛਿਐ ਤਾਂ ਸੁਣੋ। ਟੇਵੇ ਦੇ ਹਿਸਾਬ ਚਰਖ਼ੇ ਨੂੰ ਜਿਸ ਰੁੱਖ ਦੀ ਲੱਕੜ ਲੱਗੀ। ਉਥੇ ਕਦੇ ਬਦਰੂਹਾਂ ਅਤੇ ਜਿੰਨ ਹੀ ਜਿੰਨ ਸਨ। ਉਹ ਚਰਖ਼ੇ ਨਾਲ ਆ ਕੇ ਘਰ' ਚ ਬੈਠ ਗਏ। ਹੁਣ ਰੱਬ ਦਾ ਵਾਸਤਾ, ਹੋਰ ਕੁਝ ਨਾ ਪੁਛਿਉ।"

"ਸਾਈਂ ਜੀ ਬਿਲਕੁਲ ਠੀਕ ਮੇਰੇ ਦਿਲ ਲੱਗ ਗਈ। ਬਾਹਰ ਕਈ ਵੇਰੀਂ ਪੱਤਾ ਨਹੀਂ ਹਿੱਲਦਾ, ਤੇ ਆਹ ਸਾਡੀ ਵਿਹੜੇ ਵਿਚਲੀ ਨਿੰਮ ਝੂਟੇ ਲੈਂਦੀ ਏ ਦੁਪਹਿਰੇ। ਹੇ ਰੱਬ ਸੱਚਿਆ ਕੀ ਬਣੂ ਸਾਡਾ। ਸਾਈਂ ਜੀ ਮਾਰੋ ਕੋਈ ਰੇਖ ਵਿਚ ਮੇਖ਼...। ਕਿਤੇ ਸਾਡੀ ਨਿੰਮ 'ਤੇ ਵਾਸਾ ਤਾਂ ਨਹੀਂ ਉਹਨਾਂ ਦਾ?"

"ਨਹੀਂ ਬੀਬੀ ਰੇਖ਼ 'ਚ ਮੇਖ਼ ਮਾਰਨ ਦੀ ਮੇਰੀ ਕੀ ਔਕਾਤ...।" ਵੀਰੂ ਬਗਲੀ ਸਮੇਟਣ ਲੱਗਾ।

ਨੂੰਹ ਸੋਚ ਰਹੀ ਸੀ, ਇਕ ਪਾਸੇ ਨਿਗੁਣਾ ਚਰਖ਼ਾ, ਦੂਜੇ ਪਾਸੇ ਸਾਰੀ ਉਮਰ ਦਾ ਕੁੱਤਖਾਨਾ। ਕੀ ਪਤਾ ਕੋਈ ਰਾਹ ਨਿਕਲ ਹੀ ਆਵੇ। ਪਰ ਸਾਈਂ ਨੂੰ ਬਗਲੀ ਸਮੇਟਦੇ ਦੇਖ ਉਹ ਬੁਝ ਜਿਹੀ ਗਈ।

"ਪਰ ਕੋਈ ਉਪਾਅ ਤਾਂ ਹੋਏ ਗਾ।"

ਵੀਰੂ ਨੂੰ ਲੱਗਾ, ਹੁਣ ਆਖ਼ਰੀ ਸੱਟ ਬਾਕੀ ਸੀ, ਤੇ ਨੂੰਹ ਸੱਸ ਚਿੱਤ।

"ਉਪਾਅ ਤਾਂ ਹੈ ਪਰ ਤੁਸਾਂ ਕਰਨਾ ਨਹੀਂ।"

"ਕਿਉਂ? ਕਰਨਾਂ ਕਿਉਂ ਨਹੀਂ?" ਮਾਈ ਤਤਪਰ ਸੀ।

"ਇਹੋ ਜਹੀ ਅਲਾਮਤ ਦਾ ਉਪਾਅ ਹੁੰਦੈ ਵਿਸ਼ਵਾਸ਼ ਦਾ, ਸ਼ਰਧਾ ਦਾ।"

"ਪਰ ਕੁਝ ਦੱਸੋ ਤਾਂ ਸਹੀ।" ਨੂੰਹ ਕਿਹਾ।

"ਤਾਂ ਸੁਣੋ! ਜੇਠੀ ਮੱਸਿਆ ਦੀ ਰਾਤ, ਸਤਨਾਜਾ, ਧੂਫ਼ ਅਤੇ ਦੇਸੀ ਘਿਉ ਲੈ ਕੇ, ਅੱਧੀ ਰਾਤ ਚਰਖ਼ੇ ਨੂੰ ਸਿਰ 'ਤੇ ਚੁੱਕੋ। ਪਿਛੇ ਨਹੀਂ ਮੁੜ ਕੇ ਦੇਖਣਾ। ਕਿਸੇ ਬਿਗਾਨੇ ਪਿੰਡ ਦੇ ਸਿਵਿਆਂ ਵਿਚੋਂ ਕਿਸੇ ਸੜ ਰਹੇ ਮੁਰਦੇ ਦੀ ਚਿਖ਼ਾ ਵਿਚੋਂ ਅਗਨੀ ਲਵੋ ਤੇ ਚਰਖ਼ਾ ਫੂਕ ਦਿਉ। ਜਾਂ ਗੁੜ ਦੀ ਭੇਲੀ ਨਾਲ ਕਿਸੇ ਨੂੰ ਦਾਨ ਕਰ ਦਿਉ।...ਹੁਣ ਏਸ ਤੋਂ ਅੱਗੇ ਹੋਰ ਕੁਝ ਨਾ ਪੁੱਛਣਾ। ਮੈਨੂੰ ਮੁੱਠੀ ਆਟਾ ਦੇ ਦਿਉ ਤੇ ਸੁੱਚੇ ਪਾਣੀ ਨਾਲ ਹੱਥ ਧੁਆ ਦਿਉ ਬੱਸ; ਅੱਲ੍ਹਾ ਭਲੀ ਕਰੇਗਾ।"

ਆਟਾ ਲੈ ਕੇ ਆਉਣ ਅਤੇ ਸੁੱਚੇ ਪਾਣੀ ਦਾ ਪੈਂਤੜਾ ਦੋਹਾਂ ਨੂੰ ਇਕ ਘੜੀ ਸੋਚਣ ਦਾ ਮੌਕਾ ਦੇਣਾ ਸੀ। ਦੂਜਾ ਉਹ ਪਲ ਪਲ ਹੋ ਰਹੀ ਦੇਰੀ ਤੋਂ ਭੈਅ ਭੀਤ ਹੋ ਰਿਹਾ ਸੀ।



ਸੱਸ ਸੋਚ ਰਹੀ ਸੀ, ਵਹੁਟੀ ਕਿਸੇ ਵੀ ਕੀਮਤ 'ਤੇ ਚਰਖ਼ਾ ਨਹੀਂ ਦੇਵੇਗੀ। ਕਿਉਂ ਨਾ ਇਹਦੇ ਬਦਲੇ ਕਿਸੇ ਹੋਰ ਤਰ੍ਹਾਂ ਦੇ ਦਾਨ-ਪੁੰਨ ਬਾਰੇ ਪੁੱਛ ਲਿਆ ਜਾਵੇ। ਪਰ ਉਹਨੇ ਆਟੇ ਦੇ ਨਾਲ ਗੁੜ ਦੀ ਭੇਲੀ ਵੀ ਚੁੱਕ ਲਈ ਤਾਂ ਕਿ ਉਹ ਨੂੰਹ ਨੂੰ ਚਰਖ਼ਾ ਦੇ ਦੇਣ ਦੀ ਸਹਿਮਤੀ ਬਾਰੇ ਇਸ਼ਾਰਾ ਤਾਂ ਕਰ ਹੀ ਦੇਵੇ।

ਨੂੰਹ ਸੋਚ ਰਹੀ ਸੀ, 'ਭੱਠ ਪਵੇ ਸੋਨਾ ਜਿਹੜਾ ਕੰਨਾ ਨੂੰ ਖਾਵੇ।' ਸੁਖ ਦੇ ਸਾਹ ਬਦਲੇ ਚਰਖ਼ਾ ਕੋਈ ਵੱਡੀ ਚੀਜ਼ ਨਹੀਂ। ਮੱਸਿਆ ਦੀ ਰਾਤ, ਬਿਗਾਨੇ ਪਿੰਡ ਦੇ ਸਿਵੇ, ਅੱਧੀ ਰਾਤ, ਇਹਦੇ ਲਈ ਬਖ਼ਤੌਰੇ ਨੇ ਨਹੀਂ ਮੰਨਣਾ। ਕਿਉਂ ਨਾ ਪੁੰਨ ਕਰਕੇ ਫ਼ਸਤਾ ਵੱਢਿਆ ਜਾਵੇ।

ਨੂੰਹ ਨੇ ਸੱਸ ਹੱਥ ਗੁੜ ਦੀ ਭੇਲੀ ਦੇਖੀ ਤਾਂ ਉਹ ਬਿਨਾਂ ਕਿਸੇ ਉਜ਼ਰ ਚਰਖ਼ਾ ਰੇੜ੍ਹ ਲਿਆਈ। ਸੱਸ ਨੂੰਹ ਪ੍ਰਤਿ ਸਤਿਕਾਰ ਨਾਲ ਭਰ ਗਈ।

"ਸਾਈਂ ਜੀ! ਕੋਈ ਝਗੜਾ ਤਾਂ ਨਹੀਂ ਹੋਊਗਾ ਮੁੜਕੇ?" ਮਾਈ ਪੱਕ ਕਰ ਲੈਣਾ ਚਾਹਿਆ।

"ਤੁਸੀਂ ਦੱਸੋ, ਮੈਨੂੰ ਪਤਾ ਸੀ, ਥੋਡੇ ਘਰ ਕਲਿਹ ਐ?"

"ਉਂ ਹੂੰ!"

"ਮੈਨੂੰ ਪਤਾ ਸੀ ਕਿ ਕੋਈ ਚਰਖ਼ਾ ਆਇਐ ਤੁਹਾਡੇ ਘਰ ਨਵੀਂ ਲੱਕੜ ਦਾ?"

"ਨਹੀਂ!"

"ਮੈਂ ਜੋ ਟੇਵੇ 'ਚ ਨਿਕਲਿਆ ਦੱਸ ਦਿੱਤਾ।"

ਮਾਈ ਨੇ ਥਾਲੀ ਆਟੇ ਦੀ ਵੀਰੂ ਦੀ ਬਗਲੀ 'ਚ ਪਾਈ। ਗੁੜ ਦੀ ਰੋੜੀ ਦੇਣ ਲੱਗੀ ਤਾਂ ਵੀਰੂ ਟੋਕਿਆ।

"ਨਹੀਂ ਬੀਬੀ ਇਹ ਨਹੀਂ...। ਇਹ ਉਹਨੂੰ ਦਿਓ ਜਿਨੂੰ ਚਰਖ਼ਾ ਪੁੰਨ ਕਰੋਗੇ।"

"ਤੂੰ ਹੀ ਲੈ ਜਾਹ ਵੀਰ...ਇਹ ਫੂਕ ਫਕੱਈਆ ਸਾਥੋਂ ਨਹੀਂ ਹੋਣਾ, ਕਿਉਂ ਧੀਏ?" ਸੱਸ ਨੇ ਨੂੰਹ ਦੀ ਰਜ਼ਾਮੰਦੀ ਵੀ ਸ਼ਾਮਲ ਕਰ ਲਈ।

"ਨਹੀਂ ਬੀਬੀ! ਮੈਥੋਂ ਨਹੀਂ ਇਹ ਭਾਰ ਚੁੱਕ ਹੋਣਾ। ਇਹ ਕਰੜੀ ਥਾਂ ਦੀ ਲੱਕੜ। ਮੈਂ ਮਾਮੂਲੀ ਨਜੂਮੀਆਂ। ਮੇਰੀ ਤੋਬਾ!"

"ਦੇਖੋ ਸਾਈਂ ਜੀ, ਜਾਂ ਦੱਸਣਾ ਨਹੀਂ ਸੀ, ਜੇ ਦੱਸਿਐ ਤਾਂ ਭਲਾ ਵੀ ਕਰਨਾ ਪਊ। ਕਿਉਂ ਧੀਏ?" ਉਹਨੇ ਫਿਰ ਨੂੰਹ ਦੀ ਸਹਿਮਤੀ ਲਈ।

"ਤਾਂ ਰੁਕੋ!" ਉਹਨੇ ਫਿਰ ਬਗਲੀ ਰੱਖੀ। ਸੰਗਲੀ ਕੱਢੀ। ਫਾਲ ਸੁੱਟੀ। ਮੂੰਹ ਵਿਚ ਕੁਝ ਪੜ੍ਹਿਆ। ਪਹਿਲਾਂ ਵਹੁਟੀ, ਫਿਰ ਮਾਈ ਦੇ ਮੱਥੇ ਸੰਗਲੀ ਛੁਹਾਈ। ਨੇੜੇ ਪਏ ਪਾਣੀ ਦਾ ਛੱਟਾ ਚਰਖ਼ੇ 'ਤੇ ਦਿੱਤਾ। ਗੋਡੇ ਟੇਕੇ। ਅਸਮਾਨ ਵੱਲ ਹੱਥ ਫੈਲਾਉਂਦੇ, ਦੁਆ ਮੰਗੀ ਅਤੇ ਕਿਹਾ। "ਜਾਹ ਬੀਬੀ! ਅੱਜ ਤੋਂ ਬਾਦ ਘਰ 'ਚ ਨੌਂ ਤੇ ਵੀਹ ਖ਼ੈਰਾਂ। ਚਰਖ਼ਾ ਆਪਣੇ ਹੱਥੀਂ ਬਾਹਰ ਕੱਢੋ ਤੇ ਸਵਾ ਮਹੀਨਾ ਕਿਸੇ ਕੋਲ ਧੂੰ ਨਾ ਕੱਢਿਉ।"

ਵਹੁਟੀ ਚਰਖਾ ਰੋੜ੍ਹ ਬਾਹਰਲੇ ਬੂਹੇ ਕੋਲ ਲੈ ਆਈ। ਵੀਰੂ ਸੱਸ ਨੂੰ ਕਿਹਾ।

"ਲੈ ਹੁਣ ਵਹੁਟੀ ਨੂੰ ਕਹੋ, ਚਰਖੇ ਨੂੰ ਪੰਜ ਜੁੱਤੀਆਂ ਮਾਰੇ ਅਤੇ ਕਹੇ ਕਿ ਹੇ ਰੱਬ ਦੀਆਂ ਰੂਹੋ। ਜਿਧਰੋਂ ਆਈਆਂ, ਓਧਰੇ ਜਾਓ।"

ਮਾਮੂਲੀ ਝਿਜਕ ਤੋਂ ਬਾਦ ਵਹੁਟੀ ਨੇ ਚਰਖੇ ਨੂੰ ਪੰਜ ਜੁੱਤੀਆਂ ਮਾਰ ਵੀਰੂ ਦਾ ਕਿਹਾ ਉਚਾਰਿਆ ਅਤੇ ਸੁਖ ਦਾ ਸਾਹ ਲਿਆ।

***

ਤਕੀਏ 'ਤੇ ਬੈਠੇ ਜੁੰਮੇ ਦੀ ਬੁਰੀ ਹਾਲਤ ਸੀ। ਪਲ ਪਲ ਹੋ ਰਹੀ ਦੇਰੀ ਤੋਂ ਉਹਨੂੰ ਭੈੜੇ ਭੈੜੇ ਖਿਆਲ ਆ ਰਹੇ ਸਨ। ਵਾਲ ਪੁੱਠੀ ਪੈ ਗਈ ਤਾਂ ਕਾਮਰੇਡ ਬਖ਼ਤੌਰਾ ਕੀ ਬਖੇੜਾ ਕਰ ਸਕਦਾ ਸੀ, ਇਹ ਸੋਚ ਭੈਅ ਆਉਂਦਾ ਸੀ। ਉਹਦੇ ਢਿੱਡ ਵਿਚ ਵੱਟ ਉੱਠ ਰਹੇ ਸਨ ਅਤੇ ਉਹਦੀ ਨਜ਼ਰ ਪਿੰਡ ਵੱਲੋਂ ਆਉਂਦੀ ਪਹੀ ਤੋਂ ਪਲ ਭਰ ਲਈ ਵੀ ਨਹੀਂ ਸੀ ਹਟ ਰਹੀ। ਪਰ ਜਿਵੇਂ ਹੀ ਉਹਨੇਂ ਵੀਰੂ ਨੂੰ ਸਿਰ 'ਤੇ ਕੁਝ ਚੁੱਕੀ ਆਉਂਦੇ ਦੇਖਿਆ। ਉਹਦੀਆਂ ਬਾਛਾਂ ਖਿੜ ਗਈਆਂ। ਇਸ ਤੋਂ ਪਹਿਲਾਂ ਕਿ ਵੀਰੂ ਉਸ ਕੋਲ ਆਉਂਦਾ, ਉਹ ਆਪ ਹੀ ਭੱਜ ਕੇ ਉਹਨੂੰ ਜਾ ਮਿਲਿਆ ਅਤੇ ਉਹ ਇਕ ਪਲ ਵੀ ਦੇਰੀ ਕੀਤੇ ਬਿਨਾਂ ਦੋਵੇਂ ਬਖ਼ਸ਼ੀਵਾਲੇ ਪਿੰਡ ਦੇ ਰਾਹ ਪੈ ਗਏ। ਪਰ ਜੁੰਮਾ ਇਤਨਾਂ ਡਰਿਆ ਹੋਇਆ ਸੀ ਕਿ ਕਿੱਲਾ ਦੋ ਕਿੱਲੇ ਤੁਰ ਕੇ ਫਿਰ ਪਿਛੇ ਝਾਕ ਲੈਂਦਾ।...

***

ਵੀਰੂ ਦੇ ਘਰੋਂ ਨਿਕਲਦਿਆਂ ਹੀ ਨੂੰਹ ਸੱਸ ਸੁਖ ਦਾ ਸਾਹ ਲਿਆ। ਉਹ ਸੋਚ ਰਹੀਆਂ ਸਨ ਜੇ ਨਜੂਮੀਆਂ ਚਰਖਾ ਚੁੱਕਣ ਤੋਂ ਨਾਂਹ ਕਰ ਜਾਂਦਾ ਤਾਂ ਉਹ ਬਖ਼ਤੌਰੇ ਨੂੰ ਚਰਖਾ ਫੂਕਣ ਲਈ ਕਿਵੇਂ ਰਾਜ਼ੀ ਕਰਦੀਆਂ।

ਸ਼ੁਕਰ-ਸ਼ੁਕਰ ਕਰਦੀਆਂ ਉਹ ਹਾਲੇ ਮੰਜੇ 'ਤੇ ਇਕੱਠੀਆਂ ਬੈਠੀਆਂ ਹੀ ਸਨ ਕਿ ਬਾਹਰਲਾ ਬੂਹਾ ਖੜਕਿਆ। ਬਖ਼ਤੌਰਾ ਸੀ। ਮਾਂ 'ਤੇ ਪਤਨੀ ਨੂੰ ਇਕੋ ਮੰਜੇ 'ਤੇ ਬੈਠਿਆਂ ਦੇਖ ਤ੍ਰਭਕਿਆ। ਵਿਆਹ ਤੋਂ ਲੈ ਕੇ ਹੁਣ ਤੱਕ ਉਹਨੇਂ ਕਦੇ ਦੋਹਾਂ ਨੂੰ ਇਕੱਠੇ ਬੈਠੇ ਅਤੇ ਮੁਸਕੜੀਏ ਹੱਸਦਿਆਂ ਨਹੀਂ ਸੀ ਦੇਖਿਆ।

"ਕੀ ਗੱਲ ਬੇਬੇ ਅੱਜ ਰਾਹੂ ਕੇਤੂ ਇਕੋ ਮੰਜੇ 'ਤੇ, ਸੁੱਖ ਤਾਂ ਹੈ?"

ਉਹਨੇ ਖੁਸ਼ੀ ਅਤੇ ਹੈਰਾਨੀ ਨਾਲ ਕਿਹਾ।

"ਵੇ ਪੁੱਤ ਅਸੀਂ ਕਾਹਨੂੰ ਲੜਦੀਆਂ ਸੀ, ਲੜਨ ਵਾਲਾ ਤਾਂ ਕੋਈ ਹੋਰ ਈ ਸੀ।"

"ਹੋਰ ਸੀ? ਕਿਹੜਾ ਹੋਰ?"

"ਜਿਹੜਾ ਵੀ ਸੀ...ਬਾਹਰ ਮਾਰਿਆ ਚੱਕ ਕੇ...।" ਮਾਂ ਨੇ ਕਿਹਾ।

ਨੂੰਹ ਨੇ ਤ੍ਰਭਕ ਕੇ ਸੱਸ ਵੱਲ ਦੇਖਿਆ। ਸਾਈਂ ਨੇ ਤਾਂ ਸਵਾ ਮਹੀਨਾ ਦੰਦਾਂ ਥੱਲੇ ਜੀਭ ਲੈਣ ਨੂੰ ਕਿਹਾ ਸੀ। ਮਾਈ ਨੂੰ ਵੀ ਪਛਤਾਵਾ ਹੋਇਆ।



"ਬਾਹਰ ਮਾਰਿਆ? ...ਕੀਹਨੂੰ ਬਾਹਰ ਮਾਰਿਆ?"

"ਕੁਝ ਨਹੀਂ।" ਮਾਂ ਕਿਹਾ।

ਬਖ਼ਤੌਰੇ ਮਾਂ ਦਾ ਕਿਹਾ ਸੁਣ ਤਾਂ ਲਿਆ ਪਰ ਉਹਦੀ ਪੈਨੀ ਨਜ਼ਰ ਭਾਂਪ ਲਿਆ ਕਿ ਜ਼ਰੂਰ ਕੁਝ ਵਾਪਰ ਕੇ ਹਟਿਆ ਸੀ।

ਫਿਰ ਜੋ ਵੀ ਉਹਨੇਂ ਮਾਂ ਤੇ ਪਤਨੀ ਤੋਂ ਸੁਣਿਆ। ਉਹਨੇਂ ਮਿੱਟੀ ਕਰਕੇ ਰੱਖ ਦਿੱਤਾ। ਪਤਾ ਲੱਗਾ ਥੋੜ੍ਹਾ ਚਿਰ ਪਹਿਲਾਂ ਹੀ ਨਜੂਮੀਆਂ ਉਹਦੇ ਘਰੋਂ ਨਿਕਲਿਆ ਸੀ। ਬਖ਼ਤੌਰੇ ਲੋਈ ਦੀ ਬੁੱਕਲ ਵੀ ਨਾ ਲਾਹੀ ਅਤੇ ਡਾਂਗ ਚੁੱਕੀ ਨਜੂਮੀਏ ਮਗਰ ਭੱਜ ਤੁਰਿਆ।

ਥੋੜ੍ਹਾਂ ਥੱਲੇ ਥੋੜ ਵੱਟਦੇ ਬੁੜ੍ਹਿਆਂ ਤੋਂ ਪਤਾ ਲੱਗਾ ਕਿ ਥੋੜ੍ਹੀ ਦੇਰ ਪਹਿਲਾਂ, ਦੋ ਨਜੂਮੀਏ ਬਖ਼ਸ਼ੀਵਾਲੇ ਦੇ ਰਾਹ ਚਰਖਾ ਚੁੱਕੀ ਲੰਘੇ ਸਨ।...

***

ਜਦ ਨੂੰ ਹਫਦੇ ਹੋਏ ਬਖ਼ਤੌਰੇ ਨੇ ਉਹਨਾਂ ਨੂੰ ਘੇਰਿਆ। ਅਜਬ ਦ੍ਰਿਸ਼ ਦੇਖਣ ਨੂੰ ਮਿਲਿਆ।

ਚਰਖਾ ਪਰ੍ਹੇ ਵਾਹਣ ਵਿਚ ਪਿਆ ਸੀ, ਤੇ ਉਹ ਦੋਵੇਂ ਆਪਸ ਵਿਚ ਗੁੱਥਮ ਗੁੱਥਾ ਸਨ। ਮਿੱਟੀ ਵਿਚ ਲਿਬੜੇ ਉਹ ਇਕ ਦੂਜੇ ਦੇ ਵੱਡ ਵਡੇਰਿਆਂ ਬਾਰੇ ਬੁਰਾ ਭਲਾ ਕਹਿੰਦੇ ਲੜ ਰਹੇ ਸਨ।

ਬਖ਼ਤੌਰਾ ਠਠੰਬਰ ਗਿਆ। ਉਹਦੇ ਹੱਥਾਂ ਵਿਚ ਘੁੱਟੀ ਡਾਂਗ ਢਿੱਲੀ ਪੈ ਗਈ ਅਤੇ ਉਹ ਵਾਹਣ ਵਿਚ ਡਿੱਗੇ ਚਰਖੇ ਦੀ ਥਾਂ ਉਹਨਾਂ ਵੱਲ ਅਹੁਲਿਆ।

"ਕੀ ਗੱਲ ਬਈ? ਕੌਣ ਓ ਤੁਸੀਂ ਤੇ ਲੜਨ ਕਿਉਂ ਡਹੇ ਜੇ?"

"ਮੰਗਤੇ ਆਂ...ਜਗੀਰ ਵੰਡਣੀ ਏ ਅਸੀਂ। ਤਾਂ ਲੜਨ ਡਹੇ ਆਂ।" ਜੁੰਮਾ ਤਲਖ਼ ਬੋਲਿਆ।

"ਪਰ ਕੋਈ ਵਜਾਹ ਤਾਂ ਹੋਊ?"

"ਰੋਣਾ ਈ ਏਸੇ ਗੱਲ ਦੈ ਬਈ ਵਜਾਹ ਈ ਕੋਈ ਨਹੀਂ। ਤੇ ਆਹ ਦੋ ਕੋਹ ਪੈਂਡੇ 'ਚ ਵੀਹ ਵਾਰੀਂ ਸਿਰ 'ਚ ਪਤਾ ਨਹੀਂ ਕੀ ਫਤੂਰ ਉੱਠਿਆ, ਬਈ ਜੀ ਕਰਦੈ ਇਕ ਦੂਜੇ ਨੂੰ ਅੱਖੀਂ ਨਾ ਦਿੱਸੀਏ।" ਵੀਰੂ ਕਿਹਾ।

"ਕਮਾਲ ਐ!" ਬਖ਼ਤੌਰਾ ਹੈਰਾਨ ਹੋਇਆ।

"ਕਮਾਲ ਜਹੀ ਕਮਾਲ! ਭਰਾ ਹਾਂ ਦੋਵੇਂ। ਚਾਚੇ ਥਾਬੇ ਦੇ...। ਨਾ ਕੋਈ ਗੁੱਸਾ, ਨਾ ਗਿਲਾ। ਫਿਰ ਵੀ ਭਾਂਬੜ ਮੱਚਦੈ ਦਿਲ 'ਚ...।" ਵੀਰੂ ਫਿਰ ਕਿਹਾ। ਪਰ ਉਹ ਬਖ਼ਤੌਰੇ ਦੇ ਹੱਥ 'ਚ ਡਾਂਗ ਦੇਖ ਅੰਦਰੋਂ ਦਹਿਲ ਚੁੱਕਾ ਸੀ।

"ਪਰ ਭਾਂਬੜ ਦਾ ਕਾਰਨ ਤਾਂ ਹੋਊ ਕੋਈ।..." ਬਖ਼ਤੌਰਾ ਹੈਰਾਨ ਸੀ।

"ਕਾਰਨ ਮੈਂ ਦੱਸਦਾਂ ਸਰਦਾਰਾ!" ਇਸ ਵਾਰ ਜੁੰਮੇ ਕਿਹਾ। "ਮੈਂ ਇਹਨੂੰ ਵੀਹ

ਵੇਰੀਂ ਕਿਹੋ, ਬਈ ਆਟੇ ਦੀ ਮੁੱਠੀ ਮੰਗ ਤੇ ਰਾਹੇ ਪਊ। ਪਰ ਇਹ ਡਾਲ ਸੁੱਟਣ ਬਹਿ ਜਾਂਦੇ ਹਰ ਥਾਂ। ਅੱਜ ਪਤਾ ਨਹੀਂ ਕਿਸ ਨਕਰਮੇਂ ਦੇ ਘਰ ਗਿਆ। ਫਾਲ ਸੁੱਟੀ, ਤੇ ਟੇਵਾ ਲਾਉਣ ਬੈਠ ਗਿਆ। ਬੱਸ ਐਥੋਂ ਪਿਐ ਪੰਗਾ।"

"ਕਿਉਂ? ਪੰਗਾ ਕਿਉਂ?"

"ਕਿਉਂ ਕੀ? ਟੇਵੇ 'ਚ ਸੱਚ ਨਸ਼ਰ ਹੋ ਗਿਆ। ਘਰ 'ਚ ਕਲੇਸ਼ ਸੀ। ਬੰਦੇ 'ਚ ਕੋਈ ਨੁਕਸ ਨਹੀਂ ਸੀ। ਬਸ ਘਰ 'ਚ ਆਹ ਚਰਖ਼ਾ ਸੀ ਕਿਸੇ ਪੱਕੀ ਥਾਂ ਦੀ ਲੱਕੜ ਵਾਲਾ। ਨਿਰੀ ਮੌਤ। ਮੈਂ ਵੀਹ ਵਾਰੀਂ ਕਿਹਾ ਬਈ ਵੀਰੂ ਰੱਬ ਦਾ ਵਾਸਤਾ ਇਸ ਮੌਤ ਨੂੰ ਨਾ ਚੁੱਕ। ਪਰ ਨਹੀਂ। ਇਹਨੇ ਤਾਂ ਠੇਕਾ ਲੈ ਰੱਖਿਐ ਨੇਕੀ ਦਾ। ਕਹਿੰਦਾ ਚਲੋ ਕਿਸੇ ਦੇ ਭਲੇ ਬਦਲੇ ਮੜ੍ਹੀ ਮਸਾਣ ਫੂਕ ਦਿਆਂਗੇ। ਸਿਰਫ਼ ਗੁੜ ਦੀ ਭੇਲੀ ਬਦਲੇ। ਫਿਰ ਉਹਨਾਂ ਲੋਕਾਂ ਲਈ ਜਿਨ੍ਹਾਂ ਨੂੰ ਜਾਣੇ ਨਾ ਬੁੱਝੇ।" ਜੁੰਮੇ ਦੀ ਕਸਬੀ ਕਾਬਲੀਅਤ, ਸਿਰ ਚੜ੍ਹ ਕੇ ਬੋਲ ਰਹੀ ਸੀ।

ਬਖ਼ਤੌਰੇ ਸੁਣਿਆ ਅਤੇ ਦੰਗ ਰਹਿ ਗਿਆ। ਉਹਦੀ ਮਾਂ ਅਤੇ ਪਤਨੀਂ ਵੀ ਤਾਂ ਇੰਜ ਹੀ ਲੜਦੀਆਂ ਸਨ।

"ਤੂੰ ਜਾਹ ਸਦਾਰਾ ਆਪਣਾ ਕੰਮ ਕਰ...ਤੂੰ ਕੀ ਲੈਣੇ ਏਸ ਕੁੱਤ-ਖਾਨੇ ਤੋਂ। ਸਾਡੀ ਤਾਂ ਕਿਸਮਤ ਮਾੜੀ ਸੀ ਜਿਹੜੇ ਫਸ ਗਏ।"

"ਪਰ ਇਹ ਚਰਖ਼ਾ ਤੇ ਸਾਡਾ ਏ ਤੇ ਮੈਂ ਇਹਨੂੰ....

ਇਸਤੋਂ ਪਹਿਲਾਂ ਕਿ ਬਖ਼ਤੌਰਾ ਗੱਲ ਪੂਰੀ ਕਰਦਾ, ਉਹ ਦੋਵੇਂ ਦੌੜ ਕੇ ਉਹਦੇ ਨੇੜੇ ਗਏ ਅਤੇ ਹੱਥ ਜੋੜ ਵਾਸਤੇ ਪਾਉਣ ਲੱਗੇ।

"ਤੇਰਾ ਏ? ਉਏ ਚੁੱਕ ਸਦਾਰਾ ਤੇ ਲੈ ਜਾ ਇਹਨੂੰ। ਰੱਬ ਦਾ ਵਾਸਤਾ ਈ ਸਾਥੋਂ ਖਹਿੜਾ ਛੁਡਾਅ। ਤੇ ਆਪਣੀ ਗੁੜ ਦੀ ਭੇਲੀ ਵੀ ਚੁੱਕ।"

ਵੀਰੂ ਦੂਰ ਪਈ ਬਗਲੀ ਵਿਚੋਂ ਗੁੜ ਦੀ ਭੇਲੀ ਕੱਢਣ ਲੱਗਾ।

"ਸਦਾਰਾ ਸ਼ੁਕਰ ਏ ਤੇਰਾ...ਤੂੰ ਤੇ ਰੱਬ ਬਣ ਕੇ ਬਹੁੜਿਆ ਸਾਨੂੰ।

ਜੁੰਮਾ ਆਖ ਰਿਹਾ ਸੀ ਤੇ ਕੰਨਾਂ ਨੂੰ ਹੱਥ ਲਾ ਰਿਹਾ ਸੀ।

ਬਖ਼ਤੌਰਾ ਸੋਚੀਂ ਪੈ ਗਿਆ। ਉਹਨੂੰ ਘਰ ਦੀ ਕਲਹਿ ਯਾਦ ਆਈ।

ਵੀਰੂ ਗੁੜ ਦੀ ਭੇਲੀ ਲੈ ਆਇਆ। "ਆਹ ਲੈ ਸਦਾਰਾ ਆਪਣੀ ਅਮਾਨਤ।"

ਵੀਰੂ ਅਤੇ ਜੁੰਮੇ ਗੋਡੇ ਟੇਕੇ। ਅਸਮਾਨ ਵੱਲ ਹੱਥ ਉੱਚੇ ਕਰ ਦੁਆ ਮੰਗੀ। "ਯਾ ਅੱਲਾਹ! ਤੇਰਾ ਲੱਖ-ਲੱਖ ਸ਼ੁਕਰ ਐ, ਤੂੰ ਇਸ ਬਲਾਅ ਤੋਂ ਸਾਡਾ ਖਹਿੜਾ ਛੁਡਾਇਆ। ਉਹਨਾਂ ਬਗਲੀ ਸਮੇਟੀ, ਚਰਖ਼ੇ ਅਤੇ ਬਖ਼ਤੌਰੇ ਵੱਲ ਦੇਖਿਆ ਵੀ ਨਾ ਅਤੇ ਜਿਉਂ ਹੀ ਉਹ ਤੁਰੇ, ਪਿਛੋਂ ਹਾਕ ਪਈ।

"ਓ ਬਈ ਗੱਲ ਸੁਣੋ ਜ਼ਰਾ।"

ਉਹ ਰੁਕ ਗਏ। ਬਖ਼ਤੌਰਾ ਨੇੜੇ ਗਿਆ।



"ਫਿਰ ਕੀ ਇਲਾਜ ਏ ਇਹਦਾ?" ਬਖ਼ਤੌਰਾ ਦੁਬਿਧਾ 'ਚ ਫਸ ਗਿਆ।

"ਮੈਂ ਦੱਸਾਂ?" ਜੁੰਮੇ ਕਿਹਾ, "ਆਹ ਦੇਖ," ਉਸ ਹੱਥ ਜੋੜੇ। "ਇਹਨੂੰ ਚੁੱਕ ਤੇ ਰਾਹ ਪਉ ਆਪਣੇ, ਇਹ ਇਲਾਜ ਏ ਇਹਦਾ।" ਹੁਣ ਵੀਰੂ ਤੇ ਜੁੰਮਾ ਸ਼ੇਰ ਸਨ।

"ਪਰ ਜੇ ਮੈਂ ਨਾ ਹੀ ਆਉਂਦਾ, ਤਾਂ ਕੀ ਕਰਦੇ ਇਹਦਾ?"

"ਤੂੰ ਸੋਚ ਅਸੀਂ ਦਰ-ਦਰ ਕੁੱਤੇ ਭਕਾ ਕੇ ਮੰਗਣ ਵਾਲੇ, ਦਾਜ ਕੱਤਦੇ ਇਹਦੇ ਨਾਲ? ਨਹਿਰ 'ਚ ਮਾਰਦੇ ਚੱਕ ਕੇ। ਜਾਂ ਸਿਵਿਆਂ 'ਚ ਫੂਕ ਦਿੰਦੇ। ਆਪ ਤਾਂ ਨਹੀਂ ਸੀ ਮਰਨਾ ਅਸੀਂ।"

"ਚਲੋ ਹੁਣ ਕੀ ਹੋਇਆ, ਹੁਣ ਫੂਕ ਦਿਉ।" ਬਖ਼ਤੌਰਾ ਹਥਿਆਰ ਸੁੱਟ ਗਿਆ।

"ਭੁੱਲ ਕੇ ਵੀ ਨਹੀਂ...ਸਦਾਰ ਜੀ ਪਹਿਲਾਂ ਈ ਇਹਨੇ ਮੌਤ ਨੰਗੇ ਧੜ ਚੱਕ ਲਈ। ਹੁਣ ਤਾਂ ਅਸੀਂ ਇਹਦੇ ਵੱਲ ਝਾਕਦੇ ਵੀ ਨਹੀਂ।" ਜੁੰਮੇ ਦੀਆਂ ਚੜ੍ਹ ਮੱਚੀਆਂ ਸਨ।

ਅਸਲ 'ਚ ਜਦੋਂ ਤੋਂ ਬਖ਼ਤੌਰਾ ਆਇਆ ਸੀ। ਜੁੰਮਾ ਉਹਦੀ ਪਸ਼ਮੀਨੇ ਦੀ ਲੋਈ ਵੱਲ ਝਾਕ ਰਿਹਾ ਸੀ, ਅਤੇ ਸੋਚ ਰਿਹਾ ਸੀ। ਵੀਰੂ ਤਾਂ ਚਰਖ਼ਾ ਲੈ ਜਾਊ। ਉਹਨੂੰ ਕੀ ਮਿਲਿਆ। ਇਸ ਲਈ ਹੁਣ ਉਹ ਦੂਜੇ ਪੈਂਤੜੇ ਵੱਲ ਖੜ੍ਹਾ ਆਖ ਰਿਹਾ ਸੀ।

"ਇਹ ਤੇਰੇ ਲਈ ਚਰਖ਼ਾ ਹੋਊ ਸਦਾਰ ਜੀ, ਸਾਡੇ ਲਈ ਤਾਂ ਮੌਤ ਦਾ ਤਾਬੂਤ ਐ ਇਹ।"

***

ਜਿੱਥੇ ਉਹ ਖੜ੍ਹੇ ਸਨ ਚੁਫ਼ੇਰੇ ਖੇਤ ਸਨ ਜਾਂ ਬਖਸ਼ੀਵਾਲੇ ਪਿੰਡ ਦੇ ਡੇਰੇ ਵੱਲ ਜਾਂਦਾ ਪਹਿਆ ਸੀ।

ਫਿਰ ਥੋੜ੍ਹਾ ਜਿਹਾ ਦੁਵੱਲੀ ਤਕਰਾਰ ਹੋਇਆ ਜੋ ਚੁਫ਼ੇਰੇ ਦੀ ਕਾਇਨਾਤ ਨੇ ਸੁਣਿਆ।

ਅਗਲੇ ਪਲ; ਰਾਂਗਲੇ ਚਰਖ਼ੇ ਉੱਤੇ ਬਖ਼ਤੌਰੇ ਦੀ ਲੋਈ ਸੀ।...

ਬਖ਼ਤੌਰਾ ਲੱਤਾਂ ਧਰੀਕਦਾ ਪਰਤ ਰਿਹਾ ਸੀ...

ਉਹ ਚਘੂਰੀਏ ਜਾ ਰਹੇ ਸਨ।....

•

# ਕਿਰਨਾਂ ਦੇ ਹਾਸ਼ੀਏ

ਨਿੱਕੇ ਹੁੰਦੇ ਤੋਂ ਮੈਂ ਨਾਨਕੇ ਘਰ ਸਾਂ। ਮੇਰਾ ਨਾਨਾ, ਪਿੰਡ ਵਿਚ ਨਹੁੰ-ਕੰਡੇ ਦੀ ਸੇਪੀ ਕਰਦਾ ਤੇ ਜਜਮਾਨਾਂ ਦੇ ਅੰਗਾਂ-ਸਾਕਾਂ ਲਈ ਖੁਸ਼ੀ-ਗ਼ਮੀ ਦੀਆਂ ਗੰਢਾਂ ਲੈ ਕੇ ਜਾਂਦਾ। ਉਹ ਅਕਸਰ ਆਖਦਾ, ਕੋਹਲੂ ਦਾ ਬੈਲ, ਫ਼ਕੀਰ, ਹਲ-ਵਾਹ ਤੇ ਨਾਈ, ਪੈਰਾਂ 'ਚ ਪੈਂਡਾ ਲੈ ਕੇ ਜੰਮਦੇ ਐ।

ਮੇਰੇ ਦੋਵੇਂ ਮਾਮੇ ਪਹਿਲੀ ਨਾਨੀ ਦੀ ਔਲਾਦ ਸਨ। ਨਿੱਕਾ ਕਸਬੇ ਦੇ ਅੱਡੇ ਤੇ ਹੱਜਾਮ ਦੀ ਫੜੀ ਲਾਉਂਦਾ। ਵੱਡਾ, ਟਿੱਬੀ ਵਾਲੇ ਸਾਧ ਦੇ ਡੇਰੇ ਭਲਵਾਨੀਂ ਕਰਦਾ।

ਮੇਰੀਆਂ ਮਾਮੀਆਂ ਤੇ ਨਵੀਂ ਨਾਨੀ ਸੁਨੱਖੀਆਂ ਅਤੇ ਇਕ ਦੂਜੀ ਦੇ ਹਾਣ ਦੀਆਂ ਸਨ। ਉਹ ਜਜਮਾਨਾਂ ਦੇ ਘਰੀਂ ਬੁੱਤੀਆਂ ਕਰਦੀਆਂ। ਜਜਮਾਨਾਂ ਦਾ ਉਤਾਰ ਹੰਢਾਉਂਦੀਆਂ ਅਤੇ ਉਹਨਾਂ ਦੇ ਘਰਾਂ ਦਾ ਵਧਿਆ ਘਟਿਆ ਅੰਨ-ਪਾਣੀ ਚੁੰਨੀਆਂ ਹੇਠ ਕੱਜ-ਕੱਜ ਲਿਆਉਂਦੀਆਂ। ਵੇਖਣ ਸੁਣਨ ਨੂੰ ਨਾਈਆਂ ਦਾ ਇਹ ਪਰਿਵਾਰ ਵਿੱਟਿਆ ਹੋਇਆ ਟੱਬਰ ਸੀ। ਪਰ ਮੈਂ ਦੇਖਦਾ, ਘਰ ਵਿਚ ਹਮੇਸ਼ਾ ਤਣਾਓ ਬਣਿਆ ਰਹਿੰਦਾ।

ਬਾਹਰ ਹੱਸ-ਹੱਸ ਬੁੱਤੀਆਂ ਕਰਦੀਆਂ ਨਾਨੀ ਤੇ ਮਾਮੀਆਂ ਘਰ 'ਚ ਪੈਰ ਪਾਉਂਦੇ ਹੀ ਸੇਹ ਦਾ ਤੱਕਲਾ ਗੱਡ ਦਿੰਦੀਆਂ। ਵੱਡੀ ਮਾਮੀ ਪਤੀ ਦੀ ਭਲਵਾਨੀ ਤੋਂ ਖਫ਼ਾ ਸੀ। ਛੋਟੀ, ਪਤੀ ਦੇ ਲੋਕਾਂ ਦੀਆਂ ਕੱਢਾਂ ਦਾੜ੍ਹੀਆਂ ਮੁੰਨਣ ਨੂੰ ਨਖਿੱਧ ਸਮਝਦੀ ਸੀ ਤੇ ਨਾਨੀ, ਨਾਨੇ ਨੂੰ ਦੇਖਦੇ ਹੀ ਆਪਣੇ ਪਿਓ ਨੂੰ ਕੁੱਤੇ ਕੰਜਰ ਦੀ ਥਾਂ ਛੱਟਣ ਲੱਗਦੀ।

ਨਾਨਾ ਜਦੋਂ ਵੀ ਕਦੇ ਗੰਢਾਂ ਦੇ ਕੇ ਮੁੜਦਾ, ਸੂਹਾਂ ਕੱਢਦਾ ਫਿਰਦਾ। ਉਹਦੇ ਪਿਛੋਂ ਨਾਨੀ ਕਿੱਥੇ-ਕਿੱਥੇ ਗਈ? ਕਿਉਂ ਗਈ? ਮੇਰੇ ਦੱਸੇ ਤੇ ਵੀ ਯਕੀਨ ਨਾ ਕਰਦਾ। ਨਾਨੀ ਦੀ ਜੁੱਤੀ 'ਤੇ ਪਈ ਧੂੜ ਤੋਂ ਹੀ ਕਿਆਫ਼ੇ ਲਾਉਂਦਾ ਰਹਿੰਦਾ।

ਟੱਬਰ ਸੌਂ ਜਾਂਦਾ ਤਾਂ ਦੋਹਾਂ 'ਚ ਪਹਿਲਾਂ ਘੁਸਰ-ਮੁਸਰ ਹੁੰਦੀ। ਫਿਰ ਬੋਲ-ਬੁਲਾਰਾ ਤੇ ਆਖ਼ਰ ਮਾਰ ਕੁਟਾਈ 'ਤੇ ਗੱਲ ਮੁੱਕਦੀ। ਫਿਰ ਦੋਵੇਂ ਘੂਕ ਸੌਂ ਜਾਂਦੇ ਅਤੇ ਅਗਲੇ ਦਿਨ ਫਿਰ ਉਹੋ ਪੰਦ ਪਿੱਟਣ ਲਗਦੇ। ਛੋਟੀ ਨਾਲ ਵੀ ਦੂਜੇ ਚੌਥੇ ਇਹੋ ਕੁੱਤਖਾਨਾ ਹੁੰਦਾ। ਸਿਰਫ਼ ਵੱਡਾ ਮਾਮਾ ਨਾਗਰ ਹੀ ਸੀ, ਜੋ ਜਦੋਂ ਵੀ ਘਰ ਆਉਂਦਾ ਵੱਡੀ ਮਾਮੀ ਉਸ ਨਾਲ ਕੁੱਤਿਆਂ ਬਾਬ ਕਰਦੀ।

ਮੈਂ ਸੋਚਦਾ, ਜੇ ਮਰਦਾਂ ਨੂੰ ਨਾਨੀ ਮਾਮੀਆਂ ਦਾ ਜਜਮਾਨਾਂ ਦੇ ਘਰੀਂ ਜਾਣਾ ਚੰਗਾ ਨਹੀਂ ਸੀ ਲੱਗਦਾ ਤਾਂ ਜਾਣ ਕਿਉਂ ਦਿੰਦੇ ਸਨ? ਹੋਰ ਵੀ ਕਈ ਗੱਲਾਂ ਸਨ ਜੋ



ਮੇਰੀ ਸਮਝ ਤੋਂ ਬਾਹਰ ਸਨ। ਮੈਂ ਨਾਨਕੇ ਘਰ ਕਿਉਂ ਸਾਂ? ਮਾਂ ਜਦੋਂ ਵੀ ਆਉਂਦੀ ਸੀ, ਮੇਰੇ ਗਲ ਲੱਗ ਕੇ ਰੋਂਦੀ ਕਿਉਂ ਸੀ? ...

ਇਹ ਰਹੱਸ ਤਾਂ ਉਦੋਂ ਖੁੱਲ੍ਹੇ ਜਦੋਂ ਗੁਲਜ਼ਾਰੋ ਨਾਲ ਮੇਰੀ ਆਸ਼ਨਾਈ ਹੋਈ।

"ਝੁੱਡੂਆ! ਤੈਨੂੰ ਐਵੇਂ ਨੀਂ ਸਿੱਟ ਰੱਖਿਆ ਦੇਵਕੀ ਮਾਸੀ ਨੇ ਪੇਕੇ। ਤੇਰੇ ਨਾਨੇ ਨੇ ਵੇਚਿਆ ਉਹਨੂੰ। ਕੁੰਦਨ ਬਿਲਾਸਪੁਰੀਏ ਕੋਲ....। ਅਖੇ ਏਸ ਪੈਸੇ ਨਾਲ ਮੈਂ ਪੁੱਤ ਨੂੰ ਭਲਵਾਨ ਬਣਾਊਂ ਅਲਾਕੇ ਦਾ। ਤੇ ਮਾਸੀ ਦੇਵਕੀ, ਬਿਨਾਂ ਸੀ ਕੀਤੇ ਬਲੀ ਚੜ੍ਹ ਗਈ। ਕਿੱਥੇ ਕੁੰਦੂ, ਤੇ ਕਿੱਥੇ ਮਾਸੀ।"

"ਕੇਰਾਂ ਕਿਸੇ ਡੋਲੇ ਨਾਲ ਤੇਰੀ ਮਾਂ ਨੈਣ ਬਣ ਕੇ ਗਈ। ਡੋਲੇ 'ਚ ਪਈ ਵਹੁਟੀ ਰੋਣੋ ਨਾ ਹਟੇ। ਤੇਰੀ ਮਾਂ ਨੂੰ ਕਹਿੰਦੀ, ਜਿਵੇਂ ਜਾਣ, ਮੈਨੂੰ ਕੱਢ ਐਥੋਂ। ਮੈਂ ਵੱਸਣਾ ਨੀ ਇਹਦੇ। ਕਹਿੰਦੇ, ਰਾਤ ਨੂੰ ਚੁੰਨੀ ਵਟਾ ਕੇ ਦੇਵਕੀ ਨੇ ਬਹੂ ਭਜਾ ਦਿੱਤੀ। ਸ਼ਰਾਬੀ ਲਾੜਾ ਅੰਨ੍ਹਾ ਹੋਇਆ ਦੇਵਕੀ ਮਾਸੀ ਨੂੰ ਹੀ ਬਹੂ ਸਮਝ ਕੇ ਬਦਫ਼ੈਲੀ ਕਰੀ ਗਿਆ।..."

"ਸਵੇਰੇ ਬਹੁਤ ਬਖੇੜਾ ਪਿਆ। ਕੋਈ ਕਹੇ, ਜਾਂਦੀ ਬਹੂ ਸਾਰੀਆਂ ਟੂੰਬਾਂ ਦੇਵਕੀ ਦੀ ਝੋਲੀ ਸਿੱਟ ਗਈ। ਕੋਈ ਕੁਸ਼, ਕੋਈ ਕੁਸ਼। ਨਮੋਸ਼ੀ ਦੇ ਡਰੋਂ ਮੁੰਡੇ ਵਾਲੇ ਤਾਂ ਹੇਠੀ ਵਿੱਚੇ ਵਿੱਚ ਪੀ ਗਏ, ਪਰ ਮਾਸੀ ਤੀਜੇ ਚੌਥੇ ਮਹੀਨੇ ਹੀ ਨਸ਼ਰ ਹੋ ਗਈ। ਵਿਚਾਰੀ ਨੇ ਬੜੇ ਕਾੜ੍ਹੇ ਪੀਤੇ। ਮਹੁਰਾ ਵੀ ਖਾਧਾ। ਪਰ ਤੈਂ ਤਾਂ ਸੱਤਵਾਂ ਵੀ ਨਾ ਪੈਣ ਦਿੱਤਾ। ਸਬਰ ਕਰਦਾ, ਤਾਂ ਕਮਲਾ ਤਾਂ ਨਾ ਜੰਮਦਾ। ਓਧਰ ਕੁੰਦੂ ਕਹੇ, ਮੈਂ ਤਾਂ ਪੁਲਿਸ ਦਾ ਡੰਨਿਆ ਨਿਆਣਾ ਜੰਮ ਈ ਨੀ ਸਕਦਾ। ਇਹ ਹਰਾਮ ਹੈ ਕੀਹਦਾ।"

"ਹਾਰ ਕੇ ਦੇਵਕੀ ਮਾਸੀ ਤੈਨੂੰ ਪੇਕੇ ਸਿੱਟ ਗਈ। ਕਹਿੰਦੇ .... ਟੂੰਬਾਂ ਦਾ ਛੱਜ ਦਿੱਤਾ ਪਿਉ ਨੂੰ, ਬਈ ਮੇਰਾ ਪੁੱਤਰ ਅਧੂਰਾ ਨਾ ਰਹੇ। ਮੱਲ ਬਣਾਇਓ, ਮਾਮੇ ਤਰ੍ਹਾਂ। ਪਰ ਤੇਰੇ ਨਾਨੇ ਮੱਲ ਤਾਂ ਕੀ ਬਣਾਉਣਾ ਸੀ, ਆਪਣੇ ਲਈ ਤੀਮੀਂ ਲੈ ਆਇਆ ਮੁੱਲ ਦੀ... ਅਖੇ ਜੁਆਕ ਕੌਣ ਪਾਲੂ....।"

"ਤੇ ਤੂੰ, ਆਹ ਬੁੱਲ੍ਹ ਦੇਖੇ ਐ ਆਪਣੇ? ਮਿੱਟੀ ਦੇ ਤੋਦੇ ਜਿਹੇ, ਅਰ ਅੱਖਾਂ, ਕੋਲ ਡੋਡਿਆਂ ਅਰਗੀਆਂ...ਅਰ ਨੱਕ? ਚਲ ਛੱਡ........ ਜਿਹਾ ਜਾ ਵੀ ਹੈਂ ਕਮਲਾ ਰਮਲਾ.....ਮੈਂ ਤਾਂ ਇਹਦੇ ਨਾਲ ਈ ਸਾਰ ਲਊਂ।"

"ਮੈਂ ਕਮਲਾਂ?"

"ਹੋਰ ਕਮਲਿਆਂ ਨੂੰ ਕੀ ਸਿੰਗ ਹੁੰਦੇ ਐ?"

"ਨਾਨੀ ਤਾਂ ਕਹਿੰਦੀ ਸੀ ਕਮਲਿਆਂ ਲਈ ਕੋਈ ਚੰਗ-ਮੰਗ ਨੀ ਹੁੰਦਾ...ਵੇ ਤੂੰ ਚੰਗੀ ਕਿਉਂ ਲੱਗਦੀ ਐ ਮੈਨੂੰ?"

"ਲੱਗਦੀ ਆਂ ਸੁਆਹ ਤੇ ਖੇਹ। ਹੱਥ ਲਾਊਂ ਤਾਂ ਕਹਿੰਨੇ ਕੁਤਕੁਤੀਆਂ ਨਿਕਲਦੀਐਂ। ਉਦੋਂ ਕੁੜਤੀ ਹੇਠੋਂ ਘੁੱਗੀਆਂ ਦਖਾ ਕੇ ਪੁੱਛਿਆ, ਬਈ ਕੀ ਨੇ...? ਦੱਸਿਆ ਤੈਂ? ਭੁੱਡੂ ਜ਼ਮਾਨੇ ਦਾ।"

"ਤੇਰੀ ਚੀਜ਼ ਦਾ ਤੈਨੂੰ ਪਤਾ, ਮੈਂ ਕੀ ਦੱਸਾਂ ?"

"ਵੇ ਅਕਲ ਦਿਆ ਅੰਨ੍ਹਿਆ, ਆਹ ਟੋਕਰਾ, ਕੁੱਕੜਾਂ ਦਾ ਖੁੱਡਾ, ਆਹ ਨਿੰਮ, ਪਰ੍ਹੇ ਨਿਸ਼ਾਨ ਸਾਹਿਬ। ਆਹ ਮੇਰਾ ਨੱਕ, ਹਥ, ਮੂੰਹ, ਪੈਰ ਸਭ ਦਾ ਪਤੈ ਨਾ ? ਬਸ ਉਹਨਾਂ ਦਾ ਈ ਨਹੀਂ ਪਤਾ ? ਅੰਨ੍ਹਾਂ ਕਿਸੇ ਥਾਂ ਦਾ...।"

"ਨਹੀਂ ਅੰਨ੍ਹਾਂ ਨਹੀਂ ਮੈਂ...."

"ਅੰਨ੍ਹਾ ਵੀ ਏਂ ਤੇ ਬੁੱਢੂ ਵੀ....। ਦੱਸਾਂ ਕਿਵੇਂ ?"

"ਦੱਸ।"

"ਇਕ ਦਿਨ ਤੇਰੇ ਸਾਮ੍ਹਣੇ ਮਾਮੀ ਮੰਜੇ ਉਹਲੇ ਨਹਾਉਂਦੀ ਸੀ। ਜਦ ਮੈਂ ਕਿਹਾ, ਨੀ ਭਾਬੀ, ਜੀਤਾ! ਕਹਿੰਦੀ, ਨੀ ਸਿੱਧਰ ਐ ਇਹਨੂੰ ਬੁੱਢੂ ਨੂੰ ਕੀ ਪਤਾ...।"

"ਲੈ ਫੇ ਕੀ ਐ ?"

"ਮੂਰਖਾ! ਹੋਰ ਕਿਸੇ ਦੇ ਸਾਮ੍ਹਣੇ ਨਹਾਉਂਦੀ ਐ ?"

"ਕੀ ਪਤਾ..."

"ਦੁਰ ਫਿਟੇ ਮੂੰਹ।.."

ਉਹ ਰੁੱਸ ਗਈ।

ਉਹਦੀਆਂ ਬਹੁਤੀਆਂ ਗੱਲਾਂ ਮੈਨੂੰ ਸਮਝ ਨਾ ਲਗਦੀਆਂ। ਸੋਚਦਾ, ਕਿਵੇਂ ਯਕੀਨ ਦਿਵਾਵਾਂ ਕਿ ਮੈਂ ਕਮਲਾ ਨਹੀਂ ਸਾਂ।

ਇਕ ਦਿਨ ਕੋਠੇ ਤੋਂ ਦਗੜ-ਦਗੜ ਆ ਕੇ ਕੁੱਟਣ ਲੱਗੀ।

"ਹਰਾਮੀਆ ਮੈਂ ਸਮਝ ਗਈ, ਤੂੰ ਜਾਣ ਕੇ ਲੱਲੂ ਬਣਦੈਂ। ਦੱਸ, ਵੱਡੀ ਮਾਮੀ ਨਾਲ ਕੀ ਕਰਦਾ ਸੀ ?"

"ਕੀ ?"

"ਕੁੱਤਿਆ! ਮੈਂ ਕੋਠੇ ਤੋਂ ਦੇਖਿਆ...ਤੂੰ ਉਹਦੀਆਂ ਮਿੱਠੀਆਂ ਲੈਂਦਾ ਸੀ।"

"ਲੈ, ਉਹ ਤਾਂ ਬਾਬੇ ਪੱਤਾ ਖੇਡਦੇ ਸੀ ਅਸੀਂ।"

"ਹਰਾਮੀਆ! ਕਿਹੜਾ ਬਾਬੇ ਪੱਤਾ ਸੀ ਤੇਰੇ ਪਿਉ ਆਲਾ ?"

ਉਹ ਫੇਰ ਕੁੱਟਣ ਲੱਗੀ।

"ਕਿਉਂ ਮਾਰਦੀ ਐਂ ? ਉਹ ਤਾਂ ਆਪ ਈ ਸ਼ਰਤ ਲਾਉਂਦੀ ਐ ਬਈ ਜਿਹੜਾ ਬਾਬੇ ਪੱਤੇ 'ਚ ਹਾਰੂ... ਮਿੱਠੀਆਂ ਦਊ....। ਉਹ ਕਦੇ ਜਿੱਤੀ ਈ ਨਹੀਂ।"

"ਕੋਈ ਨਾ ਮੈਂ ਹਰਾਊਂ ਕੁੱਤੀ ਨੂੰ...ਆਉਣ ਦੇ ਮਾਸੀ ਦੇਵਕੀ ਨੂੰ ?"

ਪਰ ਇਸ ਵਾਰ ਮਾਂ ਆਈ। ਨਾ ਮੇਰੇ ਗਲ ਲੱਗ ਕੇ ਰੋਈ। ਨਾ ਗੁਲਜ਼ਾਰੋ ਨੇ ਕੁਝ ਕਿਹਾ। ਬਸ ਮਾਂ ਦੀ ਨਾਨੇ ਨਾਲ ਹੀ ਲਾਹ-ਪਾਹ ਹੋਈ।

ਅਗਲੇ ਦਿਨ ਮੈਂ ਗੁਲਜ਼ਾਰੋ ਨੂੰ ਪੁੱਛਿਆ। ਉਸ ਕਿਹਾ।

"ਤੈਨੂੰ ਉੱਨੀਵਾਂ ਲੱਗ ਗਿਆ ਤੇ ਮੈਨੂੰ ਸਤਾਰ੍ਹਵਾਂ। ਤੈਨੂੰ ਕਿਹੜੇ ਜੁੱਗ ਅਕਲ



ਆਊ ਬੇਤਲਾ। ਜਿਹੜੇ ਖਸਮ ਤੋਂ ਡਰਦਿਆਂ ਤੇਰੀ ਮਾਂ ਨੇ ਤੈਨੂੰ ਪੇਕੇ ਸਿੱਟੀ ਰੱਖਿਆ, ਕਰ ਗਿਆ ਚੜ੍ਹਾਈ। ਐਤਕੀਂ ਤੇਰੇ ਨਾਨੇ ਦੇ ਗਲ ਗੂਠਾ ਦਿੱਤਾ ਤੇਰੀ ਮਾਂ ਨੇ...। ਕਹਿੰਦੀ, ਕਸਾਈਆ ਪਹਿਲਾਂ ਤੂੰ ਮੈਨੂੰ ਵੇਚਿਆ। ਫੇ ਦੋਹਤੇ ਦੇ ਨਾਂ ਤੇ ਮੈਨੂੰ ਲੁੱਟਿਆ। ਹੁਣ ਜੇਹੋ ਜਾ ਮੇਰਾ ਹੈ, ਮੈਂ ਤਾਂ ਉਹੋ ਜਿਹਾ ਈ ਲੈ ਕੇ ਜਾਊਂ ਆਪਣੇ ਨੂੰ। ਤੇਰਾ ਨਾਨਾ ਤਾਂ ਸਭ ਦੇ ਸਾਮ੍ਹਣੇ ਈ ਭੁੰਝੇ ਤੇ ਲਿਟ ਗਿਆ। ਕਹਿੰਦਾ, ਕੇਰਾਂ ਮਾਫ਼ ਕਰ ਧੀਏ। ਕੱਲ੍ਹ ਨੂੰ ਲੈ ਖਾੜੇ 'ਚ ਛੱਡਿਆ। ਹੁਣ ਤਕੜਾ ਹੋ, ਭਲਵਾਨ ਬਣਾਊਗਾ ਤੈਨੂੰ..."

ਜਿਦੋਂ ਨਾਨਾ ਮੈਨੂੰ ਮਾਮੇ ਕੋਲ ਡੇਰੇ ਖਾੜੇ 'ਚ ਛੱਡ ਕੇ ਆਇਆ; ਉਸੇ ਦਿਨ ਵੱਡੀ ਮਾਮੀ ਆਪਦਾ ਲੁੰਗ-ਲਾਣਾ ਚੱਕ ਕੇ ਪੇਕੀਂ ਜਾ ਵੜੀ। ਮੇਰੇ ਲਈ ਬੜੀ ਹੈਰਾਨੀ ਸੀ; ਮਾਮੀ ਕਿਉਂ ਚਲੀ ਗਈ ?

ਮੈਂ ਗੁਲਜ਼ਾਰੋ ਨੂੰ ਪੁੱਛਿਆ।

"ਦੇਖ ਇਕ ਟੈਮ ਇਕੋ ਭਲਵਾਨੀ ਚਲਦੀ ਐ। ਘਰ 'ਚ...ਜਾਂ ਅਖਾੜੇ 'ਚ। ਤੇਰੇ ਮਾਮੇ ਦੋ ਦਾ ਅੱਕ ਚੱਬ ਲਿਆ। ਤੀਵੀਂ ਛੱਡ ਕੇ ਕੁਰਦੀ ਬਣੀ। ਐਰ ਤੂੰ ਵੀ ਸੁਣ ਲੈ.... ਜੇਹੜੀ ਖੇਹ ਉਡਾ ਕੇ ਮਾਂ ਨੂੰ ਦਖਾਉਣੀ ਐ ਪਹਿਲਾਂ ਹੀ ਦਖਾ ਲੈ...। ਮੇਰੇ ਨਾਲ ਵਿਆਹ ਕਰੋਨੈਂ ਤਾਂ ਆਹ ਲੰਗੋਟ ਲੰਗਾਟ ਜਿਹੇ ਚੁੱਲ੍ਹੇ 'ਚ ਮਾਰੂੰ ਚੱਕ ਕੇ....।"

ਅਗਲੇ ਦਿਨ ਪੂਰਾ ਪਿੰਡ ਢੋਲ ਢਮਕੇ ਨਾਲ ਮੈਨੂੰ ਮਾਮੇ ਦੇ ਖਾੜੇ 'ਚ ਛੱਡ ਕੇ ਆਇਆ।

ਪਤਾ ਹੀ ਨਾ ਲੱਗਾ ਕਦੋਂ ਸਾਲ ਬੀਤ ਗਿਆ।

ਦਿਨ 'ਚ ਕਈ ਵੇਰ ਖਾੜਾ ਗੁੱਡਣਾ। ਹਲਟੀ ਗੇੜ ਕੇ ਮਾਮੇ ਨੂੰ ਨਹਾਉਣਾ। ਤੇਲ ਮਲਣਾ। ਦਾਅ ਸਮਝ ਆਉਣ ਲੱਗੇ। ਕੇਵਲ ਦਾਅ ਹੀ ਨਹੀਂ; ਨਾਨੇ ਦਾ ਨਾਨੀ ਬਾਰੇ ਸੁਹਾਂ ਕੱਢਣਾ। ਵੱਡੀ ਮਾਮੀ ਦਾ ਹਰ ਵੇਰ ਤਾਸ਼ ਵਿਚ ਹਾਰਨਾ। ਛੋਟੀ ਮਾਮੀ ਦਾ ਉਹਦੇ ਢਿੱਡ 'ਤੇ ਮੂੰਹ ਨਾਲ ਬੱਬੜੇ ਬੁਲਾਉਣ ਲਈ ਜ਼ਿੱਦ ਕਰਨਾ, ਤੇ ਗੁਲਜ਼ਾਰੋ ਦਾ ਘੁੱਗੀਆਂ ਦਿਖਾਉਣਾ ਸਭ ਸਮਝ ਆਉਣ ਲਗਾ।

ਮਾਮਾ ਜਦੋਂ ਵੀ ਵਿਹਲਾ ਹੁੰਦਾ, ਮੱਤਾਂ ਦਿੰਦਾ।

"ਲੰਗੋਟ ਦਾ ਪੱਕਾ ਰਹੀਂ ਉਏ। ਕਿਤੇ ਬਿੰਦ ਦੇ ਸੁਆਦ ਬਦਲੇ ਵਿਸ਼ਟੇ 'ਚ ਜਾ ਡਿੱਗੇਂ। ਤੀਮੀਂ ਦੇ ਪਛਾਵੇਂ ਨਾ ਲੰਘੀਂ। ਭਲਵਾਨ ਬੰਦੂਕ ਦੀ ਗੋਲੀ, ਕਿਰਪਾਨ, ਡਾਂਗ, ਬਰਛੀ, ਛਵੀ ਨਾਲ ਨੀ ਮਰਦਾ। ਜਿਮੇਂ ਨਿੱਕੀ ਜਿਹੀ ਲਾਲ੍ਹੀ ਚੁੰਝ ਨਾਲ ਠੂੰਗ ਕੇ ਝੋਟੇ ਨੂੰ ਸਿੱਟ ਲੈਂਦੀ ਐ ਨਾ...ਐਮੇਂ ਸਿੱਟ ਲੂ ਤੀਮੀਂ...। ਕੁੰਡੀ ਨਾਲ ਰੀਣ ਭਰ ਹੁੰਦੇ ਗੰਡੋਆ, ਉਹਦੇ ਬਦਲੇ ਮੱਛੀ ਤੇਲ ਦੀਆਂ ਤੱਪਦੀਆਂ ਕੜਾਹੀਆਂ 'ਚ ਜਾ ਡਿੱਗਦੀ ਐ। ਖ਼ਬਰਦਾਰ ਜੇ ਉਸ ਚਿਚੜੀ ਨੂੰ ਚੱਬੋੜਿਆ।..."

ਪਰ ਗੁਲਜ਼ਾਰੋ ਮੈਨੂੰ ਭੁੱਲਦੀ ਨਹੀਂ ਸੀ...

ਇਕ ਦਿਨ ਧੱਤੇ ਘੁਮਾਰੀ ਡੇਰੇ 'ਚ ਮਾਮੇ ਨੂੰ ਉੱਤਰਿਆ ਗਿੱਟਾ ਦਖਾਉਣ

ਆਈ। ਜਾਂਦੀ ਹੋਈ ਹਲਟੀ ਕੋਲੇ ਆ ਖੜ੍ਹੀ।

"ਅਈਥੇ ਹਲਟੀ ਮੂਹਰੇ ਗਧਾ ਬਣਿਐ....ਪਤਾ ਲੱਗੀ ਮਾਮੇ ਦੀ ਕਰਤੂਤ ਦਾ...?"

"ਨਹੀਂ।"

"ਕੁੱਤਾ ਜੁੱਲੀਆਂ ਪੱਟ ਕੇ ਆਇਆ ਤੇਰੀ ਜਾਰੋ ਦੀਆਂ। ਕਹਿੰਦਾ ਜੇ ਨੇੜੇ ਫਟਕੀ ਮੁੰਡੇ ਦੇ.....ਅੱਧ 'ਚ ਚੀਰ ਦੂੰ..."

"ਇਹਦਾ ਮਤਲਬ ਮੇਰੀ ਛਿੰਜ ਨਹੀਂ ਦੇਖਣ ਆਊ ਜਾਰੋ?"

"ਤੇਰੇ ਮੱਥੇ ਨੀ ਲਗਦੀ ਤੂੰ ਛਿੰਜ ਭਾਲਦੈਂ..."

"ਕਿਉਂ?"

"ਪੁੱਛ ਲੈ ਆਪ ਹੀ... ਨਹਿਰ ਦੀ ਪੁਲੀ 'ਤੇ ਖੜ੍ਹੀ ਐ।"

ਮੈਂ ਜਾਂਘੀਏ ਨਾਲ ਈ ਸ਼ੂਟ ਵੱਟ ਗਿਆ।

"ਕੀ ਕਿਹਾ ਮਾਮੇ ਨੇ...।" ਜਾਂਦੇ ਮੈਂ ਪੁੱਛਿਆ।

"ਤੂੰ ਉਹਨੂੰ ਛੱਡ..... ਮੇਰੀ ਇਕ ਗੱਲ ਬੰਨ੍ਹ ਲੈ ਪੱਲੇ। ਤੂੰ ਮੇਰੇ ਉਦੋਂ ਮੱਥੇ ਲੱਗੀਂ ਜਿੱਥੇ ਮਾਮੇ ਦੀ ਪਿੱਠ ਲਾਈ.....।"

"ਪਰ ਉਹ ਤਾਂ ਉਸਤਾਦ ਐ ਮੇਰਾ...."

"ਤੇਰਾ ਹੋਊ.... ਮੇਰਾ ਤਾਂ ਨੀ...."

"ਮੁਸ਼ਕਿਲ ਐ ਜਾਰੋ....ਉਹਦੀ ਪਿੱਠ ਤਾਂ ਅਲਾਕੇ 'ਚ ਨੀ ਕੋਈ ਲਾ ਸੱਕਿਆ, ਮੈਂ ਕੀਹਦਾ ਪਾਣੀ ਹਾਰ ਆਂ....।"

"ਤਾਂ ਬੰਦਿਆ ਸੁਣ ਲੈ ਮੇਰੀ ਵੀ.....। ਮੈਂ ਪਿੱਠ ਲਾਊ ਕੰਜਰ ਦੀ। ਉਹਨੇ ਸਮਝਿਆ ਕੀ ਐ। ਪੱਟ 'ਤੇ ਥਾਪੀ ਮਾਰ ਲੀ ਤਾਂ ਰੱਬ ਬਣ ਗਿਆ? ਮੈਂ ਅੱਧ 'ਚੋਂ ਚੀਰੂੰ ਕੰਜਰ ਨੂੰ, ਮੈਂ....।"

ਡੇਰੇ ਪਰਤਿਆ, ਤਾਂ ਮਾਮਾ ਤਪਿਆ ਖੜ੍ਹਾ ਸੀ। ਕਹਿਣ ਲੱਗਾ।

"ਕੁੱਤਿਆ। ਨਹੀਂ ਹਟਿਆ? ..."

ਮੈਂ ਨੀਵੀਂ ਪਾ ਲਈ....ਉਸ ਦਿਨ ਤੋਂ ਬਾਦ ਮੈਨੂੰ ਮਾਮਾ ਬੁਰਾ ਲੱਗਣ ਲੱਗਿਆ...।

ਨਿਮਾਣੀ ਕਾਸਤੀ ਨੂੰ ਛਿੰਜ ਦੀ ਤਿਆਰੀ ਸੀ। ਪਰ ਅਚਾਨਕ ਬਿੱਜ ਆ ਪਈ।

ਹੋਕਾ ਦਿੱਤਾ ਗਿਆ ਕਿ ਇਸ ਸਾਲ ਛਿੰਜ ਨਹੀਂ ਪਏ ਗੀ।

ਪਤਾ ਲੱਗਾ, ਬੁੜੇ ਨੰਬਰਦਾਰ ਦੇ ਨਿੱਕੇ ਪੁੱਤ ਹਾਕਮ ਨੇ ਡੇਰੇ ਦੀਆਂ ਛੱਤੀ ਕਨਾਲਾਂ ਵਿਚੋਂ ਚੌਦਾਂ ਕਨਾਲਾਂ ਸ਼ਾਮਲਾਟ ਅਤੇ ਕਈ ਵਰਿਹਾਂ ਦਾ ਚਕੌਤਾ ਬਾਕੀ ਕੱਢ ਮਾਰਿਆ ਸੀ। ਇਸ ਤਰ੍ਹਾਂ ਖਸਰੇ ਦੇ ਹਿਸਾਬ ਨਿਕਲੀਆਂ ਚੌਦਾਂ ਕਨਾਲਾਂ ਭੁੰਏ ਲਾਹ ਲੈਣ 'ਤੇ ਡੇਰੇ ਲਈ ਰਾਹ ਹੀ ਨਹੀਂ ਸੀ ਬਚਦਾ। ਕਹਿੰਦੇ ਕੁੱਕੜੀ ਨੂੰ ਤੱਕਲੇ ਦਾ ਦਾਗ ਈ ਬੜਾ। ਡੇਰਾ ਤਬਾਹੀ ਦੀ ਕਗਾਰ 'ਤੇ ਜਾ ਖੜ੍ਹਾ। ਫਿਰ ਸਰਕਾਰੀ ਹੁਕਮਾਂ ਅੱਗੇ ਕੀਹਦੀ



ਜਾਹ। ਝੋਟਾ ਮਰਿਆ ਤਾਂ ਚਮਜੂੰਆਂ ਵੀ ਮਰਨ ਲੱਗੀਆਂ। ਸਾਧ ਤੋਂ ਪਹਿਲਾਂ ਭਲਵਾਨੀ ਸਹਿਕਣ ਲੱਗੀ।

ਇਕ ਦਿਨ ਬੁੜੇ ਨੰਬਰਦਾਰ ਦਾ ਛੋਟਾ ਹਾਕਮ ਸਿਹੁੰ ਡੇਰੇ ਆਇਆ।

"ਮਹੰਤਾ...ਸੌਦਾ ਕਰਦੈਂ?"

"ਕਾਹਦਾ? ..."

"ਦੇਖ! ਤੇਰੀ ਸ਼ਹਿ ਤੇ ਪਿਛਲੇ ਵੀਹ ਸਾਲਾਂ ਤੋਂ ਆਹ ਕੁੱਤਾ ਨਾਈ ਸਾਡੇ ਜੱਟਾਂ ਦੇ ਸਿਰ 'ਤੇ ਮੂਤਦੈ। ਤੂੰ ਜਾਣਦੈ ਆਹ ਜੀਤੂ ਉਹਦੀ ਭੈਣ ਦੇ ਢਿੱਡੋਂ ਜੰਮਿਆ ਜਰੂਰ ਐ...ਪਰ ਇਹ ਹੈ ਕਿਸੇ ਜੱਟ ਦਾ ਅਸਲਾ ਹੀ...। ਐਤਕੀਂ ਜੀਤੂ ਘੁਲੂ ਪਿੰਡ ਵੱਲੋਂ.... ਤੂੰ ਇਸ ਨਾਈ ਦੀ ਪਿੱਠ ਲੁਆ....ਜਾਹ ਤੇਰੇ ਡੇਰੇ ਨੂੰ ਰਾਹ ਛੱਡਿਆ।"

ਸਾਧ ਸੋਚੀਂ ਪੈ ਗਿਆ...

ਇਸ ਵਾਰ ਛਿੰਜ ਤੇ ਉਚੇਚਾ ਇਕੱਠ ਸੀ।

ਘੋਲ ਤੋਂ ਪਹਿਲਾਂ ਮਾਮੇ ਮੈਨੂੰ ਪੂਰੀ ਤਰ੍ਹਾਂ ਸਮਝਾਇਆ ਕਿ ਉਹਨੇ ਘੋਲ ਵਿੱਚ ਕਿਹੜਾ-ਕਿਹੜਾ ਦਾਅ ਵਰਤ ਕੇ ਪਹਿਲਾਂ ਮੈਨੂੰ ਪਛਾੜਨਾ ਸੀ, ਅਤੇ ਫਿਰ ਕਾਫ਼ੀ ਜ਼ੋਰ ਅਜ਼ਮਾਈ ਪਿਛੋਂ ਮੈਂ ਕਿਵੇਂ ਉਹਦੀ ਕੰਡ ਲਾਉਣੀ ਸੀ।....

ਮੈਂ ਰੋਣ ਲੱਗਾ। ਨਹੀਂ ਮਾਮਾ ਇਹ ਮੈਥੋਂ ਨਹੀਂ ਹੋਣਾ।

ਹਾਲਾਂ ਕਿ ਇਸ ਨਾਲ ਗੁਲਜ਼ਾਰੋ ਦੀ ਕਹੀ ਪੂਰੀ ਹੁੰਦੀ ਸੀ ਪਰ ਮੇਰਾ ਦਿਲ ਨਹੀਂ ਸੀ ਮੰਨਦਾ। ਮਾਮਾ ਤੂੰ ਕਿਉਂ ਕਰਦੈਂ ਇੰਜ?

"ਪੁੱਤ ਪਿਛਲੇ ਵੀਹ ਸਾਲ ਮੈਂ ਡੇਰੇ ਦਾ ਲੂਣ ਖਾਧੈ....ਡੇਰੇ ਲਈ ਜਾਨ ਵੀ ਚਲੀ ਗਈ ਤਾਂ ਕੁਝ ਨਹੀਂ।"

ਮੁਨਾਦੀ ਹੋਈ ਕਿ ਮੈਂ ਪਿੰਡ ਵੱਲੋਂ ਘੁਲਾਂਗਾ। ਡੇਰੇ ਦਾ ਭਲਵਾਨ ਢਹਿ ਗਿਆ ਤਾਂ ਸ਼ਗਿਰਦ ਹੱਥੋਂ ਹਾਰ ਜਾਣ ਕਾਰਨ ਮੁੜ ਕੇ ਕਦੇ ਜਾਂਘੀਆ ਨਹੀਂ ਪਹਿਨੇਗਾ।

ਬੜਾ ਇਕੱਠ ਸੀ।

ਉਹੋ ਕੁਝ ਹੋਇਆ ਜੋ ਅੰਦਰ ਖਾਤੇ ਮਿਥਿਆ ਗਿਆ ਸੀ।

ਉਸ ਦਿਨ ਤੋਂ ਬਾਦ ਮਾਮਾ ਕਿਧਰੇ ਨਾ ਦਿੱਸਿਆ। ਨਾ ਡੇਰੇ, ਨਾ ਪਿੰਡ ਵਿਚ। ਉਹਦੇ ਬਾਰੇ ਕਈ ਤਰ੍ਹਾਂ ਦੀ ਭਾਖਿਆ ਉੱਠੀ: ਕਿਸੇ ਕਿਹਾ, ਨਮੋਸ਼ੀ ਦਾ ਮਾਰਾ ਗੱਡੀ ਥੱਲੇ ਆ ਗਿਆ। ਕਿਸੇ ਕਿਹਾ, ਵੱਡੀ ਨਹਿਰ 'ਚ ਡੁੱਬ ਮਰਿਆ। ਮੇਰਾ ਨਾਨਾ ਰੋ-ਰੋ ਪਾਗਲ ਹੋ ਗਿਆ। ਉਸ ਮੇਰੀ ਮਾਂ ਨੂੰ ਕਿਹਾ, ਕਿ ਉਹ ਮੈਨੂੰ ਏਥੋਂ ਲੈ ਜਾਵੇ।

ਮਾਂ ਸਮਾਨ ਬੰਨ੍ਹਣ ਲੱਗੀ ਤਾਂ ਧੰਤੋ ਆਈ।

"ਉੱਜੜਨ ਜੋਗੀਏ...ਉਸ ਧਗੜੀ ਨੂੰ ਤਾਂ ਮਿਲ ਲੈ ਜਾ ਕੇ, ਜਿਨ੍ਹੇਂ ਤੇਰੇ ਬਦਲੇ ਆਪਣੀ ਇੱਜ਼ਤ ਦਾਅ 'ਤੇ ਲਾਈ...।"

"ਕੀ ਮਤਲਬ?"

"ਤੈਨੂੰ ਨੀ ਪਤਾ? ..."

"ਨਹੀਂ.."

"ਰਿਹਾ ਨਾ ਬੁੱਡੂ ਦਾ ਬੁੱਡੂ।"

"ਪਰ ਕੁਝ ਦੱਸ ਤਾਂ ਸਹੀ..."

"ਦੱਸਾਂ ਸੁਆਹ ਤੇ ਖੇਹ। ਤੈਨੂੰ ਪਤੈ ਉਹਨੇ ਠਾਣ ਲਈ ਸੀ ਕਿ ਤੇਰੇ ਮਾਮੇ ਦੀ ਪਿੰਠ ਲਾਉਣੀ ਐ। ਇਕ ਦਿਨ ਬੁੜੇ ਨੰਬਰਦਾਰ ਦੇ ਹਾਕਮ ਕੋਲੇ ਗਈ ਤੇਰੀ ਜਾਰੋ। ਕਹਿੰਦੀ ਹਾਕਮਾਂ ! ਤੇਰੇ ਲਈ ਕੱਪੜੇ ਲਾਹਾਂ ਤਾਂ ਕੀ ਦੇਵੇਂਗਾ? ਕਹਿੰਦਾ ਮੂਹੋਂ ਮੰਗ। ਕਹਿੰਦੀ, ਇਸ ਕੁੱਤੇ ਨਾਈ ਦੀ ਪਿੰਠ ਲੁਆ। ਕਹਿੰਦਾ ਮਨਜ਼ੂਰ।"

"ਹੁਕਮੇ ਨੇ ਅੱਗੋਂ ਪਟਵਾਰੀ ਗੰਢਿਆ... ਡੇਰੇ ਤੋਂ ਜ਼ਮੀਨ ਕਢਾਈ ਤੇ ਨਾਈ ਚਿੱਤ....। ਹੁਣ ਦੇਖੀਂ ਕਿਤੇ... ਵਿਚਾਰੀ ਨੂੰ ਗੜੇ 'ਤੇ ਸਿੱਟ ਕੇ ਤੁਰਦਾ ਬਣੇ..."

ਇਹ ਮੈਂ ਕੀ ਸੁਣ ਰਿਹਾ ਸਾਂ? ...

ਮੈਨੂੰ ਲੱਗਾ, ਪਿੰਠ ਮਾਮੇ ਦੀ ਨਹੀਂ, ਮੇਰੀ ਤੇ ਜਾਰੋ ਦੀ ਲੱਗ ਗਈ ਸੀ।

•



## ਬਾਰੂਦ

ਮੇਰਾ ਜਨਮ ਦੁੱਖਾਂ, ਹਾਦਸਿਆਂ ਅਤੇ ਨਿਰਾਦਰ ਦੀ ਕੁੱਖ ਚੋਂ ਹੋਇਆ ਸੀ; ਪਰ ਅੱਜ ਦਾ ਹਾਦਸਾ, ਮੇਰੀ ਸੋਚ ਤੋਂ ਬਾਹਰ ਸੀ। ਮੂੰਹ-ਝਾਖਰੇ ਵਾਪਰੀ ਇਕ ਦਿਲ ਕੰਬਾਊ ਘਟਨਾ ਨੇ ਮੇਰੀ ਸੋਚ ਦੀਆਂ ਧੱਜੀਆਂ ਉਡਾ ਦਿੱਤੀਆਂ ਸਨ ਤੇ ਮੈਂ ਉਹਨੀਂ ਪੈਰੀਂ ਘਰ ਵੱਲ ਨੂੰ ਬੁਟ ਵੱਟ ਲਈ ਸੀ।...

ਮਾਂ ਹਮੇਸ਼ ਆਖਦੀ, "ਪੁੱਤ ਜਦੋਂ ਮਾਂ ਨੇ ਹੀ ਭੁੰਨ ਕੇ ਬੀਜਿਆ ਹੋਵੇ, ਧੀਆਂ ਪੁੱਤ ਤਾਂ ਸੂਲੀ ਲਟਕਣਗੇ ਹੀ।"

ਵਿਆਹ ਤੋਂ ਬਾਦ ਵਿਧਵਾ ਮਾਂ, ਦੋ ਜਗ੍ਹਾ ਬੈਠੀ। ਪਰ ਕੋਈ ਵੀ ਸਾਥ, ਦੋ ਵਰ੍ਹੇ ਨਾ ਨਿਭਿਆ। ਪਹਿਲੇ ਤੋਂ ਗੇਲੋ, ਦੂਜੇ ਤੋਂ ਨਿੰਮਾ ਤੇ ਤੀਜੇ ਤੋਂ ਮੈਂ ਉਰਫ ਬੰਤਾ ਮਾਂ ਦੀ ਝੋਲੀ ਪਾ ਤੁਰਦੇ ਬਣੇ। ਸਗੋਂ ਮਾਂ ਨੂੰ ਕਾਲ ਜੋਗ ਅਤੇ 'ਖਾਂਵਦ ਨਿਗਲ ਜਾਣ' ਵਾਲੀ ਦੀ ਉਪਾਧੀ ਵੀ ਦੇ ਗਏ।

ਮਾਂ ਨੂੰ ਗੇਲੋ ਦੀ ਪ੍ਰਵਰਿਸ਼ ਦੀ ਦਿੱਕਤ ਆ ਸਕਦੀ ਸੀ। ਪਰ ਮਾਂ ਦਾ ਪਹਿਲਾ ਵਿਆਂਦੜ ਫ਼ੌਜ ਵਿਚ ਸੀ। ਦਾਦਕਿਆਂ ਗੇਲੋ ਆਪਣੇ ਪੇਟੇ ਪਾ ਲਈ; ਨਿੰਮਾ ਛਿੰਗ-ਬਹਿ ਦਸਵੀਂ ਕਰ ਗਿਆ ਅਤੇ ਇਕ ਕੋਆਪਰੇਟਿਵ ਸੁਸਾਇਟੀ ਵਿਚ ਜਾ ਲੱਗਾ; ਪਰ ਇਕ ਗਬਨ ਕੇਸ ਵਿਚ ਫਸ ਕੇ ਲੰਮਾ ਸਮਾਂ ਅੰਦਰ ਚਲਿਆ ਗਿਆ।

ਮਾਂ ਕੋਲ ਮੈਂ ਸਾਂ ਜਾਂ ਸੁਹੱਪਣ ਦੀ ਪੂੰਜੀ ਸੀ। ਮੇਰੇ ਨਾਨਕੇ ਨਾ ਹੋਣ ਬਰਾਬਰ ਸਨ। ਨਾ ਕੋਈ ਖਾਵੰਦ ਜਗੀਰਾਂ ਛੱਡ ਕੇ ਮੋਇਆ ਸੀ। ਮਾਂ ਤਾਂ ਸਗੋਂ ਘੋਰ ਨਿਰਾਦਰ ਦਾ ਪਾਤਰ ਬਣੀ ਸੀ। ਆਖ਼ਰ ਨੂੰ ਉਹਨੇ ਪਿੰਡ ਦੀ ਇਕ ਬਦਨਾਮ ਦਾਈ ਨਾਲ ਜਣੇਪਿਆਂ ਦਾ ਗੰਦ ਕਿਊਂਟ ਕੇ ਡੰਗ ਟਪਾਉਣ ਦਾ ਤੱਹਈਆ ਕਰ ਲਿਆ ਸੀ।

ਮਾਂ ਨੇ ਦਸਵੀਂ ਤੋਂ ਪਹਿਲਾਂ ਹੀ ਮੈਨੂੰ ਹੋਮ ਗਾਰਡੀਆਂ 'ਚ ਭਰਤੀ ਕਰਵਾ ਦਿੱਤਾ ਸੀ। ਕਈ ਤਾਂ ਕਹਿੰਦੇ ਜੈਲਦਾਰਾਂ ਦੇ ਨਜਾਇਜ਼ ਹਮਲ ਡੇਗਣ ਦੇ ਇਵਜ਼ ਵਿਚ ਮੈਨੂੰ ਨੌਕਰੀ ਮਿਲੀ ਸੀ। ਮੈਨੂੰ ਲਗਦਾ ਇਹ ਝੂਠ ਸੀ।

ਮੇਰੇ ਕਈ ਹੋਰ ਵੀ ਆੜੀ ਸਨ ਜੋ ਕੋਈ ਨਾ ਕੋਈ ਬੁੜੋਂ ਅਤੇ ਗੁਰਬਤ ਦਾ ਨਰਕ ਭੋਗ ਰਹੇ ਸਨ। ਜੀਤਾ, ਕੁਲਵੰਤ, ਜੈਬਾ ਤੇ ਦੀਪਾ। ਪਰ ਮਾਂ ਦੇ ਸਿਰੋਂ ਨੰਗੀ ਹੋਣ ਕਾਰਨ ਉਹ ਮੈਨੂੰ ਨੀਵੇਂ ਥਾਂ ਦੇਖਦੇ। ਮੈਂ ਜਾਣਦਾ, ਮਾਂ ਜਿਸ ਕਿਸਮ ਦੀ ਜ਼ਿੰਦਗੀ ਜਿਊ ਰਹੀ ਸੀ, ਉਹ ਕਿਸੇ ਵੀ ਸੁਨੱਖੀ ਵਿਧਵਾ ਨੂੰ ਬੰਦੂ ਕਰਨ ਲਈ ਕਾਫ਼ੀ ਸੀ।

ਚੁਫੇਰੇ ਬੇ-ਬਸੀਆਂ ਅਤੇ ਮਜਬੂਰੀਆਂ ਦਾ ਇਤਨਾਂ ਹਨੇਰ ਸੀ ਕਿ ਕੋਈ ਰਾਹ ਨਹੀਂ ਸੀ ਦਿੱਸਦਾ। ਇਕ ਹਾਦਸੇ ਨੇ ਮੇਰੇ ਸਾਮ੍ਹਣੇ ਰਾਹ ਤਾਂ ਖੋਲ੍ਹ ਦਿੱਤਾ; ਪਰ ਉਹ ਰਾਹ ਬਿਖੜਾ ਅਤੇ ਟੇਢ੍ਹਾ ਸੀ।...

ਸਾਡੇ ਪਿੰਡ ਦੇ ਸ਼ਹਿਰ ਪੜ੍ਹਦੇ ਇਕ ਗਰੇਵਾਲਾਂ ਦੇ ਮੁੰਡੇ ਨੇ, ਦੁੱਧ ਵੇਚਣ ਆਉਂਦੀ ਇਕ ਗੁੱਜਰਾਂ ਦੀ ਮੁਟਿਆਰ ਕੁੜੀ ਨਾਲ ਆਸ਼ਨਾਈ ਕੀਤੀ, ਤੇ ਫਿਰ ਤੂੰ ਕੌਣ, ਮੈਂ ਕੌਣ। ਕੁੜੀ ਦਾ ਕਿਧਰੇ ਵਿਆਹ ਹੋਣ ਲੱਗਾ ਤਾਂ ਉਹ ਵੇਦੀ ਤੋਂ ਉੱਠ ਕੇ ਗਰੇਵਾਲਾਂ ਦੇ ਘਰ ਆ ਖੜ੍ਹੀ। ਸਿਰ 'ਤੇ ਆ ਖੜ੍ਹੀ ਕੁੜੀ ਦੇਖ, ਮੁੰਡਾ ਯਰਕ ਗਿਆ।...

ਪਰ੍ਹੇ ਕੱਠੀ ਹੋਈ, ਫ਼ੈਸਲਾ ਹੋਇਆ ਕਿ ਕੁੜੀ ਨੇ ਧਰਮ ਨਿਭਾਇਆ। ਹੁਣ ਪਿੰਡ ਆਪਣਾ ਧਰਮ ਨਿਭਾਏ। ਇਸ ਤੋਂ ਪਹਿਲਾਂ ਕਿ ਕੋਈ ਹੋਰ ਫ਼ੈਸਲਾ ਹੁੰਦਾ। ਮੇਰੀ ਮਾਂ ਨੇ ਕੁੜੀ ਆਪਣੀ ਝੋਲੀ ਪੁਆ ਲਈ। ਪਿੰਡ ਨੇ ਸੋਚਿਆ, ਗੁੱਜਰ ਪਿੱਛਾ ਕਰਨਗੇ। ਪਰ ਉਹਨਾਂ ਕਿਹਾ, ਆਹਲਣਿਉਂ ਡਿੱਗਾ ਬੋਟ ਗਿਆ, ਤਾਂ ਗਿਆ...

ਮੇਰੇ ਲਈ ਰੱਬ ਆਪ ਬਹੁੜਿਆ ਸੀ। ਜਿਉਂ ਹੀ ਮੈਂ ਗੁਜਰੀ ਦਾ ਘੁੰਡ ਚੁੱਕਿਆ। ਝਿਜਕ ਗਿਆ। ਉਹ ਹੱਥ ਲਾਇਆਂ ਮੈਲੀ ਹੋਣ ਵਾਲੀ ਸੀ। ਸੁਬਕ ਅਤੇ ਲਗਰ ਜਿਹੀ। ਰੰਗ ਜਿਵੇਂ ਚਿੱਟੀ ਮਕੱਈ ਦੇ ਆਟੇ ਵਿਚ ਸੰਧੂਰ ਗੁੰਨ੍ਹਿਆ ਹੋਵੇ। ਪਤਾ ਨਹੀਂ ਕਿਉਂ? ਮੇਰੇ ਮਨ ਵਿਚ ਇਹ ਗੰਢ ਪੀਡੀ ਬੱਝ ਗਈ ਕਿ ਮੈਂ ਕਿਸੇ ਵੀ ਪੱਖ ਉਹਦੇ ਕਾਬਲ ਨਹੀਂ ਸਾਂ।

ਮੇਰੀ ਝਿਜਕ ਦੇਖ ਉਹਨੇ ਖ਼ੁਦ ਹੀ ਘੁੰਡ ਚੁੱਕਿਆ ਤੇ ਬੋਲੀ।

"ਘਰੋਂ ਪੀਤੇ ਆਪਣਾ ਨਸੀਬ ਆਪ ਢੂੰਡਣ ਲਈ ਤੁਰੀ। ਨਸੀਬ ਛਲਾਵਾ ਨਿਕਲਿਆ। ਪੀਤੋ ਉਸੇ ਵੇਲੇ ਮਰ ਗਈ। ਮੇਰਾ ਇਕ ਨਾਂ ਸ਼ੀਸ਼ੋ ਵੀ ਏ। ਅੱਜ ਤੋਂ ਬਾਦ ਸ਼ੀਸ਼ੋ ਤੇਰੀ। ਪਰ ਕਦੇ ਪਿੱਛਾ ਨਾ ਚਿਤਾਰੀਂ, ਭੁੱਲ ਕੇ ਵੀ..."

ਉਹ ਹਨੇਰੇ ਵਿਚ ਲਾਟ ਵਾਂਗ ਮੱਚਦੀ ਸੀ। ਸੋਚਿਆ, ਇਤਨੀਂ ਨਿੱਡਰ ਤੀਵੀਂ ਤਾਂ ਮੈਨੂੰ ਕਿਸੇ ਵੀ ਦੁੱਖ ਦੇ ਰਸਾਤਲ ਵਿਚੋਂ ਕੱਢ ਲਵੇਗੀ। ਪਰ ਯਾਰਾਂ ਮੈਨੂੰ ਹੋਰ ਡੂੰਘੇ ਪਤਾਲਾਂ ਵਿਚ ਧੱਕ ਦਿੱਤਾ, ਤੇ ਕਿਹਾ।

"ਪਤੰਦਰਾ! ਪਿੰਡ 'ਚ ਉਹਦਾ ਯਾਰ। ਉੱਤੋਂ ਉਹ ਪਰੀਆਂ ਜਿਹੀ। ਕੰਜਰਾ! ਤੂੰ ਤਾਂ ਖੰਡ ਦੀ ਬੋਰੀ ਨੂੰ ਕੁੱਤਾ ਲੱਗ ਗਿਆ। ਹਾਜਮਾ ਕਿੱਥੋਂ ਲਿਆਏਂਗਾ?"

ਮੈਂ ਸਚਮੁਚ ਫ਼ਿਕਰਾਂ 'ਚ ਘਿਰ ਗਿਆ।

ਕੱਚੀ ਨੌਕਰੀ। ਹਰ ਖ਼ਤਰੇ ਵਾਲੀ ਥਾਂ ਹੋਮ ਗਾਰਡੀਆਂ ਨੂੰ ਧੱਕ ਦਿੰਦੇ।

"ਮਾਂ, ਕੰਡੇ ਬੀਜ ਦਿੱਤੇ ਤੂੰ... ਹੁਣ ਦੱਸ ਸੋਨੇ ਦੀ ਖਾਨ ਨੂੰ ਕਿੱਥੇ ਰੱਖਾਂ? ਨਾਲ ਰੱਖ ਨੀ ਸਕਦਾ, ਪਿੰਡ 'ਤੇ ਭਰੋਸਾ ਨੀਂ...!"

"ਪੁੱਤ! ਕਦੇ ਰਾਖੀਆਂ ਨਾਲ ਵੀ ਰਹੀਆਂ ਤੀਮੀਆਂ? ਬੰਦੇ ਤੀਵੀਂ ਦਾ ਰਿਸ਼ਤਾ ਤਾਂ ਧਾਗਾ ਹੁੰਦੈ ਕੱਚੀ ਤੰਦ ਜਿਹਾ, ਜੇ ਉਹ ਕਾਇਮ ਐ ਤਾਂ ਨੌਂ ਤੇ ਵੀਹ ਖ਼ੈਰਾਂ। ਫਿਰ



ਮੇਰੇ 'ਤੇ ਭਰੋਸਾ ਨਹੀਂ?"

ਕੁਝ ਵੀ ਸੀ, ਮਨ ਨਹੀਂ ਸੀ ਮੰਨਦਾ। ਕੋਠੜੀ ਲੁੱਗੀ। ਫਿਰਨੀ 'ਤੇ ਘਰ। ਚੁਫ਼ੇਰੇ ਵਾੜ ਨਾ ਕੰਧ। ਨਾ ਖਿੜਕਾ, ਨਾ ਬੂਹਾ। ਘਰੋਂ ਬਾਹਰ ਨਿਕਲਦਿਆਂ, ਜਾਨ ਸੂਲੀ 'ਤੇ ਟੰਗੀ ਜਾਂਦੀ। ਯਾਰ ਬੇਲੀ ਵੱਖ ਤੜਫ਼ਦੇ।

"ਬੱਕਰੀ ਦੀ ਖੁਰੀ ਕੀ ਲੱਭ ਗਈ ਪਤੰਦਰਾ, ਰੜਕਦਾ ਈ ਨਹੀਂ। ਦੇਖੀਂ ਕਿਤੇ, ਬਿਨਾਂ ਦੰਦਾਂ ਤੋਂ ਈ ਨਾ ਚੱਬ ਜੇ...!"

ਯਾਰ ਅਸ਼ਲੀਲ ਗੱਲਾਂ 'ਤੇ ਉੱਤਰ ਆਉਂਦੇ।

ਭਾਵੇਂ ਮਾਂ ਪਛਾਵੇਂ ਵਾਂਗ ਸ਼ੀਸ਼ੋ ਦੇ ਨਾਲ ਸੀ; ਪਰ ਸ਼ੱਕ ਦੇ ਵਰੋਲੇ ਮੈਨੂੰ ਕੱਖਾਂ ਵਾਂਗ ਰੋਲੀ ਰੱਖਦੇ। ਇਕ ਦਿਨ ਡਿਊਟੀ ਤੋਂ ਪਿੰਡ ਆਇਆ, ਤਾਂ ਮੇਰੀ ਖਾਨਿਉਂ ਗਈ।

ਪਤਾ ਲੱਗਾ, ਸ਼ਹਿਰੋਂ ਆਇਆ ਗਰੇਵਾਲਾਂ ਕਾ ਆਸ਼ਕ ਮੁੰਡਾ, ਸਾਡੇ ਘਰ ਮੂਹਰੋਂ ਦੋ ਤਿੰਨ ਵੇਰ ਖੰਘੂਰ ਕੇ ਲੰਘ ਗਿਆ। ਸ਼ੀਸ਼ੋ ਤੇ ਮਾਂ ਨੇ ਇਕ ਦੂਜੀ ਵੱਲ ਦੇਖਿਆ, ਹੱਥ 'ਚ ਦਾਤ ਲਿਆ ਤੇ ਮੁੰਡੇ ਦੇ ਪਿਉ ਮੂਹਰੇ ਜਾ ਖੜ੍ਹੀਆਂ।

"ਦੇਖ ਸਰਦਾਰਾ! ਕੁੱਤੇ ਨੂੰ ਸੰਗਲੀ ਪਾ ਕੇ ਰੱਖ... ਜੇ ਮੇਰੇ ਲਈ ਏਨੀ ਜਾਨ ਨਿਕਲਦੀ ਐ ਤਾਂ ਉਦੋਂ ਬਾਂਹ ਫੜਦਾ। ਅੱਜ ਮੇਰੇ ਘਰ ਮੂਹਰੋਂ ਖੰਘੂਰ ਕੇ ਲੰਘ ਗਿਆ, ਸੋ ਲੰਘ ਗਿਆ। ਦੁਬਾਰਾ ਹਰਕਤ ਕੀਤੀ ਤਾਂ ਅੱਧ 'ਚੋਂ ਚੀਰ ਦਿਊਂ...। ਫਿਰ ਨਾ ਕਹੀਂ ਦੱਸਿਆ ਨਹੀਂ ਗੁਜਰੇਟੀ ਨੇ...!"

ਗਰੇਵਾਲਾਂ ਦੇ ਟੱਬਰ ਦੀ ਹੱਥ ਵਾਲੀ ਹੱਥ 'ਚ ਰਹਿ ਗਈ। ਗਰੇਵਾਲ ਇਲਾਕੇ ਦਾ ਮੰਨਿਆ ਬੰਦਾ ਸੀ। ਗੁਜਰੀ ਦਾ ਜੇਰਾ ਵੇਖ ਕੰਬ ਗਿਆ।

ਇਹ ਗੱਲ ਚੁਫ਼ੇਰੇ ਸਰਕੜੇ ਦੀ ਅੱਗ ਵਾਂਗ ਫੈਲੀ।

ਪਰ ਮੇਰੇ ਅੰਦਰ ਸੀਤ ਬਣ ਕੇ ਉਤਰ ਗਈ।...

ਜਿਵੇਂ ਪੋਹ ਦਾ ਠੱਕਾ ਹੁਣ ਮੇਰੇ ਹੱਡਾਂ 'ਚ ਉੱਤਰ ਰਿਹਾ ਸੀ।

ਅੱਜ ਸਵੇਰੇ ਵਾਪਰੀ ਘਟਨਾ ਵੀ ਮੈਨੂੰ ਸੁੰਨ ਕਰਦੀ ਚਲੀ ਗਈ ਸੀ।

ਸਫ਼ਰ ਦਾ ਭੰਨਿਆ, ਜਦੋਂ ਪਿੰਡ ਨੂੰ ਜਾਣ ਵਾਲੇ ਅੱਡੇ 'ਤੇ ਪੁੱਜਾ ਤਾਂ ਦੇਹ 'ਚ ਭੋਰਾ ਸੱਤਿਆ ਨਹੀਂ ਸੀ। ਉੱਤੋਂ ਇਹ ਜਾਣ, ਕੇ ਪਿੰਡ ਵੱਲ ਜਾਣ ਵਾਲੀ ਆਖ਼ਰੀ ਲਾਰੀ ਚਿਰਾਕੀ ਚਲੀ ਗਈ ਸੀ ਤਾਂ ਮੇਰੇ ਰਹਿੰਦੇ ਅਉਸਾਣ ਵੀ ਮਾਰੇ ਗਏ ਸਨ।

ਹਾਰੀ ਦੇਹ ਨਾਲ ਮੈਂ ਇਕ ਖੋਖੇ ਦੇ ਵੱਟੇ 'ਤੇ ਹੀ ਢੇਰੀ ਹੋ ਗਿਆ।

ਅੱਡਾ ਸੁੰਨ ਮਸਾਣ ਸੀ। ਇਕ ਦੋ ਕਸਬੇ ਦੇ ਟਾਂਗਿਆਂ ਵਾਲੇ ਸੁਵਾਰੀਆਂ ਉਡੀਕ ਰਹੇ ਸਨ। ਜਾਂ ਕੋਈ ਦਿਹਾੜੀਦਾਰ ਸਾਈਕਲ ਭਜਾਈ ਲੰਘਦਾ।

ਸੋਚਾਂ ਮੈਨੂੰ ਫਿਰ ਘੇਰਨ ਲੱਗੀਆਂ...

ਮੈਂ ਸ਼ੀਸ਼ੋ ਨੂੰ ਇੰਜ ਗਰੇਵਾਲਾਂ ਦੇ ਘਰ ਜਾਣ ਬਾਰੇ ਪੁੱਛਿਆ ਸੀ।

"ਮੈਂ ਕਿੱਥੇ ਮੱਥੇ ਲੱਗਣਾ ਸੀ ਕੰਜਰ ਦੇ...। ਇਹ ਤਾਂ ਮਾਂ ਨੇ ਕਿਹਾ ਚੱਲ ਧੀਏ!

ਇਹਦਾ ਵੀ ਰੋਜ਼-ਰੋਜ਼ ਦਾ ਫ਼ਸਤਾ ਵੱਢੀਏ ਕੰਜਰਖਾਨੇ ਦਾ। ਮਾਂ ਬਰਾਬਰ ਗਈ ਟਕੂਆ ਫੜ ਕੇ...।"

ਮੈਂ ਮਾਂ ਬਾਰੇ ਅੱਖਾਂ ਭਰ ਲਈਆਂ।

"ਹੈ ਕਮਲਾ! ਸਿਆਣੇ ਕਹਿੰਦੇ ਏਨੇ ਮਿੱਠੇ ਨਾ ਬਣੋ ਕਿ ਕੋਈ ਮੂੰਹ 'ਚ ਪਾ ਲਵੇ। ਏਨੇ ਕੌੜੇ ਵੀ ਨਹੀਂ ਕਿ ਕੋਈ ਥੁੱਕ ਦੇਵੇ।" ਮਾਂ ਕਿਹਾ।

"ਨਹੀਂ ਮਾਂ ਤੂੰ ਕੌੜੀ ਨਹੀਂ..."

"ਭੁਲੇਖਾ ਏ ਤੈਨੂੰ। ਨਹੀਂ ਇਤਬਾਰ ਤਾਂ ਦੀਪੇ ਤੇ ਜੈਬੇ ਨੂੰ ਪੁੱਛੀਂ।"

"ਕਿਉਂ ਉਹਨਾਂ ਨੂੰ ਕਿਉਂ?"

"ਪੁੱਛੀਂ, ਆਪੇ ਬਕਣਗੇ..."

ਦੀਪਾ ਤੇ ਜੈਬਾ ਮੇਰੇ ਲੰਗੋਟੀਏ ਸਨ। ਮਾਂ ਦੇ ਵਿਚਕਾਰਲੇ ਪਤੀ ਦੇ ਸ਼ਰੀਕੇ 'ਚੋਂ ਮਾਂ ਦੇ ਦਿਉਰਾਂ ਦੀ ਥਾਂ ਵੀ ਸਨ। ਮੈਂ ਯਾਦ ਕੀਤਾ, ਇਕ ਵਾਰ ਉਹਨਾਂ ਮਾਂ ਦੀ ਨਿਤ ਹੁੰਦੀ ਬਦਨਾਮੀ ਤੋਂ ਦੁਖੀ ਵੇਖ ਮੈਨੂੰ ਸਲਾਹ ਦਿੱਤੀ ਸੀ, ਕਿ ਜੇ ਮੈਂ ਚਾਰ ਦਿਨ ਸੁਖ ਦੇ ਚਾਹੁੰਨਾਂ ਤਾਂ ਮਾਂ ਨੂੰ ਤੁਰਦੀ ਕਰਾਂ। ਹਿੰਮਤ ਮੇਰੀ, ਤਰਕੀਬ ਉਨ੍ਹਾਂ ਦੀ। ਪਰ ਮੈਂ ਤਰਨਤਾਰਨ ਵਾਲੇ ਬਾਬਿਆਂ ਦਾ ਵਖਿਆਨ ਸੁਣ ਰੱਖਿਆ ਸੀ।

'ਮਾਂ ਹੋਵੇ ਯਾਰਨੀ ਪੁੱਤ ਨ ਚਿਤਾਰੇ।'

ਮੈਂ ਮਾਂ ਦੀ ਕੌੜ ਬਾਰੇ ਪੁੱਛਿਆ ਤਾਂ ਲਿੱਲ੍ਹਕੜੀਆਂ ਲੈਣ ਲੱਗੇ।

"ਯਾਰ ਮਾਫ਼ੀ ਦੇਹ... ਦਹੀਂ ਦੇ ਭੁਲੇਖੇ ਕਪਾਹ ਨਿਗਲੀ ਗਈ।"

"ਪਰ ਹੋਇਆ ਕੀ?"

"ਪਹਿਲਾਂ ਦੱਸ ਯਾਰੀ ਤਾਂ ਨੀ ਟੁੱਟੂ?"

"ਨਹੀਂ।"

"ਅਸੀਂ ਭਾਬੀ (ਯਾਨੀ ਤੇਰੀ ਮਾਂ) ਨੂੰ ਕਹਿ ਬੈਠੇ ਬਈ ਸਾਨੂੰ ਵੀ ਕਾਲ ਜੋਗ ਵਾਲੀ ਮੌਤ ਚਾਹੀਦੀ ਐ। ਕਹਿੰਦੀ ਦੱਸੋ ਕਦੋਂ ਮਰਨੈ? ਅਸੀਂ ਕਿਹਾ ਜਦੋਂ ਕਹੋਂ। ਕਹਿੰਦੀ ਫੇ ਦੇਰ ਕਾਹਦੀ, ਚੱਲੋ ਹੁਣੇ ਕੱਪੜੇ ਲਾਹੂੰ ਤੁਹਾਡੀਆਂ ਮਾਵਾਂ ਦੇ ਸਾਮ੍ਹਣੇ। ਕੁੱਤਿਉ, ਤੁਹਾਡਾ ਗੰਦ ਤਾਂ ਹਾਲੇ ਨਿਕਲਿਆ ਨਹੀਂ ਤੁਹਾਡੀਆਂ ਮਾਵਾਂ ਦੇ ਨਹੁੰਆਂ 'ਚੋਂ, ਹੁਣ ਇਸ ਮਾਂ ਦਾ ਨੰਗ ਵੀ ਦੇਖੋਗੇ।"

ਮਾਂ ਅਤੇ ਸ਼ੀਸ਼ੋ ਦੀ ਅਜਿਹੀ ਦਲੇਰੀ ਕਿਸੇ ਵੀ ਸ਼ੱਕੀ ਮਨ ਨੂੰ ਨਿਰਮਲ ਕਰਨ ਲਈ ਕਾਫ਼ੀ ਸੀ। ਪਰ ਮੇਰੇ ਮਨ ਦੀਆਂ ਗੰਢਾਂ ਬਹੁਤ ਉਲਝੀਆਂ ਹੋਈਆਂ ਸਨ।

ਦਸਵੀਂ ਵਿਚ ਹੀ ਸਾਂ ਕਿ ਨੂੰਨਗਰਾਂ ਕੀ ਭਜੋ ਮੇਰੇ ਨਾਲ ਬੇਲੋੜਾ ਖਹਿਣ ਲੱਗ ਪਈ। ਇਕ ਦਿਨ ਗਈ ਰਾਤ ਗਲੀ 'ਚੋਂ ਲੰਘਦਿਆਂ ਉਸ ਮੈਨੂੰ ਡਿਉਢੀ ਵਿਚ ਧੂਹ ਲਿਆ। ਘਰ ਵਿਚ ਪੰਜਾਹ ਜੀਆਂ ਦਾ ਟੱਬਰ। ਡਿਉਢੀ 'ਚ ਤੂੰਟਾਂ ਦੀ ਢੇਰੀ ਸੀ। ਮੈ ਤੂੰਟਾਂ ਵੱਲ ਹੱਥ ਵਧਾਇਆ ਤਾਂ ਉਸ ਰੋਕਿਆ।



"ਰੁੱਕ। ਆ ਕੁਝ ਹੋਰ ਦੇਵਾਂ ਤੂੰਟਾਂ ਦੀ ਥਾਂ।"

"ਕੀ?"

ਉਸ ਮੇਰਾ ਹੱਥ, ਛਾਤੀ 'ਤੇ ਰਖਿਆ।

ਮੈਂ ਡਰ ਕੇ ਦੌੜ ਆਇਆ।

ਪਰ ਕੁਝ ਹੋਰ ਦੀ ਲਿਲਕ ਇਤਨੀ ਵਧੀ ਕਿ ਸਾਰੇ ਟੱਬਰ ਦੀ ਮੌਜੂਦੀ ਵਿਚ ਹੀ ਉਹ ਖਾਉ-ਪੀਏ ਮਗਰੋਂ ਕੰਧ ਤੋਂ ਬਾਹਰ ਪੰਜਾਲੀ ਲਟਕਾ ਦਿੰਦੀ। ਤੇ ਮੈਂ ਹਨੇਰਾ ਪੈਣ ਦੀ ਉਡੀਕ ਕਰਦਾ ਰਹਿੰਦਾ। ਇਹ ਸਿਲਸਿਲਾ ਸ਼ੀਸ਼ੋ ਦੇ ਆਉਣ ਤੱਕ ਚੱਲਿਆ।

ਇਕ ਦਿਨ ਮੈਂ ਸ਼ੀਸ਼ੋ ਨੂੰ ਇਹ ਸਭ ਦੱਸਿਆ। ਪਹਿਲਾਂ ਤਾਂ ਉਹ ਬਹੁਤ ਹੱਸੀ; ਫਿਰ ਕਹਿਣ ਲੱਗੀ, "ਇਹ ਤਾਂ ਕੁਝ ਵੀ ਨਹੀਂ, ਇਕ ਗੁੱਜਰੀ ਨੇ ਆਸ਼ਕ ਨੂੰ ਟੱਪਰੀ 'ਚ ਸੱਦਿਆ। ਆਸ਼ਕ, ਮਸ਼ੂਕ ਦੇ ਖੌਂਦ ਤੋਂ ਡਰੇ। ਕਹਿੰਦੀ ਮੈਂ ਚਾਹਾਂ ਤਾਂ ਖੌਂਦ ਤੋਂ ਦੋ ਕਦਮਾਂ ਦੀ ਵਿੱਥ 'ਤੇ ਹੀ ਤੈਨੂੰ ਆਪਣੀ ਅਸਮਤ ਪਰੋਸ ਦੇਵਾਂ। ਕਹਿੰਦਾ ਕਿਵੇਂ? ਕਹਿੰਦੀ, ਕੱਲ੍ਹ ਫਲਾਣੇ ਟੈਮ ਆਵੀਂ...। ਓਧਰ ਗੁੱਜਰੀ ਨੇ ਖੌਂਦ ਨੂੰ ਕਿਹਾ, ਵੱਡਾ ਗੁੱਜਰ ਬਣਿਆ ਫਿਰਦੈ, ਜ਼ਰਾ ਅੱਖਾਂ ਬੰਨ੍ਹ ਕੇ ਮੱਹਿ ਚੋਅ ਕੇ ਤਾਂ ਵਿਖਾ... ਪਰ ਧਾਰ ਦੋਹਣੇ ਤੋਂ ਬਾਹਰ ਨਾ ਪਵੇ। ਲਉ ਜੀ ਓਧਰੋਂ ਉਹ ਧਾਰ ਕੱਢਣ ਬਹਿ ਗਿਆ, ਇਧਰ ਗੁੱਜਰੀ ਆਸ਼ਕ ਨੂੰ ਕਿਹਾ, ਗੱਲ ਕਰ ਕੀ ਚਾਹੁੰਨੈ...।"

ਸੁਣ ਕੇ ਮੈਂ ਸੁੰਨ ਹੋ ਗਿਆ।

ਜੇ ਸ਼ੀਸ਼ੋ ਅਜੇਹੇ ਪੜੱਣਾਂ ਦੀ ਤਾਰੂ ਸੀ ਤਾਂ ਮੈਂ ਕਿਸ ਬਾਗ਼ ਦੀ ਮੂਲੀ ਸਾਂ?

ਉਸ ਦਿਨ ਤੋਂ ਬਾਦ ਮੇਰੀ ਜ਼ਿੰਦਗੀ ਹਰ ਪਲ ਸ਼ੱਕ ਦੇ ਪਿੰਜਰੇ 'ਚ ਘਿਰ ਗਈ।

ਬਹੁਤ ਸੋਚਿਆ। ਬੱਸ ਇਕੋ ਹੱਲ ਨਜ਼ਰ ਆਇਆ ਕਿ ਹਜ਼ਾਰ ਕੰਮ ਛੱਡ ਕੇ ਪਹਿਲਾ ਘਰ ਦੇ ਚੁਫ਼ੇਰੇ ਕੰਧ ਕੀਤੀ ਜਾਵੇ...

ਹੋਮ ਗਾਰਡ ਦੀ ਟਰੇਨਿੰਗ ਵਿਚ ਵੀ ਸਾਨੂੰ ਸਿਖਾਇਆ ਗਿਆ ਸੀ ਕਿ ਕਿਸੇ ਵੀ ਚੀਜ਼ ਦੀ ਹਿਫ਼ਾਜ਼ਤ ਲਈ ਜ਼ਰੂਰੀ ਸੀ ਚੁਫ਼ੇਰੇ ਦੀ ਸੁਰੱਖਿਆ। ਭਾਵੇਂ ਉਹ ਰਫ਼ਲਾਂ ਦੀ ਦਹਿਸ਼ਤ ਹੋਵੇ ਜਾਂ ਦੀਵਾਰ। ਮੇਰੇ ਜੀਵਨ ਦਾ ਵੀ ਮੁੱਖ ਆਸ਼ਾ ਬਣ ਗਿਆ ਕਿ ਜਦੋਂ ਵੀ ਚਾਰ ਪੈਸੇ ਹੱਥ 'ਚ ਆਉਂਦੇ, ਘਰ ਦੀ ਚਾਰ ਦੀਵਾਰੀ ਉੱਸਰ ਜਾਂਦੀ।

ਇਕ ਦਿਨ ਆਪਣੇ ਅਫ਼ਸਰ ਤੋਂ ਇਕ ਹੋਰ ਜੁਗਤ ਹੱਥ ਆਈ। ਉਹਨੇ ਦੱਸਿਆ ਕਿ ਉਹਦੀ ਤੀਵੀਂ ਵੀ ਬਹੁਤ ਖ਼ੂਬਸੂਰਤ ਸੀ। ਉਹਨੇ ਇਕ ਬੱਚੇ ਤੋਂ ਬਾਦ ਦੂਜਾ, ਫਿਰ ਤੀਜਾ। ਤੀਵੀਂ ਨੂੰ ਕਦੇ ਖਾਲੀ ਹੀ ਨਹੀਂ ਰਹਿਣ ਦਿੱਤਾ। ਸਾਰੀ ਹੋਂਕੜੀ ਬੱਚਿਆਂ ਦੇ ਪੋਤੜੇ ਧੋਣ ਵਿਚ ਹੀ ਕੱਢ ਦਿੱਤੀ।

ਮੈਂ ਵੀ ਇਕ ਤੋਂ ਬਾਦ ਚਾਰ ਧੀਆਂ ਦਾ ਪਿਉ ਬਣ ਗਿਆ। ਮੈਂ ਵੀ ਸ਼ੀਸ਼ੋ ਵਿਹਲੀ ਨਾ ਰਹਿਣ ਦਿੱਤੀ। ਇਹ ਤਾਂ ਬਾਦ 'ਚ ਸੋਝੀ ਆਈ ਕਿ ਮੈਂ ਤਾਂ ਸਗੋਂ ਹੋਰ ਕੰਡੇ ਬੀਜ ਲਏ ਸਨ।...

ਇਸ ਤੋਂ ਪਹਿਲਾਂ ਕਿ ਸ਼ੀਸ਼ੋ ਵਿਰ ਹਾਮਲਾ ਹੁੰਦੀ। ਮਾਂ ਤੁਰਦੀ ਬਣੀ। ਦਾਗ ਦੇ ਕੇ ਮੁੜੇ ਤਾਂ ਸ਼ੀਸ਼ੋ ਰੋਣ ਲੱਗੀ।

"ਤੇਰੀ ਮਾਂ ਜਿਹਾ ਕਿਹੜਾ ਸੀ? ਕੌਣ ਕਹਿੰਦੇ ਉਹਨੂੰ ਕਾਲ ਯੋਗ ਸੀ? ਉਹ ਸਿਰਫ਼ ਇਕ ਗ਼ਰੀਬ ਪਿਉਂ ਦੀ ਸੋਹਣੀ ਧੀ ਸੀ। ਇਹੋ ਦੋਸ਼ ਉਹਦਾ ਭਾਗ ਬਣ ਗਿਆ। ... ਉਹਦਾ ਪਹਿਲਾਂ ਵਿਆਂਦੜ, ਫ਼ੌਜੀ ਸੀ। ਇਕ ਦਿਨ ਕਹਿੰਦਾ। ਮੇਰੇ ਭਾਗ ਖੁੱਲ੍ਹ ਗਏ। ਮੇਰੇ ਅਫ਼ਸਰ ਨੂੰ ਭਾਅ ਗਈ ਤੂੰ। ਮੈਨੂੰ ਫ਼ੀਤੀ ਲੱਗ ਸਕਦੀ ਐ ਜੇ ਤੂੰ ਚਾਹੇਂ। ਕਹਿੰਦੀ ਤੇਰੀ ਇੱਜ਼ਤ? ਕਹਿੰਦਾ, ਕੋਈ ਨੀ ਕੱਢਾ ਭੁਰਦਾ ਇੱਜ਼ਤ ਦਾ। ...ਤੂੰ ਦੰਦਾਂ ਥੱਲੇ ਜੀਭ ਲੈ ਬੱਸ...। ਕਹਿੰਦੀ ਠੀਕ ਐ ਕੱਲ੍ਹ ਨੂੰ ਦੇਖਾਂਗੇ। ਉਸੇ ਰਾਤ ਰਜਾ ਕੇ ਰੰਮ ਨਾਲ। ਲਾਹ ਕੇ ਉਹਦੇ ਕੱਪੜੇ। ਅਫ਼ਸਰ ਦੇ ਨਹਾਉਣ ਆਲੇ ਤਲਾ 'ਚ ਮਾਰਿਆ ਚੱਕ ਕੇ... ਕਹਿੰਦੀ ਹੁਣ ਅੱਗੋਂ ਜਾ ਕੇ ਈ ਲੁਆਈ ਫ਼ੀਤੀ...।"

"ਦੂਜੇ ਦਾ ਪਿਉ ਹੀ ਨਿਕਲਿਆ ਕੰਜਰ। ਅਣਬੋਲ ਧੱਕਾ ਕਰ ਗਿਆ ਇਕ ਰਾਤ। ਪਤੀ ਆਏ ਤੋਂ ਕਹਿੰਦੀ। ਤੇਰਾ ਪਿਉ ਬਣ ਗਿਆ ਕੰਜਰ, ਤੇ ਕਰ ਗਿਆ ਧੱਕਾ। ਹੁਣ ਦੱਸ ਤੇਰੇ ਵੱਸਾਂ ਕਿ ਤੇਰੇ ਪਿਉ ਦੇ...। ਮੁੰਡੇ ਨਮੋਸ਼ੀ ਮੰਨ ਕੇ ਫਾਹ ਲੈ ਲਿਆ। ਬੁੜ੍ਹੇ ਨੂੰ ਕਹਿੰਦੀ, ਥੋਲ ਕਰਾਵਾਂ ਵੀਰ ਸਾਲੀ...। ਬੁੜ੍ਹਾ ਪੈਰੀਂ ਪੈ ਗਿਆ। ਕਹਿੰਦੀ ਭਲੀ ਚਾਹੁੰਨੈ ਤਾਂ ਆਪਦਾ ਜੁਆਕ ਆਪ ਸਾਂਭ ਲਈਂ, ਨਹੀਂ ਆਹ ਦਾੜ੍ਹੀ ਜਹੀ ਪੁੱਟ ਕੇ ਕਿੱਥੇ ਦਿਊਂ... ਤੈਨੂੰ ਪਤੈ।"

"ਤੇ ਆਹ ਤੈਨੂੰ ਜੰਮਣ ਆਲਾ... ਇਹ ਤਾਂ ਕੰਜਰਾਂ ਤੋਂ ਵੀ ਅਗਾਂਹ ਨਿਕਲਿਆ। ਸਾਲ ਪਿੱਛੋਂ ਈ ਕਹਿੰਦਾ, ਤੇਰੇ ਅਰਗੀ ਤੀਵੀਂ ਦਾ ਪਿੰਡ 'ਚ ਕੀ ਕੰਮ। ਤੂੰ ਸੌਂਤ ਪੱਤਣਾਂ ਦੀ ਤਾਰੂ। ਚਾਰ ਕੁੜੀਆਂ ਕੱਠੀਆਂ ਕਰ ਤੇ ਚਕਲਾ ਚਲਾ ਸ਼ਹਿਰ 'ਚ...। ਤੇਰੀ ਮਾਂ ਨੇ ਬੜੇ ਤਰਲੇ ਕੀਤੇ, ਬਈ ਜਰ ਕੇ ਖਾਹ...। ਪਰ ਨਹੀਂ ਹਟਿਆ। ਇਕ ਦਿਨ ਸੁੱਤੇ ਪਏ ਨੂੰ ਈ ਚਾਕੂ ਤਾ ਗੱਡੀ। ਸ਼ੇਰਨੀ ਸੀ ਮਾਂ ਤੇਰੀ...।"

ਮੈਂ ਮਾਂ ਪ੍ਰਤਿ ਰਸ਼ਕ ਨਾਲ ਭਰ ਗਿਆ।

ਪਰ ਸ਼ੀਸ਼ੋ ਮਾਂ ਬਾਰੇ ਇਤਨਾ ਕੁਝ ਜਾਣਦੀ ਸੀ? ਇਹ ਸੋਚ ਹੋਰ ਡਰ ਗਿਆ।...

ਅਚਾਨਕ ਤਾਂਗੇ ਦੀ ਆਹਟ ਸੁਣੀ। ਮੈਂ ਉਠ ਕੇ ਬੈਠ ਗਿਆ। ਸੌਂਤੇ ਟੁੰਡਾ ਸੀ। ਮੇਰੀ ਜਾਨ 'ਚ ਜਾਨ ਆਈ। ਮੈਂ ਨੇੜੇ ਗਿਆ ਉਹ ਕਿਸੇ ਹੱਟੀ ਦੀ ਰਸਦ ਲਈ ਖੜ੍ਹਾ ਸੀ। ਉਹ ਮੇਰੇ ਪਿੰਡ ਤੋਂ ਅੱਗੇ ਦਾ ਸੀ। ਮੈਂ ਜਾਣ ਲਈ ਤਰਲਾ ਲਿਆ।

"ਬੰਬ 'ਤੇ ਬੈਠ ਜੇਂ ਗਾ? ਤੇ ਭਾਰ ਪਿੱਛੇ ਨੂੰ... ਨਦੀ ਦੀ ਚੜ੍ਹਾਈ ਤੇ ਪੰਜੇਟਿਆਂ ਦਾ ਕੱਚਾ ਉੱਤਰ ਕੇ। ਰੁਪਈਏ ਪੰਜ ਭਾਊ...। ਚਿੱਤ ਮੰਨਦੈ ਤਾਂ ਬਿੰਦ ਲਾ।"

ਮੈਂ ਸ਼ੁਕਰ ਕੀਤਾ। ਟੁੰਡਾ ਛੜਾ ਸੀ। ਜਨਾਨਾ ਸੁਆਰੀਆਂ ਅਤੇ ਘੋੜੀ 'ਚ ਗੱਲਾਂ ਕੱਢ-ਕੱਢ ਠਰਕ ਭੋਰਦਾ। ਸਾਰੇ ਰਾਹ ਮੈਂ ਡਰਦਾ ਰਿਹਾ ਕਿ ਉਹ ਕੋਈ ਸ਼ੀਸ਼ੋ ਜਾਂ ਮੇਰੀਆਂ ਧੀਆਂ ਬਾਰੇ ਗੱਲ ਨਾ ਛੇੜ ਲਵੇ। ਪਰ ਉਹ ਦਾਰੂ ਦੀ ਲੋਰ 'ਚ ਹੀਰ ਗਾਉਂਦਾ



ਰਿਹਾ। ਉਹਦੀ ਅਵਾਜ਼ ਡਰਾਉਣੀ ਅਤੇ ਚੁਫ਼ੇਰੇ ਸੀਤ ਨੂੰ ਚਾਬਕਾਂ ਮਾਰਦੀ ਸੀ। ਮੈਂ ਸੂਏ ਦੀ ਪੁਲੀ ਤੇ ਹੀ ਉੱਤਰ ਗਿਆ।

ਕਣਕਾਂ ਹਨੇਰੇ ਵਿਚ ਸਿਰ ਸਿੱਟੀ ਖੜ੍ਹੀਆਂ ਸਨ। ਦੂਰੋਂ ਕਿਤੇ ਤੇਲ-ਇੰਜਨ ਦੀ ਤੁੱਕ-ਤੁੱਕ ਹਨੇਰਾ ਚੀਰਦੀ ਸੀ। ਮੈਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਇਤਨਾ ਥੱਕ ਚੁੱਕਾ ਸਾਂ ਕਿ ਮੇਰੇ ਵਿਚ ਪੈਰ ਪੁੱਟਣ ਦੀ ਹਿੰਮਤ ਨਹੀਂ ਸੀ, ਪਰ ਮੈਂ ਇਕ ਪਲ ਵਿਚ ਪਿੰਡ ਪਹੁੰਚ ਜਾਣ ਲਈ ਤੜਪ ਰਿਹਾ ਸਾਂ। ਹਾਲਾਂਕਿ ਮੇਰੇ ਲਈ ਇਹ ਤੜਪ ਕੋਈ ਨਵੀਂ ਨਹੀਂ ਸੀ। ਮੇਰੀ ਜ਼ਿੰਦਗੀ ਦਾ ਹਰ ਦਿਨ ਹਰ ਪਲ ਇਕ ਤਰ੍ਹਾਂ ਦੀ ਸੂਲੀ 'ਤੇ ਹੀ ਬੀਤਿਆ ਸੀ। ਮਾਂ ਨਹੀਂ ਸੀ ਰਹੀ। ਧੀਆਂ ਵੱਡੀਆਂ ਹੋ ਰਹੀਆਂ ਸਨ। ਤਨਖ਼ਾਹ ਇਤਨੀ ਥੋੜ੍ਹੀ ਸੀ ਕਿ ਧੀਆਂ ਦੇ ਕਦ ਬਰਾਬਰ ਘਰ ਦੀ ਚਾਰ ਦੀਵਾਰੀ ਉੱਚੀ ਕਰਨ ਤੋਂ ਵੀ ਅਸਮਰਥ ਸਾਂ। ਧੀਆਂ ਅਤੇ ਸ਼ੀਸ਼ੋ ਦੀ ਅਸੁਰੱਖਿਆ ਮੇਰਾ ਹਰ ਸਾਹ ਮੱਲੀ ਰੱਖਦੀ।

ਮਾਂ ਦੀ ਮੌਤ ਮਗਰੋਂ ਸ਼ੀਸ਼ੋ ਨੇ ਮੇਰੇ ਲਈ ਇਕ ਹੋਰ ਪੂਲਾ ਸੀਖ ਧਰਿਆ ਸੀ।

ਕਸਬੇ ਦੀ ਮੰਡੀ, ਮਾਲ ਡੰਗਰ ਵੇਚਣ ਆਇਆ ਸ਼ੀਸ਼ੋ ਦਾ ਵੱਡਾ ਵੀਰ, ਲੱਭਦਾ-ਲੱਭਦਾ ਆ ਨਿਕਲਿਆ। ਭੈਣ ਨੂੰ ਸੁੱਖੀਂ ਵੱਸਦੀ ਵੇਖ, ਉਹਨੂੰ ਚਾਅ ਚੜ੍ਹ ਗਿਆ। ਪਰ ਸ਼ੀਸ਼ੋ ਵਿਹਰ ਗਈ।

"ਗੁੱਜਰ ਏਂ... ਭੈਣ ਦੇ ਘਰ ਸੱਖਣੇ ਪੈਰ ਪਾਉਂਦੇ ਸ਼ਰਮ ਨਾ ਆਈ। ਜਾਹ ਵਗ ਜਾਹ, ਜਿਧਰੋਂ ਆਇਐਂ।"

ਦੂਜੇ ਦਿਨ ਦੋ ਪਾਕਸਤਾਨੀ ਰਵੇ ਦੀਆਂ ਮੱਝਾਂ ਤੇ ਇਕ ਪਤਲੇ ਚੰਮ ਦਾ ਮਾਲੀ (ਝੋਟਾ) ਸ਼ੀਸ਼ੋ ਦੇ ਕਿੱਲੇ 'ਤੇ ਬੰਨ੍ਹ ਗਿਆ।

ਮੈਨੂੰ ਖ਼ੁਸ਼ ਹੋਣਾ ਚਾਹੀਦਾ ਸੀ; ਪਰ ਮੈਂ ਮਿੱਟੀ ਹੋ ਗਿਆ। ਸੋਚਿਆ, ਕੁੜੀਆਂ ਤੇ ਸ਼ੀਸ਼ੋ ਹੁਣ ਪੱਠੇ ਦੱਥੇ ਨੂੰ ਜਾਣਗੀਆਂ। ਤੇ ਉਹ ਮਾਲੀ? ਸੋਚ ਕੇ ਮੈਂ ਕੰਬ ਗਿਆ। ਹੁਣ ਮੇਰੀਆਂ ਧੀਆਂ ਤੇ ਤੀਵੀਂ ਮੱਝਾਂ ਨਵੀਆਂ ਕਰਨ ਦਾ ਧੰਦਾ ਕਰਨਗੀਆਂ? ਮੈਨੂੰ ਮਰਨ ਲਈ ਵਿਹਲ ਨਹੀਂ ਸੀ ਮਿਲ ਰਹੀ।

ਮੈਂ ਬੁਝੇ ਮਨ ਨਾਲ ਦਿਲ ਦੀ ਭਾਵਨਾ ਸ਼ੀਸ਼ੋ ਨੂੰ ਕਹੀ।

"ਗੁੱਜਰਾਂ ਦੀ ਧੀ ਆਂ। ਇਹ ਸਭ ਤਾਂ ਸਾਡੇ ਲਹੂ ਵਿਚ ਏ। ਦੂਜਾ ਮੈਂ ਟਰੱਕੀ ਭਰੋਲੀ ਸੀ। ਮਾਂ ਬੜੀਆਂ ਬਰਕਤਾਂ ਛੱਡ ਕੇ ਗਈ ਐ। ਤੂੰ ਗਡਰੀਆਂ ਦਾ ਵਾੜਾ ਬੰਨ੍ਹ ਕਰਵਾ। ਮੈਂ ਬਰਾਬਰ ਭਾਰ ਵੰਡਾਊਂ ਗੀ ਘਰ ਦਾ...।"

ਦਿਨਾਂ ਵਿਚ ਹੀ ਸ਼ੀਸ਼ੋ ਬਹੁਤ ਅੱਗੇ ਲੰਘ ਗਈ, ਪਰ ਦੁੱਧ ਦੀ ਵਿੱਕਰੀ ਤੱਕ ਤਾਂ ਠੀਕ ਸੀ। ਜਦੋਂ ਉਹ ਦੂਰੋਂ ਦੂਰੋਂ ਲਿਆਰੀ ਹਰੀ ਕਰਾਉਣ ਆਉਂਦੇ ਲੋਕਾਂ ਲਈ ਨਿੱਕੇ ਵਾੜੇ 'ਚੋਂ ਮਾਲੀ ਛੱਡਦੀ ਅਤੇ ਨੇਹਣ ਦੇ ਪੈਸੇ ਉਗਰਾਹੁੰਦੀ ਤਾਂ ਮੈਨੂੰ ਗਰਕਣ ਲਈ ਥਾਂ ਨਾ ਲੱਭਦੀ। ਉਹ ਇਤਨੀ ਨਿਸ਼ੰਗ ਸੀ ਕਿ ਕਈਆਂ ਨੂੰ ਬਾਹਰੋਂ ਹੀ ਮੋੜ ਦਿੰਦੀ।

"ਜਾਹ ਭਾਈਆ। ਤੇਰੀ ਮਹਿੰ ਹਾਲੇ ਪੂਰੀ ਹੋਏ ਤੇ ਨੀਂ... ਐਵੇਂ ਪੈਹੇ ਬਰਬਾਦ

ਕਰੇਗਾ। ਬਾਕੀ ਤੇਰੀ ਭਾਵੇਂ ਸੋਰੇ ਜਾਂ ਨਾ, ਮੈਂ ਖਿੜਕਾ ਖੋਲ੍ਹਣ ਦੀ ਮੇਖ ਨਹੀਉਂ ਛੱਡਣੀ।"

ਜਿਸ ਪਿੰਡ ਵਿਚ ਉਹ ਪ੍ਰੇਮੀ ਲਈ ਵੇਦੀ ਤੋਂ ਨੱਸ ਆਈ। ਮੇਰਾ ਘਰ ਵਸਾਇਆ। ਧੀਆਂ ਜੰਮੀਆਂ। ਹੁਣ ਜੱਦੀ ਕਿੱਤੇ 'ਚ ਨਾਂ ਖੱਟਿਆ। ਇਹਦਾ ਮੇਰੀਆਂ ਧੀਆਂ 'ਤੇ ਕੀ ਅਸਰ ਹੋਏਗਾ? ਇਹ ਸੋਚ ਮੈਨੂੰ ਪਰੇਸ਼ਾਨ ਕਰੀ ਰੱਖਦੀ।

ਮੈਂ ਕਿਤੋਂ ਸੁਣਿਆ ਸੀ ਕਿ ਕੋਈ ਮੁੰਡਾ ਕੁੜੀ ਨੂੰ ਉਸੇ ਦੇ ਘਰ ਦੀ ਬੋਤੀ ਤੇ ਕੱਢ ਕੇ ਲੈ ਜਾ ਰਿਹਾ ਸੀ। ਰਾਹ ਵਿਚ ਨਦੀ ਆਈ ਤਾਂ ਕੁੜੀ ਨੇ ਮੁੰਡੇ ਨੂੰ ਕਿਹਾ, ਕਿ ਪਹਿਲਾਂ ਪਾਣੀ ਦੀ ਡੂੰਘਾਈ ਜਾਂਚ ਲਈ ਜਾਵੇ, ਕਿਉਂਕਿ ਇਸ ਬੋਤੀ ਦੀ ਮਾਂ ਡੂੰਘੇ ਪਾਣੀ ਵਿਚ ਬੈਠ ਕੇ ਸਵਾਰ ਨੂੰ ਡੋਬ ਦਿੰਦੀ ਸੀ। ਸੋ ਆਪਣੀ ਮਾਂ ਦੀ ਖਸਲਤ ਇਸ ਬੋਤੀ ਵਿਚ ਵੀ ਹੋ ਸਕਦੀ ਹੈ। ਮੁੰਡੇ ਦੇ ਜੀ 'ਚ ਆਈ। ਜੇ ਬੋਤੀ ਦੀ ਖਸਲਤ ਧੀ ਵਿਚ ਆ ਸਕਦੀ ਹੈ ਤਾਂ ਜਿਹੜੀ ਕੁੜੀ ਅੱਜ ਮੇਰੇ ਨਾਲ ਨਿਕਲ ਕੇ ਜਾ ਰਹੀ ਹੈ, ਕੱਲ੍ਹ ਨੂੰ ਇਹਦੀ ਧੀ ਨਾ ਨਿਕਲੇਗੀ? ਉਹ ਕੁੜੀ ਨੂੰ ਲੈ ਕੇ ਵਾਪਸ ਪਰਤ ਗਿਆ।

ਮੈਂ ਸੋਚਦਾ, ਸ਼ੀਸ਼ੋ ਵੇਦੀ ਤੋਂ ਨੱਸ ਕੇ ਆਈ, ਤਾਂ ਕੀ ਮੇਰੀਆਂ ਧੀਆਂ ਵੀ...। ਮੈਂ ਕੰਬ ਜਾਂਦਾ।

ਤੁਰਦਾ ਮੈਂ ਪਿੰਡ ਦੀ ਫਿਰਨੀ ਵੜਿਆ ਤਾਂ ਕੁੱਤੇ ਭੌਂਕੇ...। ਮੈਂ ਪੰਚਾਇਤ ਘਰ ਦੇ ਉੱਤੋਂ ਦੀ ਟੱਪ ਕੇ ਆਪਣੇ ਘਰ ਦੀ ਗਲੀ 'ਚ ਆ ਰਿਹਾ।

ਕਾਹਲੀ ਨਾਲ ਮੈਂ ਘਰ ਦਾ ਬੂਹਾ ਖੜਕਾਇਆ।

ਕੋਈ ਹਿਲਜੁਲ ਨਹੀਂ। ਮੈਨੂੰ ਤਸੱਲੀ ਹੋਈ ਕਿ ਘਰ ਦੇ ਚਾਰ-ਚੁਫ਼ੇਰੇ ਆਦਮਕਦ ਕੰਧ ਸੀ। ਮੈਂ ਚਾਹੁਣ ਤੇ ਵੀ ਬੂਹੇ ਤੋਂ ਬਿਨਾਂ ਅੰਦਰ ਨਹੀਂ ਸਾਂ ਜਾ ਸਕਦਾ।

ਮੈਂ ਬੂਹਾ ਫਿਰ ਖੜਕਾਇਆ।

ਅਲਸਾਈ ਜਿਹੀ ਅਵਾਜ਼ ਆਈ।

"ਕੌਣ?"

"ਮੈਂ ਹਾਂ, ਬੂਹਾ ਖੋਲ੍ਹੋ...।"

"ਐਸ ਵੇਲੇ...?" ਸ਼ੀਸ਼ੋ ਧਾਹ ਕੇ ਬੂਹੇ ਵੱਲ ਆਈ।

ਮੈਂ ਬਿਨਾਂ ਕੁਝ ਬੋਲੇ ਕਾਹਲੀ ਨਾਲ ਅੰਦਰ ਵੜਿਆ।

"ਕੁੜੀਆਂ ਕਿੱਥੇ ਨੇ?"

"ਕਿਉਂ ਕੀ ਹੋਇਆ ਕੁੜੀਆਂ ਨੂੰ?"

"ਤੈਨੂੰ ਪੁੱਛਿਆ ਕਿੱਥੇ ਨੇ ਕੁੜੀਆਂ?"

"ਹੱਦ ਹੋ ਗਈ, ਤੂੰ ਕਮਲਾ ਤਾਂ ਨਹੀਂ ਹੋ ਗਿਆ। ਬਿਸਤਰ 'ਚ ਨੇ ਕੁੜੀਆਂ।"

ਮੈਂ ਪਾਗਲਾਂ ਵਾਂਗ ਪਹਿਲਾਂ ਨਿੰਦੀ, ਪੀਤੋ, ਕਰਮੋ ਤੇ ਸਰਘੀ ਦੇਖੀ। ਸਰਘੀ ਕਿੱਥੇ ਗਈ? ਇਸ ਮੰਜੇ ਤੇ ਤਾਂ ਕੋਈ ਵੀ ਨਹੀਂ...।

ਸ਼ੀਸ਼ੋ ਦਾ ਰੰਗ ਫ਼ੱਕ ਹੋ ਗਿਆ। ਫਿਰ ਉਹ ਸੰਭਲੀ ਤੇ ਬੋਲੀ। "ਤੂੰ ਬੈਠ ਰਜਾਈ



'ਚ ਐਥੇ ਈ ਐ ਸਰਘੀ... ਨਾਲ ਦੇ ਘਰ ਛੋਪ ਕੱਤਣ ਗਈ ਐ...। ਸਹੇਲੀਆਂ ਨਾਲ...।"

ਮੈਨੂੰ ਲੱਗਾ ਉਹ ਝੂਠ ਬੋਲ ਰਹੀ ਸੀ।

ਮੇਰੀ ਸੋਚ ਦੀਆਂ ਫਿਰ ਧੱਜੀਆਂ ਉੱਡਣ ਲੱਗੀਆਂ ਜਿਵੇਂ ਕੱਲ੍ਹ ਸਵੇਰੇ ਮੂੰਹ ਝਾਖਰੇ ਉੱਡੀਆਂ ਸਨ।...

ਬਾਰੂਦੀ ਡਿੱਪੂ ਦੀ ਸੁਰੱਖਿਆ ਉਤੇ ਡਿਊਟੀ ਸੀ ਮੇਰੀ। ਡਿੱਪੂ ਦੇ ਚੁਫ਼ੇਰੇ ਬਰਫ਼ੀ ਨਮੂਨੇ ਦੀ ਤਾਰ ਨਾਲ ਬਹੁਤ ਉੱਚੀ ਰੋਕ ਬਣਾਈ ਗਈ ਸੀ। ਅੰਦਰ ਫ਼ੌਜ ਦਾ ਪਹਿਰਾ, ਬਾਹਰ ਹੋਮਗਾਰਡੀਆਂ ਦਾ...।

ਹਾਲੇ ਮੂੰਹ ਝਾਖਰਾ ਸੀ ਕਿ ਖਤਾਨਾਂ ਵਾਲੇ ਪਾਸੇ ਤਾਰ ਦੇ ਅੰਦਰ ਫ਼ੌਜੀ ਅਤੇ ਤਾਰ ਦੇ ਬਾਹਰ ਇਕ ਔਰਤ ਇਤਰਾਜ਼ਯੋਗ ਹਾਲਤ ਵਿਚ ਚਿਪਕੇ ਹੋਏ ਸਨ। ਦੋਹਾਂ ਵਿਚਕਾਰ ਭਾਵੇਂ ਤਾਰ ਦੀ ਰੋਕ ਸੀ ਪਰ ਮੈਂ ਦੇਖਿਆ ਤਾਰ ਦਾ ਵਕਫ਼ਾ ਖੁੱਲ੍ਹਾ ਕਰਕੇ ਫ਼ੌਜੀ ਦੇ ਬਾਹਰ ਨਿਕਲੇ ਹੱਥ ਔਰਤ ਦੀ ਪਿੱਠ ਦੁਆਲੇ ਵਲ੍ਹੇ ਹੋਏ ਸਨ। ਬਾਰੂਦੀ ਡਿਪੂ ਦੀ ਸੁਰਖਿਆ ਦੀ ਇਹ ਹਾਲਤ ਦੇਖ ਮੇਰੇ ਘਰ ਦੀ ਕੰਧ ਇਕ ਪਲ ਵਿਚ ਹੀ ਮੇਰੇ ਜ਼ਿਹਨ ਵਿਚ ਢੇਰੀ ਹੋ ਗਈ ਸੀ।

ਹੁਣ ਜਦ ਕੇ ਮੈਂ ਅੱਧੀ ਰਾਤ ਘਰ ਵਿਚ ਖੜ੍ਹਾ ਹਾਂ, ਮੇਰੀ ਵੱਡੀ ਧੀ ਘਰ ਵਿਚ ਨਹੀਂ ਹੈ।

ਮੈਂ ਕਾਹਲੀ ਨਾਲ ਦੌੜ ਕੇ ਬਾਹਰ ਆਇਆ। ਘਰ ਦੇ ਚੁਫ਼ੇਰੇ ਘੁੰਮ ਗਿਆ ਕਿਤੇ ਨੂੰਨਗਰਾਂ ਦੀ ਭਜੋਂ ਵਾਂਗ ਕੋਈ ਪੰਜਾਲੀ ਜਿਹੀ ਚੀਜ਼ ਤਾਂ ਨਹੀਂ ਸੀ ਚੋਰੀ ਟੱਪ ਕੇ ਜਾਣ ਲਈ ਰੱਖੀ ਗਈ? ਪਰ ਕੁਝ ਨਹੀਂ ਸੀ।...

ਅਚਾਨਕ ਮੈਨੂੰ ਲੱਗਾ ਮੇਰੇ ਘਰ ਦੇ ਬਾਹਰ ਕੰਧ ਨਹੀਂ, ਬਾਰੂਦੀ ਡਿਪੂ ਦੀ ਤਾਰ ਸੀ। ਤੇ ਤਾਰ ਦੇ ਅੰਦਰ ਮੇਰੀਆਂ ਧੀਆਂ ਤੇ ਬਾਹਰ ਪਿੰਡ ਦੀ ਮੁੰਡੀਰ ਖੜ੍ਹੀ ਸੀ।

ਮੈਂ ਉੱਚੀ ਉੱਚੀ ਰੋਣ ਲੱਗਾ।

ਹਨੇਰੇ ਵਿਚ ਆ ਖੜ੍ਹੀਆਂ ਮੇਰੀਆਂ ਨਿੱਕੀਆਂ ਧੀਆਂ ਮੈਨੂੰ ਡੌਰ-ਭੌਰ ਦੇਖ ਰਹੀਆਂ ਸਨ...

•

# ਚਾਕੂ

ਵਿਆਹ ਤੋਂ ਛੇਤੀ ਹੀ ਬਾਦ ਮੇਰੀ ਪਤਨੀ ਜੱਸ ਨੇ ਸਹੁਰੇ ਘਰ ਆਪਣੀ ਧਾਂਕ ਜਮਾ ਲਈ; ਹਾਲਾਂ ਕਿ ਮੇਰੇ ਟੱਬਰ ਦੇ ਜੀਅ ਛੇਤੀ ਕੀਤੇ ਕਿਸੇ ਦੀ ਟੈਂ ਮੰਨਣ ਵਾਲੇ ਨਹੀਂ ਸਨ।

ਉਹ ਮੈਥੋਂ ਸੁਨੱਖੀ ਅਤੇ ਸਾਡੇ ਟੱਬਰ ਤੋਂ ਵੱਧ ਪੜ੍ਹੀ ਲਿਖੀ ਸੀ। ਇਹ ਤਾਂ ਮਾੜੀ ਕਿਸਮਤ ਕਿ ਉਹ ਮੇਰੇ ਜਿਹੇ ਸਧਾਰਨ ਨਾਲ ਵਿਆਹੀ ਗਈ। ਆਗਿਆਕਾਰ ਨਾ ਹੁੰਦੀ ਤਾਂ ਅਣਜੋੜ ਰਿਸ਼ਤੇ ਤੋਂ ਇਨਕਾਰ ਕਰ ਦਿੰਦੀ। ਪਰ ਉਹਨੇ ਮਾਪਿਆਂ ਦੀ ਰੱਖ ਵਿਖਾਈ। ਅਸਲ ਉਹ ਮੇਰੇ ਤਾਏ ਦੇ ਮੁੰਡੇ ਨਾਲ ਮੰਗੀ ਹੋਈ ਸੀ, ਜੋ ਏਅਰਫੋਰਸ ਵਿਚ ਪਾਇਲਿਟ ਸੀ। ਵਿਆਹ ਤੋਂ ਤਿੰਨ ਦਿਨ ਪਹਿਲਾਂ ਇਕ ਹਾਦਸੇ ਵਿਚ ਉਹਦੀ ਮੌਤ ਹੋ ਜਾਣ ਕਾਰਨ ਬਿਰਾਦਰੀ ਨੇ ਉਸੇ ਸਾਹੇ ਮੈਨੂੰ ਢੁਕਾਅ ਦਿੱਤਾ, ਅਤੇ ਸੰਜੋਗ ਵੱਸ ਉਹ ਅਣਜੋੜ ਰਿਸ਼ਤੇ ਵਿਚ ਬੱਝ ਗਈ।

ਸਾਡਾ ਟੱਬਰ ਸਿਰਫ ਅੱਖਰ ਉਠਾਲਣ ਜਾਣਦਾ ਸੀ। ਮੈਂ ਹੀ ਕੇਵਲ ਥੋੜ੍ਹਾ ਬਹੁਤ ਪੜ੍ਹਿਆ ਸਾਂ ਅਤੇ ਵਿਆਹ ਸਮੇਂ ਗੁਜ਼ਾਰੇ ਜੋਗੀ ਵਾਹੀ ਖੇਤੀ ਵਿਚ ਖਚਿਤ ਸਾਂ। ਜਦ ਕੇ ਜੱਸ ਪਿੰਡਾਂ ਵਿਚ ਖੁੱਲ੍ਹੇ ਸਿਲਾਈ ਕੇਂਦਰਾਂ ਦੀ ਇੰਨਚਾਰਜ ਸੀ ਅਤੇ ਕੁਝ ਸਮਾਂ ਸਕੂਲ ਵਿਚ ਪੜ੍ਹਾ ਵੀ ਚੁੱਕੀ ਸੀ। ਉਹਦੇ ਕਾਰਨ ਦਿਨਾਂ ਵਿਚ ਹੀ ਸਾਡੇ ਘਰ ਦੀ ਪੂਰੇ ਪਿੰਡ ਵਿਚ 'ਮਾਸਟਰਾਂ ਦੇ ਟੱਬਰ' ਵਜੋਂ ਅੱਲ ਪੈ ਗਈ।

ਜਾਹਿਰ ਹੈ ਪੜ੍ਹੀ ਲਿਖੀ ਸੀ। ਲੀੜਾ ਕੱਪੜਾ ਪਾਉਣ ਦਾ ਚੱਜ ਅਤੇ ਗੱਲਬਾਤ ਕਰਨ ਦਾ ਸਲੀਕਾ ਸੀ। ਸਾਡਾ ਟੱਬਰ ਤਾਂ ਵੱਖ, ਆਂਢ-ਗੁਆਂਢ ਦੇ ਲੋਕ ਵੀ ਉਹਦੇ ਪ੍ਰਭਾਵ ਅੱਗੇ ਗੋਡੇ ਟੇਕ ਗਏ। ਦਿਨਾਂ ਵਿਚ ਹੀ ਉਹਨੇ ਘਰ ਦੀ ਕਾਇਆ ਪਲਟ ਦਿੱਤੀ। ਡੰਗਰ ਕਿੱਥੇ ਬੱਝਣਗੇ। ਤੂੜੀ ਕਿੱਥੇ ਜਾਏਗੀ। ਕਿਹੜੀਆਂ ਫਸਲਾਂ ਲਾਹੇਵੰਦ ਸਨ। ਵਿਆਹਾਂ ਸ਼ਾਦੀਆਂ ਵਿਚ ਕਿਸ ਕਿਸਮ ਦਾ ਲੈਣ-ਦੇਣ ਹੋਵੇਗਾ, ਉਹਦੀ ਲਿਆਕਤ ਹੇਠ ਚਲਿਆ ਗਿਆ। ਹੋਰ ਤਾਂ ਹੋਰ ਆਂਢਣਾ-ਗੁਆਂਢਣਾ ਖਰੀਦੋ-ਫਰੋਖ਼ਤ ਅਤੇ ਧੀਆਂ ਦਾ ਦਾਜ-ਦੌਣ ਉਹਤੋਂ ਪੁੱਛ-ਪੁੱਛ ਧਰਨ ਲੱਗੀਆਂ।

ਮੈਂ ਕਈ ਵੇਰ ਸੋਚਦਾ, ਸ਼ਾਇਦ ਉਹ ਮੇਰੇ ਅਣਜੋੜ ਰਿਸ਼ਤੇ ਦੀ ਊਣ ਨੂੰ ਭਰਨ ਲਈ ਅਜਿਹਾ ਤਰੱਦਦ ਕਰਦੀ ਸੀ। ਜਦੋਂ ਉਹ ਪੰਜਾਹਾਂ 'ਚ ਮਿਲਦੀ ਚੀਜ਼ ਤੀਹਾਂ 'ਚ ਖਰੀਦ ਲਿਆਉਂਦੀ ਤਾਂ ਮੈਂ ਹੋਰ ਹੈਰਾਨ ਰਹਿ ਜਾਂਦਾ। ਤਦ ਲਗਦਾ ਇਹ ਉਹਦੀ ਕਾਬਲੀਅਤ ਹੀ ਸੀ। ਪਰ ਕੋਈ ਦੁਕਾਨਦਾਰ ਘਟ ਪੈਸਿਆਂ ਵਿਚ ਚੀਜ਼ ਕਿਉਂ ਵੇਚੇਗਾ? ਇਹ ਰਹੱਸ ਮੇਰੀ ਸਮਝ ਤੋਂ ਬਾਹਰ ਸੀ। ਦੁਕਾਨਦਾਰਾਂ ਦੀਆਂ ਠੱਗੀਆਂ ਬਾਰੇ ਜੱਸ ਕੋਲ



ਬੜੇ ਕਿੱਸੇ ਸਨ। ਉਸਦਾ ਤਰਕ ਸੀ ਕਿ ਗਾਹਕ ਚੁਆਨੀ ਦੀ ਚੀਜ਼ ਖਰੀਦੇ ਅਤੇ ਲਿਫਾਫੇ ਵਿਚੋਂ ਚੀਜ਼ ਦੇ ਨਾਲ ਦਿੱਤੀ ਹੋਈ ਚੁਆਨੀ ਵਾਪਸ ਨਿਕਲ ਆਵੇ ਤਾਂ ਸਮਝੋ ਦੁਕਾਨਦਾਰ ਨੇ ਫਿਰ ਵੀ ਕੁਝ ਖੱਟਿਆ ਹੈ। 'ਉਚੀ ਦੁਕਾਨ, ਫੀਕਾ ਪਕਵਾਨ' ਵਾਲੀ ਗੱਲ ਤਾਂ ਮੇਰੀ ਸਮਝ ਆਉਂਦੀ ਸੀ। ਹਰ ਦੁਕਾਨਦਾਰ ਗਾਹਕ ਦੇ ਕੱਪੜੇ ਲਾਹੁਣ ਵਾਲਾ ਹੋ ਸਕਦਾ ਸੀ, ਇਹ ਮੰਨਣ ਵਿਚ ਨਹੀਂ ਸੀ ਆਉਂਦਾ।

"ਆਉਣਾ ਵੀ ਨਹੀਂ" ਉਹ ਆਖਦੀ। "ਪਤੈ ਇਕ ਸੁਨਿਆਰੇ ਆਪਣੀ ਮਾਂ ਨੂੰ ਵੀ ਨਾ ਬਖਸ਼ਿਆ ਤੇ ਉਹਦੇ ਗਹਿਣਿਆਂ 'ਚੋਂ ਸੋਨਾ ਰੱਖ ਲਿਆ। ਇਕ ਰਾਜੇ ਨੂੰ ਇਹ ਗੱਲ ਪਤਾ ਲੱਗੀ। ਕਹਿੰਦਾ ਮੇਰੇ ਨਾਲ ਠੱਗੀ ਮਾਰ ਕੇ ਦਿਖਾਏ। ਦਰਬਾਰੀ ਸੁਨਿਆਰਾ ਫੜ ਲਿਆਏ। ਰਾਜੇ ਇਕ ਮੁਕਟ ਅਤੇ ਉਹਦੇ ਬਰਾਬਰ ਵਜ਼ਨ ਦਾ ਸੋਨਾ ਦੇ ਕੇ ਕਿਹਾ, ਲੈ ਇਹਦੇ ਜਿਹਾ ਹੂਬਹੂ ਮੁਕਟ ਮਹਿਲਾਂ 'ਚ ਬੈਠ ਕੇ ਬਣਾ। ਸੁਨਿਆਰੇ ਕਿਹਾ, ਬਣ ਤਾਂ ਜਾਵੇਗਾ ਪਰ ਹੂਬਹੂ ਬਣਾਉਣ ਲਈ ਤੁਹਾਡੇ ਵਾਲਾ ਮੁਕਟ ਮੈਨੂੰ ਦਿਨ ਰਾਤ ਆਪਣੇ ਕੋਲ ਰੱਖਣਾ ਪਏਗਾ। ਦਿਨੇ ਸੁਨਿਆਰਾ ਮਹਿਲਾਂ ਵਿਚ ਬੈਠ ਕੇ ਮੁਕਟ ਬਣਾਉਂਦਾ। ਮਹਿਲਾਂ ਤੋਂ ਬਾਹਰ ਆਉਣ ਜਾਣ ਸਮੇਂ ਉਹਦੀ ਇਤਨੀ ਸਖ਼ਤੀ ਨਾਲ ਤਲਾਸ਼ੀ ਲਈ ਜਾਂਦੀ ਕਿ ਰੱਤੀ ਭਰ ਭੀ ਸੋਨਾ ਬਾਹਰ ਨਾ ਜਾ ਸਕੇ। ਨਾਲ ਹੀ ਨਾਲ ਸੁਨਿਆਰੇ ਘਰ 'ਚ ਹੂਬਹੂ ਮੁਲੰਮੇ ਦਾ ਮੁਕਟ ਬਣਾਉਣਾ ਸ਼ੁਰੂ ਕਰ ਦਿੱਤਾ। ਜਿੱਦੋਂ ਦੋਵੇਂ ਮੁਕਟ ਬਣ ਗਏ। ਮਹਿਲਾਂ ਵਾਲਾ ਤਾਂ ਮਹਿਲਾਂ ਵਿਚ ਹੀ ਸੀ। ਅਸਲੀ ਦੀ ਥਾਂ ਮੁਲੰਮੇ ਦਾ ਫੜਾ ਦਿੱਤਾ...। ਸੋ ਦੁਕਾਨਦਾਰ ਨੂੰ ਜਿਤਨਾ ਨਚੋੜੋ, ਓਨਾ ਥੋੜ੍ਹਾ...। ਪਰ ਰਾਜਾ ਈ ਮੂਰਖ ਸੀ ਜਿਹੜਾ ਠੱਗੀ ਮਰਵਾ ਗਿਆ। ਮੈਂ ਤਾਂ ਆਨਾ ਨੀ ਵੱਧ ਦਿੰਦੀ...।"

ਅੱਜ ਵੀ ਕੁਝ ਇਵੇਂ ਵਾਪਰਿਆ। ਸਿਆਲੂ ਦਿਨਾਂ ਦੀ ਠਰੀ ਧੁੱਪ ਹਾਲੇ ਚਮਕੀ ਨਹੀਂ ਸੀ ਕਿ ਖੇਤੋਂ ਮੁੜਦਾ ਮੈਂ ਜਿਵੇਂ ਹੀ ਘਰ 'ਚ ਆਇਆ, ਵਿਹੜੇ ਵਿਚ ਤੀਵੀਆਂ ਦਾ ਝੁਰਮਟ ਦੇਖ ਠਿਠਕ ਗਿਆ। ਨੇੜੇ ਗਿਆ ਤਾਂ ਦੇਖਿਆ, ਕੋਈ ਸ਼ੋਹਦਾ ਜਿਹਾ 'ਡੱਗੀ' ਵਾਲਾ ਭੁੰਏ ਤੇ ਕੱਪੜਾ ਵਿਛਾਈ ਬਜਾਜੀ ਖੋਲ੍ਹੀ ਬੈਠਾ ਸੀ।

ਜੱਸ ਤੋਂ ਸੰਗਦਾ ਮੈਂ ਬਰਾਂਡੇ ਵਿਚ ਡੱਠੀ ਮੰਜੀ 'ਤੇ ਜਾ ਬੈਠਾ। ਬਾਹਰ ਖੇਤਾਂ ਵਿਚ ਕਣਕਾਂ ਦੀ ਗੁੱਡ-ਗਡਾਈ ਜੋਰਾਂ 'ਤੇ ਸੀ। ਬਜਾਜੀ 'ਤੇ ਹੋਇਆ 'ਕੱਠ ਦੇਖ ਲੱਗਾ, ਜਿਵੇਂ ਘਰਾਂ ਵਿਚ ਤੀਵੀਆਂ ਨੂੰ ਮਸਾਂ ਵਿਹਲ ਮਿਲੀ ਸੀ। ਸੋਚਿਆ, ਇਸ ਕਦਰ ਤੀਵੀਆਂ ਦੇ ਝੁਰਮਟ ਵਿਚ ਇਕੱਲੇ ਡੱਗੀ ਵਾਲੇ ਦੀ ਕੀ ਪੇਸ਼ ਜਾਵੇਗੀ? ਜਦ ਕਿ ਉਨ੍ਹਾਂ ਵਿਚ ਮੇਰੀ ਪਤਨੀ ਜੱਸ ਵੀ ਖੜ੍ਹੀ ਸੀ ਅਤੇ ਹੈਰਾਨੀ ਦੀ ਗੱਲ, ਹੋਰ ਗੁਆਂਢਣਾਂ ਵੀ ਆ ਰਹੀਆਂ ਸਨ।

ਮੈਂ ਚੋਰ ਅੱਖ ਜਾਇਜ਼ਾ ਲਿਆ। ਮੇਰੇ ਨੇੜੇ ਹੀ ਕੱਚੇ ਓਟੇ ਨਾਲ ਡੱਗੀ ਵਾਲੇ ਦਾ ਖ਼ਸਤਾਹਾਲ ਸਾਈਕਲ ਖੜ੍ਹਾ ਸੀ। ਗਾਂਢ੍ਹਾ ਲੱਗਾ ਫਰੇਮ, ਟੁੱਟੀ ਕਾਠੀ ਜਿਸ ਤੇ ਤੀਹਰਾ ਚੌਹਰਾ ਕੱਪੜਾ ਲਪੇਟਿਆ ਗਿਆ ਸੀ। ਬਿਨਾਂ ਮਡਗਾਡ ਤੋਂ ਅਗਲਾ ਪਹੀਆ। ਸ਼ਾਇਦ ਬਰੇਕ ਨਾ ਹੋਣ ਕਾਰਨ ਉਹ ਪੱਬ ਫਸਾ ਕੇ ਸਾਈਕਲ ਰੋਕਦਾ ਹੋਵੇ। ਪੈਡਲਾਂ ਦੀਆਂ ਘਸੀਆਂ

ਕਿੱਲੀਆਂ ਦੇਖ ਕੇ ਤਾਂ ਮੈਂ ਕੰਬ ਗਿਆ। ਤਿਲਕਣੀਆਂ ਕਿੱਲੀਆਂ ਤੇ ਪੈਰ ਰੱਖ ਕੇ ਕਿਵੇਂ ਸਾਈਕਲ 'ਤੇ ਚੜ੍ਹਦਾ ਹੋਵੇਗਾ? ਪੈਰ ਤਿਲਕ ਜਾਣ ਦੀ ਸੂਰਤ ਵਿਚ ਕਿੱਲੀ ਦੀ ਘਸੀ ਹੋਈ ਤਿੱਖੀ ਨੋਕ ਤਾਂ ਲੱਤ ਪਾੜ ਸਕਦੀ ਸੀ। ਮੇਰੇ ਧੁਰ ਅੰਦਰ ਕਿਤੇ ਪੀੜ ਹੋਈ।

ਤੀਵੀਆਂ ਦਾ 'ਕੋਈ ਹੋਰ ਵਿਖਾ' ਦਾ ਰੌਲਾ ਉਹਦੀ ਸਾਰੀ ਬਜਾਜੀ ਖੁੱਲ੍ਹਵਾ ਚੁੱਕਾ ਸੀ। ਭੁੰਇ ਤੇ ਬੈਠਾ ਉਹ ਉਪਰ ਨੂੰ ਮੂੰਹ ਕਰੀ ਬੜੀ ਆਜਜ਼ੀ ਨਾਲ ਗਾਹਕਾਂ ਦੇ ਚਿਹਰੇ ਦੇਖ ਰਿਹਾ ਸੀ। ਮੈਂ ਦੇਖਿਆ, ਉਹਦੇ ਦੇਰ ਦੇ ਕਤਰੇ ਹੋਏ ਵਾਲ ਰੁੱਖੇ ਸਨ। ਗਲ ਪਾਇਆ ਸਵੈਟਰ, ਮੈਲੀ ਅਤੇ ਭੱਦੀ ਦਿੱਖ ਵਾਲਾ ਸੀ। ਉਸਦੀ ਸ਼ੋਹਦੀ ਜਿਹੀ ਸ਼ਕਲ ਦੇਖ ਕਿਸੇ ਨੂੰ ਵੀ ਤਰਸ ਆ ਸਕਦਾ ਸੀ।

ਉੱਖੜ ਕੇ ਮੈਂ ਉਹਦਾ ਸਾਈਕਲ ਫਿਰ ਦੇਖਣ ਲੱਗਾ। ਪਿਛਲਾ ਚੱਕਾ ਡਬਲ ਤਾਰਾਂ ਵਾਲਾ ਦੇਖ ਤਾਂ ਮੈਂ ਸੋਚਦਾ ਹੀ ਰਹਿ ਗਿਆ। ਬਜਾਜੀ ਦਾ ਕਿਤਨਾ ਕੁ ਜ਼ਿਆਦਾ ਵਜ਼ਨ ਹੋਵੇਗਾ ਕਿ ਉਹਨੂੰ ਗੱਡੇ ਵਾਂਗ ਭਾਰਾ ਸਾਈਕਲ ਖਿੱਚ ਕੇ ਪਿੰਡਾਂ ਦੀ ਖੇਹ ਫੱਕਣੀ ਪੈ ਰਹੀ ਸੀ। ਹਾਲਾਂ ਕਿ ਉਹ ਤੀਵੀਆਂ ਦੇ ਝੁਰਮਟ ਵਿਚ ਘਿਰਿਆ ਹੋਣ ਕਾਰਨ ਪੂਰੀ ਤਰ੍ਹਾਂ ਦਿੱਸ ਨਹੀਂ ਸੀ ਰਿਹਾ, ਅਤੇ ਨਾ ਹੀ ਮੈਂ ਉਸਦੀ ਮਾਨਸਿਕ ਹਾਲਤ ਦਾ ਸਹੀ ਅੰਦਾਜ਼ਾ ਹੀ ਲਗਾ ਸਕਦਾ ਸਾਂ; ਫਿਰ ਵੀ ਮੈਂ ਉਸ ਪ੍ਰਤਿ ਤਰਸ ਨਾਲ ਭਰ ਗਿਆ।

ਆਦਤ ਅਨੁਸਾਰ, ਤੀਵੀਆਂ ਕੱਪੜਾ ਫੜਦੀਆਂ, ਉਂਗਲਾਂ ਵਿਚ ਮਸਲਦੀਆਂ, ਬੁੱਲ੍ਹ ਟੇਰਦੀਆਂ, ਇਕ ਦੂਜੀ ਵੱਲ ਦੇਖ, ਐਵੇਂ ਐ, ਪਰੌਲੈ, ਨਿਰਾ ਜੁੱਬੜ, ਐਹੋ ਜਿਆਂ ਨੂੰ ਕਿਹੜਾ ਪੁਛਦੈ? ਕਹਿ ਕੇ ਲੀੜਾ ਥੱਲੇ ਸਿਟ ਦਿੰਦੀਆਂ ਤੇ ਕੋਈ ਦੂਜਾ ਚੱਕ ਲੈਂਦੀਆਂ। ਦਿਲ ਕੀਤਾ ਕਹਾਂ, ਕਿਉਂ ਕੁਤਨਿਆਂ ਤੋਂ ਮੁਰਾਦਾਂ ਭਾਲਦੈਂ, ਕੋਈ ਲੈਣ ਵਾਲੀ ਦੀਹਦੀ ਐ ਤੈਨੂੰ, ਜਾਹ ਟੈਮ ਨਾ ਖ਼ਰਾਬ ਕਰ ਆਬਦਾ...। ਪਰ ਜੱਸ ਦੇ ਸਾਮ੍ਹਣੇ ਇਹ ਕਹਿਣ ਦੀ ਮੇਰੀ ਹਿੰਮਤ ਨਹੀਂ ਸੀ।

ਮੈਂ ਸੁਣਿਆ, ਡੱਗੀ ਵਾਲਾ ਅੱਕਣ ਦੀ ਥਾਂ ਬਹੁਤ ਹਲੀਮੀ ਅਤੇ ਆਜਜ਼ੀ ਨਾਲ ਜੱਸ ਨੂੰ ਆਖ ਰਿਹਾ ਸੀ।

"ਬੀਬੀ ਜੀ, ਤੁਸੀਂ ਤਾਂ ਰੋਜ਼ ਖ਼ਰੀਦਦੇ ਓ; ਤੁਹਾਨੂੰ ਕੋਈ ਭੁੱਲ ਐ... ਬੋਹਣੀ ਵੇਲੈ, ਜੋ ਕਹੋਗੇ ਲਾ ਦਿਆਂ ਗੇ।"

"ਨਹੀਂ ਬੀਰ, ਤੇਰੇ ਨਾਲ ਭਾਅ ਨੀ ਬਣਨਾ... ਕਰ ਲੈ ਕੱਠੀ।"

ਜੱਸ ਨੇ ਉਹਨੂੰ ਪੈਰੋਂ ਕੱਢਿਆ।

"ਪਰ ਜੀ ਪਸੰਦ ਤਾਂ ਕਰੋ... ਤਦੇ ਬਣੂ ਭਾਅ..."

"ਨਹੀਂ ਬੀਰ। ਤੈਥੋਂ ਕਦੇ ਕੱਪੜਾ ਲਿਆ ਨਹੀਂ; ਇਸ ਲਈ ਭਾਅ ਬਣਨਾ ਈ ਨੀਂ।" ਜੱਸ ਆਪਣਾ ਪੈਂਤੜਾ ਖੇਡ ਰਹੀ ਸੀ।

"ਜੀ ਪਹਿਲੀ ਵੇਰ ਏ, ਤਾਂ ਕੀ ਹੋਇਆ... ਘਰੋਂ ਵੇਚਣ ਲਈ ਤੁਰੇ ਆਂ... ਘਰ ਰੱਖਣ ਲਈ ਤਾਂ ਆਏ ਨਹੀਂ।"



"ਕੋਈ ਨੀ ਅਗਲੀ ਵੇਰ ਕੋਈ ਚੱਜ ਦਾ ਲਿਆਈਂ, ਜ਼ਰੂਰ ਲਵਾਂਗੇ।" ਮੈਂ ਜਾਣਦਾ ਸਾਂ ਜੱਸ ਦੀ ਇਹ ਖ਼ੂਬੀ ਸੀ ਕਿ ਉਹ ਦੁਕਾਨਦਾਰ ਨੂੰ ਭਿਣਕ ਹੀ ਨਹੀਂ ਸੀ ਪੈਣ ਦਿੰਦੀ ਕਿ ਉਹ ਕੀ ਖ਼ਰੀਦਣਾ ਚਾਹੁੰਦੀ ਸੀ। ਉਹਦੀ ਧਾਰਨਾ ਸੀ ਕਿ ਜੇਕਰ ਦੁਕਾਨਦਾਰ ਨੂੰ ਪਤਾ ਲੱਗ ਜਾਵੇ ਕਿ ਗਾਹਕ ਦੀ ਕੀ ਪਸੰਦ ਹੈ? ਤਾਂ ਉਹ ਉਸਦਾ ਭਾਅ ਵਧਾਅ ਕੇ ਦੱਸਦੇ ਹਨ, ਕਿ ਗਾਹਕ ਲੈਣ ਦਾ ਮਨ ਤਾਂ ਬਣਾ ਹੀ ਚੁੱਕਾ ਹੈ।

ਇਕ ਗੁਆਂਢਣ ਦੇ ਹੱਥ ਵਿਚ ਫੜੇ ਸ਼ਾਲਾਂ ਦੇ ਜੋੜੇ ਨੂੰ ਇਕ ਨਜ਼ਰ ਉਲਟ-ਪੁਲਟ ਦੇਖ, ਜਦੋਂ ਜੱਸ ਨੇ ਇਹ ਕਹਿੰਦੇ ਉਹਦੇ ਹੱਥੋਂ ਖੋਹੇ ਕਿ "ਸਿੱਟ ਪਰ੍ਹੇ ਕੂੜੇ ਨੂੰ" ਤਾਂ ਮੈਂ ਪੱਕ ਕਰ ਲਿਆ ਕਿ ਜੱਸ ਨੂੰ ਸ਼ਾਲ ਪਸੰਦ ਸਨ।

"ਦਸੋ ਭੈਣ ਜੀ ਕੀ ਦਿਆਂ?" ਡੱਗੀ ਵਾਲੇ ਤਰਲਾ ਲਿਆ।

"ਐਵੇਂ ਪੈਸੇ ਬਰਬਾਦ ਕਰਨ ਵਾਲੀ ਗੱਲ ਐ... ਕੋਈ ਜਚਿਆ ਤਾਂ ਹੈ ਨੀ...।" ਜੱਸ ਹਉਕਾ ਲਿਆ।

"ਚਲੋ ਬੋਹਣੀ ਤਾਂ ਕਰਾਓ, ਵਧੀਆ ਤੋਂ ਵਧੀਆ ਡੀਜ਼ਾਈਨ ਤੁਹਾਡੇ ਸਾਮ੍ਹਣੇ ਨੇ...।"

"ਅੱਛਾ ਐਸ ਜੋੜੇ ਦਾ ਦੱਸ, ਠੀਕ-ਠੀਕ... ਵੈਸੇ ਹੈ ਤਾਂ ਪਰੌਲਾ ਹੀ।"

ਮੇਰੀ ਗੱਲ ਠੀਕ ਨਿਕਲੀ। ਮੈਂ ਧਿਆਨ ਨਾਲ ਸੁਣਨ ਅਤੇ ਦੇਖਣ ਲੱਗਾ।

"ਅੱਛਾ ਐਹ? ਇਹ ਤਾਂ ਵਧੀਆ ਮਾਲ ਏ ਜੀ, ਪਿਓਰ ਵੂਲ...। ਬਿਲਕੁਲ ਫਰੈਸ਼... ਨਵਾਂ ਡਿਜ਼ਾਇਨ...।"

"ਦੇਣੇ ਐ ਤਾਂ ਭਾਅ ਦੱਸ...।"

"ਇਹ ਚਾਰ ਜੋੜੇ ਨੇ ਜੀ ਨਵਾਂ ਮਾਲ, ਇਕੋ ਰੇਟ।"

"ਨਵੇਂ ਨੂੰ ਕੀ ਇਹ ਸਬਜ਼ੀ ਭਾਜੀ ਐ ਬਈ ਬਹੀ ਹੋ ਜੂ...।"

ਇਕ ਪਲ ਡੱਗੀ ਵਾਲੇ ਨੇ ਚੁਫ਼ੇਰੇ ਦੀ ਭੀੜ ਵੱਲ ਦੇਖਿਆ ਅਤੇ ਬਿਨਾਂ ਕੁਝ ਕਹੇ, ਪਸੰਦ ਕੀਤੇ ਸ਼ਾਲਾਂ ਦੀ ਤਹਿ ਲਾਉਣ ਲੱਗਾ।

"ਜੋ ਮਰਜ਼ੀ ਦਿਉ, ਬੋਹਣੀ ਦਾ ਵੇਲੈ... ਗਾਹਕ ਬਣਾਉਣ ਵਾਲੀ ਗੱਲ ਐ।"

"ਪਰ ਮੁੱਲ ਤਾਂ ਦੱਸ..."

"ਦੱਸੋ ਕਿੰਨੇ ਲੈਣੇ ਐ?"

"ਕਿੰਨੇ ਕੀ ਪੰਡ ਬੰਨ੍ਹਣੀ ਐ? ਤੂੰ ਇੱਕ ਦਾ ਦੱਸ।"

"ਭਾਅ ਹੁੰਦੇ ਭੈਣ ਜੀ ਦਿਨ ਦਾ...। ਬੋਹਣੀ ਵੇਲੇ ਤਾਂ ਜੋ ਵਟਿਆ... ਉਹੋ ਖੱਟਿਆ। ਏਹ ਕਸ਼ਮੀਰੀ ਪਸ਼ਮੀਨੇ ਲਉ ਗੇ ਤਾਂ ਯਾਦ ਕਰੋਗੇ ਬਈ ਕਿਆ ਚੀਜ਼ ਦੇ ਕੇ ਗਿਆ।"

"ਚਲ ਛੱਡ ਭੈਣ ਜੀ, ਜਦ ਏਹਦਾ ਗਾਹਾ ਈ ਨਹੀਂ।"

ਕਿਸੇ ਹੋਰ ਕਿਹਾ। ਜਿਉਂ ਹੀ ਜੱਸ ਮੁੜੀ, ਉਸ ਕਿਹਾ।

"ਲਉ ਜੀ ਸੌ ਦੀ ਇੱਕ, ਦੋ ਸੌ ਅੱਸੀਆਂ ਦਾ ਜੋੜਾ... ਨਹੀਂ ਜੀ ਇੱਕ...। ਪੰਜ ਸੌ ਸੱਠਾਂ ਦਾ ਜੋੜਾ। ਦੋ ਸੌ ਅੱਸੀ ਤਾਂ ਮੂੰਹ 'ਚੋਂ ਨਿਕਲ ਗਿਆ।" ਉਹ ਖਿਸਿਆਇਆ।

ਮੇਰੀ ਖਾਨਿਉਂ ਗਈ। ਮੂਰਖ ਕੀ ਕਰ ਬੈਠਾ।

"ਨਹੀਂ ਭਾਈ, ਜੋੜਾ ਕਿਹਾ ਤਾਂ ਜੋੜਾ।" ਕਈਆਂ ਇਕੋ ਵਾਰਗੀ ਕਿਹਾ।

"ਇਕ ਕਿਉਂ? ਹਾਲੇ ਕੱਲ੍ਹ ਸਾਡੀ ਗੁਆਂਢਣ ਲਿਆਈ ਇਹਤੋਂ ਵਧੀਆ ਤਿੰਨ ਸੌ ਦੇ ਦੋ...।" ਕਿਸੇ ਹੋਰ ਕਿਹਾ। ਇਸ ਤੋਂ ਪਹਿਲਾਂ ਕਿ ਫੇਰੀ ਵਾਲਾ ਸ਼ਾਲਾਂ ਨੂੰ ਸਮੇਟਦਾ, ਜੱਸ ਸਮੇਤ ਚਾਰੇ ਜੋੜੇ ਵੱਖ-ਵੱਖ ਤੀਵੀਆਂ ਨੇ ਹੱਥਾਂ 'ਚ ਫੜ ਲਏ।

"ਨਹੀਂ ਐਂ ਗਰੀਬ ਮਾਰ ਨਾ ਕਰੋ... ਸਹੁੰ ਮਾਹਾਰਾਜ ਦੀ ਹੱਥ 'ਚ ਰਿਜਕ ਐ ਮੇਰੇ ਮੂੰਹ ਨਿਕਲ ਗਿਆ।" ਉਹਨੇਂ ਗਜ਼ ਫੜ ਕੇ ਸਾਰਿਆਂ ਨੂੰ ਦਿਖਾਇਆ।

ਉਹਨੂੰ ਤਰਲੇ ਲੈਂਦਿਆਂ ਦੇਖ ਮੇਰਾ ਮਨ ਭਰ ਆਇਆ। ਗਲਤੀ ਦੀ ਸਜ਼ਾ ਇਹ ਤਾਂ ਨਹੀਂ ਸੀ ਕਿ ਅੱਧੇ ਭਾਅ ਚੀਜ਼ ਲੈ ਲਉ।

"ਦੇਖ ਬੀਰ ਸੌਦਾ ਹੁੰਦੇ ਜ਼ੁਬਾਨ ਦਾ...। ਤੂੰ ਆਪਣੇ ਮੂੰਹੋ ਕਿਹਾ। ਫਿਰ ਤੇਰੇ ਚਾਰ ਜੋੜੇ ਵਿਕ ਗਏ।" ਜੱਸ ਆਖ ਰਹੀ ਸੀ।

ਬਾਕੀ ਤੀਵੀਆਂ ਵੀ ਪੈਸੇ ਲੈਣ ਖਿੰਡ ਕਰ ਗਈਆਂ।

ਝੱਗੀ ਵਾਲਾ ਫੇਰੀ ਵਾਹੀ ਸੁੰਨੀਆਂ ਅੱਖਾਂ ਨਾਲ ਖਿੱਲਰੀ ਬਜਾਜੀ ਵੱਲ ਵੇਖ ਰਿਹਾ ਸੀ। ਜੱਸ ਵੀ ਪੈਸੇ ਲੈਣ ਅੰਦਰ ਚਲੀ ਗਈ। ਕੇਵਲ ਦੋ ਕੁ ਔਰਤਾਂ ਕੱਪੜੇ ਉਲਟ ਪੁਲਟ ਕੇ ਦੇਖ ਰਹੀਆਂ ਸਨ।

ਹੁਣ ਮੈਂ ਉਹਨੂੰ ਪੂਰੇ ਧਿਆਨ ਨਾਲ ਦੇਖਿਆ।

ਉਹਦੇ ਰੁੱਖੇ ਵਾਲ ਹੋਰ ਜਟੂਰੀਆਂ ਹੋ ਗਏ ਲਗਦੇ ਸਨ। ਕੱਪੜੇ ਵੀ ਹੋਰ ਮੈਲੇ ਹੋ ਗਏ ਦਿੱਸਣ ਲੱਗੇ ਸਨ। ਉਹਦੇ ਪਜਾਮੇ ਦਾ ਸੱਜਾ ਪਹੁੰਚਾ ਸਾਈਕਲ ਦੀ ਚੇਨ ਨੇ ਚਿੱਥ ਦਿੱਤਾ ਹੋਇਆ ਸੀ ਅਤੇ ਪੈਰਾਂ ਵਿਚ ਅੜਾਈ ਹਵਾਈ ਚੱਪਲ ਦੇ ਅੱਡੀਆਂ ਵੱਲ ਦੇ ਤਲੇ ਇਤਨੇ ਘਸ ਚੁੱਕੇ ਸਨ ਕਿ ਅੱਡੀਆਂ ਭੁੰਇ ਨਾਲ ਛੋਹਣ ਕਾਰਨ ਬਿਆਈਆਂ ਪਾਟ ਗਈਆਂ ਦਿੱਸਦੀਆਂ ਸਨ।

ਮੈਂ ਮਨ ਹੀ ਮਨ ਫ਼ੈਸਲਾ ਕੀਤਾ ਕਿ ਮੈਂ ਇਹ ਧੱਕਾ ਨਹੀਂ ਹੋਣ ਦਿਆਂ ਗਾ।

ਕੱਪੜੇ ਉਲਟ-ਪੁਲਟ ਕੇ ਦੇਖ ਰਹੀਆਂ ਤੀਵੀਆਂ 'ਚੋਂ ਇਕ ਨੇ ਕਿਸੇ ਕੱਪੜੇ ਦਾ ਭਾਅ ਪੁੱਛਿਆ ਤਾਂ ਉਸ ਬੈਠੇ ਬੈਠੇ ਬਿਨਾਂ ਕੱਪੜੇ ਅਤੇ ਤੀਵੀਂ ਵੱਲ ਦੇਖੇ ਹੱਥ ਜੋੜੇ।

"ਨਹੀਂ ਭੈਣ ਜੀ! ਮੈਂ ਕੁਝ ਨਹੀਂ ਵੇਚਣਾ। ਇਹ ਕੋਈ ਅਨਸਾਫ਼ ਐ ਬਈ ਮੂੰਹ ਨਿਕਲ ਗਿਆ ਤਾਂ ਗੱਡ ਨਾਲ ਕੱਟਾ ਬੰਨ੍ਹ ਦਿਉ...। ਐਡੀ ਦੂਰੋਂ ਚੱਲ ਕੇ ਆਏ ਆਂ... ਸਾਨੂੰ ਵੀ ਢਿੱਡ ਲੱਗੇ। ਇਹ ਤਾਂ ਨਿਰਾ ਧੱਕੇ... ਤੁਸੀਂ ਵੇਖ ਹੀ ਲਿਐ।"

"ਚੱਲ ਉਹਨਾਂ ਦੀ ਓਹਨਾਂ ਨਾਲ, ਤੂੰ ਐਸ ਚੱਦਰ ਦਾ ਦੱਸ।"

"ਐਵੇਂ ਈ ਲੈ ਜਾਉ ਭੈਣ ਜੀ, ਹੁਣ ਕੀ ਦੱਸਾਂ ਮੈਂ।"



"ਫਿਰ ਵੀ..."

"ਆਪਣੀ ਮਰਜ਼ੀ ਕਰੋ, ਜੋ ਦੇਣੇ ਦਿਉ..."

"ਲੈ ਚੀਜ਼ ਤੇਰੀ ਭਾਅ ਤੇਰਾ, ਮੈਂ ਤੇ ਕਹਿੰਦੀ ਆਂ ਮੁਖ਼ਤ ਦੇ ਜਾ।" ਤੀਵੀਂ ਦੂਜੀ ਨੂੰ ਨਾਲ ਲੈ ਕੇ ਹੱਸਣ ਲੱਗੀ।

"ਵੇ ਸਾਰੀ ਬਜਾਜੀ ਲਉ... ਟੰਟਾ ਮੁਕਾਓ...।"

ਮੈਨੂੰ ਲੱਗਾ ਉਹ ਰੋ ਪਵੇਗਾ।

"ਦੋ ਸੌ ਦਿਆਂ ਜੋੜੇ ਦਾ...?" ਤੀਵੀਂ ਕਿਹਾ।

"ਚਹੇਡਾਂ ਕਰਦੇ ਓ ਭੈਣ ਜੀ... ਭਲਾ ਸੌ ਦੀ ਮਿਲਦੀ ਏ ਕਿਤੋਂ?"

"ਫਿਰ ਤੂੰ ਹੀ ਦੱਸ..."

"ਘੱਟੋ ਘੱਟ ਤਿੰਨ ਸੌ ਦਾ ਜੋੜਾ, ਉਹ ਵੀ ਬੋਹਣੀ ਵੇਲੇ ਤਾਂ...।"

"ਚਲ ਨਾ ਤੇਰਾ ਨਾ ਮੇਰਾ... ਢਾਈ ਸੌ...। ਫੇਰ ਕਦੇ ਆਇਆ ਤਾਂ ਕੱਢ ਲਈ ਕਸਰ।"

ਇਸ ਤੋਂ ਪਹਿਲਾਂ ਕਿ ਉਹ ਕੁਝ ਹੋਰ ਬੋਲਦਾ। ਤੀਵੀਂ ਚੱਦਰਾਂ ਦਾ ਜੋੜਾ ਚੁੱਕ ਲਿਆ। ਤਦੇ ਸ਼ਾਲਾਂ ਵਾਲੀਆਂ ਵੀ ਅੱਗੜ ਪਿੱਛੜ ਪੈਸੇ ਲੈ ਕੇ ਆ ਖੜ੍ਹੀਆਂ।

ਉਹ ਫਿਰ ਲਿੱਲ੍ਹਕੜੀਆਂ ਲੈਣ ਲੱਗਾ। ਪਰ ਜੱਸ ਸਮੇਤ ਸ਼ਾਲਾਂ ਵਾਲੀਆਂ ਤੀਵੀਆਂ ਨੇ ਧੱਕੇ ਨਾਲ ਉਹਦੇ ਹੱਥ 'ਚ ਪੈਸੇ ਦੇਣ ਦੀ ਕੋਸ਼ਿਸ਼ ਕੀਤੀ; ਪਰ ਉਹਨੇ ਪੈਸੇ ਫੜੇ ਨਹੀਂ। ਅਗਲੇ ਪਲ ਉਹ ਬਜਾਜੀ ਤੇ ਹੀ ਪੈਸੇ ਰੱਖ ਅਹੁ ਗਈਆਂ, ਅਹੁ ਗਈਆਂ।

ਮੈਂ ਦੇਖਿਆ, ਉਹਨੇਂ ਬਿਲਕੁਲ ਮੋਏ ਹੋਏ ਹੱਥਾਂ ਬਜਾਜੀ ਦੀ ਗੰਢ ਸਮੇਟੀ, ਸਾਈਕਲ ਸਟੈਂਡ 'ਤੇ ਲਾਇਆ ਅਤੇ ਬਜਾਜੀ ਦੀ ਭਾਰੀ ਗੰਢ ਸਾਈਕਲ ਦੇ ਕੈਰੀਅਰ 'ਤੇ ਟਿਊਬ ਨਾਲ ਕੱਸੀ ਅਤੇ ਗਜ਼ ਨੂੰ ਸਾਈਕਲ ਦੇ ਫ਼ਰੇਮ ਵਿਚ ਟੁੰਗਿਆ। ਫਿਰ ਉਸ ਅਣਮੰਨੇ ਜਿਹੇ ਮਨ ਪੈਸੇ ਚੁੱਕ ਕੇ ਗਿਣੇ। ਇਕ ਲੰਮਾ ਹਉਕਾ ਲਿਆ ਅਤੇ ਛਾਤੀ 'ਤੇ ਲੱਗੀ ਜੇਬ ਵਿਚ ਤੁੰਨ ਲਏ।

ਬਹੁਤ ਥੱਕੀ ਹੋਈ ਤੋਰ ਨਾਲ ਉਹ ਨਲਕੇ ਵੱਲ ਗਿਆ। ਗੇੜ ਕੇ ਪਾਣੀ ਪੀਤਾ। ਝੱਗੇ ਦੇ ਮੂਹਰਲੇ ਪੱਲੇ ਨਾਲ ਮੂੰਹ ਪੂੰਝਿਆ, ਅਤੇ ਬਿਨਾਂ ਮੇਰੇ ਵੱਲ ਵੇਖੇ, ਸਾਈਕਲ ਵੱਲ ਅਹੁਲਿਆ। ਇਸ ਤੋਂ ਪਹਿਲਾਂ ਕਿ ਉਹ ਵਿਹੜਾ ਪਾਰ ਕਰਦਾ। ਜੱਸ ਫਿਰ ਉਹਦੇ ਨੇੜੇ ਆਈ।

"ਦੇਖ ਲੈ ਵੀਰਾ! ਚਾਰ ਜੋੜੇ ਵਿਕਾ ਤੇ ਮਿੰਟਾਂ 'ਚ...।"

ਮੈਨੂੰ ਲੱਗਾ, ਉਹ ਜ਼ਖ਼ਮਾਂ 'ਤੇ ਲੂਣ ਛਿੜਕ ਰਹੀ ਸੀ।

"ਵੀਹ ਸਾਲ ਹੋ ਗਏ ਬੀਬੀ ਜੀ ਕੱਪੜਾ ਵੇਚਦਿਆਂ। ਨਾ ਕਦੇ ਏਸ ਤਰ੍ਹਾਂ ਭੁੱਲ ਹੋਈ। ਨਾ ਕਦੇ ਧੱਕਾ ਹੋਇਆ।"

ਮੈਂ ਚਾਹੁੰਦਾ ਸੀ ਉਹ ਪੈਸੇ ਵਗਾਹ ਕੇ ਜੱਸ ਦੇ ਮੂੰਹ ਤੇ ਮਾਰੇ। ਪਰ ਉਸ ਨੀਵੀਂ ਪਾ ਲਈ।

"ਕੋਈ ਨਾ ਬੀਰ ! ਅਗਲੀ ਫੇਰੀ ਕੱਢ ਲੀਂ ਕਸਰ।"

ਖੜ੍ਹਾ-ਖੜ੍ਹਾ ਮੈਂ ਜੱਸ ਲਈ ਰੰਜ ਨਾਲ ਭਰ ਗਿਆ। ਨਾ ਇਹ ਸਿਆਣਪ ਸੀ। ਨਾ ਚਲਾਕੀ। ਸਿੱਧੀ ਕਿਸੇ ਗਰੀਬ ਲਈ ਭੁੱਲ ਦੀ ਸਜ਼ਾ ਸੀ।

ਮੇਰਾ ਮਨ ਰੰਜ ਨਾਲ ਇਤਨਾ ਭਰ ਗਿਆ ਕਿ ਮੈਂ ਬਿਨਾਂ ਜੱਸ ਨੂੰ ਕੁਝ ਕਹੇ ਖੇਤਾਂ ਵੱਲ ਚਲਾ ਗਿਆ।

ਭਾਅ ਥੋੜ੍ਹਾ ਬਹੁਤ ਤਾਂ ਹੇਠਾਂ ਉੱਤੇ ਕਰਨਾਂ ਸਮਝ ਵਿਚ ਆਉਂਦਾ ਸੀ। ਕੋਈ ਭੁੱਲ ਕੇ ਦੱਸੀ ਚੀਜ਼ ਅੱਧੇ ਮੁੱਲ ਤੇ ਧੱਕੇ ਨਾਲ ਲੈ ਲਵੇ, ਇਸ ਬੇ-ਇਨਸਾਫ਼ੀ ਦਾ ਮੇਰੇ ਮਨ 'ਤੇ ਗਹਿਰਾ ਅਸਰ ਹੋਇਆ। ਖੇਤਾਂ ਵਿਚ ਵੀ ਮਨ ਨਾ ਲੱਗਾ ਤਾਂ ਸੱਥ ਵਿਚ ਆ ਗਿਹਾ। ਪੋਹ ਦੇ ਠੱਕੇ ਕਾਰਨ ਹਾਲੇ ਕੋਈ ਸੱਥ ਵਿਚ ਆਇਆ ਨਹੀਂ ਸੀ। ਅਚਾਨਕ ਮੇਰੀ ਨਜ਼ਰ ਉਸ ਡੱਗੀ ਵਾਲੇ 'ਤੇ ਪਈ। ਉਹ ਬਿਰਜੂ ਬਾਣੀਏ ਦੀ ਹੱਟੀ ਤੇ ਖੜ੍ਹਾ ਸੀ। ਜੀ 'ਚ ਆਈ, ਕਿਉਂ ਨਾ ਉਸ ਨਾਲ ਹਮਦਰਦੀ ਸਾਂਝੀ ਕਰਾਂ, ਅਤੇ ਅੱਧੇ ਅੱਧ ਪਏ ਘਾਟੇ ਬਦਲੇ ਕੁਝ ਆਰਥਕ ਮਦਦ ਕਰਾਂ। ਉਹਦੇ ਨਾਲ ਕੋਈ ਸਿਲਵਰ ਦੇ ਭਾਂਡੇ ਵੇਚਣ ਵਾਲਾ ਵੀ ਸਾਈਕਲ ਲੈਂਦੀ ਖੜ੍ਹਾ ਸੀ। ਦੋਹਾਂ ਨੇ ਆਪਣੇ ਆਪਣੇ ਸਾਈਕਲ ਹੱਟੀ ਦੇ ਸਾਮ੍ਹਣੀ ਕੰਧ ਦੀ ਟੇਕ ਨਾਲ ਖੜ੍ਹੇ ਕੀਤੇ ਹੋਏ ਸਨ।

ਮੈਂ ਨੇੜੇ ਆਇਆ ਤਾਂ ਡੱਗੀ ਵਾਲਾ ਬਿਰਜੂ ਦੀ ਹੱਟੀ 'ਚ ਖੜ੍ਹਾ ਪੁੱਛ ਰਿਹਾ ਸੀ।

"ਗੋਲਡ ਫਲੈਕ ਸਿਗਟ ਹੈ ਲਾਲਾ ਜੀ !"

"ਨਾ ਜੀ ! ਬੀੜੀਆਂ ਨੇ, ਜਾਂ ਲੰਪ ਐ...।"

"ਕੋਈ ਵਧੀਆ ਚੀਜ਼ ਖਾਣ ਨੂੰ।"

"ਨੁਗਦੀ ਐ ਜੀ ਗੁੜ ਦੀ...।"

"ਹੱਦ ਹੋ ਗੀ ਲਾਲਾ ਜੀ, ਕੋਈ ਪੇਸਟਰੀ ਪੁਸਟਰੀ ਰੱਖਿਆ ਕਰੋ ਵਧੀਆ ਜੀ ਖਾਣ ਨੂੰ...।"

"ਪਿੰਡ ਐ ਜੀ ! ਅਈਥੇ ਨੀ ਐਹਾ ਜਾ ਕੁਝ ਬਿਕਦਾ।"

"ਬਿਕਦਾ ਕਿਉਂ ਨਹੀਂ, ਵੇਚਣ ਦੀ ਜਾਚ ਆਉਣੀ ਚਾਹੀਦੀ ਐ।"

"ਕੀ ਗੱਲ ਬਾਊ, ਕੋਈ ਮਾਰੀ ਆ ਸਾਮੀ ਸਵੇਰੇ ਸਵੇਰੇ।" ਭਾਂਡਿਆਂ ਵਾਲੇ ਨੇ ਡੱਗੀ ਵਾਲੇ ਨੂੰ ਪੁੱਛਿਆ।

"ਪੁੱਛ ਨਾ... ਚਾਰ, ਇੱਕ ਇੱਕ ਜੋੜਾ ਸ਼ਾਲਾਂ ਦੀਆਂ। ਅੱਠ ਚੇਪ ਦਿੱਤੇ ਭਾਅ।"

ਸੁਣ ਕੇ ਮੇਰਾ ਹੇਠਲਾ ਸਾਹ ਹੇਠਾਂ, ਅਤੇ ਉਤਲਾ ਉੱਤੇ ਰਹਿ ਗਿਆ। ਖਲੋ ਖਲੋਤੇ ਮੈਨੂੰ ਘੇਰਨੀ ਆਈ। ਮੈਂ ਹੱਟੀ ਦੀ ਬਾਹਰਲੀ ਥੜ੍ਹੀ ਤੇ ਹੀ ਢੇਰੀ ਹੋ ਗਿਆ।

ਮੈਨੂੰ ਲੱਗਾ ਮੇਰੀ ਹਾਲਤ ਉਸ ਖ਼ਰਬੂਜ਼ੇ ਵਰਗੀ ਸੀ ਜੋ ਹੁਣੇ ਹੁਣੇ ਚਾਕੂ ਦੀ ਨੋਕ ਤੇ ਡਿੱਗਾ ਸੀ।

•



## ਬੀਜ

ਕਰਤਾਰ ਸਿਹੁੰ ਖੋਜੀ ਜਿਹੜਾ ਵਾਹ ਲੱਗਦੇ ਆਪਣਾ ਤਕੀਆ ਕਲਾਮ, 'ਰੱਬ ਨਾ ਮਾਰੇ ਬਾਊ, ਨਹੀਂ ਬੰਦਾ ਕੀ ਚੀਜ਼ ਐ' ਬੋਲਣੋਂ ਭੁੱਲਦਾ ਨਹੀਂ ਸੀ। ਅੱਜ ਸਵੇਰ ਤੋਂ ਚੁੱਪ ਸੀ।

ਮਹਿਰਿਆਂ ਨੇ ਵਿਆਹ ਦੇ ਪਕਵਾਨਾਂ ਲਈ ਤਾਈਆਂ ਭੱਠੀਆਂ ਸੀਤ ਕਰ ਦਿੱਤੀਆਂ ਸਨ; ਅਤੇ ਨੌਜਵਾਨਾਂ ਨੇ ਜੰਞ ਲਈ ਕੱਠੇ ਕੀਤੇ ਜਾਣ ਵਾਲੇ ਮੰਜੇ ਬਿਸਤਰੇ ਅਧਵਾਟੇ ਰੋਕ ਦਿੱਤੇ ਸਨ।

ਪੂਰੇ ਇਲਾਕੇ ਵਿਚ ਕਰਤਾਰ ਸਿਹੁ ਦਾ ਨਾਂ ਸੀ; ਪਰ ਅੱਜ ਉਹਦੇ ਲੱਥੇ ਮੂੰਹ ਵੱਲ ਦੇਖਦੇ ਰੱਚ ਭਰ ਆਉਂਦਾ ਸੀ। ਜਿਉਂ ਜਿਉਂ ਸਮਾਂ ਬੀਤ ਰਿਹਾ ਸੀ, ਪਿੰਡ ਵਿਚ ਪੱਸਰੀ ਸਿਵਿਆਂ ਜਿਹੀ ਚੁੱਪ ਸਭ ਦੇ ਦਿਲਾਂ 'ਚ ਰੇਤ ਦੀ ਭਲ ਵਾਂਗ ਬੈਠ ਰਹੀ ਸੀ।

ਬੰਦਿਆਂ ਨੂੰ ਟਿੱਚ ਸਮਝਣ ਵਾਲਾ ਕਰਤਾਰ ਐਵੇਂ ਨਹੀਂ ਸੀ ਕਿਸੇ ਦੀ ਟੈਂ ਮੰਨਦਾ। ਉਹ ਗਤਕੇ ਦਾ ਧਨੀ ਸੀ। ਪਾਕਿਸਤਾਨੋਂ ਆ ਕੇ ਉਹਨੇ ਕਈ ਨਾਮੀ ਨਿਹੰਗਾਂ ਨਾਲ ਦਸਤਪੰਜਾ ਲਿਆ ਸੀ। ਦੋਹ ਘੋੜਿਆਂ ਤੇ ਇਕੋ ਸਮੇਂ ਇਕ ਇਕ ਪੈਰ ਰੱਖ ਕੇ ਭਜਾਉਣਾ, ਘੋੜ ਸਵਾਰੀ ਕਰਦੇ ਨੇਜ਼ੇ ਨਾਲ ਨਿਸ਼ਾਨਾ ਫੁੰਡਣਾ, ਉਹਦੇ ਲਈ ਚੁਟਕੀ ਦੀ ਖੇਡ ਸੀ। ਸਭ ਤੋਂ ਵੱਡੀ ਗੱਲ, ਉਹ ਸ਼ਾਤਰ ਤੋਂ ਸ਼ਾਤਰ ਚੋਰ ਵੱਲੋਂ ਕੀਤੀ ਚੋਰੀ ਦਾ ਖੁਰਾ ਕੱਢਣ ਦਾ ਵੀ ਮਾਹਰ ਸੀ। ਇਸ ਹੁਨਰ ਲਈ ਉਹ ਕਈ ਵਰ੍ਹੇ ਪੁਲਿਸ ਦੇ ਵਿਸ਼ੇਸ਼ ਸਟਾਫ਼ ਦਾ ਖੋਜੀ ਰਿਹਾ। ਸ਼ਾਇਦ ਇਸੇ ਲਈ ਉਹਦਾ ਹਾਰੀ-ਸਾਰੀ ਨੂੰ ਟਿੱਚ ਸਮਝਣ ਦਾ ਝਾਕਾ ਖੁੱਲ੍ਹ ਗਿਆ ਹੋਇਆ ਸੀ।

ਕਈ ਵਰ੍ਹੇ ਤਾਂ ਉਹ ਹੋਲੇ ਮਹੱਲੇ 'ਤੇ ਨਿਹੰਗ ਸਿੰਘਾਂ ਨੂੰ ਵੀ ਲਲਕਾਰਦਾ ਰਿਹਾ। ਡਾਂਗ, ਬਰਛੀ, ਛਵ੍ਹੀ, ਗੰਡਾਸੀ, ਕਿਰਪਾਨ ਕਿਸੇ ਨਾਲ ਵੀ ਕੋਈ ਉਸ 'ਤੇ ਵਾਰ ਕਰ ਕੇ ਵਿਖਾਵੇ। ਵਾਰ ਕਰਨ ਵਾਲੇ ਨੂੰ ਨਿਆਈਂ 'ਚੋਂ ਅੱਧਾ ਕਿੱਲਾ ਥੈਅ। ਉੱਕ ਗਿਆ ਤਾਂ ਨੱਕ ਨਾਲ ਸੌ ਲੀਕਾਂ, ਪਾਕਿਸਤਾਨ ਅਤੇ ਏਧਰ ਉਹਨੇ ਕਈ ਖੱਬੀਖਾਨਾਂ ਦੀਆਂ ਲੀਕਾਂ ਕਢਵਾਈਆਂ ਸਨ।

ਅੱਜ ਉਹ ਖ਼ੁਦ ਲੀਕਾਂ ਕੱਢ ਰਿਹਾ ਸੀ। ਜਦ ਕਿ ਪਿਛਲੇ ਦਿਨੀਂ ਉਹਦੀ ਬੱਲੇ-ਬੱਲੇ ਸੀ। ਸ਼ਾਮਲਾਟ ਨੂੰ ਲੈ ਕੇ ਲਾਗਲੇ ਪਿੰਡ ਦੇ ਦੁਆਬੀਆਂ ਅਤੇ ਉਹਦੇ ਪਿੰਡ ਦੇ ਮਜ਼ਬੀ ਸਿੱਖਾਂ ਵਿਚ ਤਣਾਓ ਸੀ। ਅਚਾਨਕ ਦੁਆਬੀਏ ਆ ਪਏ। ਦੁਆਬੀਏ ਪੰਝੀ ਤੀਹ, ਮਜ਼ਬੀ

ਸਿੰਘ ਤਿੰਨ। ਕਰਤਾਰਾ ਆਪਣੇ ਖੇਤਾਂ 'ਚੋਂ ਪਰਤ ਰਿਹਾ ਸੀ।

"ਰੱਬ ਤੋਂ ਡਰੋ ਭਾਅ ! ਜੇ ਬਹਿ ਕੇ ਨਬੇੜ ਲਵੋ।" ਕਰਤਾਰੇ ਕਿਹਾ।

ਵਾਹਰ ਮੰਗਵੀਂ ਸੀ। ਕਾਰਵਾਈ ਤੇ ਤੁੱਲ ਗਈ।

"ਨਹੀਂ ਹਟਦੇ ਤਾਂ ਰੁਕੋ ਫੇ...।" ਕਰਤਾਰੇ ਕਿਹਾ।

ਉਹਨੇਂ ਵਾਹਰ ਦੇ ਸਾਮ੍ਹਣੇ ਹੀ ਪਰਨੇ ਲੜ ਇੱਟ ਦਾ ਰੋੜਾ ਬੰਨ੍ਹਿਆ। ਚੁਫ਼ੇਰੇ ਗੋਪੀਏ ਵਾਂਗ ਘੁਮਾਉਂਦੇ ਘੂਕਰ ਬੰਨ੍ਹ ਜਦੋਂ ਪੰਜਾਂ ਸੱਤਾਂ ਦੀਆਂ ਬਾਚੀਆਂ ਸੇਕੀਆਂ ਤਾਂ ਦੁਆਬੀਆਂ ਨੂੰ ਭੱਜਦੇ ਰਾਹ ਨਾ ਲੱਭਾ।

ਤਕਾਲੀਂ ਪਿੰਡ 'ਚ ਗੱਲਾਂ ਤੁਰੀਆਂ।

"ਤੈਨੂੰ ਸੁੱਝੀ ਕਿਵੇਂ ? ਇਕ ਪਾਸੇ ਤੀਹ... ਇਕ ਪਾਸੇ ਤੂੰ 'ਕੱਲਾ।"

"ਬੰਦਾ ਕਦੇ ਇਕੱਲਾ ਨਹੀਂ ਹੁੰਦਾ ਭਾਅ ! ਕੱਲਾ ਹੁੰਦੈ ਬੰਦੇ ਦਾ ਹੌਂਸਲਾ...। ਹਥਿਆਰ ਉਹ ਜੋ ਵੇਲੇ ਸਿਰ ਕੰਮ ਆਵੇ। ਸੁਣਿਆ ਨਹੀਂ, ਬਚਿੱਤਰ ਸਿੰਘ ਨੇ ਪਹਾੜੀ ਰਾਜਿਆਂ ਦੇ ਸ਼ਰਾਬੀ ਹਾਥੀ ਨੂੰ ਕਟੂਰਾ ਮਾਰ ਕੇ ਭਜਾ ਦਿੱਤਾ ਸੀ। ਫ਼ੇ ਰੱਬ ਨਾ ਦੇਵੇ ਧੋਖਾ ਭਾਊ...। ਨਹੀਂ ਬੰਦਾ ਕੀ ਚੀਜ਼ ਐ।"

ਅੱਜ ਉਹਨੂੰ ਰੱਬ ਪਿੱਠ ਦੇ ਗਿਆ ਸੀ ਜਾਂ ਕੋਈ ਬੰਦਾ ਹੀ ਏਡਾ ਵੱਡਾ ਹੋ ਗਿਆ ਕਿ ਜਾਗਦੇ ਸ਼ੇਰ ਦੀ ਮੁੱਛ ਮੁੰਨ ਕੇ ਲੈ ਗਿਆ।

ਵਿਆਹ 'ਚ ਇਕ ਦਿਨ ਬਾਕੀ ਤੇ ਘਰ ਵਿਚੋਂ ਉਹਦੀ ਧੀ ਹੀ ਨਹੀਂ ਸੀ ਲੱਭ ਰਹੀ। ਕੁੜੀ ਅਸਮਾਨੇ ਉੱਡ ਗਈ ਕਿ ਭੁੰਇ ਨਿਗਲ ਗਈ। ਕਰਤਾਰੇ ਨੂੰ ਮਰਨ ਲਈ ਥਾਂ ਨਹੀਂ ਸੀ ਲੱਭ ਰਹੀ। ਫਿਰ ਉਸ ਕਰਤਾਰੇ ਨੂੰ ਸੂਹ ਨਾ ਲੱਗੀ ਜਿਹੜਾ ਸਾਰੀ ਉਮਰ ਹੋਈਆਂ ਚੋਰੀਆਂ ਦੇ ਖੁਰੇ ਲੱਭਦਾ ਰਿਹਾ।

ਸਿਮਰਨ ਨੂੰ ਤਾਂ ਸਭ ਦੇ ਸਾਮ੍ਹਣੇ ਮਾਈਏ ਪਾਇਆ ਗਿਆ। ਘਰ 'ਚ ਗਾਉਣ ਬੈਠਾ। ਟੱਬਰ ਹੱਸਦਾ ਖੇਡਦਾ ਸੁੱਤਾ। ਦਾਜ-ਦੌਣ, ਕੱਪੜਾ-ਲੀੜਾ, ਗਹਿਣਾ-ਗੱਟਾ, ਸਭ ਆਪਣੀ ਥਾਂ; ਕੁੜੀ ਨੂੰ ਹੀ ਕੋਈ ਨਿਗਲ ਗਿਆ ? ਨਾ ਬੂਹਾ ਖੁੱਲ੍ਹਾ। ਨਾ ਖੜਕਾ ਹੋਇਆ।

ਕਰਤਾਰੇ ਦੇ ਹਮਦਰਦ 'ਕੱਠੇ ਹੋ ਕੇ ਆਏ। ਸਭ ਦੇ ਚਿਹਰੇ ਲੱਥੇ, ਤੇ ਗਲੇ ਰੁੰਦੇ ਹੋਏ।

"ਤੂੰ ਹਮੇਸ਼ਾ ਬਾਂਹ ਫੜੀ ਸਾਡੀ। ਹੁਕਮ ਕਰ।"

ਹੋਰ ਕੋਈ ਵੇਲਾ ਹੁੰਦਾ ਤਾਂ ਕਰਤਾਰਾ ਤਕੀਆ ਕਲਾਮ ਦਹੁਰਾਉਂਦਾ। 'ਰੱਬ ਨਾ ਪਿੱਠ ਦੇਵੇ ਭਾਅ। ਨਹੀਂ ਬੰਦਾ ਕੀ ਚੀਜ਼ ਏ।' ਪਰ ਉਸ ਲੰਮਾ ਹਉਕਾ ਲਿਆ ਤੇ ਚੁੱਪ ਕਰ ਗਿਆ।

ਆਏ ਬੰਦਿਆਂ ਵਿਚ ਮਾਨਾਂ ਪਟਵਾਰੀ ਵੀ ਸੀ। ਝਕਦਾ ਜਿਹਾ ਬੋਲਿਆ।

"ਵੇਖ ਤਾਰ ਸਿਹਾਂ। ਸਿਆਣੇ ਕਹਿੰਦੇ, ਚੋਰੀ ਨਹੀਂ ਭੇਤ ਬਿਨਾਂ... ਭੈਣ ਨਹੀਂ ਹੇਤ ਬਿਨਾਂ। ਇਹ ਹੋ ਈ ਨਹੀਂ ਸਕਦਾ ਮਾਂ ਨੂੰ ਧੀ ਬਾਰੇ ਪਤਾ ਨਾ ਹੋਵੇ। ਭਾਵੇਂ ਔਧ-



ਪਰੰਧ ਹੀ...।"

ਕਰਤਾਰੇ ਤ੍ਰਭਕ ਕੇ ਪਟਵਾਰੀ ਵੱਲ ਦੇਖਿਆ। ਗੱਲ ਸੁੱਟ ਪਾਉਣ ਵਾਲੀ ਨਹੀਂ ਸੀ। ਪਰ ਰਾਜਵੰਤ ਬਾਰੇ ਸੋਚਦਿਆਂ ਉਹਦੀ ਸੋਚ ਸੁੰਨ ਹੋ ਗਈ, ਕਿਉਂਕਿ ਇਹ ਸੰਭਵ ਹੀ ਨਹੀਂ ਸੀ।

ਉਹਨੂੰ ਯਾਦ ਆਇਆ।...

ਪਾਕਿਸਤਾਨ ਬਣਿਆ ਤਾਂ ਭਾਜੜ ਪੈ ਗਈ। ਲੋਕ ਰਾਤੋ ਰਾਤ ਅਸਬਾਬ ਚੁੱਕ ਜਿਧਰ ਮੂੰਹ ਆਇਆ ਤੁਰਦੇ ਬਣੇ। ਸਦੀਆਂ ਦੀ ਸਾਂਝ ਟੁੱਟੀ ਮਾਲਾ ਦੇ ਮਣਕਿਆਂ ਵਾਂਗ ਖਿੱਲਰ ਗਈ। ਦਹਿਸ਼ਤ ਇਸ ਕਦਰ ਕਿ ਮਾਵਾਂ ਪੁੱਤ ਨਾ ਸੰਭਾਲੇ। ਦੇਖਦੇ ਹੀ ਦੇਖਦੇ ਦੇਸ, ਕੌਮ, ਮਜ਼ਬ੍ਹ, ਮੁਹੱਬਤ, ਸਭ ਵੰਡੇ ਗਏ।

ਅਚਾਨਕ ਅਫ਼ਵਾਹ ਫੈਲੀ ਕਿ ਪੂਰਬੀ ਪੰਜਾਬ ਵਿਚੋਂ ਹਿਜਰਤ ਕਰਦੇ ਮੁਸਲਮਾਨ ਕਤਲ ਕੀਤੇ ਜਾ ਰਹੇ ਸਨ। ਫਿਰ ਕੀ ਸੀ ? ਪਾਕਿਸਤਾਨ ਵਿਚ ਵੀ ਹਿੰਦੂ ਸਿੱਖ ਕਤਲ ਕੀਤੇ ਜਾਣ ਲੱਗੇ। ਲਾਸ਼ਾਂ ਤੁੱਕਣ ਲਗੀਆਂ। ਘਰ, ਸ਼ਹਿਰ, ਕਸਬੇ, ਲੋਕ, ਤਿੜ ਤਿੜ ਕਰਕੇ ਮੱਚਣ ਲੱਗੇ। ਬਾਲਾਂ ਦੇ ਚੀਥੜੇ ਤੇ ਅਜ਼ਮਤ ਦੀਆਂ ਧੱਜੀਆਂ ਉੱਡਣ ਲੱਗੀਆਂ। ਮਿਲਟਰੀ ਹੱਥ ਖੜ੍ਹੇ ਕਰ ਗਈ।

ਕਈ ਜਾਨ ਬਚਾਅ ਕੇ ਨਿਕਲ ਆਏ। ਕਈ ਪਿੱਛੇ ਰਹਿ ਗਏ। ਕਈ ਇਸ ਭਰਮ ਵਿਚ ਮਾਰੇ ਗਏ ਕਿ ਵੰਡ-ਵੰਡਾਈ ਝੂਠ ਸੀ। ਜਿਹੜੇ ਨਿਕਲ ਆਏ, ਉਹ ਸਰਹੱਦ ਨੇੜੇ ਰੁਕ ਕੇ ਪਿਛਲਿਆਂ ਨੂੰ ਉਡੀਕ ਰਹੇ ਸਨ। ਕਈ ਹਿੰਮਤ ਕਰਕੇ ਰਾਤਾਂ ਨੂੰ ਘੋੜੀਆਂ 'ਤੇ ਚੜ੍ਹਦੇ ਤੇ ਰਹਿ ਗਈਆਂ ਧੀਆਂ ਭੈਣਾਂ ਨੂੰ ਕੱਢ ਲਿਆਉਂਦੇ। ਬਹੁਤੇ ਲੁੱਟਾਂ-ਖੋਹਾਂ 'ਤੇ ਉੱਤਰ ਆਉਂਦੇ ਤੇ ਵਾਹ ਲੱਗਦੀ ਮੁਸਲਮਾਨ ਕੁੜੀਆਂ ਚੁੱਕ ਲਿਆਉਂਦੇ। ਅਜਿਹੇ ਅਨਸਰ ਲਈ ਮਿਲਟਰੀ ਨੂੰ ਗੋਲੀ ਮਾਰਨ ਦਾ ਹੁਕਮ ਸੀ।

ਕਰਤਾਰਾ ਵੰਡ ਤੋਂ ਮੀਨ੍ਹਾ ਪਹਿਲਾਂ ਹੀ ਸਿਹਰੇ ਬੰਨ੍ਹ ਕੇ ਢੁੱਕਾ ਸੀ। ਇਸ ਲਈ ਕਰਤਾਰੇ ਨੂੰ ਮਾਂ ਸਾਂਭ-ਸਾਂਭ ਰੱਖਦੀ। ਉਹ ਆਪਣੀ ਸੱਜ-ਵਿਆਹੀ ਵਹੁਟੀ ਗੁਰ ਕੌਰ ਲਈ ਤੜਪਦਾ। ਪਰ ਕੋਈ ਪੇਸ਼ ਨਹੀਂ ਸੀ ਜਾ ਰਹੀ। ਗੁਰ ਕੁਰ ਦੇ ਪੇਕੇ ਮੁਸਲਮਾਨਾਂ ਦੇ ਗੜ੍ਹ ਵਿਚ ਸਨ।

ਇਕ ਰਾਤ ਕਰਤਾਰਾ ਮਸੇਰ ਭਰਾਵਾਂ ਨਾਲ ਮੰਡੀ ਚੂਹੜਕਾਣੇ ਨੇੜੇ ਫਸੇ ਭੂਆ ਤਾਬਾਂ ਦੇ ਟੱਬਰ ਨੂੰ ਕੱਢਣ ਗਿਆ। ਅੱਗੋਂ ਵਾਹਰ ਪੈ ਜਾਣ ਕਾਰਨ ਭੂਆ ਨੂੰ ਤਾਂ ਨਾ ਕੱਢ ਸਕਿਆ। ਇਕ ਹਵੇਲੀ ਦੇ ਬੂਹੇ 'ਚ ਖੜ੍ਹੀ ਮੁਸਲਮਾਨ ਕੁੜੀ ਚੁੱਕ ਲਿਆਇਆ।

ਸਵੇਰ ਹੋਈ, ਕੁੜੀ ਰੋ ਰੋ ਫਾਵੀ ਹੋ ਚੁੱਕੀ ਸੀ। ਉਹਦਾ ਨਾਂ ਰਜ਼ੀਆ ਸੀ। ਮਾਂ ਪਿਉਂ ਦੀ ਇਕੋ ਇਕ ਲਾਡਲੀ ਧੀ ਤੇ ਬਸ਼ੀਰ ਦੀ ਭੈਣ, ਜਿਸਦਾ ਦੋ ਦਿਨ ਬਾਦ ਨਿਕਾਹ ਸੀ। ਜਿਹੜਾ ਵੀ ਰਜ਼ੀਆ ਵੱਲ ਵੇਖੇ ਮੂੰਹ 'ਚ ਉਂਗਲਾਂ ਟੁੱਕ ਲਵੇ ਕੋਈ ਕੁੜੀ ਇਤਨੀ ਰੂਪਵਤੀ ਵੀ ਹੋ ਸਕਦੀ ਸੀ ? ਯਕੀਨ ਨਹੀਂ ਸੀ ਆਉਂਦਾ। ਕਰਤਾਰੇ ਦੀ ਮਾਂ ਨੇ ਰਜ਼ੀਆ

ਬੁੱਕਲ 'ਚ ਲਈ। ਪਿਆਰ ਕੀਤਾ। ਮੱਥਾ ਚੁੰਮਿਆ ਤੇ ਕਿਹਾ। "ਸੰਸਾ ਨਾ ਕਰ ਧੀਏ ! ਤੈਨੂੰ ਵਾਪਸ ਘੱਲਣਾ ਸਾਡਾ ਜ਼ਿਮਾ।"

ਪਰ ਕਿੱਥੇ ? ਰਜ਼ੀਆ ਰੋ-ਰੋ ਅੱਥਰੂ ਸੁਕਾਅ ਲਏ।

ਇਕ ਦਿਨ ਉਸ ਕਰਤਾਰੇ ਨੂੰ ਕਿਹਾ।

"ਜੇ ਮੈਂ ਤੇਰੀ ਵਹੁਟੀ ਨੂੰ ਮੋੜ ਸੱਕਾਂ ? ਤਾਂ ਮੈਨੂੰ ਵਤਨ ਭੇਜ ਦੇਵੇਂਗਾ ?"

"ਲਾਜ਼ਮੀ..."

"ਤਾਂ ਅਹਿ ਲੈ ਮੇਰਾ ਗਾਨਾ, ਚੂਹੜਕਾਣੇ ਦੇ ਵਡੇ ਇਮਾਮ ਰਾਹੀਂ ਮੇਰੇ ਭਰਾ ਬਸ਼ੀਰ ਨੂੰ ਮਿਲ... ਉਹ ਲਿਆਏਗਾ ਕਢ ਕੇ ਤੇਰੀ ਵਹੁਟੀ।"

"ਸੱਚੀਂ ?" ਕਰਤਾਰੇ ਨੂੰ ਚਾਅ ਚੜ੍ਹ ਗਿਆ।

"ਹਾਂ ! ਪਰ ਆਪਣੇ ਕੌਲ ਤੋਂ ਨਾ ਮੁੱਕਰੀਂ..."

ਇਵੇਂ ਹੀ ਹੋਇਆ। ਕਰਤਾਰਾ ਬਸ਼ੀਰ ਨੂੰ ਮਿਲਿਆ।

ਬਸ਼ੀਰ ਨੇ ਕਿਹਾ, "ਮੇਰੀ ਭੈਣ ?"

"ਫ਼ਿਕਰ ਨਾ ਕਰ, ਪਾਕ ਸਾਫ਼ ਏ ਉਹ।" ਕਰਤਾਰੇ ਕਿਹਾ।

"ਕੰਮ ਔਖੈ ਪਰ ਮੈਂ ਕਰਾਂਗਾ ਆਪਣੀ ਭੈਣ ਰਜ਼ੀਆ ਲਈ। ਇਨਸ਼ਾਅੱਲ੍ਹਾ ਪਰਸੋਂ ਖਿੱਤੀਆਂ ਸਿਰ ਤੇ ਅਉਣ ਵੇਲੇ, ਤੂੰ ਰਜ਼ੀਆ ਨੂੰ ਤੇ ਮੈਂ ਗੁਰੋ ਨੂੰ ਲੈ ਕੇ ਆਵਾਂਗੇ। ਖ਼ੁਦਾ ਹਾਫ਼ਿਜ਼ !"

ਇਹ ਪਰਸੋਂ ਕਦੇ ਨਾ ਆਈ।

ਅਸਲ ਵਿਚ ਬਸ਼ੀਰ ਅਤੇ ਕਰਤਾਰਾ ਜਦੋਂ ਵੱਡੀ ਨਹਿਰ ਦੇ ਪੁੱਲਾਂ 'ਤੇ ਮਿਲ ਰਹੇ ਸਨ, ਲਾਹੌਰ ਸਟੇਸ਼ਨ ਤੇ ਹਿਜਰਤ ਕਰਕੇ ਜਾ ਰਹੇ ਹਿੰਦੂਆਂ ਸਿੱਖਾਂ ਦੀ ਭਰੀ ਗੱਡੀ ਔਲੀ ਔਲੀ ਕਰਦੇ ਵੱਢੀ ਜਾ ਰਹੀ ਸੀ।...

ਇਹ ਇਤਨਾਂ ਭੀਸ਼ਣ ਨਰ-ਸੰਘਾਰ ਸੀ ਜਿਸਨੇ ਪਲਾਂ ਛਿਨਾਂ ਵਿਚ ਹੀ ਹਜ਼ਾਰਾਂ ਲੱਖਾਂ ਰਜ਼ੀਆ ਅਤੇ ਗੁਰੋਆਂ ਲਈ ਵਤਨ ਪਰਤਨ ਦੇ ਰਾਹ ਔਖੇ ਕਰ ਦਿੱਤੇ ਸਨ। ਮਿਲਟਰੀ ਲਈ ਹਰ ਬਲਵੱਈ ਨੂੰ ਗੋਲੀ ਮਾਰਨ ਦਾ ਹੁਕਮ ਹੋਇਆ ਅਤੇ ਸਰਹੱਦ ਨੂੰ ਦੂਰ-ਦੂਰ ਤੱਕ ਖਾਲੀ ਕਰ ਦਿੱਤਾ ਗਿਆ।

ਉੱਜੜ ਕੇ ਆਏ ਰਫਿਊਜ਼ੀ ਕੈਂਪਾਂ ਵਿਚ ਕੁਰਬਲ ਕੁਰਬਲ ਕਰਦੇ। ਮਹਿਕਮੇਂ ਏਧਰ ਓਧਰ ਰਹਿ ਗਏ ਟੱਬਰਾਂ ਨੂੰ ਆਪੋ ਆਪਣੇ ਵਤਨ ਭੇਜਣ ਲਈ ਟਿੱਲ ਲਾ ਰਹੇ ਸਨ।

ਭਾਰਤੀ ਕੈਂਪਾਂ ਵਿਚ ਮੁਸਲਮਾਨ ਔਰਤਾਂ ਦੀ ਨਿਸ਼ਾਨਦੇਹੀ ਹੋਣ ਲੱਗੀ ਤਾਂ ਕਰਤਾਰੇ ਦੀ ਮਾਂ ਰਜ਼ੀਆ ਨੂੰ ਲੈ ਕੇ ਵੇਰਕੇ ਪਿੰਡ ਆ ਗਈ। ਕਰਤਾਰਾ ਰੋਜ਼ ਅਟਾਰੀ ਜਾਂਦਾ ਅਤੇ ਗੁਰੋ ਲਈ ਤੜਪਦਾ। ਉਹ ਦੇਖਦਾ ਹਜ਼ਾਰਾਂ ਲੋਕ ਮਿਲਟਰੀ ਦੇ ਪਹਿਰੇ ਹੇਠ ਏਧਰ ਓਧਰ ਆ ਜਾ ਰਹੇ ਸਨ। ਪਰ ਉਹਦੀ ਗੁਰ ਕੌਰ ਕਿਤੇ ਨਹੀਂ ਸੀ।

ਕਰਤਾਰੇ ਦੀ ਮਾਂ ਰਜ਼ੀਆ ਤੋਂ ਕੁਝ ਓਹਲਾ ਰੱਖਦੀ। ਕਰਤਾਰੇ ਦੀ ਤਲਾਸ਼ ਨੂੰ



ਉਹ ਬਸ਼ੀਰ ਨੂੰ ਲੱਭਣ ਦੇ ਖਾਤੇ 'ਚ ਪਾਉਂਦੀ ਅਤੇ ਅੰਦਰੇ ਅੰਦਰ ਸੋਚਦੀ; ਗੁਰੋ ਨਾ ਲੱਭੀ ਤਾਂ ਕਰਤਾਰੇ ਲਈ ਰਜ਼ੀਆ ਤਾਂ ਹੈ।

ਇਕ ਦਿਨ ਕਰਤਾਰੇ ਨੂੰ ਪਾਰਲੇ ਪਾਸੇ ਬਸ਼ੀਰਾ ਦਿੱਸਿਆ। ਮਿਲਟਰੀ ਦੀ ਸਖ਼ਤੀ ਸੀ। ਫਿਰ ਵੀ ਦੋਹਾਂ ਤੋਂ ਇਕ ਦੂਜੇ ਨੂੰ ਪਤਾ ਲੱਗਾ, ਰਜ਼ੀਆ ਸੁਰੱਖਿਅਤ ਸੀ। ਜਦ ਕੇ ਕਰਤਾਰੇ ਨੂੰ ਪਤਾ ਲੱਗਾ ਕਿ ਗੁਰੋ ਕਾ ਟੱਬਰ ਕਤਲ ਕਰ ਦਿੱਤਾ ਗਿਆ ਸੀ, ਅਤੇ ਗੁਰੋ ਨੂੰ ਤਾਹਿਰ ਨਾਂ ਦੇ ਇਕ ਮੁਸਲਮਾਨ ਮੁੰਡੇ ਨੇ ਕਲਮਾ ਪੜ੍ਹਾ ਕੇ ਆਪਣੀ ਬੇਗਮ ਬਣਾ ਲਿਆ ਸੀ। ਪਰ ਬਸ਼ੀਰੇ ਨੇ ਆਪਣੇ ਕੌਲ ਮੁਤਾਬਿਕ ਗੁਰੋ ਨੂੰ ਬਸ਼ੀਰੇ ਦੇ ਚੁੰਗਲ ਵਿਚੋਂ ਕੱਢਿਆ ਅਤੇ ਮਿਲਟਰੀ ਰਾਹੀਂ ਹਿੰਦੋਸਤਾਨ ਘੱਲ ਦਿੱਤੇ...। ਹੁਣ ਕੱਲ੍ਹ ਨੂੰ ਤੂੰ ਰਜ਼ੀਆ ਨੂੰ ਲੈ ਕੇ ਆ ਤੇ ਆਪਣਾ ਕੌਲ ਪੁਗਾਅ।

ਗੁਰੋ ਅਤੇ ਤਾਹਿਰ ਦੀ ਬੇਗਮ...? ਕਰਤਾਰੇ ਨੂੰ ਸਿਰਫ਼ ਇਤਨੇਂ ਬੋਲ ਹੀ ਸੁਣੇ। ਉਹ ਬਾਏਂ ਮਿੱਟੀ ਹੋ ਗਿਆ।

ਉਹ ਪਰਤ ਆਇਆ। ਬਸ਼ੀਰ ਨੂੰ ਮਿਲਣ ਦਾ ਓਹਲਾ ਰੱਖ ਕੇ ਕੌਲ ਤੋਂ ਮੁੱਕਰ ਗਿਆ ਅਤੇ ਕਸਟੋਡੀਅਨ ਦੇ ਚੱਕਰ ਕੱਟਣ ਲੱਗਾ।

ਏਧਰ ਕਰਤਾਰੇ ਨੂੰ ਜ਼ਮੀਨ ਅਲਾਟ ਹੋਈ। ਓਧਰ ਉਹਨੇਂ ਰਜ਼ੀਆ ਨੂੰ ਗੁਰਕੌਰ ਦੀ ਥਾਂ ਦੇ ਦਿੱਤੀ। ਰਜ਼ੀਆ ਇਸ ਲਈ ਰਜ਼ਾਵੰਦ ਹੋ ਗਈ ਕਿ ਕਰਤਾਰੇ ਨੇ ਜਿਨਾਂ ਚਿਰ ਉਹਦੇ ਭਰਾ ਨੂੰ ਲੱਭਣ ਲਈ ਟਿੱਲ ਲਾਇਆ, ਓਨਾਂ ਚਿਰ ਰਜ਼ੀਆ ਵੱਲ ਅੱਖ ਚੁੱਕ ਕੇ ਵੀ ਨਾ ਵੇਖਿਆ। ਜੇ ਬਸ਼ੀਰ ਹੀ ਨਹੀਂ ਮਿਲਿਆ ਤਾਂ ਜੋ ਅੱਲ੍ਹਾ ਦੀ ਰਜ਼ਾ।

ਬਸ਼ੀਰ ਵੱਲੋਂ ਤਾਹਿਰ ਦੀ ਚੁੰਗਲ ਵਿਚੋਂ ਕੱਢੀ ਹੋਈ ਗੁਰ ਕੌਰ, ਸਿਆਣੀ ਨਿਕਲੀ। ਹਾਲਾਤ ਨੇ ਉਹਨੂੰ ਉਮਰ ਤੋਂ ਵੱਧ ਸਿਆਣੀ ਬਣਾ ਦਿੱਤਾ ਸੀ। ਤਾਹਿਰ ਦੇ ਚੁੰਗਲ ਵਿਚੋਂ ਨਿਕਲ ਕੇ ਉਹਨੇਂ ਰਫਿਊਜ਼ੀ ਕੈਂਪਾਂ ਦਾ ਚੱਪਾ-ਚੱਪਾ ਛਾਣ ਮਾਰਿਆ। ਕਿਤੋਂ ਵੀ ਸੂਹ ਨਾ ਮਿਲੀ ਤਾਂ ਉਹਨੇਂ ਮੁੜ ਵਸੇਬਾ ਮਹਿਕਮੇ ਵਿਚ ਤਾਇਨਾਤ ਆਪਣੇ ਸ਼ਰੀਕੇ 'ਚੋਂ ਲੱਗਦੇ ਭਰਾ ਦੀ ਮਦਦ ਨਾਲ ਇਹ ਪਤਾ ਲਾਇਆ ਕਿ ਜ਼ਿਲ੍ਹਾ ਸ਼ੇਖੂਪੁਰੇ ਦੇ ਰਫ਼ਿਊਜ਼ੀਆਂ ਨੂੰ ਕਿੱਥੇ ਕਿੱਥੇ ਭੂੰਇ ਅਲਾਟ ਹੋਈ।

ਸਿੱਟਾ ਇਹ ਨਿਕਲਿਆ ਕਿ ਇਕ ਦਿਨ ਉਹ ਲੱਭਦੀ ਲਭਾਂਦੀ ਕਰਤਾਰੇ ਦੀ ਬਹਿਕ ਵਿਚ ਹੀ ਆ ਖਲੋਤੀ। ਅੱਗੇ ਕੋਈ ਬਹੁਤ ਖ਼ੂਬਸੂਰਤ ਔਰਤ ਚੂੜਾ ਪਾਈ ਉਹਦੀ ਸੱਸ ਨਾਲ ਚੌਕੇ ਵਿਚ ਬੈਠੀ ਸੀ।

ਗੁਰ ਕੌਰ ਨੂੰ ਸਾਮ੍ਹਣੇ ਦੇਖ ਸਭ ਦੀ ਖਾਨਿਉਂ ਗਈ।

ਗੁਰੋ ਨੂੰ ਸੱਤੀਂ ਕੱਪੜੀਂ ਲੱਗ ਗਈ। ਉਹਨੇਂ ਸੱਸ ਨੂੰ ਰਾਮ ਸੱਤ ਵੀ ਨਾ ਕੀਤੀ, ਅਤੇ ਬੋਲੀ।

"ਪਛਾਣਿਆ ਨਹੀਂ ਬੇਬੇ ! ਮੈਂ ਦੇਵਾ ਸਿੰਘ ਤਤਲੇ ਦੀ ਧੀ, ਗੁਰ ਕੌਰ। ਤੇਰੀ ਨੂੰਹ। ਉੱਠ ਕੇ ਪੁੱਛੇਂਗੀ ਨਹੀਂ ਬਈ ਕਿਹੜੇ ਵਖ਼ਤਾਂ ਨਾਲ ਭਾਲਿਆ ਤੁਹਾਨੂੰ ? ... ਮਾਂ,

ਪਿਉ, ਭੈਣ, ਭਰਾ ਸਭ ਅੱਖਾਂ ਸਾਮ੍ਹਣੇ ਮਰਦੇ ਵੇਖੇ। ਸੋਚਿਆ ਖਾਊਂਦ ਵਾਤ ਲਵੇਗਾ ਮੇਰੀ। ਪਰ ਤੁਸਾਂ ਤਾਂ ਵੱਟੀ ਵੀ ਨਾ ਵਾਹੀ ਮੁੜ ਕੇ। ਤੇਰਾ ਤੇ ਇਕੋ ਪੁੱਤਰ ਏ। ਇਹ ਚੂੜੇ ਵਾਲੀ ਕੌਣ ਏ?"

ਛਿੱਥੀ ਜਿਹੀ ਪੈਂਦੀ ਕਰਤਾਰੇ ਦੀ ਮਾਂ ਉੱਠੀ।

"ਹੈਂ ਸੁੱਖੀ ਸਾਂਦੀ, ਪਛਾਣਨਾ ਕਿਉਂ ਨਹੀਂ ਧੀਏ ! ਸਾਡੀਆਂ ਤੇ ਅੱਖਾਂ ਪੱਕ ਗਈਆਂ ਉਡੀਕਦਿਆਂ। ਜਿਉ ਆਇਆਂ... ਸਦਕੇ ਆਇਆਂ... ਤੂੰ ਬਹਿ ਪੁੱਤ ਮੰਜੇ 'ਤੇ...!"

ਸ਼ਰੀਕਾ ਹਾਲੇ ਇਕੋ ਥਾਂ ਸੀ। ਪਲ ਵਿਚ ਕੱਠਾ ਹੋ ਗਿਆ। ਮਸਲਾ ਸਾਫ਼, ਪਰ ਗੰਭੀਰ ਸੀ।

ਕਰਤਾਰੇ ਕੋਲ ਇਕੋ ਤਰਕ ਸੀ।

"ਸਭ ਨੂੰ ਪਤੈ, ਮੈਂ ਦਿਨ ਰਾਤ ਬਸ਼ੀਰੇ ਨੂੰ ਲੱਭਣ ਲਈ ਟੱਕਰਾਂ ਮਾਰੀਆਂ। ਹਾਰ ਕੇ ਅੱਕ ਚੱਬਿਆ।"

ਕਰਤਾਰੇ ਦੇ ਬੋਲਾਂ ਨੂੰ ਗੁਰ ਕੌਰ ਨੇ ਝੂਠ, ਅਤੇ ਤਾਕ ਓਹਲੇ ਖਲੋਤੀ ਰਜ਼ੀਆ ਨੇ ਸੱਚ ਜਾਣ ਕੇ ਸੁਣਿਆ। ਰਜ਼ੀਆ ਹਉਕਾ ਲਿਆ। ਸਭ ਕੁਝ ਲੁਟਾ ਕੇ ਤਾਂ ਹੁਣ ਉਹ ਵਤਨ ਵੀ ਨਹੀਂ ਪਰਤ ਸਕੇ ਗੀ।

ਸ਼ਰੀਕੇ ਮਸ਼ਵਰਾ ਕੀਤਾ।

"ਵੇਖ ਧੀਏ ! ਜੋ ਹੋਇਆ ਸੰਜੋਗ ਵੱਸ ਹੋਇਆ। ਹੁਣ ਇਕੋ ਚਾਰੇ... ਦੋਵੇਂ ਭੈਣਾਂ ਸਿਰ ਜੋੜ ਕੇ ਰਹੋ ਏਸੇ ਘਰ 'ਚ।"

"ਇਹ ਦੂਜੀ ਭੈਣ ਕੌਣ ਏ ਮੇਰੀ?"

"ਰਜ਼ੀਆ ਏ ਵਿਚਾਰੀ ਨਸੀਬ ਦੀ ਮਾਰੀ... ਪਰ ਹੁਣ, ਧੀ ਏ ਸਾਡੀ। ਤੇਰੇ ਵਾਂਗ।" ਕਰਤਾਰੇ ਦੀ ਮਾਂ ਕਿਹਾ।

"ਮੁਸਲਮਾਨ ਏ?"

"ਹਾਂ ! ਪਰ ਹੁਣ ਨਹੀਂ..."

"ਕਿਉਂ? ਹੁਣ ਕਿਉਂ ਨਹੀਂ?"

"ਅੰਮ੍ਰਿਤ ਛਕਾ ਲਿਆ ਏ ਅਸਾਂ..."

"ਜੇ ਮੈਂ ਆਪਣੇ ਮੁਲਕ ਪਰਤ ਸਕਦੀ ਹਾਂ ਤਾਂ ਇਹ ਕਿਉਂ ਨਹੀਂ?"

"ਪਹਿਲਾਂ ਤਾਂ ਅਸੀਂ ਵੀ ਚਾਹੁੰਦੇ ਸਾਂ, ਪਰ ਹੁਣ ਨਹੀਂ।"

"ਕਿਉਂ? ਹੁਣ ਕਿਉਂ ਨਹੀਂ?"

"ਹੁਣ ਇਹਦੇ ਕੋਲ ਅੰਸ਼ ਏ ਸਾਡੀ।"

"ਅੰਸ਼ ਤਾਂ ਮੇਰੀ ਕੁੱਖ ਵਿਚ ਵੀ ਏ...। ਤੂੰ ਪੁੱਛੇਂਗੀ ਕੀਹਦੀ? ਮੈਂ ਕਹਿ ਸਕਦੀ ਹਾਂ ਤੇਰੇ ਪੁੱਤ ਦੀ। ਪਰ ਕਹਾਂਗੀ ਨਹੀਂ। ਕਿਉਂਕਿ ਮੇਰੀ ਕੁੱਖ ਵਿਚਲੇ ਬੱਚੇ ਦੇ ਪਿਉ ਦਾ ਨਾਂ



ਵਹਿਸ਼ਤ, ਜਨੂਨ, ਨਫ਼ਸ ਅਤੇ ਤਾਹਿਰ ਏ... ਜੋ ਹੁਣ ਮੇਰਾ ਏ...।"

"ਕੀ ਕਿਹਾ? ਦੂਜੇ ਦਾ ਹਰਾਮ ਮੈਂ ਕਿਉਂ ਪਾਲਾਂ... ਤੂੰ ਨਿਕਲ ਏਥੋਂ ਹੁਣੇ ਈ...!" ਕਰਤਾਰੇ ਕਿਹਾ।

"ਬੱਸ?" ਗੁਰ ਕੌਰ ਬਿਰਾਦਰੀ ਵੱਲ ਝਾਕੀ। ਜੇ ਮੈਂ ਕਹਿ ਦਿਆਂ ਕਿ ਮੇਰੀ ਕੁੱਖ ਵਿਚ ਬੱਚਾ ਕਰਤਾਰੇ ਦੈ ਤਾਂ ਕੀ ਕਰੋਗੇ ਤੁਸੀਂ?"

ਬਿਰਾਦਰੀ ਨੀਵੀਂ ਪਾ ਲਈ।

ਕਰਤਾਰੇ ਦੀ ਮਾਂ ਰੋਣ ਲੱਗੀ।

ਗੁਰੋ ਅੰਦਰ ਗਈ। ਰਜ਼ੀਆ ਨੂੰ ਗਲਵੱਕੜੀ 'ਚ ਲਿਆ, ਅਤੇ ਕਿਹਾ।

"ਝੂਠ ਬੋਲ ਸਕਦੀ ਸਾਂ, ਪਰ ਤੇਰੇ ਭਰਾ ਦਾ ਅਹਿਸਾਨ ਏ ਮੇਰੇ ਸਿਰ। ਫਿਰ ਆਪਣੇ ਸੁੱਖ ਲਈ ਜੰਮਣ ਵਾਲੇ ਨੂੰ ਕਿਉਂ ਸ਼ਰਮਸਾਰ ਕਰਾਂ। ਤੇਰੇ ਭਰਾ ਨੇ ਹੀ ਮੈਨੂੰ ਕਢਿਆ ਤਾਰਿਕ ਦੇ ਚੁੰਗਲ 'ਚੋਂ...। ਕਹਿੰਦਾ ਤਾਰਿਕ ਭਾਵੇਂ ਮੈਨੂੰ ਮਾਰ ਦੇਵੇ; ਰਜ਼ੀਆ ਖ਼ਾਤਰ ਇਹ ਵੀ ਮੰਨਜ਼ੂਰ ਏ। ਕਈ ਮਹੀਨੇਂ ਆਉਂਦਾ ਰਿਹਾ ਸਰਹੱਦ 'ਤੇ, ਪਰ ਇਹ ਕੌਲ ਦਾ ਕੱਚਾ ਨਿਕਲਿਆ। ਇਹਦੇ ਸਾਮ੍ਹਣੇ ਹਜ਼ਾਰਾਂ ਲੱਖਾਂ ਟੱਬਰ ਮੁੜੇ ਵਤਨਾਂ ਨੂੰ, ਤੈਨੂੰ ਕਿਉਂ ਨਾ ਘੱਲਿਆ? ਬੰਦੇ ਨੂੰ ਤਾਂ ਜਨਾਨੀ ਚਾਹੀਦੀ ਏ ਭੈਣੇ, ਤਾਹਿਰ ਨੇ ਮੈਨੂੰ ਕਲਮਾਂ ਪੜ੍ਹਾ ਲਿਆ, ਇਹਨਾਂ ਤੈਨੂੰ ਅੰਮ੍ਰਿਤ ਛਕਾ ਲਿਆ।"

ਗੁਰ ਕੌਰ ਬੋਲੀ ਜਾ ਰਹੀ ਸੀ। ਰਜ਼ੀਆ ਰੋ ਰਹੀ ਸੀ। ਕਿਸੇ ਦੀ ਹਿੰਮਤ ਨਹੀਂ ਸੀ ਕਿ ਗੁਰੋ ਨੂੰ ਰੋਕੇ। ਗੁਰੋ ਚਲੀ ਗਈ...। ਰਜ਼ੀਆ ਦੇ ਜ਼ਿਹਨ ਵਿਚ ਕੁਝ ਅੰਗਿਆਰ ਸਿੱਟ ਗਈ ਧੁਖਦੇ ਰਹਿਣ ਲਈ...।

ਫ਼ਿਰ ਸਮੇਂ ਦੀ ਐਸੀ ਹਨੇਰੀ ਚੱਲੀ ਕਿ ਲੱਗਾ ਅੰਗਿਆਰਾਂ ਦੀ ਅੱਗ ਬੁਝਦੀ-ਬੁਝਦੀ ਬੁੱਝ ਗਈ।...

ਰਜ਼ੀਆ ਰਾਜਵੰਤ ਬਣ ਗਈ। ਸੱਸ ਪੋਤੀ ਦਾ ਮੂੰਹ ਵੇਖਣ ਤੋਂ ਪਹਿਲਾਂ ਹੀ ਤੁਰਦੀ ਬਣੀ ਤੇ ਰਾਜਵੰਤ ਦੀ ਝੋਲੀ ਸਿਮਰਨ ਆ ਗਈ। ਕਰਤਾਰੇ ਦਾ ਕੀਰਤੀ ਜੱਸ ਫੈਲਿਆ ਅਤੇ ਤਕੀਆ ਕਲਾਮ ਪ੍ਰਸਿੱਧ ਹੋਇਆ। ਕੌਣ ਰਜ਼ੀਆ? ਕੌਣ ਗੁਰੋ? ਕੌਣ ਬਸ਼ੀਰ? ਕੌਣ ਤਾਹਿਰ? ਸਭ ਸਮੇਂ ਦੀ ਮਿੱਟੀ ਵਿਚ ਦਬਦੇ ਚਲੇ ਗਏ। ਕਿਸੇ ਬੀਜ ਦੀ ਤਰ੍ਹਾਂ...

ਰਾਜਵੰਤ ਅਤੇ ਸਿਮਰਨ ਇਕੱਠੀਆਂ ਹੁੰਦੀਆਂ ਤਾਂ ਮਾਵਾਂ ਧੀਆਂ ਤੋਂ ਵੱਧ ਭੈਣਾਂ ਦਿੱਸਦੀਆਂ। ਸਿਮਰਨ ਅੰਤਾਂ ਦੀ ਸੋਹਣੀ ਤੇ ਪੜ੍ਹਾਈ ਲਿਖਾਈ 'ਚੋਂ ਅੱਵਲ ਨਿਕਲੀ। ਕਰਤਾਰਾ ਫ਼ਖ਼ਰ ਕਰਦਾ। ਸਿਮਰਨ ਵੱਡੀ ਹੋਈ ਤਾਂ ਮਾਂ ਨਾਲ ਸਹੇਲਪੁਣਾ ਹੋਰ ਪੀਡਾ ਹੁੰਦਾ ਗਿਆ। ਸਿਮਰਨ ਮਾਂ ਨੂੰ ਸ਼ਹਿਰ ਸ਼ਹਿਰ ਲਈ ਫ਼ਿਰਦੀ।

ਇਕ ਦਿਨ ਸਭ ਨੇ ਇਕੱਠਿਆਂ ਖ਼ਬਰ ਸੁਣੀ ਕਿ ਕੋਈ ਜਥਾ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਪਾਕਿਸਤਾਨ ਜਾ ਰਿਹਾ ਸੀ। ਇਸ ਤੋਂ ਪਹਿਲਾਂ ਕਿ ਰਾਜਵੰਤ ਜਾਂ ਸਿਮਰਨ

ਜੱਥੇ ਵਿਚ ਜਾਣ ਦੀ ਇੱਛਾ ਜ਼ਾਹਿਰ ਕਰਦੀਆਂ। ਕਰਤਾਰਾ ਅੱਗ ਬਬੂਲਾ ਹੋ ਉਠਿਆ। ਮਾਵਾਂ ਧੀਆਂ ਮੁਸਕੜੀਏ ਹੱਸੀਆਂ। ਕਰਤਾਰਾ ਨਹੀਂ ਸੀ ਜਾਣਦਾ ਕਿ ਸਿਮਰਨ ਦਾ ਬਸ਼ੀਰ ਮਾਮੇ ਨਾਲ ਕਈ ਸਾਲਾਂ ਤੋਂ ਚਿੱਠੀ ਪੱਤਰ ਜਾਰੀ ਸੀ।

ਗੱਲ ਆਈ ਗਈ ਹੋ ਗਈ।

ਅਚਾਨਕ ਸਿਮਰਨ ਲਈ ਕਿਸੇ ਵੱਡੇ ਘਰੋਂ ਰਿਸ਼ਤਾ ਆਇਆ। ਰਾਜਵੰਤ ਫੁੱਲੀ ਨਾ ਸਮਾਈ। ਖੁਸ਼ੀ ਵਿਚ ਉਹ ਕਿਲਕਾਰੀ ਮਾਰਨਾ ਚਾਹੁੰਦੀ ਸੀ। ਕਰਤਾਰੇ ਸਬਰ ਕਰਨ ਲਈ ਕਿਹਾ ਅਤੇ ਫ਼ਿਕਰ ਜਤਾਇਆ। "ਰਾਜਵੰਤ ਤੈਨੂੰ ਲੱਗਦਾ ਨਹੀਂ ਸਿਮਰਨ ਤੋਂ ਬਾਦ ਅਸੀਂ ਇਕੱਲੇ ਹੋ ਜਾਵਾਂਗੇ।"

ਪਰ ਰਾਜਵੰਤ ਦਾ ਚਾਅ ਸਾਂਭਿਆ ਨਹੀਂ ਸੀ ਜਾਂਦਾ। ਉਹ ਜੱਗ-ਜਹਾਨ ਦੀ ਦੌਲਤ ਧੀ ਤੋਂ ਨਿਛਾਵਰ ਕਰ ਦੇਣ ਲਈ ਕਾਹਲੀ ਸੀ। ਪਰ ਉੱਤੋਂ ਆਹ ਭਾਣਾ...

ਅਗਲੇ ਦਿਨ ਬਾਰਾਤ, ਅਤੇ ਕੁੜੀ ਗ਼ਾਇਬ...

ਸਿਮਰਨ ਦੇ ਹੋਣ ਵਾਲੇ ਸਹੁਰੇ ਵੱਡੀ ਪਹੁੰਚ ਵਾਲੇ ਸਨ। ਪਤਾ ਲੱਗਣ ਤੇ ਜੁੜ ਕੇ ਆਏ।

ਕਰਤਾਰਾ ਪੈਰੀਂ ਪੈ ਗਿਆ। "ਮੈਂ ਤੁਹਾਡਾ ਗੁਨਾਹਗਾਰ, ਜੋ ਮਰਜ਼ੀ ਸਜ਼ਾ ਦਿਉ।"

ਪਰ੍ਹੇ ਵਿਚੋਂ ਕਿਸੇ ਕਿਹਾ, "ਕਰਤਾਰ ਸਿਹਾਂ ! ਜੇ ਅਸੀਂ ਕੁੜੀ ਦੀ ਮਾਂ ਨੂੰ ਪੁੱਛ ਦੇਖੀਏ, ਤੈਨੂੰ ਕੋਈ ਇਤਰਾਜ਼ 'ਤੇ ਨਹੀਂ ?"

ਕਰਤਾਰੇ ਦੇ ਫਿਰ ਦਿਲ 'ਚ ਵੱਜੀ।

ਰਾਜਵੰਤ ਪਰ੍ਹੇ 'ਚ ਸੱਦ ਲਈ ਗਈ।

"ਭੈਣੇ ! ਕੋਈ ਤੂੰ ਹੀ ਫੜਾ ਹੱਥ ਪੱਲਾ ਕੁੜੀ ਦਾ... ਮਾਂ ਏ ਤੂੰ, ਕੁਝ ਤੇ ਪਤਾ ਹੋਊ ਤੈਨੂੰ ?" ਰਾਜਵੰਤ ਚੁੱਪ। ਸਭ ਰਾਜਵੰਤ ਵੱਲ ਦੇਖਣ ਲੱਗੇ।

ਅਚਾਨਕ ਇਕ ਲੈਰਾ ਜਿਹਾ ਮੁਸਲਮਾਨ ਮੁੱਲਾ, ਕੁਰਆਨ ਹੱਥ 'ਚ ਫੜੀ ਅੱਗੇ ਹੋਇਆ। ਕੁਰਆਨ ਨੂੰ ਅੱਖਾਂ ਨਾਲ ਲਾਉਂਦੇ ਰਾਜਵੰਤ ਅੱਗੇ ਕਰਦੇ ਕਿਹਾ।

"ਰਜ਼ੀਆ ਖ਼ਾਤੂਨ ਪਾਕੇ ਕੁਰਆਨ ਸ਼ਰੀਫ਼ ਪਰ ਹਾਥ ਰੱਖ ਕਰ ਬੋਲੀਏ ਕਿ ਬੇਟੀ ਕੇ ਬਾਰੇ ਆਪ ਕੋ ਕੁਛ ਨਹੀਂ ਮਾਲੂਮ..."

ਕੁਝ ਦੇਰ ਦੀ ਚੁੱਪ। ਫ਼ਿਰ "ਹਾਂ ਪਤਾ ਹੈ..." ਰਾਜਵੰਤ ਦੇ ਬੋਲ ਪੂਰੀ ਕਾਇਨਾਤ ਨੇ ਸੁਣੇ।

"ਕੀ ਕਿਹਾ ?" ਕਰਤਾਰਾ ਉੱਛਲਿਆ ਅਤੇ ਕਿਰਪਾਨ ਵੱਲ ਵਧਿਆ।

"ਹਾਂ ਮੈਨੂੰ ਪਤੈ ਸਿਮਰਨ ਕਿੱਥੇ ਗਈ।..."

"ਖੜ੍ਹ ਤੇਰੀ ਮਾਂ..." ਕਿਸੇ ਕਰਤਾਰਾ ਫੜਿਆ। "ਤੈਨੂੰ ਪਤੈ ਕੁੜੀ ਕਿੱਥੇ ਗਈ ?"



"ਇਕ ਵੇਰ ਨਹੀਂ ਸੁਣਿਆ ?"

ਕਰਤਾਰਾ ਫਿਰ ਰਾਜਵੰਤ ਨੂੰ ਮਾਰਨ ਲਈ ਵਧਿਆ।

ਇਸ ਵਾਰ ਰਾਜਵੰਤ ਅੱਗੇ ਹੋਈ।

"ਆ... ਮਾਰ, ਕੀਹਨੂੰ ਮਾਰੇਂਗਾ ? ਰਜ਼ੀਆ ਨੂੰ ? ਰਾਜਵੰਤ ਨੂੰ ? ਜਾਂ ਗੁਰੋ ਨੂੰ ? ... ਰਜ਼ੀਆ ਤਾਂ ਉਦੋਂ ਹੀ ਮਰ ਗਈ ਸੀ ਜਦੋਂ ਤੂੰ ਉਹਨੂੰ ਗਲੀ ਚੋਂ ਚੁੱਕਿਆ। ਬੱਸ ਇਕ ਭੈਣ ਜਿਉਂਦੀ ਰਹਿ ਗਈ ਸੀ, ਬਸ਼ੀਰ ਦੀ...। ਜਿੱਦੋਂ ਇਹ ਪਤਾ ਲੱਗਾ ਕਿ ਤੂੰ ਉਸ ਨਾਲ ਵੀ ਧੋਖਾ ਕੀਤਾ, ਤਾਂ ਬਸ਼ੀਰ ਦੀ ਭੈਣ ਵੀ ਮਰ ਗਈ।... ਜਿਸ ਰਾਜਵੰਤ ਨਾਲ ਤੂੰ ਵਿਆਹ ਕੀਤਾ... ਮੈਂ ਉਹਨੂੰ ਬਿਲਕੁਲ ਨਹੀਂ ਜਾਣਦੀ...। ਰੱਤੀ ਭਰ ਵੀ ਨਹੀਂ। ਹੋਏਗੀ ਕੋਈ।"

"ਜੋ ਤੇਰੇ ਸਾਮ੍ਹਣੇ ਖੜ੍ਹੀ ਹੈ, ਔਰ ਕੁਰਆਨ 'ਤੇ ਹੱਥ ਰੱਖ ਕੇ ਝੂਠ ਨਹੀਂ ਬੋਲ ਸਕਦੀ... ਇਕ ਮੁਸਲਮਾਨ ਔਰਤ ਖੜ੍ਹੀ ਹੈ। ਹਜ਼ਰਤ ਮੁਹੰਮਦ ਦੀ ਬੇਟੀ... ਔਰ ਬਸ਼ੀਰ ਦੀ ਭੈਣ ਰਜ਼ੀਆ।"

"ਜਾਹ ਤੇਰੀ ਧੀ, ਗੁਰ ਕੌਰ ਤੇ ਤਾਹਿਰ ਦੇ ਪੁੱਤ ਕੋਲ ਐ। ਇਕ ਸਾਲ ਪਹਿਲਾਂ ਕਚਹਿਰੀ 'ਚ ਵਿਆਹੀ ਹੋਈ। ਤਾਹਿਰ ਦੇ ਪੋਤੇ ਦੀ ਮਾਂ ਬਣਨ ਵਾਲੀ ਹੈ। ਹਿੰਮਤ ਹੈ ਤਾਂ ਜਾਹ, ਲਿਆ ਕੇ ਦਿਖਾ ਧੀ ਨੂੰ..."

"ਹਰਾਮ ਜ਼ਾਦੀਏ ! ਤੂੰ ਪਹਿਲਾਂ ਕਿਉਂ ਨਾ ਦੱਸਿਆ ਕਿ ਮੈਂ ਸੱਪ ਪਾਲ ਰਿਹਾਂ ਘਰ 'ਚ...।"

"ਦੱਸ ਦੇਂਦੀ ਤਾਂ ਤੂੰ ਉਹ ਪੀੜ ਕਿਵੇਂ ਜਰਦਾ, ਜੋ ਮੇਰੇ ਵਾਲਦਾਇਨ ਤੇ ਭਰਾ ਬਸ਼ੀਰ ਨੇ ਜਰੀ...। ਹੁਣ ਚਲਾ ਗਤਕਾ... ਭਜਾ ਘੋੜੇ, ਦੇਖਦੀ ਆਂ ਮੈਂ ਕਿੰਨਾਂ ਕੁ ਬਲਵਾਨ ਏ ਤੂੰ ? ਗਲੀਆਂ 'ਚੋਂ ਨਕਾਹ ਦੀਆਂ ਕੰਜਕਾਂ ਚੁੱਕਣ ਵਾਲਿਆ...।"

ਸਭ ਅਵਾਕ ਖੜ੍ਹੇ ਸਨ।

ਕਰਤਾਰਾ ਕੰਧਾਂ ਨਾਲ ਸਿਰ ਭੰਨ ਰਿਹਾ ਸੀ।

ਰਜ਼ੀਆ ਜਾ ਰਹੀ ਸੀ...। ਕਿਸੇ ਸ਼ਾਨ ਨਾਲ।...

ਜਿਵੇਂ ਆਪਣੇ ਵਤਨ ਪਰਤ ਰਹੀ ਹੋਵੇ...

•

# ਅੰਤਹਕਰਨ

ਜੀਤੂ ਗਿੱਟਲ ਕਾਲਜ ਦੀ ਜਿਸ ਖੁਸ਼ਗਵਾਰ ਹਵਾ ਵਿੱਚ ਸਾਹ ਲੈ ਰਿਹਾ ਸੀ; ਇਸਦਾ ਉਸ ਸੁਪਨਾਂ ਵੀ ਨਹੀਂ ਸੀ ਲਿਆ। ਹਵਾ ਗਰਮ ਸੀ। ਉਤੇਜਨਾਂ ਸੀ। ਸੁਪਨੇ ਸਨ। ਜੋਸ਼ ਸੀ।

ਡੰਗਰ ਚਾਰਦਿਆਂ ਔਖਰੇ ਤੋਂ ਔਖਰਾ ਡੰਗਰ ਉਹਨੂੰ ਪੁੱਛ ਕੇ ਪੈਰ ਪੁੱਟਦਾ ਸੀ। ਪਰ ਕਾਲਜ ਦੀਆਂ ਕੁੜੀਆਂ ਅਤੇ ਕਿਤਾਬਾਂ ਉਹਦੇ ਵੱਸ ਵਿੱਚ ਨਹੀਂ ਸਨ। ਔਖਰ ਅਜੀਬ ਸ਼ਕਲਾਂ ਵਿੱਚ ਦਿੱਸਦੇ। ਕੁੜੀਆਂ ਵੱਲ ਦੇਖਿਆ ਨਹੀਂ ਸੀ ਜਾਂਦਾ। ਖਾਸ ਕਰ ਉਹਦੀ ਕਲਾਸ ਦੀਆਂ ਕਾਂਤਾ, ਬਿਮਲਾ, ਰੂਬੀ, ਕਾਮਨੀ ਅਤੇ ਰੰਮੀ ਵੱਲ।

ਕੁੜੀਆਂ ਦੀ ਨਿਡਰਤਾ ਤੋਂ ਉਹਨੂੰ ਭੈਅ ਆਉਂਦਾ। ਪਿੰਡਾਂ ਦੀਆਂ ਔਰਤਾਂ ਮੱਝ ਗਾਂ ਨਵੇਂ ਦੁੱਧ ਹੁੰਦੀ ਦੇਖ ਪਾਸਾ ਵੱਟ ਜਾਂਦੀਆਂ ਸਨ। ਇਹ ਕੁੜੀਆਂ ਕਿਸ ਨਾਲ ਇਸ਼ਕ, ਕਿਸ ਨਾਲ ਰੁਮਾਂਸ। ਕਿਸ ਨਾਲ ਟਾਈਮ ਪਾਸ, ਬੇ ਝਿਜਕ ਸਾਂਝਾ ਕਰਦੀਆਂ ਸਨ। ਕੋਈ ਮੁੰਡਾ, ਕੁੜੀ ਨੂੰ ਕਿਉਂ ਛੱਡ ਗਿਆ। ਕਿਸੇ ਕੁੜੀ ਮੁੰਡਾ ਕਿਉਂ ਛੱਡ ਦਿਤਾ, ਇਹਨਾਂ ਲਈ ਆਮ ਗੱਲਾਂ ਸਨ।

ਸਭ ਦੀ ਆਪਣੀ ਪਸੰਦ ਸੀ। ਕੱਪੜਿਆਂ ਦੀ ਪਸੰਦ ਵਾਂਗ। ਨਵੇਂ ਸ਼ੈਸ਼ਨ ਦੇ ਸ਼ੁਰੂ ਵਿੱਚ ਹੀ ਜੋੜੀਆਂ ਬਣ ਜਾਂਦੀਆਂ। ਫਿਰ ਪਤਾ ਲੱਗਾ, ਕੁਝ ਟੁੱਟ ਕੇ ਨਵੀਆਂ ਬਣ ਰਹੀਆਂ ਸਨ।

ਕਾਰਨ ਸੁਣ ਜੀਤੂ ਨੂੰ ਹਾਸਾ ਆਉਂਦਾ। ਕਿਸੇ ਨੇ ਇਸ ਲਈ ਕੁੜੀ ਛੱਡ ਦਿੱਤੀ ਕਿ ਹਰ ਵੇਲੇ ਆਪਣੇ ਕੁੱਤੇ ਬਾਰੇ ਬੋਲਦੀ ਰਹਿੰਦੀ। ਕਿਸੇ ਨੇ ਮੁੰਡਾ ਇਸ ਲਈ ਨਾ-ਪਸੰਦ ਕਰ ਦਿੱਤਾ ਕਿ ਨਾ ਸਿਨਮਾ, ਨਾ ਕੰਨਟੀਨ ਦਾ ਬਿੱਲ, ਨਾ ਉਹਦੇ ਜੁੱਤੇ ਅਤੇ ਜ਼ੀਰੋ ਫ਼ਿੰਗਰ ਦੀ ਤਾਰੀਫ਼। ਕਿਸੇ ਨੂੰ ਮੁੰਡੇ ਦਾ ਕਵਿਤਾਵਾਂ ਸੁਣਾਉਣਾ ਚੰਗਾ ਨਾ ਲਗਿਆ। ਕਿਸੇ ਨੂੰ ਮੁੰਡੇ ਦੇ ਕੱਪੜੇ ਹੇਅਰ ਸਟਾਈਲ, ਗੱਲਬਾਤ ਜਾਂ ਸੰਕੋਚ ਪਸੰਦ ਨਹੀਂ। ਮੁੰਡੇ ਨੂੰ ਇਹ ਇਤਰਾਜ਼ ਕਿ ਕੁੜੀ ਇਕੱਲੀ ਨਹੀਂ ਮਿਲਦੀ।

ਜੀਤੂ ਦਾ ਸਿਰ ਚਕਰਾਅ ਜਾਂਦਾ। ਫਿਰ ਵੀ ਕੁੜੀਆਂ ਕੰਨਟੀਨ ਵਿੱਚ ਬੈਠਦੇ ਆਖਦੀਆਂ, "ਬਈ ਜੇ ਕਿਸੇ ਨੇ ਬਿੱਲ ਦੇ ਪੈਸੇ ਦੇ ਕੇ ਜੀਤੂ ਭਾਅ ਜੀ ਦੀ ਬੇਇਜ਼ਤੀ ਕੀਤੀ ਤਾਂ ਜਾਣਦੇ ਰਿਹੋ।"

ਹਰ ਤੀਜੇ ਚੋਥੇ ਉਹ ਜੀਤੂ ਤੋਂ ਬਿੱਲ ਏਠਦੀਆਂ। ਇਹਦੀ ਉਹਨੂੰ ਪ੍ਰਵਾਹ ਨਹੀਂ ਸੀ। ਪ੍ਰਵਾਹ ਇਸ ਗੱਲ ਦੀ ਸੀ ਉਹਦੀ ਆਪਣੀ ਜੋੜੀ ਕਿਉਂ ਨਹੀਂ ਸੀ ਬਣ ਰਹੀ। ਹਾਲਾਂ



ਕਿ ਉਹਦੇ ਕਾਲਜ ਦਾਖ਼ਲ ਹੋਣ ਦਾ ਮਕਸਦ ਕੇਵਲ ਇਸ਼ਕ ਮੁਸ਼ਕ ਕਰਨਾ ਨਹੀਂ ਸੀ।

ਉਹ ਤਲੋਕੇ ਵਿਰਕ ਦਾ ਪੁੱਤ ਅਤੇ ਪਿਆਰੂ ਬੈਂਕੇ ਦਾ ਪੋਤਰਾ ਸੀ। ਲਾਡ ਪਿਆਰ ਵਿੱਚ ਉਹਨੂੰ ਨਾ ਕਦੇ ਪੜ੍ਹਨਾ ਚੰਗਾ ਲਗਾ, ਨਾ ਕੰਮ ਧੰਦਾਂ 'ਚ ਰਚਿਆ। ਸਗੋਂ ਖੁੱਲ੍ਹੇ ਖਾਣ-ਪੀਣ ਨੇ ਉਹਦੇ ਹੱਡ ਅਤੇ ਕੱਦ-ਕਾਠ ਬੇਡੌਲ ਕਰ ਦਿੱਤਾ ਸੀ। ਵਿਰਕਾਂ ਵਿੱਚ ਮਧਰੇ ਕੱਦ ਨੂੰ ਹਰਾਮਦਾ ਗਿਣਦੇ ਸਨ। ਜੀਤੂ ਵਿਰਕਾਂ ਦੀ ਦਿੱਖ 'ਤੇ ਗਿਆ ਸੀ। ਔਸਤਨ ਕੱਦ ਤੋਂ ਗਿੱਠ ਉੱਚਾ। ਇਹਨਾਂ ਖਸਲਤਾਂ ਕਾਰਨ ਹੀ ਉਹ ਪਹਿਲੀ ਨਜ਼ਰੇ ਸ਼ਹਿਰੀ ਕੁੜੀਆਂ ਦੀ ਅੱਖ ਹੇਠ ਨਹੀਂ ਸੀ ਆਇਆ।

ਜੀਤੂ ਅਤੇ ਉਹਦੇ ਪਿਤਾ ਤਲੋਕੇ ਨੂੰ ਪੜ੍ਹਣ ਪੜ੍ਹਾਉਣ ਨਾਲ ਸਿਰਫ਼ ਇਤਨਾ ਮਤਲਬ ਸੀ ਕਿ ਮੁੰਡਾ ਕਿਸੇ ਤਰ੍ਹਾਂ ਠਾਣੇਦਾਰੀ ਕੁੱਟ ਜਾਵੇ, ਬੱਸ। ਨਹੀਂ ਜ਼ਮੀਨ ਜਾਇਦਾਦ ਅੱਗ ਲਾਇਆਂ ਨਹੀਂ ਸੀ ਸੜਦੀ। ਤਲੋਕੇ ਦੀ ਇਕੋ ਇਕ ਇੱਛਾ ਸੀ, ਪਿਉ ਨੂੰ ਦਿਤਾ ਵਚਨ ਪੂਰਾ ਹੋ ਜਾਵੇ।

ਇਸ ਵਚਨ ਪਿੱਛੇ ਵੀ ਵਿਰਕਾਂ ਦੀ ਹਿੰਡ ਹੀ ਸੀ।

ਹਿੰਡ ਇਹ ਸੀ ਕਿ ਕੋਈ ਵੀ ਵਿਰਕ ਅਹਿਸਾਨ ਸਿਰ ਰੱਖ ਕੇ ਨਹੀਂ ਮਰਦਾ। ਭਾਵੇਂ ਸੱਜਣਤਾਈ ਹੋਵੇ ਜਾਂ ਦੁਸ਼ਮਣੀ। ਇਸੇ ਲਈ ਜਿਥੇ ਚਾਰ ਵਿਰਕ ਇਕੱਠੇ ਹੁੰਦੇ; ਕਤਲਾਂ, ਵਾਹਰਾਂ, ਚੋਰੀਆਂ ਅਤੇ ਪੁਲਿਸ ਨਾਲ ਲੁੱਕਣਮੀਟ੍ਹੀ ਦੇ ਕਿੱਸੇ ਸੁਣਨ ਨੂੰ ਮਿਲਦੇ। ਸਮਾਂ ਬਦਲ ਗਿਆ ਸੀ। ਵਾਹ ਲਗਦੀ ਫਿਰ ਵੀ ਤਲੋਕਾ ਜੀਤੂ ਨੂੰ ਇਹਨਾਂ ਕਥਾ ਕਹਾਣੀਆਂ 'ਚ ਲਪੇਟੀ ਰੱਖਦਾ; ਜਿਨ੍ਹਾਂ ਦਾ ਲਬੋ-ਲਬਾਬ ਇਹ ਹੁੰਦਾ ਕਿ ਇਕ ਤਾਂ ਵਿਰਕ ਮੀਂਹ ਦੇ ਤਿਲਕੇ, ਅਤੇ ਪੁਲਿਸ ਦੇ ਝਿੜਕੇ ਦਾ ਬੁਰਾ ਨਹੀਂ ਮਨਾਉਂਦੇ, ਦੂਜਾ, ਉਹ ਦਿੱਤਾ ਕੌਲ ਨਹੀਂ ਭੁੱਲਦੇ। ਉਹ ਆਖਦਾ।

"ਪੁਲਿਸ ਦੀ ਝਿੜਕ ਤਾਂ ਘਿਉ ਵਾਂਗ ਲੱਗਦੀ ਏ ਵਿਰਕ ਨੂੰ।"

"ਕਿਵੇਂ ?"

"ਪੁਲਿਸ ਲੱਤ ਹੇਠ ਰਖੋ 'ਤੇ ਆਪਣੀ ਗੱਲ ਥੱਲੇ ਨਾ ਹੋਣ ਦਿਉ।"

"ਪਰ ਕਿਵੇਂ ?"

"ਲੈ ਸੁਣ । ਇਕ ਵੇਰ ਕੋਈ ਵਿਰਕ ਠਾਣੇ ਗਿਆ। ਠਾਣੇਦਾਰ ਨੇ ਉਹਨੂੰ ਜਾਂਦੇ ਹੀ ਲੰਮਾ ਪਾ ਲਿਆ। ਚੰਗਾ ਕੁਟਾਪਾ ਚਾੜ੍ਹਿਆ। ਕੁੱਟ ਖਾ ਕੇ ਬਾਹਰ ਨਿਕਲਿਆ ਤਾਂ ਕਿਸੇ ਵਾਕਫ਼ ਨੇ ਢੱਠੀ ਹੋਈ ਪੱਗ ਵੇਖ ਕੇ ਪੁਛਿਆ ਕੀ ਹੋਇਆ ? ਕਹਿੰਦਾ, ਹੋਣਾ ਕੀ ਸੀ, ਠਾਣੇਦਾਰ ਕਹਿੰਦਾ ਮੇਰੇ ਨਾਲ ਪੱਗ ਵਟਾਅ। ਮੈਂ ਕਿਹਾ, ਤੇਰੇ ਵਰਗੀ ਖੱਚ ਦੇ ਮੈਂ ਮੱਥੇ ਨਹੀਂ ਲੱਗਦਾ, ਤੂੰ ਪੱਗ-ਵੱਟ ਬਣਨ ਨੂੰ ਫਿਰਦੈਂ।"

"ਅਫ਼ਸਰ ਦੇ ਝਿੜਕੇ ਤੇ ਘੋੜੀ ਦੇ ਦੁਲੱਤੇ ਦਾ ਕਿਸੇ ਵਿਰਕ ਨੂੰ ਕੀ ਹਰਜ਼। ਵਿਰਕ ਨੂੰ ਮਾਰਨਾਂ ਹੋਵੇ ਤਾਂ ਉਹਦੇ 'ਤੇ ਅਹਿਸਾਨ ਕਰ ਦਿਓ। ਪੁਲਿਸ ਦੀ ਕੁੱਟ ਨਾਲ ਤਾਂ ਸਗੋਂ ਵਿੜ੍ਹੀ ਚੜ੍ਹਦੀ ਏ ਵਿਰਕ ਸਿਰ। ਵੱਡੇ-ਵਡੇਰੇ ਦੱਸਦੇ ਸਾਡੇ ਇਲਾਕੇ ਵੱਲ ਥੋੜ੍ਹੀ

ਕੀਤੇ ਕੋਈ ਪੁਲਿਸ ਅਫ਼ਸਰ ਮੂੰਹ ਨਹੀਂ ਸੀ ਕਰਦਾ। ਕਤਲ ਜਾਂ ਚੋਰੀ ਕਰਕੇ ਸਿੱਧਾ ਕਹਿੰਦੇ, ਜਾਹ ਕੀਤੀ ਆ, ਜਿਹੜਾ ਟਿੱਲ ਲੱਗਦਾ ਈ ਲਾ ਲੈ।"

"ਕਮਾਲ ਐ।" ਜੀਤੂ ਹੈਰਾਨ ਹੁੰਦਾ। ਤਲੋਕਾ ਹੋਰ ਸ਼ੁਰੂ ਕਰ ਲੈਂਦਾ।

"ਸਾਡਾ ਇਕ ਗਰਾਈਂ ਗਿਆ ਠਾਣੇ। ਅੱਗੇ ਦਸ ਪਿੰਡਾਂ ਦੀ ਪੰਚਾਇਤ ਬੈਠੀ ਹੋਈ। ਠਾਣੇਦਾਰ ਉਹਨੂੰ ਪਹਿਲਾਂ ਹੀ ਭਾਲਦਾ ਸੀ। ਉਹਨੇਂ ਆਉਂਦੇ ਦੇ ਦਸ ਵੀਹ ਛਿੱਤਰ ਕੱਢ ਮਾਰੇ। ਠਾਣੇ ਤੋਂ ਬਾਹਰ ਆਇਆ ਤਾਂ ਕਿਸੇ ਪੁੱਛਿਆ, ਕੀ ਹੋਇਆ? ਕਹਿੰਦਾ ਹੋਣਾ ਕੀ ਸੀ? ਠਾਣੇਦਾਰ ਕੰਜਰ ਦੂਜਿਆਂ ਤੋਂ ਖਫ਼ਾ ਸੀ। ਉਹਨੇਂ ਸਭ ਦੇ ਸਾਮ੍ਹਣੇ ਮੇਰੇ ਦਸ ਵੀਹ ਲਿਤਰੀਆਂ ਕੱਢ ਮਾਰੀਆਂ, ਜੇ ਉਹ ਪੰਜ ਸੱਤ ਹੋਰ ਮਾਰ ਦੇਂਦਾ, ਮੇਰੀ ਤਾਂ ਇੱਜਤ ਗਈ ਸੀ ਨਾ।"

ਜੀਤੂ ਹੱਸ ਹੱਸ ਦੂਹਰਾ ਹੋ ਜਾਂਦਾ।

ਪਰ ਤਲੋਕਾ ਗੰਭੀਰ ਹੋ ਜਾਂਦਾ।

"ਪੁੱਤਰਾ! ਹੁਣ ਕਹਾਣੀ ਉਲਟ ਏ ਸਾਡੇ ਘਰ ਦੀ। ਪੁਲਿਸ ਸਾਡਾ ਰੱਬ ਤੇ ਅਸੀਂ ਉਹਦੇ ਦੇਣਦਾਰ।"

ਇਹ ਕਰਜ਼ਾਈ ਹੋਣ ਦੀ ਕਹਾਣੀ ਤਲੋਕਾ ਅਨੇਕਾ ਵਾਰ ਜੀਤੂ ਨੂੰ ਸੁਣਾ ਬੈਠਾ ਸੀ।

"ਇਕ ਵੇਰ ਤੇਰੇ ਦਾਦੇ ਦੇ ਦਿਲ 'ਚ ਆਈ। ਬਥੇਰੀ ਕਰ ਲਈ ਚੋਰੀ-ਚਕਾਰੀ। ਬਦਮਾਸ਼ੀ। ਹੁਣ ਬੱਸ। ਨਨਕਾਣੇ ਜਾ ਕੇ ਸਹੁੰ ਚੁੱਕ ਆਇਆ। ਸ਼ਰੀਕਾਂ ਸੋਚਿਆ, ਇੰਜ ਤਾਂ ਇਹ ਸਾਨੂੰ ਨੀਵਾਂ ਵਿਖਾ ਦੇਵੇ ਗਾ। ਉਹਨਾਂ ਆਪਣੇ ਕੁੜਮਾਂ ਦੀਆਂ ਮੱਝਾਂ ਚੁਰਾ ਲਈਆਂ। ਜਿੱਥੇ ਉਹਨਾਂ ਦੀ ਧੀ ਵਿਆਹੀ ਹੋਈ ਸੀ। 'ਖੁਰਾ' ਸਾਡੀ ਬਹਿਕ ਤੱਕ ਲੈ ਆਏ। ਕੁੜਮਾਂ ਤੋਂ ਤੇਰੇ ਦਾਦੇ ਖਿਲਾਫ਼ ਰਪਟ ਲਿਖਵਾ ਦਿੱਤੀ। ਉਧਰੋਂ ਅੰਗਰੇਜ਼ਾਂ ਚੋਰੀ 'ਤੇ ਸਿਕੰਜਾ ਕੱਸਿਆ ਹੋਇਆ ਸੀ। ਰੱਬ ਦੀ ਕਰਨੀ ਇਕ ਨੇਕ ਅਫ਼ਸਰ ਚੋਰੀ ਦੀ ਤਪਤੀਸ਼ 'ਤੇ ਲੱਗ ਗਿਆ। ਇਕ ਦਿਨ ਸਾਦੇ ਕੱਪੜਿਆਂ 'ਚ ਚੋਰੀ ਦੀ ਸੂਹ ਲੈਣ ਪਿੰਡ ਆਇਆ। ਸ਼ਰੀਕਾਂ ਦੀ ਚਾਲ ਦਾ ਪਤਾ ਲੱਗ ਗਿਆ। ਫਿਰ ਵੀ ਉਹਨੇਂ ਅਣਜਾਣ ਬਣ ਕੇ ਸਾਡੀ ਮਾਂ ਨੂੰ ਪੁੱਛਿਆ, ਤਾਂ ਮਾਂ ਨੇ ਕਿਹਾ।

"ਚੋਰਾਂ ਦਾ ਪਤਾ ਤਾਂ ਹੈ, ਪਰ ਮੈਂ ਦੱਸਣਾ ਨਹੀਂ।"

"ਕਿਉਂ?"

"ਸਾਕਾਦਾਰੀ ਵਿੱਚ ਫਿੱਕ ਪੈ ਸਕਦੀ ਏ।"

"ਕਾਹਦੀ ਫਿੱਕ?"

"ਕਿਹੈ ਨਾ ਮੈਂ ਦੱਸਣਾ ਨਹੀਂ।"

ਪੁਲਿਸ ਅਫ਼ਸਰ ਨੇ ਜਦੋਂ ਆਪਣੀ ਅਸਲੀਅਤ ਦੱਸ ਕੇ ਯਕੀਨ ਦਿਵਾਇਆ ਕਿ ਉਹ ਰੱਤੀ ਭਰ ਆਂਚ ਨਹੀਂ ਆਉਣ ਦੇਵੇਗਾ, ਤਾਂ ਮਾਂ ਨੇ ਕਿਹਾ।

"ਸਾਡੇ ਸ਼ਰੀਕਾਂ ਕਰਵਾਈ ਚੋਰੀ। ਆਪਣੇ ਹੀ ਕੁੜਮਾਂ ਦੇ ਘਰ। ਤਲੋਕੇ ਦੇ ਪਿਉ



ਨੂੰ ਵਲੇਵੇਂ ਵਿੱਚ ਲੈਣ ਲਈ ਖੁਰਾ ਸਾਡੀ ਬਹਿਕ ਤੱਕ ਲੈ ਕੇ ਆਏ। ਅਸੀਂ ਚੋਰੀ ਇਸ ਲਈ ਉਟਣ ਨੂੰ ਰਾਜ਼ੀ ਹਾਂ ਕਿ ਉਹਨਾਂ ਦੇ ਕੁੜਮਾਂ ਨੂੰ ਅਸਲੀਅਤ ਦਾ ਪਤਾ ਲੱਗ ਗਿਆ ਤਾਂ ਉਹਨਾਂ ਦੀ ਸਾਕਾਦਾਰੀ ਵਿੱਚ ਫਿੱਕ ਪਵੇਗੀ। ਕੀ ਪਤਾ ਗੁੱਸੇ ਵਿਚ ਆਏ ਉਹਨਾਂ ਦੀ ਧੀ ਹੀ ਛੱਡ ਦੇਣ। ਵੀਰਾ ਡਾਂਗ ਸੋਟੇ ਦੀ ਲੜਾਈ ਜਰੀ ਜਾਂਦੀ ਏ। ਕਿਸੇ ਦੀ ਧੀ ਭੈਣ ਘਰ ਆ ਬਵ੍ਹੇ, ਇਹ ਜਰਿਆ ਨਹੀਂ ਜਾਂਦਾ। ਭਾਵੇਂ ਦੁਸ਼ਮਣ ਹੀ ਕਿਉਂ ਨਾ ਹੋਵੇ।"

"ਅਫ਼ਸਰ ਦੰਗ ਰਹਿ ਗਿਆ। ਸ਼ਰੀਕਾਂ ਨੂੰ ਪਤਾ ਲੱਗਾ ਤਾਂ ਉਹਨਾਂ ਨੂੰ ਮਰਨ ਨੂੰ ਥਾਂ ਨਾ ਲੱਭੇ। ਉਹਨਾਂ ਅੰਦਰੇ ਅੰਦਰ ਸਾਡੇ ਪਿਉ ਦੇ ਬਚ ਨਿਕਣ ਦੀ ਏਨੀ ਹੇਠੀ ਮਹਿਸੂਸ ਕੀਤੀ ਕਿ ਇਕ ਹੋਰ ਵੱਡੀ ਚਾਲ ਖੇਡ ਦਿੱਤੀ। ਮੇਰੀ ਭੈਣ ਦੇ ਘਰ ਸੰਨ੍ਹ ਲਾ ਦਿੱਤੀ। ਚੋਰ ਨੱਸ ਸਕਦਾ ਸੀ। ਜਾਣ ਬੁੱਝ ਕੇ ਸੰਨ੍ਹ ਵਿੱਚ ਫੜਵਾ ਦਿੱਤਾ। ਕੁਟਾਈ ਹੋਈ ਤਾਂ ਕਹਿਣ ਲੱਗਾ, ਪਿਆਰੂ ਬੈਂਕੇ ਦੇ ਕਹਿਣ 'ਤੇ ਸੰਨ੍ਹ ਲਾਈ।"

"ਇਸ ਵਾਰ ਤਫ਼ਤੀਸ਼ੀ ਅਫ਼ਸਰ ਕੋਈ ਨਵਾਂ ਸੀ। ਪਹਿਲੇ ਅਫ਼ਸਰ ਨੂੰ ਪਤਾ ਲੱਗਾ ਤਾਂ ਉਸ ਨਵੇਂ ਅਫ਼ਸਰ ਨੂੰ ਪਿਛਲੀ ਕਹਾਣੀ ਦੱਸੀ। ਜਿਹੜਾ ਸ਼ਖ਼ਸ ਸ਼ਰੀਕਾਂ ਦੀ ਕੁੜਮਾਚਾਰੀ ਵਿੱਚ ਫਿੱਕ ਪੈਣ ਤੋਂ ਡਰਦਾ ਹੋਵੇ; ਉਹ ਆਪਣੀ ਧੀ ਦਾ ਘਰ ਕਿਵੇਂ ਭੰਨ ਸਕਦਾ ਹੈ? ਸ਼ਰੀਕ ਮੂੰਹ ਭਾਰ ਜਾ ਪਏ।"

"ਤੇਰਾ ਦਾਦਾ ਪੁਲਿਸ ਅਫ਼ਸਰ ਲਈ ਵਿਕ ਗਿਆ। ਇਸ ਅਹਿਸਾਨ ਬਦਲੇ ਉਹ ਆਪਣੀ ਘੋੜੀ ਪੁਲਿਸ ਅਫ਼ਸਰ ਦੇ ਘਰ ਬੰਨ੍ਹ ਆਉਣ ਨੂੰ ਫਿਰਦਾ ਸੀ, ਕਿ ਪਾਕਿਸਤਾਨ ਬਣ ਗਿਆ।"

"ਹੱਲਿਆਂ ਵਿੱਚ ਤੇਰੇ ਦਾਦੇ ਨੂੰ ਹੈਜਾ ਹੋ ਗਿਆ। ਮਰਨ ਵੇਲੇ ਉਸ ਮੈਥੋਂ ਵਚਨ ਲਿਆ।"

"ਸਾਰੀ ਉਮਰ ਚੋਰੀਆਂ ਕੀਤੀਆਂ। ਕਤਲ ਕੀਤੇ। ਕਦੇ ਪੁਲਿਸ ਤੋਂ ਕੁੱਟ ਖਾਧੀ। ਕਦੇ ਚਾਦਰ ਚੁੱਕ ਕੇ ਵਿਖਾ ਦਿਤੀ। ਪਰ ਉਹ ਇਮਾਨਦਾਰ ਪੁਲਿਸ ਅਫ਼ਸਰ ਦੋ ਵੇਰ ਮੇਰੀ ਪੱਗ ਬਚਾ ਕੇ ਮੇਰੇ ਸਿਰ ਵਿਤ੍ਰੀ ਚਾੜ੍ਹ ਗਿਆ। ਮੈਂ ਕਦੇ ਹਸਾਨ ਸਿਰ ਨਹੀਂ ਰਹਿਣ ਦਿੱਤਾ। ਹੁਣ ਮੈਤੋਂ ਇਹ ਲਹਿਣਾ ਨਹੀਂ। ਇਕੋਂ ਤਰ੍ਹਾਂ ਲਹਿ ਸਕਦੈ। ਜੇ ਤੂੰ ਆਪਣੇ ਪੁੱਤਰ ਨੂੰ ਉਹਦੇ ਵਰਗੇ ਇਮਾਨ ਵਾਲਾ ਪੁਲਿਸ ਅਫ਼ਸਰ ਬਣਾਏਂ ਤਾਂ। ਵਚਨ ਦੇਹ।"

"ਪੁਲਿਸ ਅਤੇ ਇਮਾਨਦਾਰੀ? ਮੁਸ਼ਕਿਲ ਹੈ।" ਜੀਤੂ ਆਖਦਾ

"ਢਿੱਡੋਂ ਕੋਈ ਬੇਈਮਾਨ ਨਹੀਂ ਜੰਮਦਾ ਪੁੱਤਰਾ। ਅਸੀਂ ਬਣਾਉਂਦੇ ਹਾਂ ਬੇਈਮਾਨ।" ਤਲੋਕਾ ਆਖਦਾ।

"ਕਿਵੇਂ?"

"ਵੱਢੀ ਦੇ ਕੇ, ਰਿਸ਼ਵਤ ਦੇਣੀ ਛੱਡ ਦਿਉ। ਲੈਣੀ ਆਪੇ ਛੁੱਟ ਜਾਏਗੀ। ਪੁਲਿਸ ਵਿੱਚ ਵੀ ਇਮਾਨਦਾਰ ਹੁੰਦੇ ਨੇ।"

"ਅੰਗਰੇਜ਼ਾਂ ਵੇਲੇ ਗੱਲ ਹੋਰ ਸੀ।"

"ਮੈਂ ਕੌਲ ਕੀਤਾ ਏ ਪਿਉ ਨਾਲ। ਤੂੰ ਇਕ ਵੇਰ ਤਾਰੇ ਲੁਆ ਮੱਥੇ 'ਤੇ। ਸਾਡੇ ਕੋਲ ਕਾਹਦੀ ਘਾਟ ਏ ? ਕਿਹੜਾ ਵੱਢ੍ਹੀ ਲਵੇਂਗਾ ਤੂੰ।"

ਵੱਢ੍ਹੀ ਤਾਂ ਬਾਦ ਦੀ ਗੱਲ ਸੀ। ਜੀਤੂ ਨੂੰ ਤਾਂ ਕਾਲਜ ਹੀ ਹਊਆ ਲੱਗਦਾ ਸੀ। ਮੁੰਡੇ ਕੁੜੀਆਂ। ਅਧਿਆਪਕ। ਸ਼ੋਰ। ਆਪੋ-ਧਾਪੀ। ਕੁਝ ਵੀ ਸੰਭਵ ਨਹੀਂ ਸੀ ਜਾਪਦਾ।

ਪਰ ਇਕ ਨਿੱਕੀ ਜਿਹੀ ਘਟਨਾ ਨੇ ਉਹਦੀ ਜ਼ਿੰਦਗੀ ਹੀ ਬਦਲ ਦਿੱਤੀ।

ਸਹਿਪਾਠੀਆਂ ਨਾਲ ਉਹ ਕੰਨਟੀਨ 'ਚ ਬੈਠਾ ਸੀ।

ਅਚਾਨਕ ਜ਼ੋਰ ਦੀ ਹਨੇਰੀ ਆਈ। ਕੰਨਟੀਨ ਦੇ ਸਾਮ੍ਹਣੇ ਚਾਰ ਦਿਵਾਰੀ ਅਤੇ ਸਕੂਟਰ ਸਟੈਂਡ ਦੇ ਰਾਹ ਵਿਚਾਲੇ ਸਫ਼ੈਦੇ ਦਾ ਇਕ ਟਾਹਣ ਟੁੱਟ ਕੇ ਆ ਡਿੱਗਾ। ਮੁੰਡੇ ਕੁੜੀਆਂ ਉੱਤੋਂ ਦੀ ਸਾਈਕਲ ਟਪਾਉਣ ਲੱਗੇ। ਪ੍ਰਿੰਸੀਪਲ ਸਾਹਿਬ ਆਏ। ਟਾਹਣ ਪਰੇ ਕਰਨ ਤੋਂ ਬਿਨ੍ਹਾਂ ਉਹਨਾਂ ਦੀ ਕਾਰ ਨਿਕਲਨੀ ਮੁਸ਼ਕਿਲ ਸੀ।

ਦੋਵੇਂ ਮਾਲੀ ਸੱਦੇ ਗਏ। ਕੁਝ ਮੁੰਡਿਆਂ ਜ਼ੋਰ ਲਗਾਇਆ। ਸਿਰ ਫੇਰ ਕੇ ਪਾਸੇ ਹੋ ਗਏ। ਛੋਟੀ ਨਾਲ ਕੁਹਾੜੀ ਲੱਭੀ ਜਾਣ ਲੱਗੀ। ਪਤਾ ਨਹੀਂ ਜੀਤੂ ਦੇ ਦਿਲ ਵਿੱਚ ਕੀ ਆਈ। ਜੁੱਤੀ ਲਾਹੀ। ਕੰਨਟੀਨ ਵਿੱਚ ਖਾਲੀ ਬੋਰੀ ਚਹੁਰੀ ਕਰ, ਮੋਢੇ ਧਰੀ। ਚਾਰ ਦਿਵਾਰੀ ਵੱਲੋਂ ਟਾਹਣ ਥੱਲੇ ਮੋਢਾ ਦੇ ਕੇ ਲਾਨ ਵੱਲ ਵਗਾਹ ਮਾਰਿਆ। ਮੁੰਡਿਆਂ ਹੌਸਲਾ ਕੀਤਾ ਤੇ ਟਾਹਣ ਖਿਸਕਾ ਕੇ ਰਾਹ ਖੋਲ੍ਹ ਦਿੱਤਾ।

ਪ੍ਰਿੰਸੀਪਲ ਜਦੋਂ ਜੀਤੂ ਨੂੰ ਸ਼ਾਬਾਸ਼ ਦੇ ਰਹੇ ਸਨ, ਰੰਮੀ ਜੀਤੂ ਦੇ ਪਿੱਛੇ ਖੜ੍ਹੀ ਸੀ। ਜਿਸ ਜੀਤੂ ਵੱਲ ਉਹਨੇ ਕਲਾਸ ਵਿੱਚ ਕਦੇ, ਪਲਟ ਕੇ ਨਹੀਂ ਸੀ ਦੇਖਿਆ। ਦੇਖਦੀ ਹੀ ਰਹਿ ਗਈ।

ਸਹਿਪਾਠੀ ਪਾਰਟੀ ਪਾਰਟੀ ਚੀਕਣ ਲੱਗੇ।

ਇਸ ਤੋਂ ਪਹਿਲਾਂ ਕਿ ਜੀਤੂ 'ਚੰਗਾ ਬਾਬਾ' ਕਹਿ ਕੇ ਖਹਿੜਾ ਛੁਡਾਉਂਦਾ। ਰੰਮੀ ਕਿਹਾ।

"ਪਾਰਟੀ ਮੇਰੇ ਵੱਲੋਂ..."

ਸਭ ਹੈਰਾਨੀ ਨਾਲ ਇਕ ਦੂਜੇ ਵੱਲ ਝਾਕੇ। ਕਿਥੇ ਰੰਮੀ। ਕਿਥੇ ਜੀਤੂ।

ਰੰਮੀ ਦਲੇਰ ਅਤੇ ਕਾਮ-ਮੱਤੀ ਮੁਟਿਆਰ ਸੀ। ਪਿਛਲੇ ਤਿੰਨ ਮਹੀਨਿਆਂ ਵਿੱਚ ਉਹ ਕਈ ਮੁੰਡੇ ਛੱਡ ਚੁੱਕੀ ਸੀ। ਉਹਦੇ ਅਨੁਸਾਰ, ਉਨ੍ਹਾਂ ਮੁੰਡਿਆਂ ਵਿੱਚ ਬੰਦਿਆਂ ਵਾਲਾ ਕੁਝ ਵੀ ਨਹੀਂ ਸੀ। ਨਾ ਉਤੇਜਨਾ। ਨਾ ਜੋਸ਼। ਇਕੱਲ ਹੋਵੇ। ਮੁੰਡਾ ਮੱਚ ਨਾ ਉੱਠੇ। ਰੰਮੀ ਨੂੰ ਆਪਣੀ ਹੇਠੀ ਜਾਪਦੀ।

ਜੀਤੂ ਨਾਲ ਉਸ ਹੱਥ ਮਿਲਾਇਆ।

"ਅੱਜ ਤੋਂ ਬਾਦ ਆਪਾਂ ਦੋਸਤ।"

ਅੰਨ੍ਹਾਂ ਕੀ ਭਾਲੇ ਦੋ ਅੱਖਾਂ ?

ਇਸ ਨਿੱਕੀ ਜਿਹੀ ਘਟਨਾ ਨੇ ਜੀਤੂ ਦੁਆਲੇ ਕੁੜੀਆਂ ਤਿਤਲੀਆਂ ਵਾਂਗ



ਉੱਡਣ ਲਾ ਦਿੱਤੀਆਂ।

ਜੀਤੂ ਸੋਚਿਆ, ਪਿੰਡ ਵਿੱਚ ਤਾਂ ਉਹਦੇ ਭਾਰੇ ਜੁੱਸੇ ਨੂੰ ਲੋਕ 'ਖਵੀਸ' ਦੀ ਉਪਾਧੀ ਦਿੰਦੇ ਸਨ। ਉਸ ਦਿਨ ਤੋਂ ਬਾਦ ਉਹ ਘਰ ਆ ਕੇ ਦੁੱਧ ਘਿਓ ਦੀਆਂ ਸਹੁੰਆਂ ਲਾਹੁਣ ਲੱਗ ਪਿਆ।

ਦੂਜੇ ਦਿਨ ਸਵੇਰੇ ਜੀਤੂ ਨੂੰ ਪ੍ਰਿੰਸੀਪਲ ਨੇ ਬੁਲਾਇਆ ਅਤੇ ਸਪੋਰਟਸ ਵਾਲੇ ਸੰਧੂ ਦੇ ਹਵਾਲੇ ਕਰ ਦਿੱਤਾ। ਉਸ ਦਿਨ ਤੋਂ ਬਾਦ ਜਿਸ ਨੇ ਵੀ ਜੀਤੂ ਨੂੰ ਨਿੱਕਰ ਬਨਿਆਇਨ ਵਿੱਚ ਵੇਖਿਆ, ਰੰਮੀ ਦੀ ਚੋਣ 'ਤੇ ਰਸ਼ਕ ਆਇਆ।

ਰੰਮੀ ਰੱਜ ਕੇ ਸੋਹਣੀ ਅਤੇ ਮੂੰਹ-ਫੱਟ ਸੀ। ਉਹ ਫੋਕੇ ਆਸ਼ਕ ਮਸ਼ੂਕਾਂ ਵਾਲੀ ਭੀੜ ਵਿੱਚੋਂ ਨਹੀਂ ਸੀ। ਉਹਦੀ ਮਾਂ ਨਹੀਂ ਸੀ। ਪਿਤਾ ਦੀ ਦੂਜੀ ਸ਼ਾਦੀ ਅਤੇ ਪੈਸੇ ਧੇਲੇ ਦੀ ਖੁੱਲ੍ਹ ਨੇ ਉਹਨੂੰ ਅੱਯਾਸ਼ ਬਣਾ ਦਿੱਤਾ ਹੋਇਆ ਸੀ। ਉਹਨੇ ਦੂਜੀ ਤੀਜੀ ਮੁਲਾਕਾਤ ਵਿੱਚ ਹੀ ਜੀਤੂ ਨੂੰ ਸਾਫ਼ ਕਰ ਦਿੱਤਾ ਸੀ ਕਿ ਉਹ ਕਿਸ ਕਿਸਮ ਦੀ ਕੁੜੀ ਸੀ। ਉਹਦੀ ਜਾਚੇ ਔਰਤ ਮਰਦ ਰਿਸ਼ਤੇ ਦੀਆਂ ਬਹੁਤੀਆਂ ਮੰਜ਼ਿਲਾਂ ਦੇ ਰਸਤੇ ਜਿਸਮ ਦੀਆਂ ਪਗਡੰਡੀਆਂ ਉਤੋਂ ਹੀ ਹੋ ਕੇ ਜਾਂਦੇ ਸਨ।

"ਕਾਲਜ ਤੋਂ ਕੀ ਚਾਹੁੰਨੈ ਤੂੰ ?" ਇਕ ਦਿਨ ਉਸ ਸਪਸ਼ਟ ਪੁੱਛਿਆ।

"ਪਿਤਾ ਦੀ ਇੱਛਾ ਲਈ ਠਾਣੇਦਾਰੀ।"

"ਤੇਰੀ ਕੋਈ ਇੱਛਾ ਨਹੀਂ ?"

"ਤੇਰੀ ਦੋਸਤੀ।"

"ਠਾਣੇਦਾਰੀ ਵਾਲੀ ਕੋਈ ਦਲੇਰੀ ਤਾਂ ਦਿਖਾ।"

"ਕਿਵੇਂ ?"

"ਇਹ ਦੱਸਣਾ ਪਏਗਾ ?"

"ਸਮਝ ਗਿਆ।"

"ਕੀ ਸਮਝ ਗਿਆ ?"

"ਕਿਸੇ ਨੂੰ ਕੁੱਟ ਕੇ ਦਿਖਾਵਾਂ ?"

ਰੰਮੀ ਮੱਥੇ 'ਤੇ ਹੱਥ ਮਾਰਿਆ।

"ਹੋਰ ਕੀ ?"

"ਮੇਰੀ ਮਾਂ ਦਾ ਸਿਰ।"

"ਇਹ ਮਾਂ ਕਿੱਥੋਂ ਆ ਗਈ ?"

"ਜਿੱਥੋਂ ਤੇਰੀ ਕੁੱਟ ਆ ਗਈ।"

"ਥਾਣੇਦਾਰੀ ਮੇਰੇ ਪਿਤਾ ਦਾ ਮਿਸ਼ਨ ਹੈ।"

"ਤੂੰ ਕਿਸ ਨਾਲ ਗੱਲ ਕਰ ਰਿਹੈਂ ? ਪਤਾ ਤੈਨੂੰ ? ਮੈ ਅੱਧਾ ਅਧੂਰਾ ਕੁਝ ਵੀ ਪਸੰਦ ਨਹੀਂ ਕਰਦੀ।"

"ਜਿਹੋ ਜਿਹਾ ਹਾਂ ਤੇਰੇ ਸਾਮ੍ਹਣੇ ਹਾਂ।"

"ਦੇਖ ਮੈਂ ਕੇਵਲ ਉਹ ਪਲ... ਉਹ ਲਮਹਾ, ਉਹ ਦੋਸਤ ਰੱਜ ਕੇ ਮਾਣਨਾ ਚਾਹੁੰਨੀ ਹਾਂ, ਜੋ ਮੇਰੇ ਹੱਥ ਵਿੱਚ ਹੈ। ਕੱਲ੍ਹ ਜੋ ਬੀਤ ਗਿਆ, ਜਾ ਆਉਣਾ ਹੈ, ਮੈਂ ਉਸ ਹਨੇਰੇ ਵਿੱਚ ਨਹੀਂ ਭਟਕਦੀ, ਤੂੰ ਕੱਲ੍ਹ ਲਈ ਜੀ ਰਿਹੈਂ ਇਸ ਲਈ ਬਾਏ!..."

ਰੰਮੀ ਕਈ ਦਿਨ ਜੀਤੂ ਨੂੰ ਨਾ ਮਿਲੀ।

ਸਹਿਪਾਠੀਆਂ ਨੂੰ ਲੱਗਾ, ਦੋਹਾਂ ਵਿੱਚ ਤੜੱਕ ਹੋ ਗਈ।

ਇਕ ਦਿਨ ਜੀਤੂ ਨੇ ਰੰਮੀ ਰਾਹ ਵਿੱਚ ਹੀ ਰੋਕ ਲਈ।

"ਮਿਲਦੀ ਕਿਉਂ ਨਹੀ?"

"ਕਿਸ ਲਈ?"

"ਦੋਸਤੀ ਕਿੱਧਰ ਗਈ?"

"ਕੱਲ੍ਹ ਲਈ ਜਿਉਣ ਵਾਲਿਆਂ ਨਾਲ ਮੈਂ ਦੋਸਤੀ ਨਹੀਂ ਕਰਦੀ।"

"ਪਹਿਲਾਂ ਕਿਉਂ ਕੀਤੀ?"

"ਬਾਂਸ ਨੂੰ ਗੰਨਾ ਸਮਝਣ ਦੀ ਗ਼ਲਤੀ ਹੋਈ।"

"ਕੀ ਮਤਲਬ?"

"ਗੰਨਾ ਹੁੰਦਾ ਤਾਂ ਰਸ ਨਿਕਲਦਾ। ਬਾਂਸ ਵਿੱਚੋਂ ਕੀ ਨਿਕਲਣਾ ਸੀ?"

"ਬਾਂਸ ਆਪਣੀ ਥਾਂ, ਗੰਨਾ ਆਪਣੀ। ਪਰੇ ਬਾਂਸ 'ਚ ਅੱਗ ਹੁੰਦੀ ਹੈ।"

"ਮੈਨੂੰ ਤਾਂ ਦਿੱਸੀ ਨਹੀਂ।"

"ਸ਼ਾਮੀਂ ਗਰਾਊਂਡ 'ਚ ਆਈ।"

"ਅੱਗ ਲਾਵਾਂ ਤੇਰੀ ਗਰਾਊਂਡ ਤੇ ਸਪੋਰਟਸ ਨੂੰ।"

"ਫਿਰ ?"

"ਸਿੱਧੀ ਦਿਖਾ ਜੇ ਦਿਖਾ ਸਕਦੈਂ ਤਾਂ।"

"ਸਿੱਧੀ ਨਹੀਂ ਦਿੱਸਦੀ।"

"ਬੜੀਆਂ ਸਿਆਣੀਆਂ ਗੱਲਾਂ ਕਰਨ ਲੱਗ ਪਿਆ।"

"ਤੈਥੋਂ ਸਿੱਖੀਐਂ..."

"ਮੈਥੋਂ ਸਿੱਖਦਾ ਤਾਂ ਬੰਦਾ ਬਣ ਗਿਆ ਹੁੰਦਾ।"

"ਹੁਣ ਕੀ ਹਾਂ?"

"ਬਾਂਸ..."

ਰੰਮੀ ਰੁੱਸ ਕੇ ਚਲੀ ਗਈ। ਜੀਤੂ ਨੂੰ ਅੱਗ ਲੱਗ ਗਈ। ਇਕ ਦਿਨ ਜੀਤੂ ਰੰਮੀ ਨੂੰ ਲੈ ਕੇ ਦੂਰ ਜਾ ਖੜ੍ਹਾ।

"ਦੱਸ ਕਦੋਂ ਦਿਖਾਵਾਂ?"

"ਕੀ?"



"ਬਾਂਸ ਵਿਚਲੀ ਅੱਗ?"

ਰੰਮੀ ਜੀਤੂ ਦੀਆਂ ਅੱਖਾਂ ਵਿਚ ਸਿੱਧਾ ਝਾਕੀ।

"ਦੇਖ ! ਤੈਨੂੰ ਪਤੈ ਮੈਨੂੰ ਅਧੂਰਾ ਕੁਝ ਵੀ ਪਸੰਦ ਨਹੀਂ। ਤੂੰ ਜਦੋਂ ਮਿਲਦੈ, ਤੇਰਾ ਪਿਤਾ, ਠਾਣੇਦਾਰੀ ਤੇਰੀ ਸਪੋਰਟਸ, ਵਿਚ ਆ ਖੜ੍ਹਦੀ ਐ। ਸ਼ਰਤ ਇਹ ਹੈ ਕਿ ਤੇਰੇ ਮੇਰੇ ਬਿਨਾਂ ਹੋਰ ਕੋਈ ਨਹੀਂ ਹੋਏਗਾ ਵਿਚਾਲੇ।"

"ਠੀਕ !"

ਰੰਮੀ ਨੂੰ ਜੀਤੂ ਤੋਂ ਇਸ ਬੇਬਾਕੀ ਦੀ ਉਮੀਦ ਨਹੀਂ ਸੀ। ਉਸਨੂੰ ਲੱਗਾ, ਜੀਤੂ ਬ੍ਰੇਕ-ਹੱਥਾ ਨਹੀਂ ਸੀ। ਕਾਫ਼ੀ ਦੇਰ ਦੀ ਚੁੱਪੀ ਤੋਂ ਬਾਅਦ ਬੋਲੀ।

"ਇਕ ਹੋਰ ਸ਼ਰਤ..."

"ਕੀ ?"

"ਕੋਈ ਮਹਿਫ਼ੂਜ਼ ਜਿਹੀ ਥਾਂ"

"ਕਿਉਂ ?"

"ਕਿਉਂ ਕੀ ? ਅੱਗ ਦੇ ਮਸਲੇ ਨਾ ਬੁੱਝੂ...।"

"ਕੱਢ ਕੇ ਲੈ ਜਾਵਾਂ?"

"ਘੁੱਗੂ ਨਾਥ ਹੋਸ਼ ਕਰ... ਔਰ ਤੇਰੀ ਥਾਣੇਦਾਰੀ?"

ਰੰਮੀ ਨੂੰ ਜੀਤੂ ਦੀ ਸਾਫ਼ਗੋਈ ਚੰਗੀ ਲੱਗੀ। ਜੀਤੂ ਨੇ ਰੰਮੀ ਬਹੁਤ ਨੇੜਿਉਂ ਵੇਖੀ। ਕੁੜੀ ਦੀਆਂ ਮਦਹੋਸ਼ ਅੱਖਾਂ ਅਤੇ ਫ਼ਰਕਦੇ ਬੁੱਲ੍ਹਾਂ ਤੋਂ ਉਹਨੂੰ ਡਰ ਲੱਗਿਆ।

ਜੀਤੂ ਵਿਚ ਇਤਨਾਂ ਦਮ ਨਹੀਂ ਸੀ। ਇਹ ਤਾਂ ਉਹਦੇ ਇਕ ਸਾਥੀ ਨੇ ਉਹਨੂੰ ਹੌਸਲਾ ਦਿੱਤਾ ਸੀ। ਇਕ ਪਲ ਜੀਤੂ ਖੂਹ ਪੁੱਟ ਕੇ ਪਾਣੀ ਪੀਣ ਵਾਲੀ ਸਥਿਤੀ 'ਚ ਘਿਰ ਗਿਆ। ਉਹਨੇਂ ਕੁੜੀ ਦੀ ਵੰਗਾਰ ਕਬੂਲੀ ਅਤੇ ਆਪਣੇ ਆਪ ਨੂੰ ਕਿਹਾ।

"ਹੂੰ ! ਕੋਈ ਮਹਿਫ਼ੂਜ਼ ਜਿਹੀ ਥਾਂ... ਚਲੋ ਦੇਖਦੇ ਹਾਂ।"

"ਬਿਲਕੁਲ !" ਰੰਮੀ ਨੂੰ ਲੱਗਾ, ਜਿਵੇਂ ਉਸ ਕਿਹਾ ਹੋਵੇ। "ਔਰ ਕੋਈ ਤੀਜਾ ਨਹੀਂ।"

ਜੀਤੂ ਉਚਾਟ ਹੋ ਗਿਆ। ਉਹਨੇ ਕਈ ਯਾਰ ਟੋਹੇ। ਕਈ ਮੁੰਡੇ ਉਹਦੇ ਵਾਲੇ ਸੰਕਟ 'ਚ ਸਨ। 'ਕੋਈ ਮਹਿਫ਼ੂਜ਼ ਥਾਂ।' ਇਹ ਸ਼ਬਦ ਉਹਦੇ ਕੰਨਾਂ ਵਿਚ ਗੂੰਜਦਾ। ਸਭ ਨੇ ਕਿਹਾ, ਸਾਲ ਪਹਿਲਾਂ ਕੋਈ ਦਿੱਕਤ ਨਹੀਂ ਸੀ। ਮੁਸ਼ਕਿਲ ਤੱਦ ਪੇਸ਼ ਆਈ ਜਦੋਂ ਸ਼ਹਿਰ ਦੇ ਮੀਲਾਂ ਤੱਕ ਫੈਲੇ ਇਕ ਪ੍ਰਾਚੀਨ ਤਾਲਾਬ 'ਤੇ ਨੇਤਾ ਦਾ ਬੁੱਤ ਲੱਗਾ। ਬੁੱਤ ਲੱਗਦੇ ਹੀ ਪਹਿਰਾ ਲੱਗ ਗਿਆ। ਤਦ ਤੋਂ ਮੁਢੀਰ ਕੁੜਿਕੀ 'ਚ ਸੀ।

ਦਿਨ ਲੰਘਣ ਲੱਗੇ।

ਰੰਮੀ ਮਿਲਦੀ, ਖਚਰੀ ਜਿਹੀ ਹਾਸੀ ਹੱਸ ਕੇ ਲੰਘ ਜਾਂਦੀ। ਜੀਤੂ ਕਿਸੇ ਮਾਰ ਨਾਲ ਝੰਬਿਆ ਜਾਂਦਾ।

ਇਕ ਸ਼ਾਮ ਉਹ ਪਿੰਡ ਜਾਣ ਦੀ ਥਾਂ ਪ੍ਰਾਚੀਨ ਤਾਲਾਬ ਵੱਲ ਨਿਕਲ ਆਇਆ। ਕੱਤੇ ਦੇ ਦਿਨ ਸਨ। ਤਾਲਾਬ ਦੇ ਚੁਫ਼ੇਰੇ ਸੰਘਣੇ ਰੁੱਖ ਘਣੇ ਜੰਗਲ ਵਾਂਗ ਫ਼ੈਲੇ ਹੋਏ ਸਨ। ਸਿੱਲ੍ਹੀ ਜਿਹੀ ਹਵਾ ਰੁਮਕ ਰਹੀ ਸੀ। ਤ੍ਰਕਾਲਾਂ ਹਾਲੀ ਉੱਤਰੀਆਂ ਨਹੀਂ ਸਨ ਪਰ ਰੁੱਖਾਂ ਦੇ ਜਮਘਟ ਵਿਚ ਰਾਤ ਪੱਸਰ ਗਈ ਦਿੱਸਦੀ ਸੀ।

ਥੋੜ੍ਹਾ ਅੰਦਰ ਗਿਆ ਤਾਂ ਅੱਗੋਂ ਪੁਲਿਸ ਚੌਕੀ ਸੀ। "ਸਾੜ੍ਹੇ ਸਾਤ ਤੱਕ ਵਾਪਿਸ... ਨਹੀਂ ਤੋਂ ਜੁਰਮਾਨਾ।" ਪਹਿਰੇਦਾਰ ਕਿਹਾ। ਜੀਤੂ ਬੇ ਪ੍ਰਵਾਹ ਅੱਗੇ ਵਧਿਆ। ਝੂੰਮ ਉੱਠਿਆ। ਕਮਾਲ ਦੀ ਜਗ੍ਹਾ ਸੀ। ਮੀਲਾਂ ਤੱਕ ਫੈਲਿਆ ਜੰਗਲ ਅਤੇ ਤਾਲਾਬ। ਚੁਫ਼ੇਰੇ ਉੱਚੇ ਸੰਘਣੇ ਰੁੱਖ। ਤਾਲਾਬ ਦੇ ਚੁਫ਼ੇਰੇ ਵਲ ਖਾਂਦਾ ਕੱਚਾ ਰਾਹ। ਰੁੱਖ ਅਤੇ ਝਾੜੀਆਂ ਢਾਲਵੇਂ ਕੰਢਿਆਂ 'ਤੇ ਇਸ ਕਦਰ ਉਲਝ ਗਏ ਹੋਏ ਸਨ ਕਿ ਦਸ ਕਦਮ ਦੂਰ ਵੀ ਕੋਈ ਨਹੀਂ ਸੀ ਦਿੱਸਦਾ।

ਕਈ ਮਨਚਲੇ ਜੋੜੇ ਬੈਠੇ ਸਨ। ਛੇਤੀ ਕੀਤੇ ਦਿੱਸਦੇ ਨਹੀਂ ਸਨ। ਕੋਈ ਤਰੱਦਦ ਕਰਕੇ ਝਾੜੀਆਂ ਵਿਚਲੀਆਂ ਕੰਡਿਆਲੀਆਂ ਪਗਡੰਡੀਆਂ ਪਾਰ ਕਰੇ। ਕੰਢੇ ਤੋਂ ਨੀਚੇ ਉੱਤਰੇ। ਪਾਣੀ ਅਤੇ ਪਥਰੀਲੀਆਂ ਪੌੜੀਆਂ ਤੱਕ ਜਾਵੇ। ਧਿਆਨ ਨਾਲ ਦੇਖੇ। ਫਿਰ ਪਤਾ ਲਗਦਾ ਕਿ ਕੋਈ ਬੈਠਾ ਸੀ।

ਪਤਾ ਲੱਗਾ ਪਿਛਲੀਆਂ ਦੋ ਨੁੱਕਰਾਂ 'ਤੇ ਰਾਤ ਵੇਲੇ ਪਹਿਰਾ ਲੱਗਦਾ ਸੀ। ਸ਼ਾਇਦ ਇਸ ਲਈ ਕਿ ਤਾਲਾਬ ਦੇ ਪਿਛਲੇ ਹਿੱਸੇ ਵਿਚ ਹੱਲਿਆਂ ਵੇਲੇ ਦੀ ਸ਼ਹਿਰੀ ਵੱਸੋਂ ਦੇ ਅਣਗਿਣਤ ਖੰਡਰ ਸਨ; ਜੋ ਦਿਨ ਵੇਲੇ ਹੀ ਡਰਾਉਣੇ ਲਗਦੇ।

ਜੀਤੂ ਮਨ ਹੀ ਮਨ ਜਾਇਜ਼ਾ ਲਿਆ ਅਤੇ ਆਪਣੇ ਆਪ ਨੂੰ ਕਿਹਾ, 'ਕਮਾਲ ਹੈ। ਜੇਕਰ ਦਿਨ ਵੇਲੇ ਇਹ ਹਾਲਤ ਹੈ; ਰਾਤ ਨੂੰ ਤਾਂ ਕੋਈ ਖ਼ਤਰਾ ਹੀ ਨਹੀਂ।' ਉਹਨੇ ਮਨ ਹੀ ਮਨ ਫ਼ੈਸਲਾ ਕੀਤਾ ਕਿ ਇਸੇ ਜੰਗਲ ਵਿਚ ਬਾਂਸ ਦੀ ਅੱਗ ਨਾਲ ਰੌਸ਼ਨੀ ਕੀਤੀ ਜਾਏਗੀ।

ਜਿਵੇਂ ਹੀ ਰਾਤ ਨੇ ਰੁੱਖਾਂ ਨੂੰ ਆਪਣੇ ਕਲਾਵੇ 'ਚ ਲਿਆ। ਤਾਲਾਬ ਘੁੱਪ ਹਨੇਰੇ ਵਿਚ ਘਿਰ ਗਿਆ। ਪਹਿਰੇਦਾਰ ਦੀ ਹਿਦਾਇਤ ਦੇ ਬਾਵਜੂਦ ਉਹ ਰੁਕਿਆ ਰਿਹਾ। ਜਿਵੇਂ ਹੀ ਹੂਟਰ ਵੱਜਿਆ, ਲੋਕ ਕਾਹਲੀ ਨਾਲ ਖਿਸਕਣ ਲੱਗੇ। ਦੇਰ ਬਾਦ ਇਕ ਸਿਪਾਹੀ ਬੀੜੀ ਪੀਂਦਾ ਆਇਆ।

"ਤੁਮ ਗਏ ਨਹੀਂ।" ਉਹ ਜੀਤੂ ਨੂੰ ਮੁਖ਼ਾਤਿਬ ਹੋਇਆ।

"ਮਿਲਨਾ ਥਾ।"

"ਕਿਸੇ ?"

"ਆਪ ਸੇ..."

"ਕਾਹੇ ਕੂ ?"

"ਵੈਸੇ ਹੀ..."

"ਦੇਖੋ ! ਲੜਕੀ ਵੜਕੀ ਕਾ ਚੱਕਰ ਨਹੀਂ ਚਲੇਗਾ ਇਧਰ...।"



"ਕਿਉਂ ?"

"ਚੌਕ ਹੋ ਸਕਤਾ ਹੈ।"

"ਨਹੀਂ ਹੂਆ ਤੋ ?"

"ਹੂਆ ਤੋ ਮੇਰੀ ਨੌਕਰੀ ਗਈ। ਬਹੁਤ ਸਖ਼ਤੀ ਹੈ।"

"ਲੇਕਿਨ ਮੈਂ ਤੋ ਅਕੇਲਾ ਹੂੰ।"

"ਸਾਇਰਨ ਹੋ ਚੁੱਕਾ ਹੈ। ਜੁਰਮਾਨਾ ਲਗੇ ਗਾ।"

"ਕਿਤਨਾ ?" ਜੀਤੂ ਜੇਬ ਵੱਲ ਹੱਥ ਵਧਾਇਆ।

"ਯਹਾਂ ਨਹੀਂ... ਚੈਕ ਪੋਸਟ ਪਰ।"

"ਉਸ ਕੋ ਛੋੜੋ, ਤੁਮ ਬੋਲੋ।"

"ਅਰੇ ਮੁਝੇ ਛੋੜੋ..."

ਸਿਪਾਹੀ ਦੇ ਵਾਕ ਪੂਰਾ ਕਰਨ ਤੋਂ ਅਗੇਤੇ ਹੀ ਜੀਤੂ ਨੇ ਕੁਝ ਰੁਪੈ ਸਿਪਾਹੀ ਵੱਲ ਵਧਾਏ।

"ਕਾਹੇ ਕੋ ?"

"ਤੇਰੇ ਸਾਥ ਬਾਤੇਂ ਕੀ... ਦੋਸਤ ਬਨ ਗਏ ਨਾ।"

"ਤੋ ਅਬ ਬਾਹਰ ਕੇ ਰਸਤੇ ਮੱਤ ਜਾਨਾ। ਆਓ ਇਧਰ।" ਪੈਸੇ ਪੈਂਟ ਦੀ ਜੇਬ ਦੇ ਹਵਾਲੇ ਕਰਦਿਆਂ ਸਿਪਾਹੀ ਅੱਗੇ ਲੱਗ ਤੁਰਿਆ ਅਤੇ ਇਕ ਖੋਲ੍ਹੇ ਦੀ ਬਗਲ ਨੇੜੇ ਲੈ ਆਇਆ। ਜੀਤੂ ਦੇਖਿਆ, ਤਾਲਾਬ ਦਾ ਪਾਣੀ ਸਾਫ਼ ਕਰਨ ਲਈ ਇਕ ਪੱਕਾ ਸਾਈਫ਼ਨ ਬਣਾਇਆ ਹੋਇਆ ਸੀ, ਜਿਸਦੇ ਨਾਲ ਨਾਲ ਸ਼ਹਿਰ ਦੇ ਪਿਛਵਾੜੇ ਵੱਲ ਲੰਘਿਆ ਜਾ ਸਕਦਾ ਸੀ।

"ਰੋਜ਼ ਡਿਊਟੀ ਕਰਤੇ ਹੋ ਯਹਾਂ ?"

"ਹਾਂ ! ਰਵੀ ਔਰ ਮੰਗਲ ਕੋ ਛੋੜ ਕਰ। ਦੇਖੋ ਮੈਂ ਫਿਰ ਬੋਲਤਾ ਹੂੰ, ਲੜਕੀ ਵੜਕੀ ਵਾਲਾ ਚੱਕਰ ਨਹੀਂ ਚਲੇਗਾ ਇਧਰ।"

"ਕਿਤਨੇ ਬਜੇ ਸ਼ੁਰੂ ਹੋਤੀ ਹੈ ਡਿਊਟੀ ?"

"ਸਾਇਰਨ ਬਜਤਾ ਹੈ ਤਬ।"

"ਯੇਹ ਲੋ ਘੜੀ, ਕੱਲ ਸੇ ਟਾਈਮ ਭੀ ਦੇਖਨਾ।"

ਜੀਤੂ ਨੇ ਡੇਢ੍ਹ ਸੌ ਦੀ ਨਵੀਂ ਬਾਈਫ਼ੋਰਾ ਉਸ ਵੱਲ ਵਧਾਈ। ਹਨੇਰੇ ਵਿਚ ਉਹ ਸਿਪਾਹੀ ਦੇ ਭਾਵ ਨਾ ਦੇਖ ਸਕਿਆ।

"ਅਰੇ ਨਹੀਂ ਸਾਹਿਬ ! ਹਮ ਘੜੀ ਨਹੀਂ ਬਾਂਧਤੇ।"

"ਪਕੜੋ, ਅਬ ਬਾਂਧਨਾ..."

ਜੀਤੂ ਚਲਾ ਆਇਆ, ਪਰ ਉਸ ਲਈ ਰਾਤ ਕੱਟਣੀ ਔਖੀ ਹੋ ਗਈ। ਅਗਲੇ ਦਿਨ ਹੁੱਭ ਕੇ ਰੰਮੀ ਨੂੰ ਮਿਲਿਆ। ਲੱਗਾ ਤੜਪ ਕੇ ਡਿੱਗ ਪਵੇਗਾ। ਰੰਮੀ ਜੀਤੂ ਦੇ ਖਿੜੇ

ਚਿਹਰੇ ਨੂੰ ਨਿਹਾਰਿਆ।

"ਕੀ ਲੱਭ ਗਿਆ?"

"ਮਹਿਫੂਜ਼ ਥਾਂ।"

"ਸੱਚ?"

"ਬਿੱਲਕੁਲ।"

"ਕੋਈ ਖ਼ਤਰਾ?"

"ਸਵਾਲ ਹੀ ਪੈਦਾ ਨਹੀਂ ਹੁੰਦਾ।"

"ਮੇਰੀ ਸ਼ਰਤ?"

"ਕਿਹੜੀ?"

"ਪਿਤਾ, ਥਾਣੇਦਾਰੀ, ਸਪੋਰਟਸ... ਸਭ ਆਊਟ।"

"ਬਿਲਕੁਲ..."

"ਸਭ ਕੁਝ ਮੇਰੇ ਮੁਤਾਬਿਕ।"

"ਬਿਲਕੁਲ।"

"ਕੀ ਸੋਚਿਆ?"

"ਕੱਲ੍ਹ ਸ਼ਾਮੀ ਸੱਤ ਵਜੇ।"

"ਕੋਈ ਚਲਾਕੀ?"

"ਬਿਲਕੁਲ ਨਹੀਂ"

ਤਕਾਲੀਂ ਮਿਲੇ, ਸਧਾਰਨ ਜੋੜਿਆਂ ਵਾਂਗ ਤਾਲਾਬ ਵੱਲ ਨਿਕਲ ਆਏ। ਤਾਲਾਬ ਦੀ ਇਕੱਲਤਾ, ਰੁਮਾਂਟਿਕਤਾ, ਖ਼ੂਬਸੂਰਤੀ ਅਤੇ ਹਰਿਆਵਲ ਦੇਖ ਰੰਮੀ ਝੂਮ ਉੱਠੀ। ਨਾਲ ਹੀ ਹੋਰਨਾਂ ਲੋਕਾਂ ਨੂੰ ਫ਼ਿਰਦੇ ਵੇਖ ਸੰਕੋਚ ਨਾਲ ਭਰ ਗਈ।

"ਇਤਨੇ ਲੋਕ? ਕੀ ਸੋਚਿਆ ਤੂੰ?"

"ਸਭ ਚਲੇ ਜਾਣਗੇ।"

"ਕਦ?"

"ਹੁਣੇ ਸਾਇਰਨ ਵੱਜੇਗਾ।"

"ਆਪਾਂ?"

"ਰੁਕਾਂਗੇ।"

"ਮਤਲਬ?"

"ਤੂੰ ਦੇਖੀ ਜਾਹ..."

"ਪਰ ਮੈਂ ਛੇਤੀ ਘਰ ਮੁੜਨੈ..."

ਜੀਤੂ ਕੁਝ ਦੂਰੀ ਤੇ ਖਾਲੀ ਪੁਲਿਸ ਕੈਬਿਨ ਵੱਲ ਦੇਖ ਰਿਹਾ ਸੀ। ਜੀਤੂ ਪ੍ਰੇਸ਼ਾਨ ਸੀ। ਫ਼ਿਰ ਵੀ ਉਹ ਦੋਵੇਂ ਲੁੱਗੀ ਜਿਹੀ ਥਾਂ ਵੇਖ ਟਹਿਲਣ ਲੱਗ ਪਏ। ਰੁੱਖਾਂ ਦੀਆਂ



ਸੰਘਣੀਆਂ ਟਾਹਣੀਆਂ ਵਿਚੋਂ ਹਨੇਰਾ ਧੀਘਾਂ ਵਾਂਗ ਪਲਮ ਰਿਹਾ ਸੀ।

"ਮੈਨੂੰ ਲਗਦੈ ਇਹ ਜਗ੍ਹਾ ਸੇਫ਼ ਨਹੀਂ।" ਡਰੇ ਅਤੇ ਉਚਾਟ ਜੀਤੂ ਨੂੰ ਵੇਖ ਉਸ ਕਿਹਾ। ਹਨੇਰੇ ਵਿਚ ਜੀਤੂ ਦੇ ਨਕਸ਼ ਪੂਰੀ ਤਰ੍ਹਾਂ ਦਿੱਸ ਨਹੀਂ ਸਨ ਰਹੇ।

"ਕਿਉਂ?"

"ਪਤਾ ਨਹੀਂ..."

ਉੱਤਰ ਦੇਣ ਦੀ ਥਾਂ ਜੀਤੂ ਰੰਮੀ ਨੂੰ ਇਸ ਕਦਰ ਨਾਲ ਘੁੱਟਿਆ ਕਿ ਰੰਮੀ ਬੇ-ਫ਼ਿਕਰ ਹੋ ਗਈ। ਰੁੱਖਾਂ ਦੀ ਝਿੜੀ ਵਿਚੋਂ ਹੁੰਦੇ ਉਹ ਤਲਾਬ ਦੀ ਇਕ ਫ਼ਸੀਲ 'ਤੇ ਬੈਠੇ ਹੀ ਸਨ ਕਿ ਸਾਇਰਨ ਦੀ ਅਵਾਜ਼ ਸੁਣੀ। ਤਾਲਾਬ ਦੇ ਚੁਗਿਰਦੇ ਵਿਚੋਂ ਚਲੇ ਜਾਣ ਦਾ ਸੰਕੇਤ ਸੀ। ਉਨ੍ਹਾਂ ਨੂੰ ਵੀ ਤੁਰ ਪੈਣਾ ਚਾਹੀਦਾ ਸੀ ਪਰ ਉਹ ਬੇ-ਫ਼ਿਕਰ ਬੈਠੇ ਰਹੇ। ਉਹਨਾਂ ਦੁਆਲੇ ਸੰਘਣੇ ਰੁੱਖ, ਬੁੱਕਲ ਵਾਂਗ ਲਿਪਟੇ ਹੋਏ ਸਨ। ਰੁਮਕਦੀ ਹਵਾ ਵਿਚ ਪੱਤੇ ਸੰਗੀਤ ਪੈਦਾ ਕਰਦੇ। ਹਵਾ ਸੀਟੀਆਂ ਮਾਰਦੀ। ਰੁੱਖਾਂ ਦੀਆਂ ਟਾਹਣੀਆਂ ਵਿਚੋਂ ਛਣ ਕੇ ਆ ਰਿਹਾ ਧੁੰਦਲਕਾ ਹੁਬਕੀਂ ਸਾਹ ਲੈ ਰਿਹਾ ਸੀ।

ਰੰਮੀ ਲਈ ਸਬਰ ਮੁਸ਼ਕਿਲ ਸੀ। ਘਰੋਂ ਉਹ ਤਿਆਰੀ ਨਾਲ ਆਈ ਸੀ। ਲਿਬਾਸ ਹੇਠ ਛੋਟੇ ਪਹਿਰਾਵੇ ਤੋਂ ਬਿਨਾਂ। ਉਹਨੇ ਬੜੀ ਕਾਮੁਕ ਉਤੇਜਨਾ ਨਾਲ ਆਪਣੇ ਆਪ ਵਿਚ ਬਲ ਇਕੱਠਾ ਕੀਤਾ ਅਤੇ ਜੀਤੂ ਨੂੰ ਗਲਵਕੜੀ ਲੈਂਦੀ ਬੇ ਤਹਾਸ਼ਾ ਚੁੰਮਣ ਲੱਗੀ।

ਜੀਤੂ ਤ੍ਰਭਕ ਕੇ ਪਰੇ ਹੋ ਗਿਆ।

"ਰੁਕ ਹਾਲੇ ਆਪਾਂ ਖ਼ਤਰੇ ਵਿਚ ਹਾਂ।"

ਰੰਮੀ ਕੰਬ ਗਈ। ਅੰਗਿਆਰਾਂ 'ਤੇ ਜਿਵੇਂ ਪਾਣੀ ਦਾ ਘੜਾ ਡੁੱਲ੍ਹ ਗਿਆ। ਰੰਮੀ ਦੇ ਮੱਥੇ ਵਿਚੋਂ ਡਰ ਅਤੇ ਪਛਤਾਵੇ ਦੀ ਇਕ ਕਾਂਗ ਉੱਠੀ। ਉਹਦਾ ਸਾਰਾ ਜੋਸ਼ ਮੱਠਾ ਪੈ ਗਿਆ। ਦੇਹ 'ਚ ਅਚਵੀ ਹੋਈ। ਉਹ ਉੱਠ ਖੜ੍ਹੀ।

"ਮੈਂ ਜਾ ਰਹੀ ਹਾਂ।"

"ਕਿਉਂ?"

"ਮੈਂ ਤੈਨੂੰ ਕਿਹਾ ਸੀ ਇਹ ਜਗ੍ਹਾ ਸੇਫ਼ ਨਹੀਂ। ਔਰ ਤੂੰ ਕਿਹਾ ਨਹੀਂ। ਮੈਂ ਇਸ ਤਰ੍ਹਾਂ ਦੇ ਡਰ ਵਿਚ ਖੁੱਲ੍ਹ ਨਹੀਂ ਸਕਦੀ।"

"ਡਰ ਕਾਹਦਾ?"

"ਕਮਾਲ ਐ। ਹੁਣੇ ਤਾਂ ਤੂੰ ਮੇਰੀ ਜਾਨ ਹੀ ਕੱਢ ਦਿੱਤੀ ਸੀ।"

"ਬਸ ਥੋੜ੍ਹੀ ਦੇਰ।" ਜੀਤੂ ਤਰਲਾ ਲਿਆ।

ਉਹ ਦੋਵੇਂ ਉੱਠ ਕੇ ਕੱਚੀ ਸੜਕ ਵੱਲ ਆਏ। ਕਈ ਜੋੜੇ ਕਾਹਲੀ ਨਾਲ ਉਹਨਾਂ ਦੇ ਕੋਲੋਂ ਦੀ ਲੰਘੇ। ਹੈਰਾਨੀ ਦੀ ਗੱਲ ਸੀ। ਇਹ ਲੋਕ ਕਿੱਥੇ ਛਿਪੇ ਬੈਠੇ ਸਨ? ਪਤਾ ਹੀ ਨਹੀਂ ਸੀ।

ਹਨੇਰਾ ਸ਼ਾਇਦ ਹੁਟਰ ਨੂੰ ਹੀ ਉਡੀਕ ਰਿਹਾ ਸੀ। ਰੰਮੀ ਨੂੰ ਲੱਗਾ, ਜੀਤੂ ਡਰਿਆ

ਅਤੇ ਘਾਬਰਿਆ ਹੋਇਆ ਸੀ। ਰੰਮੀ ਜਾਣ ਦਾ ਕੋਈ ਬਹਾਨਾ ਸੋਚਣ ਲੱਗੀ।

"ਤੈਨੂੰ ਪਤੈ ਮੈਂ ਮੰਦਿਰ ਦੇ ਬਹਾਨੇ ਆਈ। ਔਰ ਤੂੰ ਡਰ ਨਾਲ ਕੰਬ ਰਿਹੈਂ।"

ਜੀਤੂ ਦੇ ਮੂੰਹ 'ਤੇ ਸਚਮੁਚ ਹਵਾਈਆਂ ਉੱਡ ਰਹੀਆਂ ਸਨ। ਬੂਟਾਂ ਦਾ ਭਾਰੀ ਖੜਕਾ ਸੁਣ ਉਹ ਰੰਮੀ ਨੂੰ ਧੂੰਹਦਾ ਰੁੱਖਾਂ ਦੀ ਓਟ ਵਿਚ ਹੋ ਗਿਆ, ਅਤੇ ਇਕ ਡਿੱਗੇ ਹੋਏ ਰੁੱਖ ਦੇ ਤਣੇ 'ਤੇ ਬੈਠ ਗਿਆ। ਡਰ ਨਾਲ ਉਹ ਸਚਮੁਚ ਕੰਬ ਰਿਹਾ ਸੀ।

"ਦੇਖ ! ਮੈਂ ਦਸ ਮਿਨਟ ਤੋਂ ਵੱਧ ਨਹੀਂ ਰੁਕ ਸਕਦੀ।"

"ਹੁਸ਼ !" ਜੀਤੂ ਬੁੱਲ੍ਹਾਂ 'ਤੇ ਉਂਗਲ ਰੱਖ ਚੁੱਪ ਰਹਿਣ ਲਈ ਕਿਹਾ। ਰੰਮੀ ਦੀ ਰਹਿੰਦੀ ਸੱਤਿਆ ਵੀ ਜਾਂਦੀ ਰਹੀ।

ਤਦੇ ਕੱਚੇ ਰਸਤੇ ਤੋਂ ਕੋਈ ਭਾਰੇ ਬੂਟਾਂ ਨਾਲ ਲੰਘਿਆ।

"ਤੂੰ ਬੈਠ... ਮੈਂ ਆਇਆ।" ਬਿਨਾਂ ਸਹਿਮਤੀ ਜੀਤੂ ਚਲਿਆ ਗਿਆ।

ਰੰਮੀ ਦਾ ਰੋਣ ਨੂੰ ਜੀ ਕੀਤਾ। ਉਹਨੂੰ ਆਪਣੀ ਮੂਰਖਤਾ 'ਤੇ ਰੰਜ ਹੋਇਆ। ਸ਼ਹਿਰ ਵਿਚ ਉਹਦੇ ਪਿਤਾ ਦੀ ਇੱਜ਼ਤ ਸੀ। ਜੇ ਕਾਲਖ ਲੱਗ ਗਈ ? ਉਹਦਾ ਦਿਲ ਬੈਠਣ ਲੱਗਾ। ਉਹਦੀ ਸਾਰੀ ਉਤੇਜਨਾ, ਜੋਸ਼ ਅਤੇ ਉਮਾਹ ਮਿੱਟੀ ਹੋ ਚੁੱਕਾ ਸੀ। ਇਸ ਵੇਲੇ ਉਹ ਕਿਸ ਕਿਸਮ ਦੇ ਸੰਕਟ ਵਿਚ ਸੀ ਉਹਨੂੰ ਅੰਦਾਜ਼ਾ ਨਹੀਂ ਸੀ। ਉਹਨੂੰ ਅਚਵੀ ਹੋਈ। ਉਹ ਉੱਠ ਕੇ ਕੱਚੀ ਸੜਕ 'ਤੇ ਆ ਗਈ। ਉਹਨੇ ਮਨ ਹੀ ਮਨ ਫ਼ੈਸਲਾ ਕੀਤਾ ਕਿ ਅੱਜ ਤੋਂ ਬਾਦ ਉਹ ਜੀਤੂ ਨੂੰ ਦੇਖੇਗੀ ਵੀ ਨਹੀਂ।

"ਰੰਮੀ !" ਬਹੁਤ ਧੀਮੇ ਜਿਹੇ ਬੋਲ, ਉਹਨੇ ਪਿੱਠ ਪਿੱਛੇ ਸੁਣੇ। ਜੀਤੂ ਸੀ।

"ਤੈਨੂੰ ਸ਼ਰਮ ਨਹੀਂ ਆਈ ਮੇਰੇ ਨਾਲ ਮਜ਼ਾਕ ਕਰਦਿਆਂ। ਤੂੰ ਹੁਣੇ, ਮੈਨੂੰ ਬਾਹਰ ਛੱਡ ਕੇ ਆਏਂਗਾ।"

"ਪਰ ਕਿਉਂ ?"

"ਮੈਂ ਜਾ ਰਹੀ ਹਾਂ।"

ਉਹ ਗੁੱਸੇ ਨਾਲ ਮੁੜੀ।

ਤਦੇ ਉਹਨੂੰ ਜੀਤੂ ਨੇ ਕਲਾਵੇ ਵਿਚ ਭਰਿਆ। ਚੁਕਿਆ ਅਤੇ ਉਹਦੇ ਤੇਜ਼ ਚਲਦੇ ਸਾਹਾਂ ਨੇੜੇ ਜਾ ਕੇ ਕਿਹਾ।

"ਹੁਣ ਆਪਾਂ ਸੇਫ਼ ਹਾਂ।"

"ਹੁਣ ਕੀ ਹੋਇਆ ?"

"ਪੁਲਿਸ ਕਵਰ ਕਰੇਗੀ ਆਪਾਂ ਨੂੰ।"

"ਹੈਂ !"

"ਹਾਂ।"

ਤਦੇ ਹਨੇਰੇ ਵਿਚ ਬੀੜੀ ਦੀ ਜਗਦੀ ਚੁਆਤੀ ਨੇੜੇ ਆਈ।

ਜੀਤੂ ਫਿਰ ਚੁਆਤੀ ਵੱਲ ਚਲਿਆ ਗਿਆ।



ਮੁੜਿਆ ਤਾਂ ਤੌਰ ਵਿਚ ਮੜਕ ਸੀ।

ਰੰਮੀ ਮਨ ਹੀ ਮਨ ਤਰੋ-ਤਾਜ਼ਾ ਹੋ ਗਈ।

"ਜੀਤੂ ! ਸਿਰਫ ਦਸ ਮਿਨਟ, ਮੈਂ ਜ਼ਿਆਦਾ ਦੇਰ ਰੁਕ ਨਹੀਂ ਸਕਦੀ।"

ਬਿਨਾਂ ਉੱਤਰ ਦਿੱਤੇ ਉਹ ਝਾੜੀਆਂ ਵਿਚ ਉੱਤਰ ਗਏ।

"ਇਥੇ ?" ਰੰਮੀ ਚੀਕੀ।

"ਨਹੀਂ ਨੀਚੇ ਤਾਲਾਬ ਦੀਆਂ ਪੌੜੀਆਂ ਵੱਲ।"

ਉਹ ਤੁਰਦੇ ਗਏ। ਤਾਲਾਬ ਦਾ ਹਨੇਰੇ ਵਿਚ ਡਲ੍ਹਕਦਾ ਪਾਣੀ... ਉੱਪਰ ਆਕਾਸ਼... ਚੁਫ਼ੇਰੇ ਸੰਘਣੇ ਰੁੱਖਾਂ ਦੀ ਛਸੀਲ...। ਰੰਮੀ ਸ਼ਰਸਾਰ ਹੋ ਗਈ।

"ਜੀਤੂ ! ਯੂਆਰ ਗਰੇਟ...।"

ਉਹ ਤਾਲਾਬ ਦੀ ਸਭ ਤੋਂ ਨਿਚਲੀ ਪੌੜੀ ਤੇ ਬੈਠ ਗਏ। ਬੈਠਦੇ ਹੀ ਖਿੱਲਰ ਗਏ...। ਲੱਗਾ ਜੀਤੂ ਰੌਂ 'ਚ ਸੀ।

ਪਹਿਲਾਂ ਜਿਸਮ; ਫਿਰ ਸਾਹ, ਜਿਵੇਂ ਹੀ ਇਕ ਦੂਜੇ ਵਿਚ ਘੁਲੇ... ਬਿਨਾਂ ਇਕ ਪਲ ਦੇਰੀ ਕੀਤੇ ਦੋਹਾਂ ਦੇ ਜਿਸਮਾਂ ਉਤਲੀਆਂ ਮਛਲੀਆਂ ਫਰਕੀਆਂ। ਫਿਰ ਸਜਿਹੇ ਸਹਿਜੇ ਪਾਣੀ ਦੇ ਡੂੰਘ ਵਿਚ ਉੱਤਰਨ ਲੱਗੀਆਂ।

ਤਪ ਰਿਹਾ ਪਾਣੀ ਅਤੇ ਤੜਪਦੀਆਂ ਮਛਲੀਆਂ।

"ਮੈਨੂੰ ਪੂਰਾ ਚਾਹੀਦੈਂ ਤੂੰ...।" ਰੰਮੀ ਕਿਤੇ ਬਹੁਤ ਦੂਰੋਂ ਬੋਲੀ।

"ਹੂੰ !" ਜੀਤੂ ਵੀ ਕਿਤੋਂ ਬਹੁਤ ਦੂਰੋਂ ਬੋਲਿਆ।

ਜੁੱਗਾਂ ਜੁੱਗਾਂ ਤੋਂ ਜਿਵੇਂ ਹਜ਼ਾਰਾਂ ਲੱਖਾਂ ਅੱਖਾਂ ਬਣ ਗਈਆਂ ਹੋਣ 'ਤੇ ਉਹ ਇਕ ਦੂਜੇ ਨੂੰ ਧੁਰ ਅੰਦਰ ਤੱਕ ਦੇਖ ਰਹੀਆਂ ਹੋਣ। ਹਨੇਰੇ ਵਿਚ ਵੀ ਉਹ ਇਕ ਦੂਜੇ ਨੂੰ ਸਾਮਰਤੱਖ ਵੇਖ ਰਹੇ ਸਨ।

ਰੰਮੀ ਭੁੱਲ ਹੀ ਗਈ ਕਿ ਉਹਨੂੰ ਕਾਹਲੀ ਸੀ ਅਤੇ ਉਹ ਥੋੜ੍ਹਾ ਚਿਰ ਪਹਿਲਾਂ ਜੀਤੂ ਨਾਲ ਖਫ਼ਾ ਸੀ।

ਹੁਣ ਸਾਲਮ ਸਬੂਤਾ ਜੀਤੂ ਉਹਦੇ ਸਾਮ੍ਹਣੇ ਸੀ। ਉਸ ਦੀ ਉਮੀਦ ਤੋਂ ਕਿੱਤੇ ਵੱਧ।

ਹਨੇਰੇ ਅਤੇ ਸੇਕ ਦੀਆਂ ਬਾਹਾਂ 'ਚ ਲਿਪਟੇ ਉਹ ਸਹਿਜੇ ਸਹਿਜੇ ਜਿਸਮ ਦੀਆਂ ਪੌੜੀਆਂ ਚੜ੍ਹਨ ਲੱਗੇ।...

ਇਕ, ਦੋ, ਤਿੰਨ, ਚਾਰ, ਦਸ, ਪੰਦਰਾਂ...। ਫਿਰ ਦੌੜਨ ਲੱਗੇ। ਇਕ ਦੂਜੇ ਤੋਂ ਤੇਜ਼...। ਇਸ ਗੱਲ ਦੀ ਪ੍ਰਵਾਹ ਕੀਤੇ ਬਿਨਾਂ ਕਿ ਅਸਮਾਨ ਤੇ ਡਲ੍ਹਕਦੇ ਤਾਰੇ ਤਾਲਾਬ ਦੇ ਗੰਧਲੇ ਪਾਣੀ ਵਿਚ ਕਦੇ ਵੀ ਡੁੱਬ ਸਕਦੇ ਸਨ, ਅਤੇ ਜਿਸਮ ਦੀਆਂ ਇਹ ਪੌੜੀਆਂ ਮੁੱਕ ਸੱਕਦੀਆਂ ਸਨ।

ਅਚਾਨਕ ਰੰਮੀ ਨੂੰ ਲੱਗਾ ਉਹਨਾਂ ਨੂੰ ਰੁਕਣਾ ਚਾਹੀਦਾ ਹੈ।

ਅਸਮਾਨ 'ਤੇ ਡਲ੍ਹਕਦੇ ਤਾਰਿਆਂ ਵੱਲ ਦੇਖਦੀ, ਉਹ ਕਿਸੇ ਵਿਸਮਾਦ ਵਿਚੋਂ ਬੋਲੀ।

"ਕਮਾਲ ! ਹੁਣ ਮੈਂ ਕਹਿ ਸਕਦੀ ਹਾਂ ਕੇ ਤੂੰ ਬਣ ਸਕਦੈਂ ਠਾਣੇਦਾਰ!"

ਜੀਤੂ ਨੂੰ ਇਕਾਇਕ ਪਿਤਾ ਯਾਦ ਆਇਆ।

ਉਹ ਹਨੇਰੇ ਵਿਚ ਦੂਰ ਝਾਕਣ ਲੱਗਾ ਅਤੇ ਝਾਕਦਾ ਹੀ ਚਲਾ ਗਿਆ।

ਰੰਮੀ ਸੋਚ ਰਹੀ ਸੀ।

"ਜੀਤੂ ! ਕਿੱਥੇ ਐ ਤੂੰ ?" ਉਹ ਝੰਜੋੜਦਿਆਂ ਬੋਲੀ।

ਜੀਤੂ ਦੇ ਕੰਨਾਂ ਵਿਚ ਪਿਤਾ ਦੇ ਬੋਲ ਗੂੰਜੇ।

"ਪੁੱਤਰ ਮੈਂ ਕੌਲ ਦਿੱਤੇ ਪਿਉ ਨੂੰ। ਰਿਸ਼ਵਤ ਨਾ ਦੇਈਂ, ਨਾ ਲਈਂ। ਔਰ ਠਾਣੇਦਾਰ ਬਣਨੈਂ ਤੂੰ।"

"ਜੀਤੂ !" ਰੰਮੀ ਜੀਤੂ ਦਾ ਚਿਹਰਾ ਫੜ ਝੰਜੋੜਿਆ।

"ਰੁਕ ! ਲਗਦੈ ਕੋਈ ਹਨੇਰੇ 'ਚ ਖੜ੍ਹੈ।"

"ਜੀਤੂ ਤੂੰ ਮੇਰੇ ਵੱਲ ਦੇਖ... ਹੋਰ ਕੁਝ ਨਾ ਸੋਚ ਬੱਸ।"

ਉਸ ਜੀਤੂ ਫਿਰ ਹਲੂਣਿਆ। ਜੀਤੂ ਚੁੱਪ ਸੀ।

ਡਰ ਨਾਲ ਉਹ ਉੱਠ ਕੇ ਬੈਠ ਗਈ।

ਦੂਰ ਤਾਲਾਬ ਦੇ ਗੰਧਲੇ ਪਾਣੀ ਵਿਚ ਚੰਦਰਮਾ ਕੰਬਿਆ।

ਹਨੇਰਾ ਸੀਟੀਆਂ ਮਾਰਦਾ ਸਾਮ੍ਹਣੇ ਤੋਂ ਲੰਘਿਆ।

"ਕੀ ਹੋਇਆ ?" ਰੰਮੀ ਕੰਨਗੋਸ਼ੇ 'ਚ ਬੋਲੀ।

"ਰੰਮੀ ਕੋਈ ਖੜ੍ਹੈ..."

"ਕੋਈ ਵੀ ਤਾਂ ਨਹੀਂ..."

"ਕੋਈ ਹੈ, ਸ਼ਾਇਦ ਮੇਰਾ ਪਿਤੈ।"

"ਨਹੀਂ ਬਾਬਾ ! ਕੋਈ ਵੀ ਤਾਂ ਨਹੀਂ। ਔਰ ਪੁਲਸੀਆ ਵੀ ਜਾ ਚੁੱਕੈ।"

"ਨਹੀਂ ਨਹੀਂ ਮੇਰਾ ਪਿਤੈ।"

"ਫਿਰ ਪਿਉ... ਪੁਲਿਸ... ਤੈਨੂੰ ਮੈਂ ਕੀ ਕਿਹਾ ਸੀ ?"

"ਹੂੰ !"

"ਕੀ ਹੂੰ ? ਤੂੰ ਮੇਰੇ ਵੱਲ ਦੇਖ ਬੱਸ... ਜੀਤੂ ਪਲੀਜ਼ !"

ਉਹ ਤਪ ਰਹੀ ਸੀ।...

ਉਸ ਬੁਝੇ ਅੰਗਿਆਰ ਫਿਰ ਫੂਕੇ। ਇਕ ਪਲ ਦੋ ਪਲ, ਦਸ ਪਲ...। ਜਿਵੇਂ ਹੀ ਉਸ ਜੀਤੂ ਨੂੰ ਖਿੱਚ ਕੇ ਫਿਰ ਆਪਣੇ ਨਾਲ ਲਾਇਆ। ਤ੍ਰੱਭਕ ਕੇ ਪਰੇ ਹੋ ਗਈ।

"ਜੀਤੂ !" ਪਾਣੀ ਤੋਂ ਤੇਰਦੀ ਚੀਕ... ਦੂਰ ਕਿਤੇ ਜਾ ਕੇ ਡੁੱਬ ਗਈ।

ਉਸ ਹਿੰਮਤ ਕਰ ਜਿਵੇਂ ਹੀ ਘੜੀ ਪਹਿਲਾਂ ਵਾਲੇ ਜੀਤੂ ਨੂੰ ਛੋਹਿਆ। ਕੰਬ ਗਈ। ਲੱਗਾ ਜਿਵੇਂ ਮੁਰਦਾ ਦੇਹ ਨੂੰ ਛੋਹਿਆ ਹੋਵੇ।...

ਹਨੇਰੇ 'ਚ ਘੜੀ ਉਹ ਖ਼ੁਦ ਨਿਰਜਿੰਦ ਹੋ ਚੁੱਕੀ ਸੀ। •



## ਉਤਾਰ

ਹਰਨੇਕ ਛਾਂਗੇ ਜੋਤੇ ਦੀ ਦੂਜੀ ਰਾਹਲ ਮੌਲੀ ਹੀ ਸੀ ਜਗਰੂਪ ਤੇ ਮਾਂ ਆ ਗਏ। ਹੰਡਾਲੀ ਪੈਲੀ ਵਿਚ ਹੀ ਛੱਡ ਉਸ ਬਲਦ ਛਾਵੇਂ ਲਿਆ ਬੰਨ੍ਹੇ। ਤਿੰਨੇ ਖੂਹ 'ਤੇ ਆ ਬੈਠੇ। ਹਰ ਵਾਰ ਵਾਂਗ ਮਾਂ, ਸਬਜ਼ੀਆਂ, ਚੌਲ, ਅਚਾਰ, ਕੜਾਹ, ਕਈ ਕੁਝ ਲੈ ਕੇ ਆਈ ਸੀ।

ਜਗਰੂਪ ਪਰੇ ਗੇੜਾ ਮਾਰਨ ਚਲਿਆ ਗਿਆ। ਮਾਂ ਨੇ ਨੇਕ ਨੂੰ ਰੋਟੀ ਖੁਆਈ ਅਤੇ ਜਗਰੂਪ ਦੇ ਆਉਣ ਤੋਂ ਪਹਿਲਾਂ ਨੇਕ ਦਾ ਹੱਥ ਘੁੱਟਦਿਆਂ ਕਿਹਾ, "ਪੁੱਤ ਥੋੜ੍ਹਾ ਚਿਰ ਹੋਰ ਸਬਰ...ਆਪਣੀਆਂ ਢਾਈ ਕਨਾਲਾਂ ਹਾਲੇ ਖੂਹ 'ਚ ਨੇ।" ਫਿਰ ਕੁਝ ਪੈਸੇ ਉਹਦੀ ਮੁੱਠੀ 'ਚ ਘੁੱਟਦੇ ਕਿਹਾ। "ਜਦੋਂ ਜੀ ਕਰੇ, ਮਾਰ ਜੀਂ ਸ਼ਹਿਰ ਗੇੜਾ।"

ਸੌਤਿਆ ਉਹਦੀ ਸੱਕੀ ਮਾਂ ਸੀ ਤੇ ਜਗਰੂਪ ਮਤੇਆ ਭਰਾ। ਪਰ ਸੀ ਸੱਕਿਆਂ ਤੋਂ ਵੱਧ। ਜਗਰੂਪ ਸ਼ਹਿਰ ਨੌਕਰੀ 'ਤੇ ਸੀ ਤੇ ਹਰਨੇਕ ਆਪਣੇ ਸਿਆੜਾਂ ਦੇ ਨਾਲ-ਨਾਲ ਜਗਰੂਪ ਦੇ ਦੋ ਕਿੱਲਿਆਂ 'ਤੇ ਵੀ ਵਾਹੀ ਕਰਦਾ। ਜਗਰੂਪ ਹਰਨੇਕ ਨਾਲ ਕਦੇ ਹਿੱਸੇ ਠੇਕੇ ਦੀਆਂ ਗਿਣਤੀਆਂ 'ਚ ਨਹੀਂ ਸੀ ਪਿਆ। ਜਗਰੂਪ ਨੂੰ ਨੇੜੇ ਆਉਂਦਾ ਦੇਖ ਸੌਤਿਆ ਨੇ ਜਗਰੂਪ ਦੀਆਂ ਕੁਝ ਪੈਂਟਾਂ ਕਮੀਜ਼ਾਂ ਝੋਲੇ 'ਚੋਂ ਕੱਢ ਨੇਕ ਵੱਲ ਸਰਕਾਉਂਦੇ ਕਿਹਾ। "ਨਵੀਆਂ ਈ ਨੇਂ.....ਬੱਸ ਕੋਹੜੀ ਦੇ ਰੰਗ ਈ ਚੜ੍ਹ ਗਏ ਮਨੋਂ।"

ਜਗਰੂਪ ਨੇੜੇ ਆ, ਹਰ ਵੇਰ ਵਾਂਗ ਬੋਲਿਆ।

"ਬਹੁਤਾ ਨਾ ਖਪਿਆ ਕਰ ਨੇਕ ਸਿਹਾਂ! ਜ਼ਿਆਦਾ ਕੰਮ ਹੋਵੇ ਤਾਂ ਆਵ੍ਹਤ ਪਾ ਲਿਆ ਕਰ।"

"ਜੱਟ ਦੀ ਜੂਨ ਐ ਬਾਈ। ਮਿੱਟੀ ਤਾਂ ਕਹਿੰਦੀ ਮਿੱਟੀ ਹੋ ਮੇਰੇ ਨਾਲ, ਤਾਂ ਪੱਲੇ ਪਾਊਂ ਕੁਸ਼...।"

"ਕੋਈ ਨਾ ਪੁੱਤ ਬਥੇਰੇ ਸੁੱਖ ਨ ਪੱਲੇ, ਤੂੰ ਕਿਉਂ ਸੰਸਾ ਕਰਦੈਂ।"

'ਤੇ ਭਾਬੀ ਜਿਹੜੀ ਪੱਲੇ 'ਚੋਂ ਕੱਢ ਕੇ ਪਰ੍ਹੇ ਮਾਰੀ।' ਨੇਕ ਕਹਿੰਦਾ-ਕਹਿੰਦਾ ਰੁਕ ਗਿਆ।

"ਘਰੇ ਚੱਲੀਏ ?" ਨੇਕ ਕਿਹਾ।

"ਹੇ ਕਮਲਾ! ਤੈਨੂੰ ਮਿਲਣਾ ਸੀ ਮਿਲ ਲਿਆ। ਘਰ ਕੀ ਕੰਧਾਂ ਨੂੰ ਦੇਖਾਂਗੇ ?" ਮਾਂ ਨੇ ਕਿਹਾ। ਜਗਰੂਪ ਨੇ ਹਾਮੀ ਭਰੀ। ਨੇਕ ਹਰ ਵੇਰ ਚਾਹੁੰਦਾ, ਮਾਂ ਘਰ ਜਾ ਕੇ ਵੇਖੇ, ਉਸ ਕਿਸ ਹਾਲ ਰਹਿੰਦਾ ਸੀ। ਹਰ ਵਾਰ ਉਹ ਪਿੰਡ ਜਾਣ ਤੋਂ ਪਾਸਾ ਵੱਟ ਜਾਂਦੀ। ਇਕ

ਤਾਂ ਉਹ ਛੁੱਟੀ ਵਾਲੇ ਦਿਨ ਆਉਂਦੀ, ਦੂਜਾ ਰੋਟੀ ਪਾਣੀ ਖਵਾਉਣ ਸਾਰ, "ਚੰਗਾ ਪੁੱਤ। ਖਿਆਲ ਰੱਖੀਂ ਆਪਣਾ," ਕਹਿ ਕੇ ਪਰਤ ਜਾਂਦੀ।

ਅੱਜ ਵੀ ਇਵੇਂ ਹੀ ਹੋਇਆ।

ਹਰਨੇਕ, ਪੂਰਨ ਸਿਹੁੰ ਵੈਲੀ ਤੇ ਸੱਤਿਆ ਦਾ ਪੁੱਤ ਸੀ। ਜਗਰੂਪ ਪੂਰਨ ਸਿਹੁੰ ਦੀ ਪਹਿਲੀ ਪਤਨੀ ਦਿਆਲੋ ਵਿਚੋਂ ਸੀ। ਦਿਆਲੋ, ਪੂਰਨ ਸਿਹੁੰ ਦੀ ਕਰੇਵਾ ਵਿਆਂਦੜ ਸੀ ਤੇ ਦਿਆਲੋ ਜਗਰੂਪ ਨੂੰ ਕਰੇਵੇ ਸਮੇਂ ਪਿੱਛੋਂ ਨਾਲ ਲੈ ਕੇ ਆਈ ਸੀ। ਇਸ ਕਾਰਨ ਜਿਤਨੀ ਦੇਰ ਪੂਰਨ ਜਿਉਂਦਾ ਰਿਹਾ ਉਹ ਜਗਰੂਪ ਨੂੰ ਹਰੂੱਤ ਕਹਿੰਦਾ ਰਿਹਾ। ਦਿਆਲੋ ਕਰੜੀ ਕਾਠੀ ਦੀ ਤੀਵੀਂ ਸੀ। ਪੂਰਨ ਸਿਹੁੰ ਦੇ ਵੈਲ ਨੇ ਭੰਨ ਕੇ ਰੱਖ ਦਿੱਤੀ। ਛੇਆਂ ਸਾਲਾਂ ਦੇ ਜਗਰੂਪ ਨੂੰ ਮਤੇਏ ਪਿਉ ਦੀ ਝੋਲੀ ਸਿੱਟ ਤੁਰਦੀ ਬਣੀ। ਦਿਆਲੋ ਦੇ ਪੇਕੇ ਸਹਿੰਦੇ ਸਨ। ਉਹ ਜਗਰੂਪ ਨੂੰ ਨਾਨਕੇ ਲੈ ਆਏ।

ਸ਼ਰੀਕਾਂ ਦੇ ਚੱਕਿਆਂ ਚਕਾਇਆਂ ਪੂਰਨ ਸਿਹੁੰ ਫਿਰ ਆਪਣੀ ਉਮਰ ਤੋਂ ਦਸ ਸਾਲ ਛੋਟੀ ਸੱਤਿਆ ਵਿਆਹ ਲਿਆਇਆ। ਸੱਤਿਆ ਗਰੀਬ ਘਰ ਦੀ ਸੀ। ਉਹ ਰੂਪ ਅਤੇ ਸੁਭਾਅ ਪੱਖੋਂ ਚੰਗਵੀਂ ਸੀ। ਵੈਲੀ ਪੂਰਨ ਸਿਹੁੰ ਦੀ ਗਹਿਣੇ ਪਈ ਜ਼ਮੀਨ ਅਤੇ ਨਸ਼ੇ ਨਾਲ ਭੰਨੀ ਦੇਹ ਦੀ ਝੋਲੀ ਆ ਪਈ।

ਜਗਰੂਪ ਦੇ ਨਾਨਕਿਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ।

ਸਿਆੜ ਤਾਂ ਪਹਿਲਾ ਹੀ ਫ਼ੀਮ ਅਤੇ ਸ਼ਰਾਬ ਵਿਚ ਖੁਰ ਰਹੇ ਸਨ। ਕੀ ਪਤਾ ਸੱਤਿਆ ਜੁਆਕ ਜੰਮ ਕੇ ਜਗਰੂਪ ਹਰੂੱਤ ਸਾਬਤ ਕਰ ਦੇਵੇ। ਨਾਨਕੇ ਸਿਆਣੇ ਨਿਕਲੇ ਤੇ ਪੂਰਨ ਦੇ ਜਿਉਂਦੇ ਜਗਰੂਪ ਦੇ ਨਾਂ ਦੋ ਕਿੱਲੇ ਲਵਾਉਣ ਵਿਚ ਸਫ਼ਲ ਹੋ ਗਏ।

ਜਦ ਨੂੰ ਸੱਤਿਆ ਆਈ, ਬਹੁਤੀ ਜ਼ਮੀਨ ਬੈਅ, ਕੁਝ ਗਹਿਣੇ ਅਤੇ ਬਾਕੀ ਰਹਿੰਦੀ ਬਾਣੀਏ ਦੀ ਵਹੀ ਵਿਚ ਅੰਗੂਠਿਆਂ ਥੱਲੇ ਸਹਿਕ ਰਹੀ ਸੀ।

ਸੱਤਿਆ ਦੂਰ-ਅੰਦੇਸ਼ ਸੀ। ਉਹ ਰੱਜ ਕੇ ਜਿਉਣ ਦਾ ਸੁਪਨਾ ਲੈ ਕੇ ਆਈ ਸੀ। ਉਸ ਚਾਹਿਆ ਪੂਰਨ ਸਿਹੁੰ ਜਿੰਨੀ ਛੇਤੀ ਹੋ ਸਕਦੇ ਤੁਰਦਾ ਬਣੇ।

ਇੰਜ ਹੀ ਹੋਇਆ। ਨੇਕ ਹਾਲੇ ਸਾਲ ਭਰ ਦਾ ਹੀ ਸੀ ਕਿ ਪੂਰਨ ਸਿਹੁੰ ਨੂੰ ਸ਼ਰਾਬ ਲੜ ਗਈ। ਤੇਰ੍ਹਵੇਂ ਤੋਂ ਬਾਦ ਸੱਤਿਆ ਪਟਵਾਰੀ ਨੂੰ ਸਿੱਧੀ ਮਿਲੀ। ਪਤਾ ਲੱਗਾ ਦੋ ਕਿੱਲੇ ਗਹਿਣੇ ਤੇ ਅੱਧਾ ਕਿੱਲਾ ਭਾਰ-ਮੁਕਤ ਸੀ। ਸੁਰਜਾ ਬਾਣੀਆ ਵਹੀ ਲੈ ਕੇ ਆ ਖੜ੍ਹਾ। ਸੱਤਿਆ ਕੇਵਲ ਅੱਖਰ ਉਠਾਲਣੇ ਜਾਣਦੀ ਸੀ। ਪਰ ਜਦੋਂ ਉਹਨੇ ਸੁਰਜੇ ਦੀ ਬਿੰਦੀ ਵਹੀ ਉੱਤੇ ਪੂਰਨ ਸਿਹੁ ਦੇ ਫੈਲੇ ਅੰਗੂਠਿਆਂ ਨੂੰ ਵੇਖਿਆ, ਉਹਨੂੰ ਲੱਗਾ ਉਹਦੇ ਸੁਪਨੇ ਵਹੀ ਦੇ ਵਰਕਿਆਂ ਹੇਠ ਹੀ ਕਿੱਧਰੇ ਦਫ਼ਨ ਹੋਏ ਪਏ ਸਨ।

ਸੱਤਿਆ ਲਈ ਦੋ ਰਾਹ ਸਨ। ਛੱਡ ਛੜਾ ਕੇ ਤੁਰਦੀ ਬਣੇ। ਜਾਂ ਅੱਗ 'ਚ ਛਾਲ ਮਾਰੇ। ਦੋਵੇਂ ਥਾਂ ਨਰਕ ਸੀ। ਫੈਸਲਾ ਕੀਤਾ, ਮਰਨਾਂ ਹੀ ਹੈ ਤਾਂ ਭੱਜਿਆ ਕਿਉਂ ਜਾਵੇ; ਉਹਨੇਂ ਸਿਰ ਨੂੰ ਤਾਂ ਬਣਾ ਲਿਆ ਗੱਡਾ ਤੇ ਪੈਰ ਬਣਾ ਲਏ ਪਹੀਏ। ਕੁੱਛੜ ਨਿੱਕੀ ਜਿਹੀ



ਜਿੰਦ ਤੇ ਅੱਧੇ ਕਿੱਲੇ ਨਾਲ ਦੋ ਕਿੱਲੇ ਗਹਿਣੇ ਵਾਲੇ ਹਿੱਸੇ ਤੇ ਰੱਖ ਕੇ ਵਾਹੀ ਚੱਕ ਲਈ।

ਪੰਦਰ੍ਹਾਂ ਵਰ੍ਹੇ ਕਿਵੇਂ ਨਿਕਲ ਗਏ, ਪਤਾ ਹੀ ਨਾ ਲੱਗਾ। ਸੱਤਿਆ ਹਰ ਫ਼ਸਲ 'ਤੇ ਕਰਜ਼ਾ ਮੋੜਦੀ; ਪਰ ਸੁਰਜੇ ਦਾ ਕਰਜ਼ਾ ਵਿਆਜ ਦਰ ਵਿਆਜ ਸੁੱਦਾ ਹੀ ਚਲਾ ਗਿਆ।

"ਸ਼ਾਹ ਜੀ। ਲੈਣ ਵਾਲਾ ਮਰ ਗਿਆ। ਰੱਬ ਜਾਮਨ ਐ। ਮੈਂ ਨੀ ਜਾਣਦੀ ਉਹਨੇਂ ਕੀ ਲਿਆ। ਤੂੰ ਕੀ ਦਿੱਤਾ। ਪਰ ਮੈਂ ਪਾਈ ਪਾਈ ਮੋੜੂ। ਬੱਸ ਧੂੰ ਨਾ ਬਾਹਰ ਨਿਕਲੇ।"

ਪਰ ਮੰਡੀ 'ਚ ਹਿੱਸੇ ਦੀ ਵੰਡ-ਵੰਡਾਈ ਤੋਂ ਗੱਲ ਨਸ਼ਰ ਹੋ ਗਈ। ਇੰਜ ਤਾਂ ਵਿਧਵਾ ਤੀਵੀਂ ਸਾਰੀ ਜ਼ਮੀਨ ਹੀ ਛੁਡਵਾ ਲਵੇਗੀ। ਸ਼ਰੀਕ ਜਗਰੂਪ ਕੋਲ ਜਾ ਖੜ੍ਹੇ। ਜਗਰੂਪ ਨੌਕਰੀ 'ਤੇ ਸੀ। ਵਿਆਹਿਆ ਵਰ੍ਹਿਆ। ਪਰ ਪਿੰਡ ਨਹੀਂ ਸੀ ਆਉਂਦਾ। ਨਾਨਕਿਆਂ ਦੀ ਸ਼ਹਿ 'ਤੇ ਮੋਢਿਆਂ ਤੋਂ ਦੀ ਥੁੱਕਦਾ। ਸ਼ਰੀਕਾਂ ਉਹਨੂੰ ਸੀਖਿਆ ਕਿ ਰੰਡੀ ਤੀਵੀਂ ਵੱਟਾਂ ਵੱਢ-ਵੱਢ ਸਿਆੜ ਆਪਣੇ ਵੱਲ ਰਲਾ ਰਹੀ ਸੀ।

ਜਗਰੂਪ ਨੇ ਨਾਨਕਿਆਂ ਨਾਲ ਗੱਲ ਕੀਤੀ। ਨਾਨਕੇ ਸੱਤਿਆ ਵੱਲ ਡੱਕਾ ਸਿੱਟਦੇ ਸਨ। ਇਕ ਤਾਂ ਉਹ ਸੱਤਿਆ ਨੂੰ ਧੀ ਦੀ ਥਾਂਵੇਂ ਸਮਝਦੇ ਸਨ, ਦੂਜਾ ਉਹਨਾਂ ਸੱਤਿਆ ਵਿਚ ਕੋਈ ਖੋਟ ਨਹੀਂ ਸੀ ਵੇਖੀ।

ਇਕ ਦਿਨ ਜਗਰੂਪ ਖੁਦ ਹੀ ਸੱਤਿਆ ਮੂਹਰੇ ਜਾ ਖੜ੍ਹਾ।

ਸੱਤਿਆ ਬਾਹਰ ਖੂਹ ਤੇ ਪੱਠੇ ਕੁਤਰ ਕੇ ਹਟੀ ਸੀ। ਨੇਕ ਦਿਹਾੜੀਦਾਰਾਂ ਨਾਲ ਮੱਕੀ ਗੁਡਵਾ ਰਿਹਾ ਸੀ। ਜਗਰੂਪ ਸੱਤਿਆ ਨੂੰ ਦੇਖਦਾ ਹੀ ਰਹਿ ਗਿਆ। ਸਾਂਵਲਾ ਰੰਗ। ਤਿੱਖੇ ਨਕਸ਼। ਸੁਤਵੀਂ ਦੇਹ। ਗਦਰਾਏ ਅੰਗ। ਨਹੀਂ। ਇਹ ਪੂਰਨ ਸਿਹੁੰ ਵੈਲੀ ਦੀ ਤੀਵੀਂ ਨਹੀਂ ਹੋ ਸਕਦੀ। ਦੋਵੇਂ ਪਹਿਲੀ ਵਾਰ ਮਿਲੇ ਸਨ।

ਜਗਰੂਪ ਔਟਲ ਗਿਆ।

"ਜੀ ਮੈਂ ਜਗਰੂਪ.....!"

ਸੱਤਿਆ ਨੂੰ ਜਿਵੇਂ ਚਾਅ ਚੜ੍ਹ ਗਿਆ। ਉਹਨੇਂ ਜਗਰੂਪ ਧਾਹ ਕੇ ਗੱਲਵਕੜੀ 'ਚ ਲਿਆ। ਮੱਥਾ ਚੁੰਮਿਆ। ਕੋਠੜੀ 'ਚੋਂ ਮੰਜਾ ਕੱਢ ਛਾਂਵੇਂ ਡਾਹਿਆ।

"ਧੰਨ ਭਾਗ ਸਾਡੇ।"

ਸੱਤਿਆ ਦਾ ਚਾਅ ਠੱਲ੍ਹਿਆ ਨਹੀਂ ਸੀ ਜਾਂਦਾ। ਉਹ ਜਗਰੂਪ ਲਈ ਖੀਵੀ ਹੋ ਗਈ। ਹਰਨੇਕ ਵੀ ਸੱਦ ਲਿਆ। ਹਰਨੇਕ ਜਗਰੂਪ ਨੂੰ ਦੇਖਦੇ ਹੀ ਦੰਗ ਰਹਿ ਗਿਆ। ਚਿੱਟੇ ਲੀੜੇ। ਰੋਹਬਦਾਰ ਚਿਹਰਾ।

ਸੱਤਿਆ ਖੁਸ਼ੀ ਵਿਚ ਅੱਖਾਂ ਭਰ ਆਈ।

ਜਗਰੂਪ ਉਹਨੀਂ ਪੈਰੀਂ ਪਰਤ ਗਿਆ।

ਮੁੜਦੇ ਜਗਰੂਪ ਦੇ ਜ਼ਿਹਨ ਵਿਚ ਸਿਰਫ਼ ਇਕੋ ਗੱਲ ਆਈ। ਉਹਨੇ ਆਪਣੇ ਖੇਤਾਂ ਵਿਚ ਇਕ ਔਰਤ ਦੇਖੀ ਸੀ ਜੋ ਪਾਟੀਆਂ ਲੀਰਾਂ ਵਿਚ ਅੰਗਿਆਰ ਲਪੇਟੀ ਬੈਠੀ

ਸੀ।

ਜਿਹੜਾ ਜਗਰੂਪ ਕਦੇ ਪਿੰਡ ਨਹੀਂ ਸੀ ਵੜਦਾ, ਹੁਣ ਹਰ ਹਫ਼ਤੇ ਗੇੜਾ ਮਾਰਦਾ। ਹਰਨੇਕ ਦੀ ਪਿੱਠ ਥਾਪੜਦਾ। ਗਹਿਣੇ ਪਈ ਜ਼ਮੀਨ ਛੁਡਵਾਉਣ ਦੀ ਹਾਮੀ ਭਰਦਾ। ਸੱਤਿਆ ਦੀ ਰੁੱਖੀ ਮਿੱਸੀ ਖਾਂਦਾ ਅਤੇ ਪਰਤ ਜਾਂਦਾ।

ਫਿਰ ਇਕ ਸਮਾਂ ਆਇਆ ਜਦੋਂ ਜਗਰੂਪ ਸੱਤਿਆ ਨੂੰ ਸ਼ਹਿਰ ਲੈ ਗਿਆ। ਜਗਰੂਪ ਦੀ ਪਤਨੀ ਦਾ ਜਣੇਪਾ ਸਿਰ 'ਤੇ ਸੀ।

ਉਹ ਦਿਨ 'ਤੇ ਆਹ ਦਿਨ ਪਿਛਲੇ ਤਿੰਨ ਸਾਲਾਂ ਤੋਂ ਮਾਂ ਕਦੇ ਪੱਕੇ ਤੌਰ 'ਤੇ ਪਿੰਡ ਨਹੀਂ ਸੀ ਪਰਤੀ। ਪਰ ਜਗਰੂਪ ਦੀ ਪਤਨੀ ਪ੍ਰੀਤ ਧੀ ਪੁੱਤ ਜੋੜੇ ਜੰਮ ਕੇ ਪੇਕੇ ਜ਼ਰੂਰ ਚਲੀ ਗਈ ਸੀ। ਉਹਦੀ ਜ਼ਿਦ ਸੀ, ਜਾਂ ਸੱਤਿਆ ਰਹੇਗੀ ਜਾਂ ਉਹ। ਜਗਰੂਪ ਦੇ ਨਾਨਕੇ ਵੀ ਸੱਤਿਆ ਤੋਂ ਖਫ਼ਾ ਸਨ; ਪਰ ਜਗਰੂਪ ਆਖਦਾ, ਕੀ ਹੋਇਆ ਜੇ ਮਤੇਈ ਐ, ਹੈ ਤਾਂ ਸੱਕਿਆਂ ਤੋਂ ਵੱਧ।

ਇਕ ਦਿਨ ਅਚਾਨਕ ਪ੍ਰੀਤ ਨੇਕ ਨੂੰ ਅੱਡੇ 'ਚ ਮਿਲ ਗਈ।

"ਹਰਨੇਕ!" ਪ੍ਰੀਤ ਨੇ ਜਿਸ ਪਿਆਰ ਨਾਲ ਬੁਲਾਇਆ, ਨੇਕ ਪਾਣੀਓ ਪਾਣੀ ਹੋ ਗਿਆ।

"ਜੀ!"

"ਚਾਹ ਪੀਏ ਕਿਤੇ?"

ਨੇਕ ਸੰਗ ਗਿਆ।

ਪ੍ਰੀਤ ਉਹਨੂੰ ਲੈ ਕਿਸੇ ਦੁਕਾਨ 'ਚ ਜਾ ਬੈਠੀ। ਕਾਫ਼ੀ ਦੇਰ ਦੀ ਚੁੱਪੀ ਤੋਂ ਬਾਦ ਬੋਲੀ।

"ਨੇਕ!" ਜੇ ਤੂੰ ਬੁਰਾ ਨਾ ਮੰਨੇ ਤਾਂ ਇਕ ਗੱਲ ਪੁੱਛਾਂ? ਤੇਰੀ ਮਾਂ ਮੇਰੇ ਘਰ 'ਚ ਕੀ ਕਰਦੀ ਐ?"

ਨੇਕ ਕੋਲ ਕੋਈ ਉੱਤਰ ਨਹੀਂ ਸੀ। ਉਹ ਕਿਤੇ ਦੂਰ ਦੇਖਣ ਲੱਗਾ।

"ਨੇਕ!" ਤੂੰ ਇਕ ਵੇਰ ਵੀ ਨਾ ਕਿਹਾ, ਬਈ ਮਾਂ ਤੇਰਾ ਉਥੇ ਕੀ ਕੰਮ? ਜਦ ਕਿ ਜਗਰੂਪ ਉਹਦਾ ਲਗਦਾ ਹੀ ਕੁਝ ਨਹੀਂ।"

"ਕਿਹਾ!" ਨੇਕ ਝੂਠ ਬੋਲਿਆ।

"ਫਿਰ?"

"ਕਹਿੰਦੀ ਭੋਰਾ-ਭੋਰਾ ਜੁਆਕਾਂ ਨੂੰ ਕੀਹਦੇ ਹਾਲ ਛੱਡ ਕੇ ਆਵਾਂ।"

"ਜੁਆਕ ਮੇਰੇ ਸਨ, ਮੈਂ ਪਾਲਦੀ।

"ਹੁਣ ਉਹਦੀ ਰੋਟੀ ਪੱਕਦੀ ਐ, ਜੁਆਕ ਵੀ ਪਲੀ ਜਾਂਦੇ ਐ। ਤੂੰ ਦੱਸ, ਮੈਨੂੰ ਕਿਉਂ ਲੈ ਕੇ ਜਾਊ ਉਹ?" ਪ੍ਰੀਤ ਇਕ ਤਰ੍ਹਾਂ ਰੋ ਹੀ ਪਈ।

"ਇਹ ਤਾਂ ਬੀਰਾ ਦੇਖੇ?"



"ਤੇਰਾ ਕਿੱਧਰ ਤੋਂ ਹੋ ਗਿਆ ਬੀਰਾ। ਪਹਿਲਾਂ ਤਾਂ ਇਹ ਸਮਝਾ ਮੈਨੂੰ? ਤੇਰਾ ਉਹ ਲੱਗਦਾ ਕੀ ਐ? ਦਿਆਲੋ ਦਾ ਤੇਰੇ ਪਿਉ ਨਾਲ ਕਰੇਵਾ ਹੋਇਆ? ਇਹ ਦਿਆਲੋ ਦੇ ਨਾਲ ਪਿੱਛ ਕਿਤੋਂ ਆਇਆ। ਇਹ ਨਾ ਤੇਰੇ ਪਿਉ ਦਾ ਕੁਝ ਲੱਗਾ ਨਾ ਤੇਰਾ। ਜੇ ਤੇਰੇ ਪਿਉ ਦਾ ਕੁਝ ਨਾ ਲੱਗਿਆ ਤਾਂ ਤੇਰੀ ਮਾਂ ਦਾ ਕੀ ਲੱਗਿਆ?"

"ਮੈਂ ਕੀ ਜਾਣਾ?"

"ਬਸ ਤੂੰ ਨਾ ਸਿਆਣਾ ਬਣੀ ਕਦੇ..."

ਪ੍ਰੀਤ ਨੇ ਇਹ ਕਹਿੰਦਿਆਂ ਜਿਸ ਕਾਟਵੀਂ ਨਜ਼ਰ ਨਾਲ ਨੇਕ ਵੱਲ ਦੇਖਿਆ, ਨੇਕ ਉਹਦੀ ਝਾਲ ਝੱਲਣ ਵਾਲਾ ਨਹੀਂ ਸੀ। ਫਿਰ ਉਸ ਇਕ ਹੋਰ ਤੀਰ ਛੱਡਿਆ।

"ਦੇਖ। ਜਾਂ ਤਾਂ ਮਾਂ ਨੂੰ ਲੈ ਕੇ ਆ, ਨਹੀਂ ਮੈਂ ਰੋਟੀਆਂ ਥੱਪਣ ਤੇ ਜੁਆਕ ਜੰਮਣ ਆ ਜੂ ਤੇਰੇ ਘਰੇ।"

ਫਿਰ ਉਹ ਅਚਾਨਕ ਨੇਕ ਦੇ ਕੱਪੜਿਆਂ ਵੱਲ ਝਾਕੀ।

"ਇਹ ਜਗਰੂਪ ਦੇ ਕੱਪੜੇ ਤੂੰ ਕਿਵੇਂ ਪਾਈ ਫਿਰਦੈਂ? ਹੱਛਾ? ਤਾਂ ਹੁਣ ਤੈਨੂੰ ਦੇ ਦਿੱਤਾ ਉਤਾਰ।" ਫਿਰ ਉਸ ਸਿੱਧਾ ਝਾਕਦੇ ਕਿਹਾ। "ਗੱਲ ਸੁਣ, ਜੇ ਉਤਾਰ ਹੀ ਹੰਢਾਉਣੇ ਤਾਂ ਚੱਜ ਨਾਲ ਹੰਢਾ...।"

ਨੇਕ ਜਿਉਂ ਹੀ ਮੇਜ਼ ਦੇ ਉਸ ਪਾਰ ਬੈਠਾ ਉਹਦੇ ਵੱਲ ਨੂੰ ਝੁਕਿਆ। ਉਹਦੀ ਅੱਖ ਭਰਵੀਆਂ ਛਾਤੀਆਂ ਦੇ ਜ਼ੁੰਘ 'ਚ ਕਿਤੇ ਉੱਤਰ ਗਈ। ਉਸ ਪਿੱਛੋਂ ਵਿਚ ਅਨੇਕ ਝਰਨਾਟਾਂ ਮਹਿਸੂਸ ਕੀਤੀਆਂ ਤੇ ਭਰਜਾਈ ਦੇ ਬੋਲਾਂ ਨੂੰ ਜ਼ਿਹਨ 'ਚ ਦਹੁਰਾਇਆ।

ਵਿਛੜਨ ਵੇਲੇ ਉਸ ਫਿਰ ਕਿਹਾ।

"ਨੇਕ! ਸ਼ਰੀਕ ਸਿਹਰੇ ਬੰਨ੍ਹ ਕੇ ਨਹੀਂ ਢੁੱਕਦਾ ਇਕ। ਬਾਕੀ ਕਸਰ ਨੀ ਛੱਡਦਾ ਕੋਈ। ਔਰ ਜਿੱਦੇਂ ਤੈਨੂੰ ਲੱਗਾ ਕਿ ਜਗਰੂਪ ਨੇ ਕੋਈ ਮੀਟ੍ਹੀ ਚਾੜ੍ਹੀ ਐ ਤੇਰੇ ਸਿਰ, ਤਾਂ ਆ ਜਾਈਂ, ਆਪਾਂ ਲਾਹ ਦਿਆਂਗੇ ਰਲ ਕੇ....।"

ਉਹਨੇ ਨੇਕ ਨੂੰ ਨਾਲ ਘੁੱਟਿਆ ਅਤੇ ਚਲੀ ਗਈ।

ਨੇਕ ਲਈ ਖੜ੍ਹਨਾ ਮੁਸ਼ਕਿਲ ਹੋ ਗਿਆ। ਉਹਨੇ ਕਿਸੇ ਜੁਆਨ ਤੀਵੀਂ ਦੀ ਛੋਹ ਇਤਨੀਂ ਨੇੜਿਉਂ ਕਦੇ ਨਹੀਂ ਸੀ ਮਾਣੀ।

ਇਹ ਪਲ ਜਦੋਂ ਵੀ ਉਹ ਯਾਦ ਕਰਦਾ ਝੂਮ ਉਠਦਾ। ਉਸਤੋਂ ਬਾਦ ਜਦੋਂ ਵੀ ਮਾਂ ਜਗਰੂਪ ਦਾ ਕੋਈ ਲੱਥਾ ਕੱਪੜਾ ਦਿੰਦੀ, ਉਹਨੂੰ ਪ੍ਰੀਤ ਚੇਤੇ ਆਉਂਦੀ। 'ਜੇ ਉਤਾਰ ਹੰਢਾਉਣੇ ਤਾਂ ਚੱਜ ਨਾਲ ਹੰਢਾ।' ਤੇ ਉਹ ਇਸ ਖਿਆਲ ਨੂੰ ਝਟਕ ਦਿੰਦਾ। ਇਸ ਵਾਰ ਵੀ ਮਾਂ ਤੋਂ ਜਗਰੂਪ ਦਾ ਉਤਾਰ ਲੈਂਦੇ ਉਹਨੂੰ ਪ੍ਰੀਤ ਚੇਤੇ ਆਈ। ਕੇਵਲ ਚੇਤੇ ਹੀ ਨਹੀਂ; ਜਗਰੂਪ ਅਤੇ ਮਾਂ ਦੇ ਜਾਣ ਬਾਦ ਉਹ ਅਕਾਰਥ ਹੀ ਜੁਮਾਂਸ ਨਾਲ ਭਰ ਗਿਆ। ਬਲਦਾਂ ਨੂੰ ਪੱਠੇ ਪਾਉਂਦੇ ਅਤੇ ਗੁਆਰੇ ਦੀ ਭਰੀ ਵੱਢਦੇ ਹੀਰ ਗੁਣਗੁਣਾਉਂਦਾ ਰਿਹਾ।

ਗੁਆਰੇ ਦੀ ਪੰਡ ਵੱਢਦੇ ਉਹਦੀਆਂ ਅਰਕਾਂ ਤੱਕ ਨੰਗੀਆਂ ਬਾਹਾਂ ਕੰਡ ਨਾਲ

ਵਿੰਨ੍ਹੀਆਂ ਗਈਆਂ ਸਨ। ਖਾਲ ਦੇ ਖੜੋਤੇ ਪਾਣੀ ਵਿਚੋਂ ਬਾਹਾਂ ਧੋ ਕੇ ਹਟਿਆ ਤਾਂ ਪਿੱਛੋਂ ਕਿਸੇ ਜੱਫੀ ਆ ਪਾਈ। ਗੁਰਨੈਬ ਸੀ। ਅਕਾਲੀਆਂ ਦਾ ਪੋਤਾ ਅਤੇ ਹਰਨੇਕ ਦਾ ਯਾਰ। ਸ਼ਹਿਰ ਨੌਕਰੀ ਕਰਦਿਆਂ ਭੈੜੀ ਸੋਬ੍ਹਤ ਵਿਚ ਜਾ ਵੜਿਆ। ਸ਼ਰਾਬ ਅਤੇ ਸਿਗਰਟ ਦੀ ਲੱਤ ਲਾ ਲਈ। ਜਦੋਂ ਵੀ ਪਿੰਡ ਆਉਂਦਾ ਨੇਕ ਕੋਲ ਚੋਰੀ ਦੇ ਸੂਟੇ ਤੇ ਦੇਸੀ ਦੇ ਹਾੜੇ ਲਈ ਗੇੜਾ ਮਾਰਦਾ।

"ਕਿੱਦੋਂ ਨੇਕ ਸਿਹਾਂ!"

"ਠੀਕ ਐ, ਤੂੰ ਦੇਹ ਖਬਰਾਂ..."

ਨੇਕ ਨੇ ਗੁਰਨੈਬ ਦੇ ਫੱਬਵੇਂ ਲੀੜੇ ਗਹੁ ਨਾਲ ਦੇਖੇ। ਜਗਰੂਪ ਦਾ ਉਤਾਰ ਲੈਣਾ ਫਿਰ ਚੇਤੇ ਆਇਆ। ਪਰ ਜ਼ਾਹਰ ਨਾ ਹੋਣ ਦਿੱਤਾ। ਉਹ ਦੋਵੇਂ ਖੂਹ ਵੱਲ ਨੂੰ ਤੁਰੇ ਆਏ।

"ਇਕ ਤਾਂ ਯਾਰ ਸੂਟਾ ਲਵਾ, ਇਕ ਭਾਂਡਾ ਛੰਨਾ ਲਿਆ ਕੋਈ।

ਨੇਕ ਸਿਗਰਟ ਨਹੀਂ ਸੀ ਪੀਂਦਾ। ਘਰ ਦੀ ਕੱਢੀ ਹਰ ਵੇਲੇ ਰਹਿੰਦੀ ਸੀ। ਪਰ ਭਾਂਡੇ ਛੰਨੇ ਦਾ ਮਤਲਬ ਗੁਰਨੈਬ ਦਾਰੂ ਲੈ ਕੇ ਆਇਆ ਸੀ।

ਨੇਕ ਨੇ ਜਦੋਂ ਤੱਕ ਖੂਹ ਚੋਂ ਪਾਣੀ ਦਾ ਡੋਲ ਕੱਢ ਕੇ ਅਤੇ ਮਾਂ ਵਲੋਂ ਲਿਆਂਦੀ ਅਚਾਰ ਦੀ ਫਾੜੀ ਕੌਲੀ 'ਚ ਧਰੀ, ਗੁਰਨੈਬ ਅੱਧੀ ਸਿਗਰਟ ਖਿੱਚ ਚੁੱਕਾ ਸੀ।

"ਅੱਜ ਅਚਾਰ ਆਲੀ ਨਹੀਂ ਨੇਕ ਸਿਹਾਂ ਤੂੰ ਆਪਣਾ ਭਾਂਡਾ ਲਿਆ ਛੇਤੀ।"

ਗੁਰਨੈਬ ਅੰਗਰੇਜ਼ੀ ਦਾ ਅਧੀਆ ਕੱਢ ਲਿਆ।

"ਨਾ ਬਾਈ ਤੂੰ ਲਾ ਗੱਫੇ, ਮੈਂ ਤਾਂ ਉਂਈ ਨੰਦ 'ਚ ਆਂ।

"ਕੀ ਗੱਲ ? ਭਾਬੀ ਤਾਂ ਨੀ ਮਾਰ ਗਈ ਗੇੜਾ ?"

"ਨਹੀਂ ਮਾਂ ਆਈ, ਨਾਲ ਰੂਪ...."

"ਫਿਰ ਤਾਂ ਜ਼ਰੂਰ ਜੂਠੀ ਕਰਨੀਂ ਪਊ...."

"ਨਾ ਬਾਈ ਅੱਜ ਨੀ...."

"ਹੱਦ ਹੋ ਗਈ ਜਾਰ! ਕੱਲੇ ਪੀਣੀ ਹੁੰਦੀ ਸ਼ਹਿਰ ਨਾ ਪੀਂਦਾ। ਤੂੰ ਦਿਲ ਨਾ ਤੋੜ, ਲਿਆ ਗਲਾਸੀ।" ਅਣਮੰਨੇ ਜਿਹੇ ਮਨ ਨੇਕ ਗਲਾਸੀ ਲੈ ਆਇਆ।

ਦੋਵੇਂ ਇਕ ਇੱਕ ਹਾੜਾ ਡੀਕ ਗਏ।

"ਨੇਕ ਸਿਹਾਂ! ਜਿਨੀ ਮਿਹਨਤ ਕਰਦੈਂ...ਜੇ ਉਹਦਾ ਦੁਆਨੀ ਵੀ ਮੁੱਲ ਪੈ ਜੇ, ਸੋਨੇ ਦਾ ਬਣ ਜੇਂ ਸੋਨੇ ਦਾ, ਤੇਰਾ ਮੁੱਲ ਨੀ ਪਾਇਆ ਕਿਸੇ।"

"ਮੁੱਲ ਹੁੰਦੇ ਜ਼ਮੀਨਾਂ ਜੈਦਾਦਾਂ ਦਾ, ਬੰਦਾ ਤਾਂ ਮਿੱਟੀ ਦੀ ਢੇਰੀ ਐ ਬਾਈ।"

ਗੁਰਨੈਬ ਨੇ ਉਹਨੂੰ ਹੋਰ ਹਾੜਾ ਪਾਇਆ ਤੇ ਕਿਹਾ।

"ਬਸ ਆਹੀ ਦੁੱਖ ਐ ਨੇਕ ਸਿਹਾਂ। ਬਈ ਭਰਾ ਤੇਰਾ ਤਾਂ ਵਿਸਕੀ ਨਾਲ ਕੁਰਲੀਆਂ ਕਰੇ, ਅਰ ਤੂੰ ਵੱਢ੍ਹਦੈ ਡੰਗਰਾਂ ਦੇ ਖੁਰ, ਤੇ ਪੀਨੈਂ ਲਾਹਣ। ਜੀਹਨੂੰ ਸਾਲੇ ਕੁੱਤੇ



ਵੀ ਨੀ ਸੁੰਘਦੇ।"

ਨੇਕ ਕਹਿਣਾ ਚਾਹਿਆ, ਅੱਜ ਅੰਗਰੇਜ਼ੀ ਲੈ ਆਇਆ ਤਾਂ ਲਾਹਣ ਮਾੜੀ ਹੋ ਗਈ। ਜਦ ਹਮੇਸ਼ਾ ਲਾਹਣ ਪੀ ਕੇ ਜਾਂਦਾ ਸੀ ? ਪਰ ਉਹ ਚੁੱਪ ਰਿਹਾ, ਅਤੇ ਹਾੜਾ ਪੀਣ ਤੋਂ ਬਾਦ ਬੋਲਿਆ।

"ਕਿਸਮਤ ਐ ਬਾਈ ਆਪਣੇ ਕੀ ਵੱਸ ਐ ?"

"ਕਿਉਂ ਤੂੰ ਸਾਲਾ ਭੁੰਨ ਕੇ ਬੀਜਿਐ...ਪਰ ਅਸ਼ਕੇ ਸੱਤਿਆ ਮਾਸੀ ਦੇ, ਜੀਹਨੇ ਸਭ ਕੁਝ ਜਰ ਲਿਆ। ਪਰ ਘਰ ਦੇ ਡਲੇ ਨਹੀਂ ਖਿੰਡਣ ਦਿੱਤੇ।"

ਹਰਨੇਕ ਦਾ ਮੱਥਾ ਠਣਕਿਆ। ਗੁਰਨੈਬ ਜਦ ਵੀ ਆਉਂਦਾ ਵਲ ਪਾ ਕੇ, ਜਗਰੂਪ, ਮਾਂ ਜਾਂ ਪ੍ਰੀਤ ਦਾ ਕਿੱਸਾ ਛੇੜ ਲੈਂਦਾ। ਨੇਕ ਨੂੰ ਬੁਰਾ ਲੱਗਾ।

"ਬਾਈ! ਤੂੰ ਮੀਨੇ ਵੀਹ ਦਿਨੀਂ ਆਉਨੈਂ...। ਤੋਂ ਪਰਵਾਰ ਦੇ ਝਮੇਲਿਆਂ ਤੋਂ ਕੀ ਲੈਣੇ।"

"ਲੈਣਾ ਕਿਉਂ ਨੀਂ....ਤੈਨੂੰ ਕੋਈ ਗੱਲ ਕਰ ਜੇ; ਯਾਰ ਦਾ ਮਰਨ ਨੀ....।"

"ਪਰ ਗੱਲ ਕੋਈ ਕਰੂ ਕਿਉਂ ?"

"ਗੱਲ ਜਗਰੂਪ ਦੇ ਤੀਮੀਂ ਛੱਡਣ ਦੀ ਐ...। ਪੜ੍ਹੀ ਲਿਖੀ। ਸੋਹਣੀ ਸੁਨੱਖੀ। ਨੌਕਰੀ ਕਰਦੀ। ਨਿਆਣੇ ਛੱਡ ਕੇ ਪੇਕੀਂ ਜਾ ਬੈਠੀ। ਨੇਕ ਸਿਹਾਂ ਕਿਹੜੇ ਯੁੱਗ 'ਚ ਰਹਿਨੈ ਤੂੰ, ਮੈਂ ਕਹਿਨਾਂ ਅੱਜ ਮਾਸੀ ਸੱਤਿਆ ਪਿੰਡ ਆ ਜਾਵੇ। ਦੋ ਜੁਆਕ ਸਾਂਭ ਲਊ ਜਗਰੂਪ...ਰਾਮ ਰਾਮ...।"

ਨੇਕ ਸੋਚੀਂ ਪੈ ਗਿਆ। ਇਹੋ ਤਾਂ ਪ੍ਰੀਤ ਨੇ ਕਿਹਾ ਸੀ।

ਗੁਰਨੈਬ ਤੱਤੇ ਲੋਹੇ 'ਤੇ ਇਕ ਹੋਰ ਸੱਟ ਮਾਰੀ।

"ਦੇਖ ਨੇਕ ਸਿਹਾਂ! ਮਾਸੀ ਜਾਂ ਤਾਂ ਕਿਸੇ ਮਾਰ 'ਤੇ ਐ....ਜਾਂ ਮੂਰਖ ਐ।"

ਗੁਰਨੈਬ ਦੇ ਬੋਲ ਖੂਹ ਦੇ ਤਲ 'ਚੋਂ ਉੱਠ, ਨੇਕ ਦੇ ਮੱਥੇ 'ਚ ਗੂੰਜੇ। ਉਹਨੇ ਉੱਖੜ ਕੇ ਗੁਰਨੈਬ ਦੇਖਿਆ। ਉਹ ਦੂਜੀ ਸਿਗਟ ਅਤੇ ਚੌਥਾ ਹਾੜਾ ਖਿੱਚ ਰਿਹਾ ਸੀ। ਜਿਵੇਂ ਕਿਸੇ ਕਾਹਲੀ 'ਚ ਹੋਵੇ। ਫਿਰ ਉਹਨੇ ਨੇਕ ਨੂੰ ਤੀਜੇ ਹਾੜੇ ਲਈ ਸੁਲ੍ਹਾ ਮਾਰੀ ਅਤੇ ਉਸਦੇ ਨਾਂਹ ਕਹਿਣ 'ਤੇ ਅਧੀਏ 'ਚ ਫੂਕ ਮਾਰ ਪਰੇ ਰੂੜੀ ਦੇ ਕੂਪ ਵੱਲ ਵਗਾਹ ਮਾਰਿਆ, ਅਤੇ "ਚੰਗਾ ਬਾਈ ਮਿਲਦੇ ਆਂ ਫੇਰ" ਕਹਿ ਕੇ ਅਹੁ ਗਿਆ ਅਹੁ ਗਿਆ।

ਗੁਰਨੈਬ ਦੇ ਜਾਣ ਸਮੇਂ ਨੇਕ ਕੋਠੜੀ ਨੇੜਲੇ ਤੂਤ ਦੀ ਛੋਹ ਲਾਈ ਬੈਠਾ ਸੀ। ਉਹਨੂੰ ਪਤਾ ਹੀ ਨਾ ਲੱਗਾ ਕਦੋਂ ਬਲਦ ਖੁੱਲ੍ਹ ਕੇ ਚਰ੍ਹੀ ਜਾ ਵੜੇ। ਕਦੋਂ ਪਰਛਾਵੇਂ ਲੰਮੇ ਹੋ ਗਏ ਅਤੇ ਸੂਰਜ ਸੂਏ ਦੇ ਸਰਕੜੇ ਪਿਛੇ ਡੁੱਬਣ ਲੱਗਾ।

ਗੁਰਨੈਬ ਦੇ ਸਿੱਟੇ ਸਿਗਰਟਾਂ ਦੇ ਟੋਟੇ ਉਹਦੇ ਨੇੜੇ ਪਏ ਸਨ। ਬੁਝੇ ਟੋਟੇ ਉਹਦੇ ਮੱਥੇ 'ਚ ਧੁਖਣ ਲੱਗੇ। ਉਹ ਅਣਮੰਨੇ ਜਿਹੇ ਮਨ ਗੱਡੇ 'ਤੇ ਭਰੀ ਲੱਦ ਪਿੰਡ ਨੂੰ ਤੁਰਿਆ ਆਇਆ।

ਭਰੀ ਲਾਹੁੰਦੇ ਉਹਨੂੰ ਝੋਲਾ ਨਜ਼ਰੀਂ ਪਿਆ। ਜਿਸ ਵਿਚ ਰੋਟੀਆਂ, ਸਬਜ਼ੀ, ਅਚਾਰ ਅਤੇ ਜਗਰੂਪ ਦੇ ਲੱਥੇ ਕੱਪੜੇ ਸਨ। ਭੁੱਖ ਉਹਨੂੰ ਵਾਢ੍ਹ ਪਾ ਰਹੀ ਸੀ, ਪਰ ਉਹਦਾ ਜੀਅ ਕੀਤਾ ਝੋਲਾ ਦੂਰ ਵਗਾਹ ਮਾਰੇ।

ਪੱਠੇ ਕੁਤਰਨ ਤੇ ਉਹਦਾ ਜੀ ਨਾ ਕੀਤਾ। ਗਾਂ ਅਤੇ ਬਲਦਾਂ ਮੂਹਰੇ ਤੂੜੀ ਦਾ ਟੋਕਰਾ ਅਤੇ ਆਟਾ ਧੂੜ ਗਾਂ ਚੋਣ ਬੈਠ ਗਿਆ। ਪਤਾ ਨਹੀਂ ਕਿਉਂ ਉਚਾਟ ਮਨ ਉਸ ਅੱਧੀ ਧਾਰ ਕੱਢ ਬਾਕੀ ਛੱਡੇ ਜਾਅ ਨੂੰ ਛੱਡ ਦਿੱਤੇ। ਓਟੇ ਤੇ ਬੈਠ ਚੋਏ ਦੁੱਧ ਨਾਲ ਮਾਂ ਵੱਲੋਂ ਲਿਆਂਦੀਆਂ ਰੋਟੀਆਂ ਅੰਦਰ ਲੰਘਾਈਆਂ ਅਤੇ ਨਿੰਮ ਥੱਲੇ ਖਲੋਤੇ ਸਾਈਕਲ ਦੇ ਪਹੀਆਂ ਵਿਚ ਹਵਾ ਦੇਖੀ।

ਉਹਨੇ ਟਾਈਮ ਦਾ ਅੰਦਾਜ਼ਾ ਲਗਾਇਆ। ਉਹਨੂੰ ਯਕੀਨ ਹੋਇਆ ਕਿ ਜੇ ਉਹ ਹਿੰਮਤ ਕਰੇ ਤਾਂ ਛੀਟਾਂ ਵਾਲੇ ਤੋਂ ਸ਼ਹਿਰ ਲਈ ਗੱਡੀ ਫੜ ਸਕਦਾ ਸੀ। ਤਦੇ ਗੁਆਂਢ 'ਚੋਂ ਕਿਸੇ ਦੇ ਕੁੱਕੜ ਨੇ ਬਾਂਗ ਦੇ ਦਿੱਤੀ। ਬਦਸ਼ਗਨੀ ਦਾ ਅਹਿਸਾਸ ਹੋਇਆ। ਨਾਲ ਹੀ ਕਿਸੇ ਦਾ ਜੁਆਕ ਰੋਣ ਲੱਗਾ।

ਕੋਠੜੀ 'ਚ ਵੜ ਉਸ ਦਾਤਰ ਝੋਲੇ 'ਚ ਪਾ ਸਾਈਕਲ ਦੇ ਹੈਂਡਲ ਨਾਲ ਟੰਗਿਆ ਅਤੇ ਸੋਚਿਆ, ਜੇ ਮਾਂ ਨੇ ਪੁੱਛ ਲਿਆ ਕਿ ਮੁੜਦੇ ਪੈਰੀਂ ਕਿਉਂ ਆਇਐਂ ਤਾਂ ਕੀ ਕਹੇਗਾ?

ਕੋਈ ਬਹਾਨਾ ਨਾ ਅਹੁੜਿਆ। ਸਗੋਂ ਮਾਂ ਦੀ ਹਿਦਾਇਤ ਚੇਤੇ ਆਈ।

"ਦੇਖ ਪੁੱਤ! ਆਪਾਂ ਸਾਰੀ ਉਮਰ ਖਫ਼ਾ ਖੂਨ ਹੋ ਕੇ ਦੋ ਕਿੱਲੇ ਨਹੀਂ ਛੁੱਡਾ ਸਕਦੇ। ਜਗਰੂਪ ਦੇ ਹੋ ਕੇ ਰਹੀਏ ਤਾਂ ਦੋ ਸਾਲਾਂ 'ਚ ਸੁਰਖ਼ਰੂ। ਸਿਆੜਾਂ ਤੋਂ ਬਿਨਾਂ ਜੱਟ ਦੀ ਕੀ ਜੂਨ.....ਤੂੰ ਜਿਵੇਂ ਕਿਵੇਂ ਦੰਦਾਂ ਥੱਲੇ ਜੀਭ ਲੈ ਤੇ ਸਿਆੜ ਕਬਜ਼ੇ ਹੇਠ ਕਰ...!"

ਉਹਦੇ ਦਿਲ 'ਚ ਆਈ ਕਿਉਂ ਨਾ ਪਹਿਲਾਂ ਮਾਂ ਕਬਜ਼ੇ ਹੇਠ ਕੀਤੀ ਜਾਵੇ। ਉਹਨੇ ਡੰਗਰਾਂ ਅੱਗੇ ਤੂੜੀ ਦੀ ਟੋਕਰੀ ਹੋਰ ਸਿੱਟੀ, ਬੂਹੇ ਨੂੰ ਜੰਦਰਾ ਮਾਰਿਆ। ਬਾਹਰਲਾ ਖਿੜਕਾ ਭੇੜਿਆ ਅਤੇ ਦਾਤਰ ਹੈਂਡਲ ਨਾਲ ਟੰਗੀ ਸਾਈਕਲ ਤੇ ਚੜ੍ਹਨ ਤੋਂ ਪਹਿਲਾਂ ਪੱਕ ਕੀਤਾ ਕਿ ਮਾਂ ਵੱਲੋਂ ਦਿੱਤੇ ਪੈਸੇ ਉਹਦੇ ਬੋਝੇ ਵਿਚ ਸਨ ਕਿ ਨਹੀਂ?

ਫਿਰਨੀ ਪੈ ਉਹ ਸੂਏ ਦੀ ਪਟੜੀ ਆ ਚੜ੍ਹਿਆ। ਸੋਤਾ ਉੱਤਰ ਚੁੱਕਾ ਸੀ। ਲੋਕ ਖਾਊ-ਪੀਏ ਦੇ ਆਹਰ ਵਿਚ ਸਨ। ਉਹਦੇ ਮਨ 'ਚ ਸਿਰਫ਼ ਗੱਡੀ ਨਿਕਲ ਜਾਣ ਦਾ ਡਰ ਸੀ, ਇਕ ਵੇਰ ਪਹਿਲਾਂ ਵੀ ਉਹ ਇਸੇ ਗੱਡੀ ਛੀਟਾਂ ਵਾਲੇ ਤੋਂ ਚੜ੍ਹਿਆ ਸੀ। ਸ਼ਹਿਰ ਪਹੁੰਚਿਆ ਤਾਂ ਜਗਰੂਪ ਕਾ ਦਰਵਾਜ਼ਾ ਬੰਦ। ਪਤਾ ਲੱਗਾ ਸੈਰ ਤੇ ਗਏ ਸਨ।

ਸੰਗਦਾ ਜਿਹਾ ਗੁਆਂਢੀਆਂ ਦੀਆਂ ਪੌੜੀਆਂ ਚੜ੍ਹ ਕੋਠੇ 'ਤੇ ਆ ਬੈਠਾ। ਉਦੋਂ ਪ੍ਰੀਤ ਨੂੰ ਰੁੱਸ ਕੇ ਗਿਆਂ ਡੂਢ੍ਹ ਵਰ੍ਹਾ ਬੀਤ ਚੁੱਕਾ ਸੀ। ਵਿਹੜੇ ਵਿਚ ਜੋੜ ਕੇ ਡਾਹੇ ਮੰਜਿਆਂ ਨੂੰ ਵੇਖ ਉਹਦੀਆਂ ਅੱਖਾਂ ਮਿਰਚਾਂ ਨਾਲ ਭਰ ਗਈਆਂ ਸਨ। ਤਦ ਉਸ ਮਨ ਨੂੰ ਛੀਹ-ਛੀਹ ਕਰਕੇ ਹਟਕ ਲਿਆ ਅਤੇ ਗੱਲ ਆਈ ਗਈ ਹੋ ਗਈ ਸੀ।



ਅੱਜ ਉਹਦੇ ਮਨ ਦੀ ਹਾਲਤ ਕੁਝ ਹੋਰ ਸੀ। ਉਹ ਦ੍ਰਿੜ ਸੀ ਕਿ ਕੁਝ ਵੀ ਸੀ, ਮਾਂ ਨੂੰ ਘਰ ਲੈ ਕੇ ਆਏਗਾ।

ਵੱਡੀ ਨਹਿਰ ਦੇ ਪੁਲ 'ਤੇ ਚੜ੍ਹਿਆ ਤਾਂ ਉੱਚੀ ਝਾਲ ਤੋਂ ਡਿਗਦਾ ਪਾਣੀ ਸ਼ੋਰ ਪਾਉਂਦਾ ਸੁਣਿਆ। ਉਹ ਸਾਈਕਲ ਪੁਲੀ ਦੀ ਕੰਧ ਨਾਲ ਲਾ ਬੈਠ ਗਿਆ। ਚੁਫ਼ੇਰੇ ਬੀਂਡੇ ਚੀਕ ਰਹੇ ਸਨ। ਹਵਾ ਵਿਚ ਠੰਡ ਅਤੇ ਹੁੰਮਸ ਘੁਲਿਆ ਹੋਇਆ ਸੀ। ਬਿਲਕੁਲ ਉਹਦੇ ਅੰਦਰ ਵਾਂਗ। ਉਹ ਜਗਰੂਪ ਅੱਗੇ ਕਦੇ ਉਭਾਸਰਿਆ ਨਹੀਂ ਸੀ। ਜੇ ਜਗਰੂਪ ਮਾਂ ਨੂੰ ਪਿੰਡ ਭੇਜਣ ਤੋਂ ਸਿਰ ਫੇਰ ਗਿਆ? ਉਹਨੇ ਮਨ ਹੀ ਮਨ ਜਗਰੂਪ ਦੀ ਸਰੀਰਕ ਤਾਕਤ ਦਾ ਅੰਦਾਜ਼ਾ ਆਂਕਿਆ। ਫਿਰ ਇਹ ਸੋਚ ਸਬਰ ਕਰ ਲਿਆ ਕਿ ਕੁਝ ਵੀ ਹੋਵੇ। ਮਾਂ ਉਹਦੇ ਨਾਲ ਸੀ।

ਉਹਨੂੰ ਪਿੰਡ ਦੇ ਕਈ ਹੁਜੱਤੀ ਬੁੜ੍ਹਿਆਂ ਦੀਆਂ ਟਿੱਚਰਾਂ ਚੇਤੇ ਆਈਆਂ। "ਕਿਮੇਂ ਐ ਨੇਕ ਸਿਆਂ; ਵੱਜਦੇ ਸੌਂਤਿਆ ਭਾਬੀ ਦਾ ਦੁਗਾੜਾ ਸ਼ਹਿਰ 'ਚ? ਤੂੰ ਬੀ ਸ਼ਹਿਰ ਭਗ ਜਾ ਭਾਈ, ਤੇਰੀ ਮਾਂ ਨੇ ਤਾਂ ਸ਼ਹਿਰ ਦੀਆ ਹਰੀਆਂ ਚਰ ਲਈਆਂ। ਸ਼ਹਿਰ ਤਾਂ ਕਹਿੰਦੇ ਗਧਾ ਛੱਟ ਸਿੱਟ ਆਵੇ ਤਾਂ ਨੀ ਦੂਜਿਆਂ 'ਚ ਰਲਦਾ, ਜਗਰੂਪ ਨੇ ਤਾਂ ਭਾਈ ਸੰਨ੍ਹ ਲਾ ਰੱਖੀ ਐ ਸਰਕਾਰ ਨੂੰ...!" ਪੰਜੀਂ-ਪੰਜੀਂ ਬਹਾਨੇ ਨਾਲ ਲਾਈਆਂ ਚੋਭਾਂ ਨੇਕ ਨੂੰ ਝਾਲ ਦੇ ਉੱਚੇ ਸ਼ੋਰ ਵਿਚ ਵੀ ਸੁਣੀਆਂ।

ਉਹਨੂੰ ਸ਼ਰਾਬ ਦੀ ਤਿੱਖੀ ਤੋਟ ਮਹਿਸੂਸ ਹੋਈ। ਫਿਰ ਸੋਚਣ ਲੱਗਾ। ਝਾਲ ਤੋਂ ਅੱਧ ਮੀਲ ਦੂਰ ਛੀਟਾਂ ਵਾਲਾ ਸੀ। ਥੋੜ੍ਹੀ ਦੂਰ ਤੋਂ ਕੋਈ ਮਾਲ ਗੱਡੀ ਲੰਘਦੀ ਦਿੱਸ ਰਹੀ ਸੀ। ਗੱਡੀ ਲੰਘ ਜਾਣ ਦਾ ਭੈਅ ਮਹਿਸੂਸ ਹੋਇਆ। ਉਹਨੇ ਜੀ ਕਰੜਾ ਕੀਤਾ ਅਤੇ ਜਗਰੂਪ ਦੇ ਹੱਥੀਂ ਪੈ ਜਾਣ ਦੀ ਸੂਰਤ ਵਿਚ ਟਾਕਰਾ ਕਰਨ ਬਾਰੇ ਵੀ ਸੋਚਣ ਲੱਗਾ।

ਉਹਦੇ ਜੀ 'ਚ ਆਈ। ਜਗਰੂਪ ਨੇ ਉਹਦੀ ਜ਼ਮੀਨ ਛੁਡਵਾਉਣ ਵਿਚ ਮਦਦ ਕੀਤੀ। ਠੀਕ। ਪਰ ਉਹਨੂੰ ਮਾਂ ਨੂੰ ਘਰੋਂ ਨਹੀਂ ਸੀ ਲੈ ਕੇ ਜਾਣਾ ਚਾਹੀਦਾ।

ਉਹਨੂੰ ਪ੍ਰੀਤ ਚੇਤੇ ਆਈ। ਉਹ ਆਪਣੇ ਆਪ ਤੇ ਖਫ਼ਾ ਹੋਇਆ। ਪ੍ਰੀਤ ਬਾਰੇ ਸੋਚਣ ਲੱਗਾ ਤਾਂ ਉਹਨੂੰ ਹਰ ਗੱਲ ਚੇਤੇ ਆਈ। ਉਹ ਸੋਚਾਂ ਵਿਚ ਇਤਨਾਂ ਉੱਤਰ ਗਿਆ ਕਿ ਝਾਲ ਦੇ ਕੰਨ ਪਾੜਵੇਂ ਸ਼ੋਰ ਵਿਚ ਵੀ ਉਹਨੂੰ ਇਕੋ ਸ਼ਬਦ ਸੁਣਿਆ।

'ਜੇ ਜੂਠ ਹੀ ਹੰਢਾਉਣੀ ਐਂ ਤਾਂ ਚੱਜ ਨਾਲ ਹੰਢਾ। ਜੇ ਲੱਗੇ ਕਿ ਜਗਰੂਪ ਨੇ ਮੋਟ੍ਹੀ ਚਾੜ੍ਹ ਦਿੱਤੀ ਐ ਤੇਰੇ ਸਿਰ, ਤਾਂ ਆ ਜਾਈਂ, ਲਾਹ ਦਿਆਂ ਗੇ ਰਲ ਕੇ। ਜਾਂ ਮਾਂ ਨੂੰ ਲਿਆ ਜਾਂ ਮੈਂ ਆ ਜਾਊਂ ਤੇਰੀਆਂ ਰੋਟੀਆਂ ਥੱਪਣ ਤੇ ਜੁਆਕ ਜੰਮਣ।'

ਪਤਾ ਨਹੀਂ ਉਹਦੇ ਜੀ 'ਚ ਕੀ ਆਈ। ਸਾਈਕਲ ਦੇ ਹੈਂਡਲ ਨਾਲ ਲਮਕਦੇ ਝੋਲੇ ਵਿਚੋਂ ਦਾਤਰ ਕੱਢ ਉਸ ਪਾਣੀ ਵਿਚ ਵਗਾਹ ਮਾਰਿਆ ਅਤੇ ਬਿਨਾਂ ਇਕ ਪਲ ਦੇਰੀ ਕੀਤੇ, ਸ਼ਹਿਰ ਜਾਣ ਦੀ ਥਾਂ ਪ੍ਰੀਤ ਦੇ ਪਿੰਡ ਵੱਲ ਜਾਂਦੇ ਰਾਹ ਨੂੰ ਹੋ ਤੁਰਿਆ।

ਪ੍ਰੀਤ ਕੀ ਰਿਹਾਇਸ਼ ਰੋਹਟੀਆਂ ਕਸਬੇ ਦੀ ਬਾਹਰਲੀ ਪੱਤੀ 'ਚ ਸੀ। ਨੇੜੇ ਹੀ

ਉਹ ਧਰਮਪੁਰ ਸਕੂਲ ਵਿਚ ਪੜ੍ਹਾਉਂਦੀ ਸੀ। ਨੇਕ ਨੂੰ ਇਹਨਾਂ ਗੱਲਾਂ ਬਾਰੇ ਅਟੇ-ਸਟੇ ਹੀ ਪਤਾ ਸੀ। ਵੱਡੀ ਝਾਲ ਤੋਂ ਹਵਾ ਵਾਂਗ ਉਹ ਰੇਹਟੀਆਂ ਅੱਪੜ ਗਿਆ। ਅੱਡੇ ਦੀਆ ਇੱਕੜ-ਦੁੱਕੜ ਦੁਕਾਨਾਂ ਹਾਲੇ ਖੁੱਲ੍ਹੀਆਂ ਸਨ। ਨੇਕ ਨੇ ਕਿਸੇ ਤੋਂ ਪ੍ਰੀਤ ਦਾ ਘਰ ਪੁੱਛਿਆ। ਪਤਾ ਲੱਗਾ ਸਾਮ੍ਹਣੇ ਖੱਬੇ ਕੋਲ ਸੀ।

ਨੇਕ ਬੂਹਾ ਖੜਕਾਇਆ

"ਐਸ ਵੇਲੇ ? ਸੁੱਖ ਤਾਂ ਹੈ ?" ਪ੍ਰੀਤ ਘਾਬਰ ਗਈ।

"ਕੌਣ ਐ ਪ੍ਰੀਤ।" ਕੋਈ ਜ਼ਨਾਨਾਂ ਅਵਾਜ਼ ਆਈ।

"ਕੋਈ ਨਹੀਂ, ਕੁਲੀਗ ਐ ਮੇਰਾ।"

ਪ੍ਰੀਤ ਮੁੜਨ ਲੱਗੀ ਤਾਂ ਨੇਕ ਉਹਦੀ ਬਾਂਹ ਫੜ ਲਈ।

"ਮੈਂ ਲੈਣ ਆਇਆਂ ਤੁਹਾਨੂੰ..."

"ਇਕ ਮਿੰਟ ਰੁਕ, ਮੈਂ ਆਈ।"

ਪ੍ਰੀਤ ਨੇ ਸਿਰ 'ਤੇ ਦੁਪੱਟਾ ਲਿਆ ਤੇ ਬਾਹਰ ਆ ਗਈ।

"ਆ ਆਪਾਂ ਗੱਲ ਕਰ ਲਈਏ ਪਹਿਲਾਂ..."

ਤੁਰਦੇ ਉਹ ਨੇੜੇ ਹੀ ਸਿਵਦੁਆਲੇ ਦੇ ਮੈਦਾਨ ਵਿਚ ਡੱਠੇ ਬੈਂਚ 'ਤੇ ਆ ਬੈਠੇ।

"ਕੋਈ ਬਹਾਨਾਂ ਨਾ ਬਣਾਉਣਾ, ਮੈਂ ਮਿਥ ਕੇ ਆਇਆ।"

"ਬਹਾਨਾਂ ਨਹੀਂ, ਪਰ ਤੇਰੇ ਲਈ ਇਹ ਸੁਣਨਾ ਜ਼ਰੂਰੀ ਐ।"

"ਮੈਂ ਬਹੁਤ ਕੁਝ ਸੁਣ ਚੁੱਕਾਂ।"

"ਨਹੀਂ ਜੋ ਮੈਂ ਕਹਿਣੈ, ਤੂੰ ਉਹ ਨਹੀਂ ਸੁਣਿਆ।"

ਕੁਝ ਚਿਰ ਚੁੱਪ ਰਹਿਣ ਤੋਂ ਬਾਦ ਬੋਲੀ।

"ਨੇਕ ਜਦੋਂ ਮੈਂ ਤੈਨੂੰ ਪਹਿਲੀ ਵੇਰ ਮਿਲੀ, ਮੈਂ ਇਹੋ ਚਾਹੁੰਦੀ ਸਾਂ, ਤੂੰ ਆਵੇਂ ਤੇ ਮੈਂ ਤੇਰੇ ਨਾਲ ਸੰਬੰਧ ਬਣਾ ਕੇ ਬਦਲਾ ਲਵਾਂ ਜਗਰੂਪ ਤੋਂ। ਪਰ ਤੇਰੀ ਮਾਂ ਨੂੰ ਮੇਰੇ ਇਰਾਦੇ ਦੀ ਭਿਣਕ ਪੈ ਗਈ। ਉਹ ਮੈਨੂੰ ਮਿਲੀ। ਕਹਿਣ ਲੱਗੀ, ਮੇਰੇ ਪੁੱਤ ਦੇ ਸਭ ਸਿਆੜ ਗਿਰਵੀ ਨੇ....ਇਕੱਲਾ ਉਹ ਸਾਰੀ ਉਮਰ ਛੁੜਾ ਨਹੀਂ ਸਕਦਾ। ਜਗਰੂਪ ਮੇਰੀ ਮਦਦ ਕਰ ਸਕਦੈ, ਜਾਂ ਤਾਂ ਮੈਨੂੰ ਆਪਣੇ ਨਾਲ ਰਹਿਣ ਦੇ, ਨਹੀਂ ਜਿੱਦੋਂ ਸਿਆੜ ਛੁੱਟ ਗਏ। ਮੈਂ ਜਗਰੂਪ ਵੱਲ ਝਾਕਦੀ ਵੀ ਨਹੀਂ।..."

"ਮੈਂ ਉਹਦੀ ਗੱਲ ਨਹੀਂ ਮੰਨੀ। ਪਰ ਜਦੋਂ ਮੈਂ ਤੈਨੂੰ ਅਤੇ ਤੇਰੀ ਮਾਂ ਨੂੰ ਚੰਦ ਸਿਆੜਾਂ ਬਦਲੇ ਉਤਾਰ ਹੰਢਾਉਂਦੇ ਵੇਖਿਆ ਤਾਂ ਸੋਚਿਆ, ਕਿ ਪਹਿਲਾਂ ਸੌਤਿਆ ਨੇ ਕਿਸੇ ਦਾ ਉਤਾਰ ਪੂਰਨ ਸਿੰਘ ਹੰਢਾਇਆ, ਫਿਰ ਮੇਰਾ...ਮੈਨੂੰ ਤੇਰੀ ਮਾਂ ਦੀ ਮਜਬੂਰੀ ਤਾਂ ਸਮਝ ਆਉਂਦੀ ਐ। ਪਰ ਜਦੋਂ ਮੈਂ ਤੈਨੂੰ ਜਗਰੂਪ ਦਾ ਉਤਾਰ ਹੰਢਾਉਂਦੇ ਦੇਖਿਆ ਤਾਂ ਮੈਂ ਫੈਸਲਾ ਕੀਤਾ ਕਿ ਕੁਝ ਵੀ ਹੋਵੇ; ਮੈਂ ਤੈਨੂੰ ਕਿਸੇ ਦਾ ਉਤਾਰ ਨਹੀਂ ਹੰਢਾਉਣ



ਦੇਣਾ। ਪੁੱਛੇਂ ਗਾ ਨਹੀਂ ਕਿਵੇਂ ?"

"ਕਿਵੇਂ ?"

"ਮੈਂ ਤੇਰੇ ਵੱਲ ਆਪਣੀ ਭੈਣ ਦਾ ਰਿਸ਼ਤਾ ਕਰਨ ਲਈ ਰਾਜ਼ੀ ਹਾਂ...। ਬੋਲ ਮੰਨਜ਼ੂਰ ?"

ਨੇਕ ਹਨੇਰੇ ਵਿਚ ਪ੍ਰੀਤ ਵੱਲ ਵੇਖਦਾ ਹੀ ਰਹਿ ਗਿਆ।

"ਮੈਂ ਜਾਣਦੀ ਹਾਂ, ਤੇਰੀ ਮਾਂ ਨੇ ਆਪਣੀਆਂ ਦੋ ਕਨਾਲਾਂ ਛੋਹ ਨਿਕਲਣ ਤੱਕ ਉੱਥੋਂ ਨਹੀਂ ਆਉਣਾ। ਨੇਕ! ਤੈਨੂੰ ਆਪਣੀ ਮਾਂ 'ਤੇ ਫ਼ਖ਼ਰ ਹੋਣਾ ਚਾਹੀਦੈ, ਜਿਨ੍ਹੇਂ ਤੇਰੇ ਲਈ ਇਤਨਾ ਕੁਝ ਜਰਿਆ। ਆ ਤੈਨੂੰ ਆਪਣੀ ਭੈਣ ਨਾਲ ਮਿਲਾਵਾਂ।"

ਨੇਕ ਪ੍ਰੀਤ ਦੇ ਪਿੱਛੇ ਪਿੱਛੇ ਆ ਰਿਹਾ ਸੀ। ਉਹਨੂੰ ਸਮਝ ਨਹੀਂ ਸੀ ਲੱਗ ਰਹੀ ਉਹ ਮਾਂ ਤੇ ਖੁਸ਼ ਹੋਵੇ ਜਾਂ ਪ੍ਰੀਤ 'ਤੇ....।

•

## ਰਾਮਕਾਰ

ਦੂਜੇ ਦਰਜੇ ਦਾ ਡੱਬਾ ਲੱਭਦਿਆਂ ਅਚਾਨਕ ਰੀਵਾ ਨਜ਼ਰ ਆਈ। ਉਹਦਾ ਦਿੱਸਣਾ ਮੇਰੇ ਲਈ ਅਚੰਭਾ ਸੀ। ਬਹੁਤ ਕਾਹਲੀ ਵਿੱਚ ਸਾਂ। ਮੈਂ ਉਹਨੂੰ ਦੇਖਣਾ ਨਹੀਂ ਸੀ ਜੇ ਉਹ ਕੁਲੀ ਨੂੰ ਅਵਾਜ਼ ਨਾ ਮਾਰਦੀ।

ਪੈਰ ਜਕੜੇ ਗਏ। ਇਕ ਪਲ ਵਿੱਸਰ ਹੀ ਗਿਆ ਕਿ ਮੇਰਾ ਗੱਡੀ ਫੜਨਾ ਕਿਤਨਾ ਜ਼ਰੂਰੀ ਸੀ। ਉਹ ਸ਼ਾਇਦ ਛੇ ਨੰਬਰ ਬੋਗੀ 'ਚੋਂ ਉੱਤਰ ਰਹੀ ਸੀ। ਮੈਂ ਨੌਂ ਵਿੱਚ ਚੜ੍ਹਨਾ ਸੀ। ਮੈਂ ਭੀੜ ਦਾ ਹਿੱਸਾ ਬਣ ਸਕਦਾ ਸਾਂ, ਪਰ ਸਹਿਜ ਨਾਲ ਤੁਰਦੇ ਚਾਹਿਆ, ਦੇਖਣ ਦੀ ਉਹ ਪਹਿਲ ਕਰੇ।

ਉਹੋ ਹੋਇਆ।

"ਹਰੀਸ਼ !" ਇਕ ਦਿਲਕਸ਼ ਅਵਾਜ਼।

ਮੈਂ ਆਸੇ-ਪਾਸੇ ਦੇਖਣ ਦਾ ਦਿਖਾਵਾ ਕੀਤਾ।

"ਤੇਰੇ ਪਿੱਛੇ..."

ਮੈਂ ਪਰਤਿਆ। ਬੋਗੀ ਦੀ ਤਾਕੀ ਵਿੱਚ ਉਸ ਹੱਥ ਹਿਲਾਇਆ।

ਅਣਜਾਣ ਬਣਦੇ ਮੈਂ ਵੀ ਹੱਥ ਉੱਚਾ ਕੀਤਾ।

"ਹਰੀਸ਼ !" ਉਹਨੇਂ ਤਾਕੀ ਵਿੱਚੋਂ ਉੱਤਰਦਿਆਂ ਫਿਰ ਆਵਾਜ਼ ਦਿੱਤੀ, ਜੋ ਪਲੇਟਫ਼ਾਰਮ ਦੇ ਸ਼ੋਰ ਅਤੇ ਇੰਜਨ ਦੀ ਸੀਟੀ ਵਿੱਚ ਡੁੱਬ ਗਈ, ਪਰ ਮੈਂ ਸੁਣ ਲੈਣ ਦੇ ਯਕੀਨ ਨਾਲ ਮੁੜਿਆ। ਅੱਖ ਦੇ ਫੋਰ ਵਿੱਚ ਸੋਚਿਆ, ਸ਼ਾਇਦ ਕਾਮਰੇਡੀ ਝੋਲੇ ਅਤੇ ਸੰਤਰੀ ਰੰਗ ਦੇ ਕੁਰਤੇ ਦੀ ਅਲੱਗ ਦਿੱਖ ਕਾਰਨ ਪਹਿਚਾਣਿਆ ਗਿਆ ਸਾਂ। ਜਿੱਤ ਦੀ ਸਿਖ਼ਰ 'ਤੇ ਪੁੱਜ ਕੇ ਹਮੇਸ਼ਾ ਹਾਰ ਜਾਣ ਵਾਂਗ ਮੈਂ ਇਸ ਵਾਰ ਵੀ ਉਹੋ ਕ੍ਰਮ ਦਹੁਰਾਇਆ ਅਤੇ ਗੱਡੀ ਨਿਕਲ ਜਾਣ ਦੇ ਡਰ ਨੂੰ ਭੁੱਲ ਕੇ ਨੇੜੇ ਆਇਆ। ਮੈਂ ਅਚਾਨਕ ਦੇਖਣ ਅਤੇ ਹੈਰਾਨੀ ਦੇ ਭਾਵ ਪ੍ਰਗਟ ਕਰਦੇ ਬਾਹਾਂ ਫ਼ੈਲਾਈਆਂ।

ਉਹ ਧਾਹ ਕੇ ਮੇਰੀ ਗੱਲਵੜੀ ਵਿੱਚ ਆਈ।

ਗੱਡੀ ਦੂਜੀ ਵਿਸਲ ਦਿੱਤੀ।

ਮੈਂ ਉਹਦੇ ਜਿਸਮ ਦਾ ਸੇਕ, ਨੇੜਤਾ, ਸ਼ਿੱਦਤ ਅਤੇ ਅਪਣੱਤ ਦੀ ਉਹੀ ਬੇ-ਝਿਜਕਤਾ ਮਹਿਸੂਸ ਕੀਤੀ, ਜਿਸ ਤੋਂ ਮੈਂ ਪੂਰੀ ਤਰ੍ਹਾਂ ਵਾਕਫ਼ ਸਾਂ।

"ਹਾਏ ਰੱਬ ਜੀ !... ਕਿਵੇਂ ਮੇਲ ਹੋਇਆ।"



ਮੈਨੂੰ ਗਲਵੱਕੜੀ 'ਚ ਘੁੱਟੀ ਉਹ ਜਿਵੇਂ ਹੜ੍ਹ ਗਈ।

ਕੁਲੀ ਉਹਦੀ ਪਿੱਠ ਪਿੱਛੇ ਬੈਗ ਚੁੱਕੀ ਖੜ੍ਹਾ ਸੀ।

ਬਿਨਾਂ ਇਕ ਸ਼ਬਦ ਬੋਲੇ ਉਹਦੇ ਦੋਵੇਂ ਹੱਥ ਮੇਰੇ ਹੱਥਾਂ ਵਿੱਚ ਸਨ। ਤਦੇ ਗੱਡੀ ਤੀਜੀ ਵਿਸਲ ਦਿੱਤੀ।

"ਤੇਰੀ ਗੱਡੀ..." ਕਾਹਲੀ ਨਾਲ ਉਸ ਹੱਥ ਛੱਡੇ।

ਮੈਂ ਕੇਵਲ ਹਉਕਾ ਲਿਆ।

"ਵਹਾਂ, ਬੈਂਚ ਕੇ ਪਾਸ ਰੱਖ ਦੋ।" ਉਹਨੇਂ ਕੁਲੀ ਨੂੰ ਕਿਹਾ, ਅਤੇ ਨਾਲ ਹੀ ਮੈਨੂੰ ਕਿਹਾ, ਇਹ ਨੂੰ ਪੰਜ ਰੁਪੈ ਦਿਉ ਟੁੱਟੇ ਹੋਏ, ਮੈਨੂੰ ਪਰਸ ਕਢਣਾ ਪਏਗਾ।" ਉਸ ਅਪਣੱਤ ਨਾਲ ਕਿਹਾ।

"ਤੂੰ ਗੱਡੀ ਕਿਉਂ ਮਿਸ ਕਰ ਦਿੱਤੀ ?"

ਉਸ ਬੈਂਚ 'ਤੇ ਬੈਠਦੇ ਕਿਹਾ।

"ਤੇਰੀ ਆਵਾਜ਼ ਨੇ ਹੈਰਾਨ ਕਰ ਦਿੱਤਾ।"

"ਕਿੱਧਰ ਜਾ ਰਿਹੈਂ ?"

"ਕਿਤੇ ਨਹੀਂ। ਤੇਰੇ ਕੋਲ ਖੜ੍ਹਾਂ।"

"ਮੇਰਾ ਮਤਲਬ..."

"ਤੂੰ ਇਥੇ ਕਿਵੇਂ ?" ਮੈਂ ਗੱਲ ਕੱਟਦੇ ਕਿਹਾ।

"ਮੈਂ ਹਮੇਸ਼ਾ ਲਈ ਆ ਗਈ, ਤੇਰੇ ਕੋਲ।"

ਉਸ ਹੁਭ ਕੇ ਕਿਹਾ।

"ਮੇਰੇ ਜਾਂ ਮੇਰੇ ਸ਼ਹਿਰ ਕੋਲ ?"

"ਦੋਵੇਂ।..."

"ਤੇਰਾ ਅਚਾਨਕ ਮਿਲਣਾ, ਮੇਰੇ ਕੋਲ ਹੋਣਾ... ਮੇਰੇ ਲਈ ਇਕ ਸੁਪਨਾ ਹੈ।"

"ਤੇਰੇ ਵਿੱਚ ਇਹੋ ਖ਼ੂਬੀ ਏ। ਜਿਹੜੀ ਗੱਲ ਦੂਜੇ ਨੇ ਕਹਿਣੀ ਹੋਵੇ। ਆਪ ਕਹਿ ਦਿਉ"

ਮੈਂ ਉਹਨੂੰ ਨੀਝ ਨਾਲ ਦੇਖਿਆ।

"ਸੋਚਦੀ ਸਾਂ ਕਿਵੇਂ ਲੱਭਾਂ ਗੀ ? ਕਿੰਨੇ ਚਿਰ ਬਾਦ ਮਿਲੇ ਆਪਾਂ ?"

"ਮੈਨੂੰ ਤਾਂ ਯਕੀਨ ਨਹੀਂ ਹੋ ਰਿਹਾ।"

"ਹਰੀਸ਼ ਤੂੰ ਬਿਲਕੁਲ ਨਹੀਂ ਬਦਲਿਆ...।"

ਉਸ ਮੇਰੇ ਦੋਵੇਂ ਹੱਥ, ਬੇ-ਝਿਜਕ ਆਪਣੇ ਸੀਨੇ ਨਾਲ ਘੁੱਟੇ। ਉਹ ਭੜਕੀਲੇ ਅਤੇ ਮਹਿੰਗੇ ਲਿਬਾਸ ਵਿੱਚ ਸੀ। ਸੂਟਕੇਸ ਵੀ ਮਹਿੰਗੇ ਸਨ। ਸ਼ਾਇਦ ਦਸ ਸਾਲ ਬਾਦ ਮਿਲ ਰਹੇ ਸਾਂ। ਉਹਦੇ ਚਿਹਰੇ ਅਤੇ ਵਜੂਦ ਦੀ ਆਭ੍ਹਾ ਪਹਿਲਾਂ ਤੋਂ ਵੀ ਵੱਧ ਤੇਜੱਸਵੀ ਸੀ।

"ਕਿੱਧਰ ਜਾ ਰਿਹੈਂ ?"

"ਦਿੱਲੀ।"

"ਕੋਈ ਖਾਸ ਵਜਹਾ ?"

"ਮੇਰੇ ਕੰਮ ਦੀ ਨੁਮਾਇਸ਼ ਏ ਭਲਕੇ।"

"ਖਾਲੀ ਹੱਥ ?"

"ਸਭ ਇੰਤਜ਼ਾਮ ਹੋ ਚੁਕੇ, ਬੱਸ ਮੈਂ ਹੀ ਬਾਕੀ ਹਾਂ।"

"ਤੇਰੀ ਗੱਡੀ ਤਾਂ ਨਿਕਲ ਗਈ।"

"ਕੋਈ ਨਵੀਂ ਗੱਲ ਐ ?" ਮੈਂ ਹਉਕਾ ਲਿਆ।

"ਇਹ ਮੇਰੇ ਕਰਕੇ ਹੋਇਐ ਨਾ ?" ਉਹਨੇ ਮੇਰਾ ਚਿਹਰਾ ਦੋਹਾਂ ਹੱਥਾਂ 'ਚ ਲੈਂਦੇ ਕਿਹਾ।

ਸਾਡੇ ਸਿਰ 'ਤੇ ਲੱਗੇ ਸਪੀਕਰ ਵਿੱਚੋਂ ਕੋਈ ਅਨਾਊਂਸਮੈਂਟ ਹੋਈ।

"ਸਿਰਫ਼ ਗੱਡੀ ? ਹੋਰ ਕੁਝ ਨਹੀਂ ? ਜੋ ਤੇਰੇ ਕਾਰਨ ਹੋਇਆ।"

"ਹਰਸ਼ ! ਮੈਂ ਠੀਕ ਸੁਣਿਐ ਨਾ ਕਿ ਤੂੰ ਹੁਣ ਕਾਫ਼ੀ ਮਸ਼ਹੂਰ ਹੈਂ ?"

"ਮੈਂ ਠੀਕ ਸੁਣ ਰਿਹਾਂ ਕਿ ਤੂੰ ਹੁਣ ਇਸੇ ਸ਼ਹਿਰ 'ਚ ਹੈਂ ?"

ਉਹ ਜਾਣਦੀ ਸੀ, ਮੈਂ ਉਹਦੇ ਹੱਥੋਂ ਤਿਲਕ ਰਿਹਾ ਸਾਂ।

"ਵਾਅਦਾ ਕਰ, ਮਿਲੇਂਗਾ।" ਉਹ ਮੇਰਾ ਹੱਥ ਘੁੱਟਦਿਆਂ ਮੇਰੇ ਇਤਨਾਂ ਨੇੜੇ ਹੋ ਗਈ ਕਿ ਉਹਦੀ ਭਰਵੀਂ ਛਾਤੀ ਮੇਰੀ ਵੱਖੀ 'ਚ ਖੁੱਭਣ ਲੱਗੀ। ਕਿਸੇ ਨੂੰ ਬਿਨਾਂ ਕੀਮਤ ਮੁੱਲ ਲੈਣ ਦੀ ਇਹ ਉਹਦੀ ਦਿਲਕਸ਼ ਅਦਾ ਸੀ।

ਮੈਂ ਕੇਵਲ ਹਉਕਾ ਲਿਆ।

"ਸੋਲਾਂ ਨੰਬਰ ਮਾਡਲ ਟਾਊਨ। ਬਹੁਤ ਵੱਡੀ ਕੋਠੀ ਹੋਏਗੀ। ਬੇਸ਼ਕ ਸਟੂਡੀਓ ਵੀ ਲਿਆ ਉਥੇ।"

ਮੈਂ ਦੇਖਿਆ ਉਹਨੇਂ ਬੁੱਲ੍ਹ ਭੀਚ ਅਤੇ ਚਿਹਰਾ ਤਣ ਲਿਆ ਸੀ। ਜਿਵੇਂ ਕੁਝ ਜ਼ਿਆਦਾ ਕਹਿ ਦਿੱਤਾ ਹੋਵੇ।

"ਚਾਹ ਪੀਏ ਕਿਤੇ ?" ਉਹਨੇ ਭੁੱਲ ਲੁਕਾਉਣ ਲਈ ਆਸੇ ਪਾਸੇ ਨਜ਼ਰ ਘੁਮਾਈ।

ਤਦੇ ਦੋ ਨੌਜਵਾਨ ਉਹਨੂੰ ਲੱਭਦਿਆਂ ਆਏ।

"ਜੀ ਅਸੀਂ ਬਾਹਰ ਖੜ੍ਹੇ ਸੀ। ਸਾਨੂੰ ਲੱਗਾ ਤੁਸੀਂ ਆਏ ਹੀ ਨਹੀਂ।"

"ਓ ਸ਼ਿਆਮ ਜੀ ! ਸੌਰੀ ! ਮੇਰੇ ਦਿਮਾਗ ਵਿੱਚੋਂ ਨਿਕਲ ਗਿਆ।" ਉਹਨੇ ਮੱਥਾ ਛੋਹਿਆ ਅਤੇ ਨੌਜਵਾਨ ਨੂੰ ਹੁੱਭ ਕੇ ਮਿਲੀ।

"ਇਹਨਾਂ ਨੂੰ ਜਾਣਦੇ ਓ ?" ਫਿਰ ਆਪ ਹੀ ਕਿਹਾ। "ਹਰੀਸ਼ ਪ੍ਰਸਿੱਧ ਆਰਟਿਸਟ...।"



"ਚੱਲੀਏ ਜੀ ? ਬਾਹਰ ਤਾਂਗਾ ਖੜ੍ਹੇ।" ਬਿਨਾਂ ਹੈਰਾਨੀ ਜਾਂ ਖੁਸ਼ੀ ਪ੍ਰਗਟ ਕਰਦੇ ਉਨ੍ਹਾਂ ਕਿਹਾ।

ਮੈਨੂੰ ਬੁਰਾ ਲੱਗਾ।

"ਹਾਂ ਹਾਂ ਕਿਉਂ ਨਹੀਂ," ਕਹਿੰਦੀ ਉਹ ਮੈਨੂੰ ਮੁਖਾਤਿਬ ਹੋਈ। "ਕਦੋਂ ਮੁੜਨੈ ?" ਫਿਰ ਮੇਰਾ ਉੱਤਰ ਉਡੀਕੇ ਬਿਨਾਂ ਕਿਹਾ। "ਠੀਕ ਐ, ਮਿਲਦੇ ਹਾਂ।"ਬਿਨਾਂ ਇਕ ਪਲ ਪਿੱਛੇ ਦੇਖੇ ਉਹ ਚਲੀ ਗਈ।

ਗੀਵਾ ਦੇ ਜਾਂਦੇ ਹੀ ਮੈਨੂੰ ਫ਼ਿਕਰ ਹੋਇਆ।

ਦੂਸਰੀ ਗੱਡੀ ਕਦ ਮਿਲੇ ਗੀ ? ਮੈਂ ਘੜੀ ਦੇਖੀ ਦਸ ਪੰਜਤਾਲੀ। ਮੈਂ ਕਾਹਲੀ ਨਾਲ ਇਨਕੁਆਰੀ ਵੱਲ ਜਾਣ ਲਈ ਉਠਿਆ। ਤਦੇ ਕੋਈ ਬਾਂਗਰੂ ਜਿਹਾ ਵਿਅਕਤੀ ਮੇਰੇ ਨੇੜੇ ਆਇਆ।

"ਯਾਹ ਕਿਆ ਲਗੇ ਥੀ ਤੇਰੀ ?"

"ਕੌਣ ?" ਮੈਂ ਹੈਰਾਨ ਹੋਇਆ।

"ਯਾਹੀ ਛੋਕਰੀ, ਜੋ ਤੰਨੇ ਲਿਪਟ ਰੀ ਥੀ।"

ਮੈਨੂੰ ਬੁਰਾ ਲੱਗਾ। ਇਕ ਬੇਹਦ ਅਸੱਭਿਆ ਅਤੇ ਮੂਰਖ ਜਿਹੇ ਵਿਅਕਤੀ ਨੂੰ ਮੈਂ ਗਹੁ ਨਾਲ ਦੇਖਿਆ

"ਮੇਰੇ ਸਾਥ ਓ ਚੜ੍ਹੀ...। ਉੱਥਾ ਬੀ ਸਭ ਨੂੰ ਲਿਪਟ ਰੀ ਥੀ। ਸਹੁਰੀ ਸ਼ਰਮ ਓ ਬੇਚ ਕੇ ਖਾ ਲੀ ਤੀਮੀਆਂ ਨੇ...।"

ਮੈਨੂੰ ਯਾਦ ਆਇਆ, ਉਹ ਸ਼ਖ਼ਸ ਕਾਫ਼ੀ ਦੇਰ ਤੋਂ ਸਾਨੂੰ ਦੇਖ ਰਿਹਾ ਸੀ।

ਉੱਤਰ ਦੇਣਾ ਮੈਂ ਆਪਣੀ ਹੇਠੀ ਸਮਝੀ।

"ਬਾਤ ਸੁਣ ! ਐਸੀ ਜਿਆਂ ਕੇ ਚਿੱਤ ਮਾ ਖੇਲ੍ਹਾਂ ਤੇਰੇ ਮੇਰੇ ਜੈਸੇ।" ਉਸ ਮੇਰੀ ਕੰਡ ਪਿੱਛੇ ਬੋਲ ਵਗਾੜ੍ਹੇ ਮਾਰੇ। ਅਚਾਨਕ ਮੇਰਾ ਮਨ ਪੀੜਾ ਨਾਲ ਭਰ ਗਿਆ। ਸ਼ਾਇਦ ਗੀਵਾ ਦੇ ਜਾਣ, ਜਾਂ ਇਸ ਵਿਅਕਤੀ ਦੇ ਬੋਲਾਂ ਕਰਕੇ। ਸਾਰੇ ਖਿਆਲਾਂ ਨੂੰ ਝਟਕ ਮੈ ਕੱਲ੍ਹ ਵਾਲੀ ਨੁਮਾਇਸ਼ ਉੱਤੇ ਆਪਣੇ ਆਪ ਨੂੰ ਕੇਂਦਰਤ ਕਰਨਾਂ ਚਾਹਿਆ। ਪਰ ਮੈਨੂੰ ਲਗਾ, ਦੂਜੀ ਗੱਡੀ ਵਿੱਚ ਬੈਠਦੇ ਹੀ ਮੈਂ ਕੇਵਲ ਗੀਵਾ ਬਾਰੇ ਸੋਚ ਰਿਹਾ ਸਾਂ।...

ਮੈਨੂੰ ਯਾਦ ਹੈ ਪਹਿਲੀ ਵੇਰ ਦਿੱਲੀ ਉਹ ਕਾਲਜ ਸਹਿਪਾਠੀਆਂ ਨਾਲ ਬੁੱਤ ਤਰਾਸ਼ੀ (ਸਕਲਪਚਰ) ਦੀ ਇਕ ਵਰਕਸ਼ਾਪ ਦੇਖਣ ਆਈ ਮਿਲੀ। ਕਈ ਪ੍ਰਾਂਤਾਂ ਦੇ ਆਰਟਿਸਟ ਸਨ। ਸ਼ਾਇਦ ਪੰਜਾਬੀ ਹੋਣ ਨਾਤੇ ਉਹ ਮੇਰੇ ਵੱਲ ਅਕ੍ਰਸ਼ਤ ਹੋਈ।

ਬਾਦ ਵਿੱਚ ਪਤਾ ਲੱਗਾ ਮੇਰੇ ਪਿੱਠ ਵੱਲ ਖਿੱਲਰੇ ਕੇਸ, ਵਾਧੀ ਦਾੜ੍ਹੀ ਮੇਰੇ ਦੁਆਰਾ ਤਰਾਸ਼ੇ ਜਾ ਰਹੇ ਇਕ ਖੁਜਰਾਹੋ ਸ਼ੈਲੀ ਦੇ ਇਸਤਰੀ ਵਜੂਦ ਦੀ ਨਗਨਤਾ ਤੋਂ ਪ੍ਰਭਾਵਤ ਹੋਈ। ਤਿੰਨ ਮਹੀਨੇ ਦੀ ਵਰਕਸ਼ਾਪ ਦੌਰਾਨ ਉਹ ਹਰ ਤੀਜੇ ਚੌਥੇ ਆਉਂਦੀ, ਕੁਝ ਖਾਣ ਲਈ ਬਣਾ ਕੇ ਲਿਆਉਂਦੀ। ਨਾਲ ਉਹਦੀ ਸਹੇਲੀ ਨੰਦਨੀ ਹੁੰਦੀ। ਨੰਦਨੀ

ਮੈਗਜ਼ੀਨਾਂ ਦੀ ਛੋਟੋ ਮਾਡਲ ਸੀ। ਦੋਵੇਂ ਕੋਟਲਾ ਫਿਰੋਜ਼ਸ਼ਾਹ ਦੇ ਸਰਕਾਰੀ ਕੁਆਟਰਾਂ 'ਚ ਰਹਿੰਦੀਆਂ। ਦੋਹਾਂ ਦੇ ਮਾਪੇ ਇਕ ਦੂਜੇ ਨੂੰ ਜਾਣਦੇ ਸਨ।

ਆਰਟਿਸਟ ਗਈ ਰਾਤ ਤੀਕ ਕੰਮ ਕਰਦੇ। ਕਈ ਹੋਰ ਦਰਸ਼ਕਾਂ ਵਾਂਗ ਉਹ ਵੀ ਗਈ ਰਾਤ ਤੀਕ ਉਥੇ ਬੈਠ ਮਸਤੀ ਕਰਦੀਆਂ।

ਪੁਰਾਤਤਵ ਵਿਭਾਗ ਨੇ ਧੌਲਪੁਰੀ ਸਟੋਨ 'ਤੇ ਖੁਜਰਾਹੋ ਸ਼ੈਲੀ ਦੀਆਂ ਕੁੱਝ ਮੂਰਤੀਆਂ ਘੜਨ ਲਈ ਇਹ ਵਰਕਸ਼ਾਪ ਆਯੋਜਿਤ ਕੀਤੀ ਸੀ। ਕਲਾਸਿਕ ਮੁੱਦਰਾਵਾਂ ਦੀਆਂ ਇਨ੍ਹਾਂ ਮੂਰਤੀਆਂ ਨੂੰ ਅਖ਼ਬਾਰਾਂ ਨੇ ਇਤਨਾਂ ਗ਼ਲਤ ਉਛਾਲਿਆ ਕਿ ਲੋਕਾਂ ਦੀ ਸਮਝ ਉੱਤੇ ਸ਼ਰਮ ਆਉਣ ਦੀ ਥਾਂ, ਆਪਣੇ ਆਪ 'ਤੇ ਆਉਣ ਲੱਗ ਪਈ।

"ਨਾ ਆਇਆ ਕਰ, ਮਾਂ ਪਿਉ ਬੁਰਾ ਮਨਾਉਣਗੇ।" ਇਕ ਦਿਨ ਮੈ ਕਿਹਾ।

"ਮਨਾਅ ਚੁੱਕੇ...।"

"ਫਿਰ ?"

"ਆਪਾਂ ਝਟਕ ਦਿੱਤੇ...।"

"ਕਿਵੇਂ ?"

"ਨੰਦਨੀ ਤਾਂ ਮਾਡਲ ਹੈ। ਤੂੰ ਕੀ ਝੱਖ ਮਾਰਦੀ ਹੈਂ ਉਥੇ ?" ਪਾਪਾ ਨੇ ਕਿਹਾ।

"ਆਰਟ ਦੇਖਣਾ ਝੱਖ ਮਾਰਨਾ ਹੋ ਗਿਆ ?" ਮੈਂ ਕਿਹਾ।

ਫਿਰ ਮੈਂ ਪਾਪਾ ਵੱਲੋਂ ਦੋ ਹਜ਼ਾਰ ਦੀ ਲਿਆਂਦੀ ਇਕ ਗਣੇਸ਼ ਦੀ ਮੂਰਤੀ ਬਾਰੇ ਕਿਹਾ।

"ਇਹ ਕੀ ਹੈ ?"

"ਇਹ ਅਸ਼ਲੀਲ ਹੈ ?" ਉਹ ਚੀਕੇ।

"ਵੈਸੇ ਅਸ਼ਲੀਲਤਾ ਹੈ ਕੀ ਪਾਪਾ ?"

"ਇਹ ਨੰਗੀਆਂ ਮੂਰਤੀਆਂ ਕੀ ਨੇ ? ਜਿਨ੍ਹਾਂ ਬਾਰੇ ਅਖ਼ਬਾਰਾਂ 'ਚ ਰੌਲਾ ਪੈ ਰਿਹੈ।"

"ਪਰ ਮੈਨੂੰ ਤਾਂ ਉਹ ਸਾਡੇ ਲੋਕਾਂ ਨਾਲੋਂ ਜ਼ਿਆਦਾ ਕੱਜੀਆਂ ਲਗਦੀਆਂ ਨੇ।"

"ਤਾਂ ਇਹਦਾ ਮਤਲਬ ਤੂੰ ਹਟਦੀ ਨਹੀਂ।"

"ਮੈਂ ਮੂਰਤੀਆਂ ਨਹੀਂ, ਮੂਰਤੀਕਾਰ ਨੂੰ ਮਿਲਣ ਜਾਂਦੀ ਹਾਂ।"

"ਕੌਣ ਹੈ ਉਹ ?"

"ਹਰੀਸ਼। ਹਰੀਸ਼ ਕਲੇਰ।"

"ਉਹ ਹਰਾਮੀ, ਜਿਸ 'ਤੇ ਇਕ ਕੁੜੀ ਨੇ ਜਿਸਮ ਸ਼ੋਸ਼ਣ ਦਾ ਕੇਸ ਕੀਤਾ ?"

"ਇਲਜ਼ਾਮ ਤਾਂ ਤੁਹਾਡੀ ਸਟੇਨੋ ਨੇ ਵੀ ਤੁਹਾਡੇ 'ਤੇ ਲਗਾਇਆ। ਕੀ ਉਹ ਸੱਚ ਸੀ ?"

ਫਿਰ ਵਿਚਾਲੇ ਮੰਮੀ ਆ ਗਈ।



"ਉਨ੍ਹਾਂ ਦਾ ਇਤਰਾਜ਼ ਠੀਕ ਹੈ ਗੀਵੂ...।" ਮੈਂ ਕਿਹਾ।

"ਉਨ੍ਹਾਂ ਦੀ ਛੱਡ, ਤੂੰ ਆਪਣੀ ਦੱਸ।"

"ਮੈਨੂੰ ਕੋਈ ਇਤਰਾਜ਼ ਨਹੀਂ।"

"ਫਿਰ ਇਨ੍ਹਾਂ ਨਗਨ ਮੂਰਤੀਆਂ ਵਿਚੋਂ ਬਾਹਰ ਵੀ ਨਿਕਲ।" ਉਸ ਦਿਨ ਮੈਂ ਗੀਵਾ ਨੂੰ, ਲਿਬਾਸ ਵਿੱਚ ਵੀ ਨਗਨ ਦੇਖਿਆ।

ਮੈਨੂੰ ਯਾਦ ਹੈ ਉਹ ਵਰਕਸ਼ਾਪ ਮੇਰੇ ਕੈਰੀਅਰ ਲਈ ਬਹੁਤ ਮਾਅਨੇ ਰੱਖਦੀ ਸੀ।...

ਇਕ ਖਾਸ ਕਿਸਮ ਦੀ ਖੁਜਰਾਹੋ ਸ਼ੈਲੀ ਵਿੱਚ ਇਸਤਰੀ ਬੁੱਤਾਂ ਦੇ ਨਿੱਤਬਾਂ ਅਤੇ ਛਾਤੀਆਂ 'ਤੇ ਵਿਸ਼ੇਸ਼ ਬਲ ਦੇ ਕੇ ਘੜਨਾ ਤਹਿ ਹੋਇਆ ਸੀ। ਜਜ਼ਬਿਆਂ ਅਤੇ ਕਾਮ-ਉਤੇਜਨਾਂ ਨਾਲ ਲਬਰੇਜ਼ ਮੁੱਦਰਾਵਾਂ। ਪਾਕ, ਪਵਿੱਤਰ ਅਤੇ ਸਮਰਪਿਤ। ਪਰ ਗੀਵਾ ਜਦੋਂ ਵਰਕਸ਼ਾਪ ਤੋਂ ਫ਼ਾਰਗ ਹੋ, ਮੇਰੇ ਸਟੂਡੀਉ 'ਚ ਕਦੇ-ਕਦਾਈਂ ਆਉਣ ਲਈ ਰਾਜ਼ੀ ਹੋਣ ਲਗ ਪਈ ਤਾਂ ਮੇਰਾ ਮਨ ਦੂਸ਼ਿਤ ਹੋ ਗਿਆ। ਜਿਸ ਕਾਰਨ ਮੂਰਤੀਆਂ ਦੀਆਂ ਭਾਵਨਾਵਾਂ ਵਿੱਚ ਵੀ ਪਾਕੀਜ਼ਗੀ ਲੁਪਤ ਹੋ ਗਈ।

ਇਸ ਗੱਲ ਦਾ ਅਹਿਸਾਸ ਤਦ ਹੋਇਆ, ਜਦੋਂ ਗੀਵਾ ਨੇ ਹੀ ਕਿਹਾ।

"ਇਸ ਮੂਰਤੀ ਵਿਚ ਮੈਂ ਹਾਂ ਨਾ ?"

"ਪਤਾ ਨਹੀਂ।" ਮੂਰਤੀ ਵੱਲ ਦੇਖ ਮੇਰਾ ਮਨ ਬੁੱਝ ਗਿਆ

"ਧੁੰਨੀ, ਗਰਦਨ, ਪਿੰਡਲੀਆਂ, ਡਵਾਂ ਅਤੇ ਸੀਨਾ ਮੇਰਾ ਨਹੀਂ।" ਗੀਵਾ ਨੇ ਕਿਹਾ।

ਉਹ ਠੀਕ ਆਖ ਰਹੀ ਸੀ।

ਰੰਜਨ ਬਾਬੂ, ਜੋ ਵਰਕਸ਼ਾਪ ਦੀ ਅਗਵਾਈ ਕਰ ਰਹੇ ਹਨ ਇਕ ਦਿਨ ਮੇਰੇ ਨੇੜੇ ਆਏ ਅਤੇ ਕਿਹਾ।

"ਅਰੇ ਹਰੀਸ਼! ਕਿਆ ਕਰ ਰਹੇ ਹੋ ? ਯਹ ਕਉਨ ਸੀ ਸ਼ੈਲੀ ਹੈ ਭਈ ?"

ਮੈਂ ਤ੍ਰਭਕਿਆ। ਮੂਰਤੀ ਬੈਲਸ ਕਰਨ ਦੀ ਕੋਸ਼ਿਸ਼ ਕੀਤੀ।

ਪਰ ਪੱਥਰ ਇੱਕੋ ਵੇਰ ਕਹਿਣਾ ਮੰਨਦੇ ਸਨ। ਦੂਜੀ ਤੀਜੀ ਵਾਰਨਿੰਗ ਮੈਨੂੰ ਵਰਕਸ਼ਾਪ ਤੋਂ ਲਾਂਭੇ ਕਰ ਦਿੱਤਾ ਗਿਆ। ਕੈਰੀਅਰ ਇਸ ਕਦਰ ਪ੍ਰਭਾਵਿਤ ਹੋਇਆ ਕਿ ਅਖ਼ਬਾਰਾਂ ਨੇ ਮੈਨੂੰ ਤਬਾਹ ਕਰ ਦਿੱਤਾ।

ਗੀਵਾ ਦਬੰਗ ਨਿਕਲੀ। ਜਿਨ੍ਹਾਂ ਦਿਨਾਂ ਵਿੱਚ ਮੈਂ ਮੁਫ਼ਲਿਸੀ ਅਤੇ ਗੁਮਨਾਮੀ ਦੇ ਦਿਨ ਕੱਟ ਰਿਹਾ ਸਾਂ। ਗੀਵਾ ਖ਼ੁਦ ਕਮਾਉਣ ਲੱਗੀ। ਨਹੀਂ ਸਾਂ ਜਾਣਦਾ ਉਹ ਕੀ ਕਰਦੀ ਸੀ।

ਇਹਨੀਂ ਦਿਨੀਂ ਦੋ ਘਟਨਾਵਾਂ ਵਾਪਰੀਆਂ।

ਗੀਵਾ ਦੇ ਪਿਤਾ ਜੀ ਆਏ।

"ਇਸ ਸ਼ਹਿਰ 'ਚੋਂ ਦਫ਼ਾ ਹੋਣ ਦਾ ਕੀ ਲਏਂਗਾ?" ਉਨ੍ਹਾਂ ਕਿਹਾ।

ਰੀਵਾ ਆਈ।

"ਪ੍ਰਵਾਹ ਨਾ ਕਰ, ਮੈਂ ਨਾਲ ਹਾਂ। ਤੂੰ ਸ਼ੁਰੂ ਕਰ। ਔਰ ਇਕ ਗੱਲ ਯਾਦ ਰੱਖ, ਆਰਟ ਦੀ ਜਿਸ ਸ਼ੈਲੀ ਨੂੰ ਨਕਿੱਟ ਕੀਤਾ ਗਿਐ। ਉਹੋ ਵਿਕੇਗੀ।"

ਇਹ ਸੱਚ ਸਾਬਤ ਹੋਇਆ।

ਉਹ ਬਲਾ ਦੀ ਖ਼ੂਬਸੂਰਤ ਮਾਡਲ ਸੀ।

ਮੇਰੇ ਲਈ ਸਾਰੀ ਸਮਰਪਿਤ ਹੋ ਗਈ ਸੀ। ਸਿੱਟਾ ਇਹ ਨਿਕਲਿਆ ਕਿ ਮਾਹਿਆ ਉਸ ਵੱਲ ਪਿੱਠ ਕਰ ਲਈ।

ਬਹੁਤ ਮਿਹਨਤ ਕੀਤੀ। ਪਰ ਮੂਰਤੀਆਂ ਵੱਲ ਕਿਸੇ ਦੇਖਿਆ ਵੀ ਨਾ। ਰੀਵਾ ਉਦਾਸ ਹੋ ਗਈ। ਉਹ ਨੰਦਨੀ ਨਾਲ ਰਹਿਣ ਲੱਗੀ। ਹਫ਼ਤੇ ਦਸ ਦਿਨੀਂ ਆਉਂਦੀ, ਮੈਨੂੰ, ਮੇਰੇ ਸਟੂਡੀਓ, ਤੇ ਮੇਰੀਆਂ ਜੇਬਾਂ ਭਰ ਜਾਂਦੀ।

ਅਚਾਨਕ ਵਿਦੇਸ਼ ਤੋਂ ਕੁਝ ਖ਼ਰੀਦਾਰ ਆਏ। ਮਾਲਾਮਾਲ ਕਰ ਗਏ। ਅਖ਼ਬਾਰਾਂ ਅਤੇ ਅਲੋਚਕਾਂ ਪ੍ਰਸੰਸਾ ਕੀਤੀ। ਇਤਨਾਂ ਪੈਸਾ ਕੀ ਕਰਾਂਗਾ? ਮੈਂ ਸੋਚਿਆ।

ਰੀਵਾ ਨਾਲ ਗੱਲ ਕੀਤੀ।

"ਤੇਰਾ ਪੈਸੈ, ਤੂੰ ਦੇਖ...।"

"ਤੇਰਾ ਵੀ ਤਾਂ ਹੱਕ ਹੈ।"

"ਹੱਕ ਲੈਣ 'ਤੇ ਆ ਗਈ ਤਾਂ ਤੇਰੇ ਕੋਲ ਕੁਝ ਨਹੀਂ ਬਚਣਾ।"

ਪਤਾ ਲੱਗਾ, ਰੀਵਾ ਚੰਗੇ ਲੋਕਾਂ ਦੇ ਸੰਪਰਕ ਵਿੱਚ ਨਹੀਂ ਸੀ।

ਮੈਂ ਇਤਰਾਜ਼ ਕੀਤਾ।

"ਦੇਖ, ਆਪਣੀ ਸੀਮਾ ਵਿੱਚ ਰਹੁ। ਤੇਨੂੰ ਪਤੈ ਮੈਂ ਕਿਸੇ ਦੀ ਪ੍ਰਵਾਹ ਨਹੀਂ ਕਰਦੀ।"

"ਮੈਂ ਤੇਰੇ ਨਾਲ ਸ਼ਾਦੀ ਕਰਨਾ ਚਾਹੁੰਨਾ।"

"ਮਾਰਿਆ ਜਾਏਂਗਾ।"

"ਕਿਉਂ?"

"ਅੱਗਿਆਰ ਕੈਨਵਸ ਵਿੱਚ ਲਪੇਟ ਸਕੇਂਗਾ?"

"ਕੋਸ਼ਿਸ਼ ਕਰਾਂਗਾ।"

"ਮੈਂ ਉਕਾਬ ਹਾਂ, ਪਿੰਜਰਾ ਪਸੰਦ ਨਹੀਂ ਕਰਦੀ।"

"ਮੈਂ ਬਿਖ਼ਰ ਚੁੱਕਾ ਹਾਂ।"

"ਮੇਰੇ ਪਾਸ ਇਸਦਾ ਇਕ ਹੱਲ ਹੈ।"

"ਕੀ?"

"ਨੰਦਨੀ। ਉਹ ਘਰ ਗ੍ਰਹਿਸਥੀ ਲਈ ਰਾਜ਼ੀ ਹੈ।"



"ਮੈਂ ਉਸ ਨੂੰ ਕਦੇ ਇਸ ਨਜ਼ਰ ਨਾਲ ਦੇਖਿਆ ਨਹੀਂ।"

"ਇਹ ਸਭ ਦਿਨ ਦੇ ਚਾਨਣ ਦੀਆਂ ਖ਼ੁਰਾਫ਼ਾਤਾਂ ਨੇ ਹਰੀਸ਼। ਜੇ ਤੂੰ ਮਰਦ ਔਰਤ ਦੇ ਤਲਿਸਮ ਬਾਰੇ ਜਾਣਨਾ ਚਾਹੁੰਨੈ ਤਾਂ ਕਿਸੇ ਰੰਡੀ ਦੇ ਕੋਠੇ 'ਤੇ ਜਾਹ। ਰਾਤ ਦੇ ਹਨੇਰੇ ਵਿੱਚ ਹਰ ਔਰਤ, ਮਹਿਜ਼ ਇਕ ਅਦਦ ਔਰਤ, ਅਤੇ ਹਰ ਮਰਦ, ਮਹਿਜ਼ ਇਕ ਅਦਦ ਮਰਦ ਤੋਂ ਵੱਧ ਕੁਝ ਨਹੀਂ ਹੁੰਦਾ।"

ਮੈਨੂੰ ਯਾਦ ਹੈ, ਦਿੱਲੀ ਦੀਆਂ ਅਖ਼ਬਾਰਾਂ ਅਤੇ ਕਲਾ ਦੀ ਦੁਨੀਆਂ ਨੇ ਮੈਨੂੰ ਤੇ ਨੰਦਨੀ ਨੂੰ ਕਿਵੇਂ ਉਛਾਲਿਆ ਸੀ।...

ਨੰਦਨੀ ਜਜ਼ਬਿਆਂ ਦੇ ਸੇਕ ਨਾਲ ਭਰੀ ਹੋਈ ਸੀ। ਦ੍ਰਿੜ ਇਰਾਦਾ, ਨਫ਼ਾਸਤ ਅਤੇ ਸੁਹੱਪਣ ਦਾ ਮੁਜੱਸਮਾ। ਆਰਟਿਸਟ ਹੋਣ ਦੇ ਨਾਤੇ ਮੈਂ ਸੁੰਦਰਤਾ ਦੀ ਸਿਖ਼ਰ ਤੋਂ ਵਾਕਿਫ਼ ਸਾਂ।

ਕੋਰਟ ਮੈਰਿਜ ਤੋਂ ਬਾਅਦ ਜਿਸ ਦਿਨ ਅਸੀਂ ਬਿਰਲਾ ਮੰਦਰ ਰਿਵਾਇਤੀ ਬੰਧਨ ਵਿੱਚ ਬੱਝੇ, ਉਸਨੇ ਆਪਣੀ ਮਾਡਲਿੰਗ ਦੀ ਫੋਟੋ ਐਲਬਮ, ਅਤੇ ਮੇਰੇ ਪਰਸ ਵਿਚਲੀ ਰੀਵਾ ਦੀ ਫੋਟੋ, ਹਵਨ ਅਗਨੀ ਵਿੱਚ ਵਗਾਹ ਮਾਰੀ।

ਮੈਂ ਘਰ ਆ ਕੇ ਪੁੱਛਿਆ।

"ਫੋਟੋ ਕਿਉਂ ਜਲਾ ਦਿੱਤੀਆਂ?"

"ਮਾਡਲ ਨੰਦਨੀ ਅਤੇ ਤੇਰੀ ਰੀਵਾ ਅੱਜ ਤੋਂ ਬਾਅਦ ਖ਼ਤਮ।"

"ਕਿਉਂ?"

"ਹੁਣ ਮੈਂ ਤੇਰੀ ਪਤਨੀ, ਤੇ ਤੂੰ ਮੇਰਾ ਪਤੀ ਹੈਂ, ਬੱਸ।"

"ਪਰ ਮੈਨੂੰ ਤੇਰੀ ਮਾਡਲਿੰਗ ਤੋਂ ਕੋਈ ਇਤਰਾਜ਼ ਨਹੀਂ ਸੀ।"

"ਮੈਨੂੰ ਹੈ।"

"ਕਿਸ ਚੀਜ਼ ਦਾ?"

"ਰਿਸ਼ਤੇ ਦੀ ਪਾਕੀਜ਼ਗੀ ਦਾ...।"

"ਕੀ ਪਹਿਲਾਂ ਪਾਕ ਨਹੀਂ ਸਾਂ?"

"ਪਤਾ ਨਹੀਂ।"

"ਹੁਣ ਕੀ ਹੋਇਆ?"

"ਪਹਿਲਾਂ ਤੂੰ ਜਾਂ ਮੈਂ ਕਿਸੇ ਨਾਲ ਸੁੱਤੇ। ਉਸ ਹਾਲਤ ਵਿੱਚ ਜਿਸਮ ਸੁੱਤੇ। ਹੁਣ ਸਾਡੇ ਬਿਸਤਰ 'ਤੇ ਪਾਕ ਅਤੇ ਪਵਿੱਤਰ ਰਿਸ਼ਤਾ ਹੋਏਗਾ। ਵਿਆਹ, ਨਵਾਂ ਜਨਮ, ਨਵੀਂ ਦੁਨੀਆਂ ਅਤੇ ਪਵਿੱਤਰ ਰੂਹਾਂ ਦੇ ਮਿਲਣ ਦੀ ਸ਼ੁਰੂਆਤ ਹੈ ਹਰੀਸ਼। ਅਗਨੀ ਦੁਆਲੇ ਫੇਰੇ ਲੈਂਦਿਆਂ ਪਿਛਲਾ ਸਭ ਕੁਝ ਖ਼ਤਮ। ਇਹ ਤਸਵੀਰਾਂ ਤਾਂ ਬਾਹਰਲੀਆਂ ਸਨ। ਹੁਣ ਤਾਂ ਜ਼ਿਹਨ ਵਿਚਲੀ ਹਰ ਨਾਜਾਇਜ਼ ਤਸਵੀਰ ਵੀ ਖ਼ਤਮ ਕਰਨੀ ਪਏਗੀ।

"ਤੂੰ ਮਾਡਲਿੰਗ ਤੋਂ ਕੁਝ ਕਮਾਉਂਦੀ ਸੀ।"

"ਪੈਸਾ, ਇਜ਼ਤ, ਸ਼ੋਹਰਤ, ਆਯਾਸ਼ੀ ਸਭ ਦੇਖ ਲਈ। ਹੁਣ ਇਸ ਮੁਹੱਬਤੀ ਰਿਸ਼ਤੇ ਦੀ ਰੁੱਖੀ ਮਿੱਸੀ ਕਾਫ਼ੀ ਹੈ।"

"ਆਪਾਂ ਆਰਟਿਸਟ ਹਾਂ ਨੰਦਨੀ...।"

"ਆਮ ਇਨਸਾਨ ਅਤੇ ਪਤੀ ਪਤਨੀ ਵੀ ਹਾਂ। ਔਰ ਜਿਸ ਪਤੀ ਨੂੰ ਪਤਨੀ ਦਾ ਕਿਸੇ ਦੂਸਰੇ ਦੇ ਸਾਮ੍ਹਣੇ, ਜਿਸਮ ਦੀ ਨੁਮਾਇਸ਼ ਕਰਨਾ ਬੁਰਾ ਨਾ ਲੱਗੇ। ਅਜਿਹੇ ਗ਼ੈਰਤਹੀਣ ਸ਼ੌਹਰ ਨਾਲ ਕੌਣ ਰਹੇਗੀ?"

ਮੈਂ ਨੰਦਨੀ ਵੱਲ ਵੇਖਦਾ ਰਹਿ ਗਿਆ।

ਮੈਨੂੰ ਲੱਗਾ, ਮੈਤੋਂ ਕੁਝ ਗ਼ਲਤ ਫ਼ੈਸਲਾ ਹੋ ਗਿਆ ਸੀ। ਫਿਰ ਛੇਤੀ ਹੀ ਹਰ ਰੋਜ਼ ਨਵੇਂ ਹੁਕਮਾਂ ਦਾ ਸਿਲਸਲਾ ਸ਼ੁਰੂ ਹੋ ਗਿਆ।

ਕਦੇ ਸ਼ਾਮ ਤੋਂ ਪਹਿਲਾਂ ਘਰ ਵਾਪਸੀ। ਕਦੇ ਬੱਚੇ ਦੀ ਆਮਦ ਤੋਂ ਪਹਿਲਾਂ ਜ਼ਮੀਨੀ ਮੰਜ਼ਿਲ 'ਤੇ ਘਰ। ਦੇਰ ਹੋ ਜਾਂਦੀ ਤਾਂ ਉਹ ਸਟੂਡੀਓ ਆ ਖੜ੍ਹਦੀ। ਦਿਨ ਰਾਤ ਬੱਚੇ ਲਈ ਜ਼ਿੱਦ।

"ਹਰਸ਼! ਤੈਨੂੰ ਪਤੈ ਔਰਤ ਮਾਂ ਬਣਨ ਤੋਂ ਬਿਨਾਂ ਅਧੂਰੀ ਹੈ।"

ਮੈਂ ਕਹਿਣਾ ਚਾਹੁੰਦਾ, "ਠੀਕ ਹੈ। ਪਰ ਹਾਲਾਤ ਤਾਂ ਦੇਖ।"

ਦੇਸ ਵੰਡ ਤੋਂ ਬਾਅਦ ਬਿਖਰ ਗਈ ਦਿੱਲੀ ਅਤੇ ਹਿੰਦੋਸਤਾਨ ਆਪਣੇ ਆਪ ਨੂੰ ਸਮੇਟ ਰਹੇ ਸਨ। ਅਜਿਹੇ ਹਲਾਤਾਂ ਵਿੱਚ ਕੇਵਲ ਵਿਕਾਊ ਕਿਸਮ ਦੇ ਆਰਟ ਨਾਲ ਰੋਟੀ ਚੱਲ ਰਹੀ ਸੀ।

ਮੇਰਾ ਲੰਮਾਂ ਸਮਾਂ ਦਰਿਯਾਗੰਜ ਦੀ ਨਿੱਕੀ ਜਿਹੀ ਥਾਂ ਵਿੱਚ ਖੋਲ੍ਹੇ, ਸਟੂਡੀਓ ਵਿੱਚ ਬੀਤਿਆ ਸੀ। ਉਥੇ ਹੀ ਰਹਿਣਾ। ਕੰਮ ਕਰਨਾ। ਹੁਣ ਨਵੇਂ ਘਰ ਦਾ ਕਿਰਾਇਆ। ਘਰ ਗ੍ਰਹਿਸਤੀ ਦੇ ਖਰਚੇ, ਉਤੋਂ ਕਮਾਈ ਦੀ ਤੋਟ।... ਜਾਨ ਕੁੜਿਕੀ 'ਚ ਆ ਗਈ। ਬੱਚੇ ਤੋਂ ਪਹਿਲਾਂ ਤਣਾਓ ਨੇ ਜਨਮ ਲੈ ਲਿਆ।

ਨੰਦਨੀ ਦੀ ਮਾਂ ਬੰਗਾਲੀ ਅਤੇ ਪਿਤਾ ਮਾਰਵਾੜੀ ਸੀ। ਦੋਵੇਂ ਇਕੋ ਜਗ੍ਹਾ ਨੌਕਰੀ ਕਰਦੇ। ਨੰਦਨੀ ਉਨ੍ਹਾਂ ਦੀ ਅਨਾਥ ਆਸ਼ਰਮ ਵਿੱਚੋਂ ਗੋਦ ਲਈ ਧੀ ਸੀ। ਵਿਆਹ ਬਾਰੇ ਨੰਦਨੀ ਦੇ ਫ਼ੈਸਲੇ ਤੋਂ ਉਹ ਨਾ ਖੁਸ਼ ਸਨ। ਉਨ੍ਹਾਂ ਮੇਰੇ ਸਾਮ੍ਹਣੇ ਹੀ ਨੰਦਨੀ ਨੂੰ ਕਿਹਾ।

"ਯੇਹ ਸ਼ਾਦੀ ਜ਼ਿਆਦਾ ਦੇਰ ਚਲੇਗੀ ਨਹੀਂ।"

"ਕਿਉਂ?" ਨੰਦਨੀ ਕਿਹਾ।

"ਫ਼ਰੀਲਾਂਸਰ ਕਾ ਕੋਈ ਲਾਈਫ਼ ਹੈ? ਕਾਮ ਮਿਲਾ ਤੋ ਮਿਲਾ। ਨਹੀਂ ਤੋ ਨਹੀਂ।"

"ਦੇਖਤੇ ਹੈਂ।" ਨੰਦਨੀ ਨੇ ਕਿਹਾ ਸੀ।

ਛੇਤੀ ਹੀ ਮੈਂ ਇਸ ਰਿਸ਼ਤੇ ਅਤੇ ਤਣਾਓ ਤੋਂ ਇਤਨਾ ਉਕਤਾਅ ਗਿਆ ਕਿ ਚਾਹਿਆ, ਨੰਦਨੀ ਚਲੀ ਹੀ ਜਾਵੇ।



"ਤੂੰ ਕਿਤਨਾ ਵੀ ਸੋਚ... ਮੈਂ ਜਾਣ ਵਾਲੀ ਨਹੀਂ।"

"ਤੈਨੂੰ ਕਿਵੇਂ ਪਤਾ ਮੈ ਇੰਜ ਸੋਚਦਾ?"

"ਤੇਰੀ ਪਤਨੀ ਹਾਂ, ਇਤਨਾਂ ਵੀ ਨਹੀਂ ਜਾਣਦੀ?"

ਮੇਰੇ ਲਈ ਹਰ ਉਦਾਸੀ ਦੀ ਪਨਾਹ ਰੀਵਾ ਸੀ।

ਇਕ ਦਿਨ ਬਹੁਤ ਕੋਸ਼ਿਸ਼ ਬਾਦ ਮਿਲੀ। ਮੈਨੂੰ ਲਗਾ, ਉਹ ਮੈਨੂੰ ਭੁੱਲ ਚੁੱਕੀ ਹਵੇਗੀ।

ਇਕੱਲੇ ਹੋਏ ਤਾਂ ਦੋਵੇਂ ਤੜਪ ਉੱਠੇ।

ਉਹਦੇ ਨਿਰ-ਵਸਤਰ ਹੋਣ ਤੋਂ ਲੈ ਕੇ ਸਪੱਰਸ਼ ਤੱਕ ਮੈ ਮਹਿਸੂਸ ਕੀਤਾ, ਉਹ ਬਹੁਤ ਕੁਝ ਨਵਾਂ ਸਿਖ ਚੁੱਕੀ ਸੀ।

ਮੈ ਰੀਵਾ ਨੂੰ ਸਟੂਡੀਓ 'ਚ ਬੈਠਾਇਆ। ਬਾਹਰੋਂ ਤਾਲਾ ਲਗਾ, ਲਾਗਲੇ ਗੁਦਾਮ ਦੀਆਂ ਪੌੜੀਆਂ ਚੜ੍ਹ, ਸਟੂਡੀਓ 'ਚ ਉੱਤਰਿਆ ਅਤੇ ਪੂਰਾ ਦਿਨ ਪੂਰੀ ਰਾਤ ਦੋਵੇਂ ਕਿਸੇ ਉਸ ਦੁਨੀਆਂ ਵਿੱਚ ਚਲੇ ਗਏ, ਜਿੱਥੇ ਜਜ਼ਬੇ ਸਨ। ਸੇਕ ਸੀ। ਭੁੱਖ ਸੀ। ਰੱਜ ਸੀ। ਅਸਮਾਨ ਸੀ। ਉਡਾਣ ਸੀ। ਪਰ ਥਕਾਨ ਨਹੀਂ ਸੀ।

ਘਰ ਗਿਆ ਤਾਂ ਨੰਦਨੀ ਪਰੇਸ਼ਾਨ।

"ਮੈਂ ਸਟੂਡੀਓ ਗਈ। ਬਾਹਰ ਤਾਲਾ ਲੱਗਾ ਸੀ। ਕਿੱਥੇ ਸੀ ਤੂੰ?"

ਮੇਰੇ ਕੋਲ ਕਈ ਬਹਾਨੇ ਸਨ। ਉਸ ਮੰਨ ਲਏ। ਮੈਂ ਖੁਸ਼ ਹੋਇਆ। ਅਫ਼ਸੋਸ ਹੋਇਆ, ਪਹਿਲਾਂ ਕਿਉਂ ਨਾ ਇਹ ਢੰਗ ਹੱਥ ਆਇਆ।

ਨੰਦਨੀ ਉਸ ਦਿਨ ਬਹੁਤ ਖੁਸ਼ ਸੀ, ਪਹਿਲੀ ਵਾਰ ਉਸ ਬਾਹਰ ਕਿਤੇ ਖਾਣਾ ਖਾਣ ਦੀ ਇੱਛਾ ਜ਼ਾਹਰ ਕੀਤੀ।

ਉਸ ਨਾਲ ਸ਼ਾਦੀ ਤੋਂ ਬਾਦ ਪਹਿਲੀ ਵਾਰ ਮੈ ਪਿਕਾਡਲੀ ਗਿਆ। ਪਹਿਲੀ ਵਾਰ ਕਿਸੇ ਪਬਲਿਕ ਪਲੇਸ 'ਤੇ ਉਸ ਮੇਰਾ ਹੱਥ ਫੜਿਆ। ਪਹਿਲੀ ਵੇਰ ਉਸ ਡਾ. ਸੁਮਿੱਤਰਾ ਦਾ ਨਾਂ ਲਿਆ ਜਿਸ ਨਾਲ ਮੇਰੀ ਕਈ ਸਾਲ ਆਸ਼ਨਾਈ ਰਹੀ।

ਫਿਰ ਹੌਲੇ ਜਿਹੇ ਕਿਹਾ।

"ਮੈਂ ਮਾਂ ਬਣਨ ਵਾਲੀ ਹਾਂ।"

ਮੈਨੂੰ ਖੁਸ਼ ਹੋਣਾ ਚਾਹੀਦਾ ਸੀ, ਪਰ ਮੈਂ ਬੜੀ ਮੁਸ਼ਕਲ ਨਾਲ ਬੁਰਕੀ ਅੰਦਰ ਲੰਘਾਈ।

"ਮੁਬਾਰਕ! ਪਰ ਹਾਲੇ ਰੁਕਣਾ ਚਾਹੀਦਾ ਸੀ।"

"ਕਿਉਂ?"

"ਥੋੜ੍ਹਾ ਰੁਪੈ ਪੈਸੇ ਵੱਲੋਂ ਸੌਖੇ ਹੋ ਜਾਂਦੇ।"

"ਔਲਾਦ ਨੂੰ ਮਮਤਾ ਪਾਲਦੀ ਹੈ ਹਰੀਸ਼! ਜੋ ਮੇਰੇ ਕੋਲ ਹੈ। ਲੱਖਾਂ ਮਾਵਾਂ ਸੜਕਾਂ ਕੰਢੇ ਬੱਚੇ ਜੰਮਦੀਆਂ ਅਤੇ ਪਾਲਦੀਆਂ ਨੇ, ਜੇ ਉਹ ਇੰਜ ਸੋਚਣ ਤਾਂ..."

ਉਹ ਖਾਣਾ ਅੱਧ ਵਿੱਚ ਛੱਡ, ਉਠ ਖੜ੍ਹੀ।

ਘਰ ਤੱਕ ਜਾਂਦੇ ਬੱਚੇ ਦੀ ਪ੍ਰਵਰਿਸ਼, ਪੜ੍ਹਾਈ ਅਤੇ ਭਵਿੱਖ ਬਾਰੇ ਗੱਲਾਂ ਕਰਦੀ ਰਹੀ।

ਦਰਅਸਲ ਮੈਂ ਮਨ ਹੀ ਮਨ ਰੀਵਾ ਦੇ ਨਸ਼ੇ ਵਿੱਚ ਸਾਂ। ਕੁਝ ਨਹੀਂ ਸਾਂ ਸੁਣ ਰਿਹਾ।...

ਰਾਤ ਵੇਲੇ ਜਿਵੇਂ ਹੀ ਨੰਦਨੀ ਬਿਸਤਰ 'ਤੇ ਆਈ। ਬੱਤੀ ਬੁਝੀ, ਹਮੇਸ਼ਾ ਤੋਂ ਉਲਟ ਉਹ ਪਹਿਲੇ ਪਲਾਂ ਵਿੱਚ ਹੀ ਸਮਰਪਿਤ ਹੋ ਗਈ। ਮੈਂ ਰੀਵਾ ਦੇ ਨਸ਼ੇ 'ਚੋ ਨਿਕਲਣ ਦੀ ਕੋਸ਼ਿਸ਼ ਕੀਤੀ, ਪਰ ਅਸਫ਼ਲ।

ਕੁਝ ਪਲ ਗੁਜ਼ਰਨ ਤੇ ਉਹ ਕੁਝਕੀ।

"ਹਰੀਸ਼!"

"ਹੂੰ!"

"ਤੂੰ ਕੱਲ੍ਹ ਕਿੱਥੇ ਸੀ?"

"ਕਿਤੇ ਵੀ ਨਹੀਂ..."

"ਰੀਵਾ ਤੇਰੇ ਨਾਲ ਸੀ?"

"ਊਂ ਹੂੰ!"

"ਕੁਝ ਚਿਰ ਦੀ ਚੁੱਪੀ।"

ਅਚਾਨਕ ਬੱਤੀ ਜਗੀ। ਉਹ ਨਿਰ-ਵਸਤ੍ਰ ਖੜ੍ਹੀ ਸੀ।

"ਹਰੀਸ਼! ਝੂਠ ਨਾ ਬੋਲੀ; ਹਾਂ! ਜਾਂ ਨਾਂਹ।"

ਕੁਝ ਪਲ ਦੀ ਖਾਮੋਸ਼ੀ। ਮੈਂ ਹਉਕਾ ਲਿਆ।

"ਹਾਂ।..."

"ਸਟੂਡੀਓ ਵਿੱਚ?"

"ਹਾਂ।..."

ਬੱਤੀ ਬੁਝੀ। ਫਿਰ ਚੁੱਪ। ਮੌਤ ਵਰਗੀ ਚੁੱਪ।

ਮੈਂ ਰੀਵਾ ਦੇ ਨਸ਼ੇ ਵਿੱਚ ਸਾਂ। ਛੇਤੀ ਨੀਂਦ ਆ ਗਈ।

ਸਵੇਰੇ ਉੱਠਿਆ। ਰਸੋਈ 'ਚ ਗਿਆ। ਬਾਲਕੋਨੀ ਦੇਖੀ, ਥੱਲੇ ਮਾਲਕ ਮਕਾਨ ਨੂੰ ਪੁੱਛਿਆ।

"ਤੁਹਾਨੂੰ ਨਹੀਂ ਪਤਾ?" ਉਨ੍ਹਾਂ ਕਿਹਾ। "ਉਹ ਤਾਂ ਰਾਤ ਹੀ ਚਲੀ ਗਈ ਟੈਕਸੀ 'ਤੇ"...।

ਵਾਪਿਸ ਆਇਆ। ਦੇਹ ਵਿੱਚ ਸਾਹਸਤ ਨਹੀਂ ਸੀ।

ਬਿਸਤਰ 'ਤੇ ਚਿੱਟ ਪਈ ਸੀ।

"ਤਲਾਕ ਚਾਹੇਂ, ਤਾਂ ਹਾਂ ਹੈ। ਮਿਲਨਾ ਚਾਹੇਂ ਤਾਂ ਨਾਂਹ ਹੈ। ਮੈਂ ਵਿਸ਼ਵਾਸ਼ਘਾਤ



ਲੋਕਾਂ ਨਾਲ ਨਹੀਂ ਰਹਿ ਸਕਦੀ। ਦੁਬਾਰਾ ਸਾਮ੍ਹਣੇ ਆਉਣ ਦੀ ਗਲਤੀ ਨਾ ਕਰੀਂ।"

ਉਹ ਦਿਨ ਮੇਰੀ ਜ਼ਿੰਦਗੀ ਦਾ ਸਭ ਤੋਂ ਦੁਖਦਾਈ ਦਿਨ ਸੀ।

ਮੇਰੇ ਲਈ ਮੇਰਾ ਹੁਨਰ, ਨਾਂ ਅਤੇ ਪ੍ਰਸਿੱਧੀ ਮੇਰੇ ਨਫ਼ਸ ਵਿੱਚ ਗਰਕ ਹੋ ਚੁੱਕੇ ਸਨ।

ਕਈ ਦਿਨ ਘਰ ਤੋਂ ਬਾਹਰ ਨਾ ਨਿਕਲਿਆ।

ਲਗਾ ਰੀਵਾ ਹੀ ਮੇਰੀ ਮਰਜ਼ ਸੀ। ਬਹੁਤ ਤਲਾਸ਼ ਕੀਤੀ। ਪਤਾ ਲਗਾ, ਕਿਸੇ ਬੋਧੀ ਮੱਠ ਵਿੱਚ ਚਲੀ ਗਈ ਸੀ। ਪਛਤਾਵੇ ਦੇ ਰੂਪ ਵਿੱਚ ਮੈਂ ਨੰਦਨੀ ਦੀ ਮਾਂ ਨੂੰ ਮਿਲਿਆ।

"ਵੋਹ ਮੇਰੇ ਮਾਇਕੇ ਮੇਂ ਹੈ। ਕੋਸ਼ਿਸ਼ ਮਤ ਕਰਨਾ। ਮਿਲੇਗੀ ਨਹੀਂ।..."

ਇਸ ਤੋਂ ਬਾਅਦ, ਕਈ ਵਰ੍ਹਿਆਂ ਦਾ ਅੰਤਰਾਲ ਹੈ।

ਮੇਰਾ ਦਿੱਲੀ ਛੱਡਣਾ, ਮੁਫ਼ਲਿਸੀ, ਗਰੀਬੀ, ਬਦਹਾਲੀ ਅਤੇ ਆਖ਼ਿਰ ਇਕ ਗੁਮਨਾਮ ਜਿਹੇ ਸ਼ਹਿਰ ਗੁਮਨਾਮ ਜਿਹੀ ਜਗ੍ਹਾ... ਆਪਣੇ ਆਪ ਨੂੰ ਸਮੇਟਣਾ। ਥੋੜ੍ਹੀ ਜਿਹੀ ਪ੍ਰਸਿਧੀ। ਅੱਗੇ ਅਤੇ ਪਿੱਛੇ ਖਲਾਅ ਹੀ ਖਲਾਅ... ਚੁੱਪ ਹੀ ਚੁੱਪ। ਹਨੇਰਾ ਹੀ ਹਨੇਰਾ।...

ਅੱਜ ਅਚਾਨਕ, ਰੀਵਾ ਨਾਲ ਮੁਲਾਕਾਤ। ਜਿਵੇਂ ਰਾਖ ਵਿੱਚ ਦੱਬੇ ਅੰਗਿਆਰਾਂ ਤੋਂ ਕੋਈ ਤੇਜ਼ ਹਨੇਰੀ ਬੁਝੀ ਹੋਈ ਰਾਖ ਉਡਾਅ ਕੇ ਲੈ ਜਾਵੇ ਅਤੇ ਅੰਗਿਆਰ ਫਿਰ ਮੱਚ ਉਠੇ ਹੋਣ।...

ਮੇਰੇ ਨਾਲ ਹਰ ਵਾਰ ਇੰਜ ਹੀ ਹੁੰਦਾ ਸੀ। ਜਦੋਂ ਵੀ ਕਿਸੇ ਉਚਾਈ 'ਤੇ ਪਹੁੰਚਦਾ। ਕਿਸਮਤ ਮੈਨੂੰ ਰਸਾਤਲ ਵਿੱਚ ਡੇਗ ਦਿੰਦੀ। ਇਸ ਵਾਰ ਵੀ ਇਹੋ ਹੋਇਆ। ਪੂਰੇ ਦਹਾਕੇ ਦੀ ਮਿਹਨਤ ਬਾਦ ਮੈਂ ਆਪਣੇ ਕੁਝ ਚਿੱਤਰਾਂ ਦੀ ਪ੍ਰਦਰਸ਼ਨੀ ਲਾਉਂਣ ਵਿੱਚ ਸਫ਼ਲ ਹੋਇਆ ਸਾਂ। ਐਨ ਪਹਿਲਾਂ ਰੀਵਾ ਮਿਲ ਗਈ।

ਮੈਂ ਰੀਵਾ ਨੂੰ ਮਿਲ ਕੇ ਅਸਾਵਾਂ ਹੋ ਗਿਆ। ਪ੍ਰਦਰਸ਼ਨੀ ਠੀਕ ਰਹੀ। ਚਿੱਤਰ ਵਿਕੇ! ਅਖ਼ਬਾਰਾਂ ਵਿੱਚ ਚਰਚਾ ਵੀ ਹੋਈ; ਪਰ ਮੈਨੂੰ ਲੱਗਾ ਦੁਨੀਆਂ ਵਿੱਚ ਮੈਂ ਇਕੱਲਾ ਹਾਂ।

ਕਾਹਲੀ ਨਾਲ ਵਾਪਿਸ ਆਇਆ। ਰੀਵਾ ਲਈ ਮੈਂ ਤੜਪ ਉੱਠਿਆ। ਲੱਭਦਾ ਲਭਾਂਦਾ ਪੁੱਜਾ। ਪਤਾ ਲੱਗਾ ਉਹ ਕਿਸੇ ਅਧਿਆਤਮਿਕ ਸ਼ਿਵਰ ਦੇ ਸੰਬੰਧ ਵਿੱਚ ਪੂਰੇ ਇਕ ਸਾਲ ਲਈ ਇਸ ਸ਼ਹਿਰ ਵਿੱਚ ਆਈ ਸੀ। ਉਹਨੂੰ ਮਿਲਣਾ ਬਹੁਤ ਔਖਾ ਸੀ। ਸਵੇਰੇ ਪੰਜ ਤੋਂ ਰਾਤ ਸੱਤ ਵਜੇ ਤੱਕ ਬੰਦਨਾ, ਪ੍ਰਾਣਾਂਯਾਮ, ਮੈਡੀਟੇਸ਼ਨ ਅਤੇ ਪ੍ਰਵਚਨ। ਕੌਣ ਹੋ? ਕਿੱਥੋਂ ਆਏ ਹੋ? ਕੀ ਸਮੱਸਿਆ ਹੈ? ਸੰਸਥਾ ਦੇ ਮੈਂਬਰ ਹੋ ਜਾਂ ਨਹੀਂ? ਰੀਵਾ ਅਤੇ ਮੇਰੇ ਵਿਚਾਲੇ ਇਹ ਗੱਲਾਂ ਬਕਵਾਸ ਸਨ। ਮੈਂ ਸੁਨੇਹਾ ਛੱਡ ਵਾਪਸ ਪਰਤ ਆਇਆ। ਕਈ ਦਿਨ ਕੋਈ ਹੁੰਗਾਰਾ ਨਾ ਮਿਲਿਆ ਤਾਂ ਮੈਂ ਤੜਪ ਉਠਿਆ। ਇਹ ਸਮਝਦੀ ਕੀ ਹੈ ਆਪਣੇ

ਆਪ ਨੂੰ ?

ਇਸ ਵਾਰ ਗਿਆ ਤਾਂ ਸੁਨੇਹਾ ਮਿਲਿਆ। ਸੱਤ ਵਜੇ ਤੋਂ ਬਾਦ ਘਰ ਮਿਲੋ।

ਗਿਆ ਤਾਂ ਬਹੁਤ ਆਉ-ਭਗਤ ਹੋਈ। ਕੋਠੀ ਦਾ ਸਜੋਇਆ ਅੰਦਰੂਨੀ ਹਿੱਸਾ, ਅਤਿ ਆਧੁਨਿਕ ਸਹੂਲਤਾਂ ਅਤੇ ਦਿੱਖ ਵਜੋਂ ਹੈਰਾਨ ਕਰਨ ਵਾਲਾ।...

ਉਹ ਥੱਕੀ ਹੋਈ ਅਤੇ ਬਹੁਤ ਖ਼ੂਬਸੂਰਤ ਲਿਬਾਸ ਵਿੱਚ ਆਈ। ਉਹਨੇ ਬੇ-ਤਕੱਲੁਫ਼ ਦਿੱਸਣ ਲਈ ਚਿਹਰੇ 'ਤੇ ਮੁਸਕਰਾਹਟ ਲਿਆਂਦੀ ਅਤੇ ਰੁਝੇਵਿਆਂ ਕਾਰਨ ਨਾ ਮਿਲ ਸੱਕਣ ਦੀ ਮੁਆਫ਼ੀ ਮੰਗੀ। ਮੈਨੂੰ ਲੱਗਾ ਇਹ ਉਹ ਰੀਵਾ ਨਹੀਂ ਸੀ ਜਿਸ ਨਾਲ ਮੇਰੇ ਘਨਿਸ਼ਠ ਸੰਬੰਧ ਰਹੇ ਸਨ।

ਉਹਨੇਂ ਬੜੀ ਸ਼ਾਲੀਨਤਾ ਨਾਲ ਸ਼ਹਿਰ 'ਚ ਆਉਣ ਦਾ ਮਕਸਦ ਦੁਹਰਾਇਆ ਅਤੇ ਫ਼ਖ਼ਰ ਨਾਲ ਦੱਸਿਆ ਕਿ ਸੰਸਥਾ ਨਾਲ ਅਨੇਕਾਂ ਲੋਕ ਜੁੜੇ ਹੋਏ ਸਨ, ਜੋ ਜੀਵਨ ਤੋਂ ਉਪਰਾਮ ਅਤੇ ਉਦਾਸ ਸਨ। ਬਹੁਤੇ ਲੋਕ ਅਮੀਰ ਸਨ। ਗਿਣਤੀ ਜ਼ਿਆਦਾ ਹੋਣ ਕਾਰਨ ਤਿੰਨ-ਤਿੰਨ ਮਹੀਨੇ ਦੇ ਚਾਰ ਸ਼ਿਵਰਾਂ ਵਿੱਚ ਵੰਡੇ ਗਏ ਸਨ। ਸਵੇਰ ਤੋਂ ਸ਼ਾਮ ਤੱਕ ਪ੍ਰਾਣਾਯਾਮ, ਬੰਦਨਾ, ਮੈਡੀਟੇਸ਼ਨ ਪ੍ਰਵਚਨ ਅਤੇ ਕੁਝ ਖ਼ਾਸ ਕਿਸਮਾਂ ਦੀਆਂ ਸਰੀਰਕ ਅਤੇ ਮਾਨਸਿਕ ਮੁਦਰਾਵਾਂ ਦਾ ਅਭਿਆਸ ਕਰਵਾਇਆ ਜਾਂਦਾ। ਮੈਨੂੰ ਲਗਾ, ਇਹ ਉਹ ਰੀਵਾ ਨਹੀਂ ਸੀ ਜਿਸ ਨੂੰ ਮੈਂ ਜਾਣਦਾ ਸਾਂ। ਇਹ ਤਾਂ ਡਰੀ ਹੋਈ। ਕੱਜੀ ਹੋਈ। ਬੰਦ, ਬੰਦ। ਬਨਾਉਟੀ ਜਹੇ ਸ਼ਬਦ ਬੋਲਣ ਵਾਲੀ ਚਿੱਟੇ ਅਤੇ ਕਾਮੁਕ ਲਿਬਾਸ ਵਿੱਚ ਕੋਈ ਨੱਨ ਸੀ।

ਉਹਨੇਂ ਆਪਣੀ ਸੇਵਿਕਾ ਨੂੰ ਕੁਝ ਸ਼ਰਬਤ ਲਿਆਉਣ ਅਤੇ ਕਿਸੇ ਨੂੰ ਵੀ ਅੰਦਰ ਨਾ ਆਉਣ ਦੀ ਹਿਦਾਇਤ ਕੀਤੀ।

"ਹੁਣ ਆਪਾਂ ਇਕੱਲੇ ਹਾਂ। ਪਰ ਸਾਢੇ ਨੌਂ ਵਜੇ ਮੈਂ ਸੌਣ ਲਈ ਚਲੀ ਜਾਵਾਂ ਗੀ।"

"ਖਾਣਾ ?"

"ਮੈਂ ਰਾਤ ਨੂੰ ਕੁਝ ਨਹੀਂ ਖਾਂਦੀ।"

"ਕਿਉਂ ?"

"ਬੱਸ ਮਰਿਆਦਾ ਹੈ।"

"ਇਹ ਮਰਿਆਦਾ ਕਿੱਥੋਂ ਆ ਗਈ ?"

"ਬੱਸ ਆ ਗਈ... ਤੂੰ ਦੱਸ ਕਿਵੇਂ ਬੀਤੀ ?"

"ਨੰਦਨੀ ਮੈਨੂੰ ਛੱਡ ਕੇ ਚਲੀ ਗਈ।"

"ਮੈਂ ਜਾਣਦੀ ਹਾਂ। ਤੈਨੂੰ ਛੱਡਣ ਤੋਂ ਬਾਦ ਉਹ ਮੈਨੂੰ ਬੋਧੀ ਮੱਠ ਵਿੱਚ ਮਿਲੀ। ਮੈਂ ਉਹਨੂੰ ਸੱਚ ਦੱਸ ਦਿੱਤਾ।"

"ਉਹਨੇਂ ਤੈਨੂੰ ਹਥਿਆਰ ਬਣਾ ਕੇ ਮੈਨੂੰ ਤਲਾਕ ਲਈ ਜ਼ਲੀਲ ਕੀਤਾ। ਮੇਰਾ



ਬੱਚਾ ਗਿਰਾ ਦਿੱਤਾ। ਮੈਥੋਂ ਪਿੱਛਾ ਛੁਡਾਅ ਬੰਗਾਲੀ ਫ਼ਿਲਮਾਂ 'ਚ ਕੰਮ ਕਰਨ ਲੱਗੀ। ਔਰ ਕਿਸੇ ਬੇਵਕੂਫ਼ ਗੁਜਰਾਤੀ ਨਾਲ ਵਿਆਹ ਕਰਾ ਲਿਆ।"

"ਵਿਆਹ ਲਈ ਮੈਂ ਹੀ ਉਸਨੂੰ ਰਾਜ਼ੀ ਕੀਤਾ। ਮੈਂ ਕਲਕੱਤੇ ਮਿਲੀ ਉਸਨੂੰ।"

"ਜਿਹੜੀ ਮੇਰੇ ਨਾਲ ਖ਼ੁਸ਼ ਨਾ ਰਹੀ; ਉਸ ਗੁਜਰਾਤੀ ਨਾਲ ਖ਼ੁਸ਼ ਰਹੂ ਗੀ ?"

"ਉਹ ਖ਼ੁਸ਼ ਹੈ।"

"ਨਹੀਂ !"

"ਹਾਂ ਬਿਲਕੁਲ ! ਹਰੀਸ਼ ਤੂੰ ਨਹੀਂ ਜਾਣਦਾ, ਹਰ ਅਜ਼ਾਦ ਕੁੜੀ ਦੀ ਵਿਆਹੁਤਾ ਜ਼ਿੰਦਗੀ ਬਹੁਤ ਸੁਖੀ ਹੁੰਦੀ ਹੈ। ਕਿਉਂਕਿ ਉਹ ਕਈ ਮਰਦਾਂ ਦੇ ਪੁਰਸ਼ਤੱਵ ਦੀ ਸਿਖ਼ਰ ਵੇਖ ਚੁੱਕੀ ਹੁੰਦੀ ਹੈ। ਉਹ ਜਾਣਦੀ ਹੈ ਕਿ ਕੋਈ ਮਰਦ ਇਸਤਰੀ ਲਈ ਕਿਤਨੇ ਕੁ ਤਾਰੇ ਤੋੜ ਕੇ ਲਿਆਉਣ ਦੇ ਸਮਰੱਥ ਹੈ। ਇਸ ਲਈ ਉਹ ਜਾਣਦੀ ਹੈ ਕਿ ਮੇਰੇ ਬਿਸਤਰ 'ਤੇ ਜੋ ਕੋ ਮੇਰੀ ਤੇ ਮੇਰੇ ਬੱਚਿਆਂ ਦੀ ਪਰਵਰਿਸ਼ ਜਾਂ ਮੇਰੀ ਤੀਮਾਰਦਾਰੀ ਕਰਨ ਲਈ ਇਹ ਪੁਰਸ਼ ਕਾਫ਼ੀ ਹੈ। ਔਰ ਆਰਟਿਸਟ ਕੁੜੀਆਂ ਲਈ ਤਾਂ ਵਿਆਹ ਹੋਰ ਵੀ ਜ਼ਰੂਰੀ ਹੈ।"

"ਕਿਉਂ ?"

"ਵਿਆਹ ਤੋਂ ਬਾਦ ਸਭ ਸਕੈਂਡਲਾਂ ਦਾ ਝੰਜਟ ਖ਼ਤਮ।"

"ਤੂੰ ਇਸ ਭੇਖ ਵਿੱਚ ਕਿਵੇਂ ?"

"ਭੇਖ ਸ਼ਬਦ ਗ਼ਲਤ ਹੈ। ਰੂਪ ਕਹੋਂ ਤਾਂ ਠੀਕ ਹੈ। ਕਿਉਂਕਿ ਭੇਖ ਨਕਾਰਾਤਮਿਕ ਅਰਥ ਵਾਲਾ ਹੈ। ਰੂਪ ਵੀ ਚੁੱਕਵਾਂ ਨਹੀਂ। ਕਿਉਂਕਿ ਰੂਪ ਵੀ ਬਾਹਰੀ ਸੱਤਾਹ ਤੇ ਖ਼ਤਮ ਹੋ ਜਾਂਦਾ ਹੈ। ਮੈਂ ਤਾਂ ਪੂਰੀ ਦੀ ਪੂਰੀ ਸਮਰਪਿਤ ਹਾਂ।"

"ਕਿੱਥੇ ਉਹ ਰੀਵਾ, ਕਿੱਥੇ ਇਹ ਰੀਵਾ, ਜੋ ਮੇਰੇ ਸਾਮ੍ਹਣੇ ਬੈਠੀ।"

ਸੇਵਿਕਾ ਸ਼ਰਬਤ ਵਗ਼ੈਰਾ ਲੈ ਆਈ। ਉਹਨੇਂ ਸੇਵਿਕਾ ਨੂੰ ਚਲੇ ਜਾਣ ਲਈ ਸ਼ੁਕਰਗੁਜ਼ਾਰੀ ਕਿਹਾ, ਤੇ ਇਤਮੀਨਾਨ ਨਾਲ ਬੈਠ ਗਈ।

"ਕੋਈ ਫ਼ਰਕ ਨਹੀਂ। ਕੇਵਲ ਨਜ਼ਰੀਏ ਦਾ ਫ਼ਰਕ ਹੈ।"

"ਮੈਂ ਸਮਝਿਆ ਨਹੀਂ।"

"ਮੇਰੇ ਸਾਮ੍ਹਣੇ ਪਹਿਲਾਂ ਵੀ ਇਕ ਤਲਾਸ਼ ਸੀ। ਸੁਖ ਦੀ। ਸੁਆਦ ਦੀ। ਚੰਨ-ਸੁਅੰਨਤਾ ਦੀ। ਇਹ ਵੀ ਇਕ ਤਲਾਸ਼ ਹੈ। ਸੁਖ ਦੀ। ਆਨੰਦ ਦੀ। ਫ਼ਰਕ ਸਿਰਫ਼ ਕਾਰਜ ਅਤੇ ਸ਼ੈਲੀ ਦਾ ਹੈ।

"ਕਿਵੇਂ ?"

"ਪਹਿਲਾਂ ਮਾਧਿਅਮ ਜਿਸਮ ਸੀ। ਆਪਣਾ ਜਮ੍ਹਾ ਕੋਈ ਦੂਜਾ। ਹੁਣ ਕੋਈ ਦੂਜਾ ਨਹੀਂ। ਆਪਣਾ ਮਨ ਹੈ। ਆਤਮਾ ਹੈ। ਬੱਸ।"

"ਚਲੋ ਤਲਾਸ਼ ਤਾਂ ਪੂਰੀ ਹੋਈ।" ਮੈਂ ਫ਼ਾਲਤੂ ਦੀ ਬਦਮਗਜ਼ੀ ਮੁਕਾਅ, ਅਸਲੀ ਮੁੱਦੇ ਵੱਲ ਆਉਣਾ ਚਾਹੁੰਦਾ ਸਾਂ।

"ਪੂਰੀ ਨਹੀਂ, ਸਿਰਫ਼ ਦਿਸ਼ਾ ਪਤਾ ਲੱਗੀ।"

"ਕਿਵੇਂ ?"

"ਮੰਨ ਲਵੋ ਕੋਈ ਚੀਜ਼ ਘਰ ਵਿੱਚ ਗੁਆਚ ਗਈ ਹੋਵੇ, ਲੱਭਦਾ ਕੋਈ ਬਾਹਰ ਫਿਰੇ। ਅਸਲ ਵਿਚ ਸੁਖ, ਅਨੰਦ, ਲੱਜ਼ਤ ਆਪਣੇ ਹੀ ਕਿਤੇ ਅੰਦਰ ਪਈ ਸੀ। ਲੱਭ ਕਿਸੇ ਦੂਜੇ ਦੇ ਸਾਥ ਵਿੱਚੋਂ ਰਹੇ ਸਾਂ, ਜਿਹੜਾ ਦੂਸਰਾ ਸੀ, ਉਹ ਖੁਦ ਕਿਸੇ ਤਲਾਸ਼ ਵਿੱਚ ਸੀ। ਲੱਭਦਾ ਕੀ ?"

"ਤਾਂ ਕੀ ਪਿਆਰ ਵਿਆਰ ਸਭ ਬਕਵਾਸ ਹੈ ?"...

"ਜ਼ਰਾ ਸੋਚ ਕੇ ਦੇਖ, ਜਿਸ ਰਸਤੇ ਆਪਾਂ ਤੁਰੇ ਉਸ ਵਿੱਚ ਪਿਆਰ ਵਿਆਰ ਕੁਝ ਨਹੀਂ ਸੀ ? ਭੁੱਖ, ਲੋੜ, ਭਾਵੁਕਤਾ, ਅਤੇ ਭਟਕਣਾ ਤੋਂ ਵੱਧ ਕੁਝ ਵੀ ਨਹੀਂ ਸੀ।"

"ਠੀਕ ਐ। ਮੈਂ ਚੱਲਦਾਂ ਫਿਰ।" ਮੈਂ ਹਉਕਾ ਲਿਆ।

"ਕਿਉਂ ਐਨੀ ਛੇਤੀ ?"

"ਦਰਅਸਲ ਮੈਂ ਰੀਵਾ ਨੂੰ ਮਿਲਣ ਆਇਆ, ਪਰ ਇਥੇ ਕੋਈ ਹੋਰ ਹੀ ਬੈਠੀ ਐ ਮੇਰੇ ਸਾਹਮਣੇ।"

ਉਹ ਉੱਠ ਕੇ ਮੇਰੇ ਕੋਲ ਆਈ ਤੇ ਖਹਿ ਕੇ ਬੈਠ ਗਈ। ਮੇਰਾ ਹੱਥ ਫੜਿਆ ਅਤੇ ਬੋਲੀ।

"ਮੈਂ ਉਹ ਹਾਂ ਹਰਸ਼ ! ਫ਼ਰਕ ਸਿਰਫ਼ ਮਰਿਆਦਾ ਦਾ ਹੈ।"

ਮੈਨੂੰ ਲੱਗਾ, ਉਹ ਸੇਕ ਨਾਲ ਮਘ ਰਹੀ ਸੀ।

"ਤਾਂ ਇਹ ਰੂਪ ਸਭ ਵਿਖਾਵਾ ਹੈ ?" ਮੈਂ ਉਹਦੇ ਢੁਕੇਰੇ ਬਾਂਹ ਵਲੀ ਅਤੇ ਉਹਨੂੰ ਬੇ-ਤਹਾਸ਼ਾ ਚੁੰਮ ਲਿਆ।

ਉਸ ਮੈਨੂੰ ਗੁੱਸੇ ਨਾਲ ਪਰ੍ਹਾ ਕੀਤਾ ਅਤੇ ਬੋਲੀ।

"ਨਹੀਂ ਹਰੀਸ਼ ! ਆਪਣੀ ਮਰਿਆਦਾ 'ਚ ਰਹਿ।"

"ਛੱਡ ਯਾਰ, ਇਹ ਤੇਰੇ ਮੇਰੇ 'ਚ ਮਰਿਆਦਾ ਕਿਥੋਂ ਆ ਗਈ ?"

"ਜਿਥੋਂ ਤੇਰੀ ਇਹ ਹਰਕਤ ਆਈ।" ਉਹ ਖਫ਼ਾ ਹੁੰਦੇ ਬੋਲੀ।

"ਕਮਾਲ ਐ, ਰੀਵਾ! ਆਪਾਂ ਦੋਸਤ ਹਾਂ ਕਈ ਸਾਲਾਂ ਤੋਂ...।"

"ਜਿਹੜੀ ਦੋਸਤੀ ਦੀ ਤੂੰ ਗੱਲ ਕਰਦੈਂ ਉਹ ਦੋਹਾਂ ਪਾਸਿਉਂ ਰਜ਼ਾਮੰਦੀ ਦਾ ਨਾਂ ਏ ਹਰੀਸ਼।"

"ਪਰ ਤੂੰ ਆਪ ਹੀ ਤਾਂ ਬੁਲਾਇਆ।"

"ਬੁਲਾਉਣ ਦਾ ਮਤਲਬ ਜਿਸਮਾਂ ਦੀ ਨੇੜਤਾ ਹੀ ਨਹੀਂ ਹੁੰਦੀ।"

"ਮੈਨੂੰ ਪਤਾ ਨਹੀਂ ਸੀ ਤੂੰ ਇੰਜ ਬੇ-ਇਜ਼ਤ ਕਰੇਂਗੀ।"

"ਹਰੀਸ਼ ! ਤੂੰ ਦਸ ਸਾਲ ਪਹਿਲਾਂ ਵਾਲੀ ਥਾਂ 'ਤੇ ਹੀ ਖੜ੍ਹੈਂ... ਮੈਂ ਤੁਰ ਕੇ ਕਿਧਰੇ ਹੋਰ ਆ ਗਈ ਹਾਂ। ਥੋੜ੍ਹਾ ਧੀਰਜ ਨਾਲ ਸਮਝ ਇਸਨੂੰ।"



"ਮੈਂ ਓਥੇ ਖੜ੍ਹਾਂ ? ਤੂੰ ਕਿੱਥੇ ਆ ਗਈ ?"

"ਮੈਂ ਵਿਆਹ ਕੀਤਾ। ਬੱਚੀ ਨੂੰ ਜਨਮ ਦਿੱਤਾ। ਫ਼ਿਰ ਵਿਧਵਾ ਹੋਈ। ਹੁਣ ਇਕ ਧੀ ਦੀ ਮਾਂ, ਵਿਧਵਾ ਅਤੇ ਪ੍ਰੀਚਰ ਹਾਂ। ਔਰ ਇਕ ਵਿਧਵਾ ਅਤੇ ਪ੍ਰੀਚਰ ਲਈ ਤਾਂ ਹੋਰ ਵੀ ਕਈ ਬੰਦਿਸ਼ਾਂ ਨੇ...।"

"ਸਭ ਬਕਵਾਸ ! ਜਿਸ ਰੀਵਾ ਨੂੰ ਮੈਂ ਜਾਣਦਾਂ, ਉਹਦੇ ਲਈ ਨਾ ਪਹਿਲਾਂ ਕੋਈ ਬੰਦਿਸ਼ ਸੀ ਨਾ ਹੁਣ ਹੈ।"

" ਮੇਰੇ ਲਈ ਬਾਹਰੀ ਬੰਦਿਸ਼, ਰੋਕ-ਟੋਕ ਅਤੇ ਮਰਿਆਦਾ ਦੇ ਕੋਈ ਮਾਅਨੇ ਨਹੀਂ। ਹੁਣ ਬੇਸ਼ਕ ਆਪਾਂ ਇਕੱਲੇ ਹਾਂ ਪਰ ਅੰਦਰਲੀ ਮਰਿਆਦਾ ਸਾਡੇ ਸਾਮ੍ਹਣੇ ਖੜ੍ਹੀ ਹੈ, ਉਸ ਨੂੰ ਧੋਖਾ ਦੇਣਾ ਬਹੁਤ ਔਖਾ ਹੈ।"

"ਦੇਖ ਰੀਵਾ ! ਮੈਂ ਬਹੁਤ ਬਿਖਰ ਚੁੱਕਾ ਹਾਂ। ਮੈਨੂੰ ਤੂੰ ਚਾਹੀਦੀ ਹੈਂ। ਕਿਸੇ ਵੀ ਕੀਮਤ 'ਤੇ।"

"ਕੀਮਤਾਂ ਜਿਸਮ ਖ਼ਰੀਦ ਸਕਦੀਆਂ ਨੇ ਹਰਸ਼ ! ਮਰਿਆਦਾ ਨਹੀਂ।"

"ਤੂੰ ਨਾ ਮਿਲਦੀ, ਤਾਂ ਗੱਲ ਹੋਰ ਸੀ। ਹੁਣ ਤੇਰੇ ਬਿਨਾਂ ਮੁਸ਼ਕਿਲ ਹੈ।"

"ਤੂੰ ਜਾਣਦੈਂ ਹਰੀਸ਼ ਮੈਂ ਕਿਉਂ ਭਟਕੀ ? ਮੇਰੀ ਮਾਂ ਨੇ ਇਕ ਮਾਰਵਾੜੀ ਨਾਲ ਵਿਆਹ ਕੀਤਾ। ਦਿਲ ਕਿਸੇ ਹੋਰ ਨੂੰ ਦੇ ਬੈਠੀ। ਮੈਂ ਨਿੱਕੇ ਹੁੰਦੇ ਉਹਦਾ ਦੂਹਰਾ ਕਿਰਦਾਰ ਦੇਖਿਆ। ਪ੍ਰੇਮੀ ਘਰ ਵਿਚ ਛਿਪਾ ਕੇ ਵੀ ਮੇਰੇ ਪਿਤਾ ਨਾਲ ਸੌਂ ਜਾਂਦੀ। ਮੈਨੂੰ ਮਾਂ ਦੀ ਬਦਕਾਰੀ ਨੇ ਤਬਾਹ ਕੀਤਾ। ਸੋਚਦੀ ਹਾਂ ਜੇ ਮੈਂ ਵੀ ਮਾਂ ਵਾਂਗ ਧੀ ਸਾਮ੍ਹਣੇ ਬਦਕਾਰ ਹੋ ਗਈ। ਇਹ ਸਿਲਸਲਾ ਤਾਂ ਮੇਰੀ ਧੀ ਤੋਂ ਵੀ ਅੱਗੇ ਤੱਕ ਜਾਏਗਾ। ਸੋ ਬੱਸ। ਆਪਾਂ ਦੋਸਤ ਹਾਂ ਦੋਵੇਂ। ਇਹੋ ਕਾਫ਼ੀ ਹੈ।"

"ਮੈਂ ਤੇਰੇ ਬਿਨਾਂ ਅਧੂਰਾ ਹਾਂ ਰੀਵੂ।"

"ਹੁਣ ਮੇਰਾ ਪਰਤਣਾ ਸੰਭਵ ਨਹੀਂ।"

ਕੁਝ ਦੇਰ ਦੀ ਖਾਮੋਸ਼ੀ ਮਗਰੋਂ ਮੈਂ ਕਿਹਾ।

"ਇਹਦਾ ਇਕ ਹੱਲ ਹੈ।"

"ਕੀ ?"

"ਮੈਂ ਤੇਰੇ ਨਾਲ ਵਿਆਹ ਕਰਨ ਲਈ ਰਾਜ਼ੀ ਹਾਂ।"

ਮੈਨੂੰ ਉਮੀਦ ਸੀ ਰੀਵਾ ਖੁਸ਼ ਅਤੇ ਹੈਰਾਨ ਹੋਵੇਗੀ। ਉਹ ਹਲਕਾ ਜਿਹਾ ਮੁਸਕਾਈ ਅਤੇ ਫਿਰ ਮੇਰੇ ਨੇੜੇ ਹੋ ਕੇ ਬੋਲੀ।

"ਹਰੀਸ਼ ! ਬੰਦਾ ਜਾਂ ਚਰਿਤ੍ਰਵਾਨ ਹੁੰਦੈ, ਜਾਂ ਬਦਇਖ਼ਲਾਕ। ਵਿਚ ਵਿਚਾਲਾ ਕੁਝ ਵੀ ਨਹੀਂ। ਕਿਸੇ ਦਾ ਪਤੀ ਬਣਨ ਵਾਲੀ ਉਚਾਈ ਤੋਂ ਤਾਂ ਤੂੰ ਉਸੇ ਦਿਨ ਡਿੱਗ ਗਿਆ, ਜਿਸ ਦਿਨ ਨੰਦਨੀ ਨੂੰ ਛੱਡ ਤੂੰ ਮੇਰੇ ਨਾਲ ਰਾਤ ਬਿਤਾਈ।"

"ਜੇ ਮੈਂ ਗ਼ਲਤ ਸੀ ਤਾਂ ਤੂੰ ਉਦੋਂ ਕਿਉਂ ਨਾ ਰੋਕਿਆ।"

"ਮੈਂ ਕਿਉਂ ਰੋਕਦੀ। ਤੂੰ ਖ਼ੁਦ ਰੁਕਦਾ। ਤੂੰ ਗ੍ਰਹਿਸਥ ਦੀ ਮਰਿਆਦਾ ਵਿਚ ਸੈਂ। ਮੈਂ ਤਾਂ ਨਹੀਂ ਸਾਂ।"

"ਮਰਿਆਦਾ... ਮਰਿਆਦਾ... ਮਰਿਆਦਾ, ਇਹ ਕੀ ਬਕਵਾਸ ਐ ਰੀਵਾ! ਕੀ ਇਹ ਸੱਚ ਨਹੀਂ ਕਿ ਤੇਰੇ ਮੇਰੇ ਸੰਬੰਧ ਰਹੇ। ਇਹ ਸੱਚ ਨਹੀਂ ਕਿ ਮੈਂ ਨਿਮਾਣਿਆਂ ਵਾਂਗ ਤੇਰੇ ਸਾਮ੍ਹਣੇ ਖੜ੍ਹਾਂ।"

"ਸੱਚ ਹੈ, ਪਰ ਦੁਨੀਆਂ ਦਾ ਹਰ ਰਿਸ਼ਤਾ, ਦੋਸਤੀ, ਯਾਰੀ, ਸੰਬੰਧ ਭਾਵੇਂ ਉਹ ਕਿਸੇ ਵੀ ਕਿਸਮ ਦੇ ਹੋਣ; ਉਹਨਾਂ ਦੁਆਲੇ ਇਕ ਰਾਮਕਾਰ ਹੁੰਦੀ ਏ ਹਰੀਸ਼! ਜਿਹੜੀ ਬਹੁਤੀ ਵਾਰ ਦਿਸਦੀ ਨਹੀਂ। ਜਿਤਨਾਂ ਚਿਰ ਇਹ ਰਿਸ਼ਤੇ, ਸੰਬੰਧ ਅਤੇ ਨੇੜਤਾ ਉਸ ਰਾਮਕਾਰ ਦੇ ਅੰਦਰ ਨੇ, ਸੁਰੱਖਿਅਤ ਨੇ...। ਇਸ ਰਾਮਕਾਰ ਤੋਂ ਬਾਹਰ ਕੇਵਲ ਤ੍ਰਿਸ਼ਨਾ ਹੈ। ਭਟਕਣਾ ਹੈ। ਬਦ-ਦਿਆਨਤਦਾਰੀ ਹੈ। ਤਬਾਹੀ ਹੈ। ਜ਼ਰੂਰੀ ਨਹੀਂ ਇਹ ਰਾਮਕਾਰ ਕਿਸੇ ਸੀਤਾ ਦੁਆਲੇ ਹੀ ਹੋਵੇ। ਇਹ ਕਿਸੇ ਰਾਮ ਦੁਆਲੇ ਵੀ ਹੁੰਦੀ ਹੈ। ਫ਼ਰਕ ਸਿਰਫ਼ ਇਤਨਾ ਹੈ ਇਹ ਮੈਨੂੰ ਦਿੱਸ ਰਹੀ ਹੈ। ਤੈਨੂੰ ਨਹੀਂ। ਮੇਰੇ ਲਈ ਇਸਦੀ ਪਵਿੱਤਰਤਾ ਬਹੁਤ ਜ਼ਰੂਰੀ ਹੈ।"

ਉਹ ਉੱਠ ਕੇ ਚਲੀ ਗਈ।

ਮੈਂ ਉਸਨੂੰ ਹੈਰਾਨੀ ਨਾਲ ਜਾਂਦੇ ਦੇਖਿਆ। ਉਹ ਸ਼ਾਇਦ ਸੌਣ ਲਈ ਚਲੀ ਗਈ ਸੀ। ਕੀ ਇਹ ਉਹ ਰੀਵਾ ਸੀ? ਜੋ ਸਾਰੀ ਸਾਰੀ ਰਾਤ ਸੌਣ ਨਹੀਂ ਸੀ ਦਿੰਦੀ। ਦੁਨੀਆਂ ਦੀ ਕਿਸੇ ਰਾਮਕਾਰ ਵਿਚ ਉਸ ਨੂੰ ਰੋਕ ਕੇ ਰੱਖਣ ਦੀ ਤਾਕਤ ਨਹੀਂ ਸੀ।

ਇਕ ਪਲ ਉਹ ਮੈਨੂੰ ਹਜ਼ਾਰਾਂ ਸਾਲ ਪਹਿਲਾਂ ਵਾਲੀ ਕਿਸੇ ਰਿਵਾਇਤੀ ਜਿਹੀ ਸੀਤਾ ਵਰਗੀ ਲੱਗੀ। ਜਿਸ ਨੂੰ ਰਾਮਕਾਰ ਤੋਂ ਬਾਹਰ ਨਿਕਲਦੇ ਹੀ ਕੋਈ ਸੋਨ-ਮਿਰਗ ਛਲ ਕੇ ਲੈ ਗਿਆ ਸੀ।...

ਇਹ ਅੱਜ ਦੀ ਸੀਤਾ ਆਪਣੇ ਹੀ ਅੰਦਰਲੇ ਕਿਸੇ ਸੋਨ-ਮਿਰਗ ਤੋਂ ਡਰ ਰਹੀ ਸੀ। ਅਜਿਹੀਆਂ ਬੇੜੀਆਂ 'ਚ ਬੱਝੀ ਦਕਿਆਨੂਸੀ ਔਰਤ, ਜਿਨ੍ਹਾਂ ਬੇੜੀਆਂ ਦਾ ਵਜੂਦ ਕੇਵਲ ਭੈਅ ਦੀ ਉਪਜ ਸੀ।

ਮੇਰਾ ਦਿਲ ਕੀਤਾ, ਮੈਂ ਅੱਗੇ ਹੋ ਕੇ ਉਸ ਨੂੰ ਰੋਕ ਲਵਾਂ। ਉਸਦੇ ਡਰ ਅਤੇ ਪਾਖੰਡ ਦਾ ਲਿਬਾਸ ਲਾਹ ਕੇ ਪਰ੍ਹਾਂ ਸਿੱਟ ਦੇਵਾਂ। ਉਹਦੇ ਅੰਦਰਲੇ ਅੰਗਿਆਰਾਂ ਵਿਚ ਲਾਂਬੂ ਲਾ ਦੇਵਾਂ। ਪਰ ਮੈਂ ਮਹਿਸੂਸ ਕੀਤਾ, ਜਿਵੇਂ ਖੜ੍ਹੇ-ਖੜ੍ਹੇ ਮੇਰੇ ਅਉਸਾਣ ਮਾਰੇ ਗਏ ਸਨ। ਤੇ ਸਾਹ-ਸਤ ਹੀਣ ਹੋਇਆ ਮੈਂ ਸੋਚਣ ਲੱਗਾ। ਉਸ ਦੀ ਦ੍ਰਿੜਤਾ ਅਤੇ ਦਲੇਰੀ ਮੇਰੇ ਚੁਫ਼ੇਰੇ ਵੀ ਕੋਈ ਰਾਮ-ਕਾਰ ਉਲੀਕ ਗਈ ਸੀ, ਜਿਸ ਵਿਚ ਮੈਂ ਪੂਰੀ ਤਰ੍ਹਾਂ ਜਕੜਿਆ ਖੜ੍ਹਾ ਸਾਂ।

•



# ਬੁੱਤ ਤਰਾਸ਼

ਖੁੱਲ੍ਹੇ ਪਾਠ ਦੀ ਰੌਲ ਤੋਂ ਉੱਠ, ਉਬਾਸੀ ਲੈਂਦੇ ਭਾਈ ਛਾਂਗੇ ਚਾਹ ਦੀ ਤਲਬ ਮਹਿਸੂਸ ਕੀਤੀ। ਦੁੱਧ ਦੇ ਗੜੇ ਲਈ ਕਿੱਲੀ ਤੋਂ ਡੋਲੂ ਲਾਹਿਆ ਅਤੇ ਝਕਦਾ ਜਿਹਾ ਪਾਖਰ ਪ੍ਰੇਮੀ ਕੋਲ ਜਾ ਖੜ੍ਹਿਆ।

"ਬੋਲੋ ਜੀ ਵਾਹਿਗੁਰੂ...। ਚਾਹਟੇ ਲਈ ਕਰੋ ਤਿਆਰਾ... ਮੈਂ ਮੁੜਿਆ ਬੱਸ।"

ਪਾਖਰ ਸਿਹੁੰ ਉੱਠ ਕੇ ਬੈਠ ਗਿਆ। ਉਹ ਨਿਸ਼ਾਨ ਸਾਹਿਬ ਨੇੜਲੀ ਧਰੇਕ ਹੇਠ ਪਿਆ ਸੀ। ਭੁੰਜੇ ਹੀ। ਉਸ ਜਾਂਦੇ ਭਾਈ ਦੀਆਂ ਮੋਟੀਆਂ ਪਿੰਡਲੀਆਂ ਹਕਾਰਤ ਨਾਲ ਦੇਖੀਆਂ। ਜੀ ਕੀਤਾ ਪੁੱਛੇ, ਕਿਹੜਾ ਤਿਆਰਾ ਉਏ। ਸਿੱਧਾ ਕਹੁ ਅੱਗ ਬਾਲ ਚੁੱਲ੍ਹੇ 'ਚ...।

ਉਹਨੇ ਮਨ ਹੀ ਮਨ, 'ਧੰਨ ਧੰਨ ਸਤਗੁਰੂ ਤੇਰਾ ਹੀ ਆਸਰਾ' ਉਚਾਰਿਆ ਅਤੇ ਗੁੱਸੇ ਵਿਚ ਰਿੱਝਦਾ 'ਖਿਆਓ' ਨੇੜੇ ਆ ਖੜ੍ਹਿਆ। ਦਿਨ ਕਦੋਂ ਤ੍ਰਕਾਲਾਂ ਵਿਚ ਢਲ ਗਿਆ ਸੀ, ਪਤਾ ਹੀ ਨਹੀਂ ਸੀ ਲੱਗਿਆ। ਸਾਮ੍ਹਣੇ ਟੂਟੀਆਂ ਦੀ ਕਤਾਰ ਦੇਖ ਮਨ ਬਹੁਤ ਪਿੱਛੇ ਚਲਿਆ ਗਿਆ। ਗੁਰਦੁਆਰੇ ਵੜਦਿਆਂ ਇਹ ਟੂਟੀਆਂ ਹਰ ਸ਼ਰਧਾਲੂ ਦੇ ਮੱਥੇ ਲਗਦੀਆਂ ਸਨ। ਕੰਧ ਦੀ ਨੁੱਕਰ ਤੇ ਜਿਉਣੇ ਮਿਸਤਰੀ ਨੇ ਪੱਕੀ ਹਿਰਮਚੀ ਨਾਲ ਲਿਖਿਆ ਸੀ, 'ਸੇਵਾ ਕਰਾਈ ਪਾਖਰ ਸਿੰਘ, ਪਤਨੀ ਹਰਦੇਈ ਦੀ ਯਾਦ ਵਿਚ 5100 ਰੁਪਏ।' ਪਤਾ ਨਹੀਂ ਕਿਉਂ ਉਹਨੂੰ ਇਹ ਲਿਖਿਆ, ਹਮੇਸ਼ ਵਾਂਗ ਬੁਰਾ ਲੱਗਾ। ਪਤਨੀ ਦੀ ਮੌਤ ਵੇਲੇ ਉਹ ਇਹ ਮਾਇਆ ਸੱਚੇ ਸੌਦੇ ਭੇਟਾ ਕਰਨ ਦਾ ਇਛੁੱਕ ਸੀ। ਜੈਮਲ ਹੀ ਅੜ ਗਿਆ। ਸਾਡੀ ਮਾਂ, ਸਾਡਾ ਪਿੰਡ, ਸਰਸੇ ਵਾਲਾ ਕੀ ਦੱਸਣ ਆਉ ਪਿੰਡ ਨੂੰ? ਅੱਜ ਦੁਨੀਆਂ ਪੜ੍ਹਦੀ ਐ।

ਪੜ੍ਹੇ ਜਾਣ ਦੇ ਖਿਆਲ ਨਾਲ ਹੀ ਉਹ ਗੁਰਦੁਆਰੇ ਆਇਆ ਸੀ। ਜੈਮਲ ਨਾਲ ਤੂੰ ਤੂੰ ਮਗਰੋਂ, ਉਹ ਸਿੱਧਾ ਸਤਸੰਗ ਘਰ ਨੂੰ ਹੋ ਤੁਰਿਆ ਸੀ। ਅੱਧ 'ਚੋਂ ਪਰਤ ਆਇਆ। ਪਿੰਡ ਨੂੰ ਕਿਵੇਂ ਪਤਾ ਲੱਗੂ ਬਈ ਘਰ 'ਚ ਕੁੱਤਿਆਂ ਖਾਣੀ ਹੋਈ ਐ। ਡੇਰਾ ਪ੍ਰੇਮੀ ਹੋਣ ਦੇ ਬਾਵਜੂਦ ਉਹ ਗੁਰਦੁਆਰੇ ਆ ਬੈਠਾ ਸੀ।

ਕਈ ਆਏ। ਸਭ ਮੱਥਾ ਟੇਕ ਪਾਸਾ ਵੱਟ ਗਏ। ਸਭ ਨੂੰ ਪਤਾ ਸੀ, ਇਕ ਤਾਂ ਉਹ ਡੇਰਾ ਪ੍ਰੇਮੀ ਸੀ। ਉੱਤੋਂ ਕੱਬਾ ਹੋਣ ਕਾਰਨ ਵੱਖੀ 'ਚੋਂ ਬੋਲਦਾ। ਫਿਰ ਵੀ ਸਾਲੀਆਂ ਦੀ ਥਾਂ ਲੱਗਦੀ ਰੱਖੀ, ਲਾਗ ਆ ਖੜ੍ਹੀ।

"ਕੀ ਗੱਲ ਭਾਈਆ, ਸੁੱਖ ਤਾਂ ਹੈ?" ਉਸ ਸੁਭਾਵਕ ਕਿਹਾ।

"ਕਿਉਂ ? ਸੁੱਖ ਨੂੰ ਮਰ ਗਿਆ ਕੋਈ ?" ਉਹ ਤਲਖ਼ ਬੋਲਿਆ।

"ਲੈ, ਐਹਾ ਜੀ ਭਾਖਿਆ ਕਿਉਂ ਕੱਢਦੇਂ ਜੀ ਗੁਰੂ ਘਰ।" ਬਿੜਕਦੀ ਉਹ ਨਿਸ਼ਾਨ ਸਾਹਿਬ ਘੁੱਟਣ ਜਾ ਲੱਗੀ। ਤਦੇ ਭਾਈ ਛਾਂਗਾ ਆ ਖੜ੍ਹਿਆ।

"ਬੋਲੋ ਜੀ ਵਾਹਿਗੁਰੂ..."

"ਹਾਂ ਦੱਸ ?"

ਦੋ ਪਤਾਸੇ ਅਗਾਂਹ ਕਰਦੇ ਉਸ ਮੁੱਠੀ ਖੋਲ੍ਹੀ।

"ਨਹੀਂ ! ਤੂੰ ਹੀ ਛਕ।"

"ਜੀ ਵਾਹਿਗੁਰੂ...!" ਭਾਈ ਨੀਵੀਂ ਖਿੱਚ ਗਿਆ।

ਖਿਝਦਾ ਉਹ ਧਰੇਕ ਹੇਠ ਜਾ ਪਿਆ ਸੀ। ਇਸ ਤੋਂ ਪਹਿਲਾਂ ਕਿ ਦੁੱਧ ਲੈ ਕੇ ਮੁੜਦਾ ਭਾਈ ਉਹਨੂੰ ਚਾਹ ਲਈ ਕਹੇ; ਉਹ ਪੱਕੇ ਫਰਸ਼ 'ਤੇ ਸੋਟੀ ਟੇਕਦਾ ਬਾਹਰ ਨਿਕਲ ਆਇਆ।

ਦੁੱਖੀ ਮਨ ਉਹ ਬਾਹਰਲੀ ਫਿਰਨੀ ਪੈ ਸਤਸੰਗ ਘਰ ਵੱਲ ਆ ਰਿਹਾ। ਤ੍ਰਕਾਲਾਂ ਉੱਤਰ ਆਉਣ ਕਾਰਨ ਡੇਰਾ ਕੰਨਟੀਨ ਬੰਦ ਸੀ। ਸ਼ਾਇਦ ਸੇਵਾਦਾਰ ਕਿਧਰੇ ਗਿਆ ਹੋਵੇ। ਬੈਂਚ 'ਤੇ ਬੈਠਦੇ ਉਸ ਸਤਸੰਗ ਘਰ ਦੀ ਮੋਰਾਂ ਦੇ ਨਮੂਨੇ ਵਾਲੀ ਚਾਰਦਿਵਾਰੀ ਨਿਹਾਰੀ ਅਤੇ ਸੋਚਿਆ। ਉਹਨੇ ਏਧਰ ਆਉਣ ਦੀ ਵੱਡੀ ਭੁੱਲ ਕੀਤੀ। ਪਿੰਡ ਨੂੰ ਤਾਂ ਪਤਾ ਹੀ ਨਹੀਂ ਲੱਗਾ ਕਿ ਪਾਖਰ ਪ੍ਰੇਮੀ ਨੇ ਪੁੱਤਰ ਮੋਹ-ਤਿਆਗ ਦਿੱਤਾ ਸੀ। ਜਿਸਦੀ ਮਿਸਾਲ ਸਤਸੰਗਾਂ ਵਿਚ ਤਾਂ ਦਿੱਤੀ ਜਾਂਦੀ ਸੀ। ਜੀਵਨ ਵਿਚ ਘੱਟ ਹੀ ਮਿਲਦੀ ਸੀ।

ਸਿਵਿਆਂ ਦੀ ਡੰਡੀ ਪੈ ਉਹ ਸੂਏ ਵੱਲ ਆ ਨਿਕਲਿਆ। ਕੁੱਖ ਨਾਲ ਖੋਹ ਪਈ ਤਾਂ ਪੁਲੀ 'ਤੇ ਬੈਠ ਗਿਆ। ਥੋੜ੍ਹੀ ਦੂਰ ਉਹਦੇ ਖੇਤ ਸਨ। ਰੁੱਖਾਂ ਦੀ ਝਿੜੀ ਓਹਲਿਉਂ ਜੈਮਲ ਦੇ ਅਮਰੀਕਨ ਜਾਲੀ ਨਾਲ ਬਣਾਏ ਪੋਲੀ ਸ਼ੈਡਾਂ ਦਾ ਝਾਵਲਾ ਪੈਂਦਾ ਸੀ। ਇਹ ਉਹੀ ਖੇਤ ਸਨ ਜਿਹੜੇ ਉਹਦੇ ਪਿਤਾ ਦੀ ਮੌਤ ਮਗਰੋਂ ਉਹਦੇ ਨਾਂ ਚੜ੍ਹਨ ਲੱਗੇ ਸਨ ਤਾਂ ਉਹ ਕਈ ਦਿਨ ਮਾਂ ਦੇ ਗਲ ਲੱਗ ਰੋਂਦਾ ਰਿਹਾ ਸੀ। ਅੱਜ ਉਹੀ ਖੇਤ ਉਹਦੇ ਜਿਉਂਦੇ ਜੀਅ ਵੰਡੇ ਜਾ ਚੁੱਕੇ ਹਨ। ਸੋਚੀਂ ਪਿਆ ਉਹ ਸੂਏ ਦੀ ਝਾਲ ਤੋਂ ਡਿਗਦਾ ਪਾਣੀ ਦੇਖਣ ਲੱਗਾ। ਅਕਾਰਥ ਹੀ।...

ਹਨੇਰੇ ਵਿਚ ਸੂਏ ਦੀ ਪਟੜੀ 'ਤੇ ਕੋਈ ਆਉਂਦਾ ਜਾਪਿਆ। ਧਾਰਾਂ ਕੱਢਣ ਦਾ ਵੇਲਾ ਸੀ। ਦੋਵੇਂ ਮੱਝਾਂ ਉਹਦੇ ਹੱਥ 'ਤੇ ਸਨ। ਜੈਮਲ ਜਾਂ ਬਿਹਾਰੀਆਂ ਹੱਥੂ। ਆਉਣ ਦੇ, ਕਰਾਉਨਾਂ ਘੀਸੀ ਦੋਹਾਂ ਦੀ। ਉਹ ਪਾਸਾ ਵੱਟ ਬੈਠ ਗਿਆ।

ਅਚਾਨਕ ਪੈਰ-ਚਾਪ ਸੁਣੀ ਅਤੇ ਦੂਰ ਚਲੀ ਗਈ। ਉਸ ਪਰਤ ਕੇ ਦੇਖਿਆ ਹਨੇਰੇ ਵਿਚ ਕੁਝ ਵੀ ਨਹੀਂ ਸੀ। ਕੀ ਪਤਾ ਦਿੱਸਿਆ ਹੀ ਨਾ ਹੋਵਾਂ। ਉਹਨੇ ਖੰਘੂਰ ਕੇ ਗਲਾ ਸਾਫ਼ ਕੀਤਾ। ਉਡੀਕਿਆ, ਪਰ ਹਨੇਰਾ ਉਵੇਂ ਤਣਿਆ ਖੜ੍ਹਾ ਸੀ।

ਉਹ ਹੈਰਾਨ ਸੀ, ਹੁਣ ਤੱਕ ਉਹਦੀ ਭਾਲ ਕਿਉਂ ਨਹੀਂ ਸੀ ਸ਼ੁਰੂ ਹੋਈ। ਪਿੰਡ



ਵੱਲੋਂ ਆਉਂਦਾ ਸ਼ੋਰ ਮੱਧਮ ਪੈਣ ਲੱਗਾ ਤਾਂ ਅਚਵੀ ਹੋਈ। ਇੰਜ ਤਾਂ ਉਹਦਾ ਸਾਰਾ ਵਿਰੋਧ ਹੀ ਬੇਕਾਰ ਗਿਆ। ਕਾਹਲੀ ਨਾਲ ਮੁੜਦਾ ਉਹ ਫਿਰ ਗੁਰਦੁਆਰੇ ਦਾ ਬੂਹਾ ਲੰਘ ਗਿਆ।

ਮਨ ਹੀ ਮਨ 'ਧੰਨ ਧੰਨ ਧੰਨ ਸਤਗੁਰੂ ਤੇਰਾ ਹੀ ਆਸਰਾ' ਉਚਾਰਿਆ ਅਤੇ ਵਰਾਂਡੇ ਵਿਚਲੇ ਪੱਖੇ ਦਾ ਸਵਿੱਚ ਨੱਪ ਚਿਪਸ ਦੇ ਫਰਸ਼ 'ਤੇ ਹੀ ਢੇਰੀ ਹੋ ਗਿਆ।

ਗੁਰਦੁਆਰੇ ਵਿਚ ਸੁੰਨ-ਸਰਾਂ ਸੀ। ਉਹਨੂੰ ਲੱਗਾ, ਰਹਿਰਾਸ ਹੋ ਚੁੱਕਾ ਸੀ। ਤਦੇ ਭਾਈ ਛਾਂਗਾ ਆਇਆ।

"ਬੋਲੋ ਜੀ ਵਾਹਿਗੁਰੂ..."

ਪਾਖਰ ਕੌੜ ਅੱਖ ਝਾਕਿਆ।

"ਲੰਗਰ ਤਾਂ ਹੋ ਗਿਆ ਜੀ ਵਾਹਿਗੁਰੂ, ਇੱਥੇ ਤਾਂ ਕਰਾਂ ਹੀਲਾ ਕੋਈ ?"

ਕੁਝ ਕਹਿਣ ਦੀ ਥਾਂ ਹੱਥ ਨਾਲ ਡੰਮਰੂ ਵਜਾ ਨਾਂਹ ਕਰਦਿਆਂ ਪਾਖਰ ਪਾਸਾ ਵੱਟ ਲਿਆ।

"ਜੀ ਵਾਹਿਗੁਰੂ।" ਭਾਈ ਸ਼ੁਕਰ ਕੀਤਾ। "ਕੋਈ ਲੀੜੇ ਕੱਪੜੇ ਦੀ ਸੇਵਾ ?" ਤੇ ਬਿਨਾਂ ਉੱਤਰ ਉਡੀਕੇ, ਬੋਲੋ ਜੀ ਵਾਹਿਗੁਰੂ ਦੀ ਮੁਹਾਰਨੀ ਰਟਦਾ, ਪਰੇ ਵਰਾਂਡੇ ਪੱਖੇ ਦੀ ਘੂਕਰ ਸਾਮ੍ਹਣੇ ਪਿੱਠ ਤੋਂ ਝੱਗਾ ਚੱਕ ਜਾ ਖੜ੍ਹਾ। ਜੀ 'ਚ ਆਈ ਕਹੇ।

'ਸੇਵਾ ਦੀ ਐਨੀ ਓ ਚਿੰਡ ਪੀੜ ਐ ਤਾਂ ਜਾ ਕੇ ਲਾਊਡ ਸਪੀਕਰ 'ਚ ਬਕ। ਬਈ ਸੰਗਤੇ। ਆਹ ਪਈ ਐ ਚਿੱਤੜਾਂ ਭਾਰ ਜੈਮਲ ਦੀ ਸਰਪੰਚੀ। ਲੋਕ ਤਾਂ ਮਰੇ ਤੋਂ ਨੀ ਪਹਿਰ ਦੋ ਪਹਿਰ ਕੱਢਦੇ। ਇਹਨੇ ਤਾਂ ਜਿਉਂਦਿਆਂ ਈ ਮਾਰਿਆ ਚੱਕ ਕੇ। ਹੁਣ ਆਹ ਪਿਐ ਮਰੇ ਕੁੱਤੇ ਆਂਗੂ ਪਿਉ...।'

ਭਾਈ ਸੋਚ ਰਿਹਾ ਸੀ। 'ਕਿੱਥੇ ਲਾ ਤੀ ਦੱਦ ਬਾਜਾਂ ਆਲਿਆ। ਜੇ ਨਾਈਆਂ ਦੇ ਬੁੜ੍ਹੇ ਵਾਂਗੂ ਇਥੇ ਹੀ ਟਿਕ ਗਿਆ ? ਡੇਰਾ ਪ੍ਰੇਮੀ ਤਾਂ ਊਂਈ ਫੁੱਟੀ ਅੱਖ ਨੀ ਭਾਉਂਦੇ ਕਮੇਟੀ ਨੂੰ...।'

ਰਾਤ ਕਿਵੇਂ ਲੰਘੀ, ਪਾਖਰ ਨੂੰ ਪਤਾ ਨਹੀਂ। ਸਵੇਰੇ ਅੱਖ ਖੁੱਲ੍ਹੀ ਤਾਂ ਖਾਲਿਉਂ ਗਈ। ਪੈਰ ਦਰਬਾਰ ਸਾਹਿਬ ਵੱਲ ਸਨ। ਇਸ ਤੋਂ ਪਹਿਲਾਂ ਕਿ ਧੰਨ ਧੰਨ ਸਤਗੁਰੂ ਕਹਿੰਦਾ ਭੁੱਲ ਬਖਸ਼ਾਉਂਦਾ, ਭਾਈ ਆ ਖੜ੍ਹਾ।

"ਬੋਲੋ ਜੀ ਵਾਹਿਗੁਰੂ।" ਸੁੱਕੇ ਕੜਾਹ ਦਾ ਚੂਰਮਾ ਅਤੇ ਚਾਹ ਦੀ ਬਾਟੀ ਰੱਖਦਾ, ਅਹੁ ਗਿਆ, ਅਹੁ ਗਿਆ। ਜਿਵੇਂ ਕਿਹਾ ਹੋਵੇ, ਚਾਹ ਛਕੋ ਤੇ ਤੁਰਦੇ ਬਣੋ।

ਪਾਖਰ ਨੂੰ ਖੁਸ਼ੀ ਹੋਈ। ਉਹ ਇਸੇ ਟੈਮ ਚਾਹ ਪੀਣ ਦਾ ਆਦੀ ਸੀ। ਪਰ ਸੁੱਕੇ ਚੂਰਮੇ ਦੀ ਲੱਪ ਮੂੰਹ 'ਚ ਸਿੱਟਦਾ ਅਟਕ ਗਿਆ। ਉਹ ਡੇਰਾ ਪ੍ਰੇਮੀ ਸੀ। ਫਿਰ ਵੀ ਹਰ ਸਾਲ ਥੋੜੀ ਕਣਕ ਤੇ ਝੋਨਾ ਗੁਰਦੁਆਰੇ ਲਈ ਕਢਦਾ। ਪਿਛਲੇ ਵਰ੍ਹੇ ਤੋਂ ਸੱਚਾ ਸੌਦਾ ਗੁਰੂ ਦੀ ਪੋਸ਼ਾਕ ਨੂੰ ਲੈ ਕੇ ਹੋਏ ਤਣਾਓ ਕਾਰਨ ਕਮੇਟੀ ਨੇ ਡੇਰਾ ਪ੍ਰੇਮੀਆਂ ਦੀ ਸੇਵਾ ਲੈਣੀ ਬੰਦ ਕਰ ਦਿੱਤੀ ਸੀ। ਉਹਨੂੰ ਲੱਗਾ, ਉਹਦਾ ਚਾਹ ਪੀਣ ਦਾ ਹੱਕ ਨਹੀਂ ਸੀ।

ਚੂਰਮਾ ਅਤੇ ਚਾਹ ਰੈਸ 'ਤੇ ਰੱਖਦਾ ਉਹ ਬਿਨਾਂ ਕੁਝ ਕਹੇ ਬਾਹਰ ਆ ਗਿਆ।

ਇਕ ਪਲ ਦਿਲ 'ਚ ਆਈ, ਕਿਉਂ ਨਾ ਕਿਸੇ ਡੇਰਾ ਪ੍ਰੇਮੀ ਦੇ ਘਰੋਂ ਹਾਜਰੀ ਛਕੀ ਜਾਵੇ। ਫਿਰ ਇਹ ਸੋਚ ਸਕੂਲ ਵੱਲ ਤੁਰਿਆ ਆਇਆ ਕਿ ਉਹਦੀਆਂ ਪੋਤੀਆਂ ਮਿਲਣਗੀਆਂ। ਪੁੱਛ ਲਿਆ ਕਿ ਦਾਦੂ ਤੁਸੀਂ ਕਿੱਥੇ ਸੀ? ਤਾਂ ਫੇ ਬਣਾਊਂ ਗੇਲ ਜੈਮਲ ਦੀ...।

ਦੇਰ ਤੱਕ ਖੜ੍ਹਿਆ ਰਿਹਾ। ਬੱਚਿਆਂ ਦੀ ਭੀੜ ਵਿਚ ਕੁੜੀਆਂ ਪਛਾਣੀਆਂ ਹੀ ਨਾ ਗਈਆਂ। ਮੋਏ ਜਿਹੇ ਤ੍ਰਾਣ ਉਹ ਸੱਥ ਵੱਲ ਆ ਰਿਹਾ। ਮਜ਼੍ਹਬੀ ਜਾਂ ਕੋਈ ਬੁੱਢਾ ਠੇਰਾ ਹਾਲੇ ਆਇਆ ਨਹੀਂ ਸੀ।...

ਥੋੜ੍ਹੀ ਦੂਰ ਦੋ ਸਕੂਲੀ ਮੁੰਡੇ ਗੱਲਾਂ ਦਾ ਕਚੀਰਾਂ ਕਰਦੇ ਸੁਣੇ। ਉਹਨਾਂ 'ਚੋ ਇਕ ਤਲੀ 'ਤੇ ਤੰਬਾਕੂ ਰਗੜ ਰਿਹਾ ਸੀ।

"ਸ਼ਰਮ ਤਾਂ ਨੀ ਆਉਂਦੀ ਓਏ !... ਕੀ ਥੋਡੀ ਉਮਰ ਤੇ ਕੀ ਥੋਡੇ ਕਾਰੇ।" ਪਾਖਰ ਮੁਖ਼ਾਤਬ ਕਿਹਾ।

"ਕਿਉਂ ਬਾਬੇ ਗਧੀ ਛੇੜ ਤੀ ਅਸੀਂ...। ਇਹ ਤਾਂ ਗੁਟਕੇ ਸੌਂਫ ਸੁਪਾਰੀ ਆਲਾ।"

ਪਾਖਰ ਮੱਚ ਉੱਠਿਆ।

"ਜੱਧਾ ਗੁਟਕੇ ਦਾ... ਤੇਰੇ ਪਿਉ ਨੇ ਛੇੜੀ ਐ ਕਦੇ ਗਧੀ? ਤੂੰ ਹੈਂ ਕੀਹਨਾਂ 'ਚੋਂ ਉਏ?"

"ਕੋਈ ਨੀ ਬਾਬੇ, ਲੈ ਸਿੱਟ ਤਾ...।" ਮੁੰਡਾ ਝੇਪ ਗਿਆ।

ਕਾਸ਼ ! ਉਹਨੇ ਆਪਣੇ ਪੁੱਤਾਂ ਨੂੰ ਵੀ ਐਂ ਹੀ ਝਿੜਕਿਆ ਹੁੰਦਾ ਤਾਂ ਆਹ ਦਿਨ ਨਾ ਆਉਂਦਾ।

ਕੁੱਖ ਨਾਲ ਖੋਹ ਪੈ ਰਹੀ ਸੀ। ਉਹ ਖਿਝਦਾ ਜਿਹਾ ਸਤਸੰਗ ਘਰ ਦੀ ਕੰਨਟੀਨ 'ਤੇ ਆ ਖੜ੍ਹਾ। ਕੰਨਟੀਨ ਦੇ ਭੰਗੀਦਾਸ ਨਾਲ 'ਧੰਨ ਧੰਨ ਸਤਗੁਰੂ ਤੇਰਾ ਹੀ ਆਸਰਾ' ਦੀ ਸਾਂਝ ਤੋਂ ਬਾਦ ਉਹਨੇਂ ਚਾਹ ਅਤੇ ਮੱਠੀਆਂ ਲਈ ਕਿਹਾ ਹੀ ਸੀ ਕਿ ਦੋ ਪ੍ਰੇਮੀ ਨਾਹਰਾ ਬੁਲਾ, ਉਹਦੇ ਨੇੜੇ ਆ ਬੈਠੇ।

"ਇਹ ਠੀਕ ਨਹੀਂ ਹੋ ਰਿਹਾ ਪ੍ਰੇਮੀ ਜੀ !"

"ਕੀ ਹੋਇਆ?"

"ਹੋਇਆ ਤਾਂ ਨਹੀਂ, ਪਰ ਹੋਊਗਾ।"

"ਕੀ?"

"ਤੇਰੇ ਜੈਮਲ ਦਾ ਹੌਲਾ।"

"ਹੁਣ ਕੀ ਹੋਇਆ?"

"ਪਹਿਲਾਂ ਡੇਰਾ ਪ੍ਰੇਮੀ ਦੇ ਨਾਂ ਤੇ ਮੁਰਗੀਖਾਨਾ ਖੋਲ੍ਹ ਕੇ ਡੇਰੇ ਨੂੰ ਬਦਨਾਮ ਕੀਤਾ। ਹੁਣ ਕਹਿੰਦਾ ਮੈਂ ਪੋਸਟਰ ਨੀ ਲੱਗਣ ਦੇਣੇ।"



"ਪੋਸਟਰ ਕਾਹਦੇ?"

"ਕਮਾਲ ਐ? ਕਾਹਦਾ ਪ੍ਰੇਮੀ ਐਂ ਤੂੰ? ਸਾਰੇ ਮੁਲਖ 'ਚ ਰੌਲੇ ਤੂੰ ਪੁਛਦੈਂ ਪੋਸਟਰ ਕਾਹਦੇ?"

"ਮੈਨੂੰ ਤਾਂ ਪ੍ਰੇਮੀ ਜੀ ਮੁਰਗੀਖਾਨੇ ਨੇ ਈ ਮਿੱਟੀ ਕਰ ਰੱਖਿਐ। ਮੈਂ ਨੀ ਨਿਕਲਿਆ ਹਫ਼ਤੇ ਭਰ ਤੋਂ ਘਰੋਂ ਬਾਹਰ।"

"ਤਾਂ ਸੁਣ ! ਪਿਤਾ ਜੀ ਵਾਲੀ ਫ਼ਿਲਮ ਦੇ ਦੋ ਬੋਰਡ ਲਗਾਣੇ ਐ। ਇਕ ਤਿਕੋਨੀ 'ਤੇ, ਦੂਜਾ ਕੈਂਚੀਆਂ ਵਾਲੇ ਮੋੜ 'ਤੇ... ਤੇਰਾ ਜੈਮਲ ਮਜ਼੍ਹਬੀ ਕੱਠੀ ਕਰੀ ਫਿਰਦੈ... ਕਹਿੰਦੈ, ਮਰ ਭਾਮਾ ਜਾਵਾਂ ਪੋਸਟਰ ਨੀ ਲੱਗਣ ਦਿੰਦਾ।।"

"ਪਰ ਮੈਂ ਤਾਂ ਹਾਲੇ ਕੱਲ੍ਹ ਕੀਤੀ ਕੁੱਤੇਖਾਣੀ। ਅਰ ਪੋਸਟਰਾਂ ਬਾਰੇ ਤਾਂ ਉਹਨੇ ਕੁਝ ਕਿਹਾ ਨਹੀਂ।"

"ਹੱਦ ਹੋ ਗਈ ! ਤੈਨੂੰ ਕਿਉਂ ਕਹੂ? ਦੇਖ ਜੀ ! ਤੂੰ ਵੱਡੈਂ, ਸਭ ਤੋਂ ਪੁਰਾਣਾ ਪ੍ਰੇਮੀ ਐਂ। ਇਲਾਕੇ ਦਾ ਭੰਗੀਦਾਸ (ਸੇਵਾਦਾਰ) ਰਹਿ ਚੁੱਕੈਂ। ਤੇਰੇ ਘਰੋਂ ਇਹ ਅੱਗ ਉੱਠੇ; ਇਹ ਨੀ ਸਹਿ ਹੋਣਾ।"

ਪਾਖਰ ਦੀ ਹੋਸ਼ ਜਾਂਦੀ ਰਹੀ। ਉਹਨੂੰ ਜੈਮਲ ਤੋਂ ਇਹ ਆਸ ਨਹੀਂ ਸੀ। ਪ੍ਰੇਮੀ ਆਖ ਰਹੇ ਸਨ।

"... ਡੇਰੇ ਦੀ ਹਿਦਾਇਤ ਐ, ਕਿਸੇ ਨਾਲ ਉੱਚਾ ਨੀ ਬੋਲਣਾ। ਕੋਈ ਵਿਰੋਧ ਕਰੂ ਤਾਂ ਦੇਖਾਂਗੇ।"

ਦੋਵੇਂ ਪ੍ਰੇਮੀ ਉੱਠ ਕੇ ਸਤਸੰਗ ਘਰ 'ਚ ਸੇਵਾ ਕਰਨ ਜਾ ਲੱਗੇ।

ਐਤਵਾਰ ਨਹੀਂ ਸੀ, ਫਿਰ ਵੀ ਲਗਾਤਾਰ ਪ੍ਰੇਮੀ ਆ ਰਹੇ ਸਨ। ਹਾਲੇ ਤਾਂ ਪਹਿਲਾ ਹੀ ਮਸਲਾ ਨਹੀਂ ਸੀ ਸੁਲਝਿਆ। ਪੋਸਟਰਾਂ ਵਾਲਾ ਝੰਜਟ ਨਵਾਂ ਆ ਖੜ੍ਹਾ। ਡੇਰਾ ਪ੍ਰੇਮੀਆਂ ਵੱਲੋਂ ਪਿਤਾ ਜੀ ਕੋਈ ਫ਼ਿਲਮ ਬਣਾ ਰਹੇ ਸਨ। ਸਤਸੰਗ ਸਮੇਂ ਪਾਖਰ ਨੇ ਸੁਣਿਆ ਤਾਂ ਸੀ, ਪਰ ਇਹ ਠੀਕਰ ਪਾਖਰ ਸਿਰ ਹੀ ਆ ਭੱਜੇਗਾ, ਇਹ ਨਹੀਂ ਸੀ ਸੋਚਿਆ। ਪਾਖਰ ਨੇ ਕੰਨਟੀਨ ਪ੍ਰੇਮੀ ਨੂੰ ਪੋਸਟਰਾਂ ਬਾਰੇ ਪੁੱਛਿਆ। ਪ੍ਰੇਮੀ ਨੇ ਕੁਝ ਬੋਲ ਅੰਗਿਆਰਾਂ ਵਾਂਗ ਪਾਖਰ ਵੱਲ ਸਿੱਟੇ। ਪਾਖਰ ਮੱਚਣ ਲੱਗਿਆ। ਲੱਗਾ ਕੋਈ ਵੱਡਾ ਵਿਸਫੋਟ ਹੋਣ ਵਾਲਾ ਸੀ। ਅਚਾਨਕ ਕੰਨਟੀਨ ਸਾਮ੍ਹਣੇ ਕਸਬੇ ਤੋਂ ਸ਼ਹਿਰ ਜਾਂਦੀ ਮਿਨ੍ਹੀ ਬੱਸ ਰੁਕੀ। ਪਤਾ ਨਹੀਂ ਪਾਖਰ ਦੇ ਜੀਅ 'ਚ ਕੀ ਆਈ, ਉਹ ਬਿਨਾਂ ਕੁਝ ਸੋਚੇ; ਬੱਸ 'ਚ ਚੜ੍ਹ ਗਿਆ।...

***

ਪੁੱਤਾਂ ਨਾਲ ਪਾਖਰ ਦੀ ਕਦੇ ਵੀ ਨਹੀਂ ਸੀ ਬਣੀ। ਹੋਸ਼ ਨਹੀਂ ਸੀ ਸੰਭਲੀ ਕਿ ਮਾਪੇ ਤੁਰਦੇ ਬਣੇ। ਬਚਪਨ ਦੀ ਉਂਗਲੀ ਲੱਗ ਭੁੰਇ ਨਾਂ ਕਰਾਉਂਦਿਆਂ, ਘਰ ਦੇ ਤੀਲ੍ਹੇ ਜੋੜਦਿਆਂ, ਅਤੇ ਹਰਦੇਈ ਨਾਲ ਫੇਰੇ ਲੈ ਕੇ ਟੱਬਰ ਕਿਉਂਟਦਿਆਂ, ਜ਼ਿੰਦਗੀ ਦੇ ਅਜਿਹੇ ਸੌਂਚ ਨਾਲ ਖਹਿ ਕੇ ਲੰਘਣਾ ਪਿਆ ਕਿ ਨਾ ਚੱਜ ਨਾਲ ਖਾਧਾ ਗਿਆ, ਨਾ ਪਹਿਨਿਆ

ਗਿਆ। ਨਾ ਹੀ ਰੱਜ ਕੇ ਜੀਵਿਆ ਗਿਆ। ਫਿਰ ਵੀ ਉਸ ਦੋਵੇਂ ਪੁੱਤ ਅਤੇ ਧੀ ਵਾਹ ਲਗਦਿਆਂ ਪੜ੍ਹਾਏ ਅਤੇ ਉਨ੍ਹਾਂ ਦੇ ਘਰ ਵਸਾਏ।

ਸ਼ਰੀਕੇ ਬਿਰਾਦਰੀ ਨਾਲ ਨੰਗੇ ਧੜ ਨਿਭਦਿਆਂ ਪਤਾ ਹੀ ਨਾ ਲੱਗਾ ਕਦੋਂ ਬੋਲ ਬਾਣੀ ਕੁਰਖ਼ਤ ਹੋ ਗਈ। ਗੁਰਬਤ ਹੱਡਾਂ ਵਿਚ ਬੈਠ ਗਈ ਅਤੇ ਉਹ ਸ਼ਰਾਬ ਦੀ ਝੋਲੀ ਵਿਚ ਇਸ ਕਦਰ ਜਾ ਪਿਆ ਕਿ ਸਭ ਕੁਝ ਰੇਤ ਦੀ ਮੁੱਠੀ ਵਾਂਗ ਕਿਰਦਾ ਚਲਾ ਗਿਆ। ਇਸ ਕਿਰਮਨ ਕਿਰਨੀ ਵਿਚ ਧੀ ਨੂੰ ਇਕ ਫ਼ੌਜੀ ਪਰਿਵਾਰ ਦੇ ਮੁੰਡੇ ਲੜ ਲਾਉਂਦਿਆਂ ਦੋ ਕਿੱਲੇ ਹੋਰ ਕਿਰ ਗਏ।

ਉਹਦੇ ਵੱਡੇ ਜੈਮਲ ਨੇ ਕਾਲਜ ਦੌਰਾਨ ਰੱਜ ਕੇ ਕਾਮਰੇਡੀ ਕੀਤੀ ਸੀ। ਪਰ ਪਿਉ ਦੀ ਅੰਨ੍ਹੀ ਸ਼ਰਾਬ ਨੇ ਉਹਨੂੰ ਧਰਮ-ਕਰਮ ਵੱਲ ਅਜਿਹਾ ਪ੍ਰੇਰਿਆ ਕਿ ਉਹ ਧਰਮ ਦੀ ਉਸ ਕੱਟੜਤਾ ਵੱਲ ਜਾ ਖੜ੍ਹਾ, ਜਿੱਥੇ ਕਿਸੇ ਦੂਜੇ ਦਾ ਕੁਝ ਵੀ ਸੁਣਨ ਦੀ ਗੁੰਜਾਇਸ਼ ਨਹੀਂ ਹੁੰਦੀ। ਛੋਟਾ ਦੀਪਾ ਨੌਕਰੀ ਅਤੇ ਅੰਤਰਜਾਤੀ ਵਿਆਹ ਦੀ ਗਰਿਫ਼ਤ ਵਿਚ ਫਸਿਆ, ਪਿੰਡ ਛੱਡ ਕੇ ਸ਼ਹਿਰ ਜਾ ਵੱਸਿਆ ਸੀ।

ਕਾਲਜ ਨੇ ਜੈਮਲ ਨੂੰ ਕੋਈ ਵੱਡੀ ਡਿਗਰੀ ਨਹੀਂ ਸੀ ਦਿੱਤੀ; ਪਰ ਸਿਆਸਤ ਦੀ ਗੁੜ੍ਹਤੀ ਜ਼ਰੂਰ ਦੇ ਦਿੱਤੀ। ਅਜਿਹੀ ਗੁੜ੍ਹਤੀ ਜਿਸ ਵਿਚ ਕਾਲਜ ਤੋਂ ਬਾਹਰ ਨਿਕਲਦੇ ਹੀ ਉਸ ਸੋਚਿਆ, ਉਹ ਪਿਉ ਦੀ ਅੰਨ੍ਹੀ ਸ਼ਰਾਬ ਵਿਚ ਨਿੱਤ ਖੁਰਦੇ ਡਲੇ ਕਿਵੇਂ ਬਚਾਵੇ? ਇਸ ਲਈ ਉਸ ਕੋਈ ਨੌਕਰੀ ਭਾਲਣ ਦੀ ਥਾਂ, ਪਿੰਡ ਅਤੇ ਰਹਿੰਦੇ ਚਾਰ ਕਿੱਲਿਆਂ ਦੀ ਖੇਤੀ ਨੂੰ ਹੀ ਆਪਣੀ ਕਰਮਭੂਮੀ ਮਿਥ ਲਿਆ।

ਛੇਤੀ ਹੀ ਉਹ ਮਹਿਸੂਸ ਕੀਤਾ ਕਿ ਨਿਮਨ ਕਿਸਾਨੀ ਅਤੇ ਦਲਿਤ ਸਮੁਦਾਇ ਦਾ ਪੰਜਾਬ ਦੀ ਰਾਜਨੀਤੀ ਵਿਚ ਕੋਈ ਭਵਿੱਖ ਨਹੀਂ ਸੀ। ਇਸ ਲਈ ਉਹਦੇ ਸ਼ਾਤਰ ਦਿਮਾਗ਼ ਵਿਚ ਇਕ ਖ਼ਤਰਨਾਕ ਖੇਡ ਆਈ। ਕਿਉਂ ਨਾ ਦੂਜਿਆਂ ਵਾਂਗ ਧਰਮ ਦੀ ਢਾਲ ਹੇਠ ਹੀ ਰਾਜਨੀਤੀ ਕੀਤੀ ਜਾਵੇ।

ਉਸ ਦੇਖਿਆ, ਪਿੰਡ ਦੀ ਦਲਿਤ ਵੱਸੋਂ ਅਤੇ ਨਿਮਨ ਕਿਸਾਨੀ ਦੇ ਬਹੁਤੇ ਟੱਬਰ ਡੇਰਾ ਪ੍ਰੇਮੀ ਸਨ। ਇਸਦੇ ਨਾਲ-ਨਾਲ ਕਈ ਜੱਟ ਪਰਿਵਾਰ ਅਤੇ ਧਨੀ ਕਿਸਾਨ ਜਾਤਾਂ ਗੋਤਾਂ ਅਤੇ ਪਾਰਟੀਆਂ ਵਿਚ ਵੰਡੇ ਹੋਏ ਸਨ।

ਬੜੀ ਸੋਚ ਤੋਂ ਬਾਦ ਉਸ ਪਿਉ ਨੂੰ ਪ੍ਰੇਰ ਕੇ ਡੇਰਾ ਸੱਚਾ ਸੌਦਾ ਦੀ ਝੋਲੀ 'ਚ ਜਾ ਪਾਇਆ। ਇਸ ਤਰ੍ਹਾਂ ਉਹ ਇਕ ਤੀਰ ਨਾਲ ਕਈ ਸ਼ਿਕਾਰ ਫੁੰਡ ਸਕਦਾ ਸੀ। ਪਿਉ ਦੀ ਸ਼ਰਾਬ ਤੋਂ ਬੰਦ-ਖਲਾਸੀ ਹੋ ਸਕਦੀ ਸੀ। ਡੇਰਾ ਪ੍ਰੇਮੀਆਂ ਅਤੇ ਨਿਮਨ ਕਿਸਾਨੀ ਦੀਆਂ ਵੋਟਾਂ ਨਾਲ ਸਰਪੰਚੀ ਡੁੱਕ ਸਕਦਾ ਸੀ।

ਇਵੇਂ ਹੀ ਹੋਇਆ। ਉਹਨੇ ਪਾਖਰ ਨੂੰ ਕੇਵਲ ਡੇਰਾ ਪ੍ਰੇਮੀ ਹੀ ਨਾ ਬਣਾਇਆ, ਸਗੋਂ ਅਸਰ-ਰਸੂਖ ਸਦਕਾ ਡੇਰਾ ਸੱਚਾ ਸੌਦਾ ਵੱਲੋਂ ਜ਼ਿਲ੍ਹੇ ਦਾ ਮੁੱਖ ਭੰਗੀਦਾਸ ਵੀ ਬਣਵਾ ਦਿੱਤਾ। ਧਰਮ ਕਰਮ ਦੀ ਸੇਵਾ ਅਧੀਨ ਪਿਤਾ ਦੀ ਸ਼ਰਾਬ ਤਾਂ ਛੁੱਟੀ ਹੀ। ਹਰ ਵਕਤ ਡੇਰੇ



ਦੀ ਮਸਰੂਫ਼ੀਅਤ ਵਜੋਂ ਪਿਉ ਨੂੰ ਅਸਿੱਧੇ ਰੂਪ ਵਿਚ ਘਰ ਤੋਂ ਲਾਂਭੇ ਵੀ ਕਰ ਦਿੱਤਾ ਗਿਆ। ਸਿੱਟੇ ਵਜੋਂ ਪਿਛਲੇ ਦੱਸ ਸਾਲਾਂ ਤੋਂ ਘਰ ਦੀ ਸਰਦਾਰੀ ਅਤੇ ਸਰਪੰਚੀ ਜੈਮਲ ਦੀ ਜੇਬ 'ਚ ਸੀ।

ਆਖਣ ਨੂੰ ਸਭ ਕੁਝ ਠੀਕ ਠਾਕ ਚੱਲ ਰਿਹਾ ਸੀ। ਪਰ ਪਿਛਲੇ ਕੁਝ ਸਮੇਂ ਤੋਂ ਜੈਮਲ ਵੱਲੋਂ ਹੋਏ ਗਬਨਾਂ ਦੀਆਂ ਇਨਕੁਆਰੀਆਂ ਕਾਰਨ ਅਤੇ ਡੇਰੇ ਵੱਲੋਂ, ਪਾਖਰ ਦੇ ਭੰਗੀਦਾਸ ਹੋਣ ਦੀ ਉਪਾਧੀ ਖੁੱਸ ਜਾਣ ਕਾਰਨ, ਸਭ ਕੁਝ ਠੀਕ-ਠਾਕ ਨਹੀਂ ਸੀ ਰਿਹਾ। ਉੱਤੋਂ ਡੇਰਾ ਗੁਰੂ ਦੀ ਪੋਸ਼ਾਕ ਨੂੰ ਲੈ ਕੇ ਡੇਰਾ ਪ੍ਰੇਮੀਆਂ ਅਤੇ ਸਿੱਖ ਸੰਗਤਾਂ ਵਿਚਲਾ ਤਣਾਓ, ਜੈਮਲ ਅਤੇ ਪਾਖਰ ਵਿਚਾਲੇ ਵੀ ਕਿਤੇ ਤਣ ਗਿਆ ਸੀ।

ਇਹ ਤਣਾਓ ਕਈ ਰੂਪਾਂ ਵਿਚ ਪ੍ਰਗਟ ਹੋਇਆ। ਇਕ ਦਿਨ ਸਤਸੰਗ ਘਰ ਵਿਚ ਕਿਸੇ ਪਾਖਰ ਹੱਥ ਪਰਚੀ ਦਿੱਤੀ। ਲਿਖਿਆ ਸੀ।

"ਪ੍ਰੇਮੀ ਜੀ ! ਘਰ 'ਚੋਂ ਮੀਟ ਆਂਡੇ ਦਾ ਪ੍ਰਹੇਜ਼ ਕਰੋ।"

ਘਰ ਆਇਆ ਤਾਂ ਜੈਮਲ ਨਾਲ ਉਹ ਕੁੱਤਿਆਂ ਖਾਣੀ ਹੋਈ, ਰਹੇ ਰੱਬ ਦਾ ਨਾਂ। ਉਸ ਦਿਨ ਉਹਨੂੰ ਪਹਿਲੀ ਵੇਰ ਹਰਦੇਈ ਮਰੀ ਦਾ ਦੁੱਖ ਹੋਇਆ। ਫ਼ੈਸਲਾ ਹੋਇਆ ਕਿ ਬਾਪੂ ਦੇ ਖਾਣ ਅਤੇ ਪਕਾਉਣ ਵਾਲੇ ਭਾਂਡੇ ਵੱਖ ਕਰ ਦਿੱਤੇ ਜਾਣ। ਇਹ ਕਿੰਨੇ ਕੁ ਵੱਖ ਹੋਏ, ਜੈਮਲ ਦੀ ਪਤਨੀ ਕੁਲਵੰਤ ਕੌਰ ਹੀ ਜਾਣਦੀ ਸੀ। ਲੱਗਾ, ਤਣਾਓ ਮੁੱਕ-ਮੁਕਾ ਗਿਆ ਸੀ। ਪਰ ਇਹ ਤਣਾਓ ਸਿਉਂਕ ਦੀ ਤਰ੍ਹਾਂ ਘਰ ਵਿਚ ਕੀ ਕੁਝ ਜਰਜਰਾ ਕਰ ਚੁੱਕਾ ਸੀ ਇਸ ਦਾ ਪਤਾ ਉਦੋਂ ਲੱਗਾ ਜਦੋਂ ਜੈਮਲ ਨੇ ਕਿਹਾ, ਉਹ ਵਾਹੀ ਦੀ ਥਾਂ ਸ਼ਹਿਦ ਦੀਆਂ ਮੱਖੀਆਂ ਪਾਲਣ ਦਾ ਧੰਦਾ ਕਰੇਗਾ। ਨਿੱਕੀ ਜਿਹੀ ਗੱਲ ਸੀ।

ਪਾਖਰ ਮਿੱਟੀ ਹੋ ਗਿਆ।

ਘਰ 'ਚ ਚਰਚਾ ਛਿੜੀ। ਪਿੰਡ 'ਚ ਗੱਲਾਂ ਤੁਰੀਆਂ।

"ਸਹੁਰਿਆ ! ਉਈਂ ਬਗਲੀ ਪਾ ਕੇ ਮੰਗਣ ਲੱਗ ਜਾਹ।"

ਪਾਖਰ ਕਲਪਿਆ।

"ਕਿਉਂ ? ਕੀ ਮਾੜਾ ਕਰ ਤਾਂ ਮੈਂ ?"

"ਭੁੰਮਣਾ ਉਜਾੜ ਭਾਲਦੈ... ਇਹਦੇ ਪਤੇ ?"

"ਇਹ ਸਰਸੇ ਵਾਲੇ ਬਾਬੇ ਨੇ ਕਿਹੈ ?" ਜਦੋਂ ਤੋਂ ਜੈਮਲ ਦੀਆਂ ਇਨਕੁਆਰੀਆਂ ਸ਼ੁਰੂ ਹੋਈਆਂ ਸਨ। ਪਾਖਰ ਭੰਗੀਦਾਸ ਨਹੀਂ ਸੀ ਰਿਹਾ, ਅਤੇ ਜੈਮਲ ਨੂੰ ਪ੍ਰੇਮੀ ਵੋਟਾਂ ਦੀ ਆਸ ਨਹੀਂ ਸੀ ਰਹੀ। ਤਦ ਤੋਂ, ਉਹ ਵਾਹ ਲਗਦੀ ਪਿਉ ਨੂੰ ਡੇਰਾ ਪ੍ਰੇਮੀ ਹੋਣ ਦੀ ਟਾਂਚ ਕਰਦਾ।

"ਤੂੰ ਅੰਨ੍ਹੇ...? ਮੱਖੀਆਂ ਆਪਣੇ ਬੱਚਿਆਂ ਲਈ ਸ਼ਹਿਦ 'ਕੱਠਾ ਕਰਦੀਐਂ, ਤੂੰ ਉਹਨਾਂ ਦੇ ਮੂੰਹ 'ਚੋ ਰਿਜ਼ਕ ਖੋਹੇਂਗਾ ?"

"ਡੇ ਗਾਵਾਂ ਮੱਝਾਂ ਦੀ ਚੋਣੀਆਂ ਛੱਡ ਦਿਉ...। ਉਹ ਵੀ ਤਾਂ ਕੱਟਰੂ ਵੱਛਰੂ

ਲਈ ਲਾਹੁੰਦੀਐਂ ਡੋਕੇ।"

ਨਹੀਂ ਮੰਨਿਆ। ਸੰਕਤੇ ਬਕਸੇ ਖੇਤਾਂ ਦੁਆਲੇ ਲਿਆ ਰੱਖੇ। ਪਾਖਰ ਲਈ ਇਕੋ ਚਾਰਾ ਸੀ। ਡੇਰੇ ਜਾ ਕੇ ਭੁੱਲ ਬਖਸ਼ਾ ਲਵੇ।...

ਦਸ ਦਿਨ ਵੀ ਨਾ ਲੰਘੇ ਕੇ ਪਿੰਡ 'ਚ ਅਵਾਈ ਉੱਡ ਗਈ। ਕਣਕ ਝੋਨੇ ਦੀ ਥਾਂ ਜੈਮਲ ਫੁੱਲਾਂ ਦੀ ਖੇਤੀ ਕਰੇਗਾ। ਪਾਖਰ ਨੇ ਕਈ ਦਿਨ ਰੋਟੀ ਹੀ ਨਾ ਖਾਧੀ।

"ਚਾਰ ਅੱਖਰ ਪੜ੍ਹ ਕੇ ਕਿਉਂ ਜੱਟਾਂ ਦੀ ਮਿੱਟੀ ਪਲੀਤ ਕਰਦੈਂ ਉਏ।"

"ਹੁਣ ਕੀ ਹੋ ਗਿਆ?"

"ਜੱਟ ਹੋ ਕੇ ਮਾਲੀਗਿਰੀ ਕਰੇਂਗਾ?"

"ਐਡੀ ਹੈਂਕੜ ਸੀ ਤਾਂ ਮੁਰੱਬਾ ਖਰੀਦਦਾ। ਚਹੁੰ ਕਿੱਲਿਆਂ ਵਾਲੇ ਲਕੀਰ ਦੇ ਫ਼ਕੀਰ ਬਣਨਗੇ ਤਾਂ ਅੱਜ ਵੀ ਮਰੇ, ਕੱਲ੍ਹ ਵੀ...।"

"ਚਾਹੇ ਅੱਧੇ ਕਿਲੇ ਦਾ ਮਾਲਕ ਹੋਵੇ ਜੱਟ...। ਜਦੋਂ ਛੱਟਾ ਦਿੰਦੈਂ ਨਾ ਬੀਜ ਦਾ... ਦਸ ਮੁੱਠਾਂ ਚਿੜੀ ਜਨੌਰਾਂ ਦੀ ਭਾਗੀਂ ਵੀ ਸਿੱਟਦੈ... ਫੁੱਲਾਂ 'ਚੋਂ ਕੀ ਸਿੱਟੇਂਗਾ?"

"ਨਾ ਸਿੱਟਾਂ, ਪਰ ਗਲ਼ 'ਚ ਫਾਹ ਲੈ ਕੇ ਨਹੀਂ ਮਰਦਾ।"

"ਨਾ ਮਰ, ਪਰ ਜੱਟ ਤਾਂ ਮਰ ਗਿਆ। ਜਿੱਦੇਂ ਬਾਣੀਆਂ ਬਣ ਗਿਆ।"

"ਜੇ ਫੋਕੀ ਹੈਂਕੜ ਦਾ ਨਾਉਂ ਹੀ ਜੱਟਗਿਰੀ ਐ ਤਾਂ ਮੈਂ ਬਾਣੀਆ ਭਲਾ।"

"ਜੇ ਨਹੀਂ ਮੰਨਣੀ ਆਪਣੇ ਭਲੇ ਵੱਡੇ 'ਤੇ ਦਫ਼ਾ ਹੋਵੇ।"

"ਐਂ ਹੱਥ ਵੱਢ੍ਹ ਕੇ ਨਾ ਦੇਹ, ਪਾਖਰ ਸਿਹਾਂ।" ਕਈਆਂ ਕਿਹਾ। ਪਾਖਰ ਡੇਰਾ ਪ੍ਰੇਮੀ ਤਾਂ ਸੀ ਹੀ, ਜੈਮਲ ਤੋਂ ਪੂਰੀ ਤਰ੍ਹਾਂ ਮੋਹ ਭੰਗ ਹੋ ਗਿਆ। ਸਭ ਕੁਝ ਵੰਡਿਆ ਗਿਆ। ਪਿਛੋਂ ਪਤਾ ਲੱਗਾ ਦੋਹਾਂ ਭਰਾਵਾਂ ਦੀ ਮਿਲੀ ਭੁਗਤ ਸੀ। ਵੱਡੇ ਜਾਣ ਤੱਕ ਦੀਪਾ ਪਿਤਾ ਵੱਲ ਡੱਕਾ ਸਿੱਟਦਾ ਰਿਹਾ।

"ਸਭ ਕੁਝ ਦੇ ਦਿੱਤਾ ਤਾਂ ਕਿਸੇ ਵਾਤ ਨੀ ਪੁੱਛਣੀ।" ਦੀਪੇ ਕਿਹਾ ਸੀ।

"ਜੋ ਦਾਤੇ ਦੀ ਮਰਜ਼ੀ ! ਤੂੰ ਮੁੱਕਣ ਦੇ ਟੰਟਾ।"

ਪਾਖਰ ਡੇਰਾ ਪ੍ਰੇਮੀ ਸੀ। ਮਹੀਨਾ ਮਹੀਨਾ, ਸਰਸੇ ਲਾ ਆਉਂਦਾ। ਆਉਂਦਾ ਤਾਂ ਬਾਹਰਲੀ ਬੈਠਕ ਕੁਲਵੰਤ ਕੁਰ ਰੋਟੀ ਟੁਕ ਵੀ ਦੇ ਜਾਂਦੀ ਪਰ ਵੱਡੀ ਸੱਟ ਉਦੋਂ ਵੱਜੀ, ਜਦੋਂ ਜੈਮਲ ਨੇ ਦੀਪੇ ਨਾਲ ਮਿਲ ਕੇ ਚਹੁੰਆਂ ਕਿੱਲਿਆਂ 'ਤੇ ਅਮਰੀਕਨ ਜਾਲੀ ਨਾਲ ਪੋਲੀ ਸ਼ੈਡ ਪੁਆਏ। ਅਖੇ ਫੁੱਲਾਂ ਦੀ ਖੇਤੀ ਕਰਾਂ ਗੇ। ਫੁੱਲ ਵਲੈਤ ਜਾਣਗੇ।

"ਲੈ ਚਿੜੀ ਜਨੌਰ ਦਾ ਸਰਾਪ ਹੀ ਲੈ ਡੁੱਬੂ ਤੈਨੂੰ।"

ਇਕ ਦਿਨ ਪਾਖਰ ਦੇ ਰਹਿਮ ਦਿਲ, ਕਲਪ ਕੇ ਕਿਹਾ।

"ਵਾਹ ! ਚਿੜੀ ਜਨੌਰਾਂ ਦਾ ਫ਼ਿਕਰ ਪੈ ਗਿਆ। ਆਪ ਭਮਾਂ ਭੁੱਖੇ ਰਹੋ।"

"ਅੰਨਦਾਤਾ ਹੁੰਦੈਂ ਕਿਸਾਨ ! ਮਾਰਦੈਂ ਭਕਾਈ।"

"ਤਾਂ ਹੀ ਸਲਫ਼ਾਸ ਖਾ ਖਾ ਮਰ ਰਿਹੈ ਤੇਰਾ ਅੰਨਦਾਤਾ?"



ਕੁਝ ਵੀ ਸੀ। ਪਾਖਰ ਨੂੰ ਤਾਂ ਜੈਮਲ ਦੀਆਂ ਵਿਫਟੀ ਸ਼ਿਫਟੀ ਵੀ, ਕੋਈ ਰੱਬੀ ਸਰਾਪ ਦਾ ਹੀ ਸੰਕੇਤ ਜਾਪਦੀਆਂ।...

ਇਕ ਦਿਨ ਅਚਾਨਕ ਪਤਾ ਲੱਗਾ। ਪਾਖਰ ਖੁਦ ਕਿਸੇ ਸਰਾਪ ਵਿਚ ਸੀ। ਸਤਸੰਗ ਪਿਛੋਂ, ਡੇਰਾ ਪ੍ਰੇਮੀਆਂ ਦੱਸਿਆ। ਜੈਮਲ ਵਿਰੁੱਧ ਇਕ ਹੋਰ ਇਨਕੁਆਰੀ ਸ਼ੁਰੂ ਹੋ ਗਈ ਸੀ। ਉਤੋਂ ਉਹਨੇਂ ਖੇਤਾਂ ਵਿਚ ਮੁਰਗੀਖਾਨਾ ਖੋਲ੍ਹ ਲਿਆ। ਇਸ ਲਈ ਭਾਈ, ਪੁੱਤ ਨੂੰ ਰੋਕ।

"ਕੀ ਸੁਣ ਰਿਹਾਂ ਮੈਂ?" ਪਾਖਰ ਰੋਣ ਵਾਂਗ ਕਿਹਾ।

"ਠੀਕ ਸੁਣਿਆ ਤੁਸੀਂ...।" ਜੈਮਲ ਖਿੱਸ ਪਿਆ।

ਕਹਿਣ ਲੱਗਾ, ਉਹ ਕੀ ਕਰੇ? ਚੀਨ ਦੀ ਕਿਸੇ ਕੰਪਨੀ ਨੇ ਨਕਲੀ ਫੁੱਲਾਂ ਦੀ ਅਸਲ ਨੂੰ ਮਾਤ ਪਾਉਂਦੀ ਖੇਪ ਤਿਆਰ ਕਰ ਕੇ ਇਤਨੀ ਮਾਤਰਾ ਵਿਚ ਬਜ਼ਾਰ ਅੰਦਰ ਲਿਆ ਸਿੱਟੀ ਸੀ ਕਿ ਅਸਲੀ ਫੁੱਲਾਂ ਦੀ ਕਾਸ਼ਤ ਕਰਨ ਵਾਲੇ ਕੰਗਾਲ ਹੋ ਕੇ ਰਹਿ ਗਏ ਸਨ। ਇਕ ਤਾਂ ਚੀਨੀ ਫੁੱਲ ਅਸਲੀ ਫੁੱਲਾਂ ਦੇ ਟਾਕਰੇ ਸਸਤੇ ਸਨ। ਦੂਜੇ ਵਿਦੇਸ਼ਾਂ ਵਿਚ ਭੇਜਣ ਸਮੇਂ ਮੁਰਝਾਉਣ ਦਾ ਖ਼ਤਰਾ ਨਹੀਂ ਸੀ। ਇਸ ਲਈ ਬਚਣ ਦਾ ਕੋਈ ਰਾਹ ਹੀ ਨਹੀਂ ਸੀ ਰਿਹਾ। ਤਦੇ ਮੁਰਗੀਖਾਨਾ ਖੋਹਲਿਆ। ਹੁਣ ਮੁਰਗਿਆਂ ਦਾ ਮਾਸ ਮਸ਼ੀਨਾਂ ਨਾਲ ਸਾਫ਼ ਕਰਕੇ ਬਾਹਰ ਭੇਜਦਾਂ।

"ਕੁਛ ਬੀ ਐ ਰੱਬ 'ਤੇ ਭਰੋਸਾ ਰੱਖ ਤੇ ਬੰਦ ਕਰ ਇਸ ਕੁੱਤਖਾਨੇ ਨੂੰ...।"

ਪਾਖਰ ਤਰਲਾ ਲਿਆ।

"ਨਹੀਂ ਹੁੰਦਾ। ਕਰਜ਼ੇ ਵਾਲੇ ਕਿਸੇ ਰੱਬ ਨੂੰ ਨਹੀਂ ਮੰਨਦੇ।"

"ਤੋਂ ਲਾਜ ਲਾ ਕੇ ਰੱਖ ਦਿੱਤੀ ਮੇਰੇ ਸਤਗੁਰੂ ਨੂੰ...।"

"ਐਡਾ ਈ ਕਮਜ਼ੋਰ ਐ ਤੇਰਾ ਸਤਗੁਰੂ? ਜਿਹੜਾ ਮੇਰੇ ਚਹੁੰ ਮੁਰਗਿਆਂ ਦੇ ਖੰਭਾਂ ਨਾਲ ਭਿੱਟਿਆ ਗਿਆ।"

"ਜਿਨ੍ਹਾਂ ਪ੍ਰੇਮੀਆਂ ਦੇ ਸਿਰ 'ਤੇ ਤੂੰ ਜਿੱਤਿਆ, ਹੁਣ ਉਨ੍ਹਾਂ ਦੇ ਨਾਂ ਨੂੰ ਵੀ ਕਲੰਕ ਲਾਏਂਗਾ ਤੂੰ?"

"ਵੋਟਾਂ ਮੈਨੂੰ ਨਹੀਂ, ਤੇਰੇ ਮੂੰਹ ਨੂੰ ਪਈਆਂ। ਅਗੋਂ ਨਾ ਪਾਉਣ।"

"ਇਹ ਪਾਪ ਦੀ ਕਮਾਈ ਤੈਨੂੰ ਲੈ ਡੁੱਬੂ ਜੈਮਲਾ...।"

"ਮੈਂ ਤਾਂ ਪਹਿਲਾਂ ਹੀ ਡੁੱਬਿਆ ਪਿਆਂ ਹੋਰ ਕੀ ਡੁੱਬੂੰ।"

"ਲੈ ਸੁਣ ਫਿਰ, ਮੰਗ ਕੇ ਖਾ ਲੂੰ... ਤੇਰੇ ਕਸਾਈ ਦੇ ਨੀ ਵੜਦਾ ਆ ਕੇ।..."

ਤੇ ਉਹ ਸੋਟੀ ਟੇਕਦਾ ਘਰੋਂ ਬਾਹਰ ਹੋ ਗਿਆ ਸੀ। ਹੁਣ ਉਹ ਬੱਸ 'ਚ ਬੈਠਾ ਪਛਤਾ ਰਿਹਾ ਸੀ ਕਿ ਕਬੀਰ ਵਾਲੀ ਤੁਕ ਉਹਦੇ ਪਹਿਲਾਂ ਕਿਉਂ ਨਾ ਯਾਦ ਆਈ, ਬਈ 'ਕਬੀਰਾ ਤੇਰੀ ਝੌਂਪੜੀ ਗਲ ਕਟੀਅਨ ਕੇ ਪਾਸ। ਕਰਨਗੇ ਸੋ ਭਰਨਗੇ।' ਪਰ ਉਹ ਉਦਾਸ ਸੀ। ਬਹੁਤ ਉਦਾਸ। ਜਦੋਂ ਉਹ ਅੱਡੇ 'ਚ ਬੱਸ ਤੋਂ ਉਤਰਿਆ ਉਹ ਹੋਰ ਉਦਾਸ ਹੋ

ਗਿਆ।

***

ਪਾਖਰ ਦੁਬਿਧਾ 'ਚ ਸੀ। ਸਤਸੰਗ ਘਰ ਚਲਾ ਜਾਵੇ ਜਾਂ ਨੂੰਹ ਪੁੱਤ ਵੱਲ। ਜਕੋਤਕੀ 'ਚ ਉਸ ਦੀਪੇ ਦੇ ਦਰ ਜਾ ਖੜਕਾਏ। ਘੰਟੀ ਵਜਦੇ ਸਿੰਮੀ ਬਾਹਰ ਆਈ।

"ਬਾਪੂ ਜੀ ਤੁਸੀਂ?"

"ਹਾਂ ਭਾਈ ਮੈਂ..."

"ਜੀ ਸੁੱਖ ਤਾਂ ਹੈ...?"

"ਕਿਉਂ? ਮੈਂ ਦੁਖੀ ਨੀ ਆ ਸਕਦਾ?"

"ਲੈ ਬਾਪੂ ਜੀ ਮੈਂ ਕੀ ਕਹਿ ਤਾ..."

"ਬੂਹੇ 'ਚੋਂ ਪਰੇ ਹਏਂਗੀ ਕਿ ਜਾਵਾਂ ਮੈਂ?"

"ਨਹੀਂ ਜੀ, ਮੈਂ ਕਿਹਾ?"

"ਤੂੰ ਪਰਸ਼ਾਦਾ ਪਕਾ ਭਾਈ ! ਜੇ ਕਹਿਣੈ ਦੀਪੇ ਦੇ ਆਏ ਤੋਂ ਕਹੀਂ।"

ਦੀਪਾ ਆਇਆ ਤਾਂ ਹੈਰਾਨ। ਪਤਾ ਲੱਗਾ ਪਿਉ ਨੇ ਕਾਰੋਬਾਰ ਵਿਚ ਵੀ ਦਖ਼ਲ ਦਿੱਤਾ ਸੀ। ਉਹ ਮੱਚ ਉੱਠਿਆ।

"ਤਾਂ ਕਾਰੋਬਾਰ ਵੀ ਪ੍ਰੇਮੀ ਡੀਸਾਈਡ ਕਰਨਗੇ?"

"ਗੱਲ ਲੋਕਾਂ ਦੀ ਨਹੀਂ। ਜੈਮਲ ਤੇ ਮੇਰੀ ਐ। ਪ੍ਰੇਮੀਆਂ ਦੇ ਵਾਰ ਹਿੱਕ ਠੋਕ ਕੇ ਸਰਪੰਚੀ ਦਿਵਾਈ। ਫਿਰ ਇਤਰਾਜ਼ ਮੇਰੇ 'ਤੇ ਕੀਤਾ। ਜੈਮਲ ਤੇ ਨਹੀਂ।"

"ਪ੍ਰੇਮੀਆਂ ਨੂੰ ਵੋਟਾਂ ਦਿੱਸ ਗਈਆਂ। ਜਿਹੜੀਆਂ ਛੱਬੀ ਕਨਾਲਾਂ ਜੈਮਲ ਨੇ ਜਗ੍ਹਾ ਦਿਵਾਈ ਡੇਰੇ ਨੂੰ। ਉਹ...? ਉਹ ਭੁੱਲ ਗਏ?"

ਬਹਿਸ ਹੋਰ ਵਧ ਜਾਂਦੀ ਜੇਕਰ ਰਾਤ ਦੇ ਸੌਣ ਲਈ ਬਿਪਤਾ ਨਾ ਆ ਪੈਂਦੀ। ਦੀਪੂ ਸਰਕਾਰੀ ਕੁਆਟਰ 'ਚ ਸੀ। ਇਕੋ ਕਮਰਾ। ਵਰਾਂਡਾ ਸਮਾਨ ਨਾਲ ਤੂਸਿਆ ਪਿਆ ਸੀ। ਪਾਖਰ ਦੋਹਾਂ ਜੀਆਂ ਨੂੰ ਗੈਰਾਜ 'ਚੋਂ ਸਮਾਨ ਪਾਸੇ ਕਰਕੇ ਮੰਜੀ ਲਈ ਥਾਂ ਬਣਾਉਂਦੇ ਦੇਖ, ਭੜਕਿਆ।

"ਗੱਲ ਸੁਣ ਉਏ, ਨੱਕ 'ਚੋਂ ਠੂੰਹੇ ਸਿੱਟਦਾ ਤੂੰ ਥੱਕਦਾ ਨੀ... ਕੀ ਖੱਟਿਆ ਸ਼ਹਿਰ ਆ ਕੇ ਤੈਂ? ਇਕ ਮੰਜੇ ਲਈ ਖੁੱਡ ਜਿੰਨੀ ਥਾਂ ਨੀ ਤੇਰੇ ਕੋਲ...। ਮਰ ਨੀ ਜਾਂਦਾ ਡੁੱਬ ਕੇ।"

ਇਸ ਤੋਂ ਪਹਿਲਾਂ ਕਿ ਦੀਪੂ ਮੋੜਾ ਦਿੰਦਾ। ਸਿੰਮੀ ਬੋਲੀ।

"ਲੈ ਜੀ ਮਰਨ ਉਹ ਜਿਹੜੇ ਮੂੰਹ ਚੁੱਕ ਕੇ ਤੁਰੇ ਆਉਂਦੇ ਐ... ਅਸੀਂ ਤਾਂ ਨਹੀਂ ਕਿਹਾ ਬਈ ਖੁੱਡ 'ਚ ਆਓ।"

ਹੋਰ ਕੋਈ ਵੇਲਾ ਹੁੰਦਾ, ਪਾਖਰ ਖੂੰਬ ਠੱਪ ਕੇ ਰੱਖ ਦਿੰਦਾ। ਕੁਝ ਵੀ ਨਾ ਆਖ ਉਹ ਘਰ ਤੋਂ ਬਾਹਰ ਨਿਕਲਿਆ ਅਤੇ ਦੁਖੀ ਮਨ, ਰਿਕਸ਼ਾ ਫੜ ਜੇਹਲ ਰੋਡ ਵਾਲੇ ਸੱਚਾ



ਸੌਦਾ ਸਤਸੰਗ ਘਰ ਵੱਲ ਆ ਰਿਹਾ।

ਅੱਧੀ ਰਾਤ ਉਹਦੀ ਜਾਗ ਖੁੱਲ੍ਹ ਗਈ। ਹਜ਼ਾਰਾਂ ਦੀ ਤਦਾਦ ਵਿਚ ਸਰਸੇ ਤੋਂ ਮੁੜੀ ਸੰਗਤ ਸਤਸੰਗ ਘਰ 'ਚ ਕੁਰਬਲ ਕੁਰਬਲ ਕਰ ਰਹੀ ਸੀ।

ਉਹ ਉੱਠ ਕੇ ਬੈਠ ਗਿਆ। ਪਤਾ ਲੱਗਾ, ਬਾਬਾ ਜੀ ਦੀ ਫ਼ਿਲਮ ਵਾਲੇ ਪੋਸਟਰਾਂ ਨੂੰ ਲੈ ਕੇ ਘਰਾਂ ਨੂੰ ਮੁੜਦੀ ਸੰਗਤ ਰੋਕ ਲਈ ਗਈ ਸੀ।

ਪ੍ਰੇਮੀ ਸਰਸੇ ਤੋਂ ਆਉਣ ਵਾਲੇ ਅਗਲੇਰੇ ਹੁਕਮਾਂ ਦੀ ਉਡੀਕ ਵਿਚ ਸਨ। ਪੋਤੜੇ ਮੈਲੇ ਜਾ ਰਹੇ ਸਨ। ਵਿੱਸ ਘੁੱਲ ਰਹੀ ਸੀ।...

ਲੋਅ ਲੱਗੀ ਤਾਂ ਕੋਈ ਪ੍ਰੇਮੀ ਅਖ਼ਬਾਰਾਂ ਦਾ ਪੁਲੰਦਾ ਲੈ ਆਇਆ। ਖ਼ਬਰਾਂ ਜ਼ਹਿਰ ਉਗਲ ਰਹੀਆਂ ਸਨ। ਥੋੜ੍ਹੇ ਚਿਰ ਬਾਦ ਜਦੋਂ ਕਿਸੇ ਮੁਖੀਆ ਭੰਗੀਦਾਸ ਨੇ ਭਾਸ਼ਣ ਦਿੱਤਾ ਤਾਂ ਪਤਾ ਲੱਗਾ, ਪਾਖਰ ਕੇ ਪਿੰਡੋਂ, ਜੈਮਲ ਨੇ ਸਭ ਤੋਂ ਪਹਿਲਾਂ ਪੋਸਟਰਾਂ ਦੇ ਵਿਰੋਧ ਬਾਰੇ, ਬਹੁਤ ਤਿੱਖਾ ਬਿਆਨ ਦਿੱਤਾ ਸੀ। ਪੰਜਾਬ ਦੀ ਇਕ ਵੱਡੀ ਧਾਰਮਿਕ ਸੰਸਥਾ ਦੇ ਆਗੂਆਂ ਨੂੰ ਉਕਸਾਇਆ ਗਿਆ ਸੀ ਕਿ ਜੇਕਰ ਉਹਨਾਂ ਨੇ ਇਹ ਪੋਸਟਰ ਲੱਗਣ ਤੋਂ ਨਾ ਰੋਕੇ ਤਾਂ ਪੰਜਾਬ ਨੂੰ ਸਰ੍ਹਕੜੇ ਦੀ ਅੱਗ ਵਾਂਗ ਫੂਕ ਦਿੱਤਾ ਜਾਏਗਾ।

ਪਾਖਰ ਥਾਏਂ ਬੈਠ ਗਿਆ। ਉਹਦਾ ਰੋਣ ਨਿਕਲ ਆਇਆ। ਪੁੱਤਾਂ ਨੇ ਉਹਨੂੰ ਕਿਸ ਕਗਾਰ 'ਤੇ ਲਿਆ ਖੜ੍ਹਾ ਕੀਤਾ। ਭਾਸ਼ਣ ਜਾਰੀ ਸੀ...

"ਦੇਖੋ ਪ੍ਰੇਮੀ ਜਨੋ ! ਡੇਰੇ ਦਾ ਹੁਕਮ ਹੈ। ਭੈਅ ਕਾਹੂ ਕੋ ਦੇਤਿ ਨਹਿ। ਨਾ ਭੈਅ ਮਾਨਤ ਆਨ। ਸੋ ਜਿਹੜਾ ਪ੍ਰੇਮੀ ਆਪਣਾ ਆਪ ਗੁਰੂ ਦੇ ਹੁਕਮਾਂ ਨੂੰ ਸੌਂਪ ਸਕਦਾ ਹੈ, ਉਹ ਰੁਕੇ ਬਾਕੀ ਸੰਗਤ ਜਾ ਸਕਦੀ ਹੈ। ਧੰਨ ਧੰਨ ਸਤਗੁਰੂ ਤੇਰਾ ਹੀ ਆਸਰਾ।"

ਪਾਖਰ ਜਾਣਦਾ ਸੀ। ਕੋਈ ਬੱਚਾ ਵੀ ਨਹੀਂ ਜਾਏਗਾ। ਉਹ ਕੀ ਕਰੇ? ਕੁਝ ਵੀ ਨਹੀਂ ਸੀ ਸੁੱਝ ਰਿਹਾ।

ਉਸ ਦੇਖਿਆ, ਇਕ ਮਿੰਨੀ ਟਰੱਕ ਸਤਸੰਗ ਘਰ 'ਚ ਆਇਆ। ਬੋਰਡ ਲਾਹੇ ਜਾਣ ਲੱਗੇ। ਧੰਨ ਧੰਨ ਸਤਗੁਰੂ ਤੇਰਾ ਹੀ ਆਸਰਾ ਦੇ ਬੋਲ ਗੂੰਜੇ।

ਅਚਾਨਕ ਕਿਸੇ ਪ੍ਰੇਮੀ ਪਾਖਰ ਨੂੰ ਪਹਿਚਾਣਿਆ। ਕਾਹਲੀ ਨਾਲ ਬਾਹੋਂ ਫੜ ਬਾਥਰੂਮਾਂ ਦੇ ਪਿਛਵਾੜੇ ਲੈ ਗਿਆ।

"ਪ੍ਰੇਮੀ ਜੀ ! ਤੂੰ ਏਥੇ ਕੀ ਕਰਦੈਂ? ਮੁੰਡਾ ਚਾਹੀਦੈ ਤਾਂ ਉੱਡ ਜਾਹ ਗੋਲੀ ਵਾਂਗ। ਸਭ ਤੋਂ ਪਹਿਲਾਂ ਤੇਰੇ ਮੁੰਡੇ ਵਾਲੇ ਜੱਥੇ 'ਤੇ ਅਟੈਕ ਹੋਏਗਾ। ਪਿਛਲੇ ਗੇਟ ਥਾਣੀ ਨਿਕਲ ਤੇ ਉੱਡ ਜਾਹ।"

ਪਾਖਰ ਦੀਆਂ ਲੱਤਾਂ ਕੰਬਣ ਲੱਗੀਆਂ। ਬਾਹਰ ਨਿਕਲਦੇ ਹੀ ਟੈਂਪੂ ਕਰ ਲਿਆ। ਸਾਲਮ। ਬੈਠਦੇ ਹੀ ਪਛਤਾਵਾ ਹੋਇਆ। ਉਹਨੇ ਏਸ ਦਿਨ ਲਈ ਤਾਂ ਗੁਰੂ ਨਹੀਂ ਸੀ ਧਾਰਿਆ।

***

ਗੁਰਦੁਆਰੇ 'ਚ ਬੰਦਿਆਂ ਤੋਂ ਵੱਧ ਕਿਰਪਾਨਾਂ ਦਾ ਇਕੱਠ ਸੀ। ਇਹ ਉਹੋ ਗੁਰਦੁਆਰਾ ਸੀ, ਜਿਥੋਂ ਪਾਖਰ ਕੱਲ੍ਹ ਉੱਠ ਕੇ ਗਿਆ ਸੀ। ਸ਼ਹਿਰੋਂ ਪਿੰਡ, ਪਿੰਡੋ ਘਰ ਅਤੇ ਘਰ ਤੋਂ ਗੁਰਦੁਆਰੇ ਤੱਕ ਆਉਂਦੇ, ਪਾਖਰ ਕਈ ਵੇਰ ਮਰਿਆ। ਸਤਸੰਗਾਂ ਵਿਚ ਧੀਆਂ ਪੁੱਤਾਂ, ਅੰਗਾਂ ਸਾਕਾਂ ਅਤੇ ਸਾਰੇ ਸੰਸਾਰ ਨੂੰ ਮਿਥਿਆ ਕਿਹਾ ਜਾਂਦਾ ਸੀ। ਫਿਰ ਕੋਈ ਜਿਉਂਦਾ ਹੋਇਆ ਜਾਂ ਮਰਿਆ ਕੀ ਫ਼ਰਕ ਪੈਂਦੈ। ਪਾਖਰ ਮਨ ਕਰੜਾ ਵੀ ਕਰ ਲਿਆ। ਪਰ ਜਿਵੇਂ ਹੀ ਸ਼ਿਫ਼ਟੀ ਫ਼ਿਫ਼ਟੀ ਹੁਬਕੀ ਰੋਂਦੀਆਂ ਉਹਦੀ ਗੋਦੀ 'ਚ ਆ ਕੇ ਬੈਠੀਆਂ, ਉਹ ਵਿੱਸ ਪਿਆ।...

ਗੁਰਦੁਆਰੇ ਵੜਦੇ ਨੂੰ ਹੀ ਪ੍ਰਬੰਧਕਾਂ ਥੋਚ ਲਿਆ। ਕਮਰੇ 'ਚ ਲੈ ਗਏ।

"ਸੋਧ ਦਿਉ... ਮੌਕੇ...।" ਕਿਸੇ ਮਛੋਰ ਕਿਹਾ। ਪ੍ਰਬੰਧਕ ਉਹਨੂੰ ਧੱਕ ਕੇ ਪਰ੍ਹਾਂ ਲੈ ਗਏ।

"ਪਾਖਰਾ ! ਕੱਲ੍ਹ ਵੀ ਤੂੰ ਸੁਹ ਲੈ ਕੇ ਗਿਆ। ਅੱਜ ਕੀ ਲੈਣ ਆ ਗਿਆ ?" ਜਥੇਦਾਰ ਹਉਕ ਰਿਹਾ ਸੀ।

"ਜੈਮਲ ਨੂੰ ਪੁੱਛ ਮੈਂ ਕੱਲ੍ਹ ਕੀ ਲੈਣ ਆਇਆ। ਅੱਜ ਉਹਨੂੰ ਲੈਣ ਆਇਆਂ। ਕੇਰਾਂ ਮੱਥੇ ਲੁਆ ਦਿਉ ਮੇਰੇ।"

ਕੋਈ ਜੈਮਲ ਨੂੰ ਸੱਦ ਕੇ ਲੈ ਆਇਆ।

"ਮੈਂ 'ਕੱਲੇ ਗੱਲ ਕਰਨੀ ਐ ਇਹਦੇ ਨਾਲ।"

ਸਭ ਬਾਹਰ ਚਲੇ ਗਏ।...

"ਦੇਖ ਜੈਮਲਾ ! ਤੂੰ ਪ੍ਰੇਮੀਆਂ ਦੇ ਨਿਸ਼ਾਨੇ ਤੇ ਐਂ... ਘੜੀ ਦਾ ਪਤਾ ਨੀ...। ਮੈਂ ਤੇਰੀਆਂ ਜੁਆਕੜੀਆਂ ਲਈ ਹੱਥ ਜੋੜਦਾਂ। ਬਾਜ਼ ਆ ਜਾ ਇਹਨਾਂ ਪੋਸਟਰਾਂ ਤੋਂ...।"

ਘੜੀ ਪਲ ਚੁੱਪ ਵਰਤ ਗਈ...।

"ਠੀਕ ਐ, ਮੈਂ ਦਸਦਾਂ ਹੁਣੇ।" ਜੈਮਲ ਬਾਹਰ ਚਲਿਆ ਗਿਆ। ਮੁੜਿਆ ਤਾਂ ਕਿਹਾ।

"ਮੇਰੀ ਇਕ ਸ਼ਰਤ ਐ...।"

"ਕੀ ?"

"ਤੈਨੂੰ ਅੰਮ੍ਰਿਤ ਛਕਣਾ ਪਊ..."

"ਕਿਉਂ ? ਕਾਹਦੇ ਲਈ ?"

"ਇਸ ਗੱਲ ਨੂੰ ਛੱਡ... ਹਾਂ ਜਾਂ ਨਾਂਹ ?"

ਕੁਝ ਚਿਰ ਦੀ ਚੁੱਪ...

"ਠੀਕ ਐ...।" ਪਾਖਰ ਹਉਕੇ ਵਾਂਗ ਕਿਹਾ, ਅਤੇ ਰੋਣ ਲੱਗਾ। ਬਾਹਰ 'ਬੋਲੇ ਸੋ ਨਿਹਾਲ' ਦੇ ਜੈਕਾਰੇ ਉੱਚੇ ਹੋਏ। ਅਸਮਾਨ ਗੂੰਜ ਉੱਠਿਆ। ਬਿਲਕੁਲ ਇਵੇਂ, ਜਿਵੇਂ ਨਾਮਦਾਨ ਗ੍ਰਹਿਣ ਕਰਨ ਸਮੇਂ 'ਧੰਨ ਧੰਨ ਸਤਗੁਰੂ ਤੇਰਾ ਹੀ ਆਸਰਾ' ਦੇ ਬੋਲ ਉਹਦੇ



ਕੰਨਾਂ ਵਿਚ ਗੂੰਜੇ ਸਨ। ਪਾਖਰ ਦਾ ਮੱਥਾ ਟੱਸ-ਟੱਸ ਕਰਨ ਲੱਗਾ।

ਫਿਰ ਪਾਖਰ ਦੇ ਆਲੇ-ਦੁਆਲੇ ਚੁੱਪ ਪੱਸਰ ਗਈ।

ਲੱਗਾ ਤਣਾਓ ਟਲ ਗਿਆ ਸੀ।...

ਉਸ ਦਿਨ, ਨਾ ਪੋਸਟਰ ਲੱਗੇ। ਨਾ ਵਿਰੋਧ ਹੋਇਆ।

ਅਗਲੀ ਸਵੇਰ ਪਾਖਰ ਉੱਠਿਆ।

ਬਾਹਰਲੀ ਬੈਠਕ ਵਿਚ ਅਖ਼ਬਾਰਾਂ ਦਾ ਪੁਲੰਦਾ ਪਿਆ ਸੀ। ਹਰ ਅਖ਼ਬਾਰ ਵਿਚ ਅੰਮ੍ਰਿਤ ਛਕਦੇ ਪਾਖਰ ਦੀ ਫੋਟੋ ਸੀ। ਨਾਲ ਕਈ ਹੋਰਾਂ ਦੀਆਂ ਵੀ ਸਨ।...

ਖ਼ਬਰ ਸੀ ਕਿ ਇਕੋ ਦਿਨ ਸੈਂਕੜੇ ਡੇਰਾ ਪ੍ਰੇਮੀ ਜਥੇਦਾਰ ਜੈਮਲ ਸਿੰਘ ਦੇ ਯਤਨਾਂ ਸਦਕਾ ਟਕਰਾਅ ਤਿਆਗ ਕੇ ਅੰਮ੍ਰਿਤਧਾਰੀ ਬਣੇ।

ਪਾਖਰ ਦੇ ਸਾਹ ਟੁੱਟਣ ਲੱਗੇ। ਮੋਏ ਜਿਹੇ ਤ੍ਰਾਣ ਅੰਦਰ ਗਿਆ।

ਜੈਮਲ ਬਾਰੇ ਪੁੱਛਿਆ।

"ਥੋਨੂੰ ਨਹੀਂ ਪਤਾ ?" ਕੁਲਵੰਤ ਕੁਰ ਕਿਹਾ।

"ਨਹੀਂ।" ਪਾਖਰ ਨੂੰ ਲੱਗਾ ਉਹਦੀ ਘਿੱਗੀ ਬੱਝ ਰਹੀ ਸੀ।

"ਪੰਚਾਇਤੀ 'ਕੱਠ 'ਚ ਗਏ ਐ... ਐਤਕੀਂ ਅਕਾਲੀਆਂ ਵੱਲੋਂ ਲੜਨਗੇ ਚੋਣ...।" ਕੁਲਵੰਤ ਕੁਰ ਟਹਿਕ ਰਹੀ ਸੀ।

ਪਾਖਰ ਨੂੰ ਲੱਗਾ ਉਸਦੀ ਬਾਕੀ ਦੀ ਜ਼ਿੰਦਗੀ ਵਿਚ ਕਿਸੇ ਧਰਮ ਦੇ ਕੋਈ ਅਰਥ ਨਹੀਂ ਸਨ।

•

# ਗਿੱਲੇ ਅੱਖਰ

ਜਦੋਂ ਦਾ ਭਾਈ ਘੁੱਗੀ-ਪਿੰਡ ਵਿੱਚ ਪਰ੍ਹੇ ਕੱਠੀ ਹੋਣ ਬਾਰੇ ਹੋਕਾ ਦੇ ਕੇ ਗਿਆ ਸੀ, ਤਦੋਂ ਤੋਂ ਹੀ ਬਖਤੌਰੇ ਦੀਆਂ ਅੱਖਾਂ ਵਿੱਚ ਮੌਤ ਦੇ ਡਰਾਉਣੇ ਸਾਏ, ਸਾਵਣ ਦੀ ਗੂਹੜੀ ਘਟਾ ਵਾਂਗ ਉਮਡ ਆਏ ਸਨ।

"ਵਾਖਰੂ...ਵਾਖਰੂ! ਆਖਦਿਆਂ, ਉਹਦਾ ਗਲਾ ਰੁੰਦ ਆਇਆ ਸੀ। ਤੇ ਉਹਦੀ ਰੋਗੀ ਦੇਹ; ਪਾਰੇ ਵਾਂਗੂੰ ਲਰਜ਼ ਉੱਠੀ ਸੀ। ਜੰਗਲ ਪਾਣੀ ਜਾਣ ਖ਼ਾਤਰ, ਉਸ ਅਲਸਾਏ ਸੀਤ ਅੰਗਾਂ ਵਿਚ ਆਂਗਸ ਇਕੱਠੀ ਕਰਨ ਦਾ ਯਤਨ ਕੀਤਾ ਸੀ। ਪਰ ਉਸ ਵਿੱਚ ਤਾਂ ਹਿੱਲਣ ਜੁੱਲਣ ਦੀ ਵੀ ਹਿੰਮਤ ਨਹੀਂ ਸੀ ਰਹੀ... ਹਿੰਮਤ ਜਿਵੇਂ ਉਹਤੋਂ ਕੋਹਾਂ ਦੂਰ ਜਾ ਖੜ੍ਹੀ ਸੀ।

ਪਿੰਡ ਵਿੱਚ ਪਰ੍ਹੇ 'ਕੱਠੀ ਹੋਣ ਬਾਬਤ ਭਾਈ ਹਮੇਸ਼ ਵਾਂਗ, ਉਚੇਚਾ ਆਇਆ ਸੀ।

"ਕਿੱਥੇ ਤਾਇਆ..." ਬਾਹਰੋਂ ਹੀ ਉਹਦੀ ਧੀ ਨੇ ਸਿੰਮ ਆਈਆਂ ਅੱਖਾਂ ਨਾਲ਼ ਕਿਹਾ ਸੀ। "ਬਾਪੂ ਤਾਂ ਬੱਸ..." ਤੇ ਇੱਕ ਤਰ੍ਹਾਂ ਉਹ ਡੁਸਕ ਹੀ ਪਈ ਸੀ।

ਅੰਦਰ ਢਿੱਲੀ ਜਿਹੀ ਮੰਜੀ 'ਤੇ ਪਿਆਂ; ਉਸ ਸਭ ਕੁਝ ਸੁਣਿਆ ਸੀ। ਉਸ ਧੌਣ ਦੁਆਲੇ ਖੁੱਭ ਰਹੀ ਦਾਹੜੀ ਥੱਲੇ, ਦੋੜੇ ਦੀ ਕੰਨੀ ਘੁੱਟ ਲਈ ਸੀ ਅਤੇ ਅੱਖ ਦੇ ਕੋਏ ਥੱਲੇ ਚੁੱਭਦੀ ਮੁੱਛ; ਬੁੱਲ੍ਹਾਂ ਵਿੱਚ ਚੂਸ-ਗੱਚ ਭਰ ਲਿਆ ਸੀ। ਮਿਚਦੀਆਂ ਅੱਖਾਂ 'ਚੋਂ ਗੱਲ੍ਹਾਂ ਦਾ ਭੁਰਭੁਰਾਇਆ ਮਾਸ ਤੱਕਦਿਆਂ; ਉਹ ਧੁਰ ਤੱਕ ਬੁੱਝ ਜਿਹਾ ਗਿਆ ਸੀ। ਉਹਨੂੰ ਕਈਆਂ ਦਿਨਾਂ ਤੋਂ ਲਗਦਾ ਸੀ, ਜਿਵੇਂ ਉਹਦੀ ਦੇਹ ਵਿਚਲੀ ਹਰਕਤ ਮਿੱਟੀ ਹੋ ਕੇ ਰਹਿ ਗਈ ਹੋਵੇ... ਉਹਦੀ ਨਿੰਦਰਾਈ ਅਤੇ ਬੁਝ-ਬੁਝ ਜਾਂਦੀ ਨਜ਼ਰ ਛੱਤ ਦੀਆਂ ਬੇ-ਤਰਤੀਬ ਕੜੀਆਂ ਵਿਚ ਹੀ ਭਟਕ ਜਾਂਦੀ...। ਵਿੰਗੀਆਂ ਟੇਡੀਆਂ, ਤੇ ਝਉਂ ਗਈਆਂ ਕੜੀਆਂ, ਜੀਹਨਾਂ ਉੱਤੋਂ ਪੰਛੀਵਾਂ ਹੁਨਾਲ-ਲੋਹੜੇ ਨਾਲ ਸਰਕ ਰਿਹਾ ਸੀ।

"ਹਾਏ ਜਿੰਦ ਉਏ... ਏ... ਏ...!" ਹੂਕ ਵਰਗਾ ਹਉਕਾ ਲੈਂਦੇ ਉਸ ਅੱਖਾਂ ਭਰ ਲਈਆਂ ਸਨ ਪਰ ਅਚਾਨਕ ਵਿਹੜੇ 'ਚ ਪੁੰਗਰੇ ਰੁੱਤ ਦੀਆਂ ਫੁੱਟਦੀਆਂ ਲਗਰਾਂ ਤੱਕ; ਉਹਦੇ ਮਨ ਦੀ ਕਿਸੇ ਜਾਗਦੀ ਨੁੱਕਰੇ, ਜਿਉਣ ਦੀ ਲੋਚਾ ਉਮਡ ਆਈ।



ਪਿਆਂ-ਪਿਆਂ ਉਸ ਪਾਸਾ ਪਰਤ ਲਿਆ ਅਤੇ ਜਜ਼ਬਿਆਂ ਦੀ ਕਿਸੇ ਮੂੰਹ ਜੋਰ ਭਾਵਨਾ ਅਧੀਨ, ਉੱਲਰ ਕੇ ਧੁਮਾਂਦੀ ਬੈਠਾ ਡੱਬੂ ਹੀ ਕਲਾਵੇ 'ਚ ਘੁੱਟ ਲਿਆ- ਜੀਹਦੇ ਪਿੰਡੇ 'ਤੇ ਭੂਰੀ ਤੇ ਖਰਵੀ ਜੱਤ ਸੀ; ਜਿਹੜਾ ਲੰਡਰ ਜਿਹਾ ਹੋਣ ਕਾਰਨ ਬਖਤੌਰੇ ਨੂੰ ਕਦੀਂ ਵੀ ਚੰਗਾ ਨਹੀਂ ਸੀ ਲੱਗਾ ਪਰ ਕੁੱਤਾ ਉਂਦੀ ਧਾਈ ਬੈਠਾ ਰਿਹਾ; ਤੇ ਉਹਨੂੰ ਲੱਗਾ, ਜਿਵੇਂ ਉਹਦੀ ਮੁੱਕ ਰਹੀ ਜਿੰਦ ਦੇ ਹਿਰਖ ਵਿੱਚ, ਡੱਬੂ ਵੀ ਅੰਤਾਂ ਦਾ ਉਦਾਸ ਹੋ ਗਿਆ ਹੋਵੇ...। ਜਿੱਦੋਂ ਦਾ ਉਹ ਮੰਜੇ 'ਤੇ ਡਿੱਗਾ ਸੀ, ਉੱਦੋਂ ਦੀ ਉਹਨੂੰ ਧੁੱਪ, ਧੂੜ ਵਾਂਗ ਉਡਦੀ ਦਿਸਦੀ ਸੀ। ਤੇ ਰੁਮਕਦੇ ਬੁੱਲੇ, ਉਹਦੇ ਪਿੰਡੇ, ਬੇਰੀ ਦੇ ਛਾਪਿਆਂ ਵਾਂਗ ਵੱਜਦੇ ਸਨ।

ਇਹ ਵੀ ਦਿਨ ਆਉਣੇ ਸਨ...? ਉਹ ਮਨ ਹੀ ਮਨ ਸੋਚਦਾ... ਉਹ ਵੀ ਦਿਨ ਸਨ, ਜਦੋਂ ਜ਼ਿਲ੍ਹਿਆਂ 'ਚ ਉਹਦੀਆਂ ਗੱਲਾਂ ਤੁਰੀਆਂ ਸਨ। ਪਿੰਡਾਂ ਦੇ ਪਿੰਡ ਕਹਿੰਦੇ... "ਓਏ ਤਰਖਾਣਾਂ ਦਾ ਆਹ ਨਿੱਕਾ ਜਿਹਾ ਛੋਹਰ..."

ਜਦੋਂ ਮੇਲੇ ਮਸ੍ਹਾਦਿਆਂ ਦੇ ਅਖਾੜਿਆਂ ਵਿੱਚ ਲੋਕ, ਮਾਣ ਨਾਲ ਉਹਦਾ ਨਾਂ ਲੈਂਦੇ... ਖਲ੍ਹਾਰ ਖਲ੍ਹਾਰ ਉਹਦਾ ਪਿੰਡ ਪੁੱਛਦੇ, ਤੇ ਜਦੋਂ ਡਾਚੀ ਡਾਚੀ ਜੇਡੇ ਉੱਚੇ ਗੱਭਰੂਆਂ ਤੋਂ ਉਹਦੀ ਲੱਠ ਮੋਢਿਉਂ ਨਾ ਟੱਪਦੀ; ਮਧਰੇ ਜਿਹੇ ਕੱਦ ਅਤੇ ਕੰਧਾਰੀ ਅਨਾਰ ਜਹੀ ਗੁੰਦੀ ਵਰੇਸ ਦਾ ਨਿੱਕਾ ਜਿਹਾ ਬਖਤੌਰਾ; ਕਿਵੇਂ ਕਈਆਂ ਦੀ ਅੱਖ ਵਿੱਚ, ਕਣਕ ਦੇ ਕਸੀਰ ਵਾਂਗ ਫਿਰ ਜਾਂਦਾ ਸੀ।...

ਬਾਹਰਲੇ ਪਿੰਡਾਂ ਦੇ ਕਈ ਚੋਬਰਾਂ, ਲੁੱਕ ਲੁੱਕ ਘਿਉ ਪੀਤੇ ਸਨ। ਬੈਠਕਾਂ ਗਿਣੀਆਂ ਸਨ। ਘੋੜੀਆਂ ਨਾਲ ਜਿਦ-ਜਿਦ ਭੱਜਦਿਆਂ ਸਾਹ ਲਮਕਾਏ ਸਨ... ਪਰ ਬਖਤੌਰੇ ਦਾ ਮਸਤਿਆ ਪਿਉ ਸੀ, ਕਿ ਬਖਤੌਰੇ ਦੀ ਲੱਠ ਨਾਲ਼ ਭਾਰ ਸੁਆਇਆ ਹੀ ਕਰਦਾ ਗਿਆ ਸੀ। ਕੇਰਾਂ ਨਨਕਾਣੇ ਦੀ ਛਿੰਜ 'ਤੇ, ਅੰਗਰੇਜ਼ ਉਹਨੂੰ ਆਪ ਵੇਖਣ ਆਇਆ, ਲੁੱਡੀ ਮਾਰਦਿਆਂ ਅਤੇ ਛੁੰਮਣਾਂ ਵਾਲੇ ਜਾਂਘੀਏ ਨਾਲ ਪੱਟ ਥਾਪੜਦਿਆਂ, ਜਦੋਂ ਉਸ ਅੱਖ ਪਲਕਾਰੇ ਵਿੱਚ ਹੀ ਲੱਠ, ਸਿਰੋਂ ਭੁਆਂ ਮਾਰੀ ਸੀ ਤਾਂ ਸਾਹਬ ਉਹਨੂੰ ਭਰੇ ਇਕੱਠ ਵਿੱਚ, ਆਪ ਥਾਪਣਾ ਦੇਣ ਲਈ ਉੱਠਿਆ ਸੀ।

ਵੀਹ ਵੀਹ ਕੋਹ ਚੁਫੇਰੇ, ਕਦੇ ਕਿਸੇ ਉਹਦੀ ਛਿੰਜ ਨਹੀਂ ਸੀ ਡੱਕੀ; ਉਹ ਜਿਹੜੇ ਪਿੰਡ ਘੁਲਣ ਜਾਂਦਾ... ਚੌਧਰੀ ਉਹਦੇ ਲਈ ਘਿਉ 'ਕੱਠਾ ਕਰਦੇ ਫਿਰਦੇ... ਤੇਲ ਮਲਣ ਵਾਲੇ ਸ਼ੁਕੀਨ ਗੱਭਰੂ; ਚਾਅ ਨਾਲ ਉਹਦੇ ਗੋਡੀਂ ਹੱਥ ਲਾਉਣ ਆਉਂਦੇ... ਤੀਵੀਆਂ ਉਹਦੀ ਬਲੌਰੀ ਸੂਰਤ ਵੇਂਹਦੀਆਂ ਸੰਗ ਸੰਗ ਜਾਂਦੀਆਂ। ਉਸ ਕਿਧਰੇ ਵਾਂਢੇ ਤਰ੍ਹਾਂਦੇ ਜਾਣਾ ਹੁੰਦਾ, ਸਫੈਦ ਪੋਸ਼ਾਂ ਦੀ ਲਾਖੀ ਘੋੜੀ ਕਾਂ ਸੁਨੇਹੇ ਨਾਲ਼ ਉਹਦੀ ਥੜ੍ਹੀ ਆ ਹਿਣਕਦੀ, ਜਿੱਥੇ ਹਮੇਸ਼ ਤਖ਼ਤ-ਪੋਸ਼ ਡੱਠਾ ਰਹਿੰਦਾ ਤੇ ਹੁੱਕਿਆਂ ਦੇ ਗੜ੍ਹਕਦੇ ਧੂੰਏਂ ਵਿੱਚ, ਵਿਹਲੜ ਕਹਾਣੀਆਂ ਪਾਉਂਦੇ ਰਹਿੰਦੇ...।

ਉਹਦੇ ਅਲਸਾਏ ਅੰਗਾਂ ਵਿੱਚ, ਮੌਤ ਵਰਗੀ ਕੋਈ ਚੀਜ਼ ਨਿਸਲ ਹੋਈ ਪਈ ਸੀ; ਜਦੋਂ ਉਹਨੂੰ ਗੁਜ਼ਰੇ ਪਲ ਚੇਤੇ ਆਏ।

ਉਹਦੀ ਵਹੁਟੀ ਜਦੋਂ ਛੋਆਂ ਵਰ੍ਹਿਆਂ ਦੀ ਧੀ ਕੁੱਛੜ ਛੱਡ ਨਮੂਨੀਏ ਨਾਲ ਖੱਖ ਹੋ ਮੋਈ ਸੀ।... ਖੇਤੀਂ ਕਣਕਾਂ ਵਿੱਚ ਦੋਧਾ ਦਾਣਾ ਮਹਿਕ ਰਿਹਾ ਸੀ ਅਤੇ ਫੱਗਣ ਦੀਆਂ ਤਿੱਖੀਆਂ ਹਵਾਈਂ, ਝੱਖੜ ਵਾਂਗ ਝੁੱਲਦੀਆਂ ਸਨ। ਜਦੋਂ ਉਹਦੀ ਵਹੁਟੀ ਅੰਦਰ ਪਈ ਤਾਪ ਦੀ ਭੱਠੀ 'ਚ ਭੁੱਜਦੀ ਰਹੀ ਸੀ ਅਤੇ ਉਹ ਪੀਰ ਬਿੜੀ ਸ਼ਾਹ ਰਾਹਮੇ ਦੀ ਛਿੰਜ ਵਿੱਚ, ਘੁਲਦਾ ਫਿਰਦਾ ਸੀ। ਕਈ ਦਿਨਾਂ ਮਗਰੋਂ ਪਰਤਿਆ ਸੀ, ਤਾਂ ਉਹ ਲਬਾਂ 'ਤੇ ਸਹਿਕ ਰਹੀ ਸੀ। ਬਖਤੌਰਾ ਹਕੀਮ ਸੱਦ ਲਿਆਇਆ ਤਾਂ ਉਹ ਟੁੱਟ ਕੇ ਗਲ ਪੈ ਗਈ "ਵੈਰੀਆ! ਇਹ ਕੋਈ ਅੱਜ ਦਾ ਤਾਪ ਏ... ਇਹ ਤੇ ਮੈਨੂੰ ਓਦਣ ਈ ਚੜ੍ਹ ਗਿਆ ਸੀ; ਜਿੱਦਣ ਮੈਂ ਤੇਰੇ ਨਾਲ ਉੱਧਲ ਕੇ ਟੁਰੀ ਸਾਂ... ਬਸ ਜਾਂਦੀ ਵਾਰੀ ਹਿੱਕ ਨਾਲ ਲਾ ਲੈ... ਇਹ ਦਿਲਾਂ ਦੇ ਤਾਪ ਕਦੇ ਦਾਰੂ-ਦਰਮਲ ਨਾਲ ਵੀ ਲੱਥੇ ਆ..."

"ਹੋਖਾਂ!" ਆਖ ਉਹ ਅਖਾੜੇ ਘੋਰ ਕਰਨ ਚਲਿਆ ਗਿਆ ਸੀ। ਜਿੱਥੇ ਕੁੱਦੂ ਕਾਣੇ, ਉਹਨੂੰ ਅਗਲੇ ਵਰ੍ਹੇ ਦੀ ਛਿੰਜ ਲਈ ਵੰਗਾਰਿਆ ਸੀ। ਜਿੱਥੇ ਉਹ ਛੋਕਰਲੀ ਉਮਰੇ, ਪਿੰਡ ਦੇ ਮੁੱਛ-ਫੁੱਟ ਗੱਭਰੂਆਂ ਨਾਲ, ਜ਼ੋਰ ਕਰਦਿਆਂ, ਬੁੱਢੇ ਹੱਡ ਸੂਤ ਰਿਹਾ ਸੀ।

ਪਰ ਉਸ ਦਿਨ... ਜਦੋਂ ਹਾਲੀਂ ਗੱਭਰੂ ਤੇਲ ਮਲਦਿਆਂ ਸਾਹੋ-ਸਾਹ ਵੀ ਨਹੀਂ ਸਨ ਹੋਏ ਜਾਂ ਮਰ ਗਈ ਜ਼ੈਨਬ ਦੀ ਸੋਅ, ਉਹਨੂੰ ਅੰਬਰੋਂ ਸਿੱਟ ਗਈ ਸੀ। ਖੂਹ ਦੀ ਮਣ 'ਤੇ ਬੈਠਾ ਉਹ ਡਿੱਗਣੋਂ ਮਸਾਂ ਬਚਿਆ ਸੀ। ਉਹਨੂੰ ਘੇਰ ਆ ਗਈ ਸੀ ਅਤੇ ਉਹਨੀਂ ਹੀ ਪੈਰੀਂ ਅਖਾੜੇ ਦੀ ਮਿੱਟੀ ਨਮਸ਼ਕਾਰਦਿਆਂ ਉਸ ਭੁੱਬ ਮਾਰੀ ਸੀ। ਜ਼ਾਰ ਜ਼ਾਰ ਰੋਇਆ ਸੀ ਅਤੇ ਮਿੱਟੀ ਨਾਲ ਲਿੱਬੜਿਆ ਜਾਂਘੀਆ ਖੂਹ 'ਚ ਸਿੱਟ ਪਿੰਡ ਆ ਵੜਿਆ ਸੀ।

ਕੁੱਦੂ ਕਾਣੇ ਨੂੰ ਉਹ ਸਿੱਧਾ ਲੱਲ੍ਹਕਾਰਦੇ ਸੁਣਦਾ, ਤਾਂ ਤੜਪ ਉਠਦਾ... ਯਾਰ ਹੌਸਲਾ ਦਿੰਦੇ... ਪਰ ਉਹ ਹਉਕਾ ਭਰਦਾ... "ਜਦੋਂ ਬਾਂਹੀ ਹੀ ਭੱਜ ਗਈਆਂ... ਕਾਹਦੇ ਨਾਲ ਘੁਲਾਂ ਦਸੋ...!" ਇੱਕ ਤਰ੍ਹਾਂ ਉਹ ਰੋ ਪੈਂਦਾ, ਤੇ ਉੱਠ ਕੇ ਤੁਰ ਜਾਂਦਾ...। ਕਈ ਕਈ ਦਿਨ ਬੁਝਿਆ ਰਹਿੰਦਾ। ਕਿੰਨਾ-ਕਿੰਨਾ ਚਿਰ ਉਹਦੇ ਮੱਥੇ ਵਿੱਚ ਟੱਸ-ਟੱਸ ਕਰਕੇ ਕੁਝ ਵੱਜਦਾ ਰਹਿੰਦਾ...। ਕਦੇ ਉਹ ਚਾਹੁੰਦਾ ਲੋਕਾਂ ਨੂੰ ਚੀਕ ਕੇ ਦੱਸ ਦੇਵੇ ਕਿ ਇਸ ਭਉਂ ਗਈ ਦੇਹ ਨਾਲ ਉਹ ਕਿਵੇਂ ਏਨੀਂ ਭਾਰੀ ਲੱਠ ਚੁੱਕ ਜਾਂਦਾ ਰਿਹਾ ਸੀ।... ਪਰ ਉਹ ਇਹ ਦਸਦਿਆਂ ਹਮੇਸ਼ ਸੰਗ ਜਾਂਦਾ, ਕਿ ਉਹ ਤਾਂ ਅਸਲ ਵਿੱਚ ਅਰਾਂਈਆਂ ਦੀ ਉਸ ਛੈਲ ਕੁੜੀ ਦੀ ਹੀ ਕੋਈ ਕਰਾਮਾਤ ਸੀ... ਇਹ



ਜ਼ੈਨਬ ਹੀ ਤਾਂ ਸੀ ਜਿਹੜੀ ਘਰ ਦਾ ਸਾਰਾ, ਘਿਉ-ਦੁੱਧ ਪੰਜੀਂ ਪੰਜੀਂ ਉਹਦੇ ਇਕੱਲੇ ਦੇ ਢਿੱਡ 'ਚ ਘੱਤੀ ਜਾਂਦੀ... ਸੱਚਮੁੱਚ ਇਹ ਜ਼ੈਨਬ ਹੀ ਤਾਂ ਸੀ, ਜਿਹੜੀ ਬਖਤੌਰੇ ਨੂੰ, ਕਿਸੇ ਛਿੰਜ ਵਿੱਚ ਇੱਕ ਨਜ਼ਰ ਦੇਖਦਿਆਂ ਆਪਣਾ ਧਰਮ ਅਤੇ ਮਾਪੇ- ਛੱਡ੍ਹੀਆਂ ਦੀ ਕੰਧ ਹੇਠ ਦੱਬ ਆਈ ਸੀ, ਤੇ ਰਹਿੰਦੇ ਦਮ ਤੀਕ ਬਖਤੌਰੇ ਨੂੰ ਹਦੈਤਾਂ ਕਰਦੀ ਰਹੀ ਸੀ: "ਦੇਖ, ਮੈਨੂੰ ਭਾਵੇਂ ਕੁਤਰ ਕੇ ਅਖਾੜੇ ਦੀ ਬਲੀ ਦੇ ਦਈਂ... ਪਰ ਆਪਣੀ ਕੰਡ ਨਾ ਲੁਆਈਂ ਕਿਤੇ... ਮੈਂ ਜਿਸਦੀ ਬਾਂਹ ਫੜੀ ਸੀ ਕਦੇ... ਉਹਦੀ ਗੱਡੀ ਮਾਲੀ ਪੱਟੀ ਨਹੀਂ ਸੀ ਕਿਸੇ...।

ਤੇ ਸੱਚਮੁਚ ਜਿੰਨਾਂ ਚਿਰ ਉਹ ਜਿਉਂਦੀ ਰਹੀ ਸੀ। ਉਸ ਉਹਦੇ ਬੋਲਾਂ ਦੀ ਲੱਜ ਪਾਲੀ ਸੀ। ਕਿੰਨਾ ਕੁੱਝ ਗੁਜ਼ਰ ਗਿਆ ਸੀ... ਭਰ ਆਏ ਮਨ ਉਸ ਸੋਚਿਆ।

ਜ਼ੈਨਬ ਨਮੂਨੀਏ ਨਾਲ ਕੀ ਮਰੀ ਸੀ, ਉਹਦੀ ਕੰਡ ਹੀ ਲਾ ਗਈ ਸੀ। ਲੱਕ ਝਉਂ ਗਿਆ ਸੀ। ਬੱਗੇ ਭਰਵੱਟੇ ਅੱਖਾਂ ਮੂਹਰੇ ਪਲਮ ਆਏ ਸਨ। ਖਿੜਰੀ ਦਾਹੜੀ; ਧੌਣ ਚੁਫੇਰੇ ਹੀ ਉਲਝੀ ਰਹਿਣ ਲੱਗ ਪਈ ਸੀ। ਦੇਹ ਝੁਰੜਾਈ ਗਈ ਸੀ ਤੇ ਸੱਤਿਆ ਉਹਤੋਂ ਕੋਹਾਂ ਦੂਰ ਜਾ ਖੜ੍ਹੀ ਸੀ।

ਉਹਦੀ ਇੱਕੋ ਇੱਕ ਵਿਆਹੀ ਧੀ... ਜਿਹੜੀ ਉਹਦੀ ਸਾਰ ਨੂੰ ਆਉਣ ਦੀ ਥਾਂ, ਇਸ ਕਰਕੇ ਆਈ ਬੈਠੀ ਸੀ ਕਿ ਉਹਦੇ ਮਰ ਜਾਣ ਪਿੱਛੋਂ, ਉਹ ਘਰ ਦੀਆਂ ਵਸਤਾਂ ਹੱਥਿਆ ਸਕੇ...। ਜੀਹਨੇ ਉਹਦੇ ਸਾਹਮਣੇ ਬੈਠ, ਸੁੱਕੇ ਨੈਣਾਂ ਨਾਲ ਹੀ ਵੈਣਾਂ ਵਰਗੇ ਕੀਰਨੇ ਪਾਏ ਸਨ ਅਤੇ ਦਾਨਿਆਂ ਵਾਂਗ ਖੁਸ਼ੀ ਖੁਸ਼ੀ ਮਰ ਜਾਣ ਲਈ ਦਿਲਾਸੇ ਦਿੱਤੇ ਸਨ। ਉਹ ਉਹਦੇ ਛੇਕੜਲੇ ਪਲ ਬੜੀ ਸ਼ਿੱਦਤ ਨਾਲ ਉਡੀਕ ਰਹੀ ਸੀ ਤੇ ਘਰ ਦੀ ਸੁਆਣੀ ਵਾਂਗ, ਟਰੰਕਾਂ ਨੂੰ ਜੰਦਰੀਆਂ ਮਾਰ-ਮਾਰ ਰਖਦੀ ਸੀ।

ਮੌਤ ਦੀਆਂ ਭਿਆਨਕ ਸ਼ਕਲਾਂ ਬਖਤੌਰੇ ਦੇ ਕਿਆਸ ਵਿੱਚ, ਬਰਫ ਵਾਂਗ ਪਿਘਲ ਰਹੀਆਂ ਸਨ; ਜਦੋਂ ਰਾਤੀਂ ਉਹਦੀ ਅੱਖ ਲੱਗ ਗਈ ਸੀ। ਦੇਰ ਤੱਕ ਉਹ ਦੀਵੇ ਦੀ ਥਰਥਰਾਂਦੀ ਲਾਟ ਵੇਂਹਦਾ; ਬਾਰ-ਬਾਰ ਸੋਚਦਾ ਰਿਹਾ ਸੀ ਕਿ ਆਖ਼ਰ ਉਹ ਏਨੀ ਛੇਤੀ ਝਉਂ ਕਿਵੇਂ ਗਿਆ ਸੀ, ਪਰ ਖੰਘ ਨਾਲ ਬੇਹਾਲ ਹੁੰਦੇ ਉਹਨੂੰ ਭੋਰਾ ਸਮਝ ਨਹੀਂ ਸੀ ਆਈ। ਲਾਗੇ ਸੁੱਤੀ ਮੁਟਿਆਰ ਧੀ ਦੇ ਲੰਮੇ ਸਾਹ, ਉਹਨੂੰ ਇਕਸਾਰ ਸੁਣਦੇ ਰਹੇ ਸਨ। ਤੇ ਉਸ ਬੜਾ ਤੜਪ ਕੇ ਸੋਚਿਆ ਸੀ: 'ਕਾਸ਼! ਜ਼ੈਨਬ ਜਿਉਂਦੀ ਰਹਿ ਸਕਦੀ... ਜਾਂ ਉਹ ਆਪ ਹੀ ਉਹਦੇ ਨਾਲ ਮਰ ਸਕਦਾ...' ਪਰ ਉਹਦੀ ਅੱਖ ਲੱਗ ਗਈ ਸੀ ਅਤੇ ਉਹ ਨੀਂਦਰ ਵਿੱਚ ਵੀ ਬੜੀ ਤੇਜ਼ੀ ਨਾਲ ਕਬਰ ਵੱਲ ਵਧਦਾ ਰਿਹਾ ਸੀ। ਇਹੋ ਜਹੀ ਕਬਰ ਥੱਲੇ, ਜਿੱਥੇ ਕਿਤੇ ਜ਼ੈਨਬ ਪਈ ਸੀ।

ਪਿਆਂ ਪਿਆਂ ਹੀ ਉਸ ਧੁਆਂਖੇ ਛੱਤ ਵਿੱਚ, ਕਿਧਰੇ ਚਾਮ ਚੜਿੱਕਾਂ ਬੋਲਦੀਆਂ ਸੁਣੀਆਂ ਅਤੇ ਬਾਹਰ ਨਲਕੇ ਉਪਰਲਾ ਖੜਕਾ ਸੁਣਨ ਦੀ ਕੋਸ਼ਿਸ਼ ਕੀਤੀ;

ਜਿੱਥੇ ਉਹਦੀ ਧੀ, ਪਤਾ ਨਹੀਂ ਕੀ ਰਿਨ੍ਹ ਪਕਾ ਰਹੀ ਸੀ।

ਉਹ ਆਂਗਸ ਇਕੱਠੀ ਕਰਦਿਆਂ, ਬਾਹਰ ਜੰਗਲ ਪਾਣੀ ਜਾ ਆਉਣ ਬਾਰੇ ਸੋਚਿਆ; ਪਰ ਉਹਦੀ ਸੋਚ, ਫਿਰ ਉਸ ਹਨ੍ਹੇਰੀ ਖੱਡ ਵਿੱਚ ਜਾ ਡਿੱਗੀ ਜਿੱਥੇ ਉਹ ਪਿਛਲੇ ਦੋ ਸਾਤਿਆਂ ਤੋਂ ਪਾਣੀ ਭਾਰੇ ਅਤੇ ਵੱਡੇ ਤਾਪ ਨਾਲ ਭੋਰਾ ਭੋਰਾ ਕਰ ਕੇ ਮੁੱਕ ਰਿਹਾ ਸੀ। ਰਹਿ-ਰਹਿ ਕੇ ਉਹਦੀਆਂ ਸੋਚਾਂ ਮੂਹਰੇ ਹੰਢਾਏ ਮੌਜ ਮੇਲੇ ਆ ਖੜਦੇ; ਜਿੱਥੇ ਉਸ ਤੋਲ ਮਲੇ ਸਨ... ਕਹਿੰਦੇ ਕਹਾਉਂਦਿਆਂ ਦੀਆਂ ਕੰਡਾਂ ਲਾਈਆਂ ਸਨ.... ਤੇ ਲੋਕਾਂ ਦੀ ਅਸ਼-ਅਸ਼ ਜਿੱਤੀ ਸੀ। ਅਚਾਨਕ ਉਹ ਹੋਸ਼ ਵਿੱਚ ਪਰਤਦਾ ਤਾਂ ਖ਼ਾਲੀ ਘਰ 'ਚ ਉਹਨੂੰ ਭੈਅ ਆਉਣ ਲੱਗਦਾ... ਸੱਖਣੇ ਭਾਂਡੇ... ਲਵੇਰਿਉਂ ਖ਼ਾਲੀ ਵਿਹੜਾ ਵੇਖ ਉਹਦੇ ਕਾਲਜਿਉਂ ਰੁੱਗ ਭਰੇ ਜਾਂਦੇ... ਤੇ ਉਹਦੀ ਲੰਮੀਆਂ ਪੀੜਾਂ ਜਰਦੀ ਦੇਹ-ਤਿੱਖੀਆਂ ਛੁਰੀਆਂ ਨਾਲ ਖਹਿ ਜਾਂਦੀ...।

ਉਹਦਾ ਦਿਲ ਕੀਤਾ, ਉਹ ਮੌਤ ਲਈ ਕਿਸੇ ਪੀਰ ਫ਼ਕੀਰ ਮੂਹਰੇ ਅਰਦਾਸ ਕਰੇ... ਇਹੋ ਜਿਹੇ ਜੀਉਣ ਦਾ ਕੀ ਹੱਜ ਸੀ... ਬਿੰਦ ਦੇ ਬਿੰਦ ਉਸ ਬਾਹਰ ਕਈ ਪੁਲਾਂਘਾਂ ਚੜ੍ਹ ਆਇਆ ਦਿਨ ਅਤੇ ਪਿੰਡ ਦੇ ਕੱਚੇ ਬਨੇਰਿਆਂ 'ਤੇ ਕੈਂਹ ਦੇ ਛੰਨੇ ਵਾਂਗ ਚਮਕਦੀ ਧੁੱਪ ਡਿੱਠੀ; ਪਰ ਅਗਲੇ ਹੀ ਪਲ, ਉਹਨੇ ਖੂੰਡੇ ਦੀ ਲਿਸ਼ਕਵੀਂ ਮੁੱਠ ਵੇਖਦਿਆਂ ਜੀ ਛੋਟਾ ਕਰ ਲਿਆ। ਉਹਨੇ ਸੋਚਿਆ, ਕਿਵੇਂ ਉਹ ਸਾਰੇ ਦਾ ਸਾਰਾ ਜ਼ਾਰ, ਖੂੰਡੇ 'ਤੇ ਪਾਉਣ ਲੱਗ ਪਿਆ ਸੀ...

ਸਹਿਮ ਨਾਲ ਮੰਜੇ 'ਤੇ ਉੱਠ ਕੇ ਬੈਠਦਿਆਂ, ਉਸ ਫਿਰ ਨਲਕੇ ਦਾ ਖੜਕਾ ਸੁਣਿਆ... ਅਤੇ ਕੰਡ ਦੀ ਚੀਰਵੀਂ ਪੀੜ, ਬੁੱਲ੍ਹ ਵਿੱਚ ਟੁੱਕਦੇ; ਖੰਘਣਾਂ ਚਾਹਿਆ ਪਰ ਉਹਦੇ ਸੰਘ ਵਿੱਚ ਰੇਹੀ ਦੀ ਕੱਲਰ ਧੂੜ ਜੰਮ ਗਈ ਅਤੇ ਉਹਨੂੰ ਸੁੱਕੇ ਸੰਘ ਗੋਤਾ ਆ ਗਿਆ। ਉਹ ਦਰਾਂ ਵਿਚਾਲੇ ਹੀ ਬੈਠ ਗਿਆ। ਉਹ ਰੋਣਹਾਕੇ ਬੋਲਾਂ ਨਾਲ ਹੀ ਗੇਜੋ ਨੂੰ ਹਾਕ ਮਾਰਨਾ ਚਾਹੁੰਦਾ ਸੀ ਪਰ ਉਹ ਜਿਵੇਂ ਕਿਵੇਂ ਔਖੀ ਜਹੀ ਜਿੰਦ ਨਾਲ ਉੱਠ ਕੇ ਖੜ੍ਹ ਗਿਆ।

ਪੈਰੀਂ ਜੁੱਤੀ ਅੜਾ ਉਸ ਬਾਹਰ ਫਿਰ-ਤੁਰ ਆਉਣ ਲਈ ਪੁਲਾਂਘ ਭਰੀ ਹੀ ਸੀ ਜਾਂ ਉਹ ਦਰਾਂ ਦੇ ਅੱਧ-ਖੁੱਲ੍ਹੇ ਤਖ਼ਤੇ ਉਹਲੇ ਹੀ ਉਹਦੀ ਸਾਰੀ ਦੇਹ ਜਿਵੇਂ ਪੱਥਰ ਦੀ ਹੋ ਗਈ ਤੇ ਉਹਦੀ ਟੋਹ-ਟੋਹ ਲੱਭਦੀ ਅੱਖ, ਕਿਸੇ ਚਿਲਕਵੀਂ ਲਿਸ਼ਕੋਰ ਨਾਲ ਟਕਰਾਉਂਦੀ ਤਹਿਸ਼-ਨਹਿਸ਼ ਹੋ ਗਈ।...

ਮੌਤ ਦਾ ਕੋਈ ਭਿਆਨਕ ਸਾਇਆ ਉਹਦੇ ਜ਼ਿਹਨ ਵਿਚ, ਅੰਬਰੋਂ ਟੁੱਟੇ ਤਾਰੇ ਵਾਂਗ ਉੱਤਰ ਆਇਆ। ਡਰ ਨਾਲ ਉਹਦੀ ਘਿੱਗੀ ਬੱਝ ਗਈ। ਡੌਰ-ਭੌਰਿਆਂ ਵਾਂਗ ਉਸ ਆਲੇ-ਦੁਆਲੇ, ਕਿਸੇ ਚੋਰ ਵਾਂਗ ਡਿੱਠਾ... ਸਭ ਕੁਝ ਅਹਿਲ ਪਿਆ ਸੀ। ਘਰ ਦੀ ਨਿੱਕੀ-ਨਿੱਕੀ ਸ਼ੈ ਤੋਂ ਲੈ ਕੇ ਕੰਧਾਂ ਦੀ ਸਲ੍ਹਾਬੀ ਚੁੱਪ ਤੱਕ, ਦੌੜੇ ਦੀਆਂ



ਸਿਲਵਟਾਂ ਵੀ... ਜੀਹਨਾਂ 'ਚ ਕਿਧਰੇ ਮੌਤ ਸੁਕ ਰਹੀ ਸੀ।...

ਪਰ ਅਗਲੇ ਹੀ ਪਲ, ਅੱਧ-ਭਿੜੇ ਦਰਾਂ ਦੀ ਪਤਲੀ ਝੀਤ ਵਿੱਚੋਂ ਉਹਦੀ ਨਜ਼ਰ... ਪਤਾ ਨਹੀਂ ਕਿਵੇਂ? ਸਾਰੇ ਵਿਹੜੇ ਵਿਚ ਫੈਲ ਗਈ। ਉਹਨੇ ਵੇਖਿਆ... ਧੁੱਪ ਵਿਚ, ਇਕ ਹੋਰ ਗੁਲਾਬੀ ਧੁੱਪ ਚਮਕ ਰਹੀ ਸੀ... ਕੋਈ ਤਾਰ ਸੀ, ਜੋ ਉਹਦੇ ਸਾਰੇ ਸਰੀਰ ਵਿਚੋਂ ਆਰ-ਪਾਰ ਗੁਜ਼ਰ ਗਈ। ਕਿਸੇ ਅਣ-ਪਛਾਤੀ ਜਹੀ ਮਹਿਕ ਵਿੱਚ, ਉਹਦੀ ਦੇਹ ਸੁਆਦ-ਸੁਆਦ ਹੋ ਗਈ। ਕੰਬਦੇ ਪੈਰੀਂ ਉਹ ਦਰਾਂ ਉਹਲੇ ਹੁੰਦਾ, ਝੁੰਜੇ ਬੈਠ ਗਿਆ।

ਉਹਦੀ ਆਪਣੀ ਹੀ ਧੀ ਬਾਹਰ ਨਲਕੇ ਥੱਲੇ ਅਲਫ਼ ਨਹਾ ਰਹੀ ਸੀ, ਤੇ ਹਵਾ ਵਿਚ ਮਹਿਕ ਰਹੀ ਸੀ। ਉਸ ਪਿੱਤਰੀ ਮਨ, ਹੋੜ ਲੈਣਾ ਚਾਹਿਆ ਪਰ ਧਿੰਗੋ ਜ਼ੋਰੀ ਉਹਦੀ ਨਜ਼ਰ, ਫਿਰ ਦਰਵਾਜ਼ੇ ਦੀ ਵਿਰਲ ਨਾਲ ਲਿਪਟ ਗਈ। ਉਹ ਬੇ-ਫ਼ਿਕਰ, ਜਿਵੇਂ ਪਾਣੀ ਨਾਲ ਖੇਡ ਰਹੀ ਸੀ। ਬਖ਼ਤੌਰੇ ਨੂੰ ਜਾਪਿਆ, ਜਿਵੇਂ ਗੁਲਾਬਾਸ਼ੀ ਦੇ ਫਿੱਕੇ ਗੁਲਾਬੀ ਫੁੱਲ, ਕੁੜੀ ਦੇ ਪਿੰਡੇ ਵਿੱਛ ਗਏ ਹੋਣ... ਐਸੀ ਸੂਰਤ...? ਉਹਨੂੰ ਪਹਿਲੀ ਵੇਰੀ ਇਸ ਦਾ ਤਲਖ਼ ਅਹਿਸਾਸ ਹੋਇਆ। ਕਾਸ਼! ਜੇ ਪੁੱਤ ਹੁੰਦਾ... ਪਿੰਡ ਦੇ ਮੁੰਡੇ ਕੌਡੀ ਕਿਵੇਂ ਹਾਰ ਆਉਂਦੇ...। ਤੇ ਕੱਚ ਦੀਆਂ ਕਈ ਕਿਰਚਾਂ, ਉਹਦੀ ਸੋਚ ਵਿਚ ਜਿਵੇਂ ਲਹਿੰਦੀਆਂ ਹੀ ਚਲੇ ਗਈਆਂ।

ਉਹਦਾ ਚਿਹਰਾ ਭੱਖ ਉੱਠਿਆ ਅਤੇ ਉਹਨੂੰ ਬੜੀ ਹੀ ਸ਼ਿੱਦਤ ਨਾਲ ਜੈਨਬ ਚੇਤੇ ਆਈ। ਜਿਹੜੀ ਸਾਰੀ ਉਮਰ ਉਹਦੀ ਤਾਕਤ ਬਣ ਕੇ ਰਹੀ ਸੀ ਤੇ ਜੀਹਨੇ ਭਰੀ ਸਭਾ ਵਿੱਚ, ਸਿਰਫ਼ ਉਹਦੇ 'ਤੇ ਹੀ ਉਂਗਲ ਧਰੀ ਸੀ।...

ਅਰਾਈਆਂ ਦੀ ਉਹ ਛੈਲ ਜਹੀ ਕੁੜੀ... ਬਿਲਕੁਲ ਜਿਵੇਂ, ਨਲਕੇ ਥੱਲੇ ਭੋਜੋ ਨਹਾ ਰਹੀ ਸੀ... ਬਦਾਮ ਦੀ ਸਿੱਲੀ ਗਿਰੀ ਜੇਹੀ... ਕੂਲੀ ਅਤੇ ਕੱਚੀ... ਕਿਸੇ ਸੰਘਣੀ ਖ਼ੁਸ਼ਬੋ ਦੀ ਹਨ੍ਹੇਰੀ ਜਿਹੀ।

ਇੱਕੋ ਹੀ ਸਮੇਂ ਉਹਦੇ ਜ਼ਿਹਨ ਵਿੱਚ ਮਰ ਗਈ ਜੈਨਬ ਅਤੇ ਅਲਫ਼ ਧੀ ਦਾ ਲਾਟ ਜਿਹਾ ਜੋਬਨ, ਇਸ ਕਦਰ ਰਲ-ਗੱਡ ਹੋ ਗਿਆ ਇਕ ਪਲ ਉਹ ਆਪਦੀ ਮੌਤ ਹੀ ਵਿਸਰ ਗਿਆ... ਭੀੜੇ ਦਰਾਂ ਦੀ ਵਿਰਲ 'ਚੋਂ ਇਕ ਨਜ਼ਰ ਫਿਰ ਕੁੜੀ ਵਾਕ...ਉਹ ਕੰਡ ਵਿਚਲੀ-ਚੀਰਵੀਂ ਪੀੜ ਨਾਲ ਹੀ ਉੱਠ ਖੜਿਆ। ਉਹਨੇ ਛੋਹਲੀ ਨਾਲ ਲਮਕ ਕੇ ਪੜਛੱਤੀ 'ਤੇ ਪਈ ਗੁੜ ਦੀ ਡਲੀ ਮੂੰਹ ਵਿੱਚ ਘਪੋਲ ਨਿੱਸਲ ਹੋਏ ਅੰਗਾਂ ਵਿੱਚ ਉਹਦੇ ਅਲਸਾਏ ਬਲ ਨੇ ਅੰਗੜਾਈ ਲਈ, ਤਾਂ ਉਸ ਭਰਵਾਂ ਖੰਗੂਰਾ ਮਾਰਿਆ, ਇਕ ਨਜ਼ਰ ਉਸ ਫਿਰ ਚਮਕਦੀ ਧੁੱਪ ਅਤੇ ਤੂਤ ਦੀਆਂ ਝੂਟਦੀਆਂ ਲਗਰਾਂ ਤੱਕਦਿਆਂ ਉਂਘਲਾਉਂਦੇ ਕੁੱਤੇ ਨੂੰ ਹੀ ਕਲਾਵੇ ਵਿੱਚ ਲੈ ਲਿਆ। ਪਿਆਰ ਨਾਲ ਉਹਦਾ ਪਿੰਡਾ ਪਲੋਸਿਆ...। ਫਿਰ ਅਚਾਨਕ ਉਹਨੂੰ ਲੱਗਾ... ਜਿਵੇਂ ਇਹੋ ਜਹੇ

ਤਾਪ ਸਰਾਪ ਨੂੰ ਤਾਂ ਉਹ ਹਾਲੀ ਵੀ ਅਖਾੜੇ ਦੀ ਮਿੱਟੀ ਵਿੱਚ ਮਿਧ ਸਕਦਾ ਸੀ।...

ਖੂੰਡਾ ਹੱਥ ਵਿੱਚ ਫੜੀ, ਉਹ ਕਿਸੇ ਹੁਲਾਸ ਜਿਹੇ ਨਾਲ, ਬਾਹਰ ਵਿਹੜੇ ਵਿੱਚ ਆਇਆ ਤਾਂ ਕੁੜੀ ਨਹਾ ਹਟੀ ਸੀ। ਉਸਦਾ ਮਹਿਕਦਾ ਪਿੰਡਾ ਸੁੱਚੇ ਲੀੜਿਆਂ ਥੱਲੇ, ਮੁੜ੍ਹਕੇ ਵਾਂਗ ਨੁੱਚੜ ਰਿਹਾ ਸੀ... ਬਿਲਕੁਲ ਉਵੇਂ, ਜਿਵੇਂ ਕਨੇਰ ਦੇ ਸੱਜਰੇ ਫੁੱਲ 'ਤੇ ਹੁਣੇ ਸੌਣ-ਮਾਂਹ ਦੀ ਫੁਹਾਰ ਪੈ ਕੇ ਹਟੀ ਹੋਵੇ... ਕੰਬਦੇ ਜਹੇ ਪੈਰੀਂ, ਉਹ ਕੁੜੀ ਦੇ ਬਰਾਬਰ ਆ ਖੜਿਆ। ਉਹ ਨੁੱਚੜਦੇ ਕੇਸ ਛੰਡ ਰਹੀ ਸੀ... ਪਤਾ ਨਹੀਂ ਕਿਵੇਂ ਉਹਦੀ ਸੋਗਦੀ ਜਹੀ ਅੱਖ, ਕੁੜੀ ਦੇ ਖੁੱਲ੍ਹੇ ਗਲਮੇ ਵਿਚਾਲੇ ਕਿਤੇ ਭਟਕ ਗਈ... ਇੱਕ ਘੜੀ ਉਹਨੂੰ ਜਾਪਿਆ, ਜਿਵੇਂ ਸੱਚਮੁਚ ਸਾਹਮਣੇ ਜੈਨਬ ਖੜ੍ਹੀ ਹੋਵੇ... ਮੁਹੱਬਤ ਨਾਲ ਭਰੀਆਂ ਅੱਖਾਂ ਲਈ, ਪਿਆਰ ਨਾਲ ਨੱਕੋ-ਨੱਕ... ਪਰ ਅਗਲੇ ਹੀ ਪਲ, ਉਹ ਆਪਣੇ ਆਪ ਤੋਂ ਹੀ ਸੰਗ ਗਿਆ ਅਤੇ ਥਿੜਕਦੇ ਜਹੇ ਪੈਰੀਂ- ਮਨ ਨੂੰ ਲਾਹਣਤਾਂ ਪਾਉਂਦਾ ਬਾਹਰਲੇ ਦਰ ਟੱਪ ਗਿਆ।

ਯਕਾ ਯਕ ਬਾਪੂ ਨੂੰ ਇਜ ਜਾਂਦਿਆਂ ਵੇਖ ਕੇ ਕੁੜੀ ਧੁਰ ਅੰਦਰ ਤੱਕ ਸਹਿਮ ਗਈ, ਕੱਲ੍ਹ ਹੀ ਉਹਨੂੰ ਕਰਮੀ ਬੁੜ੍ਹੀ ਆਖ ਰਹੀ ਸੀ-

"ਬੰਦੇ ਦਾ ਕੀ ਐ ਧੀਏ... ਨਿਰਾ ਪਾਣੀ ਦਾ ਬੁਲਬੁਲਾ... ਮੈਂ ਵੀਹ ਤੇਰੇ ਇਨ੍ਹਾਂ ਅੱਖਾਂ ਮੁਹਰਿਓਂ... ਜੀਹਦੀ ਘਟੀ ਹੋਊ... ਬਿਦ ਝੱਟ ਰੱਜ ਕੇ ਗੱਲਾਂ ਕਰੂ, ਦੱਬ ਕੇ ਖਾਊ... ਪਰ ਪਤਾ ਤੱਦੋ ਲਗੂ ਜਦ..." ਤੇ ਉਹ "ਧੰਨ ਸਤਗੁਰੂ...!" ਆਂਹਦੀ ਰੱਜੇ ਦੇ ਸਿਆਣੇ ਕੰਨ, ਹੋਰ ਸੀਖ ਗਈ। "ਨਾਲੇ ਦੇਖ ਕੁੜੇ! ਐਮੇ ਕਮਲੀ ਨਾ ਬਣੀਂ ਕਿਤੇ... ਕੋਈ ਧਰਿਆ ਧਰਾਇਆ ਪੁੱਛ ਲੀਂ ਧੀਏ... ਕੋਈ ਡਰ ਨਹੀਂ... ਵਿੱਥਾਂ ਖੂੰਜੇ ਰੁਲਦੀ ਲੱਛਮੀ ਤਾਂ ਬਦ-ਸੀਸ ਦਿੰਦੀ ਐ ਬੰਦੇ ਨੂੰ... 'ਕੱਲੀ ਕਾਰੀ ਜਿੰਦ ਐ ਉਤੋਂ... ਨਾਲੇ ਤੇਰੀ ਮਾਂ ਕੋਲ ਤਾਂ ਸੇਰ ਪੱਕਾ ਸਿਉਨਾ ਦੇਖਿਐ ਅਸੀਂ..." ਅਤੇ ਜਾਣ ਲੱਗੀ "ਵਾਹ ਵੇ ਬਖਤੌਰਾ ਸਿਹਾਂ..." ਆਂਹਦੀ, ਉਹਦਾ ਮਾਵਾਂ ਵਾਂਗ ਸਿਰ ਪਲੋਸ ਗਈ ਸੀ।

ਕਰਮੀਂ ਬੁੜ੍ਹੀ ਚੇਤੇ ਆਉਂਦਿਆਂ ਕੁੜੀ ਗਿੱਲੇ ਪਿੰਡੇ ਨਾਲ ਹੀ ਲਰਜ ਗਈ। ਹਨ੍ਹੇਰੀ ਵਾਂਗ ਉਹਨੇ ਸਾਰੇ ਘਰ ਵਿੱਚ ਫਿਰਦਿਆਂ, 'ਕੱਲੀ-'ਕੱਲੀ ਚੀਜ਼ ਦਾ ਇੱਕ ਨਜ਼ਰ ਅੱਖ ਹੇਠ ਜਾਇਜ਼ਾ ਲਿਆ। ਵੱਡੇ ਟਰੰਕ ਦਾ ਧੁਰ ਅੰਦਰਲਾ ਥੱਲਾ ਫਰੋਲਿਆ... ਪਿਛਲੀ ਕੋਠੀ ਦੇ ਆਲਿਆਂ 'ਚ ਹੱਥ ਮਾਰੇ ਅਤੇ ਸੋਚ ਵਿਚ ਕਿਤੇ ਬਾਪੂ ਦਾ ਸਿਵਾ ਮੱਚ ਉੱਠਿਆ। ਅਦਿੱਖ ਸੇਕ ਨਾਲ ਉਹ ਰਾਖ ਹੋ ਗਈ। ਉਹ ਇਸ ਅਖੀਰਲੇ ਸਮੇਂ ਧਾਹ ਕੇ ਬਾਪੂ ਦੇ ਸਾਹਵੇਂ ਹਾਜ਼ਰ ਹੋ ਜਾਣਾ ਚਾਹੁੰਦੀ ਸੀ। ਜਦੋਂ ਉਹ ਇਸ ਜਹਾਨੋਂ ਜਾ ਰਿਹਾ ਸੀ... ਪਰ ਉਹਦੇ ਕੰਨ 'ਚ ਘਰ ਦੀਆਂ ਵਿੱਥਾਂ ਖੂੰਜੇ ਰੁਲਦੀ ਦੌਲਤ ਦੀ



ਛੋਅ ਪਾ ਕੇ ਸਾਰੀ ਹਯਾਤੀ ਲਈ ਉਹਨੂੰ ਗਰੀਬੀ ਦੀ ਬਦ-ਅਸੀਸ ਤੋਂ ਮੁਕਤ ਕਰ ਸਕਦਾ ਸੀ।

ਬਾਵਰਿਆਂ ਵਾਂਗ ਉਹ ਚੌਕਵੇਂ ਪੈਰੀਂ ਬਾਹਰਲੇ ਘਰਾਂ ਤੀਕ ਨਿਕਲ ਆਈ... ਪਰ ਬਖਤੌਰਾ ਕਿਤੇ ਨਹੀਂ ਸੀ... ਉਹਨੂੰ ਲੱਗਾ, ਜਿਵੇਂ ਕਰਮੀ ਦੇ ਆਖਣ ਵਾਂਗ, ਬੁਝਣ ਤੋਂ ਪਹਿਲਾਂ ਉਹ ਦੀਵੇ ਦੀ ਲਾਟ ਵਾਂਗ ਟਹਿਕ ਉੱਠਿਆ ਹੋਵੇ...। ਫ਼ਿਕਰ ਵਿੱਚ ਉਹ ਕੰਬ ਗਈ।...

ਪਰ ਉਹਦੇ ਨੱਠੇ ਜਾਂਦੇ ਪੈਰ, ਕਿਸ਼ਨ ਹਟਵਾਣੀਏ ਦੀ ਹੱਟੀ ਮੂਹਰਲੇ ਇਕੱਠ ਸਾਂਹਵੇਂ ਹੀ ਮਿੱਟੀ ਹੋ ਗਏ। ਇੱਕ ਪਲ ਉਹਨੂੰ ਆਪਦੀ ਅੱਖ 'ਤੇ ਯਕੀਨ ਨਹੀਂ ਆਇਆ। ਅਵਾਕ, ਅੱਖਾਂ ਟੱਡੀ ਉਹਦੀ ਸੋਚ... ਘਰ ਦੀ 'ਕੱਲੀ-'ਕੱਲੀ ਚੀਜ਼ ਥੱਲੇ ਜਿਵੇਂ ਮਰ ਹੀ ਗਈ। ਓਸ ਚਿੱਤ ਸਾਂਵਾਂ ਜਿਹਾ ਕਰਦੇ, ਕੇਰਾਂ ਫਿਰ ਇਕੱਠੀ ਹੋਈ ਪਰ੍ਹੇ ਦਾ ਇਕੱਠ ਤਿਲਕਵੀਂ ਜਹੀ ਨਜ਼ਰੇ ਡਿੱਠਾ; ਉਹ ਹੈਰਾਨ ਪ੍ਰੇਸ਼ਾਨ ਖੜ੍ਹੀ ਦੀ ਖੜ੍ਹੀ ਰਹਿ ਗਈ। ਘੜੀ ਪਹਿਲਾਂ ਪਲ ਪਲ ਮਰ ਰਿਹਾ ਉਹਦਾ ਬਾਪੂ... ਇਜ ਪਰ੍ਹੇ ਵਿੱਚ ਕਿਵੇਂ ਟਾਹ-ਟਾਹ ਹੱਸ ਸਕਦਾ ਸੀ?...

•

# ਖ਼ਲਾਅ

ਲਾਰੀਉਂ ਉੱਤਰ ਕੇ ਜਦ ਉਸ ਧੂੜ ਨਾਲ ਅੱਟੇ ਲੰਮੇਂ ਪਹੇ ਵਿੱਚ ਨਜ਼ਰ ਮਾਰੀ ਤਾਂ ਇੱਕ ਪਲ ਉਹ; ਉਸ ਖ਼ਤ ਨੂੰ ਮੂਲੋਂ ਹੀ ਵਿੱਸਰ ਗਿਆ ਜੀਹਦੇ ਚੇਤੇ ਨਾਲ਼ ਉਹ ਸਾਰਾ ਰਾਹ ਖੀਵਾ ਹੁੰਦਾ ਆਇਆ ਸੀ।

ਚੁਫ਼ੇਰੇ ਖੇਤ ਰੁੰਡ ਹੋਏ ਪਏ ਸਨ ਤੇ ਕਣਕਾਂ ਦੇ ਵੱਢਾਂ ਵਿੱਚ ਲੂਹਰੀਆਂ ਲੈਂਦੇ ਵਰੋਲੇ ਉੱਡ ਰਹੇ ਸਨ। ਬਰੀਕ ਘੱਟੇ 'ਤੇ ਬੋਚ-ਬੋਚ ਪੈਰ ਧਰਦੇ ਉਸ ਧੁਕਧੜੀ ਲਈ। ਡਾਢੇ ਹੀ ਸੁਥਰੇ ਲੀੜੇ... ਨੂੰਈਂ ਵਾਲੇ ਬੂਟ ਅਤੇ ਭੂੰਬਲ ਹੋਇਆ, ਦੋ ਕੋਹ ਲੰਮਾ ਪਹਿਆ। ਤਲਖ਼ ਅਤੇ ਕਾਹਲੇ ਪੈਂਦੇ ਚਿੱਤੋਂ, ਉਹਨੇ ਸਹੁਰਿਆਂ ਦਾ ਸੱਜਰਾ ਖ਼ਤ ਚੇਤੇ ਕਰਨਾ ਹੀ ਚਾਹਿਆ ਸੀ, ਜਾਂ ਲਾਗਲੇ ਖੇਤ ਵਿੱਚ ਚਰਦੀ ਵਹਿੜ ਮੱਛਰ ਕੇ ਪਹਿ 'ਚ ਆ ਵੜੀ...। ਨੱਸਦੀ ਉਹਦੇ ਲਾਗਿਉਂ ਲੰਘੀ ਤਾਂ ਕਹਿਰਾਂ ਦਾ ਇੱਕ ਮਟਿਆਲਾ ਬੱਦਲ ਉਹਦੇ ਦੁਆਲ਼ੇ ਉੱਸਰ ਗਿਆ। ਇੱਕ ਘੜੀ ਉਹਨੂੰ ਦਿਸਣੋਂ ਹਟ ਗਿਆ ਕਿ ਉਹ ਕਿੱਥੇ ਖੜ੍ਹਾ ਸੀ। ਚਿਰ ਮਗਰੋਂ ਘੱਟਾ ਦਬਿਆ ਤਾਂ ਉਹਦੇ ਸੋਹਣੇ ਵਾਲਾਂ ਤੋਂ ਲੈ ਕੇ ਉੱਚੀ ਅੱਡੀ ਵਾਲੇ ਬੂਟਾਂ ਤੀਕ ਸਭ ਕੁਝ ਹੀ ਇੱਕ ਤਰ੍ਹਾਂ ਉਹਦੀਆਂ ਤਿੱਖੀਆਂ ਸ਼ੁਕੀਨ ਅੱਖਾਂ ਸਾਹਵੇਂ ਮਿੱਟੀ ਹੋਇਆ ਪਿਆ ਸੀ।

ਰੋਣ-ਹਾਕੇ ਉਸ ਆਪਣੇ ਲੀੜੇ, ਕੀਮਤੀ ਰੁਮਾਲ ਨਾਲ਼ ਝਾੜੇ, ਮੋਢੇ ਝਾਲਰ ਵਾਲਾ ਲਟਕਦਾ ਝੋਲਾ ਸੂਤ ਕੀਤਾ ਅਤੇ ਪਹੇ ਤੋਂ ਹਟ, ਖੇਤਾਂ ਵਿੱਚ ਦੀ ਤੁਰਨ ਲੱਗ ਪਿਆ। ਗਿਣਵੀਆਂ ਪੁਲਾਂਘਾਂ ਹੀ ਹਾਲੀ ਟੁਰਿਆ ਸੀ ਕਿ ਦੂਰ ਡੰਗਰ ਚਾਰਦੇ ਮੁੰਡਿਆਂ ਟਾਈਮ ਪੁੱਛਣ ਦੇ ਪੱਜ ਨਾਲ਼ ਉਹਨੂੰ ਅਕਾਰਥ ਹੀ ਫਤਹਿ ਆ ਆਖੀ।

"ਰਮ... ਰਮ... ਜੀ।"

"ਹੂੰ।" ਗੁੱਸੇ ਦੀ ਅੱਥਰੀ ਕਾਂਗ ਉਹਦੇ ਮੱਥੇ ਚੜ੍ਹ ਗਈ ਅਤੇ ਮੁੰਡੇ ਉਹਦੀਆਂ ਡੂੰਘੀਆਂ ਤਿਊੜੀਆਂ ਤੋਂ ਤ੍ਰਹਿੰਦੇ ਫਿਰ ਆਪਣੇ ਧਿਆਨੇ ਜਾ ਲੱਗੇ। ਉਹ ਇਨ੍ਹਾਂ ਉਜੱਡ ਲੋਕਾਂ ਬਾਰੇ ਸੋਚਣ ਲੱਗ ਪਿਆ। ਜੀਹਨਾਂ ਨੂੰ ਉਹਦੀ ਜਾਚੇ ਜਿਊਣ ਦਾ ਭੋਰਾ ਚੱਜ ਨਹੀਂ ਸੀ ਤੇ ਇੱਕ ਤਰ੍ਹਾਂ ਭੌਂਠ ਹੀ ਝੋਕ ਰਹੇ ਸਨ। ਫਿਰ ਉਸ ਆਪਣੇ ਸਹੁਰੇ ਚਿੱਤਵੇ ਜਿਨ੍ਹਾਂ ਕੋਲ ਉਹ ਜਾ ਰਿਹਾ ਸੀ ਅਤੇ ਜਿਨ੍ਹਾਂ ਬਾਰੇ ਸੋਚਦਿਆਂ, ਹਮੇਸ਼ ਉਹਦਾ ਪੋਰ-ਪੋਰ ਦੁਖ ਉੱਠਦਾ ਸੀ। ਆਪਦੇ ਮਾੜੇ ਸੰਜੋਗਾਂ 'ਤੇ



ਉਹਨੂੰ ਰੋਣ ਆਉਂਦਾ। ਆਖ਼ਰ ਉਹਦੇ ਬਿਰਧ ਪਿਤਾ ਨੇ ਕੀ ਦੇਖਿਆ ਸੀ? ਉਹ ਆਪ ਪੜ੍ਹਿਆ ਗੁੜ੍ਹਿਆ ਸ਼ੁਕੀਨ ਅਤੇ ਇੱਕ ਤਰ੍ਹਾਂ ਰੱਜੇ ਘਰੋਂ ਸਰਫ਼ੇ ਦਾ ਪੁੱਤ ਸੀ। ਪਰ ਸੰਜੋਗ ਅਜਿਹੀ 'ਕੁ-ਥਾਂ' ਜਾ ਰਲੇ ਸਨ, ਜਿੱਥੇ ਉਹ ਮੁਕਲਾਵਾ ਲੈਣ ਗਿਆ ਹੀ ਹੁੱਸੜ ਗਿਆ ਸੀ।

ਉਹਦਾ ਗੱਚ ਭਰ ਆਉਂਦਾ; ਜਦੋਂ ਉਹਦੀ ਵਹੁਟੀ ਪੇਕੇ ਜਾਣ ਲਈ ਡੁਸਕਦੀ। ਉਹ ਸਹੁਰੇ ਘਰ ਦੀ ਕੁਰਬਲ-ਕੁਰਬਲ ਚਿੱਤਵਦਾ ਉਦਾਸ ਹੋ ਜਾਂਦਾ। ਨੌਂ ਜੁਆਕ... ਫਿਰ ਜੁਆਕ ਵੀ ਹੋਣ, ਉਹਦਾ ਮਨ ਕਰੀਚ ਨਾਲ਼ ਭਰ ਜਾਂਦਾ। ਉਹਦੇ ਦੁਖੀ ਮਨ ਵਿੱਚ ਵਾਰ-ਵਾਰ ਆਉਂਦੀ... ਉਹਦੀ ਵਹੁਟੀ ਕੀ ਆਖ਼ਰ ਅਜਿਹੀ ਗਲੀਜ਼ ਥਾਂ ਲਈ ਕਿਉਂ ਤਰਸਦੀ ਸੀ? ਜਦਕਿ ਉਸਦੇ ਸਾਥ ਵਿਚ ਉਹ ਇੱਕ ਤਰ੍ਹਾਂ ਸਵਰਗ ਹੀ ਭੋਗ ਰਹੀ ਸੀ।

ਪਰ ਉਹਦੀ ਸੱਸ ਸੀ ਕਿ ਪਿਆਰ ਦੇਂਦੀ ਪੱਗ ਹੀ ਲਾਹ ਦਿੰਦੀ। ਸਹੁਰਾ ਕੋਲ ਬੈਠਦਾ ਤਾਂ ਨੱਕ ਹੀ ਸੁਣਕੀ ਜਾਂਦਾ। ਕੁੜੀਆਂ ਸਨ ਕਿ ਖ਼ਾਹ-ਮਖ਼ਾਹ ਉੱਪਰ ਡਿੱਗਦੀਆਂ ਸਨ। ਘਰ ਵਿੱਚ ਇੱਕੋ ਕੋਠਾ... ਉੱਤੇ ਨਾਂ ਨੂੰ ਹੀ ਛਿੱਟੀਆਂ ਸਨ। ਸਾਰੀ ਸਾਰੀ ਰਾਤ ਸੁੱਤੇ ਪਿਆਂ 'ਤੇ ਮਿੱਟੀ ਦਾ ਮੀਂਹ ਵਰ੍ਹਦਾ ਰਹਿੰਦਾ ਅਤੇ ਉਹ ਹਰ ਵਾਰੀ ਵਹੁਟੀ ਦੀ ਇਸ ਪੇਕੇ ਜਾਣ ਦੀ ਜ਼ਿੱਦ ਉੱਤੇ ਇਸ ਲਈ ਵੀ ਸਿਰ ਫੇਰ ਛੱਡਦਾ ਕਿਉਂਕਿ ਉਹਦੀ ਆਪ ਦੀ ਸ਼ਾਨ ਟਾਕਰੇ ਉਹਦੇ ਸਹੁਰੇ ਪਾਸਕੂ ਵੀ ਨਹੀਂ ਸਨ।

ਇਨ੍ਹਾਂ ਹੀ ਸੋਚਾਂ ਵਿੱਚ ਘਿਰਿਆ; ਘੱਟੇ ਨਾਲ ਲੱਥ-ਪੱਥ ਜਦੋਂ ਉਹ ਸਹੁਰੇ-ਪਿੰਡ ਤੋਂ ਉਰ੍ਹਾਂ; ਜਲੰਧਰੀਆਂ ਦੀ ਥੇਬੀ ਟੱਪਣ ਲੱਗਾ ਤਾਂ, ਨਰੈਣੇਂ ਬੁੜ੍ਹੇ 'ਵਾਜ ਮਾਰ ਲਈ:

"ਬਿਰਿਆ ਅਟਕ ਕੇ ਓ ਭਾਈ ਬਿੰਦ ਕ...।"

ਉਹ ਹੈਰਾਨ ਹੋਇਆ। ਥਾਏਂ ਖੜ ਗਿਆ।

ਨਰੈਣਾ ਡਾਢਾ ਬਿਰਧ ਸੀ ਤੇ ਨਜ਼ਰੋਂ ਕੁਝ ਪਤਲਾ ਸੀ।

"ਆਪਾਂ ਭਲਾ ਬੌਲਦਾਂ ਦੀਆਂ ਪੂੰਛਾਂ ਮੁੰਨਦੇ ਆਂ... ਮਖ...।"

ਕੋਲ ਆ, ਉਸ ਉਹਦੀ ਵੱਖੀ ਲਟਕਦੇ ਝੋਲੇ ਵੱਲ ਸੈਨਤ ਕਰਦਿਆਂ ਕਿਹਾ।

ਇੱਕ ਪਲ ਉਹ ਮੱਚ ਉੱਠਿਆ ਅਤੇ ਉਹਨੂੰ ਆਪਦੇ ਧੁਰ ਅੰਦਰ ਕੁੱਝ ਟੁੱਟ ਜਾਣ ਦਾ ਅਹਿਸਾਸ ਚੀਰ ਪਾਉਂਦਾ ਲੰਘ ਗਿਆ। ਰੋਹ ਦੀ ਭਰਵੀਂ ਛੱਲ ਉਹਨੂੰ ਅੰਨ੍ਹਿਆਂ ਕਰ ਗਈ। ਉਹਦਾ ਦਿਲ ਕੀਤਾ... ਇੱਕ ਤਕੜਾ ਘਸੁੰਨ ਬੁੜ੍ਹੇ ਦੀਆਂ ਰਗਾਂ 'ਚ ਮਾਰੇ... ਜਾਂ ਇਹਦਾ ਗੱਲ ਘੁੱਟ ਦੇਵੇ... ਪਰ ਉਹ ਇੱਕ ਤਕੜੀ ਥੁੱਕ ਬੁੱਢੇ ਦੇ ਪੈਰੀਂ ਥੁੱਕਦਾ, ਛੋਹਲੇ ਕਦਮੀਂ ਤੁਰਦਾ, ਪਿੰਡ ਦੀ ਫਿਰਨੀਏ ਆ ਰਿਹਾ।

ਸਹੁਰਿਆਂ ਦੇ ਸੱਜਰੇ ਖ਼ਤ ਨੂੰ ਫਿਰ ਚੇਤੇ ਕਰਦਿਆਂ ਅਤੇ ਅੱਥਰੀ ਵਹਿੜ

ਦੀ ਉਡਾਈ ਧੂੜ ਲੀੜਿਆਂ ਤੋਂ ਛੰਡਦਿਆਂ ਉਸ ਕਿਆਸ ਕਰਨਾ ਚਾਹਿਆ ਕਿੱਧਰੇ ਉਹਦੇ ਸਹੁਰਿਆਂ ਨੇ ਖ਼ਤ ਲਿਖ ਕੇ ਉਸ ਨਾਲ ਠੱਠਾ ਤਾਂ ਨਹੀਂ ਸੀ ਕੀਤਾ, ਕਿ ਇੱਥੇ ਉਹਦੀ ਸ਼ਾਨ ਮੁਤਾਬਕ ਸਭ ਕੁਝ ਬਦਲ ਦਿੱਤਾ ਗਿਆ ਸੀ। ਅਚਨ-ਚੇਤ ਉਹਦੀ ਸੋਚ ਵਿੱਚ ਫਿਰ ਸਹੁਰਿਆਂ ਦਾ ਉਹ ਕੱਚਾ ਘਰ ਉੱਸਰ ਆਇਆ ਜੀਹਦੀਆਂ ਮੁਕਲਾਵੇ ਮਗਰੋਂ ਉਸ ਭੁੱਲ ਕੇ ਵੀ ਬਰੂੰਹਾਂ ਨਹੀਂ ਸਨ ਟੱਪੀਆਂ ਅਤੇ ਹੁਣ ਉਹ ਛੀਂਵੇਂ ਵਰ੍ਹੇ ਇੱਕ ਤਰ੍ਹਾਂ ਨੱਕ ਦੀਆਂ ਲੀਕਾਂ ਕੱਢਵਾ ਕੇ ਆ ਰਿਹਾ ਸੀ।

ਸ਼ਾਇਦ ਪਿੰਡ ਨੇੜੇ ਆ ਜਾਣ ਕਰਕੇ, ਉਹਦੀ ਤੋਰ ਵਿੱਚ ਲੋਹੜੇ ਦੀ ਮਟਕ ਆ ਜਾਂਦੀ ਅਤੇ ਉਹ ਸਹੁਰਿਆਂ ਬਾਰੇ ਹੋਰ ਮੰਦਾ ਚਿਤਵ ਜਾਂਦਾ ਜੇ ਬੋਹੜਾਂ ਥਲਵੇਂ ਖੇੜੇ ਕੋਲ ਉਹ ਪੋਰੋਂ ਹੀ ਨਾ ਬਿੜਕ ਜਾਂਦਾ। ਠੱਟੀ ਦੇ ਲੰਡਰ ਕੁੱਤਿਆਂ ਦੀ ਇਕ ਹੇੜ... ਉਹਦੀਆਂ ਲੱਤਾਂ ਵੱਲ ਨੂੰ ਲਪਕੀ, ਦੁਖੀ ਹੋਏ ਉਸ ਵੱਖੀ ਲਟਕਦਾ ਝੋਲਾ... ਚੁਫ਼ੇਰੇ ਘੁੰਮਾਇਆ ਅਤੇ ਮਨ ਹੀ ਮਨ ਭਰਵੀਂ ਗਾਲ੍ਹ ਦਿੰਦਾ ਘਾਬਰ ਜਿਹਾ ਗਿਆ। ਸ਼ਰਮ ਅਤੇ ਤਲਖ਼ੀ ਦੀ ਭਾਵਨਾ ਨਾਲ ਉਸ ਰੋ ਪੈਣਾ ਚਾਹਿਆ ਪਰ ਕੁੱਤੇ ਫਿਰ ਵੀ ਕੁੱਦ-ਕੁੱਦ ਪਈ ਗਏ ਤਾਂ ਉਹਦਾ ਦਿਲ ਕੀਤਾ ਉਹ ਪੋਰੋਂ ਹੀ ਪਰਤ ਜਾਵੇ... ਅਤੇ ਆਪਣੇ ਮਿੱਤਰ ਠੇਕੇਦਾਰ ਦਾ ਪਸਤੌਲ ਲੈ ਕੇ ਆਵੇ... ਜਾਂ ਪਿੰਡ ਦੇ ਕਿਸੇ ਮੋਹਤਬਿਰ ਨੂੰ ਗਲਮਿਉਂ ਫੜ ਕੇ ਪੁੱਛੇ ਕਿ ਆਖ਼ਰ ਇਹ ਕਿਹੜੀ ਮਿਲਖ ਦੀ ਰਾਖੀ ਲਈ ਉਨ੍ਹਾਂ ਕੁਤੀੜ ਪਾਲ ਰੱਖੀ ਸੀ। ਉਸ ਕ੍ਰੋਧ ਭਰੀਆਂ ਨਜ਼ਰਾਂ ਨਾਲ ਦੂਰ ਘਰਾਂ ਵੱਲ ਦੇਖਿਆ, ਚਾਰ-ਚੁਫ਼ੇਰੇ ਹੁਨਾਲ ਦਾ ਹੁੱਸੜ ਸਹਿਕ ਰਿਹਾ ਸੀ ਅਤੇ ਗਲੀ ਦੇ ਅਗਲੇ ਸਿਰੇ ਤੱਕ ਸੁੰਨ ਪੱਸਰੀ ਪਈ ਸੀ। ਪੱਛੋਂ ਦਾ ਤੇਜ਼ ਠੱਕਾ ਭੂਏਂ ਦੇ ਕੱਖ ਕਦੇ ਅੰਬਰ ਵੱਲ ਲੈ ਉੱਡਦਾ, ਕਦੇ ਭੂਏ 'ਤੇ ਲਿਆ ਸੁੱਟਦਾ।

ਉਹ ਨਹੀਂ ਸੀ ਜਾਣਦਾ ਦੂਰ ਧਰਮਸ਼ਾਲਾ ਦੇ ਉੱਚੇ ਥੜ੍ਹੇ 'ਤੇ ਮੁਢੀਰ 'ਭਾਬੋ-ਪੋਤਾ' ਖੇਡ ਰਹੀ ਸੀ ਅਤੇ ਮੁੰਡਿਆਂ ਦੇ ਇਕ ਤਿਲਕਵੀਂ ਨਜ਼ਰ ਵੇਖਣ ਮਗਰੋਂ ਏਨਾ ਕਹਿਣ 'ਤੇ ਕਿ "ਕੋਈ ਓਪਰੈ..."

ਮੁਢੀਰ ਫਿਰ ਖੇਡ ਵਿਚ ਰੁਝ ਗਈ ਸੀ।

ਪਰ ਨੋਖੇ ਮੁੰਦਰਾਂ ਵਾਲੇ ਦਾ ਮੋੜ ਮੁੜਦਿਆਂ, ਜਦੋਂ ਉਨ੍ਹਾਂ ਕਿਰਪੀ ਨੈਣ ਮੂਹੋਂ ਚੀਕਵਾਂ ਸੁਣਿਆ, "ਹਾਏ... ਹਾਏ... ਨੀ ਬੀਰ ਕਾ ਪਰਾਹੁਣਾਂ..." ਤਾਂ ਤਾਸ਼ ਮੁੰਡਿਆਂ ਦੇ ਹੱਥੋਂ ਖਿੰਡ ਗਈ।

ਕੁੱਤਿਆਂ ਨੂੰ ਦੱਬਕ ਮੁੰਡੇ ਖਿੱਲਰ ਗਏ। ਹੇਠੀ ਬਦਲੇ ਉਹ ਪਿੰਡ ਦੇ ਮੂੰਹ 'ਤੇ ਥੁੱਕਣਾਂ ਚਾਹੁੰਦਾ ਸੀ। ਪਰ ਜਿਉਂ ਹੀ ਗਲੀ ਵਿਚ ਵੜਦਿਆਂ ਸਰਪੰਚਾਂ ਕੀ ਗੁਰ ਕੌਰ, ਪਲਕੀਂ ਚੁੱਕ ਲੈਣ ਵਾਲੇ ਆਦਰ ਨਾਲ ਮਿਲੀ... ਅਸੀਸ ਦਿੱਤੀ, ਮੱਥਾ ਚੁੰਮਿਆ... ਅਤੇ ਉਹਦੇ ਪੈਰੋਂ ਮਿੱਟੀ ਫੜ੍ਹ... ਮੱਥੇ ਤੱਕ ਲੈ ਗਈ ਤਾਂ ਉਹਦੀ ਸਾਰੀ



ਉਦਾਸੀ ਦੂਰ ਹੋ ਗਈ। ਸ਼ਾਨ ਨਾਲ ਤੁਰਦਿਆਂ ਉਸ ਇਉਂ ਧੌਣ ਅਕੜਾ ਲਈ ਮੱਤੇਖੀ ਲੁਹਾਰ ਦੀ ਅਹਿਰਨ ਦੁਆਲੇ ਬੈਠੇ ਬੰਦਿਆਂ ਦੀ ਫ਼ਤਿਹ, ਉਸ ਗੌਲੀ ਹੀ ਨਾ। ਸੁਖਾਵਾਂ ਸਾਹ ਲੈਂਦਿਆਂ ਉਹ ਸਹੁਰੇ ਘਰ ਦੀ ਡਿਉਢੀ ਲੰਘ ਗਿਆ।

ਉਹਦੇ ਘਰ ਵੜਦਿਆਂ ਹੀ ਜਿਵੇਂ ਸੁੰਨ ਵਰਤ ਗਈ। ਹਰ ਕੋਈ ਜਿਵੇਂ ਦਹਿਲ ਉੱਠਿਆ ਹੋਵੇ। ਠਠੰਬਰ ਗਏ ਪੈਰੀਂ ਕੁੜੀਆਂ ਉਹਨੂੰ ਨਵੀਂ ਛੱਤੀ ਬੈਠਕ ਵੱਲ ਲੈ ਤੁਰੀਆਂ। ਉਹ ਮੰਜੀ ਵਿਛਾਂਦਿਆਂ ਕੁੜੀਆਂ ਨੂੰ ਹੱਥਾਂ ਪੈਰਾਂ ਦੀ ਪਈ ਵਿੰਹਦਾ ਰਿਹਾ। ਸੱਸ ਦੂਰ ਹੀ ਹੱਥ ਜੋੜ ਠਿੱਠਕ ਗਈ ਤਾਂ ਉਸ ਸੋਚਿਆ, ਠੀਕ ਕੁਝ ਕੁਝ ਬਦਲਿਆ ਹੀ ਗਿਆ ਸੀ। ਉਹ ਮੰਜੀ 'ਤੇ ਖਿੱਲਰ ਕੇ ਬੈਠ ਗਿਆ। ਅਲਮਾਰੀ ਦੇ ਵੱਡੇ ਸ਼ੀਸ਼ੇ ਵਿੱਚ ਆਪਣੇ ਸਿਰ ਦੇ ਲੰਮੇ ਪਟੇ ਵਾਹੁੰਦਿਆਂ ਉਹਨੂੰ ਕੇਰਾਂ ਰਾਹ ਦੀ ਸਾਰੀ ਧੂੜ ਸਾਫ਼ ਹੋ ਗਈ ਜਾਪੀ।

ਚੌੜੀ ਟਾਈ ਦੀ ਨਾਟ... ਬੂਟਾਂ ਦੀ ਲੂੰਈਂ... ਪੈਂਟ ਦੀ ਕਰੀਜ਼... ਅਤੇ ਚੌੜੀਆਂ ਹਲਕੀਆਂ ਸਾਵੀਆਂ ਐਨਕਾਂ ਸੁਰਦਿਆਂ, ਉਸ ਬੈਠਕ ਦੇ ਦਰਾਂ 'ਚ ਖੜ੍ਹ ਕੇ ਬਾਹਰ ਦੇਖਿਆ; ਵਿਹੜੇ ਵਿੱਚ ਆ ਜੁੜੇ ਜੁਆਕ, ਉਹਦੀ ਸੱਸ ਦੇ ਹੱਥ ਜੋੜ-ਜੋੜ ਭੇਜਣ 'ਤੇ ਵੀ ਵਿਹਰੇ ਖੜ੍ਹੇ ਸਨ।

ਟਹਿਲਦਾ ਜਦ ਉਹ ਮੰਜੇ 'ਤੇ ਜਾ ਲੇਟਿਆ, ਉਹਨੂੰ ਜਾਪਿਆ, ਜਿਵੇਂ ਇਕਾ-ਇਕ ਵਿਹੜਾ, ਪਿੰਡ ਦੀਆਂ ਤਰੀਮਤਾਂ ਨਾਲ ਭਰਿਆ ਗਿਆ ਹੋਵੇ। ਉਹ ਸੁਭ ਹੋ ਕੇ ਬੈਠ ਗਿਆ ਅਤੇ ਮਨ ਵਿੱਚ ਉਨ੍ਹਾਂ ਤਿੱਖੇ ਸ਼ਬਦਾਂ ਬਾਰੇ ਸੋਚਣ ਲੱਗਾ, ਜੀਹਨਾਂ ਆਸਰੇ ਉਹ ਇਨ੍ਹਾਂ ਉਜੱਡ ਲੋਕਾਂ ਨਾਲ ਵਾਰੇ ਆ ਸਕਦਾ ਸੀ।

ਉਸ ਟੇਢ੍ਹੀ ਨਜ਼ਰੇ ਬਾਹਰ ਡਿੱਠਾ; ਉਹਦੀ ਵੱਡੀਉਂ ਨਿੱਕੀ ਸਾਲੀ ਪਰ੍ਹਾਂ ਓਟੇ ਲਾਗ ਜਾ ਖਲੋਤੀ ਸੀ। ਹਰ ਆਉਣ ਵਾਲੀ ਗੁਆਂਢਣ ਨੂੰ ਉਹ ਉੱਛਲ ਕੇ ਦੱਸਦੀ:

"...ਨੀ... ਮੈਂ ਮਰ ਜਾਂ ਨੀ... ਲੋਹੜਾ... ਸਿਰ ਮੁੰਨਿਆ ਵਿਆ... ਐਡੇ ਐਡੇ ਪਟੇ... ਗਰਾਰੇ ਅਰਗੀ ਪੈਂਟ... ਲੀਲੀਆਂ ਐਨਕਾਂ... ਸਹੁੰ ਭਾਈ ਦੀ...।"

ਤੇ ਪਰਾਹੁਣਾ ਵੇਖਣ ਆਈ ਹਰ ਤਰੀਮਤ ਦੇ ਉਹ ਇਉਂ ਉੱਛਲ ਕੇ ਗਲ ਚੰਬੜਦੀ ਕਿ ਹੁੱਬ ਕੇ ਆਈ ਤਰੀਮਤ ਇਕ ਨਜ਼ਰ ਭੈ-ਭੀਤ ਹੋਈ, ਅਚੰਭੇ ਨਾਲ ਪਹਿਲਾਂ ਇੱਕ ਨਜ਼ਰ ਪਰਾਹੁਣਾ ਝਾਕਦੀ, ਫਿਰ ਘਰ ਦੀ ਸੁਆਣੀ ਕੋਲ ਜਾ ਖੜ੍ਹਦੀ।

ਮੁਟਿਆਰ ਕੁੜੀਆਂ, ਆਪਣੀ ਭੈਣ ਅਤੇ ਸਹੇਲੀ ਦੇ ਨਾਂ ਆਉਣ ਬਾਰੇ, ਪੁੱਛਦੀਆਂ ਤੇ ਸ਼ਹਿਰੀ ਜੀਜੇ 'ਤੇ ਨੱਕ-ਬੁੱਲ੍ਹ ਵੱਟ ਐਧਰ ਓਧਰ ਦੀਆਂ ਮਾਰਨ ਲਗਦੀਆਂ। ਪਰ ਪਕਰੇੜ ਤੀਵੀਆਂ ਠੋਡੀਏ ਉਂਗਲ ਧਰਦੀਆਂ।

"ਹਨੀਂ ਦਲੀਪ ਕੁਰੇ... ਪਰਾਹੁਣੇ ਦੇ ਕੇਸ...।"

ਉਹਦੀ ਸੱਸ ਜਿਵੇਂ ਬੁਝ ਜਾਂਦੀ। ਆਪਦੇ ਹੀ ਮੂੰਹੋਂ ਧੀ ਦੇ ਕਿਸੇ ਘਰ-ਘਰਾਣੇ ਵਿਆਹੀ ਜਾਣ ਦੀ ਵਡਿਆਈ, ਮਿੱਟੀ-ਘੱਟੇ ਰੁਲ ਗਈ ਜਾਪਦੀ ਤੇ ਤਿੜਕੇ ਮਨੋਂ ਗੱਲ ਆਈ ਗਈ ਕਰਦੀ ਆਖਦੀ:

"ਚਲ ਬੀਬੀ... ਰਵਾਜ ਹੋਊ ਘਰੇ...!"

ਉਹ ਜੁਆਈ ਦੇ ਮਸਾਂ ਆਉਣ 'ਤੇ ਮੱਥੇ ਵੱਟ ਨਹੀਂ ਸੀ ਪਾਉਣਾ ਚਾਹੁੰਦੀ।

ਪੱਕੇ ਮੱਠੇ ਦਾ ਸ਼ਰਬਤ ਲੈ ਕੇ ਆਈ ਉਹਦੀ ਸੱਸ; ਜਦ ਮੈਲੇ ਦੁਪੱਟੇ ਦੀ ਚੁਕ ਨਾਲ ਹੀ ਕਿੰਨਾ ਚਿਰ ਗਲਾਸੀ ਪੂੰਝੀ ਗਈ, ਤਾਂ ਗਦ ਗਦ ਹੁੰਦੇ ਉਸ ਸਹੁਰਿਆਂ ਦਾ ਉਹ ਆਖ਼ਰੀ ਖ਼ਤ ਚਿਤਵਿਆ, ਜਿਹੜਾ ਉਹਨੂੰ ਸੱਚਾ ਸੱਚਾ ਜਾਪਣ ਲੱਗ ਪਿਆ ਸੀ। ਆਖ਼ਰ ਹੁਣ ਕੋਈ ਗੱਲ ਸੀ ਜੁਆਈਆਂ ਵਾਲੀ... ਨਹੀਂ ਜਦੋਂ ਉਹ ਮੁਕਲਾਵਾ ਲੈਣ ਆਇਆ ਸੀ ਤਾਂ ਉਹਦੀ ਸਾਲੀ ਦਾ ਠੱਠਾ ਹੀ ਮਾਣ ਨਹੀਂ ਸੀ। ਮੰਜੇ ਬੈਠਿਆਂ ਉਹ ਉਹਦੇ ਗਲ ਜਲੇਬੀਆਂ ਦਾ ਹਾਰ ਪਾ ਗਈ ਸੀ ਅਤੇ ਸਾਰਾ ਟੱਬਰ ਦੂਜੇ ਦਿਨ ਸਵੇਰ ਤੱਕ ਉਹਦਾ ਮੌਜੂ ਉਡਾਂਦਾ ਰਿਹਾ ਸੀ।

ਉਹਦੇ ਅੰਦਰ ਸਿਗਰਟ ਦੀ ਮਾਰੂ ਤਲਬ ਉਸਲਵੱਟੇ ਲੈ ਰਹੀ ਸੀ। ਉਹ ਆਪਣਾ ਧਿਆਨ ਇਸ ਕੁਵੇਲੇ ਦੀ ਤਲਬ ਵੱਲੋਂ ਵਾਰ-ਵਾਰ ਹੋੜ ਰਿਹਾ ਸੀ। ਚਾਣਚੱਕ ਉਹ ਚੋਟੀ ਤੋਂ ਪੈਰਾਂ ਤੱਕ ਲਰਜ਼ ਗਿਆ। ਖੇਤੋਂ ਪਰਤ ਕੇ ਆਈ ਮੁਟਿਆਰ ਸਾਲੀ ਨੂੰ ਉਹ ਵੇਂਹਦਾ ਹੀ ਰਹਿ ਗਿਆ। ਮਨ ਹੀ ਮਨ ਉਸ ਅੰਗੜਾਈ ਲਈ। ਉਹਦਾ ਅੰਗ-ਅੰਗ ਜਿਵੇਂ ਸੁਆਦਿਆ ਗਿਆ। ਮੁਟਿਆਰ ਕੁੜੀ, ਸਬਾਤ ਦੀ ਛੱਤ ਛੋਂਹਦੀ ਸੀ ਅਤੇ ਸੰਧੂਰਿਆ ਜੋਬਨ ਵੇਖਣ ਵਾਲੇ ਦੇ ਧੁਰ-ਅੰਦਰ ਉੱਤਰਦਾ ਸੀ। ਉੱਥ ਉਹਦੇ ਦਫ਼ਤਰ ਵੀ ਕੁੜੀਆਂ ਸਨ... ਉਹਨੇ ਸੋਚਿਆ। ਉਹਦੇ ਸ਼ਹਿਰ ਵੀ... ਅਤੇ ਉਹਦੀ ਆਪਦੀ ਵਹੁਟੀ ਸੋਹਣੀ ਸੀ ਪਰ ਉਸ ਪਲ ਉਹਨੂੰ ਜਾਪਿਆ, ਜਿਵੇਂ ਕੱਤੇ ਕੱਤੇ ਹੀ ਸੀ। ਜੀਹਦੀ ਸ਼ਰਮ ਵਿੱਚ ਗਰਕੀ ਅੱਖ ਹੀ ਉਹਨੂੰ ਪੱਛ ਗਈ ਸੀ। ਉਹਦੇ ਜੀ 'ਚ ਆਈ ਅੰਦਰ ਮਿਲਣ ਆਈ ਕੁੜੀ ਨਾਲ ਉਹ ਅੱਖ ਸਾਂਝੀ ਕਰੇ ਅਤੇ ਉਹਨੂੰ ਜਲੇਬੀਆਂ ਦੇ ਹਾਰ ਵਾਲੀ ਗੱਲ ਚੇਤੇ ਕਰਵਾਏ। ਇੱਕ ਘੜੀ ਉਹਨੂੰ ਸਹੁਰਿਆਂ ਨਾਲ ਪਿਛਲੀਆਂ ਸਾਰੀਆਂ ਵਾਧੀਆਂ-ਘਾਟੀਆਂ ਵਿੱਸਰ ਗਈਆਂ ਅਤੇ ਸਾਹਾਂ ਵਿੱਚ ਮਹਿਕ ਜਹੀ ਖਿੜ ਗਈ।

ਪਰ ਤਦੇ... ਕਿਸੇ ਦਰਾਂ ਵਿੱਚ ਹੀ ਹੱਥ ਜੋੜੇ...। ਇਸ ਤੋਂ ਪਹਿਲਾਂ ਕਿ ਉਹ ਕੁਝ ਆਖਦਾ, ਕੁੜੀ ਸੰਗ ਕੇ ਪੈਰੋਂ ਹੀ ਪਰਤ ਗਈ। ਉਹਦੀਆਂ ਅੱਖਾਂ ਵਿੱਚ ਕੁਝ ਬੁਝ ਜਿਹਾ ਗਿਆ। ਸੁਤੇ ਬੋਲ ਉਹਦੇ ਬੁੱਲੀਂ ਟੁੱਟ ਗਏ। ਉਹਦਾ ਮੱਥਾ ਕਿਸੇ ਅ-ਕਹਿ ਪੀੜ ਨਾਲ ਭਰਿਆ ਗਿਆ। ਉਦਾਲੇ ਜਿਵੇਂ ਚੁੱਪ ਦੀ ਬੰਜਰ ਕੰਧ ਉੱਸਰਨੀ ਸ਼ੁਰੂ ਹੋ ਗਈ। ਉਹਨੂੰ ਸਹੁਰਿਆਂ ਨਾਲ ਵਿਗੜਨ ਦਾ ਚੀਰਵਾਂ ਅਹਿਸਾਸ ਹੋਇਆ



ਅਤੇ ਸੋਚਿਆ ਆਖ਼ਰ ਇਉਂ ਉਸ ਮੁਟਿਆਰ ਸਾਲੀਆਂ ਦੇ ਸਾਥ ਖੁਣੋ ਏਨੇਂ ਵਰ੍ਹੇ ਭੁੱਗ ਦੇ ਭਾਅ ਰੋਹੜ ਘੱਤੇ ਸਨ।

ਤਦੇ ਹੀ ਬਾਹਰ, ਸੋਟੀ ਖੜਕਾਉਂਦੀ ਬਾਹਮਣਾਂ ਦੀ ਸੋਮਾਂ ਬੁੜ੍ਹੀ ਆ ਖੜ੍ਹੀ; ਬਿਰਧ ਦੇਹ ਕੰਬ ਰਹੀ ਸੀ।

"... ਕੁੜੇ ਦਲੀਪ ਕੁਰੇ... ਆਪਣੇ ਘਰੇ ਡਾਕਦਾਰਨੀ ਆਈ ਐ?"

ਅੰਦਰ ਬੈਠਾ ਉਹ ਲੂੰ-ਲੂੰ ਪੱਛਿਆ ਗਿਆ। ਕਰੋਧ ਨਾਲ ਉਸ ਬਾਹਰ ਡਿੱਠਾ। ਸਾਰੇ ਜੀਅ ਉਹਦੇ ਮੂੰਹ ਅੱਗੇ ਹੱਥ ਦੇਈ ਖੜ੍ਹੇ ਸਨ।

"ਪਰਾਹੁਣੇ ਤਾਈ...!"

"ਸਹੁੰ ਖਾ ਤਾਂ..." ਉਹਦੇ ਮੰਨਣ ਵਿਚ ਹੀ ਨਹੀਂ ਸੀ ਆ ਰਿਹਾ।

ਉਹਨੂੰ ਲੱਗਾ ਜਿਵੇਂ ਪੁੜਪੁੜੀ ਚੀਰਦੀ ਜਾ ਰਹੀ ਹੋਵੇ। ਲੁਸਵੇਂ ਚਿੱਤ ਉਹ ਬਾਹਰਲੇ ਦਰੀਂ ਆ ਰਿਹਾ। ਮੁੰਡੇ ਨੂੰ ਰੋਹ 'ਚ ਤੁਰਿਆ ਜਾਂਦਾ ਵੇਖ, ਉਹਦੀ ਸੱਸ ਸਹਿਮ ਗਈ। ਜਾਹ ਜਾਂਦੀਏ ਉਸ ਸੋਚਿਆ। ਜੁਆਈ ਦੇ ਹਾਸੇ-ਹੀਣੇ ਵੇਸ ਉੱਤੇ ਤਾਂ ਉਹ ਆਪ ਹੀ ਦੁਖੀ ਸੀ। ਜਵਾਈ ਦਾ ਸਿਰ ਮੁੰਨਿਆਂ ਵੇਖ ਤਾਂ ਉਸ ਦਾ ਦਿਲ ਹੀ ਬੈਠ ਗਿਆ ਸੀ। ਪਰ ਸੋਮਾਂ ਬੁੜ੍ਹੀ... ਨੇ ਤਾਂ ਹੱਦ ਹੀ ਕਰ ਦਿੱਤੀ ਸੀ।

ਅੰਦਰੋਂ ਉੱਠ ਉਹ ਅਕਾਰਥ ਹੀ, ਨਿਆਂਈ 'ਚ ਵਗਦੇ ਖੂਹ ਨੂੰ ਤੁਰਿਆ ਗਿਆ। ਉਹਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਇਧਰ ਕਿਉਂ ਆ ਗਿਆ ਸੀ?

"ਤਕਾਵੀਆਂ ਆਲਾ ਤਾਂ ਨਹੀਂ?"

ਖੂਹ 'ਤੇ ਖੜੋਤੇ ਗੱਭਰੂਆਂ ਕਿਆਸ ਲਾਇਆ।

"ਕਾਹਨੂੰ ਇਹ ਤਾਂ ਬੀਰੋ ਕਾ ਪਰਾਹੁਣੈ..."

ਔਲੂ 'ਤੇ ਕੱਪੜੇ ਧੋਂਦੀ ਗੋਹਲਿਆਂ ਕੀ ਰੱਜੋ ਨੇ ਕਿਹਾ, ਤਾਂ ਗੱਭਰੂ ਅੱਖਾਂ ਵਿੱਚ ਹੱਸਕੇ ਚੁੱਪ ਕਰ ਗਏ।

ਸਾਰਾ ਪਿੰਡ ਜਾਣਦਾ ਸੀ, ਪਰਾਹੁਣੇ ਨੂੰ ਪਿੰਡ ਚੰਗੇ ਨਹੀਂ ਸਨ ਲੱਗੇ। ਛੇ ਵਰ੍ਹੇ ਉਹ ਸਹੁਰੇ ਘਰ ਲਈ ਮਰਿਆ ਰਿਹਾ ਸੀ ਅਤੇ ਹੁਣ ਜਦ ਕਿ ਉਹਦੇ ਸਹੁਰਿਆਂ ਕਰਜ਼ੇ ਦੀ ਭਾਰੀ ਪੰਡ ਚੁੱਕ ਲਈ ਸੀ ਅਤੇ ਆਏ ਗਏ ਲਈ ਬੈਠਕ ਛੱਤਣ ਤੋਂ ਬਿਨਾਂ ਘਰ ਦੇ ਜੀਆਂ ਸਣੇਂ, ਉਹਦੇ ਆਉਣ ਨੂੰ ਸਹਿਕੇ ਪਏ ਸਨ ਤਾਂ ਕਿੱਧਰੇ ਜਾ ਕੇ ਉਸ ਬਰੂਹਾਂ ਲੰਘੀਆਂ ਸਨ। ਉਹਦੀ ਪੇਂਡੂਆਂ ਪ੍ਰਤੀ ਨਫ਼ਰਤ ਨੇ ਹੀ ਉਹਨੂੰ ਸਹੁਰੇ ਘਰ ਨਾਲ ਮਿਲਣ ਵਰਤਣ ਨਹੀਂ ਸੀ ਦਿੱਤਾ। ਉਸ ਪਲ ਉਹ ਖੂਹ 'ਤੇ ਖੜੋਤੇ ਗੱਭਰੂਆਂ ਤੋਂ ਮਨ ਹੀ ਮਨ ਸਤਿਕਾਰ ਦੀ ਆਸ ਰੱਖਦਾ ਸੀ ਪਰ ਜਿਉਂ ਹੀ ਗੱਭਰੂ ਮੁੰਡੇ ਅੱਖਾਂ 'ਚ ਹੱਸ ਬਲਦਾਂ ਨੂੰ ਟਿੱਚਰਾਂ ਕਰਨ ਲੱਗ ਪਏ ਤਾਂ ਉਹਦੀ ਰਹਿੰਦੀ ਹੋਸ਼ ਵੀ ਬੁਝ ਗਈ।

ਬੈਠਕ ਵੱਲ ਮੁੜਦਾ ਉਹ ਅੰਤਾਂ ਦਾ ਉਦਾਸ ਹੋ ਗਿਆ। ਉਹਦਾ ਦਿਲ ਕੀਤਾ ਉਹ ਮੁਟਿਆਰ ਸਾਲੀ ਨੂੰ ਇਕ ਨਜ਼ਰ ਵੇਖ, ਇੱਥੋਂ ਹਮੇਸ਼ਾ ਲਈ ਚਲਾ ਜਾਏ।

ਉਹਨੂੰ ਬੈਠਕ ਦੇ ਦਰੀਂ ਉਦਾਸ ਖਲੋਤਾ ਵੇਖ, ਉਹਦੀ ਸੱਸ ਆਦਰ ਵਜੋਂ ਕੋਲ ਆ ਖੜ੍ਹੀ। "ਕੁਝ ਚਾਹੀਦੈ ਪੁੱਤ...।"

ਸਧਾਰਨ ਜਹੇ ਬੋਲ, ਉਹਦੀਆਂ ਆਂਦਰਾਂ ਵਿੱਚ ਉਤਰਦੇ ਚਲੇ ਗਏ। ਉਹਨੂੰ ਲੱਗਾ, ਜਿਵੇਂ ਸਾਰੇ ਪਿੰਡ ਦੀਆਂ ਅੱਖਾਂ ਉਹਨੂੰ ਵਿੰਨ੍ਹ ਰਹੀਆਂ ਹੋਣ। ਫਿਰ ਉਹ ਜ਼ੋਰ ਦੇ ਕੇ ਸੋਚਣ ਲੱਗਾ ਆਖ਼ਰ ਉਹ ਕਿਹੜੀ ਗੱਲੋਂ ਹਾਸੋ-ਹੀਣਾ ਸੀ? ਅਜਿਹੀ ਕਿਹੜੀ ਸ਼ੈ ਸੀ ਜੋ ਉਹਦੇ ਅਤੇ ਲੋਕਾਂ ਵਿਚਕਾਰ ਕਿਸੇ ਖਾਈ ਵਾਂਗ ਸੀ।

ਇਕਾ-ਇਕ ਉਹ ਹੈਰਾਨ ਰਹਿ ਗਿਆ। ਉਹਨੂੰ ਆਪਣੇ ਕਪੜੇ ਲੋੜੋਂ ਬਹੁਤੇ ਓਪਰੇ ਜਾਪੇ, ਉਹ ਸੋਚੀਂ ਪੈ ਗਿਆ। ਉਹਨੂੰ ਜਾਪਿਆ, ਠੀਕ ਉਹਦੀ ਕਮੀਜ਼ ਜਿਹੜੀ ਲੱਕੋਂ ਸੌੜੀ ਤੇ ਕਿਸੇ ਰਜਾਈ ਦੇ ਅਮਰੇ ਵਰਗੀ ਸੀ ਮਰਦਾਂ ਵਾਲੀ ਨਹੀਂ ਸੀ। ਪੈਂਟ ਵੀ ਏਨੀ ਖੁੱਲ੍ਹੀ ਨਹੀਂ ਸੀ ਚਾਹੀਦੀ। ਅਲਮਾਰੀ ਦੇ ਵੱਡੇ ਸ਼ੀਸ਼ੇ ਮੂਹਰੇ ਖਲੋਤਿਆਂ ਉਹਨੂੰ, ਧੌਣ 'ਤੇ ਪੈਂਦੇ ਪਟੇ, ਡਾਢੇ ਭੈੜੇ ਜਾਪੇ। ਲੱਗਾ ਉਹਨੇ ਫ਼ਜ਼ੂਲ ਹੀ ਸਿਰ ਮੁਨਵਾ ਲਿਆ ਸੀ।

ਉਹਦਾ ਦਿਲ ਕੀਤਾ, ਉਹ ਉਦਾਲੇ ਦੇ ਕੱਪੜੇ ਤਾਰ ਤਾਰ ਕਰ ਦੇਵੇ ਅਤੇ ਇੱਥੋਂ ਨੱਸ ਜਾਏ। ਪਸ਼ੇਮਾਨ ਜਿਹਾ ਹੋਇਆ ਕਿੰਨਾਂ ਚਿਰ ਉਹ ਬੈਠਕ ਦੇ ਦਰੀਂ ਖੜ੍ਹਾ ਰਿਹਾ।

ਅਚਾਨਕ ਪਤਾ ਨਹੀਂ ਉਹਦੇ ਜੀ ਵਿੱਚ ਕੀ ਆਈ। ਉਸ ਗਰਾਰੇ ਵਰਗੀ ਪੈਂਟ ਲਾਹ ਕੇ ਮੰਜੀ 'ਤੇ ਸਿੱਟ ਦਿੱਤੀ। ਕਿੱਲੀ ਟੰਗਿਆ ਇਕ ਬਹੁਤ ਮੈਲਾ ਜਿਹਾ ਪਰਨਾ ਸਿਰ 'ਤੇ ਵਲ੍ਹ ਲਿਆ ਅਤੇ ਤੇੜ ਦਰਾਂ 'ਚ ਪਈ ਪੱਠਿਆਂ ਵਾਲੀ ਮੈਲੀ ਚਾਦਰ ਬੰਨ੍ਹ ਲਈ। ਹਨ੍ਹੇਰੀ ਵਾਂਗ ਅੰਦਰੋਂ ਨਿਕਲ ਉਹ ਬਾਹਰ ਚੌਂਕੇ ਲਾਗ ਆ ਖੜ੍ਹਾ। ਜਿੱਥੇ ਉਹਦੀ ਸੱਸ ਅਤੇ ਸਾਲੀ ਕੁਝ ਰਿੰਨ੍ਹ-ਪਕਾ ਰਹੀਆਂ ਸਨ। ਦੋ ਬੋਲ ਸਾਂਝੇ ਕਰਨ ਖ਼ਾਤਰ ਉਸ ਕੁੜੀ ਬੜੀ ਹੌਰੂ-ਹੌਰੂ ਝਾਕੀ ਪਰ ਕੁੜੀ ਹੈਰਾਨ ਹੋਈ, ਜੀਜੇ ਦੇ ਸਿਰ ਉਤੇ ਮੈਲਾ ਪਰਨਾ ਅਤੇ ਲੱਕ ਪੱਠਿਆਂ ਵਾਲੀ ਚਾਦਰ ਵੇਖ, ਕੱਚੇ ਅੰਦਰ ਲੰਘ ਗਈ।

ਕੁੜੀ ਪੈਰਾਂ ਤੀਕ ਕੰਬ ਗਈ ਸੀ। ਅੱਗੇ ਹੀ ਉਹ ਕਿੰਨੇ ਵਖ਼ਤਾਂ ਨਾਲ ਆਇਆ ਸੀ ਅਤੇ ਹੁਣ ਜਦ ਕਿ ਉਸ ਘਰ ਦੇ ਅਤਿ ਗੰਦੇ ਲੀੜੇ ਦੁਆਲੇ ਵਲ੍ਹ ਲਏ ਸਨ ਤਾਂ ਕੁੜੀ ਨੇ ਚਿਤਵਿਆ, ਜਿਵੇਂ ਉਸ ਉਹਦੇ ਬਾਪੂ ਦੇ ਖੇਤੋਂ ਮੁੜਣ ਤੋਂ ਪਹਿਲਾਂ ਹੀ ਲੜ-ਝਗੜ ਕੇ ਪਰਤ ਜਾਵੇ ਅਤੇ ਫੇਰ ਕਦੇ ਨਾ ਆਵੇ।

ਉਸ ਬੇਪ੍ਰਵਾਹੀ ਨਾਲ ਕਿਹਾ। "ਬੀ ਜੀ ਮੈਂ ਆਹ ਖਾਣੇ ਤਾਂ ਉੱਕਾ ਨਹੀਂ ਖਾਣੇ... ਤੁਸੀਂ ਖੇਚਲ ਨਾ ਕਰੋ।"



ਸੱਸ ਦੀ ਖਾਨਿਉਂ ਗਈ। ਇਕ ਛਿਣ ਉਹ ਸੋਚਦੀ ਹੀ ਰਹਿ ਗਈ ਕਿ ਮੁੰਡੇ ਕਿਹੜੀ ਭਾਵਨਾ ਨਾਲ ਨਾਂਹ ਕੀਤੀ ਸੀ...

"ਤੂੰ ਸੰਗ ਨਾ ਪੁੱਤ... ਮੂੰਹੋਂ ਕਹਿ ਕੀ ਖਾਣਾ?"

ਉਹ ਜਿਵੇਂ ਕੋਈ ਵੀ ਨਿਆਮਤ ਹਾਜ਼ਰ ਕਰ ਸਕਦੀ ਸੀ ਪਰ ਜੁਆਈ ਦਾ ਵੱਟਿਆ ਬਰਦਾਸ਼ਤ ਨਹੀਂ ਸੀ। ਮੁੰਡਾ ਖਿਸਕਦਾ ਜਦ ਗੁਆਂਢਣ ਘੁਮਿਆਰੀ ਦੇ ਓਟੇ ਲਾਗ ਜਾ ਖੜਿਆ, ਤਾਂ ਉਹਦੀ ਸੱਸ ਨੂੰ ਦੁਖ ਨਿਵਾਰਨ ਤੋਂ ਲੈ ਕੇ ਗੁੱਗੇ ਪੀਰ ਦੀ ਮੜ੍ਹੀ ਤੱਕ ਦੀਆਂ ਉਹ ਸਾਰੀਆਂ ਮੰਨਤਾਂ ਅਜਾਈਂ ਗਈਆਂ ਜਾਪੀਆਂ, ਜਿਹੜੀਆਂ ਉਸ ਜੁਆਈ ਦੇ ਆਉਣ 'ਤੇ ਮੰਨੀਆਂ ਸਨ।

ਜਿੱਥੇ ਉਹ ਜਾ ਖਲੋਤਾ, ਸਾਰੇ ਵਿਹੜੇ ਵਿੱਚ ਲਿੱਦ ਮੁਸ਼ਕ ਰਹੀ ਸੀ। ਹੁੱਸੜ ਅਤੇ ਲੋਅ ਨਾਲ ਮੁਸ਼ਕ ਹੋਰ ਤਿੱਖੀ ਹੋ ਗਈ ਸੀ ਅਤੇ ਇਉਂ ਉਹਨੂੰ ਅਚਾਨਕ ਅਜਿਹੀ ਗੰਦੀ ਥਾਂ ਖਲੋਤਾ ਵੇਖ ਕੇ ਘੁਮਿਆਰਾਂ ਵਿਹੜੇ ਦੀਆਂ ਤਰੀਮਤਾਂ ਵੀ ਸਾਹ ਸੂਤ ਲਏ ਸਨ।

ਪਰ ਉਸ ਵਿਹੜੇ 'ਚ ਨਿੰਮ ਦਾ ਵੱਡਾ ਰੁੱਖ ਤਰਕਾਲਾਂ ਦੇ ਮੱਠੇ ਪੁਰੇ 'ਚ ਝੂਮਕਦਾ ਵੇਖ ਸੁਖਾਵਾਂ ਸਾਹ ਲਿਆ। ਇੱਕ ਨਜ਼ਰ ਆਪਣੇ ਤਨ ਉੱਤੇ ਮੈਲੇ ਕੁਚੈਲੇ ਲੀੜੇ ਵੇਖ ਉਹਨੂੰ ਜਾਪਿਆ, ਜਿਵੇਂ ਲੋਕਾਂ ਅਤੇ ਉਹਦੇ ਵਿਚਕਾਰ ਪੱਸਰੀ ਬੇਲੇ ਦੀ ਲੂਹਵੀਂ ਅੱਗ ਉਹਦੀ ਪਹਿਲੀ ਪੁਲਾਂਘ ਨਾਲ ਹੀ ਟੱਪੀ ਗਈ ਹੋਵੇ... ਤੇ ਉਹਨੂੰ ਚੁਗਿਰਦੇ ਦੀ ਹਰ ਸ਼ੈਅ ਇਕ ਪਲ ਏਨੀ ਚੰਗੀ ਚੰਗੀ ਜਾਪੀ ਜਿਵੇਂ ਉਹਦੀ ਰੂਹ ਦੀਆਂ ਅੰਤ ਡੂੰਘਿਆਈਆਂ ਵਿੱਚ ਖ਼ੁਸ਼ਬੋਈ ਦੇ ਕੜ ਪਾਟ ਗਏ ਹੋਣ।

ਗਦ-ਗਦ ਹੋਏ ਉਸ ਚਾਰ-ਚੁਫ਼ੇਰੇ ਵੇਖਿਆ ਅਤੇ ਓਸ ਨਿੱਕੇ ਜਹੇ ਬੱਚੇ ਨੂੰ ਬਾਹਾਂ 'ਚ ਲੈਕੇ ਚੁੰਮ ਲੈਣਾ ਚਾਹਿਆ- ਜਿਹੜਾ ਉਹਨੂੰ ਬਹੁਤ ਪਿਆਰਾ ਲੱਗ ਰਿਹਾ ਸੀ। ਥੋੜ੍ਹਾ ਪਰ੍ਹੇ, ਨੀਵੇਂ ਢਾਰੇ ਥੱਲੇ ਇੱਕ ਵਡੇਰੀ ਜਹੀ ਤ੍ਰੀਮਤ ਨੂੰ ਚਰਖਾ ਕੱਤਦੇ ਤੱਕ; ਉਸ ਆਪਣੇ ਵੱਡੇ ਅਫ਼ਸਰ ਦੀ ਬੈਠਕ ਵਿੱਚ ਲੱਗੀ ਓਸ ਪੇਂਟਿੰਗ ਬਾਰੇ ਸੋਚਿਆ... ਜਿਹੜੀ ਸ਼ਾਇਦ ਬਹੁਤੀ ਮਹਿੰਗੀ ਖ਼ਰੀਦੀ ਗਈ ਸੀ ਅਤੇ ਜਿਸ ਵਿੱਚ ਕੋਈ ਅਜਿਹਾ ਹੀ ਦ੍ਰਿਸ਼ ਪੇਂਟ ਕਰ ਦਿੱਤਾ ਗਿਆ ਸੀ। ਪਿੰਡਾਂ ਵਿੱਚ ਵੀ ਕਿੰਨਾ ਕੁਝ ਪਿਆਰਾ ਸੀ। ਖਿੰਨ ਦਾ ਖਿੰਨ ਉਹਦੇ ਜ਼ਿਹਨ ਵਿੱਚ ਆਇਆ। ਫਿਰ ਉਸ ਸਾਹਮਣੇ ਦਰਾਂ ਵਿਚ ਖੇਡਦੇ ਬੱਚੇ ਵੱਲ ਅਹੁਲਿਆ ਜੀਹਨੂੰ ਉਹ ਗੋਦੀ ਚੁੱਕ ਲੈਣਾ ਚਾਹੁੰਦਾ ਸੀ।

"ਨਾ ਬੇ ਵੀਰਾ... ਤੇਰੇ ਲੀੜੇ ਮੱਧ ਦੂ...।"

ਅੱਧਖੜ ਜਹੀ ਤਰੀਮਤ ਉਸ ਤੋਂ ਅਗੇਰੇ ਹੀ ਬੱਚਾ ਗੋਦੀ ਚੁੱਕ ਲਿਆ। ਉਹਦਾ ਗੱਚ ਭਰ ਆਇਆ। ਉਹਦੀ ਬੋਟੀ ਬੋਟੀ ਜਿਵੇਂ ਫਿਰ ਦੁੱਖ ਉੱਠੀ ਹੋਵੇ...

ਟੁੱਟ ਗਏ ਅੰਗਾਂ ਨਾਲ ਉਹ ਖੁਰਲੀ 'ਤੇ ਜਾ ਬੈਠਾ। ਉਹਨੂੰ ਲੱਗਾ ਜਿਵੇਂ ਉਹ ਰੋ ਪੈਣ ਵਾਲਾ ਸੀ। ਲੋਕਾਂ ਅਤੇ ਉਹਦੇ ਵਿਚਕਾਰ ਦੁਨੀਆਂ ਦੀ ਸਾਰੀ ਖ਼ੁਸ਼ੀ ਜਿਵੇਂ ਆਖ਼ਰੀ ਦਮਾਂ 'ਤੇ ਸਹਿਕ ਰਹੀ ਸੀ। ਉਹਦਾ ਦਿਲ ਕੀਤਾ ਉਹ ਪੈਰੋਂ ਹੀ ਨੱਸ ਜਾਏ ਅਤੇ ਇਨ੍ਹਾਂ ਉੱਜਡ ਲੋਕਾਂ ਨੂੰ ਮੂੰਹ ਭਰਵੀਆਂ ਗਾਲ੍ਹਾਂ ਦੇਵੇ, ਜਿਹੜੇ ਉਹਨੂੰ ਕਦੇ ਵੀ ਨਹੀਂ ਸਮਝ ਸਕਣਗੇ। ਮੁਟਿਆਰ ਸਾਲੀ... ਸੋਮਾਂ ਬੁੜ੍ਹੀ... ਤੇ ਨਰੈਣਾ... ਉਹਨੂੰ ਪੋਰ ਪੋਰ 'ਤੇ ਹੋਈ ਹੇਠੀ ਚੁਭ ਰਹੀ ਸੀ। ਖੂਹ 'ਤੇ ਖਲੋਤੇ ਗੱਭਰੂਆਂ ਨੂੰ ਉਸ ਫਿਰ ਅੱਖਾਂ ਵਿੱਚ ਹੱਸਦੇ ਚਿਤਵਿਆ, ਸਹੁਰਿਆਂ ਦਾ ਉਹ ਸੱਜਰਾ ਖ਼ਤ ਉਹਨੂੰ ਅੱਖਰ ਅੱਖਰ ਕੂੜ ਲੱਗਾ, ਜਿਸ 'ਚ ਉਨ੍ਹਾਂ ਐਵੇਂ ਹੀ ਲਿਖ ਦਿੱਤਾ ਸੀ ਕਿ ਇੱਥੇ ਉਹਦੀ ਸ਼ਾਨ ਮੁਤਾਬਿਕ ਸਭ ਕੁਝ ਹੀ ਬਦਲ ਦਿੱਤਾ ਗਿਆ ਹੈ।


ਉਹ ਗੁੱਸੇ ਨਾਲ ਭਰਿਆ ਪੀਤਾ ਰੋ ਹੀ ਪੈਣਾ ਚਾਹੁੰਦਾ ਸੀ ਕਿ ਉਹਦੀਆਂ ਅੱਖਾਂ ਕਿਸੇ ਫੇਰੀ ਵਾਲੇ ਨੂੰ ਡਿਉਢੀ ਲੰਘਦਿਆਂ ਦੇਖਿਆ; ਅਸਮਾਨੀ ਬਿਜਲੀ ਦੀ ਲਿਸ਼ਕ ਵਰਗਾ ਕੋਈ ਅਹਿਸਾਸ ਉਹਨੂੰ ਜੀਉਂਦਿਆਂ ਕਰ ਗਿਆ।

ਉਹਨੇ ਹੈਰਾਨ ਹੋਏ ਨੇ ਦੇਖਿਆ- ਬੈਲ ਬਾਟਮ... ਤੁਰ੍ਹੇ ਵਾਲੀ ਪੱਗ... ਬੂਟੀਆਂ ਵਾਲਾ ਕੁੜਤਾ... ਚੌੜੀਆਂ ਐਨਕਾਂ... ਉੱਚੀ ਅੱਡੀ ਵਾਲੇ ਬੂਟ... ਤੇ ਪੜ੍ਹਿਆ ਲਿਖਿਆ...। ਵੇਖਦਿਆਂ ਹੀ ਕੋਈ ਪੀਡੀ ਸਾਂਝ ਉਹਦੇ ਜ਼ਿਹਨ ਵਿੱਚ ਉਮੜ ਆਈ। ਉਸ ਡੂੰਘਾ ਜਿਹਨ ਹਉਕਾ ਲਿਆ ਅਤੇ ਚਾਹਿਆ ਉਹ ਫੇਰੀ ਵਾਲੇ ਨਾਲ ਹੱਥ ਮਿਲਾਏ... ਅਤੇ ਕੋਲ ਬਿਠਾਲ ਕੇ ਚਾਹ ਪਿਆਈ... ਲੰਮੀਆਂ ਗੱਲਾਂ ਕਰੇ... ਉੱਜੜ ਪੇਂਡੂਆਂ ਦੀ ਨਿਖੇਧੀ ਕਰੇ... ਅਤੇ ਉਹਨੂੰ ਬੜੇ ਅਦਬ ਨਾਲ ਪੁੱਛੇ ਕਿ ਉਹ ਆਂਡੇ ਖਰੀਦਣ ਜਿਹਾ ਭੈੜਾ ਕਿੱਤਾ ਕਿਉਂ ਕਰਦਾ ਸੀ।

•



## ਹੁੰਮਸ



# ਹੁੰਮਸ

ਚੁਫੇਰੇ ਹੁੰਮਸ ਸੀ।

ਪਰ ਕੋਈ ਤੂਫ਼ਾਨ ਸੀ ਜੋ ਕੀੜੂ ਨੂੰ ਜੜੋਂ ਖੱਗ ਕੇ ਸਿੱਟ ਗਿਆ ਸੀ ਤੇ ਉਹਦੀਆਂ ਹਰੀਜਨਾਂ ਦੀ ਠੱਟੀ ਤੋਂ ਲੈ ਕੇ ਗਿੱਲਾਂ ਦੇ ਫ਼ਾਰਮ ਤੀਕ ਫੈਲੀਆਂ ਜੜ੍ਹਾਂ ਖਲਾਅ ਵਿਚ ਲਟਕ ਗਈਆਂ ਸਨ।

ਉਹ ਨਿਢਾਲ ਪਿਆ ਸੀ। ਗਹੁ ਨਾਲ ਵੇਖਣ 'ਤੇ ਉਹਦੀ ਖੰਜਾ-ਰਿੱਤ ਅੱਖ ਖੜ੍ਹ ਗਈ ਜਾਪਦੀ ਸੀ। ਜਿਵੇਂ ਦੇਹ ਦੇ ਪੋਰ ਪਥਰਾ ਗਏ ਹੋਣ; ਸਿਲ ਪੱਥਰ ਉਹ ਬਾਹਰਲੇ ਦਰ ਝਾਕ ਰਿਹਾ ਸੀ। ਪਾਗਲਾਂ ਵਾਂਗ। ਉਹਦੇ ਦਾਖੀ ਰੰਗ ਵਿਚ ਹਲਦੀ ਉੱਘੜ ਆਈ ਸੀ ਤੇ ਉਹਦੀਆਂ ਉਦਾਸ ਅੱਖਾਂ ਵਿਚ ਝਾਕਣ ਤੋਂ ਡਰ ਆਉਂਦਾ ਸੀ।

ਉਹਨੇ ਤ੍ਰਭਕ ਕੇ ਵੇਖਿਆ, ਮੰਜੀ ਦੀ ਪੁਆਂਦੀ ਪਈ ਮਲ-ਮੂਤਰ ਵਾਲੀ ਥੈਲੀ ਪਤਾ ਨਹੀਂ ਕਦੋਂ ਦੀ ਭਰ ਗਈ ਸੀ। ਪਤਾ ਹੀ ਨਹੀਂ ਸੀ ਲੱਗਿਆ। ਉਹਦੇ ਜੀ ਵਿਚ ਕਚਿਆਣ ਆਈ। ਕੰਬਦੇ ਹੱਥਾਂ ਨਾਲ ਉਹਨੇ ਪਿੱਛਾ ਟੋਹਦੇ ਸੋਚਿਆ, ਕਿਤੇ ਮੈਲੇ ਨਾਲ ਦੂਜੇ ਲੀੜੇ ਤਾਂ ਨਹੀਂ ਸਨ ਲਿੱਬੜ ਗਏ? ਸਿਥਲ ਦੇਹ 'ਚ ਧੁਰਧੁੜੀ ਆਈ। ਉਸ ਵੱਡੀ ਧੀ ਨੂੰ ਹਾਕ ਮਾਰਨੀ ਚਾਹੀ, ਪਰ ਉਹ ਕੁਝ ਨਾ ਬੋਲਿਆ ਅਤੇ ਦੂਰ ਧਰਮਸ਼ਾਲਾ ਦਾ ਕਲਸ ਝਾਕਣ ਲੱਗਿਆ।

ਪਛਵਾੜਿਉਂ ਹਾਸੜ ਸੁਣਾਈ ਦਿੱਤਾ, ਜਿਵੇਂ ਹਿੱਕ ਵਿਚ ਕਈ ਤਿੱਖੀ ਚੀਜ਼ ਖੁੱਭੀ ਹੋਵੇ; ਅਚਾਨਕ ਉਹਨੂੰ ਖੰਘ ਛਿੜ ਗਈ ਤੇ ਬਲਗਮ ਦਾ ਗੋਲਾ ਸੰਘ ਵਿਚ ਖੜਕਣ ਲੱਗਿਆ, ਜਿਵੇਂ ਪੀਪੇ ਵਿਚ ਰੋੜ ਖੜਕਦੇ ਹੋਣ। ਉਹਨੂੰ ਲੱਗਾ, ਚੁਫੇਰਾ ਹੁੰਮਸ ਨਾਲ ਭਰਿਆ ਪਿਆ ਸੀ ਜਿਸ ਵਿਚ ਉਹ ਲਗਾਤਾਰ ਨਿੱਘਰ ਰਿਹਾ ਸੀ।

ਹਾਸੜ ਫਿਰ ਉੱਚਾ ਹੋਇਆ ਤਾਂ ਉਹਨੇ ਲੱਖੀ ਰਵਦਾਸੀਏ ਬਾਰੇ ਸੋਚਿਆ, ਜੋ ਹੁਣ ਉਹਦੀ ਥਾਂ ਗਿੱਲਾਂ ਕਾ ਸੀਰੀ ਸੀ। ... ਫ਼ੇਰ ਫ਼ੇਰ ਕੀੜੂ ਵੇਹੜਾ ਝਾਕਣ ਲੱਗਾ। ਟੁੱਟਾ ਛਤੜਾ, ਡਿਗਦੇ ਲਿਉੜ, ਰੁੰਡ ਕਿੱਕਰੀ, ਠੰਡੀ ਹੁੱਕੀ; ਸਿਲਵਰ ਦੇ ਭਾਂਡੇ, ਕਹੀ ਦਾ ਟੁੰਡ, ਮੈਲਾ ਦੋੜਾ, ਪੌਣ ਵਿਚ ਖੁੱਭਦੀ ਦਾਹੜੀ, ਪਿੱਠ ਵਿਚ ਚਸਕਦੀ ਪੀੜ ਤੇ ਆਲੇ ਵਿਚ ਪਈ ਪਿੱਤਲ ਦੀ ਬਾਟੀ...।

ਬਾਟੀ 'ਤੇ ਨਜ਼ਰ ਪੈਂਦਿਆਂ ਹੀ ਕੀੜੂ ਦੇ ਸਿਰ ਵਿਚ ਗ਼ੁਬਾਰ ਕੱਠਾ ਹੋਣ ਲੱਗਦਾ। ਮੱਥਾ ਸੜਣ ਲੱਗਦਾ। ਪਿਛਲੇ ਕੁਝ ਦਿਨਾਂ ਤੋਂ ਕੀੜੂ ਜਿਉਂ ਹੀ ਬਾਟੀ ਨੂੰ ਵੇਖਦਾ

ਉਹਦੇ ਅੰਦਰ ਕੁਝ ਢੱਕ ਕਰਕੇ ਬੁਝ ਜਾਂਦਾ। ਜਿਵੇਂ ਬਾਟੀ ਦੀ ਥਾਂ ਕੀੜੂ ਲਈ ਸਾਰੀ ਹਯਾਤੀ ਹੀ ਆਲੇ ਵਿਚ ਛਹਿ ਗਈ ਹੋਵੇ। ਉਂਜ ਇਹ ਸੱਚ ਵੀ ਸੀ। ਮੱਤ-ਬੁੱਧ ਸੰਭਲਣ ਤੋਂ ਲੈ ਕੇ, ਪਿਛਲੀ ਛਮਾਹੀ ਤੀਕ, ਇਹ ਬਾਟੀ ਕੀੜੂ ਦੇ ਅੰਗ ਸੰਗ ਰਹੀ ਸੀ। ਇਕ ਤਰ੍ਹਾਂ ਵੱਗ ਚਾਰਨ ਤੋਂ ਲੈ ਕੇ ਹਾਲੀ ਬਣਨ ਤੀਕ...

ਪਰ ਪਿਛਲੀ ਛ-ਮਾਹੀ ਜਦੋਂ ਕੀੜੂ ਨੇ ਇਸ ਬਾਟੀ ਨੂੰ ਗਿੱਲਾਂ ਕੇ ਦੁੱਧ-ਹਾਰੇ ਤੋਂ ਹਮੇਸ਼ਾਂ ਹਮੇਸ਼ਾਂ ਲਈ ਚੁੱਕਿਆ ਸੀ ਤਾਂ ਸੱਖਣੀ ਨਹੀਂ ਸੀ ਚੁੱਕਿਆ, ਸੀਰ ਵਿਚਲੇ ਵੀਹ ਵਰ੍ਹੇ ਵੀ ਕਿਉਂਟ ਲਏ ਸਨ। ਸਗੋਂ ਇਕ ਤਰ੍ਹਾਂ ਗਿੱਲਾਂ ਨੇ ਹੀ ਕੀੜੂ ਦੇ ਪੈਰੀਂ ਲਿਆ ਸਿੱਟੇ ਸਨ।

"ਦੇਖ ਭਈ ਮੱਲਾ!" ਜ਼ੋਰਾ ਸਿੰਹੁ ਚਿੱਥ ਕੇ ਕਿਹਾ ਸੀ "ਵੀਹ ਵਰ੍ਹੇ ਕੋਈ ਨਿਆਣਿਆਂ ਦੀ ਖੇਡ ਤਾਂ ਹੈ ਨੀ ... ਐਨੇ ਵਰ੍ਹਿਆਂ ਵਿਚ ਕਦੇ ਤੈਥੋਂ ਪਿੱਠ ਮੋੜੀ ਹੋਵੇ ਤਾਂ ਦੱਸ? ਹੁਣ ਤੂੰ ਸੋਚ, ਜਦ ਕਿਸਮਤ ਈ ਦੇ ਗਈ ਧੋਖਾ... ਨਾ ਤੇਰੇ ਵੱਸ, ਨਾ ਸਾਡੇ ... ਰਹੀ ਗੱਲ ਲੈਣ ਦੇਣ ਦੀ... ਤੇਰੇ ਵੱਲੀ ਟੁੱਟਦੇ ਪੰਜ ਹਜ਼ਾਰ, ਤੂੰ ਜਾਣ ਸਭ ਛੱਡਿਆ.... ਰਹੀ ਗੱਲ ਗਾਹਾਂ ਦੀ? ਸਦਾ ਬਾਦਸ਼ਾਹੀਆਂ ਤਾਂ ਕਮਲਿਆ ਰੱਬ ਦੇ ਘਰ ਵੀ ਨੀ, ਸੁਣਦੈਂ ?"

ਪਰ ਕੀੜੂ ਨੂੰ ਕੁਝ ਵੀ ਨਹੀਂ ਸੀ ਸੁਣਿਆ। ਕੋਈ ਕਹਿਰ ਸੀ ਜੋ ਕੀੜੂ ਦੀਆਂ ਅੱਖਾਂ ਅੱਗੇ ਹਨੇਰ ਵਾਂਗ ਪਸਰਦਾ ਚਲਾ ਗਿਆ ਸੀ। ਫਿਰ ਅਗਲੇ ਹੀ ਛਿਣ, ਸਭ ਕੁਝ ਸਾਫ਼ ਦਿਸਣ ਲੱਗਿਆ ਸੀ। ਜ਼ੋਰਾ ਸਿੰਹੁ ਦਾ ਭਰਵਾਂ ਵਜੂਦ, ਪੋਰੀਂ ਖੁੰਸਾ, ਜੱਤਲ ਦਾਹੜੀ, ਤਿੱਖੀਆਂ ਅੱਖਾਂ ਤੇ ਖਚਰਾ ਹਾਸਾ, ਜੋ ਉਹਦੀਆਂ ਭਰਵੀਆਂ ਮੁੱਛਾਂ ਵਿਚੋਂ ਭਾਲਿਆ ਹੀ ਲੱਭਦਾ। ਏਸੇ ਲਈ ਜ਼ੋਰਾ ਸਿੰਹੁ ਪਹਿਲੀ ਨਜ਼ਰੇ ਦਾਨਾ ਬੰਦਾ ਜਾਪਦਾ, ਪਰ ਤਦ ਉਹ ਕੀੜੂ ਨੂੰ ਵਿਹੁ ਵਰਗਾ ਜਾਪਿਆ। ਭਰਿਆ ਪੀਤਾ ਕੀੜੂ ਤੁਰਨ ਲੱਗਾ ਤਾਂ ਜ਼ੋਰਾ ਸਿੰਹੁ ਜੱਫੀ 'ਚ ਲੈ ਗਿਆ।

"ਚੱਲ ਛੱਡ ਹੁਣ ਮੋਹ ਬਾਟੀ ਦਾ ... ਐਂ ਕਿਉਂ ਨਾਤਾ ਤੋੜਦੈਂ ? ... ਐਥੇ ਪਈ ਰਹੂ ਤਾਂ ਸੰਝ ਸਵੇਰ ਚੇਤੇ ਕਰ ਲਿਆ ਕਰਾਂਗੇ। ਨਾਲੇ ਚਿੱਤ ਕਿਉਂ ਛੋਟਾ ਕਰਦੈਂ ਤੂੰ? ਮੈਂ ਤਾਂ ਦੇਖ ਪਹਿਲਾਂ ਈ ਬਿਤੋਂ ਵੱਧ ਛਾਲ ਮਾਰ ਤੀ... ਨਹੀਂ ਕੇਹੜਾ ਜੱਟ ਕੌਡੀ ਛੱਡਦੈ?"

ਕੀੜੂ ਨੇ ਚਿੱਤ ਕਰੜਾ ਕਰਕੇ ਬਾਟੀ ਚੱਕ ਤਾਂ ਲਈ ਸੀ ਪਰ ਉਹਦਾ ਸਾਰਾ ਤ੍ਰਾਣ ਆਪਦੀ ਕੁੱਝ ਢੱਕਣ ਤੇ ਲੱਗ ਗਿਆ ਸੀ। ਇਉਂ ਦਾ ਦਿਲਾਸਾ ਕੇਰਾਂ ਪਹਿਲਾਂ ਵੀ ਜ਼ੋਰਾ ਸਿੰਹੁ ਨੇ ਦਿੱਤਾ ਸੀ। ਜਿਸ ਦਿਨ ਦੇਵਕੀ ਜ਼ੋਰਾ ਸਿੰਹੁ ਦੇ ਸਿਖ਼ਰਲੇ ਚੁਬਾਰੇ ਤੋਂ ਡਿੱਗ ਮੋਈ ਸੀ।

"... ਜੋ ਹੋਇਆ ਉਹਤੇ ਮਿੱਟੀ ਪਾ...!" ਜ਼ੋਰਾ ਸਿੰਹੁ ਧੀਰਜ ਦਿੰਦੇ ਕਿਹਾ ਸੀ। "ਫਿਰ ਮੋਇਆਂ ਨਾਲ ਕੌਣ ਮਰਿਐ? ਤੂੰ ਆਪ ਸੋਚ, ਜੇ ਬੰਦੇ ਦਾ ਤੁਖ਼ਮ ਹੁੰਦੀ, ਇਉਂ



ਭਾਣਾ ਵਾਪਰਦਾ? ਪਰ ਮੂਰਖਾ! ਤੈਂ ਤਾਂ ਲੋਕ-ਭਾਖਿਆ ਵੀ ਨਾ ਗੌਲੀ... ਤੇਰੀ ਅਕਲ ਤੇ ਦੋ ਕੱਖ ਹੁੰਦੇ ਤਾਂ ਸੋਚਦਾ... ਪਈ ਸਹੁਰੀ ਨੂੰ ਪਿੰਡ ਉਂਈਂ ਤਾਂ ਨਹੀਂ ਸੀ ਕਾਟੋ ਕਹਿੰਦਾ...!"

ਪਰ ਕਾਟੋ ਦੀ ਉਪਾਧੀ ਤਾਂ ਕੀੜੂ ਨੇ ਖ਼ੁਦ ਦੇਵਕੀ ਨੂੰ ਦਿੱਤੀ ਸੀ। ਜੀਹਦਾ ਉਸ ਵਾਹ ਲੱਗਦੀ ਮੁੱਲ ਵੀ ਤਾਰਿਆ ਸੀ। ਨਾ ਕਿਸੇ ਸੇਪੀ ਦਾ ਗੋਹਾ ਕੂੜਾ ਕਰਨ ਦਿੱਤਾ, ਨਾ ਕਿਸੇ ਹਾਈਂ ਮਾਈਂ ਦੀ ਵਗਾਰ ਬਦਲੇ ਦਰ ਟੱਪਣ ਦਿੱਤੇ। ਉਹਦੇ ਵੱਡੇ ਤਾਂ ਕੀੜੂ ਨੇ ਖ਼ੁਦ ਹੱਡ ਗਾਲੇ ਸਨ। ਖ਼ੁਦ ਗਰਜ਼ਾਂ ਦੀ ਬਲੀ ਚੜ੍ਹਿਆ ਸੀ। ਏਸੇ ਲਈ ਤਾਂ ਉਹਨੇ ਪਿੰਡ ਦੀ ਉਸ ਭਾਖਿਆ ਵੱਲ ਕੰਨ ਹੀ ਨਹੀਂ ਸੀ ਕੀਤਾ ਜੇਹੜੀ ਪਿੰਡ ਦੇ ਕੱਚੇ ਪੱਕੇ ਬਨੇਰਿਆਂ ਤੋਂ ਹੌਲ਼ੇ ਹੌਲ਼ੇ ਉਡਾਰੀਆਂ ਭਰਦੀ ਸੀ।

ਪਰ ਪਿਛਲੇ ਕੁਝ ਦਿਨਾਂ ਤੋਂ ਕੀੜੂ ਹੋਈਆਂ ਬੀਤੀਆਂ ਦੇ ਸਿਵੇ ਫੋਲਣ ਲੱਗਦਾ ਤਾਂ ਸਿਰ ਵਿਚ ਜ਼ਹਿਰੀ ਧੂੰਆਂ ਕੱਠਾ ਹੋਣ ਲੱਗਦਾ। ਅੱਜ ਸਵੇਰੇ ਹੀ ਇਹ ਜ਼ਹਿਰੀ ਧੂੰਆਂ ਕੀੜੂ ਲਈ ਅਸਹਿ ਹੋ ਗਿਆ ਸੀ। ਜਦੋਂ ਮੇਨਾ ਘੁੱਕਰ ਕਿਉਂ ਚੌਲਾਂ ਦਾ ਡੰਗ ਲੈ ਕੇ ਪਰਤੀ ਸੀ।

"... ਨਹੀਂ ਜਾਣਾ ਅਸੀਂ ਕਿਸੇ ਦੇ ... ਜਦ ਸਾਰੀ ਟੱਟੀ ਦੀਹਾੜੀ ਜਾਂਦੀ ਐ... ਸਾਨੂੰ ਕੀ ਮੇਹਣੇ?" ਉਹਨੇ ਦੋ ਟੁੱਕ ਕਿਹਾ ਸੀ ਤੇ ਕੀੜੂ ਦੇ ਕੁਝ ਵੀ ਆਖਣ ਤੋਂ ਪਹਿਲਾਂ ਬਸੰਤੀ ਨੂੰ ਆਲੂ ਸਟੋਰ ਵਿਚ ਦਿਹਾੜੀ ਜਾਣ ਨੂੰ ਕਹਿ ਆਈ ਸੀ।

ਕੀੜੂ ਦੇ ਕੰਨਾਂ ਵਿਚ ਜਿਵੇਂ ਸ਼ੀਸ਼ਾ ਢਲਦਾ ਚਲਿਆ ਗਿਆ ਸੀ। ਇੱਕੋ ਸਮੇਂ ਕੀੜੂ ਦੀਆਂ ਅੱਖਾਂ ਅੱਗੇ ਕਈ ਡਰਾਉਣੇ ਦ੍ਰਿਸ਼ ਉੱਭਰੇ ਸਨ। ਜੇਹੜੇ ਕਦੇ ਆਲੂ ਸਟੋਰ ਦੀਆਂ ਹਨੇਰੀਆਂ ਗੁੱਠਾਂ ਵਿਚ ਭਬੂਕੇ ਵਾਂਗ ਮੱਚੇ ਸਨ; ਮੱਚੇ ਨਹੀਂ, ਸਗੋਂ ਇਕ ਤਰ੍ਹਾਂ ਛੱਜ ਵਿਚ ਪਾ ਕੇ ਛੱਟੇ ਗਏ ਸਨ ਤੇ ਆਖ਼ਿਰ ਟੱਟੀ ਨੇ ਸਭ ਕਾਸੇ ਤੇ ਮਿੱਟੀ ਪਾ ਦਿੱਤੀ ਸੀ।

ਉਹਨੇ ਮੇਨਾ ਨੂੰ ਆਲੂ ਸਟੋਰ ਦੀ ਦਿਹਾੜੀ ਤੋਂ ਵਰਜਣਾ ਚਾਹਿਆ, ਪਰ ਉਹ ਕੀ ਆਖੇ? ਤਦੇ ਉਹਨੇ ਦਰਾਂ ਵਿਚ ਬਸੰਤੀ ਚੀਕਦੀ ਸੁਣੀ।

"... ਨਿਕਲਦੀਆਂ ਨੀ ਭਾਈ ਵੇ... ਕੁੜੇ ਕਿੱਥੇ ਐ ਕੀੜਾ ਸਿੰਹੁ...?" ਵੇਹੜੇ ਵਿਚ ਪੈਰ ਪਾਉਂਦਿਆਂ ਹੀ ਉਹ ਠਿਠਕੀ "ਨੀਂ ਮੈਂ ਮਰ ਜਾਂ! ਹਾਲੇ ਤਾਂ ਤੋਸੇ ਈ ਪੱਕਦੇ ਐ...!" ਫਿਰ ਉਹ ਵਰੋਲੇ ਵਾਂਗ ਮੁੜਦੀ, ਕੀੜੂ ਦੇ ਐਨ ਮੂਹਰੇ ਆ ਖੜ੍ਹੀ।

ਪੋਰੀਂ ਅੰਗਿਆਰ ਲਈ ਉਹ ਕੀੜੂ ਦੀਆਂ ਉਦਾਸ ਅੱਖਾਂ ਵਿਚ ਬੇਬਸੀ ਨਾਲ ਝਾਕੀ। ਉਸ ਕਹਿਣਾ ਚਾਹਿਆ;

"... ਦੇਖ ਭਾਈ! ਤੇਰੀ ਸੀ ਗੱਲ ਹੋਰ... ਕੁੜੀਆਂ ਦੀ ਐ ਹੋਰ ... ਵੇ ਜੇਹੜੀ ਆ ਡਿੱਗੇ ਸਿਰ 'ਤੇ ... ਭੁਸਕਦਿਆਂ ਤਾਂ ਕੱਟੀ ਨੀ ਜਾਣੀ ... ਵੇ ਦਸਾਂ ਨਹੁੰਆਂ ਦੀ ਕਾਹਦੀ ਨਮੋਸ਼ੀ... ਪਰ ਬੀਰਾ! ਐਂ ਕਵੇਲਾ ਕਰਿਆਂ ਕਿਮੇਂ ਸਰੂ?..."

ਪਰ ਬਸੰਤੀ ਕੁਝ ਨਾ ਬੋਲੀ, ਕੁਝ ਕਹਿਣ ਤੋਂ ਪਹਿਲਾਂ ਉਹਨੂੰ ਕੀੜੂ ਕੋਲੋਂ ਤਿੱਖੀ ਸੜਿਹਾਂਦ ਆਈ। ਮਲ-ਮੂਤਰ ਵਾਲੀ ਥੈਲੀ ਝਾੜ ਮਾਰਦੀ ਸੀ। ਘੜੀ ਪਹਿਲਾਂ ਹੀ ਕੀੜੂ ਪੰਘ ਨਾਲ ਘੁਲ ਕੇ ਹਟਿਆ ਸੀ। ਉਹਦੀਆਂ ਨਮ ਅੱਖਾਂ ਵੇਖ, ਬਸੰਤੀ ਝੂਠ ਜਿਹਾ ਗਏ 'ਤੇ ਤਾੜਣਾ ਕਰਨ ਦੀ ਥਾਂ, ਰੁਆਂਸਾ ਜਿਹਾ ਬੋਲੀ।

"ਆਹ ਪੰਜਾਹ ਕੁ ਛਿੱਲੜ ਲਿਆਈ ਸੀ ਮੈਂ ਅਗਾਊਂ... ਮਖ ਜਦ ਕੁੜੀਆਂ ਨੇ ਦਿਹਾੜੀ ਦਾ ਈ ਅੱਕ ਚੱਬਣੈ ਤਾਂ...।"

ਤਦ ਤੀਕ ਦੁਪਹਿਰਾਂ ਦਾ ਟੁੱਕ ਲਈ ਦੋਵੇਂ ਕੁੜੀਆਂ ਬਾਹਰਲੇ ਦਰਾਂ ਲਾਗ ਜਾ ਖੜ੍ਹੀਆਂ ਸਨ। ਕਾਹਲੀ ਨਾਲ ਮੁੜਦੀ ਬਸੰਤੀ, "ਡਿੰਗ ਵੱਡੀ ਕਰੇ ਭਾਈ" ਕਹਿੰਦੀ ਦਰ ਟੱਪ ਗਈ ਤਾਂ ਕੀੜੂ ਇਉਂ ਉੱਛਲ ਕੇ ਬੈਠ ਗਿਆ, ਜਿਵੇਂ ਹੁਣੇ ਮੁਟਿਆਰ ਧੀਆਂ ਮੂਹਰੇ ਟਕੂਆ ਗੱਡ ਕੇ ਆਖੇਗਾ "ਮੇਨਾ ਪੁੱਤ! ਨੱਕ ਦੀ ਸੇਧੇ ਜਾਇਉ ...।" ਪਰ ਕੀੜੂ ਦੀ ਘਿੱਗੀ ਬੱਝ ਗਈ ਤੇ ਉਹ ਕੁਝ ਨਾ ਬੋਲਿਆ। ਪੁਆਂਦੀ ਪਏ ਪੰਜਾਹ ਦੇ ਨੋਟ ਤੋਂ ਤਿਲਕਦੀ ਨਜ਼ਰ ਪਾਵੇ ਨਾਲ ਲਟਕਦੀ ਮਲਮੂਤਰ ਵਾਲੀ ਥੈਲੀ ਤੇ ਜਾ ਟਿਕੀ। ਪੂਰੇ ਦਾ ਪੂਰਾ ਸੰਸਾਰ ਸੀ ਜੋ ਪਲਾਸਟਿਕ ਦੀ ਇਸ ਥੈਲੀ ਵਿਚ ਕਿਤੇ ਗਰਕ ਗਿਆ ਸੀ।

ਜਦੋਂ ਤੋਂ ਉਹਦਾ ਗਿੱਲਾਂ ਨਾਲੋਂ ਸੀਰ ਟੁੱਟਾ ਸੀ, ਨਾ ਚਾਹੁਣ ਤੇ ਵੀ ਉਹ ਬੀਤੇ ਦੀਆਂ ਦਲਦਲਾਂ ਵਿਚ ਉੱਤਰ ਜਾਂਦਾ। ਕਦੇ ਲੋਕ ਕਿਹਾ ਕਰਦੇ, ਕੀੜੂ ਜੀਹਦੇ ਵੀ ਹਲ ਦੀ ਜੰਘੀ ਜਾ ਫੜਦਾ ਸੀ, ਦੌਲਤ ਉਹਦੇ ਘਰ ਵਰੋਲੇ ਵਾਂਗ ਆਉਂਦੀ ਸੀ। ਫਿਰ ਜੋਰਾ ਸਿਹੁੰ ਦੀ ਜੰਘੀ ਤਾਂ ਕੀੜੂ ਨੇ ਭਰਾਵਾਂ ਵਾਂਗ ਫੜੀ ਸੀ। ਸੀਰ ਦੇ ਤੀਜੇ ਵਰ੍ਹੇ ਹੀ ਕੀੜੂ ਨੇ ਜੋਰਾ ਸਿਹੁੰ ਦੀ ਸ਼ਹਿ 'ਤੇ ਪਿੜਾਂ ਵਿਚ ਹੀ ਜੋਰਾ ਸਿਹੁੰ ਦਾ ਇੱਕੋ ਇੱਕ ਸਾਲਾ ਜਾ ਵੱਢਿਆ ਸੀ ਤੇ ਜੋਰਾ ਸਿਹੁੰ, ਬਿਨਾ ਕੋਈ ਧੂ ਨਿਕਲੇ ਸੱਸ ਸਹੁਰੇ ਦੀ ਢੇਰੀ ਦਾ ਮਾਲਕ ਬਣ ਬੈਠਾ ਸੀ। ਫਿਰ ਜਿੰਦੋਂ ਪੁਲਿਸ ਦੀ ਕੁੱਟ ਮਗਰੋਂ, ਕੀੜੂ ਪਿੰਡ ਆਇਆ ਸੀ 'ਤੇ ਕਤਲ ਕਿਸੇ ਤੀਜੀ ਧਿਰ ਤੇ ਜਾ ਪਿਆ ਸੀ, ਉਦੋਂ ਜੋਰਾ ਸਿਹੁੰ ਨੇ ਸਿਖਰਲੇ ਚੁਬਾਰੇ 'ਚ ਕੀੜੂ ਨੂੰ ਬਰਾਬਰ ਬਿਠਾ, ਦਾਰੂ ਪਿਆਈ ਸੀ ਤੇ ਯਾਰਾਂ ਦੀ ਭਰੀ ਜੁੰਡਲੀ ਵਿਚ ਹਿੱਕ ਥਾਪੜ ਕੇ ਕਿਹਾ ਸੀ "ਜਾਹ ਓਏ ਕੀੜਾ ਸਿਹਾਂ... ਅੱਜ ਤੋਂ ਆਪਾਂ ਪੱਗ ਵੱਟ ਭਰਾ..."

"ਪੱਗ ਵੱਟ ਦਾ ਮਤਲਬ ਵੀ ਪਤੈ?" ਬੈਠੇ ਯਾਰਾਂ ਵਿਚੋਂ ਕਿਸੇ ਕਿਹਾ ਸੀ।

ਕੀੜੂ ਕੁਝ ਨਹੀਂ ਸੀ ਬੋਲਿਆ, ਪਰ ਉਹਨੇ ਪਤਾ ਹੋਣ ਦਾ ਪ੍ਰਮਾਣ ਜ਼ਰੂਰ ਦੇ ਦਿੱਤਾ ਸੀ। ਕੀੜੂ ਨੂੰ ਲੋਕਾਂ ਹਟਕਿਆ ਵੀ "ਕਿਉਂ ਹੱਡ ਗਾਲਦੈਂ ਸਹੁਰਿਆ।"

"ਕੰਮ ਤਾਂ ਰੱਬ ਹੁੰਦੈ ਬੰਦੇ ਦਾ ..." ਕੀੜੂ ਗੱਲ ਹਾਸੇ 'ਚ ਪਾ ਲੈਂਦਾ।

"ਸਾਲਿਆ ਕੰਜਰੀ ਤੇ ਕਾਮੇਂ ਦਾ ਓਨਾ ਚਿਰ ਈ ਰੱਬ ਜਿਉਂਦੈ, ਜਿੰਨਾ ਚਿਰ ਲਹੂ ਦੀ ਤਿੱਪ ਐ, ਜਿੰਦੋਂ ਪੁੱਤ ਦਾ ਵੱਜ ਗਿਆ ਨਾ ਘੁੱਗੂ..."

"ਵੇ ਕੀਹਨੇ ਦੇਖੀ ਐ ਸਦਾਰੋ... ਅੱਜ ਤਾਂ ਕਾਟੋ ਫੁੱਲਾਂ ਤੇ ਐ..."

ਕੀੜੂ ਟਿੱਚਰੀਂ ਉੱਤਰ ਆਉਂਦਾ।



"ਹਾਲੇ ਤਾਂ ਫੁੱਲਾਂ ਤੇ ਈ ਐ... ਪਰ ਭਤੀਜ! ਜਿੰਦੋਂ ਜਾ ਚੜ੍ਹੀ ਨਾ ਬੇਰੀ ਦੇ ਛਾਪੇ 'ਤੇ...।" ਲੋਕ ਗੱਲ ਅੱਧ ਵਿਚਾਲੇ ਛੱਡ ਦਿੰਦੇ।

ਪਰ ਉਹਦੀ ਕਾਟੋ ਗਿੱਲਾਂ ਦੇ ਚੁਬਾਰੇ ਕਿਉਂ ਜਾ ਚੜ੍ਹੀ? ਸੋਚ ਸੋਚ ਕੀੜੂ ਸੁੰਨ ਰਹਿ ਜਾਂਦਾ।

ਦੇਵਕੀ ਦੇ ਫੁੱਲ ਪ੍ਰਵਾਹ ਆਉਣ ਮਗਰੋਂ, ਪਹਿਲੀ ਵੇਰੀਂ ਪਿੰਡ ਦੇ ਨੀਵੇਂ ਬਨੇਰਿਆਂ ਤੋਂ ਉਡਦੀਆਂ ਭਾਂਤ ਭਾਂਤ ਡਾਰਾਂ, ਕੀੜੂ ਦੇ ਸਿਰ ਵਿਚੋਂ ਉਡੀਆਂ। ਉਸ ਰਾਤ ਪਹਿਲੀ ਵੇਰ ਕੀੜੂ ਨੂੰ ਮੁਟਿਆਰ ਧੀਆਂ ਦੇ ਬਰਾਬਰ ਪਿਆਂ, ਛਤੜੇ ਬੌਲਿਉਂ ਭੈਅ ਆਇਆ।

ਤੀਵੀਂ ਦੀ ਮੌਤ ਮਗਰੋਂ ਤ੍ਰਕਾਲਾਂ ਦਾ ਅੰਨ ਪਾਣੀ ਖਾ ਕੇ ਜਿਉਂ ਹੀ ਕੀੜੂ ਹਵੇਲੀ ਤੋਂ ਠੱਟੀ ਵੱਲ ਨੂੰ ਮੁੜਦਾ, ਉਹਦੇ ਥਿੜਕਦੇ ਪੈਰਾਂ ਨੂੰ ਠੇਡੇ ਵੱਜਦੇ। ਵੱਢਿਆਂ ਕਿਤੇ ਰੂਹ ਨਾ ਲਗਦੀ। ਵੱਡੀ ਧੀ ਮੇਨਾ ਨੂੰ ਸਾਹਮਣੇ ਪਲੋਂਤੀ ਦੇਖਦਾ ਤਾਂ ਸੱਗਵੀਂ ਦੇਵਕੀ ਪਲੋਂਤੀ ਦਿਸਦੀ।

"ਕੀ ਮੇਨਾ ਵੀ ਕਿਤੋਂ ਇਉਂ ਹੀ ਡਿੰਗ ਮਰੇਗੀ?" ਕੀੜੂ ਨੂੰ ਘੇਰ ਪੈਣ ਲੱਗਦੀ। ਪਰ ਸਾਤਾ ਵੀ ਲੰਘਿਆ, ਮੇਨਾ ਤਾਂ ਕਿਤੋਂ ਨਾ ਡਿੱਗੀ, ਕੀੜੂ ਆਪ ਸੁਹਾਗੇ ਮੂਹਰੇ ਜਾ ਡਿੱਗਾ ਅਤੇ ਟਰੈਕਟਰ ਉਹਦੀ ਕੰਗਰੋੜ ਪਿੰਜ ਕੇ ਲੰਘ ਗਿਆ।

ਚਾਰ ਦਿਨ ਪਹਿਲਾਂ ਦੇਵਕੀ ਦੀ ਮੌਤ, 'ਤੇ ਉੱਤੋਂ ਆਹ ਹੋਣੀ; ਇਕ ਤਰ੍ਹਾਂ ਕਾਲਜਾ ਮੁੱਠੀ ਵਿਚ ਆ ਜਾਣਾ ਚਾਹੀਦਾ ਸੀ। ਪਰ ਉਸ ਦਿਨ ਠੱਟੀ 'ਚ ਦਾਰੂ ਉੱਡੀ।

"ਧੀ ਦਾ ਯਾਰ! ਕਹਿੰਦਾ ਦੇਹ ਰੱਖ ਨਰਕਾਂ ਨੂੰ ਜਾਣਗੇ। ਸਾਲਿਆ ਹੁਣ ਦੇਖਾਂਗੇ ਗਿੱਲ ਤੇਰੀ ਮੜ੍ਹੀ ਤੇ ਕਿੰਨਾ ਕੁ ਮਾਰਦੇ ਐ ਫੋਸ...।"

ਕਿਸੇ ਲਾਚੜ ਕੇ ਚਾਂਗਰ ਮਾਰੀ;

"ਭੀੜੀਆਂ ਸੁਣੀਦੀਆਂ ਗਲੀਆਂ ਜਿਥੋਂ ਦੀ ਗਿੱਲ ਲੈ ਕੇ ਜਾਣਗੇ।"

ਸਚਮੁਚ, ਭੀੜੀਆਂ ਗਲੀਆਂ ਹੀ ਤਾਂ ਸਨ, ਜਿਥੋਂ ਦੀ ਕੀੜੂ ਦੀ ਦੇਹ, ਪਹੀਆਂ ਵਾਲੀ ਰੇਹੜੀ ਤੇ ਘੁੰਮਦੀ ਘੁਮਾਉਂਦੀ ਲੰਘੀ ਸੀ, 'ਤੇ ਓੜਕ ਮਲ-ਮੂਤਰ ਵਾਲੀ ਥੈਲੀ ਫੜੀ, ਪਿੰਡ ਪਰਤੀ ਸੀ।...

ਕੇਰਾਂ ਤਾਂ ਕੀੜੂ ਨੇ ਸੋਚਿਆ, ਜਿਵੇਂ ਕਿਵੇਂ ਉਹ ਇਸ ਹੋਣੀ ਨੂੰ ਪੈਰੀਂ ਮੱਧ ਲਵੇਗਾ। ਪਰ 'ਹਸਾਬ ਕਤਾਬ' ਕਰਦਿਆਂ ਜਦੋਂ ਗਿੱਲਾਂ ਦੇ ਪਾੜ੍ਹੇ ਮੁੰਡੇ ਨੇ ਉਹਦਾ ਖੱਘਿਆ ਵੀ ਉਜਰਤ ਵਿਚ ਕੱਟ ਲਿਆ, ਤਾਂ ਕੀੜੂ ਦੀ ਕੰਗਰੋੜ ਵਿਚਲੇ ਬਾਕੀ ਦੇ ਦਸ ਸਬੂਤੇ ਮਣਕੇ ਵੀ ਟੁੱਟ ਕੇ ਪੈਰੀਂ ਖਿੱਲਰ ਗਏ।

ਹੋਏ ਹਾਦਸੇ ਦੇ ਹਰਜਾਨੇ ਵਜੋਂ ਜਦੋਂ ਤੀਕ ਕੁਝ ਅੜ ਕੇ ਮੰਗਣ ਦਾ ਵੇਲਾ ਸੀ, ਤਦੋਂ ਤੀਕ ਗਿੱਲ, ਕੀੜੂ ਦੇ ਪੈਰੀਂ ਵਿਛੇ ਰਹੇ ਸਨ। ਪਰ ਰਾਜ਼ੀ-ਨਾਵਾਂ ਲਿਖ ਕੇ ਜਦੋਂ ਗਿੱਲਾਂ, ਕੀੜੂ ਦੇ ਹੱਥ ਵੀ ਵੱਢ ਲਏ ਤਾਂ ਕੀੜੂ ਨੂੰ ਪਹਿਲੀ ਵੇਰ ਸੁਫ਼ਨੇ ਵਿਚੋਂ ਤ੍ਰੱਬਕ

ਕੇ ਜਾਗਣ ਦਾ ਅਹਿਸਾਸ ਹੋਇਆ।

ਕੀੜੂ ਦੀ ਦਿਨੋ ਦਿਨ ਨਿਘਰਦੀ ਹਾਲਤ ਵੇਖ ਇਕ ਦਿਨ ਵੱਢੂ-ਖਾਣਿਆ ਕੇ ਕੁੰਦਨ ਸਿਹੁੰ, ਕੀੜੂ ਦੇ ਮੋਢੇ ਆ ਹੱਥ ਧਰਿਆ।

"ਜੇ ਬੰਦੇ ਦਾ ਪੁੱਤ ਐਂ, ਕੇਸ ਠੋਕ ਮੇਰੇ ਪੁੱਤਾਂ ਤੇ..."

ਕੀੜੂ ਅਵਾਕ ਰਹਿ ਗਿਆ। ਪਲ ਦਾ ਪਲ ਬਦਲੇ ਦੀ ਲਾਟ ਮੱਥੇ ਵਿਚੋਂ ਉੱਠੀ, ਪਰ ਪਿੰਡ ਕੀ ਕਹੂ? ਬਈ ਚੌਕਿਆ ਚਕਾਇਆ ਕਚਹਿਰੀਏ ਜਾ ਚੜ੍ਹਿਆ, ਨਾ ਉਏ ਮਨਾ। ਆਪੇ ਲਿਖੀਆਂ ਭੁਗਤਾਂਗੇ।" ਉਹਨੇ ਮਨ ਹੀ ਮਨ ਚਿਤਾਰਿਆ।

ਕੁੰਦਨ ਸਿਹੁੰ ਗਿੱਲਾਂ ਕਾ ਸ਼ਰੀਕ ਸੀ, ਇਹ ਸੋਚ ਕੀੜੂ ਨੂੰ ਭੈਅ ਆਇਆ। ਭਲਾ ਸਾਨ੍ਹਾ ਦੇ ਭੇੜ ਵਿਚ ਉਹਦੀ ਕੀ ਜਾਹ? ਕੁੰਦਨ ਸਿਹੁੰ ਦੀਆਂ ਵਾਛਾਂ ਕੰਨ ਸਾੜਨ ਲੱਗੀਆਂ। ਦੇਹ ਦੇ ਪੋਰਾਂ ਵਿਚੋਂ ਉੱਠਦੀ ਪੀੜ, ਕੰਗਰੋੜ ਵਿਚ ਡੁੱਬਣ ਲੱਗੀ। ਐਨ ਉਸੇ ਵੇਲੇ, ਜਦੋਂ ਕੁੰਦਨ ਸਿਹੁੰ ਕਹਿਣ ਹੀ ਵਾਲਾ ਸੀ "ਓਏ ਐਂ ਨਾ ਕਹੀਂ ਹਰਦੁਆਰ ਦਾ ਰਾਹ ਈ ਦੱਸਦਾਂ... ਮੈਂ ਖੁੰਬੀ ਵੀ ਕੱਢੂੰ...!" ਅਚਾਨਕ ਕੀੜੂ ਦੁਆਲਿਉਂ ਮੱਖੀਆਂ ਦਾ ਭੂੰਮਣਾ ਉੱਡਿਆ। ਰੋਕਦਿਆਂ ਰੋਕਦਿਆਂ ਵੀ ਕੀੜੂ ਬੁਸਕਣ ਲੱਗਾ। ਕੁੰਦਨ ਸਿਹੁੰ ਦਿਲਾਸਾ ਦੇਣਾ ਚਾਹਿਆ। ਪਰ ਕੀੜੂ ਦੇ ਚੁਫੇਰਿਉਂ ਉੱਠਦੀ ਸੜਿਆਂਦ ਅਤੇ ਹਟਕੋਰੇ, ਜਿਵੇਂ ਕੁੰਦਨ ਸਿਹੁੰ ਮੂਹਰੇ ਕੰਧ ਵਾਂਗ ਉੱਸਰ ਗਏ। ਉਹ ਕਾਹਲੀ ਨਾਲ ਉੱਠਿਆ ਅਤੇ ਬਿਨਾ ਪਿਛਾਂਹ ਵੇਖੇ, ਦੂਰ ਤੱਕ ਕੰਮੀ ਕਮੀਣਾ ਦੇ ਪੂਛ ਲੱਤਾਂ 'ਚ ਲੈ ਲੈਣ 'ਤੇ ਬਕੜਵਾਹ ਕਰਦਾ ਤੁਰਿਆ ਗਿਆ। "ਬੁਕ੍ਹੀ ਜਾ ਬੈਠਾ... ਸਾਲੇ ਭੁੱਖੇ ਮਰਨ ਦੇ..." ਬਾਹਰਲੇ ਦਰਾਂ ਤੋਂ ਉਹਨੇ, ਇੱਟ ਵਾਂਗ ਬੋਲ, ਕੀੜੂ ਦੀ ਹਿੱਕ 'ਚ ਮਾਰੇ। ਜਦੋਂ ਦੀਆਂ ਕੁੜੀਆਂ ਬਸੰਤੀ ਨਾਲ ਦਰ ਟੱਪੀਆਂ ਸਨ, ਕੀੜੂ ਦੇ ਚਿੱਤ ਨੂੰ ਚੈਨ ਨਹੀਂ ਸੀ। ਸਾਰੀ ਉਮਰ ਉਹਨੇ ਦੇਵਕੀ ਨੂੰ ਘਰੋਂ ਪੈਰ ਨਹੀਂ ਸੀ ਕੱਢਣ ਦਿੱਤਾ। ਪਰ ਅੱਜ...। ਟਕੂਆ ਹੱਥ ਵਿਚ ਲਈ ਜਦੋਂ ਉਹ ਬਾਹਰ ਵੱਲ ਨੂੰ ਅਹੁਲਿਆ, ਕੰਡ ਵਿਚੋਂ ਪੀੜ ਦਾ ਵਰੋਲਾ ਉੱਠਿਆ। ਟਕੂਏ ਤੇ ਭਾਰ ਪਾਉਂਦਾ ਉਹ ਗਲੀ ਵਿਚ ਹੀ ਬੈਠ ਗਿਆ। ਦੂਰ ਤੱਕ ਠੱਟੀ ਸੁੰਨ ਪਈ ਸੀ। ਨੇੜੇ ਹੀ ਕਿਤੇ ਸੂਰਾਂ ਦੇ ਖੁੱਡੇ ਵਿਚੋਂ ਮੁਸ਼ਕ ਉੱਠ ਰਹੀ ਸੀ। ਕੀੜੂ ਨੇ ਗੌਲੀ ਹੀ ਨਾ। ਉਹਨੇ ਪਰਤ ਕੇ ਛਤੜੇ ਵੱਲ ਵੇਖਿਆ, ਬੱਕਰੀ ਛਿੱਟੀਆਂ ਦੇ ਪੱਤ ਚੱਬ ਰਹੀ ਸੀ। ਇਕ ਘੜੀ ਧੀਆਂ ਨੂੰ ਅੱਖੀਂ ਵੇਖ ਲੈਣ ਦੀ ਲਾਲਸਾ ਉਹਦੇ ਮੱਥੇ ਟੱਸ ਟੱਸ ਕਰਨ ਲੱਗੀ। ਪਰ ਜਿਉਂ ਹੀ ਉਹ ਧਰਮਸ਼ਾਲਾ ਦਾ ਮੋੜ ਮੁੜ ਕੇ ਵਿਰਨੀਏ ਚੜ੍ਹਿਆ, ਉਹਨੂੰ ਤਲੋਕਾ ਟੱਕਰ ਗਿਆ। ਉਹ ਹਉਂਕ ਰਿਹਾ ਸੀ 'ਤੇ ਉਹਦਾ ਸਾਹ ਨਾਲ ਸਾਹ ਨਹੀਂ ਸੀ ਰਲਦਾ।

"ਦੇਖੀਂ ਕੀੜਾ ਸਿਹਾਂ ਇਕ ਦਿਨ... ਏਸ ਪਿੰਡ 'ਚ ਉੱਲੂ ਬੋਲਣਗੇ ਉੱਲੂ..."

ਸ਼ਾਂਤ ਹੋਇਆ ਤਾਂ ਪਤਾ ਲੱਗਾ, ਬੂਰੇ ਕਲਾਲ ਕਾ ਟੱਬਰ ਪਿੰਡੋਂ ਹਿਜਰਤ ਕਰ ਰਿਹਾ ਸੀ।

"ਮਤਲਬ ਕੇ ਸ਼ੈੱਲਰ ਬੰਦ ... ਤੇ ਸਾਡੇ ਵੀਹ ਮਜ਼ੂਰਾਂ ਦੀ...।" ਤਲੋਕੇ ਦੀ



ਜਿਵੇਂ ਭੁੱਬ ਨਿਕਲ ਗਈ। ਇਕ ਦੂਜੇ ਦੀਆਂ ਅੱਖਾਂ 'ਚ ਹਨੇਰਾ ਜਿਹਾ ਝਾਕਦੇ, ਉਹ ਹਵੇਂ ਹਲਟੀ ਦੀ ਖੇਲ ਤੇ ਹੀ ਬੈਠ ਗਏ।

ਕੁਝ ਦਿਨ ਪਹਿਲਾਂ ਕਲਾਲਾਂ ਕੇ ਟੱਬਰ ਤੋਂ ਜਬਰੀ ਉਗਰਾਹੀ ਦੀ ਅੱਵਾਈ ਤਾਂ ਕੀੜੂ ਨੇ ਵੀ ਸੁਣੀ ਸੀ, ਪਰ ਠੱਟੀ ਦੇ ਵੀਹ ਮਜੂਰ ਵੀ ਨਾਲ ਹੀ ਉੱਜੜ ਜਾਣਗੇ, ਇਹ ਕਿਸੇ ਸੋਚਿਆ ਹੀ ਨਹੀਂ ਸੀ।

"ਇਹ ਤਾਂ ਸ਼ੁਕਰ, ਟੱਬਰ ਬਚ ਗਿਆ... ਕਿਸਮਤ ਮਾੜੀ ਹੁੰਦੀ ਸੱਬਰ ਵਿਛ ਜਾਂਦੇ। ਉਹ ਤਾਂ ਸੁਣਿਆ ਨਿਆਣਿਆਂ ਤੱਕ ਨੀ ਬਖ਼ਸ਼ਦੇ।" ਤਲੋਕਾ ਜਿਵੇਂ ਆਪਦੇ ਆਪ ਨੂੰ ਹੀ ਬੋਲਿਆ।

ਕੀੜੂ ਸੋਚਿਆ, ਕੀ ਇਹ ਉਹੋ ਤਲੋਕਾ ਸੀ? ਜੋ ਕੱਲ੍ਹ ਤੱਕ ਬੂਰੇ ਕਲਾਲ ਕੀ ਬਦਖੋਈ ਕਰਦਾ ਨਹੀਂ ਸੀ ਥੱਕਦਾ। ਚਹੁੰ ਬੰਦਿਆਂ 'ਚ ਖਲੋਤਾ, ਕਲਾਲਾਂ ਨੂੰ ਮਣ ਮਣ ਪੱਕੇ ਦੀ ਗਾਹਲ ਕੱਢਦਾ। ਅੱਜ ਉਹੋ ਕਲਾਲਾਂ ਕੇ ਪਿੰਡੋਂ ਜਾਣ ਤੇ ਹਿੱਲਿਆ ਖੜ੍ਹਾ ਸੀ।

"ਚੱਲ ਲੋਕਾ ਸਿਹਾਂ! ਕੀ ਪਤਾ ਕੋਈ ਹੋਰ ਈ ਲੱਗ ਜੇ ਢੋਆ।"

ਕੀੜੂ ਜਿਵੇਂ ਖੂਹ 'ਚੋਂ ਬੋਲਿਆ।

ਉਹਨੇ ਵੇਖਿਆ, ਤਲੋਕਾ ਉਸ ਵੱਲ ਕੌੜ ਅੱਖ ਝਾਕ ਰਿਹਾ ਸੀ। ਫਿਰ ਉਹ ਉੱਖੜ ਕੇ ਬੋਲਿਆ।

"ਤੈਨੂੰ ਕਿੰਨੇ ਕੁ ਲੱਗ ਗਏ ਢੋਅ... ਕਿਸੇ ਦਿੱਤੀ ਦੁਆਨੀ...? ਵਾਹ ਜਿੰਦ ਆਪਣੀ ਐ ਉਏ ਕੀੜਾ ਸਿਹਾਂ... ਉਹ ਦਿਨ ਗਏ ਜਦ ਰੱਜੇ ਪੁੱਜੇ ਮਾੜੇ-ਧੀੜਿਆਂ ਤੇ ਛਾਂ ਕਰਦੇ ਸੀ।"

"ਕਿਤੇ ਗਿੱਲ ਆਉਂਦੇ ਨਾ ਇਨਾਂ ਤੱਤੇ ਮੁੱਛਿਆਂ ਦੀ ਅੱਖ ਹੇਠ...।"

ਕੀੜੂ ਦੰਦ ਕਰੀਚ ਕੇ ਬੋਲਿਆ। ਘੜੀ ਦੀ ਘੜੀ ਉਹਦੇ ਮੂੰਹ ਦਾ ਸੁਆਦ ਕਸੈਲਾ ਹੋ ਗਿਆ ਅਤੇ ਉਹਦੀਆਂ ਮੀਟੀਆਂ ਮੁੱਠਾਂ ਵਿਚ ਪਸੀਨਾ ਆ ਗਿਆ।

"ਉਏ ਆਏ ਲੈ... ਗਿੱਲ ਕੀ ਫੁੰਫੜ ਨੇਂ ਉਨ੍ਹਾਂ ਦੇ... ਪਰ ਹੋਊ ਕੀ?... ਅਗਲੇ ਸ਼ਹਿਰ ਟਿੱਬ ਗਏ ਤਾਂ ਆਲੂ ਸਟੋਰ ਵੀ ਬੰਦ... ਕੀੜਾ ਸਿਹਾਂ ਮੇਹਨਤੀ ਤਾਂ ਵਸਦੇ ਘਰਾਂ ਦੇ ਪ੍ਰਾਹੁਣੇ ਹੁੰਦੇ ਐ, ਵੱਸਦੇ ਘਰਾਂ ਦੇ...।"

ਆਲੂ ਸਟੋਰ ਦੇ ਬੰਦ ਹੋਣ ਬਾਰੇ ਸੁਣ, ਕੀੜੂ ਸੁੰਨ ਰਹਿ ਗਿਆ। ਉਹਨੂੰ ਪਤਾ ਹੀ ਨਾ ਲੱਗਾ ਤਲੋਕਾ ਕਦੋਂ ਉੱਠ ਕੇ ਚਲਾ ਗਿਆ। ਆਲੂ ਸਟੋਰ ਵੱਲ ਜਾਣ ਦੀ ਉਸ ਵਿਚ ਸੱਤਿਆ ਹੀ ਨਾ ਰਹੀ। ਛਤੜੇ ਥੱਲੇ ਆ ਕੇ ਉਸ ਆਪੇ ਨੂੰ ਨਿਢਾਲ ਸਿੱਟ ਦਿੱਤਾ। ਜਦ ਨੂੰ ਉਹਦੀ ਜਾਗ ਖੁੱਲ੍ਹੀ, ਦਿਨ ਛਿਪ ਗਿਆ ਸੀ। ਉਹਨੇ ਡਿਠਾ, ਮੇਨਾ ਮੰਜੀ ਤੇ ਪਈ ਸੀ। ਛੋਟੀ, ਬੱਕਰੀ ਮੂਹਰੇ ਹਰਾ ਸਿੱਟ ਰਹੀ ਸੀ। ਉਸ ਹੱਟੀ ਤੋਂ ਲਿਆਂਦੇ ਸੌਦੇ ਬਾਰੇ ਦੱਸਣਾ ਚਾਹਿਆ, ਪਰ ਉਹ ਕੁਝ ਨਾ ਬੋਲਿਆ। ਉਹਨੂੰ ਜਾਪਿਆ, ਮੇਨਾ ਜਾਂ ਤਾਂ ਥੱਕ ਗਈ ਸੀ, ਜਾਂ ਸ਼ਾਇਦ ਮਾਂ ਨੂੰ ਚੇਤੇ ਕਰਕੇ ਉਦਾਸ ਹੋਵੇ। ਦੇਵਕੀ ਚੇਤੇ ਆਉਂਦਿਆਂ ਕੀੜੂ

ਨੂੰ ਪੀੜ ਹੋਈ। ਫਿਰ ਉਹ ਸਹਿਜੇ ਨਾਲ ਮੈਨਾ ਕੋਲ ਜਾ ਖੜ੍ਹਿਆ।

'ਚਿੱਤ ਨੀਂ ਰਾਜੀ ਪੁੱਤ ?" ਕੁੜੀ ਕੁਝ ਨਾ ਬੋਲੀ ਅਤੇ ਇਕ ਟਿੱਕ ਛੱਤ ਵੱਲ ਝਾਕੀ ਗਈ। ਫਿਰ ਉਹ ਚੁੱਪ-ਚਾਪ ਉੱਠੀ ਤੇ ਅੰਦਰ ਕੋਠੜੀ ਵਿਚ ਚਲੀ ਗਈ।

ਪਰਤ ਕੇ ਛਿਟੀਆਂ ਕੋਲ ਪਈ ਮੰਜੀ ਤੱਕ ਆਉਂਦਿਆਂ, ਕੀੜੂ ਨੂੰ ਜਾਪਿਆ, ਜਿਵੇਂ ਉਹਦੇ ਰਹਿੰਦੇ ਅਉਸਾਣ ਵੀ ਮਾਰੇ ਗਏ ਹੋਣ, ਚੁਫ਼ੇਰੇ ਹਨੇਰਾ ਉੱਤਰ ਆਇਆ ਸੀ। ਪਿੰਡ ਦੇ ਕੱਚੇ ਬਨੇਰਿਆਂ ਤੋਂ ਧੂੰਆਂ ਲਗਾਤਾਰ ਉੱਪਰ ਉੱਠ ਰਿਹਾ ਸੀ। ਨਿੱਕੀ ਧੀ ਨੂੰ ਰੋਟੀ ਟੁੱਕ ਦੇ ਆਹਰੇ ਲੱਗੀ ਦੇਖ, ਕੀੜੂ ਨੂੰ ਕੁਝ ਧਰਵਾਸ ਹੋਇਆ। ਫਿਰ ਉਹ ਤਲੋਕੇ ਤੇ ਉਹਦੇ ਸਾਥੀਆਂ ਬਾਰੇ ਸੋਚਣ ਲੱਗਾ। ਪਰ ਜੇ ਆਲੂ ਸਟੋਰ ਵੀ ਬੰਦ ਹੋ ਗਿਆ ? ਉਹਦਾ ਦਿਲ ਬੈਠਣ ਲੱਗਾ। ਫਿਰ ਉਹ ਸਹਿਮੇ ਜਹੇ ਮਨ ਨਾਲ ਉੱਠਿਆ ਤੇ ਟਕੂਏ ਤੇ ਠੋਡੀ ਟੇਕਦਾ, ਕੋਠੜੀ ਦੇ ਸੰਘਣੇ ਹਨੇਰੇ ਵਿਚ ਆ ਖੜ੍ਹਾ।

"ਮੈਨਾ ਪੁੱਤ!" ਲੱਗਾ ਜਿਵੇਂ ਉਹਦੀ ਆਵਾਜ਼, ਦੇਹ ਦੇ ਸੱਖਣੇ ਵਜੂਦ ਵਿਚ, ਪਿੱਪਲ ਦੇ ਟੂਸੇ ਵਾਂਗ ਕੰਬ ਰਹੀ ਸੀ।

"ਕਿੱਥੇ ਐਂ ਲਾਲ੍ਹੀ ?" ਨਿਤਾਣਾ ਜਿਹਾ ਉਹ ਅਕਾਰਥ ਹੀ ਅਗਾਂਹ ਹੋਇਆ, ਪਰ ਹਨੇਰੇ ਵਿਚ ਜਿਉਂ ਹੀ ਉਹਦਾ ਹੱਥ ਮੈਨਾ ਦੇ ਮੂੰਹ ਵੱਲ ਵਧਿਆ, ਕੀੜੂ ਦੀ ਦੇਹ ਵਿਚੋਂ ਜਿਵੇਂ ਹਜ਼ਾਰ ਤਾਰਾਂ ਇਕੋ ਵੇਰਗੀ ਹੀ ਲੰਘ ਗਈਆਂ। ਕੀ ਮੈਨਾ ਰੋ ਰਹੀ ਸੀ ? ਉਹਦੇ ਅੰਦਰ ਕੁਝ ਕੜੱਕ ਕਰਕੇ ਟੁੱਟਿਆ।

ਨਹੀਂ ਨਹੀਂ, ਮੈਨਾ ਰੋ ਨਹੀਂ ਸੀ ਰਹੀ। ਉਹਨੂੰ ਤਸੱਲੀ ਹੋਈ। ਪਰ ਪੀੜ ਉਹਦੀ ਕੰਗਰੋੜ ਵਿਚੋਂ ਫਿਰ ਵੀ ਉੱਠੀ, ਉਹਦੇ ਕੰਬਦੇ ਹੱਥੋਂ ਮੈਲੋ ਨਾਲ ਭਰੀ ਥੈਲੀ, ਛੁਟਦੀ ਛੁਟਦੀ ਬਚੀ... ਜੀ ਬਿਆਣਾ, ਉਹ ਬਾਹਰ ਵੱਲ ਪਰਤਿਆ ਤਾਂ ਰੜੇ ਤੇ ਹੀ ਡਿੱਗ ਪਿਆ। ਫਿਰ ਐਨ ਉਸੇ ਪਲ, ਉਹ ਕੁਝ ਵਾਪਰ ਗਿਆ ਜਿਸ ਦੀ ਕਿਸੇ ਨੂੰ ਉਮੀਦ ਹੀ ਨਹੀਂ ਸੀ।

ਚੁੱਲ੍ਹੇ ਤੇ ਪਈ ਪਤੀਲੀ ਉਸ ਵੱਗਾਹ ਕੇ ਵੇਹੜੇ ਵਿਚ ਮਾਰੀ।

"ਇਹਨਾਂ ਗਿੱਲਾਂ ਦੀ ਓਏ ਮੈਂ...!"

ਉੱਚੇ ਬੋਲ, ਤਣਿਆ ਹਨੇਰਾ ਚੀਰ, ਦੂਰ ਨਿਆਈਆ ਤੀਕ ਖਿੰਡ ਗਏ। ਉਹਨੇ ਇਕ ਭਰਵੀਂ ਗਾਹਲ ਫਿਰ ਗਿੱਲਾਂ ਨੂੰ ਕੱਢੀ ਅਤੇ ਗੁੱਸੇ ਨਾਲ ਬਾਹਰ ਵੱਲ ਨੂੰ ਅਹੁਲਿਆ; ਪਰ ਅਚਾਨਕ ਉਹਦਾ ਪੈਰ ਬੱਕਰੀ ਦੇ ਰੱਸੇ ਵਿਚ ਉਲਝ ਗਿਆ। ਗੁੱਸੇ ਨਾਲ ਉਹਨੇ ਟਕੂਆ ਉਲਾਰਿਆ... ਇਕ .... ਦੋ... ਤਿੰਨ। ਬੱਕਰੀ ਡਡਿਆਈ। ਪਰ ਉਸ ਤੋਂ ਮਗਰੋਂ, ਕੀੜੂ ਨੂੰ ਕੇਵਲ ਏਨਾ ਜਾਪਿਆ, ਸਾਹਮਣੇ ਜੋਰਾ ਸਿੰਹੁ ਹੈ, 'ਤੇ ਉਹਦੇ ਆਪਣੇ ਹੱਥ ਵਿਚ ਟਕੂਆ ਹੈ।

ਚੀਕ ਚਿਹਾੜੇ ਵਿਚ ਸੌਂਤੇ ਦਾ ਹਨੇਰਾ ਲੰਗਾਰਿਆ ਗਿਆ ਸੀ। ਠੱਟੀ ਕੀੜੂ ਦੇ ਵੇਹੜੇ, ਗਡਿਆਂ ਵਾਂਗ ਟੁੱਟ ਪਈ ਸੀ। ਲੋਕਾਂ ਦੇਖਿਆ, ਕੀੜੂ ਬੇਹੋਸ਼ ਪਿਆ ਸੀ।



ਜਦ ਨੂੰ ਕੀੜੂ ਨੂੰ ਹੋਸ਼ ਪਰਤੀ, ਆਟੇ ਦਾ ਭੁੰਗੜਾ ਲਈ ਮੈਨਾ ਉਸ ਤੇ ਝੁਕੀ ਖੜ੍ਹੀ ਸੀ। ਕੀੜੂ ਨੇ ਦੇਖਿਆ ਜਿਵੇਂ ਮੈਨਾ ਦੇ ਵਾਲ ਦੁੱਧ ਸਫ਼ੇਦ ਹਨ, ਤੇ ਮੂੰਹ ਤੇ ਝੁਰੜੀਆਂ ਹਨ। ਉਹਨੇ ਸੋਚਣ ਦੀ ਕੋਸ਼ਿਸ਼ ਕੀਤੀ, ਕੀ ਇਹ ਉਹਦੀ ਮਾਂ ਦਾ ਮੂੰਹ ਸੀ ? ... ਦੇਵਕੀ ਸੀ ? .... ਜਾਂ ਮੈਨਾ ਹੀ ਸੀ ?...

ਫਿਰ ਦੀਵੇ ਦੇ ਚਾਨਣ ਵਿਚ ਕੀੜੂ ਨੇ ਗਹੁ ਨਾਲ ਵੇਖਿਆ। ਨਹੀਂ ਨਹੀਂ, ਇਹ ਤਾਂ ਮੈਨਾ ਹੀ ਸੀ। ਤਦ ਕੀੜੂ ਨੇ ਹੋਰ ਗਹੁ ਨਾਲ ਦੇਖਿਆ ਤਾਂ ਲੱਗਾ, ਮੈਨਾ ਦੀਆਂ ਅੱਖਾਂ ਵਿਚ ਅੱਥਰੂ ਨਹੀਂ ਸਨ। ਨਾ ਹੀ ਡਰ ਸੀ। ਜਿਵੇਂ ਅਡੋਲ ਅਤੇ ਸਥਿਰ, ਕੀੜੂ ਦੀਆਂ ਅੱਖਾਂ ਵਿਚ ਝਾਕ ਰਹੀ ਹੋਵੇ।

ਕੀੜੂ ਨੇ ਭਰਵਾਂ ਸਾਹ ਲਿਆ। ਧੀ ਦਾ ਸਿਰ ਪਲੋਸਦਿਆਂ ਪਲ ਦਾ ਪਲ ਉਹਦਾ ਹੱਥ ਕੰਬਿਆ ਅਤੇ ਮਨ ਭਰ ਆਇਆ। ਪਰ ਅਗਲੇ ਹੀ ਛਿਣ, ਕੀੜੂ ਨੇ ਸ਼ਾਂਤ ਚਿੱਤ ਪਾਸਾ ਪਰਤਿਆ ਅਤੇ ਭਰ ਆਈਆਂ ਅੱਖਾਂ ਅੱਖਾਂ ਨਾਲ, ਛੱਤ ਦੇ ਮਘੋਰੇ ਵਿਚੋਂ ਦੂਰ ... ਝਲਕਦਾ, ਅਸਮਾਨ ਵੇਖਣ ਲੱਗਾ।

•

# ਪਾਣੀ ਦੀ ਕੰਧ

ਡੂੰਘੇ ਸੋਤੇ ਦਾ ਚਿਤ-ਕਬਰਾ ਹਨੇਰਾ, ਵਿਰਨੀਂ ਉੱਤਲੇ ਘਰਾਂ ਦੇ ਜ਼ਰਦ ਚਾਨਣ ਸੰਗ ਬਾਹਰਲੇ ਛੱਪੜ ਦੀ ਗੰਧਲੀ ਹਿੱਕ ਤੇ ਬੜੀ ਹੀ ਸੰਗਾਊ ਸਾਜ਼ਿਸ਼ ਨਾਲ ਥਿਰਕ ਰਿਹਾ ਸੀ।

ਥਰਡ਼ਾਏ ਮੌਸਮ ਦੇ ਸਿਖ਼ਰਲੇ ਦਿਨ ਸਨ। ਪੂਰੇ ਦੀ ਨਿੰਮ੍ਹੀ ਰਿਵੀ ਵਿਚ, ਪਿੰਡ ਦੀ ਵਿਰਨੀਏ ਉੱਤਰਦਿਆ, ਉਸ ਮਹਿਸੂਸ ਕੀਤਾ ਜਿਵੇਂ ਚੁਫ਼ੇਰੇ ਭੇਤ-ਭਰੀ ਚੁੱਪ, ਟੂਣੇ-ਹਾਰੀ ਹੋ ਗਈ ਹੋਵੇ। ਕੋਰ ਕਣਕਾਂ ਤੋਂ ਲੈ ਕੇ ਤਾਰਿਆਂ ਦੇ ਉਘਲਾਉਂਦੇ ਝੁਰਮਟ ਤੀਕ...। ਪਰ ਅਜੇਹੇ ਗੁਸਤਾਖ਼ ਪਲਾਂ ਵਿਚ ਹਮੇਸ਼ਾਂ ਉਹਦੀ ਆਪਣੀ ਰੂਹ ਧੁਰ ਅੰਦਰਲੀ ਕਿਸੇ ਸ਼ੋਰ-ਨੁਮਾ ਚੁੱਪ ਸਣੇ ਪੱਸਰੇ ਆਲਮ ਵਿਚ ਭਟਕ ਜਾਂਦੀ। ਉਹ ਜਿਉਂਦੇ ਜੀ ਰੀਂਘਦੇ ਹੋਣ ਦੇ ਅਹਿਸਾਸ ਕਾਰਨ ਆਪਦੀਆਂ ਹੀ ਬਰੂਹਾਂ ਵਿਚਾਲੇ ਕਿਸੇ ਭੈਅ ਨਾਲ ਠਠੰਬਰ ਜਾਂਦਾ ਤੇ ਦਿਹਾੜੀ ਦੀ ਦੇਹ-ਤੋੜਵੀਂ ਮੁਸ਼ੱਕਤ ਕਾਰਨ ਚੂਰ ਹੋਈ ਦੇਹ ਨੂੰ ... ਤਰੀਮਤ ਦੇ ਰੂ-ਬ-ਰੂ ਨਿਢਾਲ ਸਿੱਟਦਿਆਂ ਬੇ-ਹੂਦਗੀਆਂ ਤੇ ਕਮੀਨੀਆਂ ਜਹੀਆਂ ਖ਼ਾਹਸ਼ਾਂ ਦੀ ਚਾਬਕ ਨਾਲ ਇਸ ਟੂਣੇ-ਹਾਰੀ ਚੁੱਪ ਨੂੰ ਲੀਰ ਲੀਰ ਕਰ ਦੇਣਾ ਲੋਚਦਾ।...

ਉਹਦੀ ਬਿੜਕ ਨਾਲ ਕਿਤੇ ਨੇੜਿਉਂ ਹੀ ਕੋਚਰੀ ਉੱਡੀ ਅਤੇ ਨਿਆਂਈਆਂ ਤੱਕ ਦੇ ਖੇਤ ਬੋਲਦੇ ਕਰ ਗਈ।

ਉਸ ਲਾਗਲੇ ਪਿੰਡ ਦੇ ਸਪੀਕਰ 'ਚੋਂ ਟੁੱਟਵਾਂ ਪਾਠ ਤੇ ਸੂਏ ਦੀ ਉੱਚੀ ਛਾਲ ਤੋਂ ਡਿੱਗਦਾ ਪਾਣੀ, ਸਾਫ਼ ਸੁਣਿਆ। ਚਾਦਰ ਵਾਂਗ ਤਣੇ ਹਨੇਰੇ 'ਚ ਉਸ ਨੀਝ ਨਾਲ ਡਿਠਾ; ਟੁੰਡਿਆਂ ਕੀ ਦਹਾਜੂ ਬਹੂ 'ਬਾਹਰੋਂ ਮੁੜੀ' ਤਖਾਣਾਂ ਕਾ ਉਪਰਲਾ ਮੋੜ ਪਰਤ ਰਹੀ ਸੀ। ਹਮੇਸ਼ ਤਰ੍ਹਾਂ ਗੁਰਦੁਆਰੇ ਦਾ ਸੁੰਨਾ ਹਾਤਾ ਲਿੱਸੀ ਜਹੀ ਨਜ਼ਰ ਨਾਲ ਵੇਖਦਿਆਂ ਉਹ ਘਰ ਦੀਆਂ ਦਲ੍ਹੀਜਾਂ ਵਿਚ ਆ ਖੜ੍ਹਾ।

ਉਂਜ ਉਹਨੂੰ ਉਹਦੀਆਂ ਹੀ ਬਰੂਹਾਂ ਤੇ ਮੋੜ ਲਿਆਉਣ ਦਾ ਸੇਹਰਾ ਉਹਦੇ ਮਾਂ-ਪਿਉ ਸਿਰ ਹੀ ਬੱਝਦਾ ਸੀ। ਕਦੇ ਉਹ ਸੋਚਦਾ, ਜਿਵੇਂ ਉਹ ਪੁਰਖਿਆਂ ਦਾ ਸਰਾਪ ਹੀ ਹੰਢਾ ਰਿਹਾ ਹੋਵੇ। ਜੀਹਦੇ ਵਿਚ ਕਿਤੇ ਉਹਦੀ ਮਲੂਕ ਜਹੀ ਪਤਨੀ ਵੀ ਸ਼ਾਮਲ ਸੀ। ਜਿਸ ਸੁਹਾਗ ਦੀ ਪਹਿਲੀ ਰਾਤ ਵੀ ਮਾਪਿਆਂ ਦੀ ਗ਼ੁਰਬਤ ਚੇਤੇ ਕਰਦਿਆਂ ਅੱਥਰੂਆਂ ਨਾਲ ਲੰਘਾਈ ਸੀ।

ਤਦ... ਮਾਸੂਮ ਜਹੀ ਵਹੁਟੀ ਦੇ ਅੱਲੜ੍ਹ ਮੂੰਹ ਵੱਲ ਵੇਖਦਿਆਂ ਉਹਨੂੰ ਲੱਗਾ



ਸੀ, ਜਿਵੇਂ ਇਹ ਵਿਆਹ ਦਾ ਵਰ (ਜਿਸ ਵਿਚ ਵਹੁਟੀ ਦੀ ਸਾਂਵਲੀ ਜਹੀ ਸੂਰਤ ਤੋਂ ਬਿਨਾਂ ਕੁਝ ਵੀ ਨਹੀਂ ਸੀ) ਗੁਆਂਢੀ ਕੁੜੀ ਨੂੰ ਇਸ਼ਕ ਕਰਨ ਦੇ ਸਰਾਪ ਵਜੋਂ ਹੀ ਉਹਨੂੰ ਨਸੀਬ ਹੋਇਆ ਸੀ। ਪਰ ਮਹਿਬੂਬ ਕੁੜੀ ਜਦ ਵੀ ਮਿਲਦੀ, ਆਖਦੀ, "ਨਹੀਂ... ਇਹ ਤਾਂ ਉਹਦਾ ਪਿੰਡਾ ਭੋਗਣ ਅਤੇ ਪਿੰਡ ਵਿਚ ਬਦਨਾਮ ਹੋਣ ਦਾ ਸਰਾਪ ਸੀ।" ਕਦੇ ਉਹਨੂੰ ਆਪਣੇ ਆਪ ਨੂੰ ਹੀ ਜਾਪਦਾ, ਜਿਵੇਂ ਇਹ ਉਹਦੇ ਅੰਦਰਲੀ ਕਿਸੇ ਹਾਬੜੀ ਅੱਗ ਦੀ ਰਾਖ ਸੀ ਜੋ ਉਹਨੂੰ ਅੰਨ੍ਹਿਆਂ ਕਰਦੀ ਚਲੀ ਗਈ ਸੀ।...

ਸ਼ਾਇਦ ਇਸੇ ਲਈ ਉਹਦੀ ਪਤਨੀ ਨੂੰ ਹਮੇਸ਼ਾਂ 'ਦਿਨ' ਚੜ੍ਹੇ ਰਹਿੰਦੇ; ਉਹ ਲੰਮੀ ਹਾ... ਏ... ਨਾਲ ਉੱਠਦੀ ਬਹਿੰਦੀ ਤਾਂ ਉਹਦੇ ਧੁਰ ਅੰਦਰ ਕਿਧਰੇ ਕਾਤੀਆਂ ਚੁੱਭਦੀਆਂ ਚਲੇ ਜਾਂਦੀਆਂ। ਆਖ਼ਰ ਉਹ ਕਿੱਥੇ ਦਾ ਕਿੱਥੇ ਔਂਪੜ ਗਿਆ ਸੀ, ਤਿਤਲੀਆਂ ਵਰਗੀਆਂ ਕੁੜੀਆਂ ... ਤੇ ਉਨ੍ਹਾਂ ਦਾ ਡਲ੍ਹਕਦਾ ਜੋਬਨ, ਉਹਦੇ ਸੁਪਨਿਆਂ ਵਿਚ ਕਿੱਥੇ ਮਰ ਮੁੱਕ ਗਿਆ ਸੀ ?...

ਖਸਤਾ ਜੇਹੀ ਸਾਈਕਲ 'ਤੇ ਦੇਹ ਦਾ ਭਾਰ ਸਿੱਟਦਾ ਉਹ ਵੇਹੜੇ ਵਿਚ ਆ ਖੜ੍ਹਾ। ਬਿਲਕੁਲ ਉਹਨਾਂ ਬਰੂਹਾਂ ਵਿਚ ਜਿਥੇ ਲੋੜਾਂ ਤਾਂਡਵ ਨਾਚ ਨੱਚਦੀਆਂ... ਤੇ ਸੁਆਲੀਆ ਚਿੰਨ੍ਹ ਖਲਾਅ ਵਿਚ ਲਟਕੇ ਰਹਿੰਦੇ। ਆਖ਼ਰ ਉਹ ਸੁਪਨੇ ਕਿੱਥੇ ਛਾਂਈ ਮਾਂਈਂ ਹੋ ਗਏ ਸਨ; ਜੇਹੜੇ ਉਸ ਜੁਆਨੀ ਤੋਂ ਪਹਿਲਾਂ ਲਏ ਸਨ। ਉਹ ਸਵਰਗ ਕਿੱਥੇ ਰਹਿ ਗਿਆ ਸੀ, ਜੇਹੜਾ ਗੁਆਂਢੀ ਕੁੜੀ ਨੂੰ ਇਸ਼ਕ ਕਰਦਿਆਂ ਉਸਦੀ ਪੀਡੀ ਗਲਵੱਕੜੀ ਵਿਚ ਡਿਠਾ ਸੀ।...

ਬੜੇ ਹੀ ਅਚੰਭੇ ਨਾਲ ਉਸ ਵੇਖਿਆ, ਵੇਹੜੇ ਵਿਚ ਸੰਘਣੀ ਚੁੱਪ, ਜਾਲ ਵਾਂਗ ਤਣੀ ਪਈ ਸੀ।

"ਹੈ ਕੋਈ..." ਓਟੇ ਨਾਲ ਸਾਈਕਲ ਸਿੱਟਦਿਆਂ ਉਹ ਚੀਕ ਪੈਣ ਵਾਂਗ ਬੋਲਿਆ।

ਉਂਜ ਉਹ ਜਾਣਦਾ ਸੀ, ਹਨੇਰੇ ਵਿਚ ਉਹਦੀ ਤਰੀਮਤ ਉਹਨੂੰ ਉਡੀਕ ਰਹੀ ਹੋਵੇਗੀ। ਸ਼ਿੱਦਤ ਨਾਲ ਨਹੀਂ... ਡਰ ਨਾਲ...। ਡਰ! ਜਿਸ ਵਿਚ ਉਹ ਗਰੱਸਦੀ ਹੀ ਚਲੀ ਜਾਂਦੀ ਹੈ। ਉਹਦੇ ਹਰ ਹੁਕਮ ਮੂਹਰੇ ਸੁੱਕੇ ਪੱਤ ਵਾਂਗ ਉੱਡਣ ਤੋਂ ਲੈ ਕੇ, ਬਰਾਬਰ ਦੇ ਜੁਆਕਾਂ ਨੂੰ ਸੁੱਤੇ-ਜਾਗਦਿਆਂ ਛੱਡ, ਓੜਕ ਤੱਕ ਦਾ ਨਾਟਕ ਖੇਡਣ ਦੀ ਹੱਦ ਤੀਕ...।

ਪਰ ਬਿਲਕੁਲ ਅਚੰਭੇ ਵਾਂਗ, ਉਹਦੀ ਤਰੀਮਤ ਕੱਚੇ ਕੋਠੇ ਦੀ ਥਾਂ, ਪੱਕੇ ਅੰਦਰੋਂ ਨਿਕਲੀ ਤਾਂ ਉਹ ਵੇਖਦਾ ਹੀ ਰਹਿ ਗਿਆ। ਪੱਕਾ ਕੋਠਾ... ਜਿਹੜਾ ਸਿਰਫ਼ ਨਾਉਂ ਨੂੰ ਹੀ ਨੂੰ ਪੱਕਾ ਹੈ ਅਤੇ ਜਿਸ ਵਿਚ ਉਹ ਸਿਰਫ਼ ਆਖਣ ਨੂੰ ਹੀ ਇਕੱਲਾ ਸੌਂਦਾ ਹੈ।

ਦੀਵੇ ਦੇ ਕੰਬਦੇ ਚਾਨਣ ਵਿੱਚ, ਉਸ ਪਤਨੀ ਦਾ ਲਿੱਸਾ ਜੋਬਨ, ਉਦਾਸ ਅੱਖ ਨਾਲ ਵੇਖਿਆ। "ਮੈਂ ਤਾਂ ਕਿਹਾ ਖਬਨੀ ਤੈਂ ਆਉਣਾ ਈ ਨੀਂ ਅੱਜ...।" ਉਹ ਆਖ ਰਹੀ ਸੀ।

ਉਹਨੂੰ ਲੱਗਾ ਜਿਵੇਂ ਉਹ ਲਾਚੜ ਕੇ ਆਖ ਰਹੀ ਹੋਵੇ। ਹੈਰਾਨ ਹੋਏ ਨੂੰ, ਇਕ ਘੜੀ ਕੋਈ ਸਰਦਾ ਜਿਹਾ ਮੋੜਾ ਹੀ ਨਾ ਅਹੁੜਿਆ।

"ਜੁਆਕ?"... ਉਸ ਹੌਲੀ ਦੇਣੇ ਕਿਹਾ। ਘਰ ਵਿਚਲੀ ਚੁੱਪ, ਉਹਨੂੰ ਹੈਰਾਨ ਕਰੀ ਜਾ ਰਹੀ ਸੀ।

"ਵੱਡੇ ਸਵੇਰ ਦੇ ਨਾਨਕੇ ਗਏ ਨੇ ... ਨਿੱਕੀ ਘੁਕ ਪਈ ਐ...।" ਲੋਫ਼ਰ ਜਹੀ ਅਦਾ ਵਿਚ ਉਸ ਉਂਗਲ ਨਾਲ ਹਵਾ ਕੱਟਦੇ ਕਿਹਾ, ਤੇ ਛਾਬੀ ਹੀ ਹੋਰੂੰ ਹੋਰੂੰ ਉਹਦੇ ਵੱਲ ਝਾਕੀ।

ਉਸ ਚੋਰ-ਅੱਖ ਡਿੱਠਾ; ਦੀਵੇ ਦੇ ਕੰਬਦੇ ਚਾਨਣ ਵਿਚ ਉਹਦੇ ਸਾਂਵਲੇ ਬੁੱਲ੍ਹਾਂ ਤੇ ਰਾਂਗਲਾ 'ਸੱਕ' ਜਰਬਾਂ ਖਾਂਦਾ ਸੀ।

ਉਹਦੇ ਜੀ ਵਿਚ ਆਈ ਉਹ ਕਲਪ ਕੇ ਆਖੇ "ਧਾਰ ਨੀ ਉੱਤਰਦੀ ਨਾਨਕਿਆਂ ਬਿਨਾਂ...।" ਪਰ ਉਹ ਉਸਦੇ ਵਾਲਾਂ ਦੇ ਡਿੰਗੇ ਸੁਆਂਦ੍ਹ ਦੇ ਡੂੰਘੇ ਚੀਰ ਵਿਚ ਹੀ ਉਲਝ ਗਿਆ ਤੇ ਉਸ ਆਪਦੀਆਂ ਪਾਟਦੀਆਂ ਅੱਖਾਂ ਨਾਲ, ਉਹਦੇ ਕਿਧਰੇ 'ਆਉਣ-ਜਾਣ' ਵਾਲੇ ਸੂਟ ਵਿਚ ਉਹਦੀਆਂ ਸੁੱਕੀਆਂ ਛਾਤੀਆਂ ਆਫਰੀਆਂ ਹੋਈਆਂ ਤੱਕੀਆਂ। ... ਬੜਾ ਅਜੀਬ ਆਲਮ ਸੀ। ਉਹਨੂੰ ਖਲੇ ਖਲੋਤੇ ਨੂੰ ਭਸਮ ਕਰ ਦੇਣ ਵਾਲਾ...। ਇਕਾਇਕ ਉਹ ਚੌਂਕੇ ਵਿਚ ਜਾਣ ਦੀ ਥਾਂ ਅੰਦਰ ਲੰਘ ਗਿਆ। ਅਗਲੇ ਹੀ ਪਲ ਉਸ ਅੱਖਾਂ ਵਿਚ ਹਾਸਾ ਡੱਕਦਿਆਂ, ਫਰਜ਼ੀ ਜਹੀ ਮੱਥੇ ਉੱਤੇ ਤਿਊੜੀ ਪਾ ਲਈ ਤੇ ਨਿੱਕੇ ਜਿਹੇ ਝਟਕੇ ਨਾਲ ਤਰੀਮਤ ਨੂੰ ਝੋਲੀ ਵਿਚ ਸਿੱਟ ਲਿਆ।

"ਠਹਿਰੋ ਰੋਟੀ ਤਾਂ ਲੈ ਆਵਾਂ..." ਲਾਡ ਨਾਲ ਉਹ ਬੋਲੀ।

ਪਰ ਉਹ ਛੋਹਲੀ ਨਾਲ ਉਹਦੇ ਸੌੜੇ ਗਲਮੇ ਵਿਚ ਹੱਥ ਪਾ ਰਿਹਾ ਸੀ।

ਸਸਤੀ ਅੰਗੀ 'ਚ ਲੀਰਾਂ ਦੇ ਖੇਹਨੂੰ ਸਨ। ਇਕ ਘੜੀ ਉਹਦੇ ਚੇਹਨ ਵਿਚ ਕੁਝ ਬੁੱਝਦਾ ਚਲਾ ਗਿਆ, ਪਰ ਤਸੱਵੁਰ ਦੇ ਬਹੁਤ ਹੀ ਤਿਲਕਵੇਂ ਪਲ ਉਸ ਛੋਹਲੀ ਨਾਲ ਬੋਚ ਲਏ। ਇਹ ਵੱਖਰੀ ਗੱਲ ਹੈ ਕੇ ਅਜਿਹੇ ਗੁਸਤਾਖ਼ ਪਲ ਉਹਨੂੰ ਹਮੇਸ਼ਾਂ ਬੜੇ ਮਹਿੰਗੇ ਪੈਂਦੇ ਸਨ। ਫਿਰ ਵੀ ਉਹ ਪਤਾ ਨਹੀਂ ਕਿਉਂ ? ਇਹਨਾਂ ਪਲਾਂ ਲਈ ਤੜਫਦਾ ਸੀ ਅਤੇ ਤਾਂਘਦਾ ਸੀ।

ਕਦੇ ਉਹ ਸੋਚਦਾ, ਇਹ ਨਾਜ਼ੁਕ ਪਲ ਹੀ ਤਾਂ ਉਹਦੀ ਜ਼ਿੰਦਗੀ ਦਾ ਸਰਮਾਇਆ ਹਨ। ਜਿਹਨਾਂ ਵਿਚ ਉਹਦਾ ਗੁਆਂਢੀ ਕੁੜੀ ਨੂੰ ਕੀਤਾ ਇਸ਼ਕ, ਮਰ ਕੇ ਵੀ ਨਹੀਂ ਮੁੱਕਾ ਤੇ ਪਤਨੀ ਨਾਲ ਸੁੱਤਾ ਅੱਜ ਵੀ ਉਹ ਹਰ ਮਾਣੀ ਅਣ-ਮਾਣੀ ਕੁੜੀ ਦਾ ਤਸੱਵੁਰ ਹੱਥਾਂ 'ਚ ਘੁੱਟੀ ਸਾਰੀ ਰਾਤ ਤੜਪਦਾ ਹੈ। ਲੱਭਦਾ ਹੈ।...

ਰੋਟੀ ਲਈ ਨਾਂਹ ਕਰਦਿਆਂ ਜਦੋਂ ਉਹ ਕਾਹਲੀ ਨਾਲ ਰਜ਼ਾਈ ਵਿਚ ਤਿਲਕ ਗਿਆ ਤਾਂ ਉਹਦੀ ਪਤਨੀ ਦੀਆਂ ਅੱਖਾਂ ਵਿਚ ਖੁਸ਼ੀ ਜਿਵੇਂ ਚਾਂਭੜਾਂ ਪਾ ਉੱਠੀ।



"ਲਿਆ ਘੁੱਟ ਦਿਆਂ..." ਛੋਹਣ ਪੰਜ ਉਸ ਕਿਹਾ।

"ਨਹੀਂ..." ਉਹ ਜਿਵੇਂ ਤੜਪ ਉੱਠਿਆ "ਤੂੰ ਬੂਹੇ ਮਾਰ ਦੇ ਸਾਰੇ..."

ਕਿਤੇ ਛਾਪਲ ਕੇ ਬੈਠੀ ਭੁੱਖ, ਜਿਵੇਂ ਉੱਠ ਕੇ ਉਹਦੀਆਂ ਅੱਖਾਂ 'ਚ ਬੈਠ ਗਈ ਤੇ ਕਿੰਨਾ ਹੀ ਕੁਝ ਸੀ ਜੋ ਉਹਨੂੰ ਦਿਸਣੋਂ ਹੱਟਦਾ ਚਲਾ ਗਿਆ। ਬਿਲਕੁਲ ਹਮੇਸ਼ਾਂ ਵਾਂਗ...

ਬਿਨਾਂ ਕੋਈ ਉਜ਼ਰ ਕੀਤੇ ਖੜੀ ਖੜੋਤੀ ਹੀ ਉਹ ਲੀੜੇ ਲਾਹੁਣ ਲੱਗ ਪਈ ਤਾਂ ਤਰੀਮਤ ਦੀ ਸੁੱਕੜ ਦੇਹ, ਉਹਨੂੰ ਸੀਖਦੀ ਚਲੀ ਗਈ। ਪੀੜਾਂ ਉਹਦੇ ਅੰਦਰ ਜਿਵੇਂ ਖਿੱਲਰਦੀਆਂ ਚਲੀਆਂ ਗਈਆਂ। ਪੰਜਵੇਂ ਜੁਆਕ, ਤੇ ਦੋ ਗੁਆਏ ਹਮਲਾਂ ਮਗਰੋਂ ਉਹ ਬੱਸ ਮਰਦੀ ਮਰਦੀ ਹੀ ਬਚੀ ਸੀ। ਅਜਿਹੇ ਕਿਸੇ ਵੇਲੇ, ਜਦੋਂ ਉਹਦੀਆਂ ਅੱਖਾਂ ਵਿਚ ਤਰੀਮਤ ਦਾ ਢਲ ਗਿਆ ਸੂਰਜ, ਉਹਦੀਆਂ ਵਾਸ਼ਨਾ ਨਾਲ ਛਲਕਦੀਆਂ ਅੱਖਾਂ ਵਿਚ ਕਿਸੇ ਥਲ ਵਾਂਗ ਪੱਸਰ ਜਾਂਦਾ ਤਾਂ ਪਤਾ ਨਹੀਂ ਕਿਉਂ ਪਿੰਡ ਦੀਆਂ ਸਾਰੀਆਂ ਸੁਨੱਖੀਆਂ ਕੁੜੀਆਂ ਤੇ ਉਹ ਗੁਆਂਢਣ ਕੁੜੀ, ਉਹਨੇ ਜ਼ਿਹਨ ਵਿਚ ਆ ਬੈਠਦੀਆਂ।

"ਅੱਜ ਤਾਂ ਹੱਦਾਂ ਈ ਤੋੜਤੀਆਂ।" ਪਤਾ ਨਹੀਂ ਉਹ ਕਿਥੋਂ ਬੋਲ ਰਿਹਾ ਸੀ।

"ਬਸ ਐਵੇਂ ਈ... ਮੈਂ ਕਿਹਾ ਰੋਜ਼ ਉਲਾਹਮੇ ਦੇਨਾਂ ਏਂ ਪਈ..."

ਅਗੋਂ ਉਹਨੂੰ ਕੋਈ ਗੱਲ ਹੀ ਨਾ ਅਹੁੜੀ; ਪਰ ਉਹ ਸਭ ਕੁਝ ਚੇਤੇ ਆਇਆ, ਜੋ ਉਹਦੀ ਜ਼ਿੰਦਗੀ ਵਿਚ ਛਿਲਤਰਾਂ ਵਾਂਗ ਪੁੜਿਆ ਪਿਆ ਸੀ ਤੇ ਕਦੀ ਵੀ ਹੋਠੀਂ ਨਹੀਂ ਸੀ ਵਿਲਕਿਆ। ਜੀਹਦੀ ਪੀੜ ਵਿਚ ਉਹ ਹੋਰ ਹੋਸ਼ ਗੁਆ ਲੈਂਦੀ ਤੇ ਉਹ ਲੰਬਾ ਨਾਟਕ... ਖਾਂਵਦ ਦੇ ਇਕੋ ਇਸ਼ਾਰੇ ਨਾਲ ਹੀ ਦੁਹਰਾਈ ਜਾਂਦੀ, ਜਿਸ ਵਿਚ ਉਹ ਖ਼ਬਰੇ ਦਿਨ ਚੜ੍ਹਨ ਤੀਕ ਕੀ ਕੀ ਨਕਲ ਕਰੀ ਜਾਂਦੀ।

ਸ਼ਾਇਦ ਇਸੇ ਲਈ ਉਹ ਉਸਦਾ ਕੁਚੱਜਾ ਰੂਪ, ਪਹਿਲਾਂ ਗਾਹਲਾਂ ਦੇ ਛੱਜ ਵਿੱਚ ਛੱਟਦਾ ... ਤੇ ਫਿਰ ਕਿਸੇ ਵਧੀਆ ਜਾਪਦੀ ਕੁੜੀ ਦਾ ਤਸੱਵਰ ਲਈ ਕਿਸੇ ਉਸ ਦੇਸ ਵਿਚ ਅਪੜ ਜਾਂਦਾ ਜਿਥੇ ਸਾਰੀਆਂ ਦੀਆਂ ਸਾਰੀਆਂ ਅਪੂਰਨ ਖਾਹਸ਼ਾਂ, ਉਹਤੋਂ ਗਿੱਠ ਕੁ ਦੂਰ ਖੜੋਤੀਆਂ, ਉਹਨੂੰ ਮਸ਼ਕਰੀਆਂ ਕਰਦੀਆਂ ਰਹਿੰਦੀਆਂ।

... ਉਹ ਅਲਫ਼ ਪਈ ਸੀ ਤੇ ਲੀਰਾਂ ਦੇ ਬਨਾਉਟੀ ਖੇਹਨੂੰ ਉਹਦੀ ਪੀਡੀ ਹਿੱਕ ਵਿਚ ਖੁਭਦੇ ਚਲੇ ਗਏ ਸਨ। ਬਾਹਰ ਰਾਤ ਹੋਰ ਡੂੰਘੀ ਹੋ ਗਈ ਸੀ। ਅੱਖਾਂ ਵਿਚ ਛਾਪਲ ਕੇ ਬੈਠੀ ਭੁੱਖ ਜਿਵੇਂ ਮੱਚ ਉੱਠੀ ਸੀ।

"ਮਖਿਆ ਬਹਿਜਾ ਬਹਿਜਾ ਕਰ ਤੀ ਅੱਜ ਤਾਂ ਤੂੰ...।"

ਉਸ ਵਜਦ ਵਿਚ ਕਿਹਾ।

"ਮੈਂ ਕਿਹਾ ਖੁਸ਼ ਕਰ ਦਈਏ ਬੰਦੇ ਨੂੰ... ਰੋਜ਼ ਆਰਾਂ ਲਾਉਨੈਂ... ਅਖੇ ਲੀੜੇ ਨੀਂ ਪਾਉਂਦੀ... ਸਿਰ ਨੀਂ ਵਾਹੁੰਦੀ..."

"ਗੱਲ ਸੁਣ..." ਦੀਵੇ ਦੇ ਨਿੰਮੇਂ ਚਾਨਣ ਅਤੇ ਰਲਵੇਂ ਸਾਹਾਂ ਵਿਚ ਉਹਨਾਂ

ਇਕ ਦੂਜੇ ਦੇ ਧੁੰਦਲੇ ਨਕਸ਼ ਪਛਾਨਣ ਦੀ ਕੋਸ਼ਿਸ਼ ਕੀਤੀ, ਤੇ ਉਹਦੀ ਪਤਨੀ ਨੂੰ ਖਾਵੰਦ ਦਾ ਉਹ ਇੱਕ ਇੱਕ ਨਾਟਕ ਚੇਤੇ ਆਇਆ; ਜਿਸ ਵਿਚ ਨਾਇਕ ਬਣਦਿਆਂ ਹੀ ਉਹਦੀ ਹਰ ਤਲਖ਼ੀ ਰੇਸ਼ਮ ਵਾਂਗ ਕੂਲੀ ਹੋ ਜਾਂਦੀ ਅਤੇ ਉਹ ਹੌਲੇ ਹੌਲੇ ਜਾਪਣ ਲੱਗ ਪੈਂਦਾ।

"ਗੱਲ ਸੁਣ...!" ਅਕਾਰਥ ਹੀ ਉਹ ਬੋਲਿਆ।

"ਦੱਸੋ..."

"ਕੇਹੜੀ ਬਨਣਾ ਅਜ ਵੇ... ਮ੍ਹਿੱਟਰਾਂ ਕੀ ਦੀਸ਼ੀ?"

"ਊਂ... ਹੂੰ!"

"ਗਡਰੀਆਂ ਕੀ ਪਾਸ਼ੇ?"

"ਉੱਕਾ ਨਾ..."

"ਹੋਰ ਕੀ?"

"ਬਸ ਮਲਕੀਤ ਕੁਰ...!"

"ਲੈ ਉਹ ਤਾਂ ਹੈ ਈ ਐਂ ਤੂੰ...!"

"ਅੱਜ ਤਾਂ ਉਹੋ ਮਿਲੂ ਵੇ...!"

"ਲੈ ਤੇਰੇ 'ਚ ਕੀ ਐ ਹੁਣ?" ਨਾ ਚਾਹੁੰਣ ਤੇ ਵੀ ਉਹਤੋਂ ਆਖੀ ਗਈ।

"ਤੈਂ ਈ ਗੱਲ ਤਾਂ ਫੜ ਕੇ, ਹੋਰ ਕਿਤੇ...!" ਉਹ ਮੇਹਣੀ ਹੋ ਤੁਰੀ...।

"ਐਵੇਂ ਮੂਡ ਨਾ ਖ਼ਰਾਬ ਕਰ ਦੀਂ ਕਿਤੇ... ਕੋਈ ਚੰਦੀ ਜੀ ਗੱਲ ਕਰ"

"ਕਿਉਂ ਔਖੈਂ ਬਹੁਤ...?"

"ਹੂੰ!"

"ਵੇ ਸੌਖਾ ਹੋ ਜਾ..."

"ਤਾਹੀਂ ਤਾਂ ਕਿਹੈ, ਕੋਈ ਵਧੀਆ ਜਹੀ ਬਣ ਕੇ ਦਿਖਾ ਅੱਜ..."

"ਅਜ ਨੀਂ... ਅੱਜ ਤਾਂ ਮਲਕੀਤ ਕੁਰ ਈ ਮਿਲੂ...!"

"ਕਿਉਂ ਕਾਹਤੋਂ?"

"ਮੇਰੀ ਮਰਜ਼ੀ..."

ਹੋਰ ਕੋਈ ਸਮਾਂ ਹੁੰਦਾ ਤਾਂ ਉਹ ਉਹਦੀ ਏਨੀਂ ਕੁ ਹੁਕਮ ਅਦੂਲੀ ਦਾ ਬਹੁਤ ਵੱਡਾ ਮੁੱਲ ਪਾਉਂਦਾ, ਪਰ ਤਦ ਉਸ ਬੜਾ ਹੀ ਕੂਲਾ ਜਿਹਾ ਕਿਹਾ "ਮਖਾਂ ਜਮਾਂ ਕਮਲੀ ਐਂ ਤੂੰ..."

"ਦੇਖ ਇੱਕ ਗੱਲ ਕਹਾਂ..." ਝਕਦਿਆਂ ਜਹੇ ਉਹ ਬੋਲੀ।

"ਦੱਸ...!"

"ਹੋਰਨਾਂ ਬਾਰੇ ਵੀ ਤਾਂ ਸੋਚਦਾ ਰਹਿਨਾ ਐਂ... ਕੇਹੜਾ ਕੋਲੇ ਆ ਜਾਂਦੇ ਕੋਈ, ਬਸ ਸੁਫਨੇ ਈ ਨੇ... ਭਲਾ ਜੇ ਅੱਜ ਐਂ ਈ ਸੋਚ ਲੈ, ਬਈ ਮੈਂ ਈ ਆਈ ਬੀ ਆਂ ਮੁਕਲਾਵੇ...!"



ਇਕ ਬਿੰਦ ਚੁੱਪ ਪੱਸਰ ਗਈ।

"ਰਜਾਈ 'ਚ ਹੋਰ ਗਹਿਰਾ ਤਿਲਕਦਿਆਂ ਉਹਨਾਂ ਦੀਵੇ ਦੀ ਬੱਤੀ ਹੋਰ ਸੀਖ ਦਿੱਤੀ। ਪਰ ਫਿਰ ਵੀ ਕੋਠੇ ਵਿਚਲੀਆਂ ਗੋਣਵੀਆਂ ਚੀਜ਼ਾਂ ਉਹਨਾਂ ਦੀਆਂ ਨਜ਼ਰਾਂ ਵਿਚੋਂ ਉਛਲ ਹੋ ਰਹੀਆਂ ਸਨ।

"ਚੰਗਾ ਸਾਲੀ ਹੀ ਸਹੀ ਛੋਟੀ..." ਉਸ ਜਾਂਦੀ ਗੱਲ ਬੋਚੀ।

"ਮਖਾਂ ਜਮਾਂ ਨੀ..."

"ਕਾਹਤੋਂ?"

"ਮੇਰੀ ਮਰਜ਼ੀ..."

ਤੈਨੂੰ ਦਸ ਵਰ੍ਹੇ ਹੋ ਗੇ ਵੰਨ-ਸੁਅੰਨੀਆਂ ਟੋਲਦਿਆਂ। ਕਦੇ ਮੇਰੀ ਵੀ ਪੁੱਛੀ ਐ...?"

"ਚਲ ਚੰਗਾ ਇਕ ਗੱਲ ਕਰ ਵੇ..."

"ਦੱਸ..."

"ਪਹਿਲਾਂ ਸਹੁੰ ਖਾ..."

ਉਹ ਨਿੰਸਲ ਪਈ ਸੀ ਤੇ ਇਕ ਟੱਕ, ਛੱਤ ਤੋਂ ਆਰ-ਪਾਰ ਝਾਕ ਰਹੀ ਸੀ।

"......"

"ਬੋਲਦੀ ਨੀ..."

"ਹੂੰ..."

"ਪਹਿਲਾਂ ਸਹੁੰ ਖਾ ਮੰਨੇਂਗੀ?"

"ਸਹੁੰ ਤੇਰੀ..."

"ਚਲ ਦੱਸ, ਅੱਜ ਕੀਹਦੇ ਨਾਲ ਸੌਣਾ ਤੂੰ...?"

"......"

ਕੋਈ ਬਹੁਤ ਭਿਆਨਕ ਚੁੱਪ; ਜੇਹੜੀ ਕਿਤੇ ਨਿਆਈਆਂ 'ਚ ਸਹਿਕ ਰਹੀ ਸੀ, ਕਮਰੇ ਵਿਚ ਆ ਕੇ ਲਟਕ ਗਈ।...

"ਦਸ ਛੇਤੀ...."

ਉਹ ਬਹੁਤ ਤੇਜ਼ ਕਿਤੇ ਨੱਠਿਆ ਜਾ ਰਿਹਾ ਸੀ।

ਪਤਨੀ ਕਬਰ ਵਾਂਗ ਚੁੱਪ ਸੀ।...

"ਬੋਲਦੀ ਨੀ..." ਉਸ ਕਾਹਲੀ ਨਾਲ ਕਿਹਾ।

"ਛੱਡ ਪਰੇ...!" ਇਕ ਲੰਮਾ ਹਉਕਾ ਤੇ ਬੱਸ...

ਅਚਾਨਕ ਕਮਰੇ 'ਚ ਲਟਕੀ ਚੁੱਪ; ਇਕ ਘੜੀ ਦੋਹਾਂ ਦੇ ਪਿੰਡਿਆਂ ਨਾਲ ਚਿਪਕ ਗਈ।

ਇਕ ਪਲ ਦੁਨੀਆਂ ਦੇ ਸਾਰੇ ਮਰਦ ਉਹਦੀਆਂ ਅੱਖਾਂ ਅੱਗੇ ਆ ਖੜ੍ਹੇ; ਬੇਸ਼ਕ

ਉਹ ਦੌੜ ਅਤੇ ਹਉਂਕ ਰਿਹਾ ਸੀ ਪਰ ਅਚਾਨਕ ਉਹਨੂੰ ਸਭ ਦੀਆਂ ਸਭ ਧੁੰਦਲੀਆਂ ਚੀਜ਼ਾਂ, ਸਾਫ਼ ਦਿੱਸਣ ਲੱਗ ਪਈਆਂ ਸਨ। ਫਿਰ ਉਸ ਦੁਲਾਰਦਿਆਂ ਵਹੁਟੀ ਦਾ ਮੂੰਹ ਦੋਹਾਂ ਹੱਥਾਂ ਵਿਚ ਫੜ ਉਹਦੀਆਂ ਚਾਂਭਲੀਆਂ ਅੱਖਾਂ ਵਿਚ ਪਰਾਏ ਮਰਦਾਂ ਦੀ ਭੀੜ ਵੇਖਣ ਦੀ ਕੋਸ਼ਿਸ਼ ਕੀਤੀ, ਪਰ ਉਹਨੂੰ ਆਪਣੀ ਤੇ ਸਿਰਫ਼ ਆਪਣੀ ਹੀ ਸੂਰਤ ਦਾ ਭੁਲੇਖਾ, ਸੱਪ ਵਾਂਗ ਡੰਗ ਗਿਆ ਤੇ ਉਸ ਨਿਸ਼ਚਿੰਤਤਾ ਨਾਲ ਕਿਹਾ,

"ਚਲ ਜੀਹਦਾ ਮਰਜੀ ਨਾਂ ਲੈ ਤੂੰ... ਅੱਜ ਖੁੱਲ੍ਹੀ ਛੁੱਟੀ ਐ ਤੈਨੂੰ..."

"...."

ਪਰ ਉਹ ਉਵੇਂ ਛੱਤ ਦੇ ਪਾਰ ਝਾਕ ਰਹੀ ਸੀ। ਚੁੱਪ ... ਅਤੇ ਅਹਿਲ...।

ਅਚਾਨਕ ਉਹਨੂੰ ਜਾਪਿਆ, ਜਿਵੇਂ ਦਸਾਂ ਵਰ੍ਹਿਆਂ ਤੋਂ ਉਹ ਸੱਚਮੁੱਚ ਤਵੇ 'ਤੇ ਇਕ-ਵਾਸੀ ਰੋਟੀ ਵਾਂਗ ਪਈ ਰਹੀ ਹੋਵੇ.. ਬਿਲਕੁਲ ਕੋਲਾ ਹੋਈ ਹੋਈ... ਤੇ ਇਸ ਔਖਰੇ ਅਹਿਸਾਸ ਕਾਰਨ, ਉਹਦਾ ਜੀ ਕਾਹਲਾ ਪੈਣ ਲੱਗ ਪਿਆ।

"ਛੇਤੀ ਦੱਸ ਵੇ..." ਆਪਣੀ ਕਿਸੇ ਅਪੂਰਨ ਖਾਹਸ਼ ਦੀ ਪਰਕਰਮਾ ਕਰਦਾ, ਉਹ ਫਿਰ ਨੱਠ ਤੁਰਿਆ ਸੀ।

ਬੜੀ ਹੀ ਗੁਸਤਾਖ਼ ਅੱਖ ਨਾਲ ਉਸ ਦੇਹ ਉੱਪਰ ਉੱਲਰਿਆ ਖਾਂਵਦ ਡਿੱਠਾ; ਉਹਦੀਆਂ ਮੁੰਦੀਆਂ ਅੱਖਾਂ ਵਿਚ ਝਾਕਿਆ।... ਉਹਨੂੰ ਲੱਗਾ, ਜਿਵੇਂ ਖਾਂਵਦ ਦੇ ਖੁੱਲ੍ਹੇ ਵਾਲ ਉਹਦਾ ਮੂੰਹ ਪੱਛ ਰਹੇ ਹੋਣ... ਭਾਰੀ ਦੇਹ ਥੱਲੇ ਪਈ ਜਿਵੇਂ ਉਹ ਪਿਸਦੀ ਚਲੀ ਜਾ ਰਹੀ ਸੀ ... ਤੇ ਅਚਾਨਕ, ਪਤਾ ਨਹੀਂ ਕਿਵੇਂ, ਉਹਤੋਂ ਕਮਰੇ ਦੇ ਐਨ ਵਿਚਕਾਰ ਲਟਕੀ ਚੁੱਪ ... ਇੱਕੋ ਝਟਕੇ ਨਾਲ ਚੀਰੀ ਗਈ।

"ਚੰਗਾ ਰੂਹ ਰਾਜੀ ਕਰ ਦੇ ਵੇ...!" ਪਤਾ ਨਹੀਂ ਉਹ ਕਿੱਥੇ ਬੋਲੀ।

"ਮੂੰਹੋਂ ਤਾਂ ਕਹਿ ਕੁਝ...!"

"ਪਟਵਾਰੀਆਂ ਕਾ ਗਿੰਦਰ ਬਣ ਜਾ ਵੇ..."

ਭੂਚਾਲ ਜਿਹਾ ਜ਼ਲਜ਼ਲਾ ਤੇ ਬੱਸ... ਦੁਨੀਆਂ ਦਾ ਜ਼ਰਾ-ਜ਼ਰਾ ਜਿਵੇਂ ਪੱਥਰਾ ਗਿਆ। ਉਹਦੀ ਮਲੂਕੜੀ ਦੇਹ ਉੱਤੇ ਭਾਰੀ ਦੇਹ, ਜਿਵੇਂ ਸਿਲ-ਪੱਥਰ ਹੋ ਗਈ ਤੇ ਅੱਖ ਦੇ ਫੋਰ ਵਿਚ ਹੀ ਸਭ ਕੁਝ ਸੁੰਨ ਹੋ ਗਿਆ।

ਅਗਲੇ ਹੀ ਬਿੰਦ, ਕਹਿਰਾਂ ਦਾ ਇਕ ਝੱਖੜ... ਤੇ ਉਹਦੇ ਖੁੱਲ੍ਹੇ ਵਾਲਾਂ ਦੀਆਂ ਅਗਨ-ਜੀਭਾਂ, ਤਰੀਮਤ ਦੇ ਮੱਥੇ ਵਿਚ ਘੜੀ ਦੀ ਘੜੀ ਲਿਸ਼ਕੀ ਚੰਦਰਮਾਂ ਦੀ ਨਿੱਕੀ ਜੇਹੀ ਕਾਤਰ ਨੂੰ, ਸਾਰੀ ਦੀ ਸਾਰੀ ਨਿਗਲ ਗਈਆਂ।

ਉਹਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਉਹਨੂੰ ਪਤਾ ਵੀ ਨਾ ਲੱਗਾ, ਉਹ ਕਿੰਜ ਅਤੇ ਕਦੋਂ, ਵੇਹੜੇ ਵਿਚ ਆ ਡਿੱਗੀ ਸੀ ਤੇ ਉਹਦੇ ਨੰਗੇ ਪਿੰਡੇ ਨੂੰ ਪੋਖ ਰਾਤ ਦੀਆਂ ਤਿੱਖੀਆਂ ਕਿਰਚਾਂ ਚੀਰਦੀਆਂ ਹੀ ਚਲੀਆਂ ਗਈਆਂ ਸਨ।

"ਕੁੱਤੀਏ! ਇਹ ਕਦ ਦਾ ਚੱਲ ਰਿਹੈ ਤੇਰਾ ਕੰਜਰਖਾਨਾ?"



ਉਹ ਬੇ-ਤਹਾਸ਼ਾ ਚੀਕ ਰਿਹਾ ਸੀ ਤੇ ਨਿਆਈਆਂ ਤੱਕ ਪੱਸਰੀ ਚੁੱਪ, ਟੋਟੇ ਟੋਟੇ ਹੋ ਗਈ ਸੀ।

ਪੀੜ ਵਿਚ ਉਸ ਅੱਖਾਂ ਮੀਟ ਲਈਆਂ। ਉਹ ਪੈਰੀਂ ਖੜ੍ਹ ਗਈ।

ਭੈ-ਭੀਤ ਹਨੇਰੇ ਵਿਚ ਖੜ੍ਹਾ, ਉਹ ਨੰਗ-ਮੁ-ਨੰਗਾ, ਕਰੋਧ ਨਾਲ ਕੰਬਣ ਲੱਗਾ। ਉਹਦੇ ਜੀ ਵਿਚ ਆਈ ਉਹ ਉਹਦੀ ਬੋਟੀ ਬੋਟੀ ਕਰ ਦੇਵੇ... ਜਾਂ ਜਾਨੋਂ ਹੀ ਮਾਰ ਦੇਵੇ... ਪਰ ਉਹ ਜਿਉਂ ਹੀ ਰੋਹ ਨਾਲ ਅੱਗੇ ਵਧਿਆ, ਠਠੰਬਰ ਗਿਆ।

"ਖ਼ਬਰਦਾਰ ਜੇ ਹੱਥ ਲਾਇਆ..." ਉਹ ਬੇ-ਤਹਾਸ਼ਾ ਚੀਕ ਕੇ ਬੋਲੀ ਤੇ ਉਹਦੀ ਨਗਨ ਦੇਹ ਵਿਚੋਂ ਇਕ ਲਾਟ ਉੱਠੀ।

ਠਰੀ ਰਾਤ ਵਿਚ ਉਹ ਸੁੰਨ ਹੋ ਗਿਆ। ਉਹਨੇ ਦੇਖਿਆ, ਉਹ ਮਲੂਕੜੀ ਜਹੀ ਔਰਤ ਬਲਦੀ ਚਿਖਾ ਵਾਂਗ ਮੱਚ ਰਹੀ ਸੀ। ...

•

# ਜਿਥੋਂ ਸੂਰਜ ਉੱਗਦਾ ਹੈ

ਚੌਂਠਿਆਂ ਦੇ ਨਹਿਰੀ ਮੋਘੇ ਕੋਲੋਂ ਪੈਂਦਾ ਪਾਣੀ ਦਾ ਨਿੱਕਾ ਜਿਹਾ ਪਾੜ, ਫ਼ੌਜੀ ਦੀ ਅੱਖ ਹੇਠ ਆਉਂਦਿਆਂ ਹੀ ਬਾਰੂਦ ਦੀ ਅੱਗ ਬਣ ਗਿਆ।

ਪਟੜੀਏ ਪਟੜੀ ਉਹ ਆਪਣੀ ਸੱਤ ਕਨਾਲਾਂ ਭੋਏਂ ਤੋਂ ਪਰਤ ਰਿਹਾ ਸੀ। ਝੁਲਸਿਆ, ਕਰਾਹੁੰਦਾ ਅਤੇ ਰਿੱਝਦਾ। ਤਰਕਾਲੀਂ ਹੀ ਉਹ ਆਪਣੀ ਸੁੱਕ ਗਈ ਜੀਰੀ ਪਾਟਦੀਆਂ ਅੱਖਾਂ ਨਾਲ ਵੇਖ ਕੇ ਪਰਤਿਆ ਸੀ। ਲੱਕੜ ਦੀ ਲੱਤ ਸਣੇ। ਕਹਿਰਾਂ ਦੀ ਔੜ ਕਾਰਨ ਕਿੰਨਾ ਕੁਝ ਸੀ ਜੋ ਉਹਦੇ ਮੱਥੇ ਕਿੱਲਾਂ ਵਾਂਗ ਖੁੱਭ ਗਿਆ ਸੀ। ਲਹੂ ਨੁਚੜਣ ਲੱਗਿਆ ਸੀ। ਟਿੱਪ... ਟਿੱਪ... ਟਿੱਪ। ਅੱਖਾਂ ਭਰ ਆਈਆਂ, ਪਿੰਡਾ ਮੱਚ ਉੱਠਿਆ। ਕੰਬੋਆਂ ਕੇ ਅਗਵਾੜ ਤੀਕ ਆਉਂਦਿਆਂ ਉਹ ਜਿਵੇਂ ਅੰਨ੍ਹਾ-ਬੋਲਾ ਹੋ ਗਿਆ। ਲੱਤ ਦਾ ਲੰਡ ਚੇਟਾ ਹੋ ਗਿਆ। ਪੱਟ ਵਿਚ ਪਿਆ ਸਰੀਆ ਚਸਕਣ ਲੱਗਾ 'ਤੇ ਉਹਦੀ ਨਰਸਿੰਘੇ ਵਰਗੀ ਅਵਾਜ਼ ਦੰਦਾਂ ਦੀ ਵਿਰਲ ਵਿਚੋਂ ਪਾਟਦੀ ਜਿਹੀ ਭਰਨ ਲੱਗੀ।

"ਮੈਂ ਕਹਿਨਾਂ ਜੁੱਲੀਆਂ ਮਾਰ ਲਈਏ ਕੱਛੇ..."

"ਕੋਈ ਗੱਲ ਵੀ ਫ਼ੌਜੀਆ, ਕੇਹੜੀ ਲਾਮ ਤੋਂ ਹੋ ਮੁੜਿਆਂ ਸਵਖ਼ਤੇ ਈ?"

"ਮੁੜਨਾਂ ਭੈਣ ਦੇ ਬੂਹੇ ਤੋਂ ਐ... ਨਾਲੇ ਭਾ ਲਾਮ ਨੂੰ ਕਸਰ ਐ ਕੋਈ?"

"ਕਾਹਦੀ ਲਾਮ ਚਾਚਾ?" ਪੱਠਿਆਂ ਦੀ ਭਰੀ ਥੱਲੇ ਸਾਹੋ ਸਾਹ, ਬਾਂਦਰੀ ਵਾਲਿਆਂ ਕਾ ਨੇਕ, ਫ਼ੌਜੀ ਵਲ ਝਾਕਿਆ।

ਕੋਈ ਹੋਰ ਵੇਲਾ ਹੁੰਦਾ ਤਾਂ ਮੁੰਡੇ ਦੀ ਏਨੀਂ ਗੱਲ ਬਦਲੇ ਫ਼ੌਜੀ ਦੀਆਂ ਅੱਖਾਂ ਵਿਚ ਡੋਰੇ ਉੱਤਰ ਆਉਂਦੇ ਅਤੇ ਉਹ ਕੋਈ ਚੋਂਦੀ ਜਿਹੀ ਟਿੱਚਰ ਕਰਦਾ, ਪਰ ਤਦ ਉਸ ਤਿਉੜੀ ਕੱਸ ਲਈ ਤੇ ਤਲਖ਼ੀ ਨਾਲ ਬੋਲਿਆ, "ਤੈਂ ਪੁੱਤ ਜੀਹਨੇਂ ਤੀਵੀਂ ਦੇ ਦਾਬੇ ਲਾਲ ਹੀ ਪੁਛ ਲੱਤਾਂ 'ਚ ਲੈ ਲੈਣੀ ਹੋਵੇ... ਤੈਨੂੰ ਲਾਮ ਨਾਲ ਕੀਹ; ਅਗਲੇ ਭਾਵੇਂ ਸਾਰੀ ਨਹਿਰ ਹੀ ਖੇਤਿਆਂ 'ਚ ਵੱਢ ਲੈਣ..."

ਗੱਲ ਸਾਫ਼ ਹੋਈ ਤਾਂ ਚੈਂਚਲ ਸਿਹੁੰ ਨਾਲ ਮੁੰਡਾ ਵੀ ਸੋਚੀਂ ਪੈ ਗਿਆ।

ਲੱਕੜ ਦੀ ਲੱਤ ਸਣੇ ਫ਼ੌਜੀ ਦੀ ਕੱਲੀ ਵਸਾਖੀ ਪੱਕੀਆਂ ਗਲੀਆਂ 'ਚ ਖੜਕਣ ਲੱਗੀ। ਕੇਰਾਂ ਫਿਰ ਅੱਖਾਂ ਵਿਚੋਂ ਉਵੇਂ ਰੱਤ ਚੋਣ ਲੱਗੀ। ਇੱਕੋ ਸਮੇਂ ਫ਼ੌਜੀ ਦੇ ਜ਼ੇਹਨ ਵਿਚ ਚੌਂਠਿਆਂ ਦੀ 'ਦਹਿਸ਼ਤ' ਅਤੇ ਆਪਦੀ ਲੁਸਦੀ ਫ਼ਸਲ ਲੂਣੇ ਪੱਛ ਲਾਉਂਦੇ ਸਨ।

ਉਹ ਮਸੀਤ ਲਾਗ ਆਇਆ ਤਾਂ 'ਕਰਖ਼ਾਨੇ' 'ਚ ਧਰਮਾਂ ਤਖਾਣ ਵਿਗੋਚਿਆਂ



ਨੂੰ 'ਫਾਲ-ਫਿੰਗ' ਲਾਉਂਦਾ ਸੀ। ਪਿੰਡ ਦੀ ਸੇਂਜੀ ਸ਼ਾਮਲਾਟ ਠੇਕੇ 'ਤੇ ਚੜ੍ਹ ਜਾਣ ਕਾਰਨ ਜੇਹੜੇ ਦਿਨੀਂ ਮਾਲ ਡੰਗਰ 'ਬਾਹਰ' ਨਾ ਖੁੱਲ੍ਹਦਾ, ਮੁੱਢੀਰ 'ਬਾਬੇ-ਪੋਤੇ' ਲਈ 'ਕਰਖ਼ਾਨੇ' ਦਾ ਬਾਹਰਲਾ ਥੜ੍ਹਾ ਆ ਮੱਲਦੀ। ਪਰ ਮੁੱਢੀਰ ਦੀ ਥਾਵੇਂ ਨੂਪੇ ਰੰਗੜ, ਗੁਰਦੁਆਰੀਏ ਗ੍ਰੰਥੀ ਤੇ ਘੋਦਿਆਂ ਕੇ ਸੁਰਤੀ ਨੂੰ ਹੀ ਪੱਤੇ ਟੁਕਦਿਆਂ ਤੱਕ ਫ਼ੌਜੀ ਚਾਰੇ ਖੁਰ ਗੱਡ ਕੇ ਖੜ੍ਹ ਗਿਆ। ਉਹਨੇ ਵਸਾਖੀ ਤੇ ਭਾਰ ਪਾਉਂਦਿਆਂ ਮੱਥਾ ਤਣ ਲਿਆ। ਉਹਦੇ ਪਿੰਡੇ ਦੀ ਲੂੰਈਂ ਸੂਲਾਂ ਵਾਂਗ ਆਕੜ ਗਈ।

ਅਚਾਨਕ ਸਰ-ਕੁੱਟ ਦੇ ਰੌਲੇ 'ਚੋਂ ਰੰਗੜ ਪਿੱਠ ਮੋੜੀ।

"ਕਿੱਦਾਂ ਕੇਧਾਂ ਨਾਲ ਵੱਜਦਾ ਫਿਰਦੈਂ ਫ਼ੌਜੀਆ...?"

"ਫ਼ੌਜੀ ਦਾ ਵੱਜਦੈ ਘੁੱਗੂ, ਵੱਜੋ ਤੁਸੀਂ ਜੀਹਨਾਂ ਨੂੰ ਚਿੱਟੇ ਦਿਨ ਪਾੜ ਲਾਇਐ ਅਗਲਿਆਂ!"

"ਪਾੜ ਦਾ ਫ਼ਿਕਰ ਤੇਰੇ ਅਰਗੇ ਫ਼ੌਜੀਆਂ ਨੂੰ ਹੋਊ ਵੀਰ! ਜੀਹਨਾਂ ਵਰ੍ਹੇ ਛਮਾਹੀ ਕਿਧਰੇ ਵਰ੍ਹਨਾ ਹੁੰਦੈ... ਏਥੇ ਤੇ ਪਤੰਦਰਾ ਨਿਆਣੇ ਨਹੀਂ ਸੌਣ ਦੇਂਦੇ।"

"ਬਹੁਤਾ ਨਹੀਂ ਕਲਪੀਦਾ ਗੁਰਮੁਖੋ... ਬਾਜਾਂ ਆਲੇ ਤੇ ਸਿੱਟਿਆ ਕਰੋ ਸਭ ਕੁਝ। ਬਾਣੀ 'ਚ ਆਉਂਦੈ ਅਖੇ...!" ਗਰੰਥੀ ਸਵੇਰ ਤੋਂ ਹੀ ਸਰਾਂ 'ਚ ਜੋੜੂ ਸੀ?

ਪਰ ਫ਼ੌਜੀ ਨੂੰ ਸੱਤੀਂ ਕਪੜੀਂ ਲੱਗ ਗਈ।

"ਤਿੰਨ ਵੇਲੇ ਰਜਾ ਬਣ ਲੈਣ ਨੂੰ ਕਰਦੈਂ? ਤੇ ਆਹ ਤਾਸ਼ ਵੀ ਬਾਜਾਂ ਆਲਾ ਈ ਕੁੱਟਣ ਨੂੰ ਕਹਿਦਾ ਹੋਊ, ਮੈਂ ਆਹਨਾਂ ਤੇਰੇ ਅਰਗਿਆਂ ਨੂੰ ਤੇ ਬੋਰੀ 'ਚ ਬੰਨ੍ਹ ਕੇ ਕੁੱਟੇ, ਸਮਝਿਆ!"

ਬੜਾ ਬੇਰੀ ਦੇ ਛਾਪੇ ਆਂਗੂੰ ਫਸਦੈਂ ਫ਼ੌਜੀਆ; ਕਿਤੇ ਰੰਮ ਦਾ ਪੈਗ ਸਾਡੇ ਉੱਤੇ ਤਾਂ ਨਹੀਂ ਖੋੜ੍ਹ...?

"ਰੰਮ ਤਾਂ ਚੌਂਠੇ ਈ ਪਿਆਈ ਜਾਂਦੇ ਐ ਪਿੰਡ ਨੂੰ; ਪਰ ਕੋਈ ਨਾ, ਮੇਰੀ ਤਾਂ ਝੁੱਗੇ ਚੋ ਸੱਤ ਕਨਾਲੀ ਐਂ... ਸੇਕ ਤਾਂ ਥੋਡੇ ਅਰਗੇ ਦਸ ਦਸ ਕਿੱਲਿਆਂ ਆਲਿਆਂ ਨੂੰ ਲੱਗੂ, ਜਦੋਂ ਤਕਾਵੀਆਂ ਵੇਲੇ ਚਰੀਆਂ 'ਚ ਲੁੱਕੋ...!"

ਫ਼ੌਜੀ ਮੂੰਹ-ਫੱਟ ਸੀ। ਚਿੱਥ ਕੇ ਗੱਲ ਕਰਦਾ। ਲੋਕ ਜਾਣਦੇ ਸਨ। ਲੋਕ ਤਾਂ ਇਹ ਵੀ ਜਾਣਦੇ, ਉਹ ਜੰਗ ਵਿਚ ਲੱਤ ਨੂੰ ਬੰਜ ਲੁਆ ਬੈਠਾ ਸੀ। ਪਿਨਸ਼ਨੀਆਂ ਸੀ ਪਰ ਕੁਝ 'ਕਰ ਦਿਖਾਉਣ' ਦੀ ਟੀਸ ਨਾਲ, ਧੁਖਦਾ ਮੱਥਾ ਲਈ ਉਹ ਹਰ ਜਾਬਰ ਸਿਰ ਲਈ ਅੱਖ ਦਾ ਕੱਖ ਬਣਿਆ ਰਹਿੰਦਾ। ਧੁਰ ਅੰਦਰੋਂ ਕਿਧਰੇ ਸੁੱਚਾ ਹੋਣ ਕਾਰਨ ਲੋਕ ਉਹਦਾ ਸਤਿਕਾਰ ਕਰਦੇ। ਝੰਜਾ-ਰਿੰਡਾ ਹੋਣ ਕਾਰਨ ਲੋਕ ਉਹਦੀਆਂ ਕੌੜੀਆਂ ਕਸੈਲੀਆਂ ਵੀ ਜਰ ਜਾਂਦੇ। ਸਿਆਣੀ ਅੱਖ ਨੂੰ ਉਹ ਪਹਿਲੀ ਨਜ਼ਰੇ ਰੁਤ ਦੀ ਛਟੀ ਥਾਂਵੇਂ ਗੁਲਾਬਾਸ਼ੀ ਦੀ ਟਾਹਣੀ ਵਰਗਾ ਜਾਪਦਾ। ਜੀਹਨੂੰ ਲਿਫ਼ਣ ਦੀ ਥਾਂ ਟੁੱਟ ਜਾਣਾ ਵਧੇਰੇ ਪ੍ਰਵਾਨ ਸੀ। ਤਾਸ਼ ਵਾਲੀ ਤ੍ਰਿੱਕੜੀ ਨੂੰ ਇਹ ਪਤਾ ਲੱਗਣ ਤੇ ਕਿ ਕਹਿਰਾਂ ਦੀ ਔੜ

ਵਿੱਚ ਚੱਠਿਆਂ ਨਹਿਰ ਨੂੰ ਪਾੜ ਹੀ ਲਾ ਲਿਆ ਸੀ, ਤਾਂਸ਼ ਉਹਨਾਂ ਦੇ ਹੱਥੋਂ ਖਿੰਡ ਗਈ।

"ਸੱਤ ਕਰਤਾਰ!" ਗਰੇਬੀ ਆਪੂੰ ਦੰਗ ਰਹਿ ਗਿਆ। ਉਹਨੂੰ ਫੌਜੀ ਦੀ 'ਵਾਧੇ-ਘਾਟੇ' ਮੂਲੋਂ ਵਿੱਸਰ ਗਈ।

ਪਿਛਲੀ ਸੰਗਰਾਂਦ ਗੁਰਦੁਆਰੇ ਬਹਿ ਕੇ ਹੀ ਤਾਂ ਲੋਕਾਂ ਟੂੰਕਿਆ ਸੀ, ਐਦਕੀਂ ਜੀਰੀ ਵੇਲੇ ਕੋਈ ਨਹਿਰ ਵਿਚ ਚੋਰੀ ਪਾਈਪ ਨਾ ਲਾਵੇ। ਇੱਕ ਤਾਂ ਛੇਕੜ ਤੇ ਪਿੰਡ ਹੋਣ ਕਾਰਨ ਪਹਿਲਾਂ ਹੀ ਮਰ ਕੇ ਪਾਣੀ ਅੱਪੜਦਾ ਸੀ, ਫੜੇ ਜਾਣ ਤੇ ਬੁਨਾਮੀ ਵੱਖ ਹੁੰਦੀ ਸੀ। ਦੂਜੇ 'ਆਪੋ-ਧਾਪੀ' 'ਚ ਤਗੜੇ ਖੱਟ ਜਾਂਦੇ, ਮਾੜੇ ਵਾਰੀ ਤੋਂ ਵੀ ਰਹਿ ਜਾਂਦੇ। ਪਰ ਗੁਰਦੁਆਰੇ ਵੜਣ ਮਗਰੋਂ ਚੱਠੇ ਪਾੜ ਹੀ ਲਾ ਲੈਣਗੇ, ਇਹਦਾ ਪਿੰਡ ਨੂੰ ਸੁਫਨਾ ਵੀ ਨਹੀਂ ਸੀ।

ਪਿਛਲੇ ਦਿਨੀ ਜਿਨੀਆਂ ਮੀਂਹਾਂ ਨੇ ਕਣਕਾਂ ਭੇਂਵੀਆਂ ਸਨ, ਓਨਾਂ ਹੀ ਚੁਫੇਰੇ ਸਭ ਕੁਝ ਤੜਪ ਰਿਹਾ ਸੀ। ਪਾਣੀ ਦੀ ਤਿੱਪ-ਤਿੱਪ ਲਈ। ਪਹਿਰਾਂ ਦੇ ਪਹਿਰ ਬਿਜਲੀ ਆਉਂਦੀ ਵੀ ਪਰ ਲਗਦਾ, ਅੱਖ ਝਮਕਣ ਵਾਂਗ ਆਉਂਦੀ ਸੀ। ਥੋੜ੍ਹੀ ਬਹੁਤ ਉੱਤੇ ਹੇਠ ਨਾਲ ਤੇਲ ਵੀ ਮਿਲ ਜਾਂਦਾ ਪਰ ਲਗਦਾ, ਇੰਜਨਾਂ ਵਿਚ ਮਾੜੇ ਜੱਟਾਂ ਦਾ ਲਹੂ ਬਲ ਰਿਹਾ ਸੀ। ਧੁੱਕ... ਧੁੱਕ ... ਧੁੱਕ...।

ਖ਼ਬਰੇ ਕਿੰਨੇ ਦਿਨਾਂ ਤੋਂ ਨਹਿਰ ਦਾ ਪਾੜ ਚੱਠਿਆਂ ਦੀ ਪੈਲੀ ਵਿਚ ਪੈ ਰਿਹਾ ਸੀ। ਲੋਕਾਂ ਤੜਪ ਕੇ ਸੋਚਿਆ। ਨਿੱਕਾ ਜਿਹਾ ਪਾੜ ਜਿਹੜਾ ਢੀਂਖਰ ਅਤੇ ਘਾਹ ਫੂਸ ਨਾਲ ਲਕੋਇਆ ਗਿਆ ਸੀ, ਡੁੱਡੇ ਫੌਜੀ ਦੇ ਜਣੇ ਖਣੇ ਦੀਆਂ ਅੱਖਾਂ 'ਚ ਝਾਕਣ ਤੇ ਫੈਲਦਾ ਹੀ ਚਲਾ ਗਿਆ ਸੀ। ਪਿੰਡ ਦੇ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੀਕ...

ਇਕ ਘੜੀ ਚੱਠਿਆਂ ਤੋਂ ਮੁਹਰਲੀਆਂ ਪੈਲੀਆਂ ਵਾਲਿਆਂ ਨੂੰ ਜਾਪਿਆ ਜਿਵੇਂ ਉਹਨਾਂ ਦੀਆਂ ਆਪਣੀਆਂ ਪੈਲੀਆਂ ਵਿਚੋਂ ਪਾਣੀ ਨਿਕਲ ਨਿਕਲ ਚੱਠਿਆਂ ਦੇ ਖੇਤਾਂ ਵਿਚ ਪੈ ਰਿਹਾ ਹੋਵੇ। ਤੋਬਾ ਤੋਬਾ! ਪਾਣੀ ਦੀ ਤਿੱਪ ਤਿੱਪ ਲਈ ਤਾਂ ਸਿਰ ਲਹਿੰਦੇ ਆਏ ਸਨ।

ਸਾਰਾ ਪਿੰਡ ਜਾਣਦਾ ਸੀ ਕੇ ਚੱਠੇ ਹਮੇਸ਼ਾਂ ਹੀ ਪਿੰਡ ਤੋਂ ਉਲਟ ਆਪਣੇ ਹਿੱਤ ਦਾ ਪਾਣੀ ਭਰੇ ਸਨ। ਸਰਪੰਚੀ ਤੋਂ ਲੈ ਕੇ ਗੁਰਦੁਆਰੇ ਦੇ ਦੜੇ ਦੀਵਾਨ ਤੱਕ। ਖ਼ਬਰੇ ਇਸ ਲਈ ਕਿ ਚੱਠੇ ਦੇ ਤਿੰਨੇ ਪੁੱਤਰ ਅਫ਼ਸਰ ਸਨ। ਅੰਨ੍ਹੀ ਦੌਲਤ। ਖੁੱਲ੍ਹੀ ਪੈਲੀ। ਮਿਲਣ ਆਏ ਵਾਜ ਮਾਰ ਕੇ ਆਉਂਦੇ, ਨਿਉਂ ਕੇ ਲੰਘਦੇ।

ਪਰ ਫੌਜੀ ਦੇ ਚੀਕਵੇਂ ਬੋਲ, ਪਿੰਡ ਦੀਆਂ ਗਲੀਆਂ ਵਿਚ ਰੋਹ ਵਾਂਗ ਤਣ ਗਏ।

ਛੜਿਆਂ ਦੀ ਹੱਟੀ ਲਾਗੇ, ਜਿਥੇ ਸ਼ਹਿਰੋਂ ਆਏ ਤਾਂਗੇ ਖੜ੍ਹਦੇ, ਬੜ੍ਹ ਦੁਆਲੇ ਗੱਲਾਂ ਧੁਖਣ ਲੱਗੀਆਂ।

"ਕਹਿੰਦੇ ਫੌਜੀ ਥਾਣਾ ਲੈਣ ਗਿਐ!"

"ਲੈ ਠਾਣਾ ਨਾ ਕਿਤੇ... ਪਿਛਲੇ ਵਰ੍ਹੇ ਨੀ ਲਿਆ ਸੁਆਦ ਫੌਜੀ ਨੇ, ਜਦੋਂ



ਚੱਠਿਆਂ ਕੇ ਨਰਮੇਂ 'ਚ ਦੁਆਈ ਛਿੜਕਦਾ ਸੀਰੀ ਫਟੱਕ ਮੋਇਆ ਸੀ। ਪੁਲਸ ਦੇ ਸਾਹਮਣੇ ਈ ਬੁਕ 'ਤਾ ਅਗਲਿਆਂ। ਕਹਿੰਦੇ ਇਹਨੂੰ ਤਾਂ ਮਿਰਗੀ ਪੈਂਦੀ ਸੀ। ਉਦੋਂ ਵੀ ਫੌਜੀ ਦੀ ਸ਼ਹਿ ਤੇ ਓਦੂੰ ਛੋਟਾ ਬਿਰਕਿਆ ਸੀ। ਅਗਲਿਆਂ ਸਰੀਣ ਲੱਤ ਭੰਨ ਕੇ ਦਾਣਿਆਂ ਦਾ ਮਗਰਾ ਨਾਂ ਲਾ ਦਿੱਤਾ ਸੀ। ਫੌਜੀ ਅਰਗੇ ਤੇ ਬਾਦਸ਼ਾਹੋ ਇਹੋ ਜਿਹਾ ਦੇ ਢਿੱਡ 'ਚ ਖੇਡਦੇ ਐ।"

"ਤੁਸੀਂ ਪਰ੍ਹੇ ਕੱਠੀ ਕਰੋ ਜਾਰ.... ਕੋਈ ਗੱਲ ਐ ਇਹ।" ਲੋਕ ਜੁੜਨ ਲੱਗੇ।

"ਵਿਚੋਂ ਗੱਲ ਕੀਹ ਐ?" ਬਹੁਤੇ ਬਿੜਕਾਂ ਲੈਣ ਲੱਗੇ।

"ਇਹਨੂੰ ਗੱਲ ਦੱਸੋ ਬਈ... ਇਹ ਉਹਨਾਂ 'ਚੋਂ ਜੇ, ਜੇਹੜੀ ਸਾਰੀ ਰਾਤ ਰਮੈਣ ਪੜ੍ਹਦੇ ਰਹੇ, ਸਵੇਰੇ ਪੁੱਛਦੇ, ਜਾਰ ਸੀਤਾ ਕੌਣ ਸੀ?"

ਹਮੇਸ਼ਾਂ ਵਾਂਗ ਲੋਕ, ਰੋਹ, ਰੀਸ ਤੇ ਹਾਸੇ ਠੱਠੇ ਬਦਲੇ ਕੱਠੇ ਹੋ ਰਹੇ ਸਨ।

ਤਦੋਂ ਫੌਜੀ ਤਿੰਨ ਚਾਰ ਗਭਰੀਟਾਂ ਨਾਲ ਬੜ੍ਹੇ ਤੇ ਆ ਬੈਠਾ। ਪੱਕੀਆਂ ਗਲੀਆਂ 'ਚ ਉਹਦੀ ਇਕੱਲੀ ਵਸਾਖੀ ਡੱਮਰੂ ਵਾਂਗ ਖੜਕਦੀ ਸੀ।

ਲੋਕ ਧਾਹ ਕੇ ਜੁੜ ਗਏ। ਸਾਹਾਂ 'ਚ ਵਿੱਸ ਘੁਲਣ ਲੱਗੀ।

"ਬਈ ਲੋਕੋ ਮੈਂ ਪੁੱਛਦਾਂ ਐਂ ਈ ਹੋਊ ਕੇ...? ਫੌਜੀ ਅੰਦਰੋਂ ਸਰਪੰਚਾਂ ਕੇ ਲਾਣੇ ਤੇ ਵਰ੍ਹਿਆ। ਲੋਕ ਹੈਰਾਨ ਜਿਹਾ ਝਾਕੇ।

"ਓਏ ਇਹਨਾਂ ਲੜੇ ਲੀਡਰਾਂ ਤੋਂ ਕੀ ਫੱਕ ਭਾਲਦੇ ਓ... ਤੁਸੀਂ ਗੱਲ ਕਰੋ ਜੇਹੜਾ ਪਿੰਡ ਦੇ ਅੱਖੀਂ ਘੱਟਾ ਪਾਇਐ।" ਸਾਹ ਮਿਰਚਾਂ ਵਾਂਗ ਲੜਣ ਲੱਗੇ।

ਤਦੋਂ ਭੀਮ ਬਲੈਂਕੀਆ, ਚੰਦ ਦਸ ਨੰਬਰੀਆ ਤੇ ਹੁਕਮਾ ਦਲਾਲ ਇਕੱਠ ਲਾਗੇ ਆ ਖੜ੍ਹੇ।

"ਬੜਾ ਜਲਸਾ ਕੀਤੇ ਬਈ, ਸੁੱਖ ਤਾਂ ਹੈ..." ਲਿਸ਼ ਲਿਸ਼ ਕਰਦੇ ਲੀੜਿਆਂ ਨਾਲ ਉਹ ਤਿੰਨੇ ਓਪਰੇ ਜਹੇ ਲੱਗਦੇ ਸਨ।

"ਸੁੱਖ ਘੱਟੇ ਦੀ ਐ... ਪਈ ਅੱਗੇ ਨਹਿਰ ਵਿਚ ਪਾਈਪ ਲਾਉਂਦੇ ਸੀ ਤਗੜੇ ਘਰ... ਐਦਕੀਂ ਪਿੰਡ ਗੁਰਦੁਆਰੇ ਵੜਿਆ ਬਈ ਕੋਈ ਮਾੜਿਆਂ ਨਾਲ ਧੱਕਾ ਨਾ ਕਰੇ। ਅਖੇ ਨ-ਹੱਕਿਆਂ ਨੂੰ ਤੁਆਨ ਪੈਂਦਾ ਐ। ਹੁਣ ਕਹਿੰਦੇ ਚੱਠਿਆਂ ਪਾੜ ਈ ਲਾ ਰਖਿਐ। ਮੰਨ ਲੋ ਕੱਲ੍ਹ ਨੂੰ ਤੁਆਨ ਪੈ ਜੇ, ਮਾੜੇ ਤਾਂ ਮੰਗੇ ਗਏ ਨਾ ਪੁੰਨ ਦੇ...।"

"ਪਾੜ ਕਿਸੇ ਦੇਖਿਆ ਬੀ ਐ ਕੇ ਭੂਨੇ ਤਿੱਤਰ ਈ ਉਡਦੇ ਐ?" ਚੰਦੂ ਦਸ ਨੰਬਰੀਏ ਕਿਹਾ। ਚੱਠਿਆਂ ਤੇ ਹੋਏ ਕਿਸੇ ਵੀ ਵਾਰ ਬਦਲੇ ਉਹ ਢਾਲ ਬਣ ਜਾਣਾ ਚਾਹੁੰਦਾ ਸੀ।

"ਮੈਂ ਦੇਖਿਐ, ਮੈਂ...!" ਫੌਜੀ ਦੀ ਲੱਕੜ ਲੱਤ ਕੰਬਣ ਲੱਗੀ। ਵਸਾਖੀ ਕੱਛ ਹੇਠ ਤਣ ਗਈ ਅਤੇ ਸੁੰਗੜੀਆਂ ਅੱਖਾਂ ਵਿਚ ਭੀੜ ਦੀ ਥਾਵੇਂ, ਆਪਣੀ ਸੁੱਕੀ ਫ਼ਸਲ ਤੌਲ੍ਹਾ ਤੌਲ੍ਹਾ ਕਰਕੇ ਫੈਲ ਗਈ।

ਫੌਜੀ ਦੇ ਜੱਥੇ ਮੂਹਰੇ ਇਕ ਪਲ ਬਲੈਕੀਆ ਝੇਂਪ ਗਿਆ। ਉਹ ਹੈਰਾਨ ਰਹਿ ਗਿਆ, ਲੋਕ ਉਹਨਾਂ ਦੇ ਸਾਹਮਣੇ ਹੀ ਚੌਠਿਆਂ ਦੇ ਮੂੰਹ ਉੱਤੇ ਥੁੱਕ ਰਹੇ ਸਨ। ਜਾਨਣ ਤੇ ਵੀ ਕੇ ਚੱਠੇ ਉਹਨਾਂ ਦੀ ਸੱਜੀ ਬਾਂਹ ਸਨ। ਉਹਨਾਂ ਗੁੱਸੇ ਨਾਲ ਫੌਜੀ ਹੇਰੂੰ ਹੇਰੂੰ ਝਾਕਿਆ।

"ਕਿੱਡਾ ਕੁ ਸੀ ਮੇਘਾ?" ਕੁੰਢੀਆਂ ਮੁੱਛਾਂ ਅਤੇ ਖਚਰੇ ਹਾਸੇ ਵਿਚੋਂ ਹੁਕਮੇ ਦਲਾਲ ਕਿਹਾ।

"ਭਾਵੇਂ ਏਡਾ ਹੋਵੇ..." ਉਂਗਲ ਅਤੇ ਅਗੂੰਠੇ ਨੂੰ ਜੋੜਦਿਆਂ ਫੌਜੀ ਚਾਂਦੀ ਦੇ ਰੁਪਈਏ ਜੇਡਾ ਸੁਰਾਖ਼ ਬਣਾਇਆ ਤਾਂ ਅਚਾਨਕ ਗਜ਼ਬ ਵਾਪਰ ਗਿਆ। ਇਸੇ ਸੁਰਾਖ਼ ਵਿਚੋਂ ਜਿਵੇਂ ਲੋਕਾਂ ਦੇ ਰੋਹ ਉੱਪਰ ਗੜੇ ਵਰ੍ਹ ਪਏ। ਫੌਜੀ ਆਪੂੰ ਠਰ ਗਿਆ। ਆਪਣੇ ਹੀ ਮੂੰਹੋਂ ਕਿਰੇ ਬੋਲ, ਉਹਦੀ ਛਾਤੀ ਵਿਚ ਚਾਕੂ ਵਾਂਗ ਉੱਤਰ ਗਏ।

"ਉਏ ਪਤੰਦਰਾ! ਏਡੇ ਏਡੇ ਮੋਰੇ ਤੇ ਪੀਰ ਪੈਗੰਬਰਾਂ ਤੋਂ ਨਾ ਬੰਦ ਹੋਏ... ਆਪਾਂ ਕੀਹਦੇ ਪਾਣੀ ਹਾਰ ਆਂ।" ਅਚਾਨਕ ਹੀ ਸਾਰਾ ਤਣਾਉ, ਪਾਣੀ ਵਾਂਗ ਵਹਿ ਤੁਰਿਆ। ਛਲਕ... ਛਲਕ... ਛਲਕ।

ਪਛਤਾਵੇ ਨਾਲ ਫੌਜੀ ਦੀ ਦੇਹ ਵਿਚੋਂ ਆਰੀਆਂ ਲੰਘਣ ਲੱਗੀਆਂ।

"ਪੁੱਛ ਲਉ ਮੇਰਾ ਗੋਲ ਸੀ ਕਿ ਸ਼ੀਤ ਅਰਗਾ।" ਮੁੱਢੀਰ ਲਾਚੜ ਗਈ।

ਭਾਂਤ ਭਾਂਤ ਗੱਲਾਂ ਦਾ ਸ਼ੋਰ ਇਕ ਵਾਰਗੀ ਹੀ ਫ਼ੈਲ ਗਿਆ। ਨਿਰੀ ਗੁੰਜਾਰ। ਇਕ ਪਲ ਕੁਝ ਵੀ ਸਪੱਸ਼ਟ ਨਹੀਂ ਸੀ ਸੁਣ ਰਿਹਾ। ਜਿਵੇਂ ਸੈਆਂ ਪੀਪੇ ਕੱਠੇ ਹੀ ਖੜਕ ਉੱਠੇ ਹੋਣ; ਫੌਜੀ ਦੀਆਂ ਅੱਖਾਂ ਵਿਚ ਲਟਕਦਾ ਕੁਝ ਛਾਤੀ 'ਚ ਖੁੱਭਣ ਲੱਗਾ। ਪੀੜ ਹੀ ਪੀੜ... ਉਫ਼!

"ਫੌਜੀ ਕਾਹਦੇ, ਲੰਡਾ ਚਿੜੇ... ਇਹਨੇ ਤਾਂ ਸ਼ੀਤ ਵੀ ਸਿਸਤ ਬੰਨ੍ਹ ਕੇ ਦੇਖੀ ਹੋਊ।"

"ਮੈਂ ਕਹਿਨਾਂ ਵਤੇਵੇਂ ਅਰਗਾ ਸੀ ਮੇਘਾ... ਗੱਲ ਕਰੋ ਕੀਹਨੇ ਲੈਣੇ ਐਂ ਡੋਕੇ।" ਅਚਾਨਕ ਬੈਠਾ ਬੈਠਾ ਫੌਜੀ, ਸ਼ੇਰ ਜਹੀ ਭੱਬਕ ਨਾਲ ਉੱਠ ਖੜ੍ਹਿਆ। ਗਭਰੀਟ ਵਿੱਸ ਘੋਲਣ ਲੱਗੇ। ਫੌਜੀ ਦੀਆਂ ਅੱਖਾਂ ਵਿਚੋਂ ਫਿਰ ਰੱਤ ਚੋਣ ਲੱਗੀ। ਠੰਢਾ ਇਕ ਘੜੀ ਵਿੱਹੁ ਵਰਗਾ ਜਾਪਣ ਲੱਗਾ। ਚੁੱਪ ਤਣ ਗਈ।

"ਸਹੁਰਿਉ! ਬੰਦਿਆਂ ਆਲੀ ਗੱਲ ਕਰੋ ਕੋਈ। ਬੰਦਾ ਵੇਲਾ ਕੁ ਵੇਲਾ ਤਾਂ ਦੇਖੇ।" ਕੋਈ ਦਾਨਾ ਬਜ਼ੁਰਗ, ਖਿੜਕਦਾ ਜਿਹਾ ਕਲਪਿਆ।

"ਚੱਲ ਤੂੰ ਹੀ ਕਰ ਕੋਈ ਗੁਰੂ ਘਰ ਦੀ...।"

"ਪਿੰਡ ਨਹਿਰ ਆਲਿਆਂ ਕੋਲ ਸ਼ਿਕਾਇਤ ਨਹੀਂ ਕਰ ਸਕਦਾ?" ਕਿਸੇ ਪਾੜ੍ਹੇ ਮੁੰਡੇ ਕਿਹਾ।

"ਕਰ ਕਿਉਂ ਨਹੀਂ ਸਕਦਾ।" ਫੌਜੀ ਉਵੇਂ ਤਣਿਆ ਖੜ੍ਹਾ ਸੀ।



"ਪਰ ਫ਼ੈਦਾ ਕੀ?... ਥੋਡੇ ਭਾਣੇ ਨਹਿਰ ਵਾਲਿਆਂ ਨੂੰ ਕੋਈ ਭੁੱਲ ਐ... ਇਹ ਤਾਂ ਮੁੱਲ ਦੀ ਖੀਰ ਐ... ਤੁਸੀਂ ਗੱਵਾ ਦਿਉ... ਤੁਸੀਂ ਕਰ ਲਉ ਮੇਘੇ...।" ਭੀਮ ਬਲੈਕੀਆ, ਜਿਵੇਂ ਪੁੰਗਰਦੀ ਫ਼ਸਲ ਉੱਪਰ ਮਾਰੂ ਤਲ ਵਾਂਗ ਫੈਲ ਗਿਆ।

ਫੌਜੀ ਨੂੰ ਅੰਦਰ ਤੱਕ ਸੁੱਝ ਗਈ, ਆਖ਼ਰ ਇਹ ਢਾਣੀ ਬਿਨ ਬੁਲਾਇਆਂ ਕਾਹਤੋਂ ਆਈ ਸੀ।

"ਇਹ ਤਾਂ ਸਭ ਨੂੰ ਪਤੈ ਬਈ ਮੁੱਲ ਦੀ ਖੀਰ ਐ... ਮਾੜੇ ਕਿੱਧਰ ਜਾਣ ਫੇ?"

"ਅੱਗੇ ਕਿੱਧਰ ਜਾਂਦੇ ਐ?" ਚੰਦ ਦਸ ਨੰਬਰੀਏ ਮੋੜਾ ਦਿੱਤਾ। ਉਹ ਫੌਜੀ ਵੱਲ ਕੈਰਾ ਝਾਕਦਾ ਸੀ। ਮਨ ਹੀ ਮਨ ਉਹ ਲੋਕਾਂ 'ਤੇ ਹਿਰਖ ਨਾਲ ਭਰ ਗਿਆ। ਜੇਹੜੇ ਖਾਹ-ਮਖਾਹ ਫੌਜੀ ਦੇ ਮਗਰ ਲੱਗ ਤੁਰੇ ਸਨ।

"ਪਰ ਸਾਡਾ ਫਰਜ਼ ਤਾਂ ਬਣਦੈ... ਹੁੰਦੀ ਚੋਰੀ ਦੀ ਖ਼ਬਰ ਕਰੀਏ।"

ਫ਼ੌਜੀ ਨੇ ਤਿਲਕਦੀ ਬਾਜ਼ੀ ਤ੍ਰਾਣ ਨਾਲ ਥੰਮੀ।

"ਕੇਹੜੀ ਚੋਰੀ? ਐਤਕੀਂ ਪਿੰਡ 'ਚ ਵੀਹਾਂ ਘਰਾਂ ਕੁੰਡੀਆ ਲਾ ਲਾ ਕਣਕਾਂ ਕਢੀਆਂ, ਅੱਧਾ ਪਿੰਡ ਨਹਿਰ ਤੋਂ ਚੋਰੀ ਬਾਲਣ ਬਾਲਦੈ... ਉਦੋਂ ਨੀ ਖਿਰਕਦਾ ਕੋਈ... ਨਿੱਕੀ ਜਿਹੀ ਗੱਲ ਨਾਲ ਚੱਠੇ ਈ ਸ਼ਰੀਕ ਬਣ ਗਏ ਥੋਡੇ... ਦੱਸੋ ਝੂਠ ਐ ਕੋਈ?" ਬਲੈਕੀਏ ਭਰੀ ਪਰ੍ਹੇ ਵਿਚ ਚੌਠਿਆਂ ਨਾਲ ਯਾਰੀ ਦਾ ਮੁੱਲ ਪਾਇਆ।

"ਗੱਲ ਕੇਹੜੀ ਲਈ ਆਏ ਸੀ... ਲੈ ਕਿਧਰ ਵੜੇ... ਮੈਂ ਆਹਨਾਂ ਅਰਜ਼ੀ ਲਿਖ ਕੇ ਦਫ਼ਤਰੇ ਦਿਉ ਤੁਸੀਂ ... ਚਲੋ ਫੌਜ ਦੀ ਮੰਨ ਲੋ..." ਕਿਸੇ ਗੱਲ ਮੁਕਾਈ।

"ਊਂ ਤਾਂ ਦੁਸ਼ਮਣੀ ਪਾਉਣ ਵਾਲੀ ਗੱਲ ਈ ਐ। ਬਣਨਾ ਬਣਾਉਣਾ ਤਾਂ ਹੈ ਕੁਛ ਨੀ। ਮੂਹਰੇ ਵੀ ਚੱਠੇ ਨੇ, ਪੁਲਸ ਤਾਂ ਮਹਾਰਾਜ ਐਹੋ ਜਿਆਂ ਤੋਂ ਪੁੱਛ ਕੇ ਮੂਤਦੀ ਐ...।" ਫੌਜੀ ਨੇ ਉੱਖੜ ਕੇ ਭੀੜ ਵੱਲ ਝਾਕਿਆ। ਕੋਈ ਧੀਮੇ ਜਿਹੇ ਬੋਲਾਂ ਨਾਲ ਧਰਕ ਰਿਹਾ ਸੀ।

ਭੀਮਾਂ... ਹੁਕਮਾਂ ਤੇ ਚੰਦੂ, ਜਿਵੇਂ ਸਾਰੇ ਇਕੱਠ ਵਿਚਾਲੇ ਹੀ ਡੋਲਣ ਲੱਗੇ।

ਕੁਝ ਮਨ ਹੀ ਮਨ ਪਛਤਾਉਣ ਲੱਗੇ, ਕਾਹਨੂੰ ਉਹ ਵਿਰੋਧੀ ਧਿਰ ਦੀ ਅੱਖ ਵਿਚ ਆਏ ਸਨ। ਆਖ਼ਰ ਤਕੜਿਆਂ ਦਾ ਸੱਤੀਂ ਵੀਹੀਂ ਸੌ ਸੀ।

ਪਰ ਸਭ ਕਾਸੇ ਦੇ ਬਾਵਜੂਦ ਗਭਰੀਟ ਅਰਜ਼ੀ ਲਿਖਣ ਲੱਗੇ।

"ਨਿਸ਼ੰਗ ਮੇਰੇ ਕੱਲੇ ਵਲੋਂ ਲਿਖੋ ਤੁਸੀਂ।" ਫੌਜੀ ਸਿੱਧਾ ਤਣ ਗਿਆ।

ਤਲਖ਼ੀ, ਸੂਈਆਂ ਵਾਂਗ ਚੁੱਭਣ ਲੱਗੀ। ਸਾਹ ਸੇਕ ਨਾਲ ਭਰ ਗਏ। ਲੋਕੀਂ ਇਕੋ ਨਜ਼ਰੇ ਫੌਜੀ, ਉਹਦੀ ਵਸਾਖੀ, ਤੇ ਤਣਿਆ ਮੂੰਹ ਝਾਕਣ ਲੱਗੇ।

"ਕੱਲੇ ਬੰਦੇ ਦੀ ਅਰਜ਼ੀ ਨਾਲ ਗੱਲ ਨੀਂ ਬਣਨੀ।" ਗੱਭਰੂਆਂ ਰੱਖ ਵਿਖਾਈ।

"ਮੈਂ ਤਾਂ ਕਹਿਨਾਂ... ਜੀਹਦੇ ਵਿਚ 'ਬੰਦੇ' ਦਾ ਕਣ ਐ ਨਿੱਤਰੇ ਰਣ 'ਚ...।"

ਫੌਜੀ ਜਿਵੇਂ ਸੁਰਮੇ ਅਤੇ ਗੀਦੀ ਵਿਚ ਲੀਕ ਖਿੱਚ ਦਿੱਤੀ।

ਸ਼ੋਰ ਛਟਣ ਲੱਗਾ। ਚੁੱਪ ਫੈਲਣ ਲੱਗੀ। ਲੋਕ ਇਕ ਦੂਜੇ ਵੱਲ ਝਾਕਣ ਲੱਗੇ।

ਤਦੇ ਪਰਿਉਂ ਮਜ਼ਬੀਆਂ ਕਾ ਗਾਮਾ ਤੇ ਮੁਨਸ਼ੀ ਰਵਦਾਸੀਆ ਆ ਗਏ।

"ਬੈਠ ਰਹੀ ਸੰਗਤ ?" ਉਹਨਾਂ ਆ ਫਤ੍ਹੇ ਗਜਾਈ। ਗਾਮਾ ਨਿਹੰਗਾਂ ਦੇ ਬਾਣੇ ਵਿਚ ਸੀ। ਉਂਜ ਉਹ ਦਿਹਾੜੀ-ਦੱਪਾ ਕਰਦਾ, ਪਰ ਬਾਹਰ ਅੰਦਰ ਗਿਆ, ਗੁਰੂ ਕੀ ਲਾਡਲੀ ਫੌਜ ਬਣ ਕੇ ਨਿਕਲਦਾ। ਲੰਮਾ ਚੋਲਾ, ਉੱਚੀ ਦਸਤਾਰ, ਗਾਤਰੇ 'ਚ ਤਿੰਨ ਫੁੱਟੀ ਸ਼ਮਸ਼ੀਰ; ਲੱਕ ਪੀਲੇ ਦੁਪੱਟੇ ਦੀ ਕੱਸਵੀਂ ਦੁ-ਬੰਦੀ।

"ਆ ਜਾ, ਤੂੰ ਵੀ ਲੈ ਲੈ ਦੇਗ..."

"ਬਸ ਦੇਗ ਆਲਾ ਈ ਅਰਦਾਸਾ ਕਰਕੇ ਮੁੜੇ ਆਂ।" ਖੜ੍ਹੇ ਤੇ ਬੈਠਦਿਆਂ ਗਾਮੇ ਤਿੰਨ ਫੁੱਟੀ ਕੱਢ 'ਚ ਸੂਤ ਲਈ। ਉਹ ਥੱਕ ਕੇ ਆਇਆ ਲੱਗਦਾ ਸੀ।

"ਕਿਵੇਂ ?" ਉਹਨਾਂ ਦੀ ਪੱਤੀ 'ਚੋਂ ਕਿਸੇ ਕਿਹਾ।

"ਤੂੰ ਜਾਣਨੈਂ ਮਾਸੜਾ। ਲੁਆਈ ਵਢਾਈ ਤਾਂ ਲੋਕ ਬਿਹਾਰੀਆਂ ਤੋਂ ਕਰਵਾਉਣ ਲੱਗ ਪਏ। ਆਖ਼ਰ ਪਰਸ਼ਾਦ ਪਾਣੀ ਦਾ ਢਾਹ ਭੰਨ ਤਾਂ ਕਰਨਾ ਹੀ ਹੋਇਆ।"

"ਹੱਛਾ ਹੁਣ ਇਹ ਵੀ ਭੰਨ ਐ ? ਤੂੰ ਦੱਸ ਬਿਹਾਰੀਆਂ ਕੋਲੋਂ ਨਾ ਕਰਵਾਈਏ ਤਾਂ ਹੋਰ ਤੇਰੇ ਅਰਗਿਆਂ ਦੇ ਤਲੇ ਚੱਟਦੇ ਫਿਰੀਏ ?" ਮੇਹਨਤੀਆਂ ਤੋਂ ਸਤੇ ਕਿਸੇ ਆਪਣੀ ਛੋਹ ਲਈ।

"ਓ ਭਾਊ ਇਹ ਤਾਂ ਬਿਹਾਰੀਆ ਕਰਕੇ ਰਤਾ ਸੁਖ ਦਾ ਸਾਹ ਆਇਐ, ਨਹੀਂ...."

"ਮੰਨਦੇ ਆਂ ਤੇਰੀ ਚੋਚਲ ਸਿਹਾਂ... ਚਲੋ ਦਿਹਾੜੀ ਦੱਪਾ ਖੋਹ ਲੈਣਗੇ। ਮੱਥੇ ਦਾ ਲਿਖਿਆ ਕਿਮੇਂ ਖੋਹਣਗੇ ?

"ਪਰ ਸੋਹਣਿਆ। ਐ ਦੱਸ, ਬਈ ਦਿਹਾੜੀ ਦੱਪਾ ਈ ਤਾਂ ਭਾਗ ਨੇ ਮਜ਼ਦੂਰ ਦੇ, ਹੋਰ ਭਾਗ ਕਿਤੇ ਅਸਮਾਨੋ ਉੱਤਰਦੇ ਐ ?" ਮੇਹਨਤੀਆਂ ਵਿਚੋਂ ਕਿਸੇ ਨੇ ਹਉਕਾ ਲਿਆ।

"ਪਰ ਤੁਸੀਂ ਸੱਪ ਕੀ ਕੱਢ ਕੇ ਮੁੜੇ ਓ ?" ਬੋਰੀ ਲੰਮਾ ਪੁੱਛ ਰਿਹਾ ਸੀ।

"ਸਸੋਟੀ ਬਣਾਈ ਐ ਵੀਹ ਬਦਿਆਂ ਦੀ..."

"ਕਾਹਤੋਂ ?"

"ਤਿੰਨ ਸੌ ਨਕਦ... ਬਾਰਾਂ ਸੌ ਕਿਸ਼ਤਾਂ ਵਿਚ ... ਰਿਕਸ਼ਾ ਨਵਾਂ... ਨਾ ਕਿਸੇ ਦੀ ਹੈਅ ਹੈਅ, ਨਾ ਖਹਿ ਖਹਿ।"

"ਰਿਕਸ਼ੇ ਤਾਂ ਅੱਗੇ ਈ ਅੱਗ ਲਾਇਆਂ ਨੀ ਸੜਦੇ... ਪਿਛਲੇ ਸਾਲ ਮੁਰਗੀ ਖਾਨਿਆਂ ਤੋਂ ਲੈ ਲੀਆਂ ਤੁਸੀਂ ਕਾਰਾਂ... ਭੇਡੀਆਂ ਦਾ ਸੁਆਦ ਤੁਸੀਂ ਦੇਖ ਲਿਆ। ਆਹ ਰਿਕਸ਼ੇ ਰਹਿੰਦੇ ਸੀ ?"

"ਦੇਖ ਲੈ ਜਾਰ; ਕਿਮੇ ਉੱਲੂ ਬਣਾਏ ਐ ਸਿਆਣੇ ਬਿਆਣੇ।"

"ਗਾਮਿਆ ਤੈਂ ਜਾਰ ਹੋਰ ਈ ਕਰਤਾ ਪਾਠ ਸ਼ੁਰੂ... ਇਕ ਕੰਮ ਤਾਂ ਨਿੱਬੜ ਲੈਣ



ਦਿੰਦਾ।" ਫੌਜੀ ਬੋਲਿਆ ਤਿੰਨ ਪੰਜ ਤੋਂ ਹਟਿਆ ਖੜ੍ਹਾ ਸੀ।

"ਸਰਕਾਰ ਕਿਹੜਾ ਨਿਉਂਤਾ ਦਿੰਦੀ ਐ, ਪੱਥ ਚੱਟਦੇ ਐ ਤੇਰੇ ਮੇਰੇ ਅਰਗੇ, ਗਾਹਾਂ ਅਫ਼ਸਰ ਪਹਿਲਾਂ ਈ ਮੂੰਹ ਅੱਡੀ ਬੈਠੇ ਆ, ਸਿੱਧਾ ਮੰਗਦੇ ਐ ਮੇਰੇ ਸਾਲੇ ਦੇ... ਗੱਲ ਕਰ ਕੀ ਦਿਨੈਂ... ਇਹਨਾਂ ਨੂੰ ਕੀ ਪੂਰੋ ਪੂਰ ਦੇ ਦੇਣਗੇ ? ਰਾਮ। ਰਾਮ।"

ਤਦ ਤੀਕ ਗਾਮੇ ਤੇ ਮੁਨਸ਼ੀ ਨੂੰ ਕਿਸੇ ਨੇਂ ਲਿਖੀ ਜਾ ਰਹੀ ਅਰਜ਼ੀ ਬਾਰੇ ਦੱਸ ਦਿੱਤਾ ਸੀ।

ਗਾਮੇ ਨੂੰ ਲੱਗਾ, ਇਸੇ ਲਈ ਲੋਕ ਉੱਖੜੇ ਜਹੇ ਧੁੱਖ ਰਹੇ ਸਨ। ਰਤਾ ਗਹੁ ਨਾਲ ਵੇਖਣ ਤੇ ਗਾਮੇ ਨੂੰ ਜਾਪਿਆ, ਜਿਵੇਂ ਵਸਾਖੀ ਦੀ ਥਾਵੇਂ ਫੌਜੀ ਨੇ ਕੱਛ ਵਿਚ ਕੋਈ ਲਾਂਬੂ ਨੱਪ ਰੱਖਿਆ ਹੋਵੇ। ਜਿਸ ਨਾਲ ਹੁਣੇ ਈ ਉਹ ਸਭ ਕੁਝ ਸੁਆਹ ਕਰ ਸੁੱਟੇਗਾ।

ਅਚਾਨਕ ਗਾਮੇ ਦੇ ਧੁਰ ਅੰਦਰ ਕੁਝ ਧੜਕਿਆ ਤੇ ਉਹ ਮੌਲਾਂ ਜਹੇ ਹੌਲੇ ਨਾਲ ਪੋਰਾਂ ਹੀ ਉੱਠ ਖੜ੍ਹਿਆ।

"ਫੌਜੀਆ ਤੂੰ ਮੇਰੀ ਲਿਖ ਗੁਆਹੀ ਬਿਨਾ ਛੱਕ..."

ਗਾਮੇ ਨੂੰ ਯਾਦ ਆਇਆ, ਕਿਵੇਂ ਪਿਛਲੇ ਦਿਨੀਂ ਨਰਮਾਂ ਗੁੱਡਣ ਗਿਆਂ, ਸਾਰੇ ਦਿਹਾੜੀਦਾਰਾਂ ਦੇ ਸਾਹਮਣੇ ਈ ਚੱਠੇ ਨੇ ਉਹਦੀ ਲਾਹ ਕੇ ਅੱਹੁ ਮਾਰੀ ਸੀ।

"ਪੁੱਤ। ਹੁਣੇ ਈ ਤੇ ਤੁਸੀਂ ਵੱਟਾਂ ਵਿਚ ਆਏ ਜੇ..." ਚੱਠੇ ਨੇਂ ਮੁੱਛ ਨੂੰ ਤਾਅ ਦਿੰਦੇ ਕਿਹਾ ਸੀ। "ਮਜ਼ਬੀ ਤਾਂ ਜਾਣ ਕੇ ਬਦਨਾਮ ਕਰਦੇ ਐ ਬਿਹਾਰੀਆਂ ਨੂੰ, ਬਈ ਲੋਕ ਕੰਮ ਤੇ ਨਾ ਲਾਉਣ ਉਹਨਾਂ ਨੂੰ। ਅਫ਼ਵਾਹਾਂ ਫ਼ਾਉਂਦੇ ਐ, ਪਈ ਬਿਹਾਰੀਏ ਕਿਸੇ ਜੱਟ ਦਾ ਇੱਕੋ ਇੱਕ ਪੁੱਤ ਈ ਰਿਨ੍ਹ ਕੇ ਖਾ ਗਏ। ਪਰ ਉਹਨੂੰ ਪੁੱਛੋ ਕੋਈ ਵੱਡੇ ਸਰਦਾਰ ਨੂੰ, ਪਈ ਆਹ ਜੇਹੜੇ ਜੋਗੀ ਪੁਰ ਮਾਰੇ ਐ ਬਿਹਾਰੀਏ, ਇਹ ਵੀ ਝੂਠ ਹੋਊ... ਨਾਲੇ ਇਹ ਵੀ ਝੂਠ ਹੋਣੈ ਪਈ ਉਹਨਾਂ ਕਿਸੇ ਨਿਆਣੀ ਜਹੀ ਕੁੜੀ ਨਾਲ ਚੰਗ ਮੰਦ ਨੀ ਕੀਤਾ" ਫਿਰ ਗਾਮਾ ਜਿਵੇਂ ਗੜ੍ਹਕ ਕੇ ਬੋਲਿਆ।

"ਬਈ ਮੈਂ ਕਹਿਨਾਂ ਬਾਹਾਂ ਖੜ੍ਹੀਆਂ ਕਰੋ ਗੁਆਹੀਆਂ ਵਾਲੇ...।"

"ਉਏ ਦੇਖੀਂ ਕਿਤੇ, ਗੁਆਹੀਆਂ ਮਹਿੰਗੀਆਂ ਈ ਨਾ ਪੈਣ ਤੈਨੂੰ ?"

ਲੋਕਾਂ ਪਰਤ ਕੇ ਡਿੱਠਾ, ਭੀੜ ਵਿਚ ਕਿਧਰੇ ਬਲਕਾਰੀ ਖੜ੍ਹਾ ਸੀ। ਰੱਜ ਕੇ ਵੈਲੀ, ਬੰਦਾ ਵੱਢ੍ਹ ਕੇ ਕਹਿੰਦੇ ਉਹਨੂੰ ਸੌ ਬੋਤਲ ਦਾ ਨਸ਼ਾ ਚੜ੍ਹਦਾ ਸੀ। ਭਰਵਾਂ ਜੁਆਨ। ਸੂਹੀ ਅੱਖ। ਹਥਿਆਰਾਂ ਦੇ ਟੱਕਾਂ ਨਾਲ ਵਿਗੜੀ ਸ਼ਕਲ। ਭਿਆਨਕ। ਚੱਠੇ ਦੀ ਮੁੱਛ ਦਾ ਵਾਲ। ਸਿਆਣੇ ਉਹਤੋਂ ਕੰਨ ਭੰਨ ਕੇ ਲੰਘਦੇ। ਉਹਦੇ ਮੋਟੇ ਬੁੱਲਾਂ ਵਿਚੋਂ ਦਿਨ ਰਾਤ ਦਾਰੂ ਦੇ ਭੁਰਕਲੇ ਵੱਜਦੇ। ਖੁੱਲ੍ਹਾ ਕੁੜਤਾ। ਤੇੜ ਧੂੰਹਵੀਂ ਚਾਦਰ ਤੇ ਡੱਬ ਵਿੱਚ ਪਸਤੌਲ...

ਅੱਖ ਪਲਕਾਰੇ ਵਿੱਚ ਹੀ ਸੁੰਨ ਵਰਤ ਗਈ। ਪਤਾ ਨਹੀਂ ਉਹ ਕਿੰਨੀ ਦੇਰ ਤੋਂ ਆ ਕੇ ਖੜ੍ਹਾ ਸੀ। ਫੌਜੀ ਨੇ ਗੌਲਿਆਂ ਹੀ ਨਹੀਂ ਸੀ। ਅਚਾਨਕ ਅਰਜ਼ੀ ਉੱਤੇ ਝੁਕੀਆਂ ਅੱਖਾਂ ਤਿੜਕਣ ਲੱਗੀਆਂ। ਫੌਜੀ ਦਾ ਕਾਲਜਾ ਧੜਕਿਆ। ਬਲਕਾਰੀ ਨਾਲ ਅੱਖ ਮਿਲੀ,

ਜਿਵੇਂ ਅੱਗ ਨੇ ਅੱਗ ਨਾਲ ਦਸਤ-ਪੰਜਾ ਲਿਆ ਹੋਵੇ। ਜਾਪਿਆ, ਬਲਕਾਰੀ ਸ਼ੇਰ-ਹੱਥਾ ਨਹੀਂ ਸੀ ਆਇਆ। ਕਿਸੇ ਵੀ ਪਲ ਕੁਝ ਵਾਪਰ ਸਕਦਾ ਸੀ। ਉਸ ਅੰਦਰ-ਖਾਤੇ ਕਿਤੇ, ਆਪੇ ਨੂੰ ਹਰ ਹੋਣੀ ਲਈ ਸੂਤ ਲਿਆ। ਅਚਵੀ ਪਿੰਡਾ ਤੋੜਨ ਲੱਗੀ। ਲੋਕਾਂ ਸਹਿਮੀ ਜਹੀ ਚੁੱਪ ਵਿਚ ਹੁਕਮੇ, ਚੰਦੂ ਅਤੇ ਭੀਮ ਦੇ ਹੇਠ ਉੱਪਰ ਵੱਜਦੇ ਖੰਗੂਰੇ ਸੁਣੇ।

"ਅਈ ਸ਼ਾਬਾ ਸ਼ੇ... ਬਲਕਾਰ ਸਿਘ ਏ ਮਖ... ਭਾਊ ਆਪਾਂ ਤੇ ਵੇਖਣਾ ਮਹਿੰਗੀ ਸਸਤੀ ਵਾਲਾ ਰੋੜਕਾ ਈ ਵੱਢ ਦਿੱਤੇ"... ਬਲਕਾਰੀ ਵੱਲ ਵੇਖਦਿਆਂ ਹੀ ਗਾਮੇ ਪੂਛ ਲੱਤਾਂ 'ਚ ਲੈ ਲਈ। ਇਕ ਘੜੀ ਉਹ ਜੋਸ਼ ਵਿੱਚ ਵਿੱਸਰ ਹੀ ਗਿਆ ਸੀ ਕਿ ਉਹ ਪਿਛਲੇ ਤਿੰਨ ਵਰਿਹਾਂ ਤੋਂ ਚੌਠਿਆਂ ਦਾ ਕਰਜਾਈ ਸੀ ਤੇ ਪਿਛਲੀ ਛਮਾਹੀ ਫ਼ੀਮ 'ਚ ਫੜੇ ਜਾਣ ਕਾਰਨ ਬਲਕਾਰੀ ਹੀ ਉਹਨੂੰ ਜ਼ਮਾਨਤ ਤੇ ਛੁਡਵਾ ਕੇ ਲਿਆਇਆ ਸੀ। "ਹੱਸਦੇ ਆਂ ਭਾਅ, ਨਾਲੇ ਸਾਡੇ ਕੰਮੀ ਕਮੀਣਾਂ ਦੀ ਕੌਣ ਮੰਨਦਾ ਜੇ ਗੁਆਹੀ ... ਜਦੋਂ..." ਗਾਮਾਂ ਭਰੀ ਪਰ੍ਹੇ 'ਚ ਜੁਲੋ ਵਿਚੋਂ ਹੀ ਨਿਕਲ ਗਿਆ। ਉਸ ਦਹਿਲ ਕੇ ਸੋਚਿਆ "ਬਲਕਾਰੀ ਸਹੁਰੇ ਦਾ ਕੀਹ ਐ, ਨਾ ਜਾਣੀਏ ਕਿਤੇ..." ਤੇ ਅੱਗੋਂ ਉਹਦੀ ਸੋਚ ਕੰਬ ਗਈ।

ਲੋਕ ਵੇਂਹਦੇ ਹੀ ਰਹਿ ਗਏ। ਬਹੁਤਿਆਂ ਨੂੰ ਗਾਮੇ ਦਾ ਯਰਕ ਜਾਣਾ, ਇਕ ਘੜੀ ਬਰਛੀ ਵਾਂਗ ਸੱਲ੍ਹ ਗਿਆ।

"ਭਾਊ ਏਸ ਲਾਗ ਡਾਟ ਬਦਲੇ ਤਾਂ ਰਿਕਸ਼ਿਆਂ ਦਾ ਅੱਕ ਚੱਬਿਐ। ਆਪਦੀ ਤਾਜ਼ੀ ਕਮਾਵਾਂਗੇ ਤਾਜ਼ੀ ਖਾਵਾਂਗੇ।" ਗਾਮਾ ਜਿਵੇਂ ਆਪਣੇ ਆਪ ਨੂੰ ਹੀ ਬੋਲਿਆ।

"ਚਲੋ ਨਾਲੇ ਰਹਿੰਦੇ ਖੌਸੀ ਹੋ ਜੋਂ ਗੇ।" ਕਿਸੇ ਕਿਹਾ।

"ਜੱਟਾਂ ਦੀਆਂ ਬੁੱਤੀਆਂ ਤੋਂ ਵੱਧ ਨੀਂ ਹੁੰਦੇ।" ਮੁਨਸ਼ੀ ਉੱਖੜ ਕੇ ਬੋਲਿਆ। ਉਹ ਗਾਮੇ ਨੂੰ ਇੰਜ ਭੱਜ ਗਿਆ ਤੱਕ, ਹੈਰਾਨ ਰਹਿ ਗਿਆ ਸੀ।

"ਉਏ ਜੱਟਾਂ ਬਿਨਾਂ ਗੁਜ਼ਾਰਾ ਵੀ ਨੀਂ ਥੋੜ੍ਹਾ, ਸੁਣਦੈਂ ? ਤਰੰਙਾ ਤਰੰਙਾ ਥੋੜੇ ਕੋਲ ਡੰਗਰ... ਪੈਲੀ ਦੀ ਖੁੱਡ ਨਾ। ਜੱਟ ਤਾਂ ਚਾਹੁਣ ਮੂਤ ਬੰਦ ਕਰ ਦੇਣ ਥੋੜ੍ਹਾ। ਸੁਣਿਆ ?"

"ਤੁਸੀਂ ਜਾਰ ਅਸਲੀ ਗੱਲ ਕਿਉਂ ਰੋਲਦੇ ਓ..."

ਪਤਾ ਨਹੀਂ ਕਿਉਂ ? ਫੌਜੀ ਨੂੰ ਸਭ ਕੁਝ ਹੀ ਹੌਲਾ ਕਿਰਦਾ ਲੱਗਦਾ ਸੀ। ਉਹਨੇ ਇੱਕ ਨਜ਼ਰ, ਲੋਕਾਂ ਦਾ ਇਕੱਠ ਅਤੇ ਚਠਿਆਂ ਦੀ ਹਮੈਤੀ ਢਾਣੀ ਵੱਲ ਗਹਿਰਾ ਜਿਹਾ ਦੇਖਿਆ ਅਤੇ ਦੰਦਾਂ ਥੱਲੇ ਬੁੱਲ ਟੁੱਕਦਿਆਂ ਸੁਣਿਆ।

"ਯਾਰ ਠਹਿਰ ਕੇ ਲਵਾਉਨੇ ਆਂ ਅੰਗੂਠੇ..." ਗਬਰੀਟ ਆਖ ਰਹੇ ਸਨ। ਵਿੱਸ ਘੋਲਦੀਆਂ ਤਿਊੜੀਆਂ ਅੱਖੀਂ ਪਲਾਹੀਂ ਹੱਥ ਮਾਰਨ ਲੱਗੀਆਂ, ਸ਼ਬਰੇ ਵਿਰੋਧੀ ਧਿਰ ਡਾਂਗ ਸੋਟਾ ਹੀ ਮਿਥ ਕੇ ਆਈ ਹੋਵੇ। ਲੋਕਾਂ ਸੋਚਿਆ।

"ਕੋਈ ਨਾ, ਜੱਟ ਵੀ ਨੀਂ ਮਰਦੇ ਹੁਣ... ਤੁਸੀਂ ਜੇਹੜਾ ਅੱਕ ਚੋਇਆ ਸੀ ਨਾ, ਉਹ ਵੀ ਯਾਦ ਰਹੂ ਜੱਟਾਂ ਨੂੰ ... ਦੋ ਹਜ਼ਾਰ ਪਹਿਲਾਂ ਤੇ ਕੰਮ ? ਕੰਮ ਕੀਹਦੇ ਪਿਉ ਦੇ... ਬਿਹਾਰੀਆਂ ਨੇ ਤਾਂ ਵੱਟਾਂ ' ਚ ਲਿਆ ਤੇ ਸੀਰੀ, ਨਹੀਂ..."



ਗੁੱਸੇ ਨਾਲ ਭਖਦੀਆਂ ਅੱਖਾਂ ਵਿਚੋਂ ਫੌਜੀ ਡਿੱਠਾ... ਲੋਕ ਹੋਣੀ ਸਾਹਵੇਂ ਹਿੱਕ ਡਾਹੁਣ ਦੀ ਥਾਂ ਆਪਸ ਵਿਚ ਹੀ ਖਹਿਣ ਲੱਗੇ ਸਨ।

ਇਕਾ-ਇੱਕ ਭੀੜ ਵਿਚੋਂ ਮਾਸਟਰ ਦਲੀਪ ਸਿੰਘ ਅੱਗੇ ਵਧਿਆ ਅਤੇ ਚੀਕਿਆ। "ਕਿਉਂ ਹਰਬਾਂ ਭੇੜਦੇ ਓ... ਗੱਲ ਤਾਂ ਮੋਘੇ ਦੀ ਸੀ, ਤਕੜੇ ਤੇ ਮਾੜੇ ਦੀ। ਨਾ ਕੰਮੀਆਂ ਕਿਤੇ ਜਾਣੈ ਨਾ ਤੁਸਾਂ... ਇਹ ਰੰਡੀ ਰੋਣੇ ਨੀਂ ਮੁੱਕਣੇ... ਕਰਜ਼ਿਆਂ ਨਾਲ ਤਾਂ ਘੀਸੀ ਹੋਈ ਪਈ ਐ ਸਭ ਦੀ... ਜੱਟਾਂ ਤਾਂ ਅੱਗ ਫੱਕਣੀ ਈ ਸੀ। ਸੀਰੀ ਵੀ ਲੈ ਲੈਣ ਧਾਰਾਂ... ਓੜਕ ਧੋਤੀ ਹੀਂਗ ਕੇ ਬੋਹੜ ਥੱਲੇ ਨਾ ਆਈ ਤਾਂ ਕਿਹੋ... ਅਸਲੀ ਗੱਲ ਵੱਲ ਤਾਂ ਆਉਂਦਾ ਨੀਂ ਕੋਈ... ਮਜ਼ਬੀ ਬਿਹਾਰੀਆਂ ਤੋਂ ਔਖੇ ਐ... ਜੱਟ ਆੜ੍ਹਤੀਆ ਤੋਂ... ਯਾਰ ਕਾਹਦੀ ਹਉਮੈਂ ਐ ਥੋਡੀ.. ਰਿਸ਼ਵਤਾਂ ਦੇ ਕੇ ਤਾਂ ਜਿਨਸਾਂ ਵੇਚੋ ਤੁਸੀਂ... ਫ਼ਸਲ ਪਿਛੋਂ ਵਿਕਦੀ ਐ, ਬੁੜਾਂ ਪਹਿਲੋਂ ਆਦਮ ਥੋਂ ਆਦਮ ਥੋਂ ਕਰਦੀਆਂ। ਲੈ ਦੇ ਕੇ ਗੁੱਸਾ ਇਕ ਦੂਜੇ ਤੇ ਨਿਕਲਦੈ... ਹੁਣ..."

'ਐਦਕੀਂ ਰੱਬ ਈ ਡੋਣ ਦੇਣੋ ਦਾ ਚੜ੍ਹ ਗਿਆ ਤਾਂਹਾਂ ਕਿਤੇ, ਨਹੀਂ..."

"ਨਹੀਂ ਹੇਠਲੀ ਉੱਤੇ ਕਰ ਦਿੰਦਾ ਤੂੰ..." ਫੌਜੀ ਟੱਸ ਟੱਸ ਕਰਦੇ ਮੱਥੇ ਨਾਲ ਫਟ ਜਾਣਾ ਚਾਹੁੰਦਾ ਸੀ। ਉਹ ਲੋਕਾਂ ਨੂੰ ਬਲਕਾਰੀ ਦੀ ਇਕੋ ਭਬਕ ਮੂਹਰੇ ਮੇਮੀਂ ਬਣਿਆਂ ਵੇਖ, ਅੰਦਰੋ ਅੰਦਰ ਕੌਲਾ ਹੋ ਗਿਆ ਸੀ। ਉਹਦੀਆਂ ਮੋਟੀਆਂ ਮੁੱਠੀਆਂ ਵਿਚ ਪਸੀਨਾ ਆ ਗਿਆ ਸੀ। ਸਾਹ ਕਾਹਲੇ ਹੋ ਗਏ ਸਨ ਅਤੇ ਭੀੜ ਨੂੰ ਹੌਰੂ ਹੌਰੂ ਵੇਖਦਾ ਬੋਲਿਆ ਸੀ "ਮੈਂ ਕਹਿਨਾਂ ਸ਼ਰਮ ਕਰੋ ਕੁਝ...?"

"ਹੂੰ! ਰੱਬ ਤੋਂ ਭਾਲਦੇ ਨੇ ਟੱਟੂ..." ਮਾਸਟਰ ਫਿਰ ਤਮਕਿਆ। "ਕੋਈ ਦੇਖਿਐ ਜੱਟ ਕਦੇ ਪਿੱਟਦਾ... ਸੂਈ ਬਣਾਉਣ ਵਾਲਾ ਵੀ ਆਪਦਾ ਭਾਅ ਆਪ ਮਿਥੇ... ਪਰ ਸੱਪਾਂ ਦੇ ਸਿਰ ਤੁਸੀਂ ਮਿੱਧੋ, ਭਾਅ ਸਰਕਾਰ ਟੁੱਕਦੀ ਐ, ਲੋਹੜਾ ਨੀ... ਹੋਰ ਤਾਂ ਹੋਰ... ਪਿੱਟ ਕੇ ਮਰ ਗਿਆ ਫੌਜੀ, ਕੋਈ ਨਿੱਤਰਿਐ ਰਣ 'ਚ ...?"

"ਮੈਂ ਦੋਸਦਾਂ ਵਿਚੋਂ ਗੱਲ ਕੀ ਐ...." ਦਰਸ਼ਨ ਦੋਧੀ ਕਿਹਾ। "ਜੱਟਾਂ ਦਾ ਤਾਂ ਉਹਨਾਂ ਦੀਆਂ ਫੜਾਂ ਬਿਠਾਇਐ ਭੱਠਾ... ਗਾਂ ਮੱਝ ਭਾਵੇਂ ਟੀਕੇ ਨਾਲ ਲਾਹੁੰਦੀ ਹੋਵੇ ਛੋਕੇ... ਆਖੂ ਪੁੱਛ ਨਾ ਕੁਸ਼, ਟੋਕਣੀ ਨਿਤਾਰ ਦਿੰਦੀ ਐ... ਬਾਹਰ ਦਾਣੇ ਭਾਵੇਂ ਦੇਣਦਾਰੀਆਂ ਦਾ ਢਿੱਡ ਨਾ ਭਰਦੇ ਹੋਣ... ਆਖੂ, ਰੰਗ ਲੱਗੇ ਪਏ ਐ ਕੇ..."

"ਦੋਧੀਆ! ਤੂੰ ਤਾਂ ਪੁਣੀਆਂ ਕਰਦੈਂ ਜਾਰ... ਜਦ ਅਗਲੇ ਗੱਲਾਂ ਦਾ ਕੜਾਹ ਬਣਾਉਣੈ... ਮਿੱਠਾ ਕਿਉਂ ਘੱਟ ਪਾਊ..."

ਅਚਾਨਕ ਇੱਕਰ ਦੁੱਕਰ ਜਿਹੇ ਲੋਕ ਉੱਠ ਖੜ੍ਹੇ।

"ਛੱਡੋ ਜਾਰ! ਕਰਨਗੇ ਸੋ ਭਰਨਗੇ... ਆਪਾਂ ਕਾਹਨੂੰ..."

ਪਰ ਤਦੇ ਹੀ ਗੇੜਾ ਲਾ ਕੇ ਸ਼ਹਿਰੋਂ ਮੁੜੇ ਤਾਂਗੇ, ਭੀੜ ਲਾਗ ਆ ਖਲੋਤੇ!

ਲੋਕਾਂ ਦਾ ਇੰਜ ਖੜ੍ਹੇ ਕੇ ਕੱਠੇ ਹੋਣਾ ਕੋਈ ਅਲੋਕਾਰ ਗੱਲ ਨਹੀਂ ਸੀ। ਸਗੋਂ

ਹਨੇਰੇ ਸਵੇਰੇ ਕੋਈ ਨਾ ਕੋਈ ਢਾਣੀ ਜੁੜੀ ਹੀ ਰਹਿੰਦੀ। ਯੱਕੜ ਵੱਜਦੇ... ਟਾਂਚਾਂ ਹੁੰਦੀਆਂ। ਲੰਘਦੀਆਂ ਕੁੜੀਆਂ ਚਿੜੀਆਂ ਤੋਂ ਲੈ ਕੇ ਅਖ਼ਬਾਰ ਦੀ ਸੁਰਖੀ ਤੀਕ ਸਭ ਕੁਝ ਹੀ ਚਿੱਥਿਆ ਜਾਂਦਾ। ਤੂੰ ਤੂੰ ਮੈਂ ਮੈਂ ਹੁੰਦੀ।... ਰੋਸੇ ਧੀ ਦੀ, ਭੈਣ ਦੀ ਤੀਕ ਵੀ ਅੱਪੜ ਜਾਂਦੇ ਪਰ ਸਮਝ ਨਾ ਲਗਦੀ, ਆਖ਼ਰ ਇਹ ਕਿਹੋ ਜਿਹੇ ਲੋਕ ਸਨ, ਜੇਹੜੇ ਡੰਗਰਾਂ ਵਾਂਗ ਲੜ ਲੈਣ ਮਗਰੋਂ ਵੀ ਇਕ ਦੂਜੇ ਦਾ ਗਲ ਚੱਟਣ ਲੱਗਦੇ ਸਨ। ਇਕ ਘੜੀ ਲਹੂ ਦੇ ਪਿਆਸੇ ਹੋ ਜਾਂਦੇ, ਦੂਜੀ ਘੜੀ ਕੁੰਗੂ ਵਾਂਗ ਨਿੱਤਰ ਜਾਂਦੇ; ਪਰ ਜੇਹੜੀ ਤਲਖ਼ੀ ਨਾਲ ਲੋਕ ਅੱਜ ਇਕੱਠੇ ਹੋਏ ਸਨ। ਇੰਜ ਕਦੇ ਕਦਾਈਂ ਹੀ ਹੁੰਦਾ ਸੀ...।

ਪਰ ਹਰ ਵਾਰ ਇਹ ਰੋਹ ਧੁਆਂਖਿਆ ਕਿਉਂ ਜਾਂਦਾ ਸੀ ? ਫੌਜੀ ਨੇ ਪੀੜ ਨਾਲ ਸੋਚਿਆ। ਸਾਰੇ ਦਾ ਸਾਰਾ ਧੂੰਆਂ ਉਹਦੇ ਜ਼ਿਹਨ ਵਿਚ ਕੱਠਾ ਹੋਣ ਲੱਗਾ। ਜਾਪਿਆ ਜਿਵੇਂ ਉਹਨੂੰ ਕੁਝ ਵੀ ਨਹੀਂ ਸੀ ਸੁਣ ਰਿਹਾ। ਕੁਝ ਵੀ ਨਹੀਂ ਸੀ ਦਿੱਸ ਰਿਹਾ। ਆਖ਼ਰ ਇਹ ਲੋਕ ਕਾਹਤੋਂ ਕਿਸੇ ਭੈਅ ਵਿਚ ਗੁੰਮ ਜਾਂਦੇ ਸਨ ? ਕਿਉਂ ਹੋਣੀ ਦੀਆਂ ਅੱਖਾਂ ਵਿਚ ਝਾਕਦਿਆਂ ਹੀ, ਇਹਨਾਂ ਦੇ ਕੋਇਆਂ ਵਿਚ ਮੋਤੀਆ ਉੱਤਰ ਆਉਂਦਾ ਸੀ ? ਫੌਜੀ ਨੂੰ ਜਾਪਿਆ, ਜਿਵੇਂ ਸੱਚਮੁੱਚ ਕੋਈ ਭੈਅ ਸਾਰੀ ਦੀ ਸਾਰੀ ਭੀੜ ਨੂੰ ਨਿਗਲ ਰਿਹਾ ਸੀ।

ਇਕ ਪਲ, ਦੋ ਪਲ, ਦਸ ਪਲ ... ਸਾਂ ... ਸਾਂ ... ਸਾਂ...!

"ਸੁਣਿਆ ਜਾਰ ਟੀਕਿਆਂ ਨਾਲ ਈ ਨਿਆਣੇ ਜੰਮਣ ਲੱਗ ਗਏ।" ਛੱਜੂ ਅਮਲੀ ਆਖ ਰਿਹਾ ਸੀ।

"ਸੁਣ ਲੌ ਮਾਰਫ਼ਤ..." ਸਭ ਕੁਝ ਘੱਟੇ ਕੌਡੀਆਂ ਰਲ ਗਿਆ ਜਾਣ, ਸੰਧੂਆਂ ਦਾ ਬੁੜ੍ਹਾ ਕਲਪਦਾ ਜਿਹਾ ਉੱਠ ਖੜ੍ਹਿਆ। ਐਨਕ ਦੇ ਮੋਟੇ ਸ਼ੀਸ਼ਿਆਂ ਵਿਚ ਉਹਨੇ ਇਕ ਨਜ਼ਰ ਫੌਜੀ ਦੀਆਂ ਰੋਹ ਨਾਲ ਮੱਚਦੀਆਂ ਅੱਖਾਂ ਵਿਚ ਝਾਕਿਆ ਤੇ ਖਫ਼ਾ ਜਿਹਾ ਬੋਲਿਆ "ਉਏ ਸ਼ਰਮ ਹੈ ਕਿਸੇ ਪੱਲੇ....? ਵੱਡੇ ਸੂਰਮੇ..."

ਬੁੜ੍ਹੇ ਦੇ ਤਲਖ਼ ਬੋਲ ਇਕ ਘੜੀ ਚੁੱਪ ਵਿਚਾਲੇ, ਚਾਕੂ ਵਾਂਗ ਲਟਕ ਗਏ।

ਤਦੇ ਭੀੜ ਨੇ ਬਾਰੂ ਤਾਂਗੇ ਵਾਲੇ ਨੂੰ ਸੁਣਿਆ। ਕਿਸੇ ਸੁਆਰੀ ਦਾ ਅੱਡੇ ਤੋਂ ਅੱਗੇ ਸਮਾਨ ਲਿਜਾਣ ਤੋਂ ਉਹ ਵੇਹਰਿਆ ਖੜ੍ਹਾ ਸੀ।

ਕੋਈ ਦਹਿਸ਼ਤ ਸੀ ਜੋ ਇਕੱਠ ਵਿੱਚ ਛਹਿ ਲਾਈ ਬੈਠੀ ਸੀ ਤੇ ਲੋਕ ਡੂਕ ਡੂਕ ਸਾਹ ਲੈ ਰਹੇ ਸਨ।

ਫ਼ੌਜੀ ਕਹਿਣ ਹੀ ਵਾਲਾ ਸੀ, "ਜੀਹਨੇ ਭਰੀ ਪਰ੍ਹੇ 'ਚ ਲਾਉਣੈ ਗੂਠਾ ਲਾਵੇ ਨਹੀਂ ਠੀਕ ਐ ਬੱਸ...।"

ਤਦੇ ਹੀ ਕਿਸੇ ਜਿਵੇਂ ਉਸ ਦਹਿਸ਼ਤ ਤੋਂ ਮੁਕਤ ਹੋਣ ਦਾ ਰਾਹ ਲੱਭ ਲਿਆ। "ਕਿਉਂ ਲੋਹੇ ਦਾ ਬਣ ਬਣਦੀਂ ਬਾਰਾਂ ਸਿਹਾਂ! ਦੋ ਪੈਰਾਂ ਦੀ ਤਾਂ ਗੱਲ ਐ।" ਕੋਈ ਟਾਂਗੇ ਵਾਲੇ ਨੂੰ ਬੋਲਿਆ।

"ਅੱਡੇ ਤੱਕ ਫਰਜ਼ ਬਣਦੈ ਮਾਲਕੋ! ਉਹਦੇ ਲਈ 'ਜੀ' ਨਹੀਂ ਕੀਤੀ...."



"ਏਨੇ ਨਾਲ ਘੋੜੀ ਦੇ ਖੁਰ ਘਿਸਦੇ ਹੋਣਗੇ?" ਕਿਸੇ ਹੋਰ ਕਿਹਾ।

"ਜੇ ਘਿਸਦੇ ਨੇ ਤਾਂਹੀ ਤਾਂ ਕਿਹੈ..."

"ਦੇਖ ਲੈ ਯਾਰ ਕਿਵੇਂ ਆਕੜਦੀ ਐ ਜਾਤ..."

"ਜੱਟਾਂ ਨੂੰ ਤਾਂ ਟਿੱਚ ਜਾਣਨਗੇ। ਟਾਂਗੇ ਕੀ ਵਾਹੁਣ ਲੱਗ ਗਏ। ਉੱਡਣ ਈ ਤਾਂਹਾਂ ਲੱਗ ਗਏ।" ਕਿਸੇ ਕਿਹਾ।

"ਚਲੋ ਯਾਰ ਥੋਨੂੰ ਕੀਹ... ਅਗਲਾ ਆਪਦਾ ਪੜ੍ਹਿਆ ਵਾਚੂ... ਤੁਸੀਂ ਆਪਦੀ ਗੱਲ ਨਬੇੜੋ। ਫੌਜੀ ਨਾਲ ਗੱਭਰੂਆਂ ਵੀ ਸਿਰ ਚੁੱਕਿਆ। ਫੌਜੀ ਦੀ ਵਹਿਸ਼ੀ ਚੁੱਪ ਭਰੂਤਿਆਂ ਨੂੰ ਚਸਕ ਰਹੀ ਸੀ। ਲਗਦਾ ਸੀ ਜੇ ਥੋੜ੍ਹਾ ਚਿਰ ਹੋਰ ਕਿਸੇ ਉਹਦਾ ਹੁੰਗਾਰਾ ਨਾ ਭਰਿਆ ਤਾਂ ਉਹ ਇਕੱਲਾ ਹੀ ਸਭ ਕੁਝ ਤਹਿਸ਼ ਨਹਿਸ਼ ਕਰ ਦੇਵੇਗਾ।

"ਸਾਨੂੰ ਕਿਉਂ ਨੀ ਜਾਰ! ਪੈਂਠਿਆਂ ਨੂੰ ਸਾਡੇ ਵੱਟ ਖੁੰਜੇ, ਰਹਿਣ ਨੂੰ ਸ਼ਾਮਲਾਟ... ਦਿਹਾੜੀ ਕਹਿੰਦੇ ਸ਼ਹਿਰ ਕਰਾਂਗੇ।"

ਤਦ ਤੀਕ ਬਾਰੂ ਨੇ ਸਮਾਨ ਲਾਹ ਕੇ ਤਾਂਗਾ ਸ਼ਹਿਰ ਵੱਲ ਮੋੜ ਲਿਆ ਸੀ।

"ਛਿੱਤਰਾਂ ਦੀ ਕਸਰ ਐ ਬੱਸ" ... ਹੁਕਮੇ ਦਲਾਲ ਜਿਵੇਂ ਬਲਦੀ ਤੇ ਪੂਲਾ ਸਿੱਟ ਦਿੱਤਾ।

"ਸੁਣਦੇ ਓ? ਆਹ ਪਾਲੇ ਐ ਪਿੰਡ ਨੇ ਸੱਪ...!" ਪੀਤੂ ਰੰਗਤ ਚੀਕਿਆ।

"ਉਏ ਇਹ ਕੀ ਦੇਹ ਦੁਆਲੇ ਨੇ ਥੋਨੂੰ, ਜੀਹਨਾਂ ਸ਼ਹਿਰਾਂ ਦੀਆਂ ਹਰੀਆਂ ਚਰ ਲਈਆਂ।"

"ਦੁਆਲ ਕੀ ਜੇ ਮੁੜਦੇ ਨਾ ਫਿਰੇ ਤਾਂ ਕਹੀਂ... ਤੁਸੀਂ ਦੱਸੋ ਕਦੇ ਪਿੰਡ ਨੂੰ ਪੁੱਛ ਕੇ ਵਧਾਇਆ ਇਨ੍ਹਾਂ ਕਿਰਾਇਆ? ਜਦੋਂ ਜੀ ਕੀਤਾ ਵੇਹਰ ਗਏ। ਦੋ ਡਿੰਗਾਂ ਸ਼ਹਿਰ ਤੇ ਰੁਪਈਆ ਸੁਆਰੀ। ਕੋਈ ਹੱਜ ਐ। ਮੈਂ ਪੁੱਛਦਾਂ ਭਲਾ ਕਿੰਨੇ ਟਰੈਕਟਰ ਨੇ ਆਪਣੇ ਪਿੰਡ 'ਚ...?"

ਨੂਪਾ ਰੰਗੜ ਉੱਚਾ ਚੀਕਦਾ ਸੀ। ਬਿਲਕੁਲ ਇਵੇਂ ਹੀ ਕੁਝ ਚਿਰ ਪਹਿਲਾਂ ਤਾਸ਼ ਦੇ ਪੱਤੇ ਸਿੱਟਦਿਆਂ, ਉਹ ਚੌਠਿਆਂ ਦੇ ਵਿਰੋਧ ਵਿਚ ਮੱਚਿਆ ਸੀ। ਪਰ ਇਹ ਮੱਚਦੀ ਅੱਗ ਦੇ ਲੰਬ, ਮਾੜਿਆਂ ਵੱਲ ਕਿਉਂ ਵਧਣ ਲੱਗੇ ਸਨ? ਫੌਜੀ ਨੂੰ ਲੱਗਾ, ਜਿਵੇਂ ਉਹ ਖ਼ੁਦ ਇਹਨਾਂ ਲੰਬਾਂ ਵਿਚ ਕਿਧਰੇ ਸੜ ਰਿਹਾ ਸੀ।

"ਪੰਜੀ ਛੱਬੀ!" ਕਿਸੇ ਕਾਹਲੀ ਨਾਲ ਟਰੈਕਟਰ ਗਿਣੇ।

"ਪੰਜੀ ਛੱਬੀ... ਹੂੰਅ! ਸੁਣਿਆ? ਸੋਲ੍ਹਾਂ ਤਾਂਗੇ... ਤੇ ਜੇ ਤਿੰਨ ਤਿੰਨ ਗੇੜੇ ਵੀ ਲਾਉਣ... ਅਠਤਾਲੀ ਗੇੜੇ ਬਣੇ ਕਿ ਨਾ... ਟਾਂਗੇ 'ਚ ਦਸ ਸੁਆਰੀਆਂ ਹੋਣ ਤਾਂ ਪੰਜ ਸੌ ਬਣਿਆ ਕਿ ਨਾ ਰੋਜ਼ ਦਾ...?" ਉਹਨੇ ਉਂਗਲਾਂ ਨਾਲ ਹਵਾ ਕੱਟੀ। ਮੈਂ ਕਹਿਨਾ ਤੁਸੀਂ ਇੱਕ ਇੱਕ ਟਰਾਲੀ ਵਾਲੇ ਦੀ ਵਾਰੀ ਬੰਨ੍ਹੋਂ ਰੋਜ਼... ਦੇਖਿਓ ਜੇ ਮੁੜਦੇ ਨਾ ਫਿਰੇ ਤਾਂ।"

"ਗੱਲ ਤਾਂ ਊਂ ਠੀਕ ਐ।" ਲੋਕ ਸਿਰ ਮਾਰਨ ਲੱਗੇ।

"ਹੱਥ ਖੜੇ ਕਰੋ ਬਈ ਟਰਾਲੀਆਂ ਵਾਲੇ" ਭੀਮ ਬਲੈਕੀਏ ਬੋਲ ਚੁੱਕੇ।

"ਤੁਸੀਂ ਵਾਰੀਆਂ ਬੰਨ੍ਹ ਕੇ ਫ਼ਰਿਸਤ ਬਣਾਉ ਯਾਰ ਪੱਕੀ। ਸਾਡੀਆ ਭਾਵੇਂ ਤਿੰਨ ਰੱਖ ਲਿਉ ਮਹੀਨੇ 'ਚ।"

ਬਲਕਾਰੀ ਆਖ ਰਿਹਾ ਸੀ। ਜਿਵੇਂ ਕੋਈ ਦਾਨਾਂ ਬੰਦਾ ਬੋਲ ਰਿਹਾ ਹੋਵੇ।

"ਆਪਾਂ ਪਰ੍ਹੇ ਦੀ ਨੀਂ ਮੋੜਨੀ ਬਈ, ਸਭ ਮੰਨਜ਼ੂਰ ਐ।" ਹੁਕਮੇ, ਚੰਦੂ ਤੇ ਭੀਮੇ ਰਲਵੀਂ ਭਬਕ ਮਾਰੀ।

ਕਾਵਾਂ ਰੌਲੀ ਮੱਚ ਗਈ।

"ਗੱਲ ਸੋਲਾਂ ਆਨੇ ਐ..."

ਅੱਧੇ ਲੀੜੇ ਝਾੜਦੇ ਉੱਠ ਖੜ੍ਹੇ... ਗਰਦਾ ਸਿਰਾਂ ਉੱਤੋਂ ਟੱਪਣ ਲੱਗਿਆ।

ਪਰ ਇਸ ਤੋਂ ਪਹਿਲਾਂ ਕਿ ਲੋਕ ਇਸ ਧੂੜ ਵਿੱਚ ਹੀ ਗੁਆਚ ਜਾਂਦੇ, ਨੂਪੇ ਰੰਗੜ ਦੀ ਸ਼ੂਕਦੀ ਆਵਾਜ਼, ਤਾਂਗਿਆਂ ਦੀਆਂ ਛਿੱਦੀਆਂ ਛੱਤਾਂ ਉੱਪਰ ਮਾਰੂ ਕਹਿਰ ਵਾਂਗ ਫ਼ੈਲ ਗਈ।

"ਸਵੇਰੇ ਮੈਂ ਲਿਆਊਂ ਬਈ ਪਹਿਲੀ ਟਰਾਲੀ..."

ਅਰਜੀ ਦੇ ਪੁੱਠੇ ਬੰਨੇ ਹੀ ਕੋਈ ਫ਼ਰਿਸਤ ਲਿਖਣ ਲੱਗਾ ਤਾਂ ਫੌਜੀ ਦੇ ਸੁੰਗੜੇ ਮੱਥੇ ਵਿਚ ਜਿਵੇਂ ਬਾਰੂਦ ਦੀ ਪੰਡ ਖੁੱਲ੍ਹ ਗਈ। ਉਸ ਧਾਹ ਕੇ ਅਰਜੀ ਹੀ ਝਰੁੱਟ ਲਈ। ਵਸਾਖੀ ਸਣੇ ਉਹ ਡਿੱਗਦਾ ਡਿੱਗਦਾ ਬਚਿਆ। ਅੱਖਾਂ ਵਿਚ ਰੱਤ ਉੱਤਰ ਆਈ ਅਤੇ ਸਾਹ ਧੂੰਏ ਵਿਚ ਲਿਪਟ ਗਏ।

ਹੋ ਹੱਲੇ ਤੇ ਹਾਸੇ ਠੱਠੇ ਵਿਚ ਲੋਕ ਇੰਜ ਉਠ ਖੜ੍ਹੇ ਸਨ ਜਿਵੇਂ ਕਿਸੇ ਬਹੁਤ ਵੱਡੀ ਜਿੱਤ ਮਗਰੋਂ ਕਿਲਕਾਰੀ ਮਾਰਨਾ ਚਾਹੁੰਦੇ ਹੋਣ।

ਲੋਕ ਖਿੰਡ ਰਹੇ ਸਨ। ਹਰਬਾਂ ਦੀ ਖੜ ਖੜ ਸਣੇ, ਜਿਵੇਂ ਧੂੜ ਖਿੰਡ ਰਹੀ ਸੀ।

ਪਰ ਜਦੋਂ ਥੜ੍ਹੇ ਤੋਂ ਬਲਕਾਰੀ ਅਤੇ ਫੌਜੀ ਉੱਤਰੇ, ਅੱਖ ਨਾਲ ਅੱਖ ਮਿਲਦਿਆਂ ਲੱਗਾ, ਜਿਵੇਂ ਬਲਕਾਰੀ ਦੀ ਖਚਰੀ ਅੱਖ ਟਾਹ ਟਾਹ ਕਰਕੇ ਹੱਸੀ ਹੋਵੇ ਅਤੇ ਕਿਹਾ ਹੋਵੇ।

"ਤੂੰ ਤਾਂ ਕਮਲੈਂ ਫੌਜੀਆ... ਇਹਨਾਂ ਖੱਸੀ ਲੋਕਾਂ ਤੋਂ ਕੀ ਭਾਲਦੈਂ..."

ਪਰ ਇਸ ਤੋਂ ਉਲਟ, ਜਦੋਂ ਲਟ ਲਟ ਬਲਦੀ ਅੱਖ ਨਾਲ ਫੌਜੀ ਬਲਕਾਰੀ ਦੀਆਂ ਅੱਖਾਂ ਵਿਚ ਆਰ ਪਾਰ ਝਾਕਿਆ ਤਾਂ ਜਾਪਿਆ, ਜਿਵੇਂ ਆਖ ਰਿਹਾ ਹੋਵੇ: "ਬਲਕਾਰਿਆ! ਤੂੰ ਵੇਖੀਂ ਇੱਕ ਦਿਨ, ਮੈਂ ਇਸੇ ਪਿੰਡ ਵਿਚੋਂ ਉਹ ਲੋਕ ਲੱਭਾਂਗਾ, ਜਿਹੜੇ ਮੇਰੇ ਇਸ ਮਾਣ ਦੀ ਲੱਜ ਪਾਲਣਗੇ।

ਧੂੜ ਉਵੇਂ ਖਿੰਡ ਰਹੀ ਸੀ।

ਪਰ ਪਿੰਡ ਦੀਆਂ ਪੱਕੀਆਂ ਗਲੀਆਂ ਵਿਚ ਫੌਜੀ ਦੀ ਇਕੱਲੀ ਵਸਾਖੀ ਡੰਮਰੂ ਵਾਂਗ ਖੜਕਦੀ, ਦੂਰ ਤੱਕ ਸੁਣਦੀ ਸੀ।

•



## ਸੈ ਲਾਬ

ਖਿੱਤੀਆਂ ਛੜਿਆਂ ਦੇ ਖੂਹ ਉਪਰੋਂ ਸਰਕ ਰਹੀਆਂ ਸਨ ਜਦੋਂ ਕਿਸੇ ਡਰਾਉਣੇ ਸੁਪਨੇ ਨਾਲ ਮੇਰੀ ਨੀਂਦਰ ਉੱਖੜ ਗਈ। ਦੇਹ ਪਾਰੇ ਵਾਂਗੂ ਲਰਜ਼ ਗਈ। ਕੰਬਦੇ ਚਿੱਤ ਮੈਂ ਬੈਠਦਾ ਹੋ ਗਿਆ। ਮਨ ਹੀ ਮਨ ਰੱਬ ਚੇਤੇ ਕਰਦਿਆਂ ਮੈਂ ਦਰਾਂ ਉਪਰਲਾ ਹਨੇਰਾ ਘੂਰਨ ਲੱਗਾ, ਜੀਹਦੇ ਬਾਹਰ ਧੁੰਧਲਾਇਆ ਚਾਨਣ ਕੱਕਰ ਨਾਲ ਘੱਖ ਹੋਇਆ ਪਿਆ ਸੀ ਅਤੇ ਕੋਠੜੀ ਵਿਚ ਵੇਲਣ ਤੋਂ ਪਹਿਲਾਂ ਕਲਰਾਈ ਕੰਧ ਦੇ ਲੇੜ ਕੋਲ ਹੀ ਮੁੱਕ ਗਿਆ ਸੀ।

ਠਰ ਠਰ ਜਾਂਦੀ ਦੇਹ ਨੂੰ ਰਜਾਈ ਦੀ ਪੀਡੀ ਬੁੱਕਲ ਥੱਲੇ ਕੱਜਦਿਆਂ ਲੱਗਾ, ਅੱਜ ਦੀ ਰਾਤ ਬਹੁਤ ਲੰਮੀ ਹੋ ਗਈ ਸੀ। ਸ਼ਾਇਦ ਪਲ ਪਲ ਕਰਕੇ ਟੁੱਟ ਰਹੀ ਸੀ। ਪਾਗਲਪਨ ਦੀ ਸਿਖ਼ਰ ਤੱਕ ਮੈਂ ਕੁੱਬੇ ਚੌਕੀਦਾਰ ਬਾਰੇ ਸੋਚਦਾ ਹਾਂ। ਜਿਹੜਾ ਜਦੋਂ ਤੋਂ ਮੇਰੇ ਬਾਰੇ ਜੁੜਨ ਵਾਲੀ ਪਰ੍ਹੇ ਬਾਰੇ ਕਹਿਣ ਆਇਆ ਸੀ, ਬੋਹਰ ਉੱਤੇ ਲਿਟਦਾ ਕਰ ਗਿਆ ਸੀ। ਲੱਗਦਾ ਸੀ ਸੂਰਜ ਦੀਆਂ ਪਹਿਲੀਆਂ ਕਿਰਨਾਂ ਨਾਲ, ਮੇਰੇ ਜਹਾਨ ਉੱਤੇ ਕੋਈ ਪਰਲੋ ਛਹਿਣ ਵਾਲੀ ਸੀ।

"ਮੈਂ ਦੱਸਾਂ...।" ਕੁੱਬੇ ਚੌਕੀਦਾਰ ਦੇ ਪਰਤਦਿਆਂ ਮੇਰੀ ਵੱਡੀ ਧੀ ਕਿਹਾ ਸੀ। "ਕੱਲ ਸੱਥੂਆਂ ਵੇਹੜੇ ਹੁੰਦੀਆਂ ਸੀ ਗੱਲਾਂ, ਅਖੇ ਸਹੁੰ ਲਉ ਅਮਲੀ ਤੋਂ... ਜਾਂ ਜੁੱਤੀਆਂ ਮਰਵਾਉ ਠਾਣਿਉਂ... ਅਖੇ ਹੱਡਾ ਰੋੜੀ 'ਚ ਦੀਵਾ ਬਾਲਦੇ... ਅਖੇ ਦੰਦ ਲਾ ਤੀ ਸਰਪੰਚ ਨੇਂ।"

"ਨੀ ਕੇਹੜਾ ਸੀ ਐਹਾ ਜਿਹਾ ਰਾਠ..." ਪਿੱਛੇ ਚੁਆਤੀਆਂ ਛੋਹ ਜਾਣ ਵਾਂਗ ਮੇਰੀ ਤਰੀਮਤ ਚੀਕੀ ਸੀ। "ਕੋਈ ਨੀਂ, ਆਉਣ ਦੇ ਸਵੇਰੇ... ਮੈਂ ਧਉਂ ਦੱਦ ਤਾਂ... ਮੈਂ ਵੀ ਧਾਖਰ ਦੀ ਧੀ ਆਂ...। ਹੈਂ! ਟੁੱਕ ਕੀ ਖਾਣ ਲੱਗ ਗੇ... ਮੁੱਕੀਆਂ ਦੇ ਲੀਆਂ ਢਿੱਡ 'ਚ ਕੰਜਰਾਂ।..."

ਖਾਉ ਪੀਏ ਦੇ ਆਹਰ ਮਗਰੋਂ, ਵੇਹੜਾ ਅੰਦਰੀਂ ਨਾ ਦੁਬਕ ਗਿਆ ਹੁੰਦਾ ਤਾਂ ਛਿਨੋ ਨਿਆਈਆਂ ਤੀਕ ਚੀਕਦੀ ਸੁਣਦੀ; ਪਰ ਰੋਟੀ ਟੁੱਕ ਵਿਚ ਉਲਝੀ ਹੋਣ ਕਰਕੇ, ਉਹ ਆਪਣੇ ਆਪ ਨਾਲ ਹੀ ਕਲਪ ਕੇ ਹਫ ਗਈ। ਜੁਆਕਾਂ ਨੂੰ ਤੱਤਾ ਠੰਡਾ ਬੋਲਦਿਆਂ ਜਦੋਂ ਉਹ ਭਾਂਡਾ ਟੀਂਡਰ ਸਾਂਭਣ ਤੋਂ ਅਗੇਤਰੇ ਹੀ ਬਾਹਰਲੇ ਦਰੀਂ ਕੁੰਡਾ ਅੜਾ ਆਈ ਤਾਂ ਮੈਨੂੰ ਲੱਗਾ ਜਿਵੇਂ ਉਹਦਾ ਸਾਰਾ ਜੇਰਾ ਅਤੇ ਹੱਠ, ਕੁੱਬੇ ਚੌਕੀਦਾਰ ਦੇ ਸੁਨੇਹੇ ਮੂਹਰੇ ਹਿੱਲ ਗਏ ਸਨ। ਚੁਲ੍ਹੇ ਦੇ ਮਘਦੇ ਸੇਕ ਮੂਹਰੇ ਬੈਠਾ, ਮੈਂ ਖੁਦ ਠਰ ਗਿਆ ਸਾਂ। ਬੁਰਕੀ ਸੰਘ ਵਿਚ ਹੀ ਫੁੱਲ ਗਈ ਸੀ। ਤ੍ਰਕਾਲੀਂ ਹੀ ਡੂੰਗੇ ਮਾਵੇ ਦਾ ਮੇਚਵਾਂ ਸਰੂਰ ਹਵਾ ਹੋ ਗਿਆ ਸੀ। ਜੁਆਕ ਸਹਿਮ ਕੇ ਅੰਦਰ ਦੁੱਬਕ ਗਏ ਸਨ। ਕੋਈ ਅਣ-ਦਿੱਸ ਭਉ ਮੇਰੇ ਦੁਆਲੇ ਨਾਗ-ਵਲ ਵਾਂਗ ਲਿਪਟ ਗਿਆ

ਸੀ ਤੇ ਮੈਂ ਢਾਰੇ ਥੱਲੇ ਬੱਧੇ ਮੌਲੇ ਉੱਪਰ ਭੁੱਲ ਵੀ ਨਹੀਂ ਸਾਂ ਸਿੱਟ ਸਕਿਆ। ਮੋਏ ਤਰਾਣ ਅੰਦਰ ਆ ਪਿਆ ਸਾਂ। ਕਿੰਨੇ ਵੀ ਭਰੀ ਪੀਤੀ ਪੈ ਗਈ ਸੀ। ਲਗਦਾ ਸੀ, ਜਿਵੇਂ ਸਾਰਾ ਟੱਬਰ ਹੀ ਕਿਸੇ ਗਹਿਰੀ ਸੋਚ ਦੇ ਖੱਫਣ ਵਿਚ ਲਿਪਟ ਗਿਆ ਹੋਵੇ।...

ਦੀਵੇ ਦੇ ਕੰਬਦੇ ਚਾਨਣ ਵਿਚ, ਮੇਰੀ ਚਿਰ ਤਾਈਂ ਅੱਖ ਨਹੀਂ ਸੀ ਲੱਗੀ। ਪਿੰਡ ਵਿਚ ਏਨੇਂ ਡੰਗਰ ਮਰਨ ਉੱਤੇ ਤਾਂ ਮੈਂ ਆਪ ਹੈਰਾਨ ਸਾਂ। ਪਰ ਇਸ ਵਿਚ ਮੇਰਾ ਕੀ ਦੋਸ਼! ਵਾਰ ਵਾਰ ਸੋਚਣ ਤੇ ਵੀ, ਮੈਨੂੰ ਸਮਝ ਨਹੀਂ ਸੀ ਪਈ। ਹੁਣ ਜਦ ਕੇ ਏਨੀਂ ਰਾਤ ਗਏ, ਦਹਿਲ ਕੇ ਮੇਰੀ ਨੀਂਦਰ ਉੱਖੜ ਗਈ ਹੈ ਤਾਂ ਮੈਂ ਰੂਹ ਤੱਕ ਸੁੰਨ ਹੋਇਆ ਪਿਆ ਹਾਂ।

ਸੁਪਨੇ ਵਿਚ ਲੱਗਾ ਸੀ ਜਿਵੇਂ ਹੱਡਾ-ਰੋੜੀ ਵਿਚ ਖੜ੍ਹਾ ਮੈਂ ਰੋਹੜੀ ਉੱਤੇ ਸੱਜਰੀ ਲਾਹੀ ਖੱਲ ਲੱਦ ਰਿਹਾ ਹਾਂ। ਬੋਟੀ ਬੋਟੀ ਉੱਤੇ ਟੁੱਟਦੀਆਂ ਗਿੱਧਾਂ ਮੇਰੇ ਦੇਖਦਿਆਂ ਦੇਖਦਿਆਂ ਪਿੰਡ ਦੇ ਉਹ ਸਾਰੇ ਡੰਗਰ ਬਣ ਗਈਆਂ, ਜੀਹਨਾਂ ਨੂੰ ਮੈਂ ਇਕ ਇਕ ਕਰਕੇ ਇਸ ਹੱਡਾ-ਰੋੜੀ ਵਿਚ ਲਿਆਇਆ ਸਾਂ। ਜੀਹਨਾਂ ਦੇ ਪਿੰਡੇ ਉੱਤੋਂ ਮੈਂ ਬੜਾ ਬੇ-ਦਰਦੀ ਨਾਲ ਚੰਮ ਲਾਹਿਆ ਸੀ। ਜੀਹਨਾਂ ਦੀਆਂ ਲੋਥਾਂ ਤੋਂ ਸੈਆਂ ਕਾਵਾਂ ਕੁੱਤਿਆਂ ਦੇ ਰੱਜ ਹੋਏ ਸਨ ਤੇ ਉਹ ਸਗਵੇਂ ਦਾ ਸਗਵਾਂ ਵੱਗ, ਜਦੋਂ ਖਾ ਜਾਣ ਵਾਂਗ ਮੇਰੇ ਵੱਲ ਨੂੰ ਲਪਕਿਆ ਸੀ ਤਾਂ ਮੈਂ ਜੀ ਬਿਆਣਾ ਏਨਾਂ ਤੇਜ਼ ਘਰ ਵੱਲ ਨੂੰ ਨੱਠਿਆ ਸਾਂ ਕੇ ਦਹਾੜਦਾ ਵੱਗ ਮੇਰੀ ਹਿੱਕ ਉੱਤ ਆ ਚੜ੍ਹਿਆ ਸੀ।...

ਤ੍ਰਹਿ ਕੇ ਮੇਰੀ ਜਾਗ ਖੁੱਲ੍ਹ ਗਈ ਸੀ।

ਸਾਰੀ ਦੇਹ ਝੂਠੀ ਜਹੀ ਪੈ ਗਈ ਸੀ। ਏਸ ਵੇਲੇ... ਜਦ ਕੇ ਮੇਰੇ ਕੰਬਦੇ ਚਿੱਤ ਨੂੰ ਕਿਸੇ ਅਣ-ਕਿਆਸੇ ਡਰ ਨਾਲ ਡੋਬੂ ਪੈ ਰਹੇ ਹਨ ਤਾਂ ਮੈਨੂੰ ਆਪਣਾ ਆਪ ਬਹੁਤ ਹੀ ਨਿਤਾਣਾ ਅਤੇ ਮਿੱਟੀ ਬਰੋਬਰ ਜਾਪਦਾ ਹੈ।

ਚੁਫੇਰੇ ਵੇਖਦਾ ਹਾਂ, ਹਨੇਰਾ ਮੱਸਿਆ ਦੀ ਕਾਲੀ ਬੋਲੀ ਰਾਤ ਨੂੰ ਵੀ ਮਾਤ ਪਾਉਂਦਾ ਹੈ। ਹੱਥ ਪੱਸਰਿਆ ਨਹੀਂ ਦੀਂਹਦਾ। ਪੈਰੀਂ ਸੌਂਤਿਆ ਹੁੰਦੀ ਤਾਂ ਸੇਮੇਂ ਬਾਣੀਏ ਤੋਂ ਭੋਰਾ ਮਾਵੇ ਦਾ ਭੁੰਗ; ਨੇਕੀ ਬਦੀ ਦੀ ਸਾਰ ਹੀ ਭੁੱਲ ਜਾਂਦਾ। ਹੋਰ ਨਹੀਂ ਤਾਂ ਹੁੱਕੀ ਹੀ ਤਾਜ਼ੀ ਕਰ ਲੈਂਦਾ। ਫਿਰ ਇਕਾ ਇਕ, ਬੀੜੀ ਦੀ ਤਿੱਖੀ ਤਲਬ ਚੀਰਦੀ ਚਲੀ ਜਾਂਦੀ ਹੈ। ਜਾਪਦਾ ਹੈ, ਜਿਵੇਂ ਹੋਰ ਘੜੀ ਪਲ ਨੂੰ ਰਜਾਈ ਵਿਚ ਪਿਆ ਬਰਫ਼ ਵਾਂਗ ਜੰਮ ਜਾਵਾਂਗਾ। ਅਕਾਰਥ ਹੀ ਬੀੜੀ ਦੇ ਟੋਟੇ ਲਈ ਬੋਝੇ ਵਿਚ ਹੱਥ ਮਾਰਦਾ ਹਾਂ। ਜਿਸ ਵਿਚ ਬੰਡਲ ਮੁੱਕੇ ਨੂੰ ਤੀਜਾ ਪਹਿਰ ਹੈ। ਸੱਖਣੀ ਜੇਬ ਵਿਚ ਸਿਰਫ਼ ਤੀਲ੍ਹਾਂ ਵਾਲੀ ਡੱਬੀ ਅਤੇ ਬੀੜੀ ਦੀ ਤਿੱਖੀ ਤਲਬ ਹੈ, ਜਿਹੜੀ ਮੇਰੇ ਹੋਠਾਂ ਵਿਚਾਲੇ, ਤੜਪ ਕੇ ਵੀ ਨਹੀਂ ਮੁੱਕੀ।

ਜੀ ਕਰਦੈ ਵਹੁਟੀ ਨੂੰ ਹਾਕ ਮਾਰ ਲਵਾਂ, ਜਾ ਆਪ ਹੀ ਉਹਦੀ ਰਜਾਈ ਵਿਚ ਤਿਲਕ ਜਾਵਾਂ। ਕਿਉਂਕਿ ਅਕਸਰ ਇਂਜ ਹੀ ਹੁੰਦਾ ਹੈ। ਲੋਕ ਤਾਂ ਕਹਿੰਦੇ ਨੇ ਉਹ ਹਰੀਆਂ ਚਰਦੀ ਐ, ਮੇਰਾ ਤਾਂ ਇਕ ਨਾਉਂ ਈ ਐ ਬੱਸ; ਕਈ ਵੇਰੀਂ ਮੇਰੇ ਮਨ ਵਿਚ ਉਬਾਲ ਵੀ ਉੱਠੇ ਹਨ ਕੇ ਟਰੰਕੀ 'ਚ ਪਈ ਕਿਰਪਾਨ ਲੈ ਕੇ ਕਿੰਨੇ ਦੀ ਹਿੱਕ ਤੇ ਚੜ੍ਹ ਜਾਵਾਂ ਤੇ ਲੋਕਾਂ



ਦੀ ਇਸ ਗਾਥਿਆ ਬਾਰੇ ਪੁੱਛਾਂ। ਪਰ ਮੇਰੀ ਬੱਦ-ਕਿਸਮਤੀ ਇਹੋ ਹੈ, ਕੇ ਜਦੋਂ ਵੀ ਮੈਂ ਕੁਝ ਕਰ ਗੁਜ਼ਰਨ ਬਾਰੇ ਸੋਚਿਆ ਹੈ, ਮਿੱਟੀ ਵਾਂਗ ਭੁਰਿਆ ਅਤੇ ਚਿਖ਼ਾ ਵਾਂਗ ਬਲਿਆ ਹਾਂ।

ਤ੍ਰਕਾਲੀ ਮੈਂ ਡਰਦਿਆਂ ਜਿਹਾ ਕਿਹਾ ਸੀ।

"ਮਖਾਂ ਸੁਣਦੀ ਐਂ... ਦੇਖ ਆਹ ਕਸਾਈਪੁਣਾ...!"

ਉਹ ਗੱਲ ਪੂਰੀ ਹੋਣ ਤੋਂ ਅਗੇਤਰੇ ਹੀ ਛੱਡਦੀ ਜਾ ਚੜ੍ਹੀ ਸੀ। ਗੁੱਸੇ 'ਚ ਕੰਬਦੀ, ਉਹ ਵਿੱਸਰ ਹੀ ਗਈ ਸੀ ਕੇ ਜੁਆਕਾਂ ਵਿਚ ਕਿਧਰੇ ਸੱਤੇ ਵੀ ਪਈ ਸੀ, ਜਿਹਨੂੰ ਪਿਛਲੀ ਤੋਂ ਪਿਛਲੀਆਂ ਤੀਆਂ ਮਾਂ ਦੇ ਲੀੜੇ ਮੇਚ ਆ ਗਏ ਸਨ। ਤੇ ਜੀਹਦੀ ਮੁਟਿਆਰ ਵਰੇਸ ਹੁਣ ਸੰਝ ਸਵੇਰ ਸਾਡੀਆਂ ਸੋਚਾਂ ਸਰਾਪ ਦਿੰਦੀ ਸੀ। ਮੈਂ ਬੱਸ ਪੱਥਰ ਦਾ ਪੱਥਰ, ਚੁੱਪ ਦਾ ਚੁੱਪ ਰਹਿ ਗਿਆ ਸਾਂ।

ਹੁਣ ਜਦ ਕੇ ਮੈਂ ਲਗਾਤਾਰ ਜਾਗ ਰਿਹਾ ਹਾਂ, ਸੌਣ ਤੇ ਭੋਰਾ ਚਿੱਤ ਨਹੀਂ ਕਰਦਾ। ਲਗਦਾ ਹੈ, ਰਾਤ ਬਹੁਤ ਹੌਲੀ ਹੌਲੀ ਰੀਂਗ ਰਹੀ ਹੈ। ਬਿਲਕੁਲ ਜੂੰ ਦੀ ਤੋਰੇ... ਲੰਮੇ ਹਉਕੇ ਨਾਲ ਮੈਂ ਫਿਰ ਟੇਢਾ ਹੋ ਗਿਆ ਹਾਂ। ਕੋਠੜੀ 'ਚ ਪਈਆਂ ਚੀਜ਼ਾਂ ਗੂਹੜੇ ਹਨੇਰੇ ਵਿਚ ਸਿਆਹ ਹੋਣ ਤੇ ਵੀ ਮੈਂ ਸਾਮਰਤੱਥ ਵੇਖ ਰਿਹਾ ਹਾਂ। ਟਾਂਡ ਤੇ ਪਏ ਭਾਂਡੇ... ਛੱਤ ਨਾਲ ਟੰਗੀ ਮੰਜੀ... ਕੰਧਾਂ ਉੱਤਲਾ ਪਾਡੂ ਦਾ ਪਰੋਲਾ, ਤੇ ਛੱਤ ਤਾਂ ਗਿੱਠ ਥੱਲੇ ਦਾਤਣ ਨਾਲ ਵਾਹੀ, ਗੂਹੜੇ ਨੀਲ ਦੀ ਲਹਿਰੀਆ ਵੇਲ, ਜੇਹੜੀ ਹੂ-ਬ-ਹੂ ਢੱਗੇ ਮੂਤਣੀ ਨੂੰ ਮਾਤ ਪਾਉਂਦੀ ਹੈ। ਤੌੜਿਆਂ ਦੀ ਲੰਮੀ ਕਤਾਰ ਤੇ ਉਹਨਾਂ ਪਿੱਛੇ ਚੂਹਿਆਂ ਦੀਆਂ ਬੇ-ਤਰਤੀਬ ਖੁੱਡਾਂ। ਸਰਾਹਣੇ ਪਈ ਹੁੱਕੀ ਤੇ ਡਰੱਲੇ ਦੇ ਐਨ ਉੱਪਰ, ਦੂਹਰੇ ਟੋਰੇ ਤੇ ਪਸਤੌਲ ਦੇ ਸੱਖਣੇ ਖੋਖੇ ਨਾਲ ਖਿੱਚਵਾਈ ਫੋਟੋ ਜੇਹੜੀ ਆਪਣੀ ਹੋਣ ਤੇ ਵੀ ਕਦੀ ਮੈਨੂੰ ਆਪਣੀ ਨਹੀਂ ਜਾਪੀ। ਧੁੰਆਖੀ ਛੱਤ, ਜੀਹਦੀਆਂ ਵਿਰਲਾਂ ਵਿਚ ਦਿਨੇਂ ਚਾਮ-ਚੜਿੱਕਾਂ ਬੋਲਦੀਆਂ, ਤੇ ਰਾਤੀਂ ਮਿੱਟੀ ਦਾ ਮੀਂਹ ਵਰ੍ਹਦਾ। ਖਣ ਦੇ ਐਨ ਆਖ਼ਰੀ ਸਿਰੇ ਤੇ ਅਲਗੋਜ਼ਿਆਂ ਦੀ ਉਹ ਅਣਵਰਤੀ ਜੋੜੀ, ਜੀਹਦੇ ਸੱਖਣੇ ਛੇਕਾਂ ਵਿੱਚ ਵਰ੍ਹਿਆਂ ਤੋਂ ਕਦੇ ਫੂਕ ਨਹੀਂ ਵੱਜੀ, ਫਿਰ ਵੀ ਜਿਸ 'ਚੋਂ ਕਦੇ ਕਦਾਈਂ ਮੈਨੂੰ ਕੋਈ ਜਾਦੂ ਹੇਕ ਸੁਣਾਈ ਦਿੰਦੀ ਹੈ ਤਾਂ ਮੈਂ ਪਾਗਲ ਹੋ ਉਠਦਾ ਹਾਂ। ਕੰਧੀਂ ਸਿਰ ਭੰਨਣ ਤੇ ਚਿੱਤ ਕਰਦਾ ਹੈ। ਹਰ ਵਾਰ ਚੇਤਾ ਆਉਣ ਤੇ ਪਤਾ ਨਹੀਂ ਕਿਉਂ, ਅੰਦਰੋਂ ਕੁਝ ਟੁੱਟ ਜਿਹਾ ਜਾਂਦਾ ਹੈ ਤੇ ਕਈ ਕਈ ਦਿਨ ਮੈਥੋਂ, ਇਸ ਮਿਇਆਂ ਬਰੋਬਰ ਦੇਹ ਦਾ ਭਾਰ ਨਹੀਂ ਚੁੱਕਿਆ ਜਾਂਦਾ।

ਤਿੜਕੇ ਵਜੂਦ ਨਾਲ, ਮੈਂ ਪਿਆ ਪਿਆ ਹੀ ਬੰਦ ਦਰਾਂ ਦੇ ਬਾਹਰਲੀ ਲੋਅ, ਇਕ ਟੱਕ ਵੇਖਦਾ ਉਹ ਹੱਡਾ-ਰੋੜੀ ਕਿਆਸਦਾ ਹਾਂ, ਜੀਹਦੀ ਮਾਰੂ ਗੰਧ ਵਿਚ ਅਲਗੋਜ਼ਿਆਂ ਦੀ ਹੇਕ ਸੰਗ, ਕਿਧਰੇ ਮੈਂ ਵੀ ਮਰ ਮੁੱਕ ਗਿਆ ਹਾਂ। ਜਿਥੇ ਜਾਂ ਤਾਂ ਮੋਏ ਡੰਗਰਾਂ ਦੀਆਂ ਥਿਗਾਂ ਹਨ; ਜਾਂ ਸੱਜਰੀ ਲਾਹੀ ਖੱਲ ਦੀ ਗਲਿਆਣ ਹੈ, ਜਿਹੜੀ ਪਹਿਲੋ ਪਹਿਲ ਮੇਰੇ ਜਿਹਨ ਨੂੰ ਧਤੂਰੇ ਦੇ ਧੂੰ ਵਾਂਗ ਚੜ੍ਹਦੀ ਹੁੰਦੀ ਸੀ।

ਮੈਂ ਕਰੀਚ ਨਾਲ ਭਰ ਗਿਆ। ਰਜਾਈ 'ਚ ਪਿਆਂ ਹੀ ਧੁੜਧੜੀ ਲਈ ਹੈ ਅਤੇ

ਨੱਥੋ ਮੁੰਦਰਾਂ ਵਾਲੇ ਦੇ ਨੀਵੇਂ ਖੱਤੇ ਲਾਗਲਾ ਉਹ ਟਿੱਬਾ ਕਿਆਸਦਾ ਹਾਂ, ਜੇਹੜਾ ਤਹਿਸੀਲ ਦੇ ਕਾਗਜ਼ਾਂ ਵਿਚ ਗਊ-ਚਰਾਂਦ ਬੋਲਦਾ ਹੈ। ਜਿੱਥੇ ਮੇਰਾ ਸਾਰਾ ਸਾਰਾ ਦਿਨ ਕਤਲ ਹੁੰਦਾ ਹੈ, ਕਰੀਚ ਆਉਂਦੀ ਹੈ। ਜਿਥੇ ਮੋਏ ਡੰਗਰਾਂ ਦੇ ਵਿੱਛੋ ਵੱਗੇ ਅਣ-ਪਚੇ ਗੋਹੇ ਦੇ ਉਹ ਖਿੱਲਰੇ ਰੇਹੜ ਹਨ, ਜਿਨ੍ਹਾਂ ਵਿਚੋਂ ਬਦਬੋ ਦੇ ਏਨੇ ਸੰਘਣੇ ਵਰੋਲੇ ਉਠਦੇ ਹਨ ਕੇ ਰਾਹੀ ਬੁਟ ਵੱਟ ਕੇ ਲੰਘਦੇ ਹਨ। ਜਿਥੇ ਕਾਵਾਂ ਕੁੱਤਿਆਂ ਦੀ ਖੋਹ-ਖਿੰਝ ਵਿਚੋਂ ਰੁਲੀਆਂ ਮਾਸ ਦੀਆਂ ਉਹ ਬਰੀਕ ਬੋਟੀਆਂ ਹਨ ਜੇਹੜੀਆਂ ਟਿੱਬੇ ਉਤਲੀ ਰੇਤ ਅਤੇ ਦੱਬ ਦੀਆਂ ਸੰਘਣੀਆਂ ਜੜ੍ਹਾਂ ਵਿਚ ਤਰੱਕ ਕੇ ਸੁੱਕ ਗਈਆਂ ਹਨ, ਜਿਥੇ ਮੌਤ ਦੇ ਮਨਹੂਸ ਸਾਏ ਤਾਂਡਵ ਨਾਚ ਨੱਚਦੇ ਹਨ।

ਮੈਂ ਬਚਦੀ ਰਾਤ ਬਾਰੇ ਸੋਚਦਾ ਹਾਂ ਅਤੇ ਲਾਗੇ ਪਈ ਭਿੰਨੋ ਦੇ ਲੰਮੇ ਸਾਹ ਬਰਾਬਰ ਸੁਣਦਾ ਹਾਂ। ਕਦੇ ਕਦੇ ਲਗਦਾ ਹੈ, ਜਿਵੇਂ ਭਿੰਨੋ ਦੀ ਦਲੇਰੀ ਅਤੇ ਹੱਠ ਹੀ ਤਾਂ ਹੈ, ਕੇ ਮੈਨੂੰ ਇਸ ਭੰਗ-ਭੁੱਜਦੇ ਘਰ ਵਿਚੋਂ ਮਾਵੇ ਦਾ ਭੋਰਾ ਖਿੜੇ ਮੱਥੇ ਨਸੀਬ ਹੋਣ ਲੱਗਾ ਹੈ ਅਤੇ ਹਰ ਪੰਜਵੇਂ ਸੱਤਵੇਂ ਉਹ ਕੰਧ ਉੱਤੇ ਆਟੇ ਨਾਲ ਚਪਕਾਈ ਕ੍ਰਿਸ਼ਨ ਮੁਰਾਰੀ ਦੀ ਮੂਰਤ ਸਾਹਵੇਂ ਆਦਰ ਨਾਲ ਸਿਰ ਝੁਕਾਉਂਦਿਆਂ ਟਰੰਕੀ ਦੇ ਐਨ ਪਿਛੇ ਜਾ ਖੜ੍ਹਦੀ ਹੈ, ਜਿਥੇ ਸਾਰੀ ਧੂਫ ਸਮੱਗਰੀ ਤੋਂ ਬਿਨਾਂ ਪੀਰ ਜਾਲ ਦਾ ਉਹ ਚਿਰਾਗ ਵੀ ਪਿਆ ਹੈ ਜੇਹੜਾ ਹਰ ਜੁਮੇ ਦੀਆਂ ਡੂੰਘੀਆਂ ਤਰਕਾਲੀਂ ਆਲੇ ਦੀ ਛੱਤ ਕਾਲੀ ਕਰਦਾ ਹੈ। ਜੀਹਦੀ ਮੇਹਰ ਸਦਕਾ ਭਿੰਨੋ ਜਾਚੇ 'ਲਛਮੀ' ਨੇ ਬੜੀ ਹੀ ਨੇੜਿਓਂ ਹੋ ਕੇ ਸਾਰੇ ਟੱਬਰ ਦੀ ਸੁਣੀ ਹੈ।

ਤਲਖ਼ੀ ਨਾਲ ਪਾਸਾ ਪਰਤਦਿਆਂ ਮੇਰੇ ਅੰਗ ਸੰਗ ਵਿਚ ਚੀਸਾਂ ਪੈਂਦੀਆਂ ਹਨ। ਮੈਂ ਫਿਰ ਕੁੱਬੇ ਚੌਕੀਦਾਰ ਬਾਰੇ ਸੋਚਦਾ ਹਾਂ। ਜੇਹੜਾ ਪਤਾ ਨਹੀਂ ਕੇਹੜੀ ਮਨਹੂਸ ਘੜੀ ਮੇਰੇ ਦਰੀਂ ਆਇਆ ਸੀ ਤੇ ਲਾਚੜ ਕੇ ਆਖ ਗਿਆ ਸੀ।

"ਬਈ ਘਰੇ ਈ ਐ ਆਤਮਾ ਸਿਹੁੰ ?"

ਭਿੰਨੋ ਉਹਨੂੰ ਬਾਹਰਲੇ ਦਰੀਂ ਹੀ ਜਾ ਮਿਲੀ ਸੀ।

"ਦੱਸੋ ਜੀ, ਉਹ ਤਾਂ ਟੋਕਾ ਕਰਦੇ...।"

"ਬਹੁਤੀ ਤਾਂ ਸਾਰ ਨੀ ਭਾਈ... ਪਰ ਬੋਡੀ ਬਰਾਦਰੀ ਨੇ ਕਹਾ ਭੇਜਿਐ ਬਈ 'ਪੰਚੈਤ' ਲੱਗ ਲਗਦੀ ਨੂੰ ਥੋੜੇ ਘਰੇ ਆਊ ... ਡੀਕ ਕੇ ਈ ਬਾਹਰ ਅੰਦਰ ਜਾਇਓ।"

ਝਬਦੇ ਹੀ ਉਹ ਪਰਤ ਗਿਆ ਸੀ। ਪਰ ਸਾਰੀ ਰਾਤ ਛਾਪਿਆਂ ਤੇ ਲਿਟਣ ਮਗਰੋਂ ਵੀ ਸਮਝ ਨਹੀਂ ਆਈ ਕੇ ਆਖਰ ਕਿਉਂ ਪਰ੍ਹੇ ਮੇਰੇ ਦਰੀਂ ਆ ਰਹੀ ਸੀ। ਜੇ ਸੰਧੂਆਂ ਵੇਹੜੇ ਦੀਆਂ ਗੱਲਾਂ ਹੀ ਸੱਚੀਆਂ ਹੋਈਆਂ?... ਮੇਰੇ ਸਿਰ ਵਿਚ ਕਿੰਨਾ ਕੁਝ ਹੈ ਜੋ ਪੀਲ ਵਾਂਗ ਗਲਗੱਡ ਹੋਇਆ ਪਿਆ ਹੈ। ਜਿਸ ਵਿਚ ਬਿਰਾਦਰੀ ਦੀਆਂ ਤੋਹਮਤਾਂ ਤੇ ਹੱਡਾ-ਰੋੜੀ ਦੀ ਉਹ ਗਿਲਾਜ਼ਤ ਹੈ ਜਿਹਨੂੰ ਭਿੰਨੋ ਸੌਖੇ ਦਿਨਾਂ ਦਾ ਨਾਉਂ ਦਿੰਦੀ ਹੈ। ਜਿਸ ਵਿਚ ਮੈਂ ਲਗਾਤਾਰ ਖੁੱਭਦਾ ਚਲਾ ਗਿਆ ਹਾਂ। ਲੱਗਦਾ ਹੈ, ਕਿਸੇ ਦਿਨ ਸਣੇ ਵਜੂਦ ਗੁਆਚ ਜਾਵਾਂਗਾ।

ਬਦ-ਹਵਾਸਾ, ਮੈਂ ਦੂਰ... 'ਟੰਗਣੇ' ਤੋਂ ਕੁੱਕੜ ਦੀ ਟੁੱਟਵੀਂ ਬਾਂਗ ਸੁਣਦਾ ਹਾਂ



ਅਤੇ ਫਿਰ ਸੋਚਾਂ ਦੀ ਬਉਲੀ ਉੱਤਰ ਗਿਆ ਹਾਂ। ਆਖਰ ਕਿਉਂ ਮੈਂ ਏਨਾ ਨਿੱਘਰ ਗਿਆ ਹਾਂ। ਅਜੇਹੀ ਬੁਜ਼ਦਿਲੀ ਨਾਲੋਂ ਤਾਂ ਫਾਹਾ ਬੇਹਤਰ ਹੈ। ਜੀ ਵਿਚ ਆਉਂਦੀ ਹੈ ਹੁਣੇ ਕੋਠੇ ਉਤੇ ਚੜ੍ਹ ਕੇ ਚੀਕ ਮਾਰਾਂ, 'ਲੋਕੋ ਮੈਂ ਇਹ ਗਲੀਜ਼ ਕਿੱਤਾ ਤਿਆਗ ਦਿੱਤਾ ਜੇ ... ਮੈਂ...।' ਪਰ ਨਹੀਂ, ਲਗਦਾ ਹੈ ਮੈਂ ਬਹੁਤ ਪੱਛੜ ਗਿਆ ਹਾਂ।

ਉੱਖੜ ਕੇ ਉਹਨਾਂ ਦਿਨਾਂ ਨੂੰ ਚੇਤੇ ਕਰਦਾ ਹਾਂ ਜਦੋਂ ਸਰਪੰਚ ਨੇ ਹਿੱਕ ਥਾਪੜ ਕੇ ਠੇਕਾ ਮੇਰੇ ਨਾਂ ਟੁੱਕਿਆ ਸੀ ਅਤੇ ਭਰੇ ਕੱਠ ਵਿਚ ਗੱਜ ਵੱਜ ਕੇ ਕਿਹਾ ਸੀ, ਅੱਜ ਉਹ ਮੇਰੀ ਵੋਟ ਨਾਲ ਜਿੱਤਿਆ ਸੀ। ਉਸ ਘੜੀ ਤਾਂ ਮੈਂ ਵਿੱਸਰ ਹੀ ਗਿਆ ਸਾਂ ਕੇ ਮੈਂ ਇਕ ਗਰੀਬ ਪਿਉ ਦਾ ਨਖੱਟੂ ਪੁੱਤ ਅਤੇ ਭਿੰਨੋ ਜਹੀ ਅੜਬ ਤੀਵੀਂ ਦਾ ਖਾਵੰਦ ਸਾਂ। ਜੇਹੜਾ ਮੰਦੇ ਭਾਗਾਂ ਕਾਰਨ ਕੰਚਨ ਵਰਗੀ ਦੇਹ ਨੂੰ ਅਮਲ ਦਾ ਰੋਗ ਲਾ ਬੈਠਾ ਸਾਂ। ਮੇਰਾ ਪਿਉ, ਜੇਹੜਾ ਤੱਤੀ ਦਾਰੂ ਦੇ ਹਾੜੇ ਨਾਲ ਫੱਟਕ ਮੋਇਆ ਸੀ, ਸਾਰੀ ਉਮਰ ਸੱਥਾਂ ਵਿਚ ਗੁੱਗਾ ਗਾਉਂਦਾ ਰਿਹਾ ਸੀ ਤੇ ਦੋ ਖਣਾ ਜੋਗਾ ਵੀ ਨਹੀਂ ਸੀ ਹੋ ਸਕਿਆ।

ਇਕ ਸਮਾਂ ਸੀ, ਜਦੋਂ ਮੈਂ ਵੀ ਪਿਉ ਨਾਲ ਅਲਗੋਜ਼ੇ ਵਜਾਉਣ ਦਾ ਸ਼ੌਕ ਪਾਲਿਆ ਸੀ। ਚੜ੍ਹਦੀ ਉਮਰ ਤੇ ਹੇਕ ਦਾ ਜਾਦੂ... ਸਾਰੀ ਸਾਰੀ ਰਾਤ ਅਖਾੜਾ ਨਾ ਟੁੱਟਦਾ... ਮੁਲਖ ਅਸ਼ਕੇ ਅਸ਼ਕੇ ਕਰਦਾ; ਪਰ ਮਹੀਨੇ ਮੱਸਿਆ ਦੀ ਘੱਟੀ, ਜੁਆਕਾਂ ਦਾ ਢਿੱਡ ਨਾ ਭਰਦੀ। ਕੋਰਾਂ ਪਹੋਏ ਦੇ ਮੇਲਿਓਂ ਮੈਂ ਛੇਵੇਂ ਦਿਨ ਵੀਹ ਰੁਪਈਏ ਲੈ ਕੇ ਪਰਤਿਆ ਤਾਂ ਭਿੰਨੋ ਪਿੱਟਦਿਆਂ ਵਾਲ ਖੋਹ ਲਏ। ਉਸ ਕਾਹਲ ਨਾਲ ਅਲਗੋਜ਼ੇ ਚੁਲ੍ਹੇ ਵਿਚ ਡਾਹ ਦਿੱਤੇ ਸਨ। ਓਸ ਘੜੀ ਅਲਗੋਜ਼ਿਆਂ ਦੀ ਉਸ ਜੋੜੀ ਸਣੇ ਮੇਰੇ ਆਪਣੇ ਅੰਗ ਅੰਗ ਵਿਚ ਲਾਂਬੂ ਲੱਗੇ ਸਨ। ਪਰ ਪਤਾ ਨਹੀਂ ਮੈਂ ਕੇਹੜੀ ਨਾ-ਮੁਰਾਦ ਮਿੱਟੀ ਦਾ ਬਣਿਆ ਹਾਂ, ਕੇ ਧੇਟਾ ਧੇਟਾ ਸੁਆਹ ਹੋ ਜਾਣ ਤੱਕ ਵੀ ਮੈਥੋਂ ਕੁਝ ਨਹੀਂ ਸਰਿਆ।

ਫਿਰ ਇਕ ਰਾਤ; ਸਰਦਾਰਾਂ ਘਰ ਆਈ ਬਰਾਤ ਵਿਚ ਕਿਰਪੇ ਨਚਾਰ ਨੂੰ ਇੱਟਾਂ ਵਾਂਗ ਵਰ੍ਹਦੇ ਰੁਪਈਏ ਵੇਖ ਮੈਂ ਕਿਰਪੇ ਪੈਰੀਂ ਜਾ ਡਿੱਗਾ ਸਾਂ। ਪਰ ਹਾਲੀ ਤਾਂ ਮੈਂ ਵਾਲ-ਚੱਟ ਸਾਬਣ ਨਾਲ ਮਸਾਂ ਗੱਲ੍ਹਾਂ ਹੀ ਚੱਟੀਆਂ ਸਨ। ਝਾਂਜਰਾਂ ਵਾਲੀ ਅੱਡੀ ਹੀ ਖੜਕਾਉਣੀ ਸਿੱਖੀ ਸੀ। ਪਿੱਤਲ ਦੇ ਅੰਨ੍ਹੇ ਗਲਾਸਾਂ ਵਿਚ ਦਾਰੂ ਡੀਕਣਾ ਹੀ ਆਇਆ ਸੀ। ਪੂਛਾਂ ਵਾਲੇ ਸੁਥੱਣ ਤੇ ਅੰਗੀ ਵਿਚ ਲੀਰਾਂ ਰੱਖ ਰੱਖ, ਲੱਕ ਮਟਕਾਉਣ ਦਾ ਵੱਲ ਵੀ ਨਹੀਂ ਸੀ ਆਇਆ ਕੇ ਭਿੰਨੋ ਛਿੱਤਰ ਲਾਹ ਲਿਆ ਸੀ।

ਵਿਚਾਰੀ! ਇਕ ਨਜ਼ਰ ਤਰਸ ਨਾਲ ਮੈਂ ਲਾਗੇ ਹੀ ਪਈ ਭਿੰਨੋਂ ਝਾਕੀ। ਦੂਰ ਕਿਧਰੇ ਟੁੱਟਦੀਆਂ ਬਾਂਗਾਂ ਸੁਣੀਆਂ। ਬਾਹਰ ਜਿਵੇਂ ਚਾਨਣ ਦੁਧੀਆ ਹੋ ਰਿਹਾ ਸੀ। ਘੁਕ ਪਏ ਜੁਆਕਾਂ ਦੇ ਲੰਮੇ ਸਾਹ ਰਲ-ਗੱਡ ਹੋਏ ਸੁਣੀਂਦੇ ਸਨ।

ਫਿਰ ਕਿਵੇਂ ਦਿਨ ਹੋਰ ਔਖੇ, ਹੋਰ ਔਖੇ ਹੁੰਦੇ ਚਲੇ ਗਏ ਸਨ। ਨਿੱਕੀ ਨਿੱਕੀ ਸ਼ੈ ਉਤੇ ਗੁਰਬਤ ਨਿੰਠ ਕੇ ਬੈਠਦੀ ਚਲੀ ਗਈ ਸੀ। ਡੰਗ ਦਾ ਡੰਗ ਮਸੀਂ ਸਰਦਾ। ਸਭ ਕਾਸੇ ਦੀ ਬਲੀ ਭਿੰਨੋ ਚੜ੍ਹਦੀ। ਕਿਸੇ ਦਾ ਗੋਹਾ ਕੂੜਾ ਸੰਭਰ ਦਿੰਦੀ ਜਾਂ ਲਿੱਪ-ਲਪੋਈ

ਬਦਲੇ ਟੱਬਰ ਡੰਗ ਭੁਲਸ ਲੈਂਦਾ।

ਵਾਢੀ-ਟੋਕੀ ਦੇ ਦਿਨੀ ਜਦੋਂ ਪਿੰਡ 'ਚ ਰਾਲਿਆ ਵੀ ਮਿੱਟੀ ਦਾ ਬੰਦਾ ਨਾ ਲੱਭਦਾ, ਮਹੀਨੇ ਵੀਹਾਂ ਦਿਨਾਂ ਗੋਚਰਾ ਹੋਣ ਲਈ ਮੈਂ ਵੀ ਦਿਹਾੜੀ ਦੱਪੇ ਨੂੰ ਟਿੱਲ ਲਾਉਂਦਾ, ਪਰ ਟਿੱਚਰਾਂ ਪਿੜ ਬੰਨ੍ਹ ਲੈਂਦੀਆਂ। "ਉਏ... ਆਹ ਗਊ ਜੋੜ ਲੀ ਹਲੀਂ..." ਕੋਈ ਆਖਦਾ। ਸੁਣਦਿਆਂ ਮੈਂ ਅੱਧਾ ਹੋ ਜਾਂਦਾ। "ਚਲੋ ਚੰਗੀ ਭਾਈ! ਦਿਨੇ ਗੱਡੀ ਦੇ ਲਗੋਜੇ ਵਜਵਾ ਲਵੇ, ਤਕਾਲੀਂ ਸੁਰਖੀ ਬਿੰਦੀ ਲਵਾ ਲਿਉ, ਕਿਰਪੇ ਨਚਾਰ ਕੋਲੇ ਤਾਂ ਬੇਗੋ ਨਾਰ ਸੀ ਇਹ...।" ਮੈਂ ਤੜਪ ਕੇ ਉਹ ਦਿਨ ਚੇਤੇ ਕਰਦਾ, ਜਦੋਂ ਅਲਗੋਜਿਆਂ ਦੀ ਲੰਮੀ ਹੇਕ ਨਾਲ ਸਾਰੀ ਸਾਰੀ ਰਾਤ ਅਖਾੜਾ ਹੀ ਨਹੀਂ ਸੀ ਟੁੱਟਦਾ।

ਹੱਡ-ਤੋੜਵੀਂ ਕਾਰ, ਮੇਰਾ ਅੰਗ ਅੰਗ ਭੰਨ ਦਿੰਦੀ। ਜੱਟ ਅਮਲੀ ਹੋਣ ਦੀ ਉਪਾਧੀ ਨਾਲ ਵਡਿਆਉਂਦੇ ਡੰਗ ਦੇ ਮਾਵੇ ਬਦਲੇ ਸਾਰੀ ਸਾਰੀ ਦਿਹਾੜੀ ਕੋਹੀ ਜਾਂਦੇ। ਟੱਬਰ ਮੇਰੇ ਹੱਥਾਂ ਵੱਲ ਵੇਖਦਾ, ਪਰ ਮੈਨੂੰ ਵੇਲਾ ਹੱਥ ਨਾ ਆਉਂਦਾ ਜਦੋਂ ਮੈਂ ਦੇਹ ਨੂੰ ਅਮਲ ਦੀ ਲਿੱਲ੍ਹ ਲਾ ਬੈਠਾ ਸਾਂ।

ਪਿੰਡ ਦੀ ਚੜ੍ਹਦੀ ਬਾਹੀਓਂ ਭਾਈ ਦੇ ਸੰਖ ਪੂਰਨ ਦੀ ਵਾਜ ਆਈ ਤਾਂ ਮੈਂ ਬੈਠਦਾ ਹੋ ਗਿਆ। ਅਕਾਰਥ ਹੀ ਉਹ ਦਿਨ ਚੇਤੇ ਆਉਂਦਾ ਹੈ, ਜਦੋਂ ਇਸ ਕੁੱਤੇ ਕੰਮ ਦੇ ਚਾਅ ਵਿਚ ਵਿੰਨੋ ਉੱਚੇ ਪੀਰ ਦਾ ਰੋਟ ਸੁੱਖਿਆ ਸੀ। ਕਿਵੇਂ ਬਸੰਤੇ ਲੁਹਾਰ ਤੋਂ ਉਹ ਰੰਬੀ ਛੁਰੀ ਬਣਵਾ ਕੇ ਲਿਆਈ ਸੀ। ਫਿਰ ਸਿਆਲ ਉੱਤਰਦਿਆਂ ਮੌਤਾਂ ਦਾ ਇਕ ਅਜਿਹਾ ਸਿਲਸਿਲਾ ਸ਼ੁਰੂ ਹੋਇਆ, ਲਗਦਾ ਸੀ ਜਿਵੇਂ ਪਿੰਡ ਤੇ ਕੋਈ ਕਹਿਰ ਢਹਿ ਪਿਆ ਹੋਵੇ ਮੈਂ। ਇਕ ਡੰਗਰ ਲਾਹ ਕੇ ਆਉਂਦਾ, ਕੋਈ ਦੂਜਾ ਸੁਨੇਹਾ ਉਡੀਕ ਰਿਹਾ ਹੁੰਦਾ, ਲੋਕ ਸੋਚਦੇ ਖ਼ਬਰੇ ਮੈਂ ਬਹੁਤ ਖ਼ੁਸ਼ ਹਾਂ।... ਪਰ ਨਹੀਂ... ਇਸ ਤੋਂ ਉਲਟ... ਜਿਉਂ ਹੀ ਮੈਂ ਕਿਸੇ ਦੇ ਘਰ ਪੈਰ ਪਾਉਂਦਾ... ਮੇਰਾ ਗੱਚ ਭਰ ਆਉਂਦਾ... ਅੱਥਰੂ ਮੇਰੇ ਕੋਇਆਂ ਵਿਚ ਜੰਮ ਜਾਂਦੇ, ਜੀ ਵਿਚ ਆਉਂਦੀ, ਇਹਨਾਂ ਕੋਲ ਬਹਿ ਕੇ ਦੋ ਘੜੀਆਂ ਅਫ਼ਸੋਸ ਕਰਾਂ... ਦਰਦ ਵੰਡਾਵਾਂ... ਤੇ ਵਿਲਕ ਕੇ ਕਹਾਂ... ਲੋਕੋ ਮੈਨੂੰ ਆਪਣੀ ਕਮਾਈ ਨਾਲੋਂ ਤੁਹਾਡਾ ਦਰਦ ਬਹੁਤੈ... ਪਰ ਪਤਾ ਨਹੀਂ ਕਿਉਂ...? ਮੈਨੂੰ ਤਾਂ ਵੇਖਦਿਆਂ ਹੀ ਲੋਕ ਤਿਊੜੀਆਂ ਚਾੜ੍ਹ ਲੈਂਦੇ ਹਨ। ਜਿਵੇਂ ਮੈਂ ਕੋਈ ਬਹੁਤ ਗਲੀਜ਼ ਚੀਜ਼ ਹਾਂ। ਅਜੇਹੇ ਵੇਲੇ, ਦੇਹ ਭੂਨੀ ਪੈ ਜਾਂਦੀ ਹੈ ਅਤੇ ਅੱਖਾਂ ਵਿਚ ਕੁਝ ਮਰ ਜਿਹਾ ਜਾਂਦਾ ਹੈ।

ਕਦੇ ਠਰੇ ਦਿਨਾਂ ਵਿਚ ਖੰਭ ਖਲਾਰ ਧੁੱਪ ਸੇਕਦੀਆਂ ਗਿੱਧਾਂ ਨੂੰ ਵੇਖ ਕੇ ਆਪਣਾ ਆਪ ਬਹੁਤ ਰੁੱਝਾ ਰੁਝੌਂ ਜਾਪਦਾ ਹੈ। ਉਂਜ ਘਰ ਵਿਚ ਪੱਕਾ ਦਰਵਾਜ਼ਾ ਪੈ ਗਿਆ ਹੈ, ਜੁਆਕ ਸਬੂਣੀ ਲੀੜਿਆਂ ਨਾਲ ਮਦਰੱਸੇ ਜਾਂਦੇ ਹਨ ਤੇ ਵਿੰਨੋ ਦਾ ਰਾਂਗਲਾ ਦੰਦਾਸਾ, ਹੁਣ ਹਾਰੀ ਸਾਰੀ ਦਾ ਗੋਹਾ-ਕੂੜਾ ਚੁੱਤੀ ਤੇ ਮਾਰਦਾ ਹੈ।

ਪਰ ਮੈਂ ਮਿੱਟੀ ਹੋ ਜਾਂਦਾ ਜਦੋਂ ਲੋਕ ਰੇਹੜੀ ਉੱਤੇ ਬੈਠੇ ਵਿਚੋਂ ਹੀ ਗੱਲਾਂ ਕੱਢੀ ਜਾਂਦੇ। "ਕਿਮੇਂ ਐ ਮਿੱਤਰਾ...? ਵਜਦੇ ਐ ਲਗੋਜੇ ਦੋਹੀਂ ਦੋਹੀਂ ਹੱਥੀਂ ਫੇ...?" ਕੋਈ



ਆਖਦਾ।

"ਕੱਢ ਲੈ ਕਸਰਾਂ...!"

ਬਿਰਾਦਰੀ 'ਚ ਗੱਲਾਂ ਤੁਰਦੀਆਂ। "ਦੇਖਿਆ ਵੋਟ ਦਾ ਮੁੱਲ...?"

ਦੂਹਰੀ ਲੱਦ ਨਾਲ ਕੱਚੀਆਂ ਗਲੀਆਂ ਵਿਚ ਮੇਲਾ ਥਿੜਕ ਥਿੜਕ ਤੁਰਦਾ ਤਾਂ ਕੋਈ ਹੋਰ ਲਾਚੜ ਕੇ ਆਖਦਾ.... "ਬਹੁਕਰ ਖੜ੍ਹੀ ਕਰ ਦੇ ਭਾਊ, ਜੇ ਸਾਲਾ ਲੋਹੇ ਦਾ ਸੁਹਾਗਾ ਨਾ ਫਿਰਿਆ, ਤੇਰਾ ਠੇਕਾ ਕੀ ਯਾਦ ਰਹੂ ਪਿੰਡ ਨੂੰ...!"

ਅਜਿਹੇ ਕਿਸੇ ਵੇਲੇ ਦਿਲ ਕਰਦਾ, ਹਿਰਦਾ ਲੋਕਾਂ ਸਾਂਹਵੇ ਚਾਕ ਕਰ ਦੇਵਾਂ। ਜਾਂ ਰੰਬੀ ਛੁਰੀ ਕਿਸੇ ਖੂਹ ਵਿਚ ਵਗਾਹ ਮਾਰਾਂ ਤੇ ਚੀਕ ਕੇ ਕਹਾਂ "ਭੈਣ ਦਾ ਬੂਹਾ ਮਰਾ ਗਿਆ ਉਏ ਥੋਡਾ ਧੰਦਾ... ਚੱਕੋ ਆਪਣਾ..." ਆਪ ਭਾਵੇਂ ਕਿਰਪੇ ਨਚਾਰ ਨਾਲ ਹੀ ਜਾ ਰਲਾਂ...। ਜਾਂ ਮੇਹਨਤ ਮਜ਼ੂਰੀ ਹੀ ਕਰ ਲਵਾਂ।

ਖੁਰਜੀਆਂ ਵਿਚ ਹੱਡ ਲੈ ਕੇ ਜਾਂਦੇ ਕੋਲੋਂ ਲੋਕ ਪਾਸਾ ਵੱਟ ਕੇ ਲੰਘਦੇ ਹਨ ਤਾਂ ਧੁਰ ਅੰਦਰ ਕੁਝ ਚੀਰਦਾ ਚਲਾ ਜਾਂਦਾ ਹੈ। ਮੈਂ ਤੜਪ ਕੇ ਉਹ ਬਦਬੋ ਸੁੰਘਣ ਦੀ ਕੋਸ਼ਿਸ਼ ਕਰਦਾ ਹਾਂ ਜੇਹੜੀ ਮੇਰੀ ਕੁਰਮ ਦੀ ਜੁੱਤੀ, ਕਲੀਆਂ ਵਾਲੇ ਕੁਰਤੇ ਅਤੇ ਟੋਰੇ ਵਾਲੀ ਪੱਗ ਨੂੰ ਘੱਟੇ ਵਿਚ ਰੋਲ ਦਿੰਦੀ ਹੈ। ਤਦ ਮੈਂ ਅਕਾਰਥ ਹੀ ਆਪਣੀ ਧੂੰਹਵੀਂ ਚਾਦਰ ਵਿਚ ਉਲਝ ਉਲਝ ਜਾਂਦਾ ਹਾਂ। ਹੱਥ ਪੈਰ ਕੰਬਣ ਲੱਗਦੇ ਹਨ। ਕੁਝ ਵੀ ਨਹੀਂ ਭਾਉਂਦਾ। ਸਾਰੀ ਸਾਰੀ ਰਾਤ ਅੱਖ ਨਹੀਂ ਲੱਗਦੀ ਅਤੇ ਰਹਿ ਰਹਿ ਕੇ ਮੈਨੂੰ ਛੱਤ ਵਿਚ ਟੁੰਗੇ ਅਲਗੋਜਿਆਂ ਦੀ ਉਹ ਪਿਆਰੀ ਹੇਕ ਸੁਣਾਈ ਦਿੰਦੀ ਹੈ, ਜੀਹਦੇ ਨਾਲ ਮੇਰਾ ਰੋਮ ਰੋਮ ਮੁਘਦ ਹੋ ਜਾਂਦਾ ਹੈ। ਜੀਹਦੇ ਕਿਆਸ ਵਿਚ ਮੈਂ ਅਮਲ ਦਾ ਅਗੇਤ ਪਛੇਤ ਤਾਂ ਕੀ, ਦੁਨੀਆਂ ਦੀ ਸਾਰੀ ਖ਼ੁਦਾਈ ਵਿੱਸਰ ਸਕਦਾ ਹਾਂ।

ਬਾਹਰ ਸ਼ਾਇਦ ਦਿਨ ਚੜ੍ਹ ਆਇਆ ਸੀ। ਖੇਸ ਦੀ ਬੁੱਕਲ ਮਾਰੀ ਮੈਂ ਉੱਠ ਖੜ੍ਹਦਾ ਹਾਂ, ਚਾਹੁੰਦਾ ਹਾਂ। ਵਿੰਨੋ ਨੂੰ ਵੀ ਆਪਣਾ ਫ਼ੈਸਲਾ ਦੱਸ ਦੇਵਾਂ ਕਿ ਅੱਜ ਤੋਂ ਬਾਦ ਮੈਂ ਇਹ ਗਲੀਜ਼ ਕਿੱਤਾ ਤਿਆਗ ਦਿੱਤਾ ਹੈ। ਮਲਕੜੇ ਜਹੇ ਬਾਰ ਖੋਲ੍ਹ ਆਖ਼ਰੀ ਵੇਰ ਵੇਹੜੇ ਵਿਚ ਖੜ੍ਹੀ ਰੇਹੜੀ ਵੇਖਦਾ ਹਾਂ ਤੇ ਸੋਚਿਆ ਫ਼ੈਸਲਾ, ਮਨ ਵਿਚ ਦੁਹਰਾਉਂਦਾ ਹਾਂ। 'ਅੱਜ ਪੰਚੈਤ ਆਉਣ ਤੇ ਮੈਂ ਇਹ ਕਿੱਤਾ, ਸਦਾ ਸਦਾ ਲਈ ਤਿਆਗ ਦਿਆਂਗਾ।' ਠਾਰੀ ਨਾਲ ਵੇਹੜੇ ਵਿਚਲੀ ਧਰੇਕ ਤੋਂ ਤਰੇਲ ਮੀਂਹ ਵਾਂਗ ਚੋਂਦੀ ਹੈ। ਸੋਚਦਾ ਹਾਂ, ਹੋਰ ਘੜੀ ਪਲ ਨੂੰ ਪੰਚਾਇਤ ਮੇਰੇ ਦਰੀਂ ਆ ਖੜ੍ਹੇਗੀ ਤੇ ਧੜਾ ਧੜ ਮਰਦੇ ਡੰਗਰਾਂ ਦਾ ਇਲਜ਼ਾਮ ਮੇਰੇ ਸਿਰ ਮੜ੍ਹ ਦੇਵੇਗੀ। ਵਿੰਨੋ ਦੀਆਂ ਤਤੀਆਂ ਠੰਢੀਆਂ ਛਿੱਬੂ ਗਡਰੀਏ ਦੇ ਘਰਾਂ ਤੀਕ ਸੁਣਨਗੀਆਂ ਤੇ ਗੱਲ ਠਾਣੇ ਜਾ ਬੈਠੇਗੀ। ਫੇਰ ਜ਼ਮਾਨਤਾਂ... ਤੇ ਰੁਪੱਈਆਂ ਦੀ ਝੋਕ ਝਕਾਈ। ਕੀ ਪਤਾ ਪਵੇ ਡੰਡਾ-ਸੋਟਾ ਹੀ ਮਿੱਥ ਕੇ ਆਵੇ...।

ਵਿੰਨੋ ਉੱਠ ਖੜੀ ਸੀ। ਉਹਦੀਆਂ ਉਨੀਂਦਰੀਆਂ ਅੱਖਾਂ ਤੋਂ ਲੱਗਾ, ਜਿਵੇਂ ਉਹ ਵੀ ਸਾਰੀ ਰਾਤ ਜਾਗਦੀ ਰਹੀ ਹੋਵੇ। ਸੋਚਦਾ ਹਾਂ ਅੱਜ ਸਭ ਨੂੰ ਹੈਰਾਨ ਕਰ ਦੇਵਾਂਗਾ।...

ਟੁੱਟਵੇਂ ਹੌਂਕਾਂ ਅਤੇ ਤਿੜਕੇ ਜੇਰੇ ਨਾਲ ਮੈਂ ਫਿਰ ਰਜਾਈ ਵਿਚ ਟੇਡਾ ਹੋ ਗਿਆ ਹਾਂ। ਦੇਹ ਬਾਉਂ ਬਾਈਂ ਭੰਨੀ ਪਈ ਹੈ। ਸੋਚਦਾ ਹਾਂ ਕਦੋਂ ਪੰਚਾਇਤ ਮੇਰੇ ਦਰੀਂ ਆਵੇ ਤੇ ਮੈਂ ਸਾਰੇ ਪਿੰਡ ਨੂੰ ਹੈਰਾਨ ਕਰ ਦੇਵਾਂ।

ਇਕਾ-ਇਕ ਜਿਵੇਂ ਬਾਹਰਲੇ ਦਰਾਂ ਵਿਚ ਕਿਸੇ ਹਾਕ ਮਾਰੀ ਹੋਵੇ, ਮੈਨੂੰ ਆਪਦਾ ਸਾਹ ਰੁਕ ਗਿਆ ਜਾਪਿਆ, ਸੋਚਦਾ ਹਾਂ ਬਾਹਰ ਚੌਂਕੇ ਵਿਚ ਬੈਠੀ ਬਿਨੋਂ ਹੁਣੇ ਆਏ ਬੰਦਿਆਂ ਦੇ ਬੱਚੇ ਪਿੱਟਣ ਲੱਗ ਜਾਵੇਗੀ ਅਤੇ ਕੁਝ ਹੋਰ ਵੀ ਵਾਪਰ ਜਾਵੇਗਾ।

ਅਗਲੇ ਹੀ ਪਲ ਬੰਦਿਆਂ ਦੀ ਇਕ ਧਾੜ ਦਰਾਂ ਵਿਚ ਆ ਖੜ੍ਹੀ। ਮੈਂ ਬੁੱਝ ਗਿਆ ਹਾਂ। ਆਏ ਬੰਦਿਆ ਨੂੰ ਚੱਜ ਨਾਲ ਬਹਿਣ ਲਈ ਵੀ ਨਹੀਂ ਕਹਿ ਸੱਕਿਆ। ਬਰਾਦਰੀ ਦੇ ਚੋਣਵੇਂ ਬੰਦੇ ਹਨ। ਲਗਦੈ ਜ਼ਰੂਰ ਕੁਝ ਵਾਪਰਨ ਵਾਲਾ ਹੈ।

"ਤੇਰੇ ਕੋਲ ਆਏ ਆਂ ਭਾਈ।" ਕੇਹਰੂ ਕਿਹਾ ਹੈ।

"………"

ਮੈਂ ਚੁੱਪ ਹਾਂ ਅਤੇ ਖਿੰਡਰੀ ਸੋਤਿਆ 'ਕੱਠੀ ਕਰਨ ਦਾ ਯਤਨ ਕਰਦਾ ਹਾਂ।

ਉਹ ਖੰਘ ਕੇ ਗੱਲ ਸ਼ੁਰੂ ਕਰਦਾ ਹੈ। ਦਰਾਂ ਵਿਚਾਲੇ ਖੜ੍ਹੀ ਬਿਨੋ ਜਿਵੇਂ ਕੁਆਸੇ ਘੁੰਡ ਵਿਚ ਵੀ ਲੋਹ-ਲਾਖੀ ਹੋ ਗਈ ਹੈ।

"ਤੇਰੇ ਕੋਲ ਆਏ ਆਂ ਭਾਈ... ਪਈ ਆਪਣੀ ਧਰਮਸ਼ਾਲਾ ਲਈ ਪੈਸਾ ਆਇਐ ਸਰਕਾਰੋਂ... ਕਹਿੰਦੇ ਕੀਹਨੂੰ ਕਰੀਏ ਮੂਹਰੇ... ਤੈਨੂੰ ਪਤੈ ਪੈਹੇ-ਧੇਲੇ ਦਾ ਕੰਮ ਐ, ਤੇ ਉਤੋਂ ਤੇਰ੍ਹਵਾਂ ਮਹੀਨੈਂ... ਮਸੀਂ ਬੁੱਤਾ ਧੱਕਦੇ ਐ ਸਾਰੇ, ਅਸੀਂ ਕਿਹਾ ਕਿਸੇ ਖਾਂਦੇ ਪੀਂਦੇ ਨੂੰ ਕਰੋ ਅੱਗੇ ਜਿਥੋਂ ਪਰਤ ਵੀ ਆਉਣ।"

"………"

ਸੁਣ ਕੇ ਮੈਂ ਸੁੰਨ ਹੋ ਗਿਆ। ਬਿਨੋਂ ਛੇਤੀ ਨਾਲ ਬਾਹਰ ਚਲੀ ਗਈ। ਮੁੜਦੀ ਦੇ ਹੱਥ ਵਿਚ ਚਾਹ ਦੀਆਂ ਗਲਾਸੀਆਂ ਹਨ। ਪੂਰਨ ਆਖ ਰਿਹੈ... "ਨਾਲੇ ਜਾਰ ਸਰਪੰਚ ਤੇਰੇ ਹੱਥ ਦੇ, ਜੇ ਥੁੜ ਗੇ ਚਾਰ ਪੈਹੇ ਕਹਿ ਕੁਹਾ ਕੇ ਲੁਆ ਤਾਂ ਦੇਵੇਂਗਾ...।"

ਮੈਂ ਪਾਟ ਗਈਆਂ ਅੱਖਾਂ ਨਾਲ ਚੁਫੇਰੇ ਦੇਖਦਾ ਹਾਂ। ਹੈਰਾਨ ਪਰੇਸ਼ਾਨ। ਬਿਨੋਂ ਦਾ ਕੁਆਸਾ ਘੁੰਡ, ਉੱਕਾ ਲਹਿ ਗਿਆ ਹੈ। ਉਹ ਮੁਸਕੜੀਏ ਹੱਸ ਕੇ ਆਖਦੀ ਹੈ "ਲਉ ਜੀ ਅਸੀਂ ਨਾਬਰ ਆਂ ਥੋਡੋਂ, ਨਾਲੇ ਧਰਮ ਦਾ ਕੰਮ ਐ...।"

ਛੱਟਪਟਾ ਕੇ ਮੈਂ ਚੀਕਣਾ ਚਾਹੁੰਦਾ ਹਾਂ, ਅਤੇ ਚਾਹੁੰਦਾ ਹਾਂ, ਉਨ੍ਹਾਂ ਆਏ ਬੰਦਿਆਂ ਨੂੰ ਹੁਣੇ ਇਥੋਂ ਨਿਕਲ ਜਾਣ ਲਈ ਕਹਾਂ।

ਪਰ ਨਹੀਂ... ਮੇਰਾ ਤਾਂ ਇਕ ਇਕ ਬੋਲ ਜਿਵੇਂ ਸੰਘ ਵਿਚ ਹੀ ਮਰ ਮੁੱਕ ਗਿਆ ਹੈ, ਅਤੇ ਮੈਂ ਇਸ ਮੋਏ ਵਜੂਦ ਸਣੇ ਕਿਸੇ ਉਸ ਭਿਆਨਕ ਦਲਦਲ ਵਿਚ ਗਰਕ ਰਿਹਾ ਹਾਂ, ਜਿਥੇ ਆਪਣੀ ਹੀ ਲੋਥ ਆਪਣੇ ਹੀ ਮੋਢਿਆਂ ਤੇ ਚੁੱਕੀ ਲੋਕ, ਟਾਹ ਟਾਹ ਹੱਸਦੇ ਹਨ।...

•



## ਤੱਕਲੇ ਦਾ ਦਾਗ਼

ਕਾਮਰੇਡ ਦੇ ਉਜਾੜ ਪਏ ਖੋਖੇ ਵਿਚੋਂ ਉਠ ਜਦੋਂ ਉਹ ਅੱਖਾਂ ਵਿਚ ਨੀਂਦਰ ਦਾ ਬੋਝ ਲਈ ਸ਼ੈੱਡ ਥੱਲੇ ਆਇਆ ਤਾਂ ਉਹਦਾ ਅੰਗ ਅੰਗ ਟੁੱਟ ਰਿਹਾ ਸੀ।

ਉਬਾਸੀ ਲੈਂਦਿਆਂ ਉਸ ਜੇਲ੍ਹਾਂ ਨੰਬਰ ਪਲੇਟ ਫ਼ਾਰਮ ਤੇ ਨਿਗਾਹ ਮਾਰੀ, ਕਰਤਾਰ ਵਾਲਿਆਂ ਦਾ ਆਖ਼ਰੀ ਟਾਈਮ ਨਿਕਲ ਚੁੱਕਾ ਸੀ ਅਤੇ ਲਿਬੜੇ ਵਾਲਿਆਂ ਦੀ ਛੋਟੀ ਪਚਾਨਵੇਂ ਆਪਣੇ ਆਖ਼ਰੀ ਗੇੜੇ ਲਈ ਖੜ੍ਹੀ ਸੀ। ਕਈਆਂ ਦਿਨਾਂ ਤੋਂ ਮੈਲੀ ਪੱਗ ਉਸ ਸਿਰ ਉੱਤੇ ਘੁੱਟ ਲਈ। ਉਦਾਸ ਅਤੇ ਢਿਲਕਵੀਂ ਤੋਰੇ ਟਿਕਟ ਘਰ ਵੱਲ ਆਉਂਦਿਆਂ ਅਤੇ ਜਰਦੇ ਦੀ ਨਵੀਂ ਚੁਟਕੀ ਫੱਕਦਿਆਂ, ਉਸ ਔਸੀ ਅਠਾਈ ਵਾਲੇ ਨਾਜਰ ਬਾਰੇ ਸੋਚਿਆ ਜੇਹੜਾ ਅੱਡਾ ਇਨਚਾਰਜ ਦੀ ਨਿੱਕੀ ਜੇਹੀ ਰਿਹਾੜ ਬਦਲੇ ਅੱਜ ਕਿਸੇ ਦੁਰੇਡੇ ਰੂਟ ਉੱਤੇ ਧੱਕ ਦਿੱਤਾ ਗਿਆ ਸੀ।

ਉਸ ਪਤਲੀ ਥੁੱਕ ਦੰਦਾਂ ਦੀ ਵਿਰਲ ਵਿਚੋਂ ਪਚਕਾਰੀ ਵਾਂਗ ਬਾਹਰ ਸਿੱਟਦਿਆਂ, ਦੂਰ ਅੱਡੇ ਵਿਚ ਨਿਗਾਹ ਮਾਰੀ, ਸ਼ਰਮਾ ਦੀ ਸਟਾਲ ਉਹਨੂੰ ਸੁੰਞਾ ਪਿਆ ਜਾਪਿਆ। ਜਿਥੇ ਹਮੇਸ਼ਾਂ ਝੁਰਮਟ ਜੁੜਿਆ ਰਹਿੰਦਾ, ਡਰਾਈਵਰਾਂ ਦੇ ਕਹਿਕਹੇ ਉੱਠਦੇ... ਇਕੋ ਸਮੇਂ ਇਸ ਖਤਰਿਆਂ ਭਰੇ ਕਿੱਤੇ ਨੂੰ ਭੰਡਿਆ ਵੀ ਜਾਂਦਾ, ਸਲਾਹਿਆ ਵੀ ਜਾਂਦਾ। ਆਂਡੇ, ਪਰੌਂਠੇ ਅਤੇ ਸੜਦੇ ਥਿੰਦੇ ਦੀ ਚਾਹ ਰਲੀ ਮਹਿਕ ਵਿਚ ਅਰਥੋਂ ਸੱਖਣੀਆਂ ਬਹਿਸਾਂ ਹੁੰਦੀਆਂ। ਸਾਹਮਣੀ ਟੀਨਾਂ ਦੀ ਬਣੀ ਕੰਧ ਉੱਪਰ ਲਗੇ ਸ਼ੀਸ਼ੇ ਸਾਂਹਵੇਂ ਪੇਚ ਪੇਚ ਪੱਗਾਂ ਬੱਝਦੀਆਂ। ਕੰਡਕਟਰਾਂ ਦਾ 'ਵਾਧਾ ਘਾਟਾ' ਕਦੇ ਵਰੋਲੇ ਵਾਂਗ ਉੱਡਦਾ, ਕਦੇ ਬਿੰਦੀ ਵਹੀ ਵਿਚ ਬੇ-ਤਰਤੀਬੇ ਅੱਖਰਾਂ ਨਾਲ ਭਰੀਟ ਦਿੱਤਾ ਜਾਂਦਾ.....।

ਉਸ ਚਾਹ ਦੀ ਪਿਆਲੀ ਸੁੜਕ ਲੈਣੀ ਚਾਹੀ, ਪਰ ਰਤਨੇ ਹਾਕਰ ਦੀ ਹੇਕ "ਓ.... ਚਲ ਬਈ ਦੇਵੀਗੜ੍ਹ, ਰਹੁੜ ਘੜਾਮ ਨੈਣਾਂ ਕੋਤ ਬਈ ਓ.... ਏ....ਏ....।" ਸੁਣਦਿਆਂ ਉਸ ਨੀਂਦਰ ਨਾਲ ਭਾਰਾ ਸਿਰ ਝਟਕਿਆ। ਸੜਕੋਂ ਪਾਰ ਅਹੂਜਾ ਹੋਟਲ ਵਾਲਿਆਂ ਦੇ ਗੂੰਜਦੇ ਰੇਡੀਓ ਉੱਤੇ ਕਿਸੇ ਧੁਹਵੇਂ ਗੀਤ ਦੇ ਟੁਟਕਵੇਂ ਬੋਲ ਸੁਣੇ। ਪੋਲਰ ਅਤੇ ਕੁਲੀਆਂ ਨੂੰ ਹਰ ਨਵੀਂ ਆਉਣ ਵਾਲੀ ਸੁਆਰੀ ਮਗਰ ਦੌੜਦਿਆਂ ਤੱਕ, ਉਹਦਾ ਮਨ ਕਰੀਚ ਨਾਲ ਭਰ ਗਿਆ। "ਸਾਲੇ ਲੀਚੜ.... ਉਂਈ ਮੰਗ ਲੌ ਅਗਲੇ ਤੋਂ......!"

ਕਲੀਆਂ ਵਾਲੇ ਕੁੜਤੇ ਦੀਆਂ ਛੁੰਗੀਆਂ ਬਾਂਹੀ ਹੋਰ ਛੁੰਗਦਾ ਉਹ ਰੋਹ ਵਿਚ ਆ ਗਿਆ। ਆਪਣੀ ਮਟਕੀਲੀ ਜਹੀ ਤੋਰ ਨਾਲ ਉਹ ਜੱਸੂ ਬੁੱਕ ਸਟਾਲ ਕੋਲੋਂ ਲੰਘ

ਹੀ ਰਿਹਾ ਸੀ ਜਾਂ ਖੋਖਿਆਂ ਦੀ ਓਟ ਵਿਚ ਪੈਂਟ ਦਾ ਬੈਚ ਬੰਦ ਕਰਦੇ, ਜਾਗਰ ਫੌਜੀ ਉਹਨੂੰ ਹਾਕ ਮਾਰ ਲਈ।

"ਕਿਮੇ ਐ ਮੱਲਾ.... ਛੁਟੇ ਜੇ ਘਾਨੇ....?"

"ਨਾ.... ਬੱਸ ਉਈਂ ਦੋ ਬੀਹ ਦੇ ਟੈਮ ਮਗਰੋਂ ਅੱਖ ਜੀ ਲੱਗ ਗੀ ਸਾਲੀ।"

"ਕੀ ਗੱਲ ਸੁੱਕੇ ਫਿਰਦੈਂ....?"

"ਨਾ ਐਂ ਤਾਂ ਅੱਕ ਦੇ ਟੁਸੇ ਅਰਗੇ ਆਂ....!"

"ਬੁੱਲੇ ਲੁਟਦੈਂ... ਮੱਲਾ... ਆਪਾਂ ਤਾਂ ਬੱਸ ਭੌਣ ਈ ਭੌਕਦੇ ਆਂ।"

ਆਪਦੇ ਖੁੱਲ੍ਹੇ ਸੁਭਾ 'ਚੋਂ ਫੌਜੀ, ਬੇ-ਅਰਥਾ ਹੀ ਮੱਲ ਨੂੰ ਵਡਿਆਉਂਦਾ ਸੋਤੇ ਦਲਾਲ ਨਾਲ ਗੱਲੀਂ ਜਾ ਲੱਗਾ।

ਬੜਾ ਹੀ ਉਦਾਸ ਹਾਸਾ ਹੱਸਦਾ ਮੱਲ, ਆਪਦਾ ਮੈਲਾ ਕੁੜਤਾ ਪਜਾਮਾਂ, ਥਿਦੋ ਅਤੇ ਮੈਲੀ ਪੱਗ ਥੱਲੇ ਜਟੂਰੀਆਂ ਹੋਏ ਵਾਲਾਂ ਤੋਂ ਬਿਨਾਂ ਉਸ ਸਭ ਕਾਸੇ ਦੀ ਅਚਵੀ, ਜੋ ਓਹਦੀ ਜ਼ਿੰਦਗੀ ਵਿਚ ਡਾਢਾ ਹੀ ਰੁੱਖਾ ਅਤੇ ਘਿਨਾਉਣਾ ਸੀ, ਕਿਆਸ ਗਿਆ। ਪਤਾ ਨਹੀਂ ਕਿਉਂ ਉਹ ਹਮੇਸ਼ਾਂ ਕਿਸੇ ਦੂਜੇ ਦੇ ਮੂੰਹੋਂ ਆਪਦੀ ਉਸਤਤ ਸੁਣ ਕੇ ਉਦਾਸ ਹੋ ਜਾਂਦਾ।

ਫ਼ੌਜੀ ਤੋਂ ਵਿਛੜ ਉਹ ਨਾਨਕ ਰੈਣ ਬਸੇਰੇ ਨੂੰ ਹੋ ਤੁਰਿਆ ਜੀਹਦੀ ਮਿਆਨੀ ਵਿਚ ਉਹਦਾ ਬਿਸਤਰ-ਬੰਨ੍ਹ ਪਿਆ ਸੀ। ਮਿਆਨੀ ਦੀ ਹੀ ਨੁੱਕਰੇ ਕੋਈ ਲੀੜਾ ਲੱਤਾ ਜਾਂ ਉਹ ਸਹਿਕਦੀਆਂ ਯਾਦਾਂ ਸਨ, ਜਿਨ੍ਹਾਂ ਦਾ ਛਿੰਨ-ਭੰਗਰਾ ਕਿਆਸ ਹੀ ਉਹਨੂੰ ਪੱਛ ਜਾਂਦਾ। ਉਹ ਪਟਰੌਲ ਪੰਪ ਦੀ ਨੁੱਕਰ ਚੜ੍ਹ ਹੀ ਰਿਹਾ ਸੀ ਜਾਂ ਗਿੰਦਰ ਰੋੜਵੇਜੀਏ ਉਹਨੂੰ ਹਾਕ ਮਾਰੀ।

"ਕਿਧਰ ਵਈ ਮੱਲਾ.....?"

"ਬੱਸ ਉਂਈ ਜਾਰ ਦੇਸੀ ਦੀ ਛਿੱਟ ਨੇਂ ਮੌਧੇ ਜੇ ਪਏ ਆਂ।"

"ਪਤੰਦਰਾ ਤਪਹਿਰੇ ਈ?....."

"ਓਏ ਕਾਹਨੂੰ, ਉਹ ਸਾਲਾ ਵੀਹ ਤਰਿਆਸੀ ਆਲਾ ਸੁਰਜੀਤ ਲਈ ਫਿਰਦਾ ਸੀ ਤੁਪਕਾ ਕੁ....।"

"ਕਰਮਾਂ ਆਲੋਂ ਭਾਈ..." ਉਸ ਹਉਕਾ ਲਿਆ "ਐਥੇ ਤਾਂ ਭੌਣ ਦੇਣ ਦੀ ਕੰਨ 'ਚ ਫੰਬਾ ਰੱਖਣ ਨੂੰ ਨੀ.....।"

ਮੱਲ ਉੱਖੜ ਕੇ ਆਪਣੇ ਕਰਮਾਂ ਬਾਰੇ ਸੋਚਣ ਲੱਗ ਪਿਆ। ਕਰਮ! ਜਿਨ੍ਹਾਂ ਬਾਰੇ ਉਹਨੂੰ ਕਦੇ ਵੀ ਪੂਰੀ ਸਮਝ ਨਹੀਂ ਸੀ ਪਈ। ਜੀਹਨਾਂ ਖ਼ਬਰੇ ਕੇਹੜੇ ਕੇਹੜੇ ਥਾਂ ਦੀ ਮਿੱਟੀ ਛਾਨਣ ਨੂੰ ਦਿਤੀ ਸੀ। ਥਿੜਕੇ ਪੈਰੀਂ ਰੈਣ-ਬਸੇਰੇ ਨੂੰ ਜਾਂਦਿਆਂ ਉਸ ਬੜਾ ਤਲਖ਼ ਹਉਕਾ ਲਿਆ। ਉਹਦਾ ਰੱਬ ਨੂੰ ਕੋਈ ਭਰਵੀਂ ਗਾਲ੍ਹ ਦੇਣ ਨੂੰ ਚਿੱਤ ਕੀਤਾ। ਸੜਕ ਪਾਰ ਕਰਨ ਤੋਂ ਅਗੇਤਰੇ ਉਹਨੂੰ ਸ਼ੇਰੇ-ਪੰਜਾਬ ਢਾਬੇ ਉਤੇ ਰਿੱਝਦੇ ਮੀਟ ਦੀ ਪਿਆਰੀ ਜਹੀ ਵਾਸ਼ਨਾ



ਨੱਕ-ਜਲੂਣਾਂ ਛੇੜ ਗਈ। ਸੁਖਾਵੇਂ ਮਨ ਨਾਲ ਉਹ ਪਲ ਦਾ ਪਲ ਪਰਸੋਂ ਦੀ ਉਸ ਰੰਗਲੀ ਰਾਤ ਬਾਰੇ ਸੋਚਣ ਲੱਗ ਪਿਆ, ਜੇਹੜੀ ਉਸ ਕਿਸੇ ਮੁੱਲ ਦੀ ਤੀਵੀਂ ਨਾਲ ਗੁਜ਼ਾਰੀ ਸੀ। ਪੱਕਦੇ ਮਾਸ ਦੀ ਨਸ਼ਿਆਈ ਮਹਿਕ ਵਿਚ ਉਹਦੀਆਂ ਤੜਪਦੀਆਂ ਸੋਚਾਂ ਸ਼ਾਇਦ ਉਂਕਾ ਹੀ ਉਂਘ ਜਾਂਦੀਆਂ ਜਾਂ ਉਸ ਆਪਦੀ ਪਿੱਠ ਪਿਛੇ ਨੰਜੇ ਦੇ ਚਾਬਕ ਵਰਗੇ ਬੋਲ ਸੁਣੇ....!

"ਉਹਨੂੰ ਲਾ ਚੱਲ ਕੇ ਸਹੁਰੀ ਨੂੰ .......ਟੈਮ ਤਾਂ ਦੇਖ ਉਤੋਂ, ਪੰਜ ਪੱਚੀ ਹੋਣ ਡਹੇਓ ਆ...."

ਥਿੜਕੇ ਪੈਰੀਂ ਪਰਤ, ਉਸ ਗੱਡੀ ਰਤਨੋਂ ਹਾਕਰ ਕੋਲ ਲਿਆ ਲਾਈ। ਦੰਦਾਂ ਦੀ ਵਿਰਲ ਵਿਚੋਂ ਪਤਲੀ ਥੁੱਕ ਦੀ ਪਚਕਾਰੀ ਮਾਰਦਿਆਂ, ਉਸ ਰਤਨੋਂ ਹਾਕਰ ਨੂੰ ਹਾਕਾਂ ਮਾਰ ਮਾਰ ਗੱਡੀ ਪੂਰ ਕਰ ਦੇਣ ਦੀ ਅੱਖ ਮਾਰੀ ਤਾਂ ਕੋਰਾਂ ਫਿਰ ਉਹਦਾ ਚਾਹ ਅਤੇ ਉਸ ਰੰਗਲੀ ਰਾਤ ਬਾਰੇ ਜੀ ਕਰ ਆਇਆ, ਪਰ ਸ਼ਰਮਾ ਟੀ-ਸਟਾਲ ਉਤੇ ਜਦੋਂ ਉਹ ਚਾਹ ਦੀ ਥਾਂ ਪਾਇਆ ਦਹੀਂ ਦੀ ਲੱਸੀ ਲਿਖਵਾ ਕੇ ਪਰਤਿਆ, ਤਾਂ ਉਹਦੀ ਜਾਚੇ ਤੁਰਨ ਵਿਚ ਗਿਣਵੇਂ ਹੀ ਪਲ ਸਨ।

ਛੋਹਲੀ ਨਾਲ ਆਪਣੀ ਸੀਟ ਤੇ ਬੈਠਦਿਆਂ ਉਸ ਵਿਸਲ ਦਿੱਤੀ ਤਾਂ ਉਹ ਇਹ ਗੱਲ ਮੂਲੋਂ ਹੀ ਵਿੱਸਰ ਗਿਆ ਕੇ ਤਾਕੀ ਉੱਪਰ ਤਾਂ 'ਵਾਹਿਗੁਰੂ ਬੋਲ ਫਿਰ ਤਾਕੀ ਖੋਹਲ' ਲਿਖਿਆ ਹੋਇਆ ਸੀ। ਇਕ ਤਿਲਕਦੀ ਨਜ਼ਰ ਉਸ ਸੁਆਰੀਆਂ 'ਤੇ ਮਾਰੀ। ਫਿਰ ਉਸ ਸਿਰ ਉੱਤੇ ਲੱਗੇ ਸ਼ੀਸ਼ੇ ਦੀ ਕਾਤਰ ਵਿਚ ਆਪਣੀ ਕੰਡਿਆਲੀ ਦਾਹੜੀ ਪਲੋਸੀ ਅਤੇ ਨਿੰਦਰਾਈਆਂ ਅੱਖਾਂ ਮਲੀਆਂ। ਰਤਨੋਂ ਹਾਕਰ ਦੀ ਲੰਮੀ ਹੇਕ ਸੁਣਦਿਆਂ ਉਸ ਆਪਣੀ ਗਿੱਚੀ ਤੇ ਪੋਦੀ ਵਾਲਾਂ ਦੀ ਰੁੱਖੀ ਲਿੱਟ ਮੈਲੀ ਆਕੜੀ ਪੱਗ ਦੇ ਪੇਚ ਥੱਲੇ ਘੁੱਟੀ, ਉਹ ਜਰਦੇ ਦੀ ਨਵੀਂ ਚੁਟਕੀ ਫੱਕ ਹੀ ਲੈਣੀ ਚਾਹੁੰਦਾ ਸੀ ਜਾਂ ਕੋਈ ਅਲੂਆਂ ਜਿਹਾ ਮੁੰਡਾ, ਸੰਤਰਿਆਂ ਦਾ ਛਾਬਾ ਲਈ ਪਿਛਲੀ ਤਾਕੀ ਵਿਚੋਂ ਚੜ੍ਹਿਆ।

"ਐ.... ਪੰਜ ਲਾ ਤੇ ਬਈ...."

ਮੱਲ ਜਿਵੇਂ ਮੱਚ ਉੱਠਿਆ। ਉਹਨੂੰ ਲੱਗਾ ਜਿਵੇਂ ਉਹਦਾ ਆਪਣਾ ਬਚਪਨ ਹੀ ਸੰਤਰੇ ਵੇਚ ਰਿਹਾ ਹੋਵੇ।

"ਉੱਤਰ ਓਏ ਭੌਣ ਦਿਆ ਸਤਗੁਰਾ...." ਗੁੱਸੇ ਨਾਲ ਉਹਦੀ ਜੀਭ ਥੱਲੇ ਜਰਦੇ ਦੀ ਪਤਲੀ ਥੁੱਕ ਕੱਠੀ ਹੋ ਗਈ। ਮੁੰਡਾ ਸਹਿਮ ਕੇ ਥੱਲੇ ਉੱਤਰ ਗਿਆ। ਫਿਰ ਉਸ ਸਟੇਅਰਿੰਗ ਤੇ ਭਾਰ ਪਾਉਂਦੇ ਭਰਵੀਂ ਉਬਾਸੀ ਲਈ ਅਤੇ ਸਾਂਈਂ ਬਾਬੇ ਦੀ ਜਨਾਨੜੀ ਜਹੀ ਤਸਵੀਰ, ਨਿਮਸ਼ਕਾਰ ਦੀ ਭਾਵਨਾ ਨਾਲ ਝਾਕੀ; ਜੀਹਦੇ ਉਦਾਲੇ ਕਾਗਤੀ ਫੁੱਲਾਂ ਦਾ ਮਟਿਆਲਾ ਜਿਹਾ ਹਾਰ ਹਵਾ ਦੇ ਨਿੱਕੇ ਜਹੇ ਬੁੱਕੇ ਨਾਲ ਕੰਬ ਕੰਬ ਜਾਂਦਾ ਸੀ।

ਉੱਪਰ ਰਖਣਿਆਂ ਵੱਲ ਉਸ ਉੱਕਾ ਧਿਆਨ ਨਾ ਦਿੱਤਾ, ਜਿਥੇ ਉਹਦੇ ਤੇਲ ਕੰਘੇ ਤੋਂ ਬਿਨਾਂ ਕਿਸੇ ਚਾਲੂ ਤੀਵੀਂ ਲਈ ਉਹ ਉਚੇਚਾ ਸੂਟ ਵੀ ਪਿਆ ਸੀ ਜੀਹਦੀ

ਹਰ ਸੁਨਹਿਰੀ ਬੂਟੀ ਨਾਲ, ਉਹਦੀ ਐਦਕੀਂ ਦੀ ਤਨਖ਼ਾਹ ਟੋਟੇ ਟੋਟੇ ਹੋ ਗਈ ਸੀ।

ਉਹਦੀਆਂ ਨਿੰਦਰਾਈਆਂ ਅੱਖਾਂ ਵਿਚ ਨੀਂਦ ਅਤੇ ਦਾਰੂ ਦੀ ਤਿੱਖੀ ਤਲਬ ਨਾ ਹੁੰਦੀ ਤਾਂ ਉਹ ਸਾਹਮਣੇ ਲਿਖੇ ਸ਼ਿਅਰ ਨੂੰ ਸੁਭਾਵਕ ਹੀ ਮਨ ਵਿਚ ਦੁਹਰਾਉਂਦਾ, ਇਹ ਵੱਖਰੀ ਗੱਲ ਸੀ ਕੇ ਉਹ ਪੜ੍ਹਨਾ ਨਹੀਂ ਸੀ ਜਾਣਦਾ ਅਤੇ ਸ਼ਿਅਰ ਉਸ ਉਚੇਚਾ ਫਰਿਆਦੀ ਪੇਂਟਰ ਤੋਂ ਲਿਖਵਾਇਆ ਸੀ। ਪਰ ਇਹ ਉਹ ਪੱਕੀ ਤਰ੍ਹਾਂ ਜਾਣਦਾ ਸੀ ਕੇ "ਵਖ਼ਤ ਪੈਣ ਤੇ ਬਣ ਜਾਂਦੇ ਹਨ ਸਾਰੇ ਯਾਰ ਮਾਂ ਦੇ ਯਾਰ" ਪੜ੍ਹਦਿਆਂ ਸੁਆਰੀਆਂ ਹੌਸਟ ਦੀ ਥਾਂ ਸੋਚੀਂ ਪੈ ਜਾਂਦੀਆਂ ਸਨ। ਸੀਟ ਤੋਂ ਥੱਲੇ ਉੱਤਰਦਿਆਂ ਉਸ ਇਕ ਤਿਲਕਵੀਂ ਨਜ਼ਰ ਬੱਸ ਵਿਚ ਬੈਠੀਆਂ ਸੁਆਰੀਆਂ ਉੱਤੇ ਮਾਰੀ ਤਾਂ ਉਹਦੀ ਨਜ਼ਰ ਇੱਕ ਥਾਏਂ ਅਟਕ ਕੇ ਰਹਿ ਗਈ। ਅੱਖਾਂ ਤੇ ਯਕੀਨ ਹੀ ਨਾ ਆਇਆ। ਉਹਨੂੰ ਲੱਗਾ, ਉਹ ਤਾਕੀ ਵਿਚੋਂ ਡਿੱਗ ਹੀ ਪੈਣ ਲੱਗਾ ਸੀ।........

ਵਿਚਕਾਰਲੀਆਂ ਸੀਟਾਂ ਤੇ ਬੈਠੀ ਕੁੜੀ, ਉਸ ਫਿਰ ਹੈਰਾਨੀ ਨਾਲ ਝਾਕੀ; ਜ਼ਿਹਨ ਵਿਚ ਸੋਚਾਂ ਹਨੇਰੀ ਵਾਂਗ ਉੱਠ ਖੜ੍ਹੀਆਂ। ਉਹ ਸਹਿਮ ਕੇ ਪਰ੍ਹੇ ਬੈਂਚ 'ਤੇ ਜਾ ਬੈਠਾ। ਤਿੱਖੀ ਪੀੜ ਉਹਦੇ ਮੱਥੇ ਵਿਚੋਂ ਹੁੰਦੀ ਸਾਰੀ ਦੇਹ ਨੂੰ ਝੂਠਾ ਜਿਹਾ ਕਰ ਗਈ। ਉਹ ਸਭ ਕੁਝ, ਜੋ ਉਹਦੀ ਜ਼ਿੰਦਗੀ ਵਿਚ ਡਾਢਾ ਹੀ ਰੁੱਖਾ ਅਤੇ ਹਮੇਸ਼ਾਂ ਚੇਤੇ ਆਉਣ ਵਾਲਾ ਸੀ। ਫਿਰ ਉਹਦੀ ਸੋਚ ਵਿਚ ਕੰਬ ਗਿਆ।....

ਉਸ ਸੀਟ ਤੇ ਬੈਠੀ ਕੁੜੀ ਬਾਰੇ ਗਹੁ ਨਾਲ ਸੋਚਿਆ.......ਫਿਰ ਉਹਦੇ ਪਿਉ ਬਾਰੇ, ਫਿਰ ਆਪਣੀ ਭੈਣ ਬਾਰੇ..... ਤੇ ਉਸ ਹਨੇਰੀ ਰਾਤ ਬਾਰੇ, ਜਦੋਂ ਉਹਦੇ ਲਈ ਜ਼ਿੰਦਗੀ ਦੇ ਅਰਥ ਹੀ ਮੁੱਕ ਗਏ ਸਨ।.....

.... ਜਦੋਂ ਪਿੜਾਂ ਵਿਚੋਂ ਅਚਾਨਕ ਹੀ ਉਹ ਪਿੰਡ ਵੱਲ ਨੂੰ ਨੱਠ ਤੁਰਿਆ ਸੀ। ਉਹਨੂੰ ਘਰੋਂ ਗਿਆਂ ਤੀਜੀ ਰਾਤ ਸੀ.... ਖੇਤਾਂ ਦੇ ਖੇਤ ਫਰਾਹਟਾ ਕਣਕ ਦੇ ਦਰੜੀ ਜਾ ਰਿਹਾ ਸੀ, ਪਰ ਕਣਕ ਸੀ ਕਿ ਪੰਜਵੀਂ ਛੇਵੀਂ ਰਾਤ ਕਾਮਿਆਂ ਦੀਆਂ ਅੱਖਾਂ ਵਿਚ ਰੜਕਣ ਲੱਗ ਪਈ ਸੀ। ਰੋੜਾਂ ਵਾਂਗ.... ਤੇ ਉਹ ਦੂਰ ਖੇਤ ਵਿਚੋਂ ਭਰੀ ਚੁੱਕਣ ਗਿਆ ਘਰ ਨੂੰ ਹੀ ਹੋ ਤੁਰਿਆ ਸੀ। ਉਹਨੇ ਨਾਲ ਦੇ ਸੀਰੀਆਂ ਨੂੰ ਵੀ ਰਾਤ ਦੀ ਰਾਤ ਅੱਖ ਲਾ ਲੈਣ ਬਾਰੇ ਜ਼ੋਰ ਦਿੱਤਾ ਸੀ ਪਰ ਚਾਹੁਣ ਤੇ ਵੀ ਕਿਸੇ ਦਾ ਜੇਰਾ ਨਹੀਂ ਸੀ ਪਿਆ। ਪਿਛਲੀ ਵੇਰੀਂ ਵੀ ਇੰਜ ਕਾਮੇ ਸਿਰ ਫੇਰ ਗਏ ਸਨ। ਤਦ ਜ਼ੈਲਦਾਰ ਨੇ ਚੁੱਪ ਕੀਤਿਆਂ ਹੀ ਉਨ੍ਹਾਂ ਦੇ ਖਾਤੇ ਵਿਚ ਦਿਨ ਰਾਤ ਦੇ ਦੋ ਦੋ ਪੀਪੇ ਦਾਣੇ ਝਰੀਟ ਦਿਤੇ ਸਨ ਅਤੇ ਬਿੱਲਾ ਮਜ਼ਬੀ, ਜੀਹਨੂੰ ਨੀਂਦਰ ਏਨੀਂ ਮਹਿੰਗੀ ਪਈ ਸੀ ਕੇ ਹਾਲੀ ਵੀ ਉਹਦੀ ਫੜੀ ਗਈ ਦਾਰੂ ਦੀਆਂ ਤਰੀਕਾਂ ਨਹੀਂ ਸਨ ਮੁੱਕੀਆਂ। ਦੂਜੇ ਸੀਰੀ ਤਾਂ ਉਸਨੂੰ ਵੀ ਇਸ ਬੇ-ਹੂਦਗੀ ਤੋਂ ਹਟਕ ਰਹੇ ਸਨ। 'ਜਦ ਭਾਈ ਕਿਸਮਤ ਵਿਚ ਈ ਐਂ ਲਿਖਿਐ' ਉਹ ਹਉਕਾ ਲੈ ਕੇ ਕਹਿੰਦੇ ਤੇ ਚੁੱਪ ਚਾਪ ਮਨ ਦੇ ਉਸ ਹਨੇਰੇ ਵਿਚ ਝਾਕੀ ਜਾਂਦੇ, ਜਿਥੇ ਚਾਨਣ ਦੀ ਨਿੱਕੀ ਜਹੀ ਕਾਤਰ ਵੀ ਉਨ੍ਹਾਂ ਨੂੰ ਸੁਫਨੇ ਵਾਂਗ



ਜਾਪਦੀ, ਪਰ ਮੱਲ ਸੀ ਕਿ ਤੜਪ ਹੀ ਉੱਠਿਆ ਸੀ।

"ਸਾਲਿਉ ਕੈਦੀ ਓ ਤੁਸੀਂ?" ਉਸ ਨਾਲ ਦੇ ਸੀਰੀਆਂ ਨੂੰ ਤੜਪ ਕੇ ਕਿਹਾ ਸੀ। ਪਿੰਡ ਵਿਚ ਕਿੰਨੇ ਹੀ ਮੁੰਡੇ ਸਨ ਜਿਨ੍ਹਾਂ ਨੀਂਦਰ ਵਿਚ ਬਾਹਾਂ ਨੂੰ ਬੰਜ ਲੁਆ ਲਈ ਸੀ। ਪਿਛੋਂ ਕਿਸੇ ਦਾਰੂ-ਦਰਮਲ ਦੀ ਵੀ ਵੱਟੀ ਨਹੀਂ ਸੀ ਵਾਹੀ, ਫਿਰ ਉਸ ਲੱਲ੍ਹਕਰਾ ਵੀ ਮਾਰਿਆ ਸੀ। "ਸਾਲਿਉ ਇਕ ਮੁੱਠ ਹੋ ਜਾਉ ਤਾਂ...ਜੇ ਹਾਲੇ ਵੀ ਨੀ ਸਿਰ ਚੱਕਣਾਂ ਫੇ...।' ਅਗੋਂ ਉਹਨੂੰ ਕੋਈ ਬੋਲ ਨਹੀਂ ਸੀ ਅਹੁੜਿਆ। ਨਾਲ ਦੇ ਸੀਰੀ ਸਹਿਮ ਤਾਂ ਗਏ ਸਨ ਪਰ ਉਹਨਾਂ ਨੂੰ ਇਹ ਘੜੀ ਦੀ ਘੜੀ ਲਈ ਨੀਂਦਰ ਬੜੀ ਮਹਿੰਗੀ ਜਾਪਦੀ ਸੀ।

"ਭਾਈ ਤੈਨੂੰ ਤਾਂ ਸੁੱਖੇ ਕਾਮਰੇਡ ਦੀ ਚੱਕ ਐ...।" ਉਹਨਾਂ ਰਲਵਾਂ ਕਿਹਾ ਸੀ। "ਫੇਰ ਤੇਰੇ ਜੁਆਕ ਨੀ ਜੰਮਣਾ ਨੀਂ, ਕੰਮਨਿਸ਼ਟ ਤਾਂ ਕਹਿੰਦੇ ਦਾਣੇ ਨਾ ਕੁੱਟ ਲੈਣ ਸਾਲੇ ਚਾਰ....।"

ਉਹਨੂੰ ਸੱਚਮੁੱਚ ਸੁੱਖੇ ਕਾਮਰੇਡ ਦੀਆਂ ਚੇਤੇ ਆਈਆਂ ਸਨ। ਉਹ ਮਨ ਹੀ ਮਨ ਕਰਿੱਝਦਾ ਰਿਹਾ ਸੀ। ਲੱਕ-ਤੋੜਵੀਆਂ ਭਰੀਆਂ ਥੱਲੇ ਊਂਘਦਾ ਰਿਹਾ ਸੀ। ਹਨੇਰੀ ਰਾਤ ਵਿਚ ਪੇਹਲੀ ਅਤੇ ਕਣਕ ਦੇ ਤਿੱਖੇ ਕਰਚੇ ਉਹਨੂੰ ਪਿੰਨੀਆਂ ਤੱਕ ਵਿੰਨ੍ਹਦੇ ਰਹੇ ਸਨ। ਉਹਦਾ ਦਿਲ ਕੀਤਾ ਸੀ ਉਹ ਫਰਾਹਟੇ ਵਿਚ ਆਪਣੀ ਬਾਂਹ ਹੀ ਜਾ ਦੇਵੇ ਅਤੇ ਕੰਮ ਬੰਦ ਕਰ ਦੇਵੇ...। ਆਖ਼ਰ ਕਾਹਦੀ ਜੂਨ ਸੀ। ਕਈ ਦਿਨ, ਕਈ ਰਾਤਾਂ.... ਪਰ ਕਈ ਰਾਤਾਂ ਹੀ ਕਿਉਂ? ਸੁੱਖਾ ਕਾਮਰੇਡ ਤਾਂ ਇਹਨਾਂ ਨੂੰ ਕਈ ਸਦੀਆਂ ਦਾ ਨਾਉਂ ਦਿੰਦਾ ਸੀ। ਕਣਕ ਦੀ ਖੱਟੀ ਧੂੜ....ਨੀਂਦਰ.... ਅਤੇ ਅੰਗ ਅੰਗ ਵਿੱਚ ਚੀਰਵੀਂ ਪੀੜ ਲਈ, ਉਹਨੇ ਨਾਲ ਦੇ ਸੀਰੀਆਂ ਨੂੰ ਮੋਢਿਉਂ ਫੜ ਕੇ ਵੀ ਹਲੂਣਿਆ ਸੀ।

"ਕੰਜਰੋ ਕਿਉਂ ਮੋਕ ਮਾਰਦੇ ਓ....ਖਬਨੀ ਕੇ ਪੀੜ੍ਹੀਆਂ ਹੋ ਗਈਆਂ ਸਾਡੇ ਬੋਲ ਮਰਿਆਂ ਨੂੰ, ਹੁਣ ਤਾਂ ਉੱਠ ਖੜ੍ਹੋ...।" ਪਰ ਉਹਦੇ ਗਰਜਵੇਂ ਬੋਲ ਫਰ੍ਹਾਟੇ ਦੇ ਸ਼ੋਰ ਵਿਚ ਹੀ ਟੁੱਟ ਗਏ ਸਨ। ਉਹ ਠੋਕਰ ਠੋਕਰ ਹੋਇਆ ਦੂਰ.....ਘਸਮੈਲੀ ਜਹੀ ਰਾਤ ਵਿਚ ਭਰੀਆਂ ਦੀਆਂ ਲੰਮੀਆਂ ਕਤਾਰਾਂ ਨੂੰ ਘੂਰਦਾ ਤੁਰਿਆ ਹੀ ਗਿਆ ਸੀ।...

ਜਿਵੇਂ ਵਿੱਸਰ ਹੀ ਗਿਆ ਸੀ ਕੇ ਜ਼ੈਲਦਾਰ ਨੇ ਤਾਂ ਇੰਜ ਕਦੇ ਵੀ ਨਹੀਂ ਸੀ ਹੋਣ ਦੇਣਾ, ਜੀਹਦੇ ਮੂਹਰੇ ਉਹ ਵੇਹਰ ਖੜੋਤਾ ਸੀ। ਪਿੰਡ ਵਿੱਚ ਤਾਂ ਉਹਤੋਂ ਪੰਛੀ ਵੀ ਪੁੱਛ ਕੇ ਪਰ ਛੰਡਦੇ ਸਨ। ਦਿਹਾੜੀ ਲਾ ਕੇ ਜੀਹਤੋਂ ਲੋਕ ਪੈਸੇ ਮੰਗਣੋਂ ਝਿੱਜਕ ਜਾਂਦੇ। ਪਰ੍ਹੇ ਦਾ ਹਰ ਫ਼ੈਸਲਾ ਜੀਹਦੇ ਸੋਨੇ ਦੇ ਦੰਦਾਂ ਵਿਚੋਂ ਕਿਰਦਾ। ਸਰਕਾਰੇ ਦਰਬਾਰੇ ਸਲਾਮਾਂ ਹੁੰਦੀਆਂ ਪਰ ਉਹ ਤਾਂ ਜਿਵੇਂ ਸਭ ਕੁਝ ਹੀ ਵਿੱਸਰ ਗਿਆ ਸੀ। ਚੁਪ ਚਾਪ ਪਿੜਾਂ ਵਿਚੋਂ ਆ ਕੇ ਨਿੱਕੇ ਜਹੇ ਵੇਹੜੇ ਵਿਚ ਸੁੱਤੀ ਆਪਣੀ ਭੈਣ ਲਾਗੇ ਆ ਪਿਆ ਸੀ। ਉਸ ਚਾਹਿਆ ਸੀ, ਉਹ ਉਸੇ ਵੇਲੇ ਸੁੱਖੇ ਕਾਮਰੇਡ ਨੂੰ ਜਾ ਦੱਸੇ, ਕੇ ਕਿਵੇਂ ਉਹਨੇ ਜ਼ੈਲਦਾਰ ਦੀ ਹੈਂਕੜ ਮੂੰਹ ਥੁੱਕ ਦਿਤਾ ਸੀ। ਪਰ ਲੋਅ ਲਗਦੀ ਤੋਂ ਅਗੇਤਰੇ ਹੀ ਕਿਸੇ ਉਹਦੇ ਦਰ ਆ ਖੜਕਾਏ ਸਨ। ਉਹ ਤ੍ਰਹਿ ਕੇ ਉੱਠ ਖੜ੍ਹਿਆ ਸੀ। ਕੋਠੇ ਚੜ੍ਹ ਉਸ ਗਲੀ ਵਿਚ

ਪਿੰਡ ਦੇ ਚੌਕੀਦਾਰ ਨਾਲ ਭੇਜਾ ਸਿਪਾਹੀ ਡਿੱਠਾ ਸੀ। ਤੇ ਫਿਰ ਪਤਾ ਨਹੀਂ ਕਿਵੇਂ, ਉਹ ਪਛਵਾੜਿਉਂ ਖੋਲੇ ਵਿਚ ਕੁੱਦ ਗਿਆ ਸੀ! ਸਾਰੀ ਦਿਹਾੜੀ ਗੁੱਸੇ ਵਿਚ ਹੱਥ ਚੱਬਦਾ ਰਿਹਾ ਸੀ ਅਤੇ ਮੀਟੀਆਂ ਮੁੱਠਾਂ ਵਿਚਾਲੇ ਗੰਡਾਸੀ ਘੁੱਟੀ, ਰਾਤ ਪੈਣ ਨੂੰ ਉਡੀਕਦਾ ਰਿਹਾ ਸੀ।

ਰਾਤ ਪੱਸਰਦਿਆਂ ਜਦੋਂ ਉਹ ਰੋਹ ਨਾਲ ਪਿੰਡ ਵੱਲ ਨੂੰ ਵੱਧ ਰਿਹਾ ਸੀ ਤਾਂ ਕਿਸੇ ਹਨੇਰੇ ਵਿਚ ਪਛਾਣ ਉਹਨੂੰ ਲੁੱਕਵੀਂ ਜੇਹੀ ਵਾਜ ਮਾਰੀ। ਮੇਹਰੂ ਲੰਡਾ ਸੀ। ਫਿਰ ਮੇਹਰੂ ਨੇ ਉਹਨੂੰ ਤਰਲੇ ਨਾਲ ਕਿਧਰੇ ਦੂਰ ਨਿਕਲ ਜਾਣ ਲਈ ਕਿਹਾ ਸੀ, ਅਤੇ ਦੱਸਿਆ ਸੀ ਕਿ ਕਿਵੇਂ ਟਿੱਕੀ ਛਿੱਪਦੀ ਤੀਕ ਪੁਲਸ ਸੁੱਖੇ ਕਾਮਰੇਡ ਨੂੰ ਤੱਤਾ ਠੰਡਾ ਬੋਲਦੀ ਰਹੀ ਸੀ। "ਕਹਿੰਦੇ ਮੰਗਲ ਮਹਿਰੇ ਦੀ ਪਰਦੇਸਣ ਤੀਵੀਂ ਤੋਂ ਪਤਾ ਨਹੀਂ ਪੁਲਸ ਨੇ ਕਿਵੇਂ ਕਹਾ ਲਿਆ ਕੇ ਉਹਨੂੰ 'ਤੂੰ' ਕੱਢ ਕੇ ਲਿਆਇਆ ਸੈਂ, ਤੇ ਸੁੱਖੇ ਕਾਮਰੇਡ ਰਾਹੀਂ ਮੰਗਲ ਕੋਲੇ ਉਨੀਂ ਸੌ ਦੀ ਵੇਚੀ ਐ। ਤੈਂ ਕੋਹੜੀਆਂ ਕਾਹਨੂੰ ਬੀਜ ਲੈ ਕੰਡੇ....ਤੇ ਗੱਲ ਸੁਣ, ਭੈਣ ਤੇਰੀ ਤਾਂ ਬਗ ਗੀ ਮਾਸੀ ਕੋਲੇ.... ਤੇ ਤੂੰ ਬੰਦਿਆ ਰੱਬ ਦਿਆ, ਜੇ ਭਲੀ ਲੋੜਦੈਂ, ਉੱਡ ਜਾ ਕਿਤੇ।"

ਤੇ ਸੱਚਮੁੱਚ, ਉਹ ਉੱਡ ਹੀ ਤੇ ਗਿਆ ਸੀ। ਕਿੰਨੇ ਵਰ੍ਹੇ ਬੀਤ ਗਏ ਸਨ। ਪਿੰਡ ਅਤੇ ਭੈਣ ਲਈ ਉਹਦੇ ਕੋਲ ਮੋਹ ਦਾ ਭੋਰਾ ਵੀ ਨਹੀਂ ਸੀ ਰਿਹਾ। ਫਿਰ ਵੀ ਕਿੰਨਾ ਕੁਝ ਸੀ ਜੋ ਉਹਦੇ ਅੰਦਰ ਹਮੇਸ਼ ਟੁੱਟਦਾ ਖੁੱਸਦਾ ਰਹਿੰਦਾ ਸੀ। ਫਿਰ ਹੌਲੀ ਹੌਲੀ ਸਭ ਕੁਝ ਸਾਵਾਂ ਜਿਹਾ ਹੋ ਗਿਆ ਸੀ। ਦਰ-ਬ-ਦਰ ਭਟਕਦਿਆਂ ਉਸ ਥਾਂ ਥਾਂ ਦੇ ਟੁੱਕੜੇ ਚੱਬੇ ਸਨ। ਡਰਾਈਵਰਾਂ ਦੇ ਸ਼ਰਾਬੀ ਮੂੰਹਾਂ ਵਿਚੋਂ ਚਗਲੀਆਂ ਗਾਹਲਾਂ ਦੀਆਂ ਚਾਬਕਾ ਜਰੀਆਂ ਸਨ, ਤੇ ਆਖਣ ਨੂੰ ਦੋਂਹ ਰੋਟੀਆਂ ਗੋਚਰਾ ਹੋਇਆ ਸੀ।....

ਨੰਜੇ ਦੀ ਵਿਸਲ ਸੁਣਦਾ ਉਹ ਉਦਾਸ ਚਿੱਤ ਉੱਠ ਖੜ੍ਹਾ...ਅਜੀਬ ਜਹੀ ਸੋਚ ਉਹਨੂੰ ਝੰਜੋੜ ਕੇ ਸਿੱਟ ਗਈ। ਚਾਹੁੰਦਿਆਂ ਵੀ ਉਸ ਕੁੜੀ ਦੂਹਰੀ ਵੇਰ ਨਾ ਝਾਕੀ ਤੇ ਬੜੇ ਹੀ ਵੈਰਾਗੇ ਚਿੱਤ, ਸੁਆਰੀਆਂ ਲਾਗਲੀ ਤਾਕੀ ਨਾਲ ਨੰਜਾ ਹੀ ਜੱਫੀ ਵਿਚ ਘੁੱਟ ਲਿਆ।

"ਉਰੇ ਆ ਓਏ ਪਤੰਦਰਾ....ਕੀ ਪੰਜੀਆਂ ਦਸੀਆਂ ਜੀਆਂ ਖੜਕਾਈ ਜਾਨੈਂ, ਔਹ ਸੋਲਵੀਂ ਸੀਟ ਤੇ ਦੇਖ....!" ਖਿੱਚ ਕੇ ਉਹ ਨੰਜੇ ਨੂੰ ਆਪਦੀ ਤਾਕੀ ਵੱਲ ਲੈ ਆਇਆ, "ਦੇਖਿਐ ਪਟੋਲਾ.... ਆਪਣੇ ਪਿੰਡੋਂ ਜ਼ੈਲਦਾਰਾਂ ਦੀ ਧੀ ਐ। ਇਹਦੇ ਪਿਉ ਦੇ ਪੱਟੇ ਈ ਆਪਾਂ...."

ਉਸ ਤੋਂ ਗੱਲ ਪੂਰੀ ਨਾ ਹੋ ਸਕੀ। ਉਹਦੇ ਜਬੜੇ ਤਣ ਗਏ। ਅੱਖਾਂ ਵਿੱਚ ਰੋਹ ਉੱਤਰ ਆਇਆ। ਫਿਰ ਇਕਾ ਇਕ ਉਹਨੂੰ ਘਸਮੈਲੇ ਜਹੇ ਚੇਤੇ ਵਿਚੋਂ ਆਪਦੀ ਭੈਣ ਯਾਦ ਆਈ ਤੇ ਉਹ ਸੁੰਨ ਜਿਹਾ ਹੋ ਗਿਆ। ਉਹਦੀਆਂ ਅੱਖਾਂ ਭਰ ਆਈਆਂ।

"ਸਹੁੰ ਖਾ ਤਾਂ...!" ਨੰਜੇ ਨੂੰ ਜਿਵੇਂ ਏਨੀ ਸਨੁੱਖੀ ਕੁੜੀ ਦਾ ਉਹਦੇ ਪਿੰਡ ਦੀ



ਹੋਣ ਬਾਰੇ ਯਕੀਨ ਹੀ ਨਾ ਆਇਆ।

ਮੱਲ ਸੋਚੀਂ ਪੈ ਗਿਆ ਅਤੇ ਚੁੱਪ ਹੋ ਗਿਆ। ਫਿਰ ਪਤਾ ਨਹੀਂ ਕਿਉਂ ਉਸ ਚਾਹਿਆ, ਕੁੜੀ ਉਸ ਵੱਲ ਵੇਖੇ। ਉਸ ਪੱਗ ਘੁੱਟੀ....ਜੁੱਤੀ ਛੰਡੀ...ਬਟੂਆ ਸੂਤ ਕੀਤਾ....ਮੁੱਛ ਤਰੁੰਡੀ....ਤੇ ਬੜਾ ਹੀ ਹੌਰੂੰ ਹੌਰੂੰ ਖੰਗੂਰਾ ਮਾਰਿਆ, ਅਤੇ ਬੜੇ ਔਖਰੇ ਢੰਗ ਨਾਲ ਚਾਹਿਆ, ਕੁੜੀ ਉਹਦੇ ਵੱਲ ਵੇਖੇ ਅਤੇ ਮਹਿਸੂਸ ਕਰੇ ਕੇ ਪਤਾ ਨਹੀਂ ਉਹ ਕਿਵੇਂ, ਉਹਦੇ ਜ਼ੈਲਦਾਰ ਪਿਉ ਨੂੰ ਮੁਆਫ਼ ਕਰ ਆਇਆ ਸੀ। ਅਤੇ ਹੁਣ....ਉਹ ਪਹਿਲਾਂ ਵਾਲਾ ਘੁੱਦਾ ਨਹੀਂ ਸੀ, ਸਗੋਂ ਨਾਜਰ ਬਲੈਕੀਏ ਦਾ ਯਾਰ ਸੀ।

ਅਚਾਨਕ ਉਹ ਲਾਰੀ ਦੀ ਛੱਤ ਤੇ ਖੜ੍ਹੀ ਸੁਆਰੀ ਨੂੰ ਕੜਕਿਆ। ਸੁਆਰੀ ਜੋ ਪਾਸੇ ਤੋਂ ਹੀ ਸਾਈਕਲ ਫੜਾ ਰਹੀ ਸੀ। ਠਠੰਬਰ ਗਈ। ਨੰਜੇ ਦੀ ਦੂਜੀ ਸੀਟੀ ਤੋਂ ਅਗੇਤਰੇ ਹੀ ਉਹ ਆਪਦੀ ਸੀਟ ਉੱਤੇ ਆ ਬੈਠਾ, ਮੂਹਰਲੀਆਂ ਸੀਟਾਂ ਵਿਚਾਲੇ ਕਿਸੇ ਦਾ ਭਾਰਾ ਸਮਾਨ ਫਸਿਆ ਪਿਆ ਸੀ। "ਓਏ ਆਹ ਧਨੁਸ਼-ਬਾਣ ਕੀਹਦੇ ਬਈ....?"

"ਇਹਨੂੰ ਉੱਤੇ ਸਿੱਟ, ਨਹੀਂ ਥੱਲੇ ਹੋ ਜਾ।" ਉਸ ਉੱਚੀ ਦੇਣੇ ਕਿਹਾ।

ਉਹਦੇ ਰੋਹਬ ਮੂਹਰੇ ਪੜ੍ਹੀ ਲਿਖੀ ਸੁਆਰੀ ਫਿੱਥੀ ਪੈ ਗਈ ਅਤੇ ਚੁੱਪ ਕਰ ਗਈ। ਫਿਰ ਚਾਣ-ਚੱਕ ਉਸ ਬਾਂਹ ਵਧਾ ਕੇ ਭੀੜ ਵਿੱਚ ਖੜ੍ਹੀਆਂ ਸੁਆਰੀਆਂ ਵਿਚੋਂ...ਇਕ ਮੁਟਿਆਰ ਜਹੀ ਕੁੜੀ ਨੂੰ ਆਪਣੀ ਸੀਟ ਦੀ ਪਿੱਠ ਵਲ ਖਿੱਚਦਿਆਂ, ਖੱਬਰੀ ਅੱਖ ਮੀਟੀ..."ਗਾਹ ਹੋ ਜਾ ਭਾਈ, ਵੇ ਕਹੇਂਗੀ ਕਿਸੇ ਨੇ ਮੋਢਾ ਮਾਰਿਆ।"

ਸੁਆਰੀਆਂ ਗਰਮੀ ਨਾਲ ਤੜਪ ਰਹੀਆਂ ਸਨ, ਪਰ ਉਹ ਸੋਚ ਰਿਹਾ ਸੀ। "ਸਾਲੀ ਕੇਰਾਂ ਤਾ ਸੋਚੂ, ਪਈ ਇਹ ਉਹੋ ਘੁੱਦੈ.....?"

ਉਹ ਪੈਰੋਂ ਹੀ ਮੋਟਰ ਚੱਕ ਦੇਣੀ ਚਾਹੁੰਦਾ ਸੀ। ਚਾਹੁੰਦਾ ਸੀ ਉਹ ਕਿਸੇ ਵੀ ਤਰ੍ਹਾਂ ਕੁੜੀ ਨੂੰ ਹੈਰਾਨ ਕਰ ਦੇਵੇ....। ਵਾਰ ਵਾਰ ਬੜੀ ਤਲਖ਼ੀ ਨਾਲ ਉਹਦੇ ਜ਼ੇਹਿਨ ਵਿਚ ਇਹ ਗੱਲ ਆਈ ਕਿ ਆਖ਼ਰ ਉਹ ਗਿਲਾਜ਼ਤ, ਜਿਹੜੀ ਉਹਦੇ ਮੱਥੇ ਪਿੰਡੋਂ ਭੱਜ ਕੇ ਆਉਣ ਨਾਲ ਮਲੀ ਗਈ ਸੀ...ਏਸ ਘੜੀ ਜਿਵੇਂ ਧੋਤੀ ਜਾ ਸਕਦੀ ਸੀ।.....

'ਖਾਂਸੇ' ਪਿੰਡ ਤੋਂ ਉਰ੍ਹਾਂ ਹੀ ਉਸ ਨੰਜੇ ਦੀ ਲੰਮੀ ਵਿਸਲ ਸੁਣੀ। ਉਸ ਪਰਤ ਕੇ ਡਿੱਠਾ, ਥੋੜ੍ਹੇ ਜਹੇ ਅਸਬਾਬ ਨਾਲ ਉਹੋ ਕੁੜੀ ਉਹਦੀ ਤਾਕੀ ਵੱਲ ਨੂੰ ਆ ਰਹੀ ਸੀ।

"ਪਛਾਣਿਆ ਨੀਂ ਵੀਰਾ?" ਉਹ ਨਿਸ਼ੰਗ ਬੋਲੀ।

ਉਹ ਤ੍ਰਭੱਕ ਗਿਆ। ਕੁੜੀ ਉਹਦੀ ਪਿੱਠ ਪਿੱਛੇ ਆ ਖੜ੍ਹੀ ਸੀ।

"ਨਾ ਭਾਈ ਤੂੰ.....?" ਉਹ ਬੁੱਝ ਜਿਹਾ ਗਿਆ।

"ਮੈਂ ਗੁਰਮੀਤ ਆਂ, ਪਾਸ਼ੀ ਤੋਂ ਛੋਟੀ.....!"

"ਹੱਛਾ....ਆ...ਕਿਮੇਂ ਐ ਪਿੰਡ....?" ਇਕ ਤਰਾਟ ਉਹਦੇ ਮੱਥੇ ਨੂੰ ਚੀਰਦੀ ਚਲੀ ਗਈ।

"ਠੀਕ ਐ ਪਿੰਡ ਤਾਂ, ਪਰ ਵੀਰਾ ਤੈਂ ਤਾਂ ਭਜਨੀ ਦੀ ਵੀ ਸਾਰ ਨੀ ਲਈ ਮੁੜਕੇ.....ਪਿਛੇ ਕਾਕਾ ਹੋ ਕੇ ਗੁਜ਼ਰ ਗਿਆ ਸੀ ਉਹਦੇ...ਹੁਣ ਗੁੱਡੀ ਐ ਗੋਦੀ....ਸਾਡੇ ਈਂ ਸੀਰੀ ਨੇ....ਖਬਨੀ ਤੈਨੂੰ ਪਤਾ ਈ ਹੋਵੇ, ਮੇਰੇ ਸਹੁਰੀਂ ਬਿਨਾਲ ਤੀ ਸੀ ਤੇਰੀ ਮਾਸੀ ਨੇ........ਬਿਚਾਰੀ ਬਾਹਲੀ ਈ ਸਾਊ ਐ....ਸਾਡੇ ਸਾਰੇ ਘਰਾਂ ਦਾ ਗੋਹਾ-ਕੂੜਾ ਉਹੋ ਕਰਦੀ ਐ....।"

ਇਕ ਪਲ ਉਹਦੀਆਂ ਮਿਚਦੀਆਂ ਅੱਖਾਂ ਤਾੜੇ ਲੱਗ ਗਈਆਂ। ਹੱਥ ਕੰਬਣ ਲੱਗ ਪਏ। ਜਿਵੇਂ ਉਹਦੇ ਅੰਦਰ ਕੋਈ ਬਹੁਤ ਤਿੱਖੀ ਚੀਜ਼ ਖੁਭ ਰਹੀ ਹੋਵੇ। ਉਹਦਾ ਸਾਰਾ ਵਜੂਦ ਇੰਜਨ ਦੀ ਘਰਰ ਘਰਰ ਵਿਚ ਮਰ ਮੁੱਕ ਰਿਹਾ ਸੀ।

ਨੰਜਾ ਸੀਟੀ ਤੇ ਸੀਟੀ ਮਾਰ ਰਿਹਾ ਸੀ। ਸੁਆਰੀਆਂ ਸੂਲੀ ਲਟਕੀਆ ਪਈਆ ਸਨ। ਉਹ ਕ੍ਰੋਧ ਨਾਲ ਤੜਪ ਉੱਠਿਆ ਸੀ। ਉਸ ਚਾਹਿਆ, ਕੁੜੀ ਦਾ ਮੂੰਹ ਨੋਚ ਲਵੇ ਪਰ ਅਗਲੇ ਹੀ ਬਿੰਦ ਉਹਨੂੰ ਲੱਗਾ, ਜਿਵੇਂ ਸਾਹਵੇਂ ਭਜਨੋ ਖੜ੍ਹੀ ਹੋਵੇ.....ਗੋਹੇ ਦਾ ਟੋਕਰਾ ਚੁੱਕੀ.......ਉਦਾਸ ਅਤੇ ਚੁੱਪ। ਅਚਾਨਕ ਉਹਦਾ ਦਿਲ ਕੀਤਾ, ਉਹ ਕੁੜੀ ਨੂੰ ਹਿੱਕ ਨਾਲ ਘੁੱਟ ਲਵੇ ਤੇ ਭੁੱਬੀਂ ਰੋ ਪਵੇ....।

ਫਿਰ ਉਹਦੇ ਕੰਬਦੇ ਹੱਥ, ਜੇਹੜੇ ਕਦੇ ਚੇਲਦਾਰ ਦੀ ਗਰਦਨ ਤੀਕ ਅੱਪੜਦਿਆ ਅੱਪੜਦਿਆਂ, ਕੁੜੀ ਦਾ ਮੂੰਹ ਨੋਚ ਲੈਣ ਤੋਂ ਵੀ ਛੋਟੇ ਹੋ ਗਏ ਸਨ, ਆਪਦੇ ਬੋਝੇ ਕੋਲ ਹੀ ਜਾ ਕੇ ਅਟਕ ਗਏ।

ਉਸ ਬਟੂਆ ਕੱਢਿਆ, ਤੇ ਕਿਸੇ ਅਜੀਬ ਜਹੀ ਭਾਵਨਾ ਨਾਲ ਰੋਣ ਵਾਂਗ ਕਿਹਾ, "ਆਹ ਦਈਂ ਭਜਨੋਂ ਨੂੰ, ਤੇ ਕਹੀ ਮੈਂ ਆਊਂ ਕਿਸੇ ਦਿਨ..." ਉਸ ਕੁੜੀ ਵੱਲ ਵੇਖੇ ਬਿਨਾਂ ਮੂੰਹ ਮੋੜ ਲਿਆ। ਉਹਦਾ ਮਨ ਭਰ ਆਇਆ। ਮੋਏ ਜਹੇ ਤ੍ਰਾਣ ਮੋਟਰ ਸਟਾਰਟ ਕਰਦਿਆਂ ਉਹਨੂੰ ਜਾਪਿਆ.... ਜਿਵੇਂ ਉਹਦੇ ਅੰਦਰਲਾ ਘੁੱਦਾ ਤਾਂ ਹਾਲੀ ਵੀ ਉਸੇ ਤਰ੍ਹਾਂ ਪਿੰਡ ਦੀਆਂ ਗੰਦੀਆਂ ਅਰੂੜੀਆਂ ਥੱਲੇ ਦੱਬਿਆ ਪਿਆ ਸੀ। ਤੇ ਉਸ ਵਰਾਹਟੇ ਵਾਲੀ ਰਾਤ ਦੀ ਸਾਰੀ ਨੀਂਦਰ, ਹਾਲੀ ਵੀ ਉੱਥ ਦੀ ਉੱਥ, ਉਹਦੀਆਂ ਅੱਖਾਂ ਵਿਚ ਲਗਾਤਾਰ ਰੜਕ ਰਹੀ ਸੀ। ......

•



## ਕੰਧਾਂ ਤੋਂ ਬਿਨਾਂ

ਚੇਤਰ ਦਾ ਛੋੜਕਲਾ ਪੱਖ।

ਹੁੱਸੜ!

ਦੂ-ਮੇਲ ਤੱਕ ਉੱਡਦੀ ਧੂੜ, ਪੱਕ ਰਹੀਆਂ ਫਸਲਾਂ ਦੀ ਲੂਣੀ ਬਾਸ....।

ਅਜੀਬ ਬੇ-ਚੈਨੀ, ਜਿਵੇਂ ਕੋਈ ਤੜਪ ਰਿਹਾ ਹੋਵੇ।

ਜ਼ਿਹਨ 'ਚ ਜਲਜਲੇ ਵਰਗਾ ਕੁਝ....

ਉਫ਼!

ਅਜੀਬ ਤਪਸ਼ ਸੀ, ਜਿਸ ਵਿਚ ਉਹ ਲਿਪਟਿਆ ਖੜ੍ਹਾ ਸੀ। ਖੱਟੀ ਬਾਸ ਉਹਦੇ ਆਪਣੇ ਹੀ ਮੁੜ੍ਹਕੇ ਵਿਚੋਂ ਉੱਠ ਰਹੀ ਸੀ ਜਾਂ ਖਬਰੇ ਲਾਗਲੇ ਛੱਪੜ ਵਿੱਚ ਮੋਈਆਂ ਮੱਛੀਆਂ ਤੱਰਕ ਰਹੀਆਂ ਸਨ।

ਉਸ ਫੁੰਕਾਰੇ ਜਿਹਾ ਸਾਹ ਲਿਆ। ਖੰਗਾਰ ਕੇ ਥੁੱਕਿਆ, ਬੁੱਲ੍ਹਾਂ ਤੇ ਜੀਭ ਫੇਰੀ ਅਤੇ ਤ੍ਰੌਂਡ ਵਿਚ ਘੁੱਟ ਦੋਂਹ ਦੇ ਨੋਟ ਨੂੰ ਜੇਬ ਤੱਕ ਲਿਜਾਂਦਿਆਂ ਅੱਥਰੂ ਉਮਡ ਆਏ ਤੇ ਉਹ ਰਹਿੰਦਾ ਵੀ ਉਦਾਸ ਹੋ ਗਿਆ।

ਹਰਾਸੇ ਮਨ ਨਾਲ ਉਹ ਤਾਂਗੇ ਦਾ ਆਸਰਾ ਲਈ ਖੜ੍ਹਾ ਸੀ। ਘੋੜੀ ਖੱਬੇ ਗਿੱਟੇ ਦੀ ਰਗੜ ਤੋਂ ਵਾਰ ਵਾਰ ਮੱਖੀ ਛੰਡਦੀ ਤਾਂ ਤਾਂਗੇ ਦਾ ਉੱਖੜਿਆ ਸਾਜ ਡਰਾਉਣਾ ਜਿਹਾ ਖੜਕ ਕੇ ਖਿਲਰ ਜਾਣ ਨੂੰ ਕਰਦਾ। ਉੱਤਰਦੇ ਹੁਨਾਲ ਅਤੇ ਸ਼ਹਿਰ ਦੇ ਲੰਮੇਂ ਪੈਂਡੇ ਮਗਰੋਂ ਘੋੜੀ ਨਿਢਾਲ ਹੋਈ ਪਈ ਸੀ। ਸਾਹੋ ਸਾਹ। ਹਫਦੀ ਹੋਈ। ਉਹਦੇ ਆਪਣੇ ਸਿਰ ਵਿਚ ਗੁਬਾਰ ਕੱਠਾ ਹੋ ਰਿਹਾ ਸੀ। ਬੋਥ ਦੇ ਆਖਰੀ ਸਿਰੇ ਤੋਂ ਤਿਲਕਦੀ ਵਾਂਗ ਘੱਟੇ ਵਿੱਚ ਲਮਕ ਰਹੀ ਸੀ।

ਉਸ ਹਉਕਾ ਲਿਆ। ਤੰਗ ਦੀ ਪੇਟੀ ਬੰਬ ਦੇ ਟੋਢ੍ਹੇ ਕਿੱਲ ਵਿਚ ਟੁੰਗਦਿਆਂ ਜਦੋਂ ਉਹਨੇ ਦੇਹ ਦਾ ਬੋਝ ਪਾਏਦਾਨ 'ਤੇ ਪਾਇਆ, ਤਾਂ ਦੇਖਿਆ, ਘੋੜੀ ਦੀ ਗਾਨੀ ਵਿਚੋਂ ਸਾਰੇ ਹੀ ਘੁੰਗਰੂ ਝੜ ਗਏ ਸਨ। ਚਮੜੇ ਦੀ ਪਟੀ ਵਿਚ ਸਿਰਫ਼ ਖੋਲ ਲਟਕ ਰਹੇ ਸਨ। ਕਲਗੀ ਵੀ ਝੜ ਗਈ ਸੀ। ਸੀਟ ਉੱਪਰ ਚਹੁਰਾ ਕਰਕੇ ਸਿੰਙਿਆ ਦੋੜਾ ਛਿੱਜ ਗਿਆ ਸੀ। ਗੰਢੇ-ਤੁੱਪੇ ਸਾਜ ਵਿਚ ਘੋੜੀ ਉੱਕਾ ਸ਼ੋਹਦੀ ਅਤੇ ਨਿਢਾਲ ਜਾਪਦੀ। ਉਹ ਕਿੰਨਾ ਨਿੱਘਰ ਗਿਆ ਸੀ? ਉਹਨੂੰ ਆਪਣੇ ਆਪ ਉੱਤੇ ਹਿਰਖ ਆਇਆ। ਕਚੀਚੀ ਲਈ। ਭਵਾਂ ਤਣੀਆਂ ਅਤੇ ਧੁੜਧੜੀ ਲੈਂਦਿਆਂ ਇਸ ਕਦਰ ਵਾਗਾਂ ਤੁਣਕੀਆਂ ਕਿ ਘੋੜੀ ਪਿਛਲੇ ਪੈਰੀਂ ਛਿੰਗਦੀ ਛਿੰਗਦੀ ਬਚੀ।

"ਤੇਰੇ ਓਏ ਜੰਮਦੇ ਦੀ ਕਾਕੋ ਨੂੰ...."

ਭਰਵੀਂ ਗਾਲ੍ਹ ਦਿੰਦਾ ਉਹ ਦੁੱਧ ਵਾਂਗ ਉੱਬਲ ਗਿਆ। ਕੰਢੇ ਸੜਨ ਲੱਗੇ। ਸਾਹਮਣੇ ਗਲੀ ਦੇ ਮੋੜ ਤੋਂ ਧੂੰਆਂ ਉੱਠਦਾ ਦਿੱਸਿਆ। ਜਿਥੋਂ ਹੁਣੇ ਹੀ ਘੀਚਰ ਰਵਦਾਸੀਆ ਤੇ ਉਹਦੀ ਤੀਵੀਂ ਅੱਖੋਂ ਓਹਲ ਹੋ ਗਏ ਸਨ।

ਧੂੰਏ ਵਰਗਾ ਕੁਝ ਸੀ ਜੋ ਉਹਦੀਆਂ ਅੱਖਾਂ ਵਿਚੋਂ ਉੱਠ ਖੜ੍ਹਿਆ ਅਤੇ ਸਾਰੇ ਖਲਾਅ ਵਿੱਚ ਹੀ ਫੈਲ ਗਿਆ। ਕੁਝ ਵੀ ਨਹੀਂ ਸੀ ਦਿੱਸ ਰਿਹਾ। ਖਸਤਾ ਹਾਲ ਤਾਂਗਾ...ਮਰੀਅਲ ਘੋੜੀ....ਪੱਥਾਂ ਦੇ ਟੁੰਡ......ਤੇ ਭੰਡਾਰੀ ਵਿਚ ਪਿਆ ਠੇਕੇ ਦਾ ਉਣਾ ਅਧੀਆ। ਜੀਹਦਾ ਭਰਵਾਂ ਪੈਗ ਉਹਦੇ ਮੱਥੇ ਹੁਣ ਤਾਈਂ ਪਾਣੀ ਬਣਿਆ ਪਿਆ ਸੀ।

ਇਕ ਲਮਹਾ ਉਹ ਵਾਗ ਤੁਣਕਣੀ ਵੀ ਭੁੱਲ ਗਿਆ। ਮੋਈ ਮਿੱਟੀ ਵਾਂਗ ਤਾਂਗੇ ਦੀ ਮੂਹਰਲੀ ਸੀਟ ਉੱਪਰ ਹੀ ਸਿਮਟ ਗਿਆ। ਪਿੱਛੇ ਦੀਆਂ ਥਿਰਕਦੀਆਂ ਕੰਬਣੀਆਂ ਅਤੇ ਜੱਕੋ-ਤੱਕਿਆਂ ਵਿਚ ਘੋੜੀ, ਆਪਦੇ ਹੀ ਕਿਆਸ ਨਾਲ ਘਰ ਵੱਲ ਪਰਤ ਰਹੀ ਸੀ।

ਫਿਰਨੀ ਉੱਤਰਦਿਆਂ ਜਦੋਂ ਉਹ ਆਪਣੇ ਆਪ ਵਿਚ ਪਰਤਿਆ, ਤਰਕਾਲਾਂ ਉੱਤਰ ਰਹੀਆਂ ਸਨ। ਦੁ-ਵਿੱਥੂ ਖੂਹ ਦੀ ਉੱਜੜੀ ਡੱਲ, ਪਰਤੇ ਜਨੌਰਾਂ ਨਾਲ ਗੂੰਜ ਰਹੀ ਸੀ। ਛੱਪੜ ਦੇ ਅੱਧ-ਸੁੱਕੇ ਤਲ ਵਿਚੋਂ ਸੜਿਹਾਂਦ ਉੱਠ ਰਹੀ ਸੀ।

ਮਾਸਟਰਾਂ ਕੇ ਖੁਲ੍ਹੇ ਵਿਹੜੇ ਵਿਚ ਜੁਆਕਾਂ ਨੂੰ ਬੈਟ-ਬੱਲਾ ਖੇਡਦੇ ਤੱਕ ਉਹ ਰੋਹ ਵਿਚ ਆ ਗਿਆ। ਉਹਦੇ ਅੰਦਰ ਕੁਝ ਤਿੜਕਿਆ। ਆਖਰ ਉਹਦਾ ਆਪਣਾ ਬਚਪਨ ਕਿੱਥੇ ਸੀ? ਮੱਥੇ 'ਚ ਧੂੰਏ ਦੇ ਵਰੋਲੇ ਕੱਠੇ ਹੋਣ ਲੱਗੇ। "ਸਾਲੇ ਵੇਹਲੜ...." ਇਕ ਘੜੀ ਉਹਦੇ ਜ਼ਿਹਨ ਵਿਚੋਂ ਅਕਹਿ ਪੀੜਾਂ ਅਤੇ ਤਲਖ਼ੀਆਂ ਗੁਜ਼ਰ ਗਈਆਂ, ਜਿਨ੍ਹਾਂ ਨੂੰ ਪਿੰਡੇ ਜਰਦਿਆਂ ਨਾ ਉਹ ਮੋਇਆਂ ਵਿਚ ਰਿਹਾ ਸੀ, ਨਾ ਜਿਉਂਦਿਆਂ ਵਿੱਚ...। ਜਿਵੇਂ ਜੰਮਦਿਆਂ ਹੀ ਸਰਾਪਿਆ ਗਿਆ ਹੋਵੇ। ਭੁੱਖ ਨੰਗ ਅਤੇ ਨਿਰਾਦਰ....। ਉਸ ਮੋੜਵੀਂ ਵਾਗ ਟੁੰਡਾਂ ਵਿਚਾਲੇ ਘੁੱਟਦਿਆਂ ਘੋੜੀ ਦੇ ਪਿੰਡੇ ਜੜ ਦਿੱਤੀ। ਬੇ-ਮਤਲਬ ਹੀ। ਚੁਬਾਰੇ ਵਾਲਿਆਂ ਦੇ ਵੇਹੜੇ ਦਾ 'ਚੋਰ-ਝਾਕਾ' ਲੈਂਦਿਆਂ ਉਸ ਓਪਰਾ ਜਿਹਾ ਖੰਗੂਰਾ ਮਾਰਿਆ। ਉਹਨੂੰ ਘੀਚਰ 'ਤੇ ਉਹਦੀ ਵਹੁਟੀ ਚੇਤੇ ਆਏ, ਤੇ ਉਹ ਬੇ-ਵੱਸ ਜਿਹਾ, ਮਨ ਦੀਆਂ ਅੰਨ੍ਹੀਆਂ ਦਲਦਲਾਂ 'ਚ ਉੱਤਰ ਗਿਆ।

ਸਾਰੀ ਦੁਪਹਿਰ ਅੱਡੇ ਵਿਚ ਖੜ੍ਹਾ ਉਹ ਸਿਰਫ ਏਨੀ ਗੱਲ ਬਦਲੇ ਹੀ ਕਮਲਾ ਹੋਇਆ ਫਿਰਦਾ ਰਿਹਾ ਸੀ ਕਿ ਤਰਕਾਲੀਂ ਉਹ ਘੀਚਰ ਦੀ ਵਹੁਟੀ ਨੂੰ ਪਿੰਡ ਲੈ ਕੇ ਜਾਣ ਵਾਲਾ ਸੀ। "ਡੀਕ ਕੇ ਜਾਈਂ...।" ਉਹ ਉਹਨੂੰ ਕਿਸੇ ਓਸ ਮੁਸਕੜੀ 'ਚੋਂ ਆਖ ਕੇ ਗਈ ਸੀ, ਜੀਹਦੀ ਇਕੋ ਝਲਕ ਉਹਨੂੰ ਪਾਗਲ ਕਰ ਸਕਦੀ ਸੀ। ਸਾਰੀ ਦੁਪਹਿਰ ਉਹ ਜੋਟੀਦਾਰਾਂ ਵਿਚੋਂ 'ਗੱਲਾਂ ਕੱਢਦਾ' ਰਿਹਾ ਸੀ, ਤੇ ਦੋਹਾਂ ਸੀਟਾਂ ਦੀ ਵਿਚਕਾਰਲੀ ਫੱਟੀ ਉੱਪਰ ਸ਼ੀਸ਼ੇ 'ਚ ਮੜ੍ਹੀ ਤਸਵੀਰ ਨੂੰ ਹੋਰੂੰ ਹੋਰੂੰ ਝਾਕਦਾ ਰਿਹਾ ਸੀ। ਤਸਵੀਰ ਕਿਸੇ ਐਕਟਰਸ ਦੀ ਸੀ। ਜੀਹਦੀਆਂ ਭਰਵੀਆਂ ਛਾਤੀਆਂ ਨੂੰ ਸੀਟ ਤੇ ਲੰਮੇਂ ਪਿਆ ਚੋਰੀ ਚੁੰਮਦਿਆਂ, ਉਹ ਭੱਠ ਵਾਂਗ ਤਪਣ ਲੱਗਦਾ ਸੀ।



ਪਰ ਹੁਣ ਤਾਂ ਸਾਹਾਂ ਵਿਚ ਮਿਰਚਾਂ ਜਿਹਾ ਕੁਝ ਉੱਡ ਰਿਹਾ ਸੀ। ਛਾਤੀ ਵਿਚ ਸਾੜ ਪੈਂਦਾ। ਰੇਤ ਫੱਕ ਲੈਣ ਤੇ ਚਿੱਤ ਕਰਦਾ। ਚੁਫੇਰੇ ਕਣਕਾਂ ਸੂਹੀ ਭਾਹ ਨਾਲ ਝੁਕੀਆਂ ਖੜ੍ਹੀਆਂ ਸਨ। ਤਾਂਗੇ ਦੇ ਪਿੱਛੇ, ਘੋੜੀ ਦੇ ਪੈਰਾਂ ਵਿਚੋਂ ਉੱਠਦੇ ਧੂੜ ਦੇ ਸੰਘਣੇ ਬੱਦਲ, ਬੋਹੜ ਦੀ ਉੱਚੀ ਵਾੜ ਦੁਆਲੇ ਧੂੰਏਂ ਦੀ ਮੋਟੀ ਤਹਿ ਵਾਂਗ ਲਟਕ ਗਏ ਸਨ।

ਰਵਿਊਜੀਆਂ ਦੇ ਹਾਤੇ ਲਾਗ ਤਾਂਗਾ ਰੁਕਿਆ ਤਾਂ ਜੁਆਕਾਂ ਦੀ ਹੇੜ ਚੁਫੇਰੇ ਆ ਖੜ੍ਹੀ, ਉਹਦੇ ਨਲੀ ਚੋਚ ਯਾਰ। ਘੁੱਦਾ....ਪੱਪਾ....ਮੋਟੀ... ਸ਼ੀਸ਼ੂ...। ਪਤਾ ਨਹੀਂ ਕੌਣ ਕੌਣ। ਮੱਖੀਆਂ ਵਾਂਗ ਭਿਣਕਣ ਲੱਗੇ। "ਚਾਚਾ ਮੈਂ ਚੱਕੂੰ ਸਾਜ, ਓਹ੍ਹਾਂ ਫੜਾ ਘੋੜੀ...." ਉਹਨੂੰ ਕੁਝ ਨਹੀਂ ਸੀ ਸੁਣ ਰਿਹਾ, ਨਾ ਦਿੱਸ ਰਿਹਾ। ਅੰਨ੍ਹਿਆਂ ਬੋਲਿਆਂ ਵਾਂਗ ਉਸ ਘੋੜੀ ਖੁਰਲੀ ਉੱਤੇ ਲਿਆ ਬੱਧੀ। ਬਰਸੀਮ ਦੀ ਥੱਬੀ ਸੁੱਟਦਿਆਂ ਲੱਗਾ, ਜਿਵੇਂ ਬਹੁਤ ਥੱਕ ਗਿਆ ਹੋਵੇ। ਹਮੇਸ਼ ਨਾਲੋਂ ਉਲਟ, ਜੁਆਕ ਉਹਨੂੰ ਥਿੜਕਦਾ ਜਿਹਾ ਝਾਕ ਰਹੇ ਸਨ। ਅਜੀਬ ਤਣਾਉ ਸੀ। ਕਸ਼ਮਕਸ਼। ਘਬਰਾਈ ਚੁੱਪ; ਜਿਸ ਕਾਰਨ ਕੰਨਾਂ ਵਿਚ ਸਾਂ ਸਾਂ ਹੋ ਰਹੀ ਸੀ। ਮਾਂ ਵੀ ਕਿਤੇ ਨਹੀਂ ਸੀ ਦਿੱਸ ਰਹੀ। ਚੁਫੇਰੇ ਹੁਣੇ ਹੀ ਜਿਵੇਂ ਦਿਉ ਫਿਰ ਕੇ ਹਟਿਆ ਹੋਵੇ।

ਘੋੜੀ ਦਾ ਸਾਜ ਢਾਰੇ ਥੱਲੇ ਸਿੱਟ, ਜਦੋਂ ਉਹ ਦੂਹਰੀ ਵੇਰ ਤਾਂਗੇ ਕੋਲ ਆਇਆ ਤਾਂ ਉਹਦੇ ਰੋਹ ਨੂੰ ਜਰਬ ਆ ਗਈ।

"ਕ੍ਰਾੜੀ ਉਏ..ਮਾਂ ਦੀ...ਮੇਰੇ ਸਾਲੇ ਦੇ....." ਜੁਆਕ ਹਵਾ ਹੋ ਗਏ।

ਮਨ ਰਾਂਗਲੇ ਰਉਂ ਵਿਚ ਹੁੰਦਾ ਤਾਂ ਉਹ ਕਿਸੇ ਵੀ ਨਿਆਣੇ ਨੂੰ ਬੁੱਕਲ ਵਿਚ ਘੁੱਟ ਕੇ ਚੁੰਮਦਾ ਦੁਲਾਰਦਾ ਅਤੇ ਕੰਨ ਵਿਚ ਸੁਰ ਸੁਰ ਕਰਦਾ।

"ਕਿੱਦਾਂ ਬਈ ਪੁੱਤਰਾਂ। ਘਰੇ ਰਾਤ ਨੂੰ ਚੂਹੀ ਚੂਹਾ ਲੜਦੇ ਆ ਕੇ....।"

ਪਰ ਤਦ ਉਸ ਟੁੰਡਾਂ ਨਾਲ ਸੀਟ ਚੁੱਕਦਿਆਂ ਅਧੀਆ ਕੱਢ ਲਿਆ। ਜਿਸ ਵਿਚੋਂ ਭਰਵਾਂ ਪੈਗ ਉਹ ਖਾਂਸਿਆਂ ਦੀ ਖੂਹੀ ਉੱਤੇ ਹੀ ਡੀਕ ਆਇਆ ਸੀ। ਉਹ ਸਾਰੀ ਗੱਲ ਨੂੰ ਫਿਰ ਸੋਚਣ ਲੱਗਾ। ਲਹੌਰੀਆਂ ਕੀ ਚੱਕੀ ਲਾਗ ਆਉਂਦਿਆਂ ਹੀ ਪੀਤੀ ਫਿੱਟ ਗੋਬਰ ਹੋ ਗਈ ਸੀ। ਲੱਗਾ ਸੀ ਜਿਵੇਂ ਘੜੀ ਪਹਿਲਾਂ ਉਹ ਦਾਰੂ ਦੀ ਥਾਂ ਘੋੜੀ ਦਾ ਲਹੂ ਪੀ ਕੇ ਹਟਿਆ ਹੋਵੇ। ਉਸ ਮਸ਼ੀਨ ਤੋਂ ਫੱਕ ਲੈਣ ਗਿਆਂ ਗਲਾਸੀ ਮੰਗ ਲਈ ਸੀ ਤੇ 'ਕੱਢ ਕੇ' ਲਿਆਂਦੀ ਤੀਵੀਂ ਸੰਗ ਬੈਠੇ ਘੀਚਰ ਰਵਦਾਸੀਏ ਨੂੰ ਹਾਕ ਮਾਰ ਲਈ ਸੀ।

'ਭੈਣ ਦੇਣਾ ਕੱਲ੍ਹ ਹਾਲੇ ਗਲੀਆਂ 'ਚ ਕੁੱਤੇ ਖੱਸੀ ਕਰਦਾ ਸੀ। ਅੱਜ... ਤੀਵੀਂ ਕੱਢੀ ਫਿਰਦੈ...।' ਤਲਖ਼ ਜਿਹਾ ਉਹਨੇ ਘੀਚਰ ਬਾਰੇ ਸੋਚਿਆ। ਸਿਰ ਛਿਣਕਿਆ 'ਤੇ ਘੀਚਰ ਦੇ ਤਾਂਗੇ ਤੋਂ ਉੱਤਰ ਕੇ ਆਉਣ ਤੋਂ ਪਹਿਲਾਂ ਹੀ ਹਾੜਾ ਪਾ ਦਿੱਤਾ।

"ਨਾ ਭਾਈ, ਵਰਕਾ ਈ ਪਾੜ ਦੇ...।"

ਘੀਚਰ ਪੈਂਦਾ ਈ ਤੋਬਾ ਤੇ ਉੱਤਰ ਆਇਆ।

"ਆਪਾਂ ਤਾਂ ਸਹੁੰ ਮਹਾਰਾਜ ਦੀ ਜਿੱਦੇਂ ਦੀ ਆਹ ਭਾਗਮਾਨ ਲਿਆਂਦੀ ਐ.... ਸੁੱਖੀ ਨੀਂ ਭੋਰਾ।"

"ਚਲ ਕੋਈ ਨਾ..." ਤਾਰੂ ਖਹਿੜੇ ਪੈ ਗਿਆ। ਜਿਵੇਂ ਇਕੱਲੇ ਨੂੰ ਚੜ੍ਹਣੀ ਹੀ ਨਹੀਂ ਸੀ। "ਅੱਜ ਮੇਰੇ ਵੱਡੇ ਦਾ ਵਜਾ ਦੀਂ ਬੁਗਦੂ.... ਨਾਲੇ ਜੱਟ ਨੇ ਰੋਜ ਰੋਜ ਨੀਂ ਕਹਿਣਾ ਤੇਨੂੰ.....।"

"ਨਾ ਬਾਈ ਜਿਉਂਦਾ ਰਹੁ ਬੱਸ..."

ਮੱਥੇ ਵਿੱਚ ਜਿਵੇਂ ਭਉਂਦੀ ਇੱਟ ਆ ਵੱਜੀ। ਪੀੜ ਹੋਈ। 'ਢੇਡ ਸਾਲਾ.....' ਹੱਥ ਜੋੜਦਾ ਘੀਚਰ ਵਿਹੁ ਵਰਗਾ ਜਾਪਿਆ। ਲੱਗਾ ਜਿਵੇਂ ਉਹ ਖੁਦ ਘੀਚਰ ਤੋਂ ਭੀਖ ਮੰਗ ਰਿਹਾ ਹੋਵੇ। ਮੱਥਾ ਤੀਉੜੀਆਂ ਨਾਲ ਭਰ ਗਿਆ। ਸੱਜੀ ਨਾਸ ਦੇ ਥੱਲਿਉਂ ਬੁੱਲ੍ਹ ਦੀ ਉੱਪਰਲੀ ਕੋਰ ਪਿੱਪਲ ਦੇ ਟੂਸੇ ਵਾਂਗ ਕੰਬਣ ਲੱਗੀ।

"ਕਾਹਨੂੰ ਹੱਡ ਗਾਲਦੇਂ ਯਾਰ...." ਘੀਚਰ ਨਸੀਹਤਾਂ ਦੇਣ ਲੱਗ ਪਿਆ।

"ਜੇ ਭਲਾ ਇਹੋ ਚਾਰ ਦਾਣੇ ਘੋੜੀ ਦੇ ਢਿੱਡ 'ਚ ਪਾਵੇਂ?"

"ਗਲ ਸੁਣ...ਜੱਟ ਨੇ ਰੋਜ ਰੋਜ ਨੀਂ ਕਹਿਣਾ ਤੇਨੂੰ....ਲਾ ਲੈ ਛਿੱਟ....।"

ਤਾਰੂ ਪਾਣੀ ਬਣਿਆ ਪਿਆ ਸੀ। ਗਲਾਸੀ 'ਚ ਬੱਝਾ ਡੇਰਾ ਟੁੱਟਣ ਲੱਗਾ।

"ਮਖਾਂ ਗੱਲ ਨਾ ਹਲਾ ਕਿ.....।" ਘੀਚਰ ਮੂਲੋਂ ਨਾਬਰ ਹੋ ਖੜ੍ਹਾ।

ਤਾਰੂ ਨੇ ਇਕ ਨਜ਼ਰ ਤਾਂਗੇ ਦੀ ਮੂਹਰਲੀ ਸੀਟ ਉੱਤੇ ਬੈਠੀ ਘੀਚਰ ਦੀ ਕੱਢ ਕੇ ਲਿਆਂਦੀ ਤੀਵੀਂ ਝਾਕੀ। ਕੁਝ ਕਹਿਣਾ ਚਾਹਿਆ ਪਰ ਗਲਾਸੀ ਵਿਚੋਂ ਦਾਰੂ ਦੀ ਛਿਟ ਬਦਲੇ ਭਬੂਕੇ ਵਰਗਾ ਕੁਝ ਉੱਠ ਖੜ੍ਹਿਆ। ਜਿਸ ਜਿਸ ਵੀ ਨਾੜ ਵਿਚੋਂ ਤਾਰੂ ਦੇ ਢਿੱਡ ਵੱਲ ਨੂੰ ਲਪਕਿਆ, ਲਾਂਬੂ ਲਾਉਂਦਾ ਲੰਘ ਗਿਆ। ਉਹਦਾ ਅਧੀਆ ਹੀ ਡੀਕ ਲੈਣ ਨੂੰ ਚਿੱਤ ਕੀਤਾ। ਟੁੰਡ ਕੰਬਣ ਲੱਗੇ।

"ਵੜ ਉਏ ਤੂੰ ਮਾਂ ਦੇ ਭਾਂਡੇ 'ਚ, ਵੱਡਾ ਚੋਧਰੀ....ਤੇਰੇ ਅਰਗਿਆਂ ਨੂੰ ਤੇ ਭਾਊ ਮੈਂ ਮੰਜੀ ਦੀ ਪੁਆਂਦੀ ਨੀਂ ਬਹਿਣ ਦੇਂਦਾ....।"

ਤਾਰੂ ਆਪਣੀ ਆਈ 'ਤੇ ਉੱਤਰ ਆਇਆ। ਮੂੰਹ ਵਿਚੋਂ ਝੱਗ ਡਿੱਗਣ ਲੱਗੀ। ਕੋੜੀ ਥੁੱਕ ਘੋੜੀ ਦੇ ਪੈਰੀਂ ਥੁੱਕਦਾ ਬੰਬ ਤੇ ਆ ਬੈਠਾ। ਸੁਆਰੀਆਂ ਤਿਰਛਾ ਜਿਹਾ ਘੀਚਰ ਅਤੇ ਉਹਦੀ ਵਹੁਟੀ ਵੱਲ ਝਾਕੀਆਂ। ਫਿਰ ਸਹਿਮ ਗਈਆਂ। ਕਾਹਨੂੰ ਘੀਚਰ ਨੇ ਚਿੱਕੜ ਵਿਚ ਇੱਟ ਮਾਰਨੀ ਸੀ।

"ਅਖੇ ਹਮ ਦਾਰੂ ਨੀਂ ਪੀਤੇ...ਬੱਲੇ ਉਏ ਵੱਡੇ ਚੋਧਰੀਆ।"

ਬੁਕਦਾ ਛਾਂਟਾ ਘੋੜੀ ਉਤੇ ਵਰ੍ਹਿਆ, ਕਿੜ ਕਿੜ ਕਰਕੇ ਤਾਂਗੇ ਦੀਆ ਚੂਲਾਂ ਕੜਕੀਆਂ। ਸੁਆਰੀਆਂ ਝਟਕਿਆਂ ਨਾਲ ਹਿੱਲਣ ਲੱਗੀਆਂ।

"ਭੈਣ ਦੇਣੇ ਦੀ ਮੋਹ ਮਮਤਾ ਈ ਉੱਡ ਗਈ ਉਏ ਦੁਨੀਆਂ ਤੋਂ...ਕੱਲ੍ਹ ਨੂੰ ਕਹੀ ਤੀਵੀਂ ਆ ਗਈ...ਮੈਂ ਰੋਟੀ ਵੀ ਨੀਂ ਖਾਂਦਾ....।"

ਵਰ੍ਹਦਾ ਛਾਂਟਾ ਘੋੜੀ ਦੇ ਪਿੰਡੇ ਲਾਸ ਵਾਂਗ ਵਿੱਛਦਾ ਸੀ। "ਭੈਣ ਚੋ ਭੇਡਾਂ ਵੀ ਤੁਰ ਪੀਆਂ ਮੱਕੇ ਨੂੰ.....।" ਤਾਰੂ ਆਪਣੇ ਆਪ ਨਾਲ ਹੀ ਉਲਝ ਗਿਆ। ਹੱਚਕੋਲੇ ਖਾਂਦਾ ਤਾਂਗਾ ਉੱਡ ਹੀ ਜਾਣਾ ਚਾਹੁੰਦਾ ਸੀ। ਉੱਖੜੇ ਸਾਜ ਦਾ ਬੇ-ਗੀਤ ਸ਼ੋਰ ਕੰਨੀ ਛੇਕ ਪਾਉਂਦਾ ਸੀ। ਪੱਗਾਂ ਗੱਲ ਵਿਚ ਪੈ ਜਾਣ ਨੂੰ ਉੱਛਲੀਆਂ।

"ਤੇਰੇ ਉਏ ਦੇਂਦੇ ਦੀ ਬੱਚੀ ਨੂੰ.....।" ਉਸ ਦੰਦ ਕਰੀਚੇ.... ਵਾਗਾਂ ਤੁਣਕੀਆਂ ਅਤੇ ਲੰਮੀ ਵਾਗ ਦੇ ਮੋੜਵੇਂ ਸਿਰੇ ਨਾਲ ਘੋੜੀ ਇਕ ਤਰ੍ਹਾਂ ਕੋਹ ਹੀ ਘੱਤੀ। ਝੂਲਦੇ ਬੰਬ ਉਤੇ ਤਾਰੂ ਲਿਪਟਿਆ ਪਿਆ ਸੀ।

"ਕਾਹਨੂੰ ਬੇ-ਜ਼ਬਾਨ ਜਾਨਵਰ ਦਾ ਸਰਾਪ ਲੈਨੇਂ ਸਹੁਰਿਆ! ਅੱਗੇ ਕੇਹੜਾ...?"

ਸੁਆਰੀਆਂ ਆਖ਼ਰੀ ਹੱਦ ਤੀਕ ਪਸੀਜ ਗਈਆਂ।

ਪਰ ਉਹ ਤਾਂ ਜਿਵੇਂ ਆਪਣੇ ਆਪ ਨੂੰ ਹੀ ਕੋਹ ਰਿਹਾ ਸੀ।

"ਬਹੁਤਾ ਹੇਜ ਐ ਤਾਂ, ਅੱਗੇ ਆਪ ਜੁੱਪ ਜੋ... ਤੇ ਗੱਲ ਸੁਣੋ.... ਰੰਨ ਘੋੜਾ ਤਲਵਾਰ, ਝੁੱਡੂਆਂ ਨੇ ਨੀਂ ਰੱਖੇ ਕਦੇ...।"

ਕਰੋਧ ਨਾਲ ਤਾਰੂ ਮੱਥੇ ਤਿਉੜੀਆਂ ਦਾ ਜਾਲ ਉਣਿਆ ਗਿਆ ਸੀ।

ਉਹਨੂੰ ਘੀਚਰ ਦੀ ਤੀਵੀਂ ਤੇ ਰਤਕਵਾਂ ਰੰਜ ਸੀ। ਦੁਪਹਿਰ ਵੇਲੇ ਉਹ ਤਾਰੂ ਨੂੰ ਇਕੱਲੀ ਤਾਂਗੇ ਤੇ ਪਿੰਡ ਜਾਣ ਵਾਸਤੇ ਕਹਿ ਕੇ ਗਈ ਸੀ।

"ਡੀਕ ਕੇ ਜਾਈਂ।" ਉਸ ਆਖਿਆ ਸੀ। ਉਂਜ ਲੋਕ ਅਕਸਰ ਲਾਰੀਆਂ ਉੱਤੇ ਸ਼ਹਿਰ ਜਾਂਦੇ ਸਨ ਪਰ ਵੱਡੀ ਸੜਕ ਤੋਂ ਪਿੰਡ ਦੀ ਦੋ ਕੋਹ ਵਾਟ ਥਕਾ ਦਿੰਦੀ ਸੀ। ਫਿਰ ਤਾਂਗੇ ਤੇ ਬਹਿਣ ਦਾ ਆਪਣਾ ਹੀ ਲੁਤਫ਼ ਸੀ। ਸ਼ਾਨ ਨਾਲ ਘਰ ਦੀਆਂ ਬਰੂਹਾਂ ਅੱਗੇ ਜਾ ਉੱਤਰਨਾ। ਫਿਰ ਤਾਰੂ ਦਾ ਤਾਂਗਾ ਅਤੇ ਘੀਚਰ ਦੀ ਤੀਵੀਂ ਵਰਗੀ ਸੁਆਰੀ, ਜਿਸ ਲਈ ਤਾਰੂ ਨਰਕਾਂ ਤੀਕ ਵੀ ਜਾ ਸਕਦਾ ਸੀ।

ਵਰ੍ਹੇ ਬੀਤ ਗਏ ਸਨ, ਉਹ ਆਪਣੀਆਂ ਹੀ ਕਾਮਨਾਵਾਂ ਦੀ ਅੱਗ ਵਿਚ ਮੱਚ ਰਿਹਾ ਸੀ। ਪਿੰਡ ਵਾਲੇ ਸਿਰਫ਼ ਏਨਾਂ ਜਾਣਦੇ ਕਿ ਉਹਨੂੰ ਮਹਿੰਗਾ ਸਿੰਹੁ ਜੱਟ ਨੇ 'ਪਾਲਿਆ' ਸੀ ਅਤੇ ਤਾਰੂ ਸਿਰਫ਼ ਏਨਾਂ ਹੀ ਜਾਣਦਾ ਕਿ ਉਹਨੂੰ ਉਹਦੀ ਮਾਂ ਕਿਸੇ ਭਰਵੇਂ ਮੇਲੇ ਵਿਚ ਮਹਿੰਗਾ ਸਿੰਹੁ ਨੂੰ ਘੜੀ ਦੀ ਘੜੀ ਲਈ ਆਪਣਾ ਜੁਆਕ ਸਾਂਭਣ ਲਈ ਆਖ, ਅੱਜ ਤੀਕ ਨਹੀਂ ਸੀ ਪਰਤੀ; ਤੇ ਫਿਰ ਜਿਵੇਂ ਉਹ ਅੰਵਾਣੀ ਉਮਰ ਤੋਂ ਜੁਆਨੀ ਤੱਕ ਕਿਵੇਂ ਅੱਪੜਿਆ ਸੀ, ਸੋਚਦਿਆਂ ਰੂਹ ਕੰਬਦੀ ਸੀ। ਅੰਬਰੀ ਆਂਭਾ। ਨਾ ਅੱਗਾ, ਨਾ ਪਿੱਛਾ। ਠੇਡੇ ਅਤੇ ਜ਼ਿੱਲਤ। ਪਿਆਰ ਬਦਲੇ ਕੁਝ ਅਜਿਹਾ ਵਾਪਰ ਗਿਆ ਕਿ ਦੋਵੇਂ ਗੁੱਟ ਹੀ ਵੱਢੇ ਗਏ; ਅਤੇ ਮਹਿੰਗਾ ਸਿੰਹੁ ਜੱਟ ਸਿਰਫ਼ ਇਸ ਲਈ ਹੀ ਕਿਰਪੂ ਗੱਡਰੀਏ ਦੀ ਕੁਆਰੀ ਧੀ ਮੁੱਲ ਲੈ ਆਇਆ ਕਿ ਆਖਣ ਨੂੰ ਉਹਨੂੰ ਨਿੱਕੇ ਜਿਹੇ ਤਾਰੂ ਉੱਤੇ ਮਾਂ ਲਈ ਤਰਸ ਆਉਂਦਾ ਸੀ। ਮਹਿੰਗਾ ਸਿੰਹੁ ਤਾਂ ਮਰ ਖੱਪ ਗਿਆ ਪਰ ਕਿਰਪੂ ਗੱਡਰੀਏ ਦੀ ਧੀ ਅਤੇ ਤਾਰੂ, ਮਾਂ ਪੁੱਤ ਰਲ ਕੇ ਅਜਿਹਾ ਨਰਕ ਭੋਗ ਰਹੇ ਸਨ। ਜਿਸ ਤੋਂ ਤਾਰੂ ਅਤੇ ਉਹਦੀ ਮਤੇਈ ਮਾਂ ਕਦੇ ਵੀ ਮੁਕਤ ਨਹੀਂ ਸਨ ਹੋ ਸਕੇ......।

ਸਮਾਂ ਉਹਨੂੰ ਕਿੱਥੇ ਦਾ ਕਿੱਥੇ ਲੈ ਆਇਆ ਸੀ? ਇਕ ਗੈਰ-ਜ਼ਮੀਨੇ ਜੱਟ ਨੇ

ਉਹਨੂੰ ਪਾਲਿਆ ਸੀ ਪਰ ਫਿਰ ਵੀ 'ਜੱਟ' ਹੋਣ ਦਾ ਭਰਮ ਸਾਹ ਸਾਹ ਨਾਲ ਉਹਦੀ ਪੋਣ ਵਿਚਾਲੇ 'ਫਾਨੇ' ਵਾਂਗ ਅੜਿਆ ਰਹਿੰਦਾ। ਇਸੇ ਲਈ ਉਹ ਕਿਸੇ ਦੇ ਦਿਹਾੜੀ ਨਾ ਜਾਂਦਾ, ਸਿਰਫ਼ ਤਾਂਗਾ ਵਾਹੁੰਦਾ। ਹਾਰੀ ਗਈ ਪਿਆਰ ਦੀ ਬਾਜ਼ੀ ਤੇ ਵੈਣ ਵੀ ਨਾ ਪਾਉਂਦਾ, ਬਸ ਬੀਤ ਗਏ ਦਿਨਾਂ ਨੂੰ ਚੇਤੇ ਕਰਦਿਆਂ ਭੁੱਬੀਂ ਰੋ ਪੈਂਦਾ। ਆਖ਼ਰ ਕਿਉਂ? ਕੀ ਉਹ ਬੇ-ਵਾਰਸਾ ਸੀ? ਜਾਂ ਇਸ ਲਈ ਕਿ ਉਹਦੀ ਮਾਂ ਉਹਨੂੰ ਭਰੇ ਮੇਲੇ ਵਿਚ ਛੱਡ ਗਈ ਸੀ? ਜਿੰਨੀਆਂ ਖੇਡਾਂ ਉਹਦੇ 'ਤਨ ਅਤੇ ਮਨ' ਨਾਲ ਖੇਡੀਆਂ ਗਈਆਂ ਸਨ, ਉਹਨਾਂ ਨੂੰ ਚੇਤੇ ਕਰਕੇ ਉਹ ਥਰ ਥਰ ਕੰਬਣ ਲੱਗ ਪੈਂਦਾ। ਖ਼ਬਰੇ ਕਿੰਨੇ ਕੁ ਲੋਕ ਸਨ, ਜਿਨ੍ਹਾਂ ਉਹਨੂੰ ਰੱਜ ਕੇ ਕੋਹਿਆ ਸੀ, ਵਰਤਿਆ ਸੀ ਤੇ ਅੱਜ ਉਸ ਆਪੇ ਨੂੰ ਨਿਢਾਲ ਵਗਦੇ ਪਾਣੀਆਂ ਵਿਚ ਸਿੱਟ ਦਿੱਤਾ ਸੀ। ਜਿਧਰ ਲਹਿਰਾਂ ਧੱਕਦੀਆਂ, ਰੁੜ੍ਹਦਾ ਤੁਰਿਆ ਜਾਂਦਾ। ਲੋਕਾਂ ਭਾਣੇ ਜਿੰਨਾ ਕੁਝ ਉਹਦੇ ਨਾਲ ਵਾਪਰਿਆ ਸੀ ਹੁਣ ਤੀਕ ਤਾਂ ਉਹਨੂੰ ਮਰ ਖਪ ਜਾਣਾ ਚਾਹੀਦਾ ਸੀ।....ਉਹਨੇ ਲੋਕਾਂ ਨਾਲ ਸੀਰ ਕੀਤਾ ਸੀ। ਚਾਕਰੀ ਕੀਤੀ ਸੀ। ਪਰ ਉਹਦੀ ਗੁਰਬਤ ਕਿਸੇ ਦੇ ਮੇਚ ਨਹੀਂ ਸੀ ਆਈ। ਉਹ ਭੁੱਖ ਨੰਗ ਵਿਚ ਪ੍ਰਵਾਨ ਚੜ੍ਹਿਆ ਸੀ ਤੇ ਮਤੇਈ ਮਾਂ ਨਾਲ ਰਲ ਕੇ ਨਿਰਾਦਰ ਦਾ ਅਜਿਹਾ ਸਰਾਪ ਭੋਗਿਆ ਸੀ, ਜਿਹੜਾ ਮਹਿੰਗਾ ਸਿਊ ਉਹਨਾਂ ਦੋਹਾਂ ਲਈ ਸਿਰਜ ਕੇ ਮਰ ਗਿਆ ਸੀ।

ਪਰ ਖ਼ਬਰੇ ਕੇਹੜੀ ਮਿੱਟੀ ਸੀ, ਜੋ ਉਸ ਵਿਚ ਹਾਲੀ ਵੀ ਜਿਉਣ ਲਈ ਤੜਪਦੀ ਸੀ। ਕੋਈ ਚੁਆਤੀ ਸੀ ਜੋ ਬੁਝ ਬੁਝ ਕੇ ਵੀ ਮਘ ਉੱਠਦੀ ਸੀ। ਕਦੇ ਕਦਾਈਂ ਜਦੋਂ ਉਹ ਆਪਣੇ ਚੰਦਰੇ ਮੂੰਹ 'ਚੋਂ ਖੇਰੂ ਪਾਉਂਦਾ ਤਾਂ ਲੋਕ ਕਦੇ ਉਹਦੇ ਟੁੰਡ, ਕਦੇ ਉਹਦੇ 'ਕਾਰੇ' ਵੇਖਦੇ ਰਹਿ ਜਾਂਦੇ।

ਅੱਜ ਵੀ ਜਦੋਂ ਘੀਚਰ ਦਾਰੂ ਦੀ ਛਿੱਟ ਤੋਂ ਮੁਨਕਰ ਹੋ ਗਿਆ ਸੀ ਅਤੇ ਉਹਦੀ ਤੀਵੀਂ ਇਕੱਲੀ ਪਿੰਡ ਜਾਣ ਦੀ ਥਾਂ, ਘੀਚਰ ਨੂੰ ਵੀ ਨਾਲ ਲੈ ਆਈ ਸੀ ਤਾਂ ਤਾਰੂ ਦੇ ਮੱਥੇ ਪੀੜ ਟੱਸ ਟੱਸ ਕਰਨ ਲੱਗੀ ਸੀ। ਸੁਆਰੀਆਂ ਦੀ ਸਾਰੀ ਹਮਦਰਦੀ ਫੱਟਾਂ ਉੱਤੇ ਲੂਣ ਵਾਂਗ ਭੁੱਕੀ ਗਈ ਸੀ। ਉਹ ਉਦਾਸ ਹੋ ਗਿਆ ਸੀ।

ਕਦੇ ਉਹ ਸੋਚਦਾ, ਇਹ ਕਿਹੋ ਜਿਹੀਆਂ ਕਾਮਨਾਵਾਂ ਸਨ ਜਿਨ੍ਹਾਂ ਦੀਆਂ ਤਿੱਖੀਆਂ ਘੁੰਮਣ-ਘੇਰੀਆਂ ਵਿੱਚ ਉਹ ਵਰੋਲੇ ਦੇ ਕੱਖਾਂ ਵਾਂਗ ਉੱਡ ਰਿਹਾ ਸੀ। ਤੜਪਦਾ, ਲੁੱਛਦਾ ਅਤੇ ਛਟਪਟਾਉਂਦਾ। ਕਿਹੋ ਜੇਹੀ ਹਾਬੜੀ ਭੁੱਖ ਸੀ ਕਿ ਤੀਵੀਂ ਵੇਖਦਿਆਂ ਹੀ ਉਹਦੇ ਸਾਹ ਫੁੱਲਣ ਲੱਗਦੇ। ਪਿੰਡਾ ਮੱਚਣ ਲੱਗਦਾ। ਅੱਖਾਂ ਵਿਚ ਮਿਰਚਾਂ ਜਿਹਾ ਕੁਝ ਲੜਨ ਲੱਗਦਾ। ਚਿੱਤ ਨੂੰ ਡੋਬੂ ਪੈਂਦੇ।

ਵੱਡੀ ਸੜਕ ਤੋਂ ਤਾਂਗਾ ਪਿੰਡ ਵੱਲ ਪਰਤਿਆ ਤਾਂ ਲਾਗਲੇ ਪਿੰਡਾਂ ਦੀਆਂ ਸੁਆਰੀਆਂ ਥਾਏਂ ਉੱਤਰ ਗਈਆਂ। ਪਿੰਡ ਨੂੰ ਮੁੜਦਿਆਂ ਘੀਚਰ ਅਤੇ ਉਹਦੀ ਵਹੁਟੀ ਹੀ ਤਾਂਗੇ ਵਿਚ ਰਹਿ ਗਏ ਤਾਂ ਉਹ ਪਛਤਾਵੇ ਨਾਲ ਭਰ ਗਿਆ। "ਮਨਾਂ ਕਾਹਨੂੰ ਵੱਧ ਘੱਟ ਕਰਨੀ ਸੀ।" ਚੰਡਾਲ ਗੁੱਸੇ ਕਾਰਨ ਉਹਦਾ ਘੀਚਰ ਤੋਂ ਖਿਮਾ ਮੰਗ ਲੈਣ ਤੇ ਜੀ



ਕਰ ਆਇਆ।

ਸੂਏ ਦੇ ਪੁਲ ਤੀਕ ਆਉਂਦਿਆਂ ਉਹਨੇ ਘੀਚਰ ਅਤੇ ਦੇਵਕੀ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਸੁਣੀਆਂ ਤਾਂ ਰਉਂ ਵਿਚ ਆ ਗਿਆ। ਪੱਛੋਂ ਦੀ ਨਿੰਮੀ ਰਿਵੀ ਵਿਚ ਝੂੰਮਦੀਆਂ ਫਸਲਾਂ ਉੱਤੋਂ ਤਿਲਕਦੀ ਨਜ਼ਰ, ਸੰਧੂਆਂ ਕੇ ਉੱਚੇ ਸਫੈਦਿਆਂ ਤੇ ਜਾ ਟਿਕੀ।....

ਆਖ਼ਰ ਕਾਹਤੋਂ ਉਹ ਘੀਚਰ ਨੂੰ ਦਾਰੂ ਦੀ ਛਿੱਟ ਲਈ ਮਜਬੂਰ ਕਰਦਾ ਰਿਹਾ ਸੀ? ਕਿਉਂ ਉਹ ਘੰਟਾ ਭਰ ਦੇਵਕੀ ਨੂੰ ਉਡੀਕਦਾ ਰਿਹਾ ਸੀ? ਜਦ ਕੇ ਦੂਜੇ ਤਾਂਗਿਆਂ ਵਾਲੇ ਕਦੋਂ ਦੇ ਪਿੰਡਾਂ ਵੱਲ ਪਰਤ ਗਏ ਸਨ।

"ਉੱਡ ਗਏ ਪੰਛੀ ਮਿੱਤਰਾ...." ਦੁਪਹਿਰ ਤੱਕ ਦੂਜੇ ਤਾਂਗਿਆਂ ਵਾਲੇ ਟਿੱਚਰੀਂ ਉੱਤਰ ਆਏ ਸਨ। ਫਿਰ ਵੀ ਉਹਨੇ ਇੱਕੜ ਦੁੱਕੜ ਸੁਆਰੀਆਂ ਵੱਲ ਚੱਜ ਨਾਲ ਨਹੀਂ ਸੀ ਝਾਕਿਆ, ਪਰ ਮੁੜਦੀ ਦੇਵਕੀ ਨਾਲ ਘੀਚਰ ਨੂੰ ਆਉਂਦਿਆਂ ਦੇਖ ਉਹਨੇ ਲਹੂ ਦੇ ਘੁੱਟ ਭਰੇ ਸਨ। ਉਹ ਉੱਖੜਿਆ ਜਿਹਾ ਤਾਂਗਾ ਹਿੱਕੀ ਤੁਰਿਆ ਆਇਆ ਸੀ। ਉਹਦੀ ਜਾਚੇ ਨਿਕਲ ਕੇ ਆਈ 'ਦੇਵਕੀ' ਮਤਾਬੀ ਡੱਬੀ ਦੀ ਅਜਿਹੀ ਰਾਂਗਲੀ ਅੱਗ ਸੀ, ਜਿਸ ਵਿਚ ਉਹ ਤਨ ਦੇ ਆਖ਼ਰੀ ਰੋਮ ਤੀਕ ਲੂਸ ਜਾਣਾ ਚਾਹੁੰਦਾ ਸੀ।

ਘੀਚਰ ਤਾਂਗੇ 'ਚੋਂ ਕੀ ਉੱਤਰ ਕੇ ਗਿਆ, ਕਾਲਜੇ ਵਿਚੋਂ ਰੁੱਗ ਭਰ ਲੈ ਗਿਆ ਸੀ। ਆਖ਼ਰ ਇਹ ਕਿਹੋ ਜਹੇ ਮੋਹ ਦੀਆਂ ਤੰਦਾਂ ਸਨ ਜਿਨ੍ਹਾਂ ਵਿਚ ਉਹ ਲਿਪਟਣ ਲੱਗਦਾ ਤਾਂ ਕੁੰਡੀ ਤੋਂ ਬਿਨਾਂ ਹੀ ਜਾ ਫਸਦਾ। ਇਸ ਤੋਂ ਉਲਟ, ਜੇ ਜੀਅ ਵਿਚ ਆ ਜਾਂਦੀ ਤਾਂ ਜਾਲ ਹੀ ਨਿਗਲ ਜਾਂਦਾ।

ਦੇਵਕੀ ਦੇ ਤਾਂਗੇ ਵਿਚੋਂ ਉੱਤਰ ਜਾਣ ਮਗਰੋਂ ਤੀਵੀਂ ਦਾ ਝੰਮ ਝੰਮ ਕਰਦਾ ਅਹਿਸਾਸ ਉਹਦੀਆਂ ਉਦਾਸ ਅੱਖਾਂ ਵਿਚ ਸੂਲੀ ਵਾਂਗ ਲਟਕ ਗਿਆ ਸੀ ਤੇ ਪੀੜ ਦੀਆਂ ਤਿੱਖੀਆਂ ਕਿਰਚਾਂ ਉਹਦੇ ਵਜੂਦ ਵਿਚ ਵਲਿੱਸ ਰਹੀਆਂ ਸਨ।

ਬੇਡਾਗੀ ਵਿਚੋਂ ਦਾਰੂ ਦਾ ਅਧੀਆ ਟੂੰਡਾਂ ਵਿਚ ਘੁੱਟਦਾ ਉਹ ਨਾਈਆਂ ਦੇ ਨਲਕੇ ਵੱਲ ਨੂੰ ਅਹੁਲਿਆ। ਸ਼ੀਸ਼ੀ ਦਾ ਖ਼ਾਲੀ ਹਿੱਸਾ, ਪਾਣੀ ਨਾਲ ਪੁਰ ਕਰਦਿਆਂ ਉਹਨੇ ਥਾਏਂ ਡੀਕ ਲਾ ਲਈ। ਕੌੜੀ ਹਵਾੜ ਨਾਸਾਂ ਥਾਣੀ ਨਿਕਲਣ ਲੱਗੀ। ਉਹਨੇ ਖੰਗਾਰ ਕੇ ਥੁੱਕਿਆ ਅਤੇ ਗੱਡਵੇਂ ਹਾੜੇ ਦੀ ਹੋਰ ਤਲਬ ਮਹਿਸੂਸ ਕੀਤੀ।

ਹਨੇਰਾ ਗੂਹੜਾ ਹੋ ਰਿਹਾ ਸੀ। ਅਧੀਆ ਲੱਭੜਾਂ ਕੀ ਵਾੜ ਵਿਚ ਵਗਾਹ ਕੇ ਮਾਰਦਿਆਂ ਉਹ ਥੋੜ੍ਹੀ ਦਾਰੂ 'ਤੇ ਝੁੰਜਲਾ ਉੱਠਿਆ। ਅਜਿਹੇ ਪਲਾਂ ਵਿਚ ਉਹ ਚਾਹੁੰਦਾ, ਦੀਨ ਦੁਨੀਆਂ ਹੀ ਵਿੱਸਰ ਜਾਵੇ। ਭੁੱਲ ਹੀ ਜਾਵੇ ਕਿ ਜਿਹੜੇ ਗ਼ੈਰ ਜ਼ਮੀਨੇ ਜੱਟ ਹੋਣ ਦਾ ਮਾਰੂ ਸਰਾਪ ਉਹਨੇ ਪਿੰਡੇ ਜਰਿਆ ਸੀ, ਕਿੰਨਾ ਤਲਖ਼ ਸੀ।

ਉੱਖੜਿਆ ਜਿਹਾ ਤਾਰੂ ਘਰ ਵੱਲ ਪਰਤ ਪਿਆ। ਮਾਂ ਖ਼ਬਰੇ ਕੇਹੜੇ ਖੂਹ ਵਿੱਚ ਲਹਿ ਗਈ ਸੀ। ਚੁਫੇਰੇ ਸੁੰਨ-ਮਸਾਨ ਤੋਂ ਉਹਨੂੰ ਭੈ ਆਇਆ। ਲੱਗਾ, ਜਿਵੇਂ ਘਰ ਦੀਆਂ ਕੰਧਾਂ ਵਿਚਾਲੇ ਸੋਗੀ ਅਤੇ ਬੋਝਲ ਹਵਾ ਚਾਂਗਰਾਂ ਮਾਰ ਰਹੀ ਹੋਵੇ। ਪੈਰੀਂ ਥਿੜਕਦਾ ਉਹ ਬਾਹਰ

ਨੂੰ ਹੋ ਤੁਰਿਆ। ਲੰਬੜਾਂ ਕੀ ਥੱਬੀ ਉਪਰੋਂ ਗੇੜਾ ਦਿੰਦਾ, ਦੁਆਬੀਆਂ ਕੇ ਕਮਾਦ ਵਿਚ ਜਾ ਬੈਠਾ। ਬਿਲਕੁਲ ਬੰਨੇ ਨਾਲ। ਛਹਿ ਕੇ। ਤੀਵੀਆਂ ਦੇ ਝੁੰਡਾਂ ਦੇ ਝੁੰਡ ਜੰਗਲ ਪਾਣੀ ਲਈ ਨਿਕਲਦੇ। ਕੁੜੀਆਂ ਚਿੜੀਆਂ ਨੰਗੇ ਜ਼ਿਕਰ ਛੇੜ ਲੈਂਦੀਆਂ। ਉਹ ਬਿੜਕਾਂ ਲੈਂਦਾ ਰਹਿੰਦਾ। ਪਰ ਨਿਆਈਆਂ ਦੇ ਸਾਰੇ ਖੇਤ ਸੁੰਨੇ ਵੇਖ ਉਹਦੇ ਸਿਰ ਨੂੰ ਘੁਮੇਰ ਚੜ੍ਹ ਗਈ। ਜਿਵੇਂ ਚੱਕਰ ਆ ਰਹੇ ਹੋਣ, ਨਸ਼ਾ ਜਾਂ ਤਾਂ ਚੜ੍ਹਿਆ ਹੀ ਨਹੀਂ ਸੀ ਜਾਂ ਉੱਤਰ ਰਿਹਾ ਸੀ। ਪੀੜਤ ਮਨ ਨਾਲ ਉਹ ਉੱਠ ਖੜ੍ਹਿਆ। "ਧੀ ਦੇ ਯਾਰ ਦੀਆਂ ਅੱਜ ਤੀਵੀਆਂ ਈ ਮਰ ਗਈਆਂ ਕਿਤੇ....!" ਵਾਹਣ ਦੇ ਡਲਿਆਂ ਵਿਚੋਂ ਲੰਘਦਿਆਂ ਉਹਦਾ ਬੁੱਖ ਮਾਰਨ ਨੂੰ ਜੀ ਕੀਤਾ। ਤੁਰੇ ਆਉਂਦੇ ਉਹਨੇ ਪਿੰਡ ਵੱਲ ਓਪਰੀ ਨਿਗਾਹ ਮਾਰੀ। ਬੱਤੀਆਂ ਜਗ ਪਈਆਂ ਸਨ। ਧੂੰਏਂ ਦੀ ਮੋਟੀ ਤਹਿ ਕੱਚੇ ਪੱਕੇ ਬਨੇਰਿਆਂ ਉੱਤੇ ਬੱਦਲ ਵਾਂਗ ਠੈਰ ਰਹੀ ਸੀ।

ਗੁਰਦੁਆਰੇ ਦੇ ਬਰੋਬਰ ਆਇਆ ਤਾਂ ਤੀਵੀਆਂ ਦਾ ਇਕ ਭਰਵਾਂ ਟੋਲਾ 'ਬਾਹਰ' ਜਾ ਰਿਹਾ ਸੀ। ਉਹਨੇ ਪਛਾਨਣ ਦੀ ਕੋਸ਼ਿਸ਼ ਕੀਤੀ.... ਪਰ ਅੱਖਾਂ ਮੂਹਰੇ ਹਨੇਰੇ ਦੀਆਂ ਸੰਘਣੀਆਂ ਪਰਤਾਂ ਏਨੀਆਂ ਗੂਹੜੀਆਂ ਵਿਛੀਆਂ ਪਈਆਂ ਸਨ ਕੇ ਉਹ ਮਨ ਹੀ ਮਨ ਖਿਝਦਾ ਤੁਰਿਆ ਆਇਆ।

ਅਚਾਨਕ ਉਸ ਪਿੱਠ ਪਿਛੇ ਖਚਰੇ ਹਾਸੇ ਦੀ ਢਾਬੜ ਸੁਣੀ। ਪੈਰੀਂ ਡੱਖਰੇ ਵਿੱਚ ਗਏ। 'ਜਰੂਰ ਭੁੱਚਰਾਂ ਕੀ ਨੂੰਹ ਹੋਊ......ਪਟੋਲਾ ਜੀ ਸਾਲੀ। ਨਿਰੀ ਛਿਟੀਆਂ ਦੀ ਅੱਗ।' ਉਸ ਬੁੱਲ੍ਹਾਂ ਤੇ ਜੀਭ ਫੇਰੀ, ਪਰਤ ਕੇ ਵੇਖਿਆ। ਪਰਸੋਂ ਤਰਕਾਲੀਂ ਹੀ ਲੁੱਕ ਕੇ ਸੁਣੀਆਂ ਚੇਤੇ ਆਈਆਂ। ਮੁਕਲਾਵੇ ਦੀਆਂ ਮੱਚਦੀਆਂ ਰਾਤਾਂ ਦਾ ਜ਼ਿਕਰ। ਅਚਾਨਕ ਜਿਵੇਂ ਭੁੱਚਰਾਂ ਕੀ ਨੂੰਹ ਉਹਦੀਆਂ ਅੱਖਾਂ ਮੂਹਰੇ ਸਰਕੜੇ ਵਾਂਗ ਮੱਚ ਉੱਠੀ ਹੋਵੇ। ਉਹਦੇ ਸਾਹਾਂ ਵਿਚ ਮਿਸ਼ਰੀ ਜਹੀ ਘੁਲ ਗਈ। ਪੀਤੇ ਹਾੜੇ ਦਾ ਸਰੂਰ ਆਇਆ। ਅੰਗਾਂ ਵਿਚ ਜਲੂਣ ਹੋਈ। ਪਿੰਡ ਦੀਆਂ ਕੁੜੀਆਂ ਮਿੱਧਦਾ ਉਹ ਵਜਦ ਵਿਚ ਆ ਗਿਆ ਅਤੇ ਆਪਣੇ ਤਕ ਹੀ ਅੱਪੜਦੀ ਅਵਾਜ਼ ਵਿਚ ਗੁਣਗੁਣਾਇਆ।

"... ਉਏ ਛੜੇ ਨੂੰ ਜਿਵੇਂ ਤੂੰ ਟੱਕਰੀ....
ਤੈਨੂੰ ਟੱਕਰੂ ਬੰਸਰੀ ਆਲਾ.... ਛੜੇ ਨੂੰ ਜਿਵੇਂ...."

ਲਾਲਗੇ ਘਰਾਂ ਵਿਚੋਂ ਸ਼ੋਰ ਸੁਣਦਾ ਸੀ। ਕਿਤੋਂ ਪੱਠੇ ਕੁਤਰਨ ਦੀ ਅਵਾਜ਼ ਆਈ। ਪੱਛੋਂ ਦੀ ਡਿੰਗਦੀ ਕੁੱਖ ਵਿਚ ਚੰਦਰਮਾਂ ਦੀ ਪਤਲੀ ਲੀਕ ਵੇਂਹਦਾ ਤਾਰੂ ਸੋਚੀਂ ਪੈ ਗਿਆ। ਲੱਗਾ ਜਿਵੇਂ ਕੁਤਰਾ ਮਸ਼ੀਨ ਉਹਦੇ ਮੱਥੇ ਵਿਚ ਚੱਲ ਰਹੀ ਸੀ ਅਤੇ ਪੱਠਿਆਂ ਦੀ ਥਾਵੇਂ, ਉਹਦੀਆਂ ਦੋਵੇਂ ਬਾਹਾਂ ਹੀ ਕੁਤਰੀਆਂ ਜਾ ਰਹੀਆਂ ਸਨ। ਪਿੰਡ ਦੀਆਂ ਗਲੀਆਂ ਵਿਚੋਂ ਜਿਵੇਂ ਲਹੂ ਦੇ ਹੜ੍ਹ ਵੱਗ ਤੁਰੇ ਹੋਣ, ਅਚਾਨਕ ਉਹਨੂੰ ਉਹ ਸਮਾਂ ਚੇਤੇ ਆਇਆ ਜਦੋਂ ਇੱਕ ਇੱਕ ਕਰਕੇ ਉਹਦੀਆਂ ਦੋਵੇਂ ਬਾਂਹੀ ਵੱਢੀਆਂ ਗਈਆਂ ਸਨ। ਭੋਜਾ ਸਿਹੁੰ ਜੱਟ ਦੀ ਚੁੱਲ੍ਹ ਵਿੱਚ ਉਸ ਸਿਰਫ਼ ਇਸ ਕਰਕੇਂ ਹੀ ਜੁਆਨੀ ਫੂਕ ਘੱਤੀ ਸੀ ਕਿ ਹੋ ਸਕਦੇ ਉਹ ਆਪਣੀ ਵੱਡੀ ਧੀ ਦਾ ਸਾਕ ਉਹਨੂੰ ਦੇ ਦੇਵੇ, ਪਰ ਉਹਦੀ ਗੁਰਬਤ,



ਜੱਟ ਦੇ ਸਿਆੜਾਂ ਮੇਚ ਨਹੀਂ ਸੀ ਆਈ ਤੇ ਇਹ ਕਾਰਾ ਵਾਪਰ ਗਿਆ ਸੀ। ਉਹ ਫਰਾਹਟੇ ਉੱਤੇ ਕਣਕ ਕੁਤਰ ਰਿਹਾ ਸੀ, ਜਦੋਂ ਉਹਨੇ ਭੋਜਾ ਸਿਹੁੰ ਦੀ ਵੱਡੀ ਧੀ ਦੇ ਮੰਗੀ ਜਾਣ ਬਾਰੇ ਸੁਣਿਆ ਸੀ। ਸੁਣਿਆ ਕੀ, ਪੱਥਰ ਹੋ ਗਿਆ ਸੀ। ਪਤਾ ਹੀ ਨਾ ਲੱਗਾ ਕਦੋਂ ਬਾਹਾਂ ਮਸ਼ੀਨ ਵਿਚ ਲੰਘ ਗਈਆਂ ਸਨ।

ਚਾਦਰ ਦੀ ਢਿਲਕੀ ਬੁੱਕਲ ਟੁੰਡਾਂ ਨਾਲ ਕੱਸ ਕੇ ਘੁਟਦਿਆਂ ਤਾਰੂ ਉਦਾਸ ਹੋ ਗਿਆ। ਹਨੇਰੇ ਵਿਚ ਉਹਨੇ ਬਿਲਕੁਲ ਨੇੜੇ ਆਉਂਦੇ ਗੁਰਦੁਆਰੀਏ ਭਾਈ ਦਾ ਭਾਰਾ ਅਕਾਰ ਡਿੱਠਾ।

"ਸੱਤ ਕਰਤਾਰ!"

ਭਾਈ ਬੁੜਬੁੜਾਇਆ। ਜਿਵੇਂ ਤਾਰੂ ਤੋਂ ਡਰ ਗਿਆ ਹੋਵੇ।

ਚਿੱਤ ਵਿਚ ਆਈ ਰਜਾ ਕਰਕੇ ਮੁੜਦੇ ਭਾਈ ਨੂੰ ਪੰਜ ਸੱਤ ਛਿੱਤਰ ਜੜ ਦੇਵੇ। ਰੋਟੀਆਂ ਵਾਲਾ ਛਾਬਾ ਖੋਹ ਲਵੇ ਤੇ ਕਹੇ, "ਵੰਨ ਸੁਅੰਨੀਆਂ ਚਰਦੇ ਚੋਰਿਆ!" ਪਰ ਉਹ ਰੱਬ ਦੇ ਕਿਸੇ ਅਦਿੱਖ ਭੈਅ ਤੋਂ ਡਰ ਗਿਆ।

"ਵਾਹਿਗੁਰੂ....ਵਾਹਿਗੁਰੂ.....!"

ਉਂਞ ਕਦੇ ਰਉਂ ਵਿਚ ਹੁੰਦਾ ਤਾਂ ਤਾਂਗੇ ਦੇ ਥੇਬ ਤੋਂ ਹੀ ਗੱਲਾ ਸਿੱਟਦਾ।

"ਕਿਦੋਂ ਬਾਬਾ ਜੀ... ਪੈਂਦੇ ਐ ਭੋਗ ਫਿਰ ਦੋਹੀਂ ਦੋਹੀਂ ਹੱਥੀਂ?"

"ਧੰਨ ਸਤਗੁਰੂ....! ਸਤਨਾਮ ਬੋਲਿਆ ਕਰੋ ਗੁਰਮੁਖੋ...........!"

ਭਾਈ ਕੰਨ ਭੰਨਣ ਲੱਗਦਾ।

ਤਦ ਮਨ ਹੀ ਮਨ ਤਾਰੂ ਪਿੰਡ ਦੀਆਂ ਉਹ ਤੀਵੀਆਂ ਚੇਤੇ ਕਰਨ ਲਗਦਾ, ਜਿਹੜੀਆਂ ਮੂੰਹ ਝਾਖਰੇ ਨਿੱਤਨੇਮ ਲਈ ਗੁਰਦੁਆਰੇ ਆਉਂਦੀਆਂ ਸਨ।

ਇੰਜ ਹਰ ਵਾਰੀਂ ਉਹਨੂੰ ਪਿਛਲਾ ਭਾਈ ਚੇਤੇ ਆਉਂਦਾ। ਜੋਹੜਾ ਅਕਾਰਥ ਹੀ ਬੱਦੂ ਹੋਇਆ ਸੀ। ਮੁਢੀਰ ਆਖਦੀ, ਤੜਕੇ ਜਦੋਂ ਭਾਈ ਸੰਖ ਪੂਰਦਾ ਸੀ ਤਾਂ ਮੁਸ਼ਟੰਡੀਆਂ ਰਗੀਮਤਾਂ ਉਹਦੇ ਪੈਰੀਂ ਆ ਮੱਥਾ ਟੇਕਦੀਆਂ ਸਨ। ਬਦ ਨਾਲੋਂ ਬਦਨਾਮ ਬੁਰਾ। ਲਾਲਾ ਲਾਲਾ ਹੋਣ 'ਤੇ ਪਿੰਡੋਂ ਨਿਕਲਣ ਲੱਗਾ ਤਾਂ ਤਾਰੂ ਉਹਦਾ ਸਮਾਨ ਤਾਂਗੇ ਵਿਚ ਰੱਖਦਾ ਤਲਖ਼ ਹੋ ਗਿਆ।

"ਚਲੋ ਕੋਹੜ ਲਹਿ ਗਿਆ ਗਲੋਂ...." ਕਿਸੇ ਕਹਿ ਦਿਤਾ।

"ਕੇਹੜਾ ਕੋਹੜ?" ਤਾਰੂ ਅੱਗ ਬਥੂਲਾ ਹੋ ਗਿਆ। ਮੈਂ ਪੁੱਛਦਾਂ... ਭਾਂਤ ਭਾਂਤ ਦੇ ਲੂਵੇ ਛਕੇ, ਦੁੱਧ ਪੀਵੇ.... ਸਾਹਣ ਆਂਗ ਵੇਹਲਾ ਫਿਰੇ....ਫੇ ਅਗਲਾ ਵਾਜਾ ਨਾ ਵਜਾਏ ਤੇ ਹੋਰ ਭਾਂਡੇ ਮਾਂਜੇ ਪਿੰਡ ਦੇ...... ਇਹ ਤਾਂ ਐਂ ਈ ਢੋਲਕੀ ਵੱਜੂ ਭਾਊ.....!"

ਉਹਨੇ ਭਾਈ ਦਾ ਲੱਦਿਆ ਲਦਾਇਆ ਸਮਾਨ ਲਾਹ ਕੇ ਔਹ ਮਾਰਿਆ ਸੀ। ਉਹਨੂੰ ਆਪ, ਅਤੇ ਪਿੰਡ ਦੇ ਲੋਕਾਂ ਨੂੰ ਅੱਜ ਤੀਕ ਇਸ ਗੱਲ ਦੀ ਸਮਝ ਨਹੀਂ ਸੀ ਲੱਗੀ ਕਿ ਆਖ਼ਰ ਅਚਾਨਕ, ਤਾਰੂ ਦੀ ਭਾਈ ਨਾਲ ਹਮਦਰਦੀ ਕਿਉਂ ਜਾਗ ਪਈ ਸੀ?....

ਕੱਚੀ ਡਿਓਢੀ ਦੀ ਨੀਵੀਂ ਛੱਤ ਹੇਠੋਂ ਨਿਉਂ ਕੇ ਲੰਘਦਿਆਂ ਤਾਰੂ ਵੇਹੜੇ ਵਿੱਚ ਆ ਰਿਹਾ। ਭੁੱਖ ਨਾਲ ਉਹਨੂੰ ਖੋਹ ਪੈ ਰਹੀ ਸੀ। ਸਬਾਤ ਵਿੱਚ ਦੀਵੇ ਦਾ ਨਿੰਮ੍ਹਾ ਚਾਨਣ ਊਂਘ ਰਿਹਾ ਸੀ।

ਧਾਹ ਕੇ ਅੰਦਰ ਲੰਘ ਗਿਆ ਪਰ ਠਿੱਬਾ ਛਿੱਤਰ ਦਲ੍ਹੀਜਾਂ ਵਿਚ ਅੜ ਗਿਆ। ਡਿਗਦਾ ਡਿਗਦਾ ਮਸਾਂ ਬਚਿਆ, "ਤੇਰੇ ਓਏ ਬੂਹਾ ਬਣਾਉਂਦੇ ਕਾਰੀਗਰ ਦੀ ਕਾਕੇ ਨੂੰ ....."।

"ਉਜੜ ਗਿਆ ਟੱਬਰ ਕਿਤੇ..." ਉਹ ਮਾਂ ਤੇ ਵਰ੍ਹਿਆ।

ਪ੍ਰਸਿੰਨੀ ਕਿਤੇ ਨਹੀਂ ਸੀ। ਸਾਰੇ ਘਰ ਵਿਚ ਸੁੰਨ-ਮਸਾਣ ਵਿੱਛੀ ਪਈ ਸੀ। ਸਬਾਤ ਵੱਲ ਅਹੁਲਿਆ ਤਾਂ ਦੋਹ ਖਣਾਂ ਦੀ ਕੋਠੜੀ ਵਿਚ ਧੂੰਏਂ ਦੇ ਕੜ ਪਾਟੇ ਪਏ ਸਨ। ਪ੍ਰਸਿੰਨੀ ਗਿੱਲੇ ਬਾਲਣ ਨਾਲ ਹੀ ਖਪ ਰਹੀ ਸੀ। ਏਨੀ ਧੂੰਆਂਰਾਲੀ ਵਿਚ ਉਹ ਪਤਾ ਨਹੀਂ ਕਿਵੇਂ ਬੈਠੀ ਸੀ।

ਉਹਨੂੰ ਉੱਥੂ ਆ ਗਿਆ। ਹਨੇਰੇ ਵਿਚ ਹੀ ਠਿੱਬੇ ਛਿੱਤਰ ਦਾ ਠੁੱਡ ਮਾਂ ਦੀ ਵੱਖੀ ਵਿਚ ਜੜਦਿਆਂ ਕੜਕਿਆ।

"ਕੰਜਰਾਂ ਦੇ ਜਾਣ ਦੀਏ...ਸਾਰਾ ਦਿਨ ਕੀ ਇੰਜਨ ਮਾਂਜਦੀ ਐਂ.... ਵੀਹ ਵੇਰੀਂ ਕਿਹੇ ਬਈ ਕਰ ਲਈਏ ਕੋਈ ਚਾਹ ਭੰਨ...ਲੈ ਆਉਨਾਂ ਕੋਈ ਟੁੱਟੀ ਭੱਜੀ ਤੀਵੀਂ... ਅਖੇ ਨਾ ਨਾ...ਗਾਲ ਲੈ ਦੀਦੇ.... ਹੋ ਜਾ ਅੰਨ੍ਹੀ....ਫੜ ਲੀਂ ਡੰਗੋਰੀ..... ਅੱਧੀ ਰਾਤੀਂ ਟੁੱਕ ਸੁਝਦੇ ਕੁੜੀ ਯਾਵੀ ਨੂੰ...."

ਧੂੰਏਂ ਵਿਚ ਸਾਹ ਟੁੱਟਦਾ ਸੀ। ਅੱਖਾਂ ਮਿਚਦੀਆਂ। ਗੋਤੇ ਆਉਂਦੇ। ਪ੍ਰਸਿੰਨੀ ਸੀ ਕਿ ਠੁੱਡ ਦੀ ਪੀੜ ਪਤਾ ਨਹੀਂ ਕਿੱਥੇ ਜਰ ਗਈ।

ਤਾਰੂ ਉਹਦੀ ਚੁੱਪ ਤੋਂ ਹੀ ਵਲਿੱਸ ਗਿਆ। ਪਰਤਿਆ, ਅਤੇ ਪਤਾ ਨਹੀਂ ਕਿਵੇਂ ਉਹਦੇ ਟੁੰਡਾਂ ਵਿਚ ਪ੍ਰਸਿੰਨੀ ਦੀ ਗੁੱਤ ਆ ਗਈ। ਅਗਲੇ ਛਿੰਦ ਉਹ ਸਬਾਤ ਦੇ ਕੱਚੇ ਫਰਸ਼ ਉੱਤੇ ਵਿਛੀ ਪਈ ਸੀ। ਅੱਖ ਪਲਕਾਰੇ ਵਿਚ ਹੇਠਲੀ ਉੱਤੇ ਹੋ ਗਈ। ਪਤਾ ਹੀ ਨਾ ਲੱਗਾ, ਕਦੋਂ ਉਸ ਪ੍ਰਸਿੰਨੀ ਗੁੰਨ ਘੱਤੀ।

"ਵੇ ਤੇਰੇ ਪੈ ਜਾਣ ਕੀੜੇ...ਕਸਾਈਆ....ਕੁੱਤਿਆ.... ਬਸ਼ਰਮਾ.... ਵੇ ਤੇਰੀ ਸੜ ਜਾਏ ਜੀਭ ਗੰਦ ਬਕਦੇ ਦੀ.... ਤੇਰੀ ਬਹਿ ਜਾਏ ਬੇੜੀ.... ਘੌਰੇ ਕੀ ਆ ਵੜਦੇ ਚੇਦਰੇ 'ਚ...."

ਪ੍ਰਸਿੰਨੀ ਦਾ ਵੱਸ ਚੱਲਦਾ ਤਾਂ ਧੁਖਦਾ ਚੋਅ ਹੀ ਮੱਥੇ 'ਚ ਡਾਹ ਦਿੰਦੀ; ਫਿਰ ਉਹ ਜਿਵੇਂ ਆਪਣੇ ਆਪ ਨੂੰ ਹੀ ਬੋਲੀ, "ਧਗੜਾ! ਨਾ ਅੱਗਾ ਦੇਖੇ ਨਾ ਪਿੱਛਾ.... ਉੱਜੜ ਜਾਣਿਆਂ ਪਹਿਲਾਂ ਆਪਦੇ ਚੱਜ ਤਾਂ ਤੇਖ...ਅਖੇ ਹਾਏ ਤੀਵੀਂ, ਹਾਏ ਤੀਵੀਂ...."

ਪ੍ਰਸਿੰਨੀ ਜਿਵੇਂ ਧੂੰਏਂ ਨਾਲ ਗੱਲੀਂ ਪਈ ਹੋਵੇ। ਅੱਗ ਬਲਦਿਆਂ ਜਦੋਂ ਸਬਾਤ ਦੀ ਧੂੰਆਖੀ ਛੱਤ ਨੂੰ ਚਾਨਣ ਦੀਆਂ ਜੀਭਾਂ ਚੱਟਣ ਜਾ ਲੱਗੀਆਂ ਤਾਂ ਉਹਨੇ ਡਿੱਠਾ, ਆਟੇ ਵਾਲੀ



ਪਰਾਤ ਮੂਧੀ ਪਈ ਸੀ। ਉਹਦੀ ਖਾਨਿਉਂ ਗਈ। ਪਹਿਲਾਂ ਹੀ ਉਹ ਮੁਸ਼ਕਲ ਨਾਲ ਡੰਗ ਦਾ ਉਪਰਾਲਾ ਕਰਕੇ ਪਰਤੀ ਸੀ। "ਤੇਰਾ ਮਰ ਜਾਏ ਬੀ ਡੁੱਬ ਜਾਣੇ ਦਾ...ਹੇ ਰੱਬਾ!" ਪ੍ਰਸਿੰਨੀ ਆਟਾ ਸੰਭਰਦੀ ਕਲਪਣ ਲੱਗੀ।

ਮੂੰਹ ਭਰਵੀਆਂ ਗਾਹਲਾਂ ਦਿੰਦਾ ਤਾਰੂ ਬਾਹਰ ਫਤੜੇ ਥੱਲੇ ਜਾ ਬੈਠਾ। "ਕੋਈ ਵੇਲੈ ਟੁੱਕ ਦਾ? ਦਿਨੇ ਕੌਲੇ ਕੱਛਦੀ ਫਿਰੂ...ਮੈਂ ਕਿਹਾ ਚਲ ਝਉਂਦਾ ਹੱਡ ਐ....ਕੋਲੋਂ ਕੋਈ ਹੋ ਜੂ ਚੁੱਕਣ ਧਰਨ ਨੂੰ....ਪਰ ਕਾਹਨੂੰ...ਮਰ ਜੂ ਐਂ ਈ ਕਿਸੇ ਦਿਨ ਮੇਰੇ ਹੱਥੋਂ....।"ਚੁੱਪ ਰਾਤ ਵਿੱਚ ਉਹ ਦੂਰ ਤਾਈਂ ਸੁਣਦੇ ਸਨ। ਉਹਨਾਂ ਦੇ ਰੋਜ਼ ਰੋਜ਼ ਦੇ ਕੁੱਤ-ਖਾਨੇ ਤੋਂ ਤੰਗ ਆ ਕੇ ਲੋਕ ਹੁਣ ਉਨ੍ਹਾਂ ਦੀ ਬੱਕੜਵਾਹ ਤੇ ਕੰਨ ਧਰਨੋਂ ਹਟ ਗਏ ਸਨ। ਨਹੀਂ ਤਾਂ ਸਰਪੰਚਾਂ ਕੀ ਉਹਨਾਂ ਨਾਲ ਕੰਧ ਸਾਂਝੀ ਸੀ। ਤਾਰੂ ਚਿੱਟੇ ਦਿਨ ਮਤਰੇਈ ਮਾਂ ਨੂੰ ਕੋਹ ਘੱਤਦਾ, ਕੋਈ ਪਿੰਡ ਦਾ ਬੰਦਾ ਪਰਤ ਕੇ ਵੀ ਨਾ ਦੇਖਦਾ। ਨਿੱਤ ਦੀਆਂ ਚਿੱਕੜ-ਛਿੱਟਾਂ ਤੋਂ ਲੋਕ ਆਪਣੀ ਪੱਤ ਕੁੰਜ ਕੁੰਜ ਰਖਦੇ।

ਰਾਤ ਡੂੰਘੀ ਉੱਤਰ ਆਈ ਸੀ। ਫ਼ੱਤੜੇ ਥੱਲੇ ਉਹ ਅਲਾਣੀ ਮੰਜੀ ਉੱਤੇ ਹੀ ਪਿਆ ਸੀ। ਕਿਸੇ ਲਾਲਟੈਣ ਫੜੀ ਦਰਾਂ 'ਚੋਂ ਹਾਕ ਮਾਰੀ।

"ਮੁਖਤਾਰ ਸਿਹਾਂ!"

"ਕੇਹੜੈ?" ਉਹ ਰੁੱਖਾ ਜਿਹਾ ਬੋਲਿਆ। ਖ਼ਬਰੇ ਕੋਈ ਸਦੇਹਾਂ ਜਾਣ ਵਾਲੀ ਸੁਆਰੀ ਬਾਬਤ ਕਹਿਣ ਆਇਆ ਹੋਵੇ।

"ਕਿਮੇ ਪਿਐਂ ਹਨੇਰੇ ਵਿਚ ਈ?" ਬਾਹਰੋਂ ਜਿਵੇਂ ਬੰਦਿਆਂ ਦੀ ਧਾੜ ਅੰਦਰ ਲੰਘ ਆਈ। ਮੂਹਰੇ ਖਾਨਪੁਰ ਦਾ ਚੈਂਚਲ ਸਿਹੁੰ, ਰੱਜਿਆ ਪੁੱਜਿਆ ਨਾ ਧੀ ਨਾ ਪੁੱਤ। ਸਰਪੰਚੀ ਦੇ ਪੁੱਠੇ ਪੰਗੇ ਵਿਚ ਘਰੋਂ ਘਰੀ ਲਿੱਲਾਂ ਲੈ ਰਿਹਾ ਸੀ। ਮੋਕਲੇ ਹੱਡ ਪੈਰ। ਪਾਟਿਆ ਬੋਲ ਅਤੇ ਮਹਿੰਗੇ ਲੀੜਿਆਂ ਉੱਤੇ ਨਹਿਰੂ ਜਾਕਟ। ਨਾਲ ਪਿੰਡ ਕੇ ਕਈ ਹੋਰ ਚੌਥਰ ਸਨ। ਕਿਰਪੂ ਮਸੀਤੀਆ, ਪੁਰਾਣਾ ਸਰਪੰਚ, ਰੁਲਦਾ ਬਲੈਂਕੀਆ ਤੇ ਨਰਾਤਾ।

ਤਾਰੂ ਨੂੰ ਅੰਦਰੇ ਅੰਦਰ ਖੁੜਕ ਗਈ। ਆਖ਼ਰ ਏਨੇ ਲੋਕ ਏਨੀ ਰਾਤ ਗਈ ਉਹਦੇ ਵੇਹੜੇ ਦੀ ਲਿੱਦ ਕਿਉਂ ਮਿੱਧ ਰਹੇ ਸਨ। ਮਨ ਦੇ ਔਖਰੇ ਰਉਂ ਵਿਚ ਹੁੰਦਾ ਤਾਂ ਚੱਲ ਕੇ ਆਇਆਂ ਲਈ ਮੰਜੀ ਧੂਹ ਦਿੰਦਾ। ਦੋੜਾ ਸਿੱਟਦਾ। ਜੀ ਆਇਆਂ ਕਹਿੰਦਿਆਂ ਭੁੰਏਂ ਲਿਟ ਜਾਂਦਾ, ਪਰ ਤਦ ਉਹ ਤਲਖ਼ ਜਿਹਾ ਬੋਲਿਆ।

"ਕਿਮੇ ਆਉਣੇ ਹੋਏ... ਮਾਤ੍ਹੜਾਂ ਦੇ?"

"ਆਏ ਤਾਂ ਹੈਗੇ ਆ ਜੇ ਸੁਣੇਂ..." ਆਇਆਂ ਵਿਚੋਂ ਕਿਸੇ ਕਿਹਾ।

"ਲੈ, ਮੁਖਤਾਰ ਸਿਹੁੰ ਕਿਤੇ ਬਾਹਰ ਐ ਆਪਣੇ ਤੋਂ...." ਕਿਸੇ ਹੋਰ ਕਿਹਾ।

ਤਾਰੂ ਉੱਖੜਦਾ ਜਿਹਾ ਹਨੇਰੇ ਵਿਚ ਝਾਕਿਆ। ਮਲੋਸ਼ੀਏ ਦਾ ਮੋਟਾ ਕੁਰਤਾ ਉਹਦਾ ਪਿੰਡਾ ਵੱਢਣ ਲੱਗਾ।

ਉਹਨੂੰ ਚੁੱਪ ਵੇਖ ਚੈਂਚਲ ਸਿਹੁੰ ਮੋਹ ਨਾਲ ਉਹਦਾ ਮੋਢਾ ਝੂਣਿਆ।

"ਵੇ ਵੋਟ ਕਿੱਧਰ ਪਾਉਣੀ ਐ ਐਦਕੀਂ....?"

ਤਾਰੂ ਜਿਵੇਂ ਓਥੇ ਹੀ ਨਹੀਂ ਸੀ।

ਚੁੱਪ ਚੁਭਣ ਲੱਗੀ। ਆਏ ਬੰਦੇ ਸੋਚਣ ਲੱਗੇ।

"ਦੇਖ ਮਾਣ ਨਾਲ ਆਏ ਆਂ ਅਸੀਂ।" ਕਿਸੇ ਚੁੱਪ ਤੋੜੀ।

"ਕੇਹੜਾ ਮਾਣ?" ਜਿਵੇਂ ਕਿਤੇ ਨੇੜੇ ਹੀ ਬਾਰੂਦ ਫਟਿਆ ਹੋਵੇ। "ਚਿੱਤੜਾਂ 'ਚ ਲੈ ਲਉ ਮਾਣ ਆਪਦਾ...ਹੂੰਅ!...ਮੈਂ ਕਹਿਨਾ ਥੋਡੇ ਇਸ ਮਾਣ ਨੇ ਦੋ ਬੁੱਡਾਂ ਪੈਲੀ ਤਾਂ ਨਾ ਦੇ ਤੀ ਮੈਨੂੰ.... ਘਰ ਤਾਂ ਨਾ ਵੱਸਦਾ ਕਰ ਦਿੱਤਾ ਮੇਰਾ..... ਕਿਸੇ ਕੰਜਰ ਨੂੰ ਨੀ ਪਾਉਣੀ ਵੋਟ ਵਾਟ ਅਸੀਂ... ਮੈਂ ਈ ਲੱਭ ਲਿਆ ਲੋਕਾਂ ਨੇ....ਪੂਛਲ ਵੀ ਨੀ ਚੱਕਣੀ ਤੇ ਸੁਆਰ ਹੋ ਜਾਣਾ...।"

ਉਹ ਹਨੇਰੇ ਵਿਚ ਤਾਰੂ ਦਾ ਧੁੰਦਲਾ ਜਿਹਾ ਮੂੰਹ ਵੇਖਦੇ ਰਹਿ ਗਏ। ਉਂਜ ਲੋਕ ਜਾਣਦੇ ਸਨ, ਕਿਸੇ ਗੈਰ ਜ਼ਮੀਨੇ ਜੱਟ ਦਾ ਮੁਤਬੰਨਾ ਹੋਣਾ ਅਤੇ ਮੁਤਬੰਨਾ ਵੀ ਉਹ, ਜਿਸਦੇ ਨਾ ਪਿਉ ਦਾ ਪਤਾ ਸੀ ਨਾ ਮਾਂ ਦਾ....... ਕਿੱਡੀ ਵੱਡੀ ਲਾਹਨਤ ਸੀ। ਅਤੇ ਇਸ ਲਾਹਨਤ ਨੇ ਤਾਰੂ ਲਈ ਜਿਵੇਂ ਜ਼ਿੰਦਗੀ ਦੇ ਅਰਥ ਹੀ ਮਿੱਟੀ ਕੀਤੇ ਪਏ ਸਨ। ਉਸ ਘੜੀ ਉਹਨੂੰ ਇਜ ਦਾ ਤਲਖ਼ ਵੇਖ, ਆਏ ਬੰਦੇ ਹੈਰਾਨ ਰਹਿ ਗਏ। ਲਾਲਟੈਣ ਦਾ ਜ਼ਰਦ ਚਾਨਣ ਉਂਘਣ ਲੱਗਾ। ਹੇਠੀ, ਚੱਕ ਵੱਢਣ ਲੱਗੀ।

ਨਿਰਾਸ਼ ਜਿਹੇ ਪਰਤਣ ਲੱਗੇ ਤਾਂ ਕਿਰਪੇ ਮਸੀਤੀਏ ਸਰਸਰੀ ਜਿਹਾ ਕਿਹਾ, "ਮੁਖਤਾਰ ਸਿਹਾਂ, ਨਾਲੇ ਭਾਂਡਿਆਂ ਵਾਲੀ ਉਗਰਾਹੀ ਸੀ ਤੇਰੇ ਵੱਲੀ...ਐਦਕੀਂ ਜੀਆਂ ਸੇਤੀ ਲਾਈ ਐ ਮੇਲ.... ਜੇ ਹੈਗੇ ਨੀਂ ਕੋਲ ਤੇ ਵੱਢ ਜੁੜ ਹੁਣੇ ਈ।"

ਤਾਰੂ ਜਿਵੇਂ ਪੱਜ ਹੀ ਭਾਲ ਰਿਹਾ ਸੀ।

"ਭੈਣ ਦਾ ਬੂਹਾ ਮਰਾ ਗਈ ਓਏ ਥੋਡੀ ਮੇਲ ਖੜ੍ਹੀ ਹੋ ਕੇ...ਲਾਹ ਦੇਵੇ ਜਿਨ੍ਹੇਂ ਮੇਰਾ ਟਾਂਗਾ ਸੜਕ ਤੋਂ ਥੱਲੇ ਲਾਹੁਣਾ ਐਂ...ਹੂੰ!....ਤੇ ਗੱਲ ਸੁਣ.... ਜਿਨ੍ਹੇਂ ਤੈਨੂੰ ਮੇਰੀ ਮੇਲ ਲਈ ਘਲਿਆ ਐ ਨਾ, ਮੈਂ ਉਹਨੂੰ ਆਹ ਨੋਟ ਦਊਂ ਵੱਡਾ....ਸਮਝਿਆ.....?" ਉਹਨੇ ਚਾਦਰ ਚੱਕ ਲਈ। ਮੁੜਦੇ ਬੰਦੇ ਹੱਥੀਂ ਚੱਕ ਵੱਢਦੇ ਰਹਿ ਗਏ। ਉਹ ਵੋਟਾਂ ਦੀ ਨੀਤੀ ਉਤੇ ਨਾ ਹੁੰਦੇ ਤਾਂ ਤਾਰੂ ਦੀ ਏਨੀ ਕੁ ਤਿਨ-ਪੰਜ ਬਦਲੇ ਹੇਠਲੀ ਉੱਤੇ ਕਰ ਦਿੰਦੇ.... ਪਰ ਪਤਾ ਨਹੀਂ ਕਿਉਂ? ਉਹ ਭੂੰਏ ਪੈਰ ਪਟਕਦੇ ਦਰ ਟੱਪ ਗਏ।

"ਕੋਈ ਨਾ ਥੱਚੂ...ਪਾਣੀ ਤਾਂ ਇਹਨਾਂ ਪੁਲਾਂ ਥਾਣੀਂ ਲੰਘੂ..."

ਸੁੱਕੇ ਕੱਖਾਂ ਦੇ ਮੱਚ ਪੈਣ ਵਾਂਗ, ਉਹਨਾਂ ਦੀ ਦਰਾਂ ਵਿਚ ਆਖੀ ਗੱਲ, ਤਾਰੂ ਦੇ ਕੰਨਾਂ ਵਿਚ ਅੰਗਿਆਰਾਂ ਵਾਂਗ ਅਟਕ ਗਈ। ਉਹ ਸੋਚ ਨਾਲ ਘਿਰ ਗਿਆ। ਆਏ ਬੰਦਿਆਂ ਦੀ ਬਿੜਕ ਨਾਲ ਪ੍ਰਸਿੰਨੀ ਵੀ ਬਾਹਰ ਆ ਖੜ੍ਹੀ ਸੀ। ਬਾਹਰ ਸੋਤਾ ਡੂੰਘਾ ਹੋ ਗਿਆ ਸੀ। ਘਰਾਂ ਵਿਚੋਂ ਉੱਠਦੇ ਧੂੰਏਂ ਦੇ ਲੰਬ ਚੁਗਿਰਦਾ ਸਿਆਹ ਕਰ ਰਹੇ ਸਨ। ਪਿੰਡ ਵਿਚੋਂ ਨਿੰਮ੍ਹਾ ਜਿਹਾ ਸ਼ੋਰ ਸੁਣਦਾ ਸੀ। ਅਚਾਨਕ ਮੱਚਦੇ ਪੈਰੀਂ ਤਾਰੂ ਮੁੜਿਆ। ਟੁੰਡ ਕੱਚੇ



ਓਟੇ ਨਾਲ ਅੜਾਏ ਅਤੇ ਟੱਪ ਕੇ ਛਤੜੇ ਉੱਤੇ ਜਾ ਚੜ੍ਹਿਆ। ਵਰੋਲੇ ਵਾਂਗ ਚੀਕਦਾ।

"ਵੇ ਕੌਣ ਸੀ ਮੁੱਖਿਆ?" ਪ੍ਰਸਿੰਨੀ ਪੁੱਛ ਰਹੀ ਸੀ।

"ਥੋਡੇ ਓਏ ਮੈਂ ਵੱਡੇ ਪੁਲਾਂ ਵਾਲਿਆਂ ਦੀ ਚੌਧਰ ਨੂੰ....ਲਾਗ ਕੀ ਮੈਂ ਤਾਂ ਕੱਲਾ ਬਣਾ ਦਿਊਂ ਭਾਂਡੇ, ਆਓ ਕਿਹੜਾ ਸਾਕ ਕਰਦੇ ਪਹਿਲਾਂ....ਆਓ ਕਿਹੜਾ ਨਿੱਤਰਦੇ ਓਏ....।" ਉੱਚੀ ਕੂਕ, ਸੁੱਤ-ਉਨੀਂਦੇ ਲੋਕਾਂ ਨੂੰ ਜਾਗਦਿਆਂ ਕਰ ਗਈ।

ਗੁਆਂਢੀ ਵੇਹੜਿਆਂ ਵਿਚ ਨਿਕਲ ਕੇ ਬਿੜਕਾਂ ਲੈਣ ਲੱਗੇ। ਉਹਦੇ ਕੁ-ਵੱਲੇ ਗੁੱਸੇ ਨੂੰ ਲੋਕ ਸੀਤ ਕਰਨਾਂ ਵੀ ਜਾਣਦੇ ਸਨ। ਇਸੇ ਕਾਰਨ ਉਹ ਅੱਗੇ ਵੀ ਕਈ ਵਾਰੀ ਛਿੱਤਰ-ਪੌਲਾ ਖਾ ਹਟਿਆ ਸੀ। ਪਰ ਲੋਕ ਹਮੇਸ਼ਾਂ ਉਹਦੇ ਟੁੰਡਾਂ ਉੱਤੇ ਤਰਸ ਖਾ ਜਾਂਦੇ। ਉਹਦੀਆਂ ਬੇ-ਹੁਦਰੀਆਂ ਉੱਤੇ ਖ਼ਫ਼ਾ ਹੋਣ ਵਾਲੇ ਜ਼ਿਹਨ ਵਿਚ ਇਕ ਅਜੀਬ ਜਿਹੀ ਕਿਚਕਿਚਾਹਟ ਹੋਣ ਲੱਗਦੀ। ਕਰੀਚ ਆਉਂਦੀ। ਉਹ ਦੋਵੇਂ ਟੁੰਡ ਜੋੜ ਮੁਆਫ਼ੀ ਮੰਗਣ ਲਗਦਾ ਤਾਂ ਜਾਪਦਾ ਜਿਵੇਂ ਅੱਖਾਂ ਸਾਹਮੇ ਦੋ ਸਿਰ ਵੱਢੇ ਫਨੀਅਰ ਸੱਪ ਤੜਪ ਰਹੇ ਹੋਣ। ਦੰਦਾਂ ਥੱਲੇ ਲਿਜ਼ਲਿਜ਼ੀ ਜਿਹੀ ਕਿਰਚ ਕਿਰਚ ਹੋਣ ਲੱਗਦੀ। ਸਾਹਮਣੇ ਖੜ੍ਹਾ ਉਹਦਾ ਭੈਹਦਾ ਵਜੂਦ ਡਰਾਉਣਾ ਜਾਪਣ ਲੱਗਦਾ। ਇਜ ਹੋਣੀ ਹਮੇਸ਼ਾਂ ਉਹਦੇ ਹੱਕ ਵਿਚ ਡੱਕਾ ਸਿੱਟ ਜਾਂਦੀ, ਤੇ ਤਾਰੂ ਹਾਰ ਕੇ ਵੀ ਜਿੱਤ ਜਾਂਦਾ ਜਾਂ ਜਿੱਤ ਕੇ ਵੀ ਹਾਰ ਜਾਂਦਾ।

ਤਦ ਉਹ ਪ੍ਰਸਿੰਨੀ ਦੇ ਪਹਿਲੇ ਤਰਲੇ ਨਾਲ ਹੀ ਥੱਲੇ ਉੱਤਰ ਆਇਆ। "ਵੋਟਾਂ ਮੰਗਦੇ ਐ ਸਾਲੇ ਮੇਰੇ...ਅਖੇ ਉਗਰਾਹੀ ਦਿਓ, ਸਾਲਿਓ ਅਹੀਂ ਕਿਤੇ ਬਹੁਤੇ ਸੰਭੂ ਥੰਭੂ ਵਿਆਹੁਣੇ ਐਂ?" ਲੱਗਿਆ , ਤਾਰੂ ਰੋ ਪਵੇਗਾ।

"ਉਹਜਣੇ.... ਏਨੇ 'ਚ ਕੀ ਵਿਗੜਦਾ ਸੀ ਆਪਣਾ....ਪਿੰਡ ਨਾਲ ਸਾਂਝ ਕੀ ਹੋਈ ਫਿਰ ਆਪਣੀ....ਲੈ ਦੱਸ....ਪਤਾ ਨਹੀਂ ਕੀ ਸਿਆਣੇ ਬਿਆਣੇ ਦੀ ਮੌਤ ਨੂੰ ਹੋ ਜਾਏ...।"

"ਕਿਸੇ ਧੀ ਦੇ ਯਾਰ ਨਾਲ ਨੀ ਮੇਰੀ ਸਾਂਝ ਸੂੰਝ...।"

ਪ੍ਰਸਿੰਨੀ ਦੇ ਬਾਂਹ ਫੜ ਕੇ ਲੈ ਜਾਣ 'ਤੇ ਉਹ ਚੀਕਦਾ ਜਿਹਾ ਰੋਟੀ ਖਾਣ ਜਾ ਬੈਠਾ। ਸਬਾਤ ਉਵੇਂ ਹੀ ਧੂੰਏਂ ਨਾਲ ਅੱਟੀ ਪਈ ਸੀ। ਦੀਵੇ ਦੀ ਕੰਬਦੀ ਲੋਅ ਊਂਘ ਰਹੀ ਸੀ। ਸਾਹਾਂ ਨੂੰ ਧੂੰਏਂ ਦੇ ਉੱਥੂ ਆਉਂਦੇ।

"ਗੱਲ ਸੁਣ...ਮੇਰੇ ਨਾਲ ਵੀ ਨੀਂ ਸਾਂਝ?"

ਪ੍ਰਸਿੰਨੀ ਦੇ ਬੋਲਾਂ ਵਿਚ ਖ਼ਬਰੇ ਕਿਹਾ ਜਾਦੂ ਸੀ। ਤਾਰੂ ਦੇ ਪੈਰਾਂ ਵਿਚੋਂ ਉੱਠਦੇ ਕਾਂਬੇ ਸਿਰ ਵਿਚੋਂ ਲੰਘ ਗਏ। ਜੀਭ ਠਾਕੀ ਗਈ। ਬੁਰਕੀ ਭੰਨਦੇ ਟੁੰਡ ਕੰਬਣ ਲੱਗੇ.....ਇਕ ਨਜ਼ਰ ਅਰਧ ਗਲਵੱਕੜੀ ਵਿਚ ਉੱਪਰ ਝੁਕੀ ਮਤੇਈ ਮਾਂ ਉਹਨੇ ਪਾਗਲ ਜਹੇ ਹੁੰਦੇ ਝਾਕੀ। ਭਰਵੀਂ ਛਾਤੀ ਮੱਥੇ ਨਾਲ ਛੋਹ ਰਹੀ ਸੀ। ਮੁੜ੍ਹਕੇ ਦੀ ਤਿੱਖੀ ਗੰਧ। ਨਜ਼ਰ ਚੁੱਲ੍ਹੇ ਵਿਚ ਤਿੜ ਤਿੜ ਕਰਕੇ ਮੱਚਦੀ ਅੱਗ ਉੱਤੇ ਜੰਮ ਗਈ। ਛਾਤੀ ਵਿਚੋਂ ਧੂੰਆਂ ਉੱਠਣ ਲੱਗਾ। ਬੁਰਕੀ ਸੰਘ ਵਿਚ ਹੀ ਫੁੱਲ ਗਈ। ਪਾਣੀ ਦਾ ਘੁੱਟ ਭਰਿਆ, ਜਿਵੇਂ ਅੱਕ ਦਾ ਦੁੱਧ ਚੱਖਿਆ ਹੋਵੇ। ਅਚਾਨਕ ਮੱਚਦੀ ਅੱਗ ਉੱਤੋਂ ਤਿਲਕਦੀ ਨਜ਼ਰ, ਮਤੇਈ ਮਾਂ ਦੇ ਧੁੰਦਲੇ

ਨਕਸ਼ਾਂ ਵਿਚ ਕਿਧਰੇ ਭਟਕ ਗਈ।

ਲੱਗਾ, ਜਿਵੇਂ ਕਿਸੇ ਗਲਾਜ਼ਤ ਵਿਚ ਮੂੰਹ ਭਾਰ ਜਾ ਡਿੱਗਾ ਹੋਵੇ। ਇਕੱਲਾ ਨਹੀਂ, ਨਾਲ ਪ੍ਰਸਿੰਨੀ ਵੀ। ਪ੍ਰਸਿੰਨੀ ਦਾ ਜੋਬਨ ਵੀ। ਨੱਕ, ਬੁੱਲ੍ਹ, ਅੱਖਾਂ, ਛਾਤੀ ਤੇ....। ਕੋਈ ਅਦਿੱਖ ਭੈਅ ਜਿਹਨ ਵਿਚ ਫ਼ੈਲਣ ਲੱਗਾ। ਹੌਲ਼ੇ ਹੌਲ਼ੇ ਹਉਕੇ ਲੈਂਦਾ ਤਾਰੂ ਉੱਠ ਖੜ੍ਹਾ।

"ਬੱਸ?" ਪ੍ਰਸਿੰਨੀ ਅਵਾਕ ਰਹਿ ਗਈ। "ਅਹਿਨਾ ਦੋਂਹ ਬੁਰਕੀਆਂ ਲਈ ਕੋਹਦਾ ਸੈਂ?" ਬੋਲ ਤਾਰੂ ਦੁਆਲੇ ਨਾਗ ਵਲ ਵਾਂਗ ਘੁੱਟੇ ਗਏ। ਜਿਵੇਂ ਕਿਸੇ ਦੂਹਰੀ ਵੇਰੀਂ ਚਿੱਕੜ ਵਿਚ ਧੱਕਾ ਦੇ ਦਿੱਤਾ ਹੋਵੇ। ਉਹ ਕਿੰਨਾਂ ਨਿਰਦਈ ਸੀ, ਉਹਨੇ ਸੋਚਿਆ। ਮਨ ਵਿਚ ਪਛਤਾਵੇ ਦੀਆਂ ਚਾਬਕਾਂ ਵਰ੍ਹਣ ਲੱਗੀਆਂ। ਘੋੜੀ ਨੂੰ ਵੀ ਤਾਂ ਉਹ ਅਕਾਰਥ ਹੀ ਕੋਹਦਾ ਆਇਆ ਸੀ। ਉਹਨੂੰ ਘੀਚਰ ਅਤੇ ਉਹਦੀ ਵਹੁਟੀ ਚੇਤੇ ਆਏ।

ਥਿੜਕਦਾ ਜਿਹਾ ਉਹ ਘੋੜੀ ਦੀ ਖੁਰਲੀ ਕੋਲੇ ਆ ਖੜ੍ਹਾ। ਘੋੜੀ ਨਾਸ ਫਰਕੀ....ਕੰਨ ਚੁੱਕੇ। ਬਰਸੀਮ ਦੀ ਥੱਬੀ ਘੋੜੀ ਦੀ ਖੁਰਲੀ ਵਿਚ ਸਿੱਟਦਿਆਂ ਉਹ ਘੋੜੀ ਅਤੇ ਮਾਂ ਲਈ ਮੋਹ ਨਾਲ ਭਰ ਗਿਆ। ਗੱਚ ਭਰ ਆਇਆ। ਸੁੱਕੜ ਨਿੰਮ ਉੱਤੇ ਕੋਚਰੀ ਬੋਲੀ। ਹਨੇਰੇ ਵਿਚ ਡਰਾਉਣੇ ਸਾਏ ਉੱਗਣ ਲੱਗੇ।

"ਲੈ, ਪੈ ਜਾ ਰਾਮ ਨਾ ਕਮਲਾ ਨਾ ਹੋਵੇ ਤਾਂ....।" ਮੰਜੀ ਵਿਛਾ ਕੇ ਦਿੰਦਿਆਂ ਜਿਵੇਂ ਸੱਕੀ ਮਾਂ ਉਹਨੂੰ ਥਾਪੜ ਰਹੀ ਹੋਵੇ।

ਮਾਂ! ਜਿਸਨੂੰ ਉਸ ਕਦੇ ਵੀ ਨਹੀਂ ਸੀ ਡਿੱਠਾ। ਖ਼ਬਰੇ ਮਾਂ ਕਿਥੇ ਸੀ? ਇਸੇ ਲਈ ਤਾਂ ਅੱਜ ਉਹ ਆਪ ਕਿਤੇ ਦਾ ਕਿਤੇ ਭਟਕ ਰਿਹਾ ਸੀ। ਆਪਣੇ ਆਪ ਤੋਂ ਵੀ ਕੋਹਾਂ ਦੂਰ।.....

ਉਚਾਟ ਜਿਹਾ ਉਹ ਛਤੜੇ ਦੀ ਛੱਤ ਘੂਰਨ ਲੱਗਾ। ਟੇਢੀਆਂ ਕੜੀਆਂ ਵਿਚਾਲੇ ਕੱਖ-ਕਾਣ ਇਕ ਦੂਜੇ ਵਿਚ ਉਲਝਿਆ ਪਿਆ ਸੀ।

ਪ੍ਰਸਿੰਨੀ ਉਹਨੂੰ ਸੌਂ ਜਾਣ ਲਈ ਆਖ ਕੇ ਪਰਤ ਗਈ ਤਾਂ ਲੱਗਾ ਜਿਵੇਂ ਘੀਚਰ ਦੀ ਤੀਵੀਂ ਹੀ ਉਸ ਕੋਲ ਆ ਕੇ ਪਰਤ ਗਈ ਹੋਵੇ। ਉਹਦਾ ਲੂੰ ਲੂੰ ਬਿਰਕ ਉੱਠਿਆ। ਮਨ ਦੀ ਕਿਸੇ ਨੁੱਕਰੇ ਪੀੜ ਹੋਈ। ਤਿੱਖੀ, ਜਿਵੇਂ ਆਂਦਰਾਂ ਉੱਛਲ ਕੇ ਬਾਹਰ ਜਾ ਪੈਣਗੀਆਂ। ਇਹਨਾਂ ਮਾਰੂ ਪੀੜਾਂ ਦੇ ਥਲ ਵਿਚ ਭਟਕਿਆਂ, ਉਹਨੂੰ ਕਿੰਨੇਂ ਵਰ੍ਹੇ ਬੀਤ ਗਏ ਸਨ? ਚੇਤਾ ਕੀਤਾ, ਪਰ ਉਲਝ ਗਿਆ। ਜਿਹਨ ਵਿੱਚ ਮਤੇਈ ਮਾਂ ਦੇ ਨਕਸ਼ ਰਲਗੱਡ ਹੋਣ ਲੱਗੇ।

ਕਦੋਂ ਚੰਦਰਮਾ ਦੀ ਪਤਲੀ ਲੀਕ ਨੂੰ ਸੂਏ ਦੀਆਂ ਸੰਘਣੀਆਂ ਟਾਹਲੀਆਂ ਨਿਗਲ ਗਈਆਂ। ਕਦੋਂ ਪ੍ਰਸਿੰਨੀ ਭਾਂਡੇ ਟੀਂਡਰ ਮਗਰੋਂ ਅੰਦਰਲੇ ਵੇਹੜੇ ਵਿਚ ਜਾ ਪਈ। ਚੇਤਾ ਨਹੀਂ। ਉਹਨੇ ਚੁਫ਼ਰੇ ਹਨੇਰੇ ਦੀਆਂ ਬੰਜਰ-ਕੰਧਾਂ ਛੋਹਣ ਦੀ ਕੋਸ਼ਿਸ਼ ਕੀਤੀ। ਲਾਗਲੀ ਖੁਰਲੀ ਉੱਤੇ ਘੋੜੀ ਕਦੇ ਕਦਾਈਂ ਨਾਸ ਫਰਕਦੀ। ਕਿਧਰੋਂ ਕੁੱਤੇ ਭੌਂਕਦੇ ਸੁਣਦੇ। ਕੋਚਰੀ ਬੋਲਦੀ। ਹਨੇਰਾ ਸੀਟੀਆਂ ਮਾਰਨ ਲੱਗਦਾ।

ਅਚਾਨਕ ਉਹਨੇ ਕਿਤੋਂ ਕੰਨਾਂ ਵਿਚ ਘੀਚਰ ਦੀ ਵਹੁਟੀ ਦਾ ਚੀਰਵਾਂ ਹਾਸਾ



ਸੁਣਿਆ। ਮੱਥੇ ਨਾਲ ਮਾਂ ਦੀ ਭਰਵੀਂ ਛਾਤੀ ਛੋਹਦੀ ਮਹਿਸੂਸ ਕੀਤੀ। ਅੰਗ ਕੱਠ ਵਾਂਗ ਤ੍ਰਪਣ ਲੱਗੇ। ਭਰਨਾਟਾਂ ਪਿੰਡਾ ਤੋੜਨ ਲੱਗੀਆਂ। ਔਂਚਵੀ ਵਿਚ ਜਿਵੇਂ ਛਾਪਿਆਂ ਉੱਤੇ ਲਿਟ ਰਿਹਾ ਹੋਵੇ। ਦੇਵਕੀ ਦਾ ਹਾਸਾ ਫ਼ਿਰ ਸੁਣਨ ਲੱਗਾ। ਅਜੀਬ ਬੇ-ਚੈਨੀ। ਥੂਹ। ਉਸ ਬੁੱਲ੍ਹਾਂ ਤੇ ਜੀਭ ਫੇਰੀ। ਸਾਹ ਫੁੱਲ ਗਿਆ।

ਕੰਬਦੇ-ਟੁੱਡ ਲੱਤਾਂ ਵਿਚਾਲੇ ਵਧਣ ਲੱਗੇ।....

ਅਗਲੇ ਹੀ ਛਿਣ ਉਹ ਉੱਠ ਖਲੋਤਾ। ਜੁੱਤੀ ਪਾਉਣੀ ਵੀ ਵਿੱਸਰ ਗਿਆ। ਧਾਹ ਕੇ ਵਿਹੜੇ ਵੱਲ ਵਧਿਆ। ਲਪਕਿਆ, ਜਿਵੇਂ ਦੇਵਕੀ ਦਾ ਚਿਲਕਵਾਂ ਹਾਸਾ ਹਿੱਕ ਨਾਲ ਘੁੱਟ ਲੈਣਾ ਚਾਹੁੰਦਾ ਹੋਵੇ। ਥੋੜ੍ਹਾ ਅਗਾਂਹ ਹੋਇਆ ਤਾਂ ਲਿੱਦ ਵਿਚ ਪੈਰ ਲਿਬੜ ਗਿਆ....

ਇਕ ਘੜੀ ਗਲਾਜ਼ਤ ਦਾ ਚੀਰਵਾਂ ਅਹਿਸਾਸ ਉਹਦੇ ਜਿਹਨ ਵਿਚ ਚਾਕੂ ਵਾਂਗ ਉੱਤਰ ਗਿਆ। ਉਹਦੇ ਪੈਰ ਠਿਠਕ ਗਏ। ਹਨੇਰੇ ਵਿਚ ਬਿਟ ਬਿਟ ਝਾਕਦਿਆਂ ਮੱਥੇ ਵਿਚ ਟੱਸ ਟੱਸ ਕੁਝ ਵੱਜਣ ਲੱਗਾ। ਲਾਗਲੀ ਵਾੜ ਵਿਚ ਬੀਂਡੇ ਚੀਕੇ। ਪੈਰਾਂ ਵਿਚ ਲਿੱਦ ਦੀ ਗੰਦੀ ਚਿਪਚਪਾਹਟ ਉਹਦੇ ਸਾਰੇ ਸਿਰ ਵਿਚ ਫ਼ੈਲ ਗਈ। ਉਸ ਗੁੱਸੇ ਨਾਲ ਪੈਰ ਛੰਡ ਕੇ ਭੁੰਏਂ ਤੇ ਪਟਕੇ। ਘਿਸਰਦਾ ਜਿਹਾ ਅੰਦਰਲੇ ਵੇਹੜੇ ਵਿਚ ਜਾ ਖੜ੍ਹਿਆ। ਜਿਵੇਂ ਰੀਂਘ ਰਿਹਾ ਹੋਵੇ। ਲਪਕ ਕੇ ਅਗਾਂਹ ਹੋਇਆ ਤਾਂ ਲੱਗਾ, ਇਸ ਗੂਹੜੇ ਅੰਧਕਾਰ ਵਿਚ ਪ੍ਰਸਿੰਨੀ ਦੀਆਂ ਦੋਵੇਂ ਅੱਖਾਂ ਚੁਆਤੀਆਂ ਵਾਂਗ ਮੱਚ ਰਹੀਆਂ ਸਨ। ਉਫ਼! ਇਹ ਕੇਹਾ ਸੇਕ ਸੀ। ਜਿਸ ਵਿਚ ਉਹ ਹਰ ਦਿਨ ਦੀ ਰਾਤ ਆਪਣੇ ਸਾਰੇ ਖੰਭ ਝੁਲਸ ਲੈਂਦਾ। ਫਿਰ ਉਹ ਥੋੜ੍ਹਾ ਝੁਕਿਆ, ਥਿੜਕਿਆ ਅਤੇ ਮੁੜ੍ਹਕੇ ਦੀ ਤਿੱਖੀ ਗੰਧ ਵਿਚ ਘਿਰ ਗਿਆ।

ਲੱਗਾ, ਪਾਗਲ ਹੋ ਜਾਵੇਗਾ। ਕੰਬਦੇ ਟੁੱਡ ਹਨੇਰਾ ਟੋਹਣ ਲੱਗੇ। ਉਹ ਸਾਰਾ ਕੁਝ, ਜਿਸ ਲਈ ਉਹ ਸਾਰੀ ਉਮਰ ਤੜਪਿਆ ਸੀ, ਵਿਲਕਿਆ ਸੀ, ਉਸ ਤੋਂ ਦੋ ਸਾਹਾਂ ਦੀ ਵਿੱਥ 'ਤੇ ਪਿਆ ਸੀ। ਬੇ-ਪ੍ਰਵਾਹ। ਬੇ ਖ਼ੌਫ਼। ਸਾਹਾਂ ਵਿਚ ਕੁਝ ਚਸਕਣ ਲੱਗਾ। ਉਹਨੂੰ ਤਰੇਲੀ ਆਈ। ਟੁੱਡ ਜਿਵੇਂ ਅੰਗਿਆਰਾਂ ਨਾਲ ਛੋਹਣ ਲੱਗੇ। ਤੜਪਿਆ ਅਤੇ ਪਾਗਲ ਹੋਣ ਲੱਗਾ। ਉਹਨੂੰ ਲੱਗਾ ਉਹ ਅਗਲੇ ਹੀ ਪਲ ਪ੍ਰਸਿੰਨੀ ਦੀ ਬਗਲ ਵਿਚ ਤਿਲਕ ਜਾਏਗਾ। ਉਫ਼! ਜਿਵੇਂ ਦਲਦਲਾਂ ਦੇ ਸਮੁੰਦਰ ਵਿਚ ਉੱਤਰ ਗਿਆ ਹੋਵੇ। ਹੋਰ ਥੱਲੇ। ਹੋਰ ਥੱਲੇ। ਕਿਸੇ ਡੂੰਘੇ ਪਤਾਲ ਵਿਚ। ਸਾਹ ਟੁੱਟਣ ਲੱਗਾ।.....

ਅਚਾਨਕ ਉਹ ਹਨੇਰੀ ਵਾਂਗ ਪਿਛੇ ਪਰਤਿਆ ਅਤੇ ਛਤੜੇ ਥੱਲੇ ਜਾ ਖੜ੍ਹਾ; ਉਹਨੂੰ ਪਤਾ ਹੀ ਨਾ ਲਗਿਆ, ਕਦੋਂ ਪ੍ਰਸਿੰਨੀ ਵੀ ਉਹਦੇ ਪਿਛੇ ਆ ਖੜ੍ਹੀ ਸੀ। ਗੂਹੜੇ ਹਨੇਰੇ ਵਿਚ ਪ੍ਰਸਿੰਨੀ ਨੇ ਸੁਣਿਆ, ਤਾਰੂ ਹੁਬਕੀਂ ਰੋ ਰਿਹਾ ਸੀ।.....

ਹਮੇਸ਼ ਵਾਂਗ ਪ੍ਰਸਿੰਨੀ ਨੂੰ ਇਹ ਸਮਝਣਾ ਹੋਰ ਵੀ ਔਖਾ ਜਾਪਿਆ ਕਿ ਆਖ਼ਿਰ ਬਿਨਾ ਕੋਈ ਗੁਨਾਹ ਕੀਤੇ ਤਾਰੂ ਕਿਉਂ ਪਛਤਾਵੇ ਦੇ ਅਹਿਸਾਸ ਵਿਚ ਡੁੱਬਾ ਰਹਿੰਦਾ ਸੀ?....

ਅਗਲੀ ਘੜੀ ਪ੍ਰਸਿੰਨੀ ਵੀ ਉਵੇਂ ਹੁਬਕੀਂ ਰੋ ਰਹੀ ਸੀ।

•

## ਗਿੱਲੀ ਮਿੱਟੀ

ਜਿਹੜੀ ਅੱਗ ਪੂਰਨ ਸਿੰਹੁ ਨੇ ਸਿਰਫ ਰੋਸ਼ਨੀ ਲਈ ਬਾਲੀ ਸੀ, ਉਹਦੀਆਂ ਹੀ ਮਾਰੂ ਲਪਟਾਂ ਵਿਚ ਉਹ ਬੁਰੀ ਤਰ੍ਹਾਂ ਘਿਰ ਗਿਆ।

ਉਸਨੂੰ ਤਾਂ ਉਸੇ ਘੜੀ 'ਨਾਹ' ਵੱਜੀ ਸੀ ਜਦੋਂ ਹਾਕਮ ਵਲੈਤੀਏ ਉਹਨੂੰ ਸਿਨ੍ਹ ਕੇ ਲਾਈ ਸੀ।

'ਚਾਚਾ ਪੂਰਨ ਸਿਹਾਂ, ਐਵੇਂ ਖਾਹਮਖਾਹ ਖੁੰਗਾਂ ਨਾਲ ਢੋਲਕੀ ਲਿਆ ਟੰਗੀ ਤੈਂ.... ਚੰਗਾ ਭਲਾ ਟਾਂਕਾ ਫਿੱਟ ਸੀ ਮੁੰਡੇ ਦਾ ਸ਼ਹਿਰ 'ਚ....ਓਧਰੋਂ ਦਿਨ ਡੁੱਬਣਾ ਤੇ ਏਧਰ ਬੁੱਕ ਰੁਪਈਆਂ ਦਾ....ਤੈਨੂੰ ਤਾਂ ਪਿੱਟਿਆ ਸੀ ਮੈਂ ਬਈ ਇਹ ਜਿਹੜੀ ਸੰਨ੍ਹ ਲਾਈ ਐ ਨਾ ਤੁਸੀਂ ਰੱਬ ਦੇ ਘਰ ਨੂੰ, ਇਹ ਢੂਹਾ ਨੀ ਥਿਆਉਣਾ, ਪਰ ਕਿੱਥੇ ? ਅਖੇ ਜੀ ਸਾਡੀ ਸਰਦੂਲ ਸਿੰਹੁ ਨਾਲ ਰੱਖੀ ਰਖਾਈ ਰੁਲਦੀ ਐ.... ਮੈਂ ਆਖਾਂ, ਪਈ ਚਾਚਾ ਕਿੱਥੇ ਤੂੰ....ਤੇ ਕਿੱਥੇ ਮੁੰਡੇ, ਨਿਰਾ ਬਾਂਦਰਾਂ ਦਾ ਟੋਲਾ, ਹੁਣ ਪਤੈ ਤੇਰੇ ਗਿੱਦੇ ਕੀ ਘੋਲੀ ਐ ਕੜੀ ?" ਹਾਕਮ ਵਲੈਤੀਆ ਕਿਸੇ ਭੇਤ ਭਰੀ ਮੁਦਰਾ ਵਿਚ ਖੜ੍ਹਾ ਹੋ ਗਿਆ ਤੇ ਫਿਰ ਬੋਲਿਆ, "ਤੂੰ ਆਪ ਸਿਆਣੈਂ, ਜੀਹਨੇਂ ਛੱਲਾ ਪੂਣੀ ਲਾਉਣੇ ਕੁੱਲੀ 'ਤੇ, ਵੀਹ ਟਸ਼ਨ ਕਰੂ ਅਗਲਾ....ਫੇਰ ਪੁੱਜਦੇ ਨੇ ਸਾਂਈ, ਲੈ ਸੁਣ, ਕਿਧਰੇ ਬੱਕਰੇ ਦੀ ਸਿਰੀ ਲੈ ਆਇਆ ਸਰਦੂਲ ਸਿੰਹੁ ....ਤੂੰ ਸਿਆਣੈ, ਵੱਡੇ ਲੋਕਾਂ ਦਾ ਜਿੰਨ ਚਲਾ ਜਾਂਦੈ, ਜੰਨ ਨੀਂ ਜਾਂਦਾ....ਸਰਦੂਲ ਸਿੰਹੁ ਕਹਿੰਦਾ, ਸਾਡੇ ਤਾਂ ਵੱਡੇ ਵਡੇਰਿਆਂ ਦੀ ਰੀਤ ਐ ਪਈ ਘਰ ਦੀ ਨੀਂਹ ਧਰਨ ਲੱਗੇ ਪਹਿਲਾਂ ਈ ਬਲੀ ਦੇ ਦਿਓ....ਸੂਰ ਦੀ ਨਸ਼ਤਰ ਅਤੇ ਸਿਊਨੇਂ ਦਾ ਸਪੋਲੀਆ ਨੀਂਹ ਵਿਚ ਰੱਖਣ ਲੱਗੇ ਤਾਂ ਪਤੈ ਕੀ ਕਹਿੰਦੈ ਪੁੱਤ ਤਿਰਾ ?....ਅਖੇ ਮੋਏ ਜਾਨਵਰਾਂ ਦੀ ਕੀ ਬਲੀ ਦਿਨੇ ਓ ਮਹਾਰਾਜ...... ਇਥੇ ਤਾਂ ਰੋਜ਼ ਦੇ ਵੀਹ ਵੀਹ ਬੰਦੇ ਜਿਉਂਦੇ ਬਲੀ ਚੜ੍ਹਿਆ ਕਰਨਗੇ। ਸੁਣਕੇ ਸਰਦੂਲ ਸਿੰਹੁ ਤਾਂ ਹੱਕਾ-ਬੱਕਾ ਰਹਿ ਗਿਆ, ਕਹਿੰਦਾ ਬੜਾ ਟੁੱਟੇ ਛਿੱਤਰ ਆਂਗੂੰ ਵਧਿਐ ਬਈ ਮੁੰਡਾ....ਮਾਂ'ਤੜਾਂ ਕਿਹਾ, ਛੱਡੋ ਜੀ ਪਰ੍ਹਾਂ! ਮਛੂਰ ਉਮਰ ਐ, ਐਹਾ ਜੇ ਅੱਖ ਵਿਚ ਪਾਇਆ ਨੀ ਰੜਕਦੇ....ਜਦ ਲੱਗਿਆ ਰਗੜਾ ਕਿਤੇ। ਹੋਰ ਤਾਂ ਹੋਰ ਮੇਰੀ ਦਾਹੜੀ ਨੂੰ ਈ ਪੈ ਗਿਆ ਕੰਰਾਂ.... ਮੈਂ ਕਿਹਾ ਉਏ, ਪਿਉ ਤੇਰਾ ਤਾਂ ਦੋਂਹ ਵੇਲਿਆਂ ਦੇ ਨਾ ਲੈਣ ਵਾਲਾ ਤੇ ਤੂੰ ਨੱਕ 'ਚੋਂ ਠੂੰਹੇ ਸਿੱਟਦਾ ਨੀਂ ਥੱਕਦਾ... ਇਹ ਜੁਆਨੀ ਤਾਂ ਪੁੱਤ! ਚਾਰ ਦਿਨ ਭੇਡੂ ਤੇ ਵੀ ਬੁੱਕਦੀ ਐ....ਤੇ ਤੂੰ ਜਿਹੜਾ ਮੇਹਨਤੀਆਂ ਨੂੰ ਵਾਨਾਂ ਦਿੰਨਾ ਐਂ ਨਾ, ਪਈ ਕੰਮ ਕਰਦੇ ਬਲੀ ਚੜ੍ਹਦੇ ਐ; ਹੋਰ ਲੋਕੀਂ ਘਰ ਬੈਠਿਆਂ ਨੂੰ ਦਿਹਾੜੀ ਦੇ ਕੇ , ਆਰਤੀ 'ਤਾਰ ਆਇਆ ਕਰਨ ਬੰਡੀ ? ਪਰ ਮੈਨੂੰ



ਤਾਂ ਖੁਰ ਚੁੱਕ ਕੇ ਪਿਆ ਸਹੁਰੀ ਦਾ, ਹਰਖ ਕੇ ਬੋਲਿਆ, "ਦੇਖ ਤਾਇਆ! ਤੁਸੀਂ ਤਾਂ ਲੰਮੇ ਪੈ ਕੇ ਲਈ ਕੱਟ; ਸਾਥੋਂ ਨੀਂ ਕੱਟੀ ਜਾਂਦੀ... ਨਾ ਅਸੀਂ ਕੱਟਣੀ ਐ.... ਰਹੀ ਗੱਲ ਮੇਹਨਤ ਦੀ ਮੇਰੇ ਵੱਲ ਝਾਕ ਜ਼ਰਾ.... ਜਿਹੜੀ ਦਿਹਾੜੀ ਮਿਲਦੀ ਏ ਨਾ ਮਜ਼ੂਰ ਨੂੰ, ਉਹ ਤਾਂ ਉਹਦੀ ਸਲਾਮ ਦੀ ਕੀਮਤ ਨਈਂ, ਜੇ ਝੂਠ ਐ ਤਾਂ ਕਿਸੇ ਦਿਨ ਭੁੱਖੇ ਢਿੱਡ ਤੇ ਲੀਰਾਂ ਦੇ ਬੁੱਕ ਨਾਲ ਕਿਸੇ ਮੂਹਰੇ ਮੇਮੀਂ ਬਣ ਕੇ ਤਾਂ ਦੇਖ....ਮੈਂ ਤਾਂ ਬਈ ਸੁਣ ਕੇ ਦੜ ਈ ਵੱਟ ਲੀ ਬੱਸ। ਉਂ ਪੂਰਨ ਸਿਹਾਂ! ਹੈਂ ਤਾਂ ਤੂੰ ਸਿਆਣਾ ਪਰ ਗੁੱਸਾ ਨਾ ਕਰੀਂ। ਉਠ ਨੂੰ ਕਿਹਾ ਕਿਸੇ ਤੇਰੇ ਅਰਗੇ ਸਿਆਣੇ ਨੇ.... ਪਈ ਸਹੁਰਿਆ, ਹੋ ਕੇ ਰਿਹਾ ਕਰ ਕਿਸੇ ਦਾ...ਕਹਿੰਦਾ, ਹੂੰ! ਮੈਂ ਐਡਾ ਜੀਵ, ਮੈਂ ਕੀ ਸਮਝਦਾਂ ਕਿਸੇ ਨੂੰ... ਕੇਰਾਂ ਨਕੇਲ ਹੀ ਫਸ ਗਈ ਟਾਹਣੀ 'ਚ.... ਮਾਰੇ ਚੰਘਿਆੜਾਂ..... ਜਦ ਨਿਕਲੀਆਂ ਸਾਲੇ ਦੀਆਂ ਡਾਡਾਂ... ਚੂਹੇ ਨੇ ਛਡਾਈ ਜਿੰਦ ਕੁ-ਥੀ ਦੀ.... ਸੋ ਭਾਈ ਐਮੇਂ ਤਾਂ ਨੀ ਬੇਦ ਸ਼ਾਸਤਰ ਕਾਲੇ ਕੀਤੇ ਅਗਲਿਆਂ।" ਹਾਕਮ ਵਲੈਤੀਆ ਗਾਲੜੀ ਸੀ। ਪੂਰਨ ਸਿੰਹੁ ਜਾਣਦਾ ਸੀ, ਉਹਦੇ ਮੂੰਹ ਵਿਚ ਆਈ ਗੱਲ 'ਗਲਾਧੜ' ਬਣ ਜਾਂਦੀ; ਪਰ ਪਤਾ ਨਹੀਂ ਕਿਉਂ, ਉਹਦਾ ਇੱਕ ਇੱਕ ਬੋਲ ਪੂਰਨ ਸਿੰਹੁ ਨੂੰ ਕੱਟਦਾ ਵੱਢਦਾ ਚਲਾ ਗਿਆ। ਉਹ ਪਰੇਸ਼ਾਨ ਹੋ ਉੱਠਿਆ। ਅੰਦਰ ਖਿਰ ਵਰਗਾ ਕੁਝ ਢਹਿ ਗਿਆ। ਚਿੱਤ ਹੋਰੂੰ ਹੋਰੂੰ ਹੋ ਗਿਆ। ਲੱਗਾ, ਜਿਵੇਂ ਪੁੱਤਰ ਨੂੰ ਸਰਦੂਲ ਸਿੰਹੁ ਦੇ ਘਰ ਕੰਮ ਉੱਤੇ ਲਾ ਕੇ ਉਹ ਕੋਈ ਭੁੱਲ ਕਰ ਬੈਠਾ ਸੀ। ਉਹਦੇ ਆਪਦੇ ਹੱਥੋਂ ਹੀ ਜਿਵੇਂ ਕੱਖਾਂ ਦੇ ਸੁੱਕੇ ਢੇਰ ਵਿਚ ਚੁਆਤੀ ਡਿੱਗ ਪਈ ਹੋਵੇ। ਸੋਧੂਆਂ ਕੇ ਵਿਗੋਚੇ ਸੁਆਰਦਿਆਂ ਉਸ ਦਿਨ ਪੂਰਨ ਸਿੰਹੁ ਦਾ ਕਿਸੇ ਕੰਮ ਵਿਚ ਚਿੱਤ ਨਹੀਂ ਸੀ ਲੱਗਾ। ਵਲੈਤੀਏ ਦੀਆਂ ਚਿੜ੍ਹਕਾੜੀਆਂ ਕੰਨਾਂ ਵਿਚ ਗੂੰਜਦੀਆਂ ਰਹੀਆਂ ਸਨ। ਉਹ ਆਪਦੇ ਉੱਪਰ ਹੀ ਹਿਰਖ ਨਾਲ ਭਰ ਗਿਆ ਸੀ। ਦੇਹ ਹਾਰਦੀ ਜਾਂਦੀ ਸੀ। ਇੱਕ ਮੁਦੱਤ ਹੋ ਗਈ ਸੀ ਭੱਠ ਝੋਕਦਿਆਂ। ਸੋਚਦਿਆਂ ਉਹਦਾ ਗੱਚ ਭਰ ਆਇਆ। ਉਦਾਸ ਜਿਹੀ ਨਜ਼ਰ ਨਾਲ ਉਹਨੇ ਕਕਰੂਟੀ ਦੀ ਛਿੱਦੀ ਛਾਂ ਹੇਠ ਸੁੱਤਾ ਨਿੱਕਾ ਜਿਹਾ ਪੋਤਾ ਅਤੇ ਸਾਊ ਜਹੀ ਨੂੰਹ ਝਾਕੀ। ਨਿਰੀ ਗਊ, ਆਖਰ ਇਹ ਸਭ ਕੁਝ ਕਿਸਦੀ ਬਦੌਲਤ ਸੀ ? ਪੂਰਨ ਸਿੰਹੁ ਦਾ ਜੀ ਕੀਤਾ, ਹੁਣੇ ਸਰਦੂਲ ਸਿੰਹੁ ਦੇ ਘਰ ਜਾ ਖੜ੍ਹੇ ਅਤੇ ਗਲਮਿਉਂ ਫੜ ਕੇ ਆਪਣੇ ਪੁੱਤ ਨੂੰ ਪੁੱਛੇ 'ਵੱਡਿਆ ਕਾਰੀਗਰਾਂ, ਚਾਰ ਇੱਟਾਂ ਸਿੱਧੀਆਂ ਲਾ ਕੇ ਫੰਨੇ ਖਾਂ ਬਣਿਆ ਫਿਰਦੈਂ.....ਮਗਰੋਂ ਔਕਾਤ ਕੀ ਐ ਤਿਰੀ ? ਤੇਰੇ ਅਰਗਾ 'ਭੂੰ' ਆਲੇ ਨੂੰ ਤੇ ਕੋਈ ਕੋਠੇ ਚਾਹੁਣ ਤੇ ਨਹੀਂ ਲਾਉਂਦਾ ਤੇ ਤੂੰ... ?" ਅਤੇ ਸਰਦੂਲ ਸਿੰਹੁ ਦੇ ਪੈਰੀਂ ਢਹਿ ਕੇ ਆਖੇ "ਓ ਦੂਲਿਆ ਸਰਦਾਰਾ! ਏਸ ਹਰਾਮ ਦੇ ਤੁਖ਼ਮ ਪਿੱਛੇ ਨਾ ਜਾਈਂ, ਪਿੰਡ ਵਿਚ ਜਿਹੜਾ ਏਸ 'ਬੱਦੂ' ਕੀਤੇ ਨਾ ਮੈਨੂੰ...ਮੈਂ ਈ ਜਾਣਦਾਂ ਬੱਸ! ਰੱਬ ਦਾ ਵਾਸਤਾ ਈ, ਏ ਆਹ ਵੇਖ..." ਤੇ ਉਹ ਮਨ ਹੀ ਮਨ ਸਰਦੂਲ ਸਿੰਹੁ ਸਾਹਵੇਂ ਸਫ ਵਾਂਗ ਵਿਛ ਗਿਆ ਸੀ, 'ਮੈਂ ਛਿੱਤਰ ਮਾਰ ਮੇਰੇ ਕੰਜਰ ਦੇ ਸਿਰ.....ਜੇ ਸੀ ਵੀ ਕੀਤੀ ਤਾਂ....ਮੈਂ ਤਾਂ ਥੁੱਕਦਾਂ ਐਹੀ ਜੀ ਲਾਦ ਉੱਤੇ ਜਿਨ੍ਹੇਂ ਮੇਰੀ ਦਾਹੜੀ ਨੂੰ ਈ....!" ਅਗੋਂ ਉਹਦੀਆਂ ਕਿਆਸ ਵਿਚ ਹੀ ਭੁੱਬਾਂ ਨਿਕਲ ਗਈਆਂ ਸਨ। ਕੰਬ ਉੱਠਿਆ ਸੀ। ਜ਼ਹਿਰੀ ਸੂਲਾਂ ਵਰਗਾ ਕੁਝ ਸੀ ਜੋ ਜ਼ਿਹਨ ਵਿੱਚ

ਉਗ ਖਲੋਤਾ ਸੀ, ਅਤੇ ਲਗਾਤਾਰ ਪੱਛਦਾ ਚਲਾ ਗਿਆ ਸੀ।

ਚਿਰ ਬਾਅਦ ਉਹ ਆਪਦੇ ਆਪ ਵਿਚ ਪਰਤਿਆ ਤਾਂ ਲੱਗਾ, ਉਹਦੇ ਵਜੂਦ ਉੱਤੇ ਮਾਸ ਦੀ ਥਾਂ ਕੁਰੰਗ ਹੀ ਕੁਰੰਗ ਰਹਿ ਗਿਆ ਹੋਵੇ। ਕਿਹੀਆਂ ਸੋਚਾਂ ਸਨ ਜੋ ਗਿਰਝਾਂ ਵਾਂਗ ਤੋੜਦੀਆਂ ਸਨ। ਜਦ ਕਿ ਉਹ ਪੋਟਾ ਪੋਟਾ ਸਰਦੂਲ ਸਿਹੁੰ ਦਾ ਦੇਣਦਾਰ ਸੀ।

ਉਂਜ ਇਹ 'ਲੈਣ ਦੇਣ' ਦਾ ਸਿਲਸਿਲਾ ਕਿਤੇ ਬਹੁਤ ਪਹਿਲੋਂ ਸ਼ੁਰੂ ਹੋਇਆ ਸੀ। ਜਦੋਂ ਪੂਰਨ ਸਿਹੁੰ ਦੇ ਪਿਉ ਨੇ ਸਰਦੂਲ ਸਿਹੁੰ ਦੇ ਪਿਉ ਦੀਆਂ ਬੁੱਤੀਆਂ ਕਰਦਿਆਂ ਟੱਬਰ ਦਾ ਡੰਗ ਭੁਲਕਿਆ ਸੀ। ਕਹਿੰਦੇ ਸਰਦੂਲ ਸਿਹੁੰ ਦਾ ਪਿਉ ਬਾਰ ਦੇ ਚਹੁੰ ਚੱਕਾਂ ਵਿਚ ਵੱਡਾ ਮੋਹਤਬਿਰ ਸੀ। ਆਪ ਕਚਹਿਰੀ ਲਾਉਂਦਾ, ਲੋਕ ਵਗਾਰਾਂ ਕਰਦੇ ਨਾ ਥੱਕਦੇ, ਪਰ ਸਾਰਾ ਪਿੰਡ ਜਾਣਦਾ ਸੀ, ਪੂਰਨ ਸਿਹੁੰ ਦੇ ਪਿਉ ਨੂੰ ਉਹਨਾਂ ਹਮੇਸ਼ਾਂ ਘਰ ਦੇ ਜੀਆਂ ਬਰੋਬਰ ਜਾਤਾ ਸੀ।

ਇਸੇ ਲਈ ਸ਼ਾਇਦ ਪੂਰਨ ਸਿਹੁੰ ਨੂੰ 'ਟ੍ਰੈਕਟਰ' ਰਹਿੰਦਿਆਂ ਮੱਸ ਫੁੱਟੀ ਸੀ। ਉਹ ਬੀਨਾਂ ਬਣਾ ਬਣਾ ਸੱਪ ਹੀ ਕੱਢੀ ਜਾਂਦਾ। ਕਦੇ ਕੁੜਿਕੀਆਂ ਨਾਲ ਸੂਰ ਮਾਰਨ ਤੁਰਿਆ ਰਹਿੰਦਾ। ਸ਼ਿਕਾਰੀ ਕੁੱਤੇ ਰੱਖਦਾ ਅਤੇ ਸਹੇ ਕੁੱਟਦਾ ਪਰ ਇੱਕ ਦਿਨ ਸਰਦਾਰਾਂ ਦੇ ਹੀ ਖੂਹ ਵਿਚ ਚੱਕ ਵਹਾਉਣ ਗਏ ਪਿਉ ਨੂੰ ਮਿੱਟੀ ਦੀ ਢਿੱਗ ਹੀ ਨਿਗਲ ਗਈ ਤਾਂ ਵੱਡੇ ਸਰਦਾਰ ਨੇ ਆਪ ਪੂਰਨ ਸਿਹੁੰ ਦੇ ਸਿਰ ਉੱਤੇ ਹੱਥ ਧਰਿਆ ਸੀ। ਆਪ ਉਹਦਾ ਕਾਰਜ ਕੀਤਾ ਸੀ ਅਤੇ ਇਕ ਤਰ੍ਹਾਂ ਪਿਉਆਂ ਤੋਂ ਵੀ ਵੱਧ ਕਰ ਵਿਖਾਈ ਸੀ।

ਫਿਰ ਸਰਦੂਲ ਸਿਹੁੰ ਨਾਲ ਤਾਂ ਪੂਰਨ ਸਿਹੁੰ ਰਲ ਕੇ ਖੇਡ੍ਹਿਆ ਵੀ ਸੀ। ਲੜਿਆ ਸੀ, ਰੁੱਸਿਆ ਸੀ। ਸ਼ਾਇਦ ਇਸੇ ਲਈ ਪੂਰਨ ਸਿਹੁੰ ਨੇ ਸਾਊ ਪੁੱਤਾਂ ਵਾਂਗ ਪਿਉ ਦਾ ਰਹਿ ਗਿਆ ਕਰਜ਼ ਆਪਣੇ ਮੋਢਿਆਂ ਉੱਤੇ ਚੁੱਕ ਲਿਆ ਸੀ। ਉਂਜ ਪਿਉ ਦੇ ਜਿਉਂਦਿਆਂ ਕਸਬ ਵਿਚ ਕੁੱਦ ਪੈਂਦਾ ਤਾਂ ਪੂਰਨ ਸਿਹੁੰ ਦੇ ਹੱਥ ਵੀ ਤਾਕ ਹੋ ਜਾਂਦੇ, ਪਰ ਘਰ ਦੀ 'ਫਾਲ-ਛਿੰਗ' ਤੋਂ ਲੈ ਕੇ ਜੇਹੜੇ ਵੀਹਾਂ ਪੰਝੀਆਂ ਘਰਾਂ ਦੀ ਸੇਪ ਉਹ ਪਿਛਲੇ ਤੋਂ ਪਿਛਲੇ ਵਰ੍ਹੇ ਤੀਕ ਕਰਦਾ ਆਇਆ ਸੀ ਇਹ ਸਭ ਕੁਝ ਸਰਦੂਲ ਸਿਹੁੰ ਦੀ ਸਵੱਲੀ ਅੱਖ ਸਦਕਾ ਹੀ ਤਾਂ ਸੀ। ਨਹੀਂ ਤਾਂ ਪੂਰਨ ਸਿਹੁੰ ਦੀ ਕੀ ਜਾਹ ਸੀ।

ਉਹ ਤਾਂ ਉਦੋਂ ਹੀ ਕਿਤੇ ਮਰ ਖਪ ਗਿਆ ਹੁੰਦਾ, ਜਦੋਂ ਦੇਸ਼ ਦੀ ਵੰਡ ਵੇਲੇ ਉਹਦੀ ਇੱਕੋ ਇੱਕ ਧੀ 'ਪਾਰ' ਰਹਿ ਗਈ ਸੀ। ਪੱਗ ਹੀ ਰੁਲ ਗਈ ਤਾਂ ਜਿਉਣ ਦਾ ਕੀ ਹੱਜ ? ਪਰ ਸਰਦੂਲ ਸਿਹੁੰ ਨੇਂ ਤਾਂ ਆਪਣਿਆਂ ਤੋਂ ਵੀ ਵੱਧ ਕਰ ਵਿਖਾਈ ਸੀ; ਵਰ੍ਹਦੀਆਂ ਗੋਲੀਆਂ ਵਿਚ ਉਹ ਆਪ ਜਾਨ ਹੂਲ ਕੇ ਘੋੜੀ ਉੱਤੇ ਚੜ੍ਹ ਕੇ ਗਿਆ ਸੀ ਤੇ ਸਾਂਵੀ ਦੀ ਸਾਂਵੀਂ ਪੂਰਨ ਸਿਹੁੰ ਦੀ ਮੁਟਿਆਰ ਧੀ ਨੂੰ ਲੈ ਕੇ ਪਰਤਿਆ ਸੀ।

ਕਦੇ ਪੂਰਨ ਸਿਹੁੰ ਸੋਚਦਾ, ਸਰਦੂਲ ਸਿਹੁੰ ਮੋਢਾ ਨਾ ਦਿੰਦਾ ਤਾਂ ਉੱਜੜ ਕੇ ਆਉਣ ਮਗਰੋਂ ਖ਼ਬਰੇ ਉਹ ਪਾਣੀ ਦੀ ਤਿੱਪ ਤਿੱਪ ਲਈ ਹੀ ਮੁਹਤਾਜ ਹੋਇਆ ਫਿਰਦਾ। ਨਾ ਭੁੰਏ, ਨਾ ਭਾਂਡਾ, ਲੈ ਦੇ ਕੇ ਢਾਈ ਸੰਦ, ਜੇਹੜੇ ਖ਼ਬਰੇ ਕਿੱਥੇ ਰਹਿ ਗਏ ਸਨ। ਪਰ ਸਰਦੂਲ ਸਿਹੁੰ ਨੇ ਤਾਂ ਉਹਨੂੰ ਭੁੱਲ ਦੀ ਨਹੀਂ ਸੀ ਲੱਗਣ ਦਿੱਤੀ। ਹਿੱਕ ਨਾਲ ਲਾਈ ਆਪਣੇ ਨਾਲ ਲੈ



ਆਇਆ ਸੀ। ਰਹਿਣ ਲਈ ਥਾਂ, ਡੰਗ ਲਈ ਟੁੱਕ ਦਿੱਤਾ ਸੀ। ਯਾਰੀ ਦੀ ਪਿੱਠ ਪੂਰੀ ਸੀ। ਉਸ ਆਪ ਪੂਰਨ ਸਿਹੁੰ ਦੀ ਧੀ ਨੂੰ ਡੋਲੇ ਪਾਇਆ ਸੀ, ਆਪ ਉਹਦੇ ਪੁੱਤ ਨੂੰ ਮਦਰੱਸੇ ਛੱਡ ਕੇ ਆਇਆ ਸੀ। ਮੁੰਡਾ ਚਹੁੰ ਅੱਖਰਾਂ ਤੋਂ ਵੀ ਸਿਰ ਫੇਰ ਗਿਆ ਤਾਂ ਸਰਦੂਲ ਸਿਹੁੰ ਆਪ ਉਹਦੀ ਸ਼ਹਿਰ ਦੇ ਕਿਸੇ ਠੇਕੇਦਾਰ ਨੂੰ ਬਾਂਹ ਫੜਾ ਕੇ ਆਇਆ ਸੀ।

ਅੱਜ ਉਹਦਾ ਪੁੱਤ ਕਾਰੀਗਰ ਸੀ। ਫਿਰ ਇਹ ਪਤਾ ਲੱਗਣ 'ਤੇ ਕਿ ਸਰਦੂਲ ਸਿਹੁੰ ਆਪਦੇ ਪੁੱਤਰ ਲਈ ਕੋਠੀ ਪਾ ਰਿਹਾ ਸੀ, ਤਾਂ ਪੂਰਨ ਸਿਹੁੰ ਆਪਣੇ ਆਪ ਨੂੰ ਚੁਲੋ ਵਿਚੋਂ ਕਿਵੇਂ ਕੱਢ ਲੈਂਦਾ। ਉਹਦੀਆਂ ਤਾਂ ਸਗੋਂ ਚੜ੍ਹ ਮੱਚੀਆਂ ਸਨ।

"ਦੇਖੋ ਜੀ ਸੋ ਦੀ ਇੱਕ... ਕੰਮ ਕਰੂ ਮੇਰਾ ਜੱਸਾ.... ਨਾਲੇ ਦੇਖਿਉ ਪੂਰਨ ਸਿਹੁੰ ਦੇ ਪੁੱਤ ਨੂੰ...।"

ਸਰਦੂਲ ਸਿਹੁੰ ਤਾਂ ਸਗੋਂ ਖ਼ੁਦ ਚਾਹੁੰਦਾ ਸੀ ਲਾਏ ਬੂਟੇ ਦੀ ਛਾਂ ਮਾਣੇ। ਪਰ ਪਤਾ ਨਹੀਂ ਕਿਉਂ, ਉਹ ਪਿਛਲੇ ਦੋ ਵਰ੍ਹਿਆਂ ਤੋਂ ਪੂਰਨ ਸਿਹੁੰ ਦੇ ਜੱਸੇ ਤੋਂ ਕੰਨ ਭੰਨਣ ਲੱਗ ਪਿਆ ਸੀ। ਭਾਵੇਂ ਮੁੰਡਾ ਉਹਦੇ ਆਪਣੇ ਹੱਥਾਂ ਵਿਚ ਹੀ ਪ੍ਰਵਾਨ ਚੜ੍ਹਿਆ ਸੀ ਪਰ ਗੱਲ ਗੱਲ ਤੇ ਉਹਦਾ ਇਉਂ ਰੰਨ੍ਹ ਅੱਡ ਖਲੋਣਾ, ਸਰਦੂਲ ਸਿਹੁੰ ਨੂੰ ਅੰਦਰ ਖਾਤੇ ਕਿਤੇ ਰੜਕਣ ਲੱਗਾ ਸੀ। ਸਰਦੂਲ ਸਿਹੁੰ ਇਹ ਜਾਣਦਾ ਸੀ, ਮੁੰਡੇ ਨੂੰ ਇਹ ਚਤੁਰਾਈ 'ਸ਼ਹਿਰ' ਨੇ ਦਿੱਤੀ ਸੀ ਪਰ ਇਹ ਚਤੁਰਾਈ ਪੂਰਨ ਸਿਹੁੰ ਦੇ ਜੱਸੇ ਦੇ ਕਿਸ ਕੰਮ ? ਜੀਹਦੇ ਟੁੱਕ ਦੀ ਹੋਣੀ ਨਿੱਤ ਦੇ ਖੂਹ ਪੱਟ ਕੇ ਪਾਣੀ ਪੀਣ ਵਰਗੀ ਸੀ।

ਸਰਦੂਲ ਸਿਹੁੰ ਨੇ ਤਾਂ ਏਸੇ ਫ਼ਿਕਰ ਵਿਚ ਪਿਛਲੇ ਤੋਂ ਪਿਛਲੇ ਵਰ੍ਹੇ ਵੀ ਪੂਰਨ ਸਿਹੁੰ ਨੂੰ ਖ਼ਬਰਦਾਰ ਕੀਤਾ ਸੀ।

"ਜਿਉਣ ਦੇ ਚੱਜ ਨੀ ਮੁੰਡੇ ਤਿਰੇ ਦੇ...ਸਮਝਿਆ ? ਇਹ ਤਿੱਖੀ ਦਾਰੂ ਵਰਗਾ ਫ਼ਤੂਰ ਜਿਵੇਂ ਚੜ੍ਹਿਐ ਨਾ ਇਹਦੇ ਸਿਰ ਨੂੰ....ਉੱਤਰੂ ਵੀ ਓਨੀ ਛੇਤੀ ਹੀ......ਨਾਲੇ ਉਹਨੂੰ ਕਹੀਂ... ਭੌਂਕਦਿਆਂ ਨੂੰ ਵਾਹਣ ਇੱਕੋ ਜਿੰਨਾ ਹੁੰਦੈ ਦੋਹਾਂ ਧਿਰਾਂ ਨੂੰ...ਔਖਾ! ਆਹੋ!!"

ਤਦ, ਪਿੰਡ ਵਿਚ ਨਿੱਕਾ ਜਿਹਾ ਵਾਦ, ਬਹੁਤ ਵੱਡਾ ਵਿਵਾਦ ਹੋ ਕੇ ਹਟਿਆ ਸੀ। ਅਸਲ ਵਿਚ ਕਣਕ ਉਸ ਵਰ੍ਹੇ ਬੇ-ਹਸਾਬੀ ਹੋਈ ਸੀ। ਪਿੰਡ ਦੇ ਮੋਹਰੀ ਘਰਾਂ ਕਿਹਾ, "ਐਦਕੀਂ ਉੱਕੇ-ਪੁੱਕੇ ਦਾਣੇ ਨੀ ਦੇਣੇ ਵਾਢਿਆਂ ਨੂੰ...ਵੱਢ ਕੇ ਰਾਹ ਪੈਂਦੇ ਐ, ਉੱਤੋਂ ਦਾਣੇ ਵੀ ਅਸੀਂ ਕੱਢ ਕੇ ਦਈਏ, ਤੇ ਨਾਲ ਤੂੜੀ ਵੀ....ਭਰੀਆਂ ਦੇਵਾਂਗੇ ਹਿੱਸੇ ਦੀਆਂ, ਜਿੱਥੇ ਮਰਜ਼ੀ ਕਢਵਾਉਣ ਆਪਦੀਆਂ.....।"

ਕਾਮੇ ਸੁਣਦਿਆਂ ਹੈਰਾਨ ਰਹਿ ਗਏ ਸਨ। ਉਹ ਤਾਂ ਇਸ ਵਰ੍ਹੇ ਸਗੋਂ ਪਿਛਲੇ ਨਾਲੋਂ ਵੀ ਜ਼ਿਆਦਾ ਮੰਗਣ ਵਾਲੇ ਸਨ। ਰੋਹ ਵਿਚ ਕਾਮੇ ਤੂੰ ਤੂੰ ਮੈਂ ਮੈਂ ਤੀਕ ਉੱਤਰ ਆਏ ਤਾਂ ਤਗੜਿਆਂ ਸਿਰ ਜੋੜ ਲਏ ਅਤੇ ਕੰਮੀਆਂ ਨੂੰ ਪੈਲੀ ਬੰਨੇ ਤੋਂ ਵੀ ਵਰਜ ਦਿੱਤਾ, "ਖ਼ਬਰਦਾਰ! ਕਿਸੇ ਪੱਠੇ ਵੀ ਵੱਢਣ ਦਿੱਤੇ ਤਾਂ...ਮੁੱਲ ਵੀ ਨਈਂ ਦੇਣੇ....ਢੱਠੇ ਖੂਹ ਵਿਚ ਪੈਣ ਆਪੇ...।"

ਮਾੜੇ ਚਾਰ ਚੁਫੇਰਿਉਂ ਹੀ ਵਲੇ ਗਏ ਤਾਂ ਉਹਨਾਂ ਸ਼ਹਿਰ ਦੇ ਸਭ ਤੋਂ ਵੱਡੇ ਅਫ਼ਸਰ ਦੇ ਦਰ ਜਾ ਖੜਕਾਏ। ਗੱਲ, ਲੈ ਦੇ ਕੇ ਲਿਖ਼ਤੀ ਰੂਪ ਵਿੱਚ ਜਾ ਨਿੱਬੜੀ ਕਿ ਅਗਲੇ ਤਿੰਨਾਂ ਵਰ੍ਹਿਆਂ ਲਈ ਵਢਾਈ ਦੀ ਮਿਹਨਤ, ਪਹਿਲਾਂ ਜਿੰਨੀ ਹੀ ਰਹੇਗੀ, ਤਿੰਨ-ਪੰਜ ਕਰਨ ਵਾਲੇ ਲਈ ਜੇਹਲ ਦੀਆਂ ਮੋਟੀਆਂ ਸੀਖਾਂ ਬਾਹਾਂ ਅੱਡੀ ਖੜ੍ਹੀਆਂ ਹੋਣਗੀਆਂ।

"ਕਿਉਂ, ਆਹ ਹੋਈ ਨਾ ਗੱਲ...ਉਹ ਗਏ ਜ਼ਮਾਨੇ ਭਾਊ, ਜਦੋਂ ਅਗਲੇ ਸੀਰੀ ਨੂੰ ਛਿੱਤਰ 'ਚ ਦਾਲ ਪਿਆਉਣ ਤੀਕ ਜਾਂਦੇ ਸੀ.....।"

ਕਾਮਿਆਂ ਵਿਚੋਂ ਕਿਸੇ ਜਿੱਤ ਦੀ ਬੁਲਬਲੀ ਮਾਰ ਦਿਤੀ। ਇਸ ਤੋਂ ਪਹਿਲਾਂ ਕੇ ਕੁਝ ਹੋਰ ਵਾਪਰ ਜਾਂਦਾ, ਜੈਸਾ ਭੀੜ ਵਿਚੋਂ ਨਿਕਲ ਕੇ ਧਰਮਸ਼ਾਲਾ ਦੇ ਥੜ੍ਹੇ ਤੇ ਜਾ ਚੜ੍ਹਿਆ।

"ਥੁੱਕ ਲਾਆ ਕੇ ਬੁਲਬਲੀਆਂ ਮਾਰਦਿਆਂ ਨੂੰ ਸ਼ਰਮ ਨੀ ਆਉਂਦੀ ? ਮੈਂ ਪੁੱਛਦਾ ਕਦੋਂ ਅਕਲ ਆਊ ਥੋਨੂੰ.....ਪਤੈ ਕਿਮੇਂ ਮੂਰਖ ਬਣਾਇਐ ਅਗਲਿਆਂ ?"

ਲੋਕ ਠਠੰਬਰ ਗਏ। ਕਿਆੜੇ ਲਾਉਣ ਲੱਗੇ।

"ਮੈਂ ਪੁੱਛਦਾਂ ਕੇਹੜਾ ਚਾਂਗਰਾਂ ਮਾਰਦਾ ਸੀ ? ਲਿਆਉ ਮੇਰੇ ਮੂਹਰੇ ਉਹਨੂੰ, ਮੈਂ ਪੁੱਛਾਂ ਵੱਡੇ ਸੂਰਬੀਰ ਨੂੰ, ਕਿਹੜੀ ਮੱਲ ਮਾਰ ਲਈ ਉਹਨੇ ? ਭਲਾ ਐਂ ਦਸੋ, ਤੁਸੀਂ ਸਾਰੇ ਚਾਹੁੰਦੇ ਸੀ ਨਾ ਐਤਕੀਂ ਪਈ ਵਾਢੀ ਵੇਲੇ ਕਿੱਲੇ ਦੇ ਦਾਣੇ ਵਧਾਈਏ ? ਪਰ ਤਗੜਿਆਂ ਇਹ ਗੱਲ ਪਹਿਲਾਂ ਹੀ ਭਾਂਪ ਲਈ, ਉਹਨਾਂ ਆਖਿਆ ਅਸੀਂ ਤਾਂ ਪਹਿਲਾਂ ਨਾਲੋਂ ਵੀ ਘੱਟ ਦੇਵਾਂਗੇ। ਤੁਸੀਂ ਆਕੜ ਗਏ। ਗੱਲ ਵਧ ਗਈ। ਹੁਣ ਸੋਚਦੇ ਹੋਵੋਗੇ ਪਈ ਅਫ਼ਸਰ ਆਉਣ ਤੇ ਜ਼ਿਮੀਦਾਰ ਯਰਕ ਗਏ ਹੋਣੇ ਐ... ਕੋਈ ਨੀ ਯਰਕਿਆ। ਸਭ ਭੁੱਲ ਐ ਥੋਡੀ... ਅਗਲੀ ਧਿਰ ਤਾਂ ਚਾਹੁੰਦੀ ਸੀ ਕੋਈ ਲਿਖ਼ਤੀ ਗੱਲ ਤੁਰੇ ਤੇ ਅਗਲੇ ਮਾਂਜ ਕੇ ਰੱਖ ਦੇਣ ਤੁਹਾਨੂੰ ਨਿਹੰਗਾਂ ਦੇ ਬਾਟੇ ਆਂਗੂੰ। ਜ਼ਰਾ ਸੋਚੋ, ਤਿੰਨਾਂ ਵਰ੍ਹਿਆਂ ਲਈ ਲੱਗ ਗਏ ਨਾ ਜਿੰਦਰੇ, ਦਾਣੇ ਵੜ ਗਏ ਭਾਂਡੇ ਵਿਚ, ਜੇਹੜੇ ਅਗਲੇ ਤਿੰਨਾਂ ਵਰ੍ਹਿਆਂ ਵਿਚ ਤੁਸੀਂ ਹੱਕ ਦੇ ਲੈਣ ਵਾਲੇ ਸੀ। ਹੁਣ ਦੇਖ ਲੌ ਤੁਸੀਂ ਕੀ ਮੁੱਲ ਤਾਰਿਆਂ ਬੁੱਲਬੁਲੀ ਦਾ ...?"

"ਤਖ਼ਾਣ ਘੁਣਤਰੀ ਐ ਉਏ.....।" ਕਿਸੇ ਪ੍ਰਸੰਸਾ ਵਿਚ ਸਿਰ ਮਾਰਿਆ।

"ਘੁਣਤਰੀ ਜਿਆ ਘੁਣਤਰੀ..... ਇਹ ਜਾਤ ਤਾਂ ਸਿਲ੍ਹੀ ਚਿਣਨ ਵੇਲੇ ਨੀ ਸੂਤ ਗੁਣੀਏ ਤੋਂ ਥੱਲੇ ਉੱਤਰਦੀ.....ਹੁਣ ਤਾਂ...." ਕਿਸੇ ਹੋਰ ਕਿਹਾ।

"ਪਰ ਪੂਰਨ ਸਿਹੁੰ ਤਾਂ ਬੁੱਗ ਈ ਸੀ ਜਾਰ......।"

"ਬੁੱਗ ਜਿਆ ਬੁੱਗ....... ਪਰ ਉਹਦੀ ਪਿੱਠ ਸੁਣਦੀ ਐ ਬਈ, ਉਹਨੇ ਸਰਦੂਲ ਸਿਹੁੰ ਦੀ ਕਦੇ ਨਹੀਂ ਸੀ ਬੁੱਲੀ... ਕੇਰਾਂ ਮੈਂ ਤੇ ਪੂਰਨ ਸਿਹੁੰ ਬੈਠੇ ਸੀ ਸਰਦਾਰ ਦੇ ਘਰੇ... ਸਰਦਾਰ ਇੱਕ ਲੰਡਰ ਜਹੀ ਕੁੱਤੀ ਨੂੰ ਕਹਿੰਦਾ, "ਪੂਰਨ ਸਿਹਾਂ! ਆਹ ਕੁੱਤੀ ਸੂਣ ਆਲੀ ਤਾਂ ਨੀ ?" ਪੂਰਨ ਸਿਹੁੰ ਕਹਿਣ ਲੱਗਾ, "ਜੀ ਹੈ ਤਾਂ ਸੂਣ ਵਾਲੀਓ...।" ਘੜੀ ਪਿੱਛੋਂ ਸਰਦਾਰ ਨੇ ਕਿਹਾ, "ਊਂ ਲੱਗਦੀ ਤਾਂ ਸਾਲੀ ਫੰਡਰ ਜਹੀ ਐ....." ਕਹਿੰਦਾ, "ਜੀ ਲੱਗਦੀ ਤਾਂ ਮੈਨੂੰ ਵੀ ਐ।" ਮੁੜਦਿਆਂ ਮੈਂ ਕਿਹਾ ਪੂਰਨ ਸਿਹਾਂ, ਇਹ ਕੀ ਗੱਲ ? ਪਤੈ



ਮੈਨੂੰ ਕੀ ਕਿਹਾ ਉਸ ? ਕਹਿੰਦਾ ਤੂੰ ਤਾਂ ਮੂਰਖ ਐਂ, ਲੈ ਦੇ ਕੇ ਇਹੀ ਤਾਂ ਰੱਬ ਨੇ ਸਾਡੇ.....ਜੀਹਦਾ ਖਾਈਏ ਉਹਦਾ ਗਾਈਏ ਭਾਈ! ਕਹਿੰਦੇ ਮੂੰਹ ਖਾਂਦੈ..... ਅੱਖ ਸ਼ਰਮਾਉਂਦੀ ਐ ਵੀਰ!"

"ਮੁੰਡਾ ਦੇਖ ਲੈ ਜਿਵੇਂ ਦੁਪਹਿਰ ਦੀ ਮਾਰ ਹੁੰਦੈ ਸਾਲਾ।"

"ਸਰਦੂਲ ਸਿਹੁੰ ਕਿਹੜਾ ਘੱਟ ਐ, ਲੰਘ ਜਾਏ ਭਾਵੇਂ ਗੱਡੀ ਲੰਘ ਜਾਏ ਸਿਰੋਂ ਜੇ ਜੀ ਵਿਚ ਆ ਗਈ, ਮੁੱਲ ਪਾ ਦੂ ਇਹਦੀ ਲੀਡਰੀ ਦਾ.....।"

ਇਕੱਠ ਮਗਰੋਂ ਸਰਦੂਲ ਸਿਹੁੰ, ਪੂਰਨ ਸਿਹੁੰ ਨੂੰ ਆਪਣੇ ਘਰ ਲੈ ਗਿਆ ਅਤੇ ਉਹਦੀਆਂ ਅੱਖਾਂ ਵਿਚ ਸਿੱਧਾ ਝਾਕਦਾ ਬੋਲਿਆ।

"ਦੇਖਿਆ ਤੇਰੇ ਫਰਜੰਦ ਨੂੰ ਕਿਮੇਂ ਥਾਪੀਆਂ ਦੇਂਦੀ ਸੀ ਚੜ੍ਹੰਮ ? ਪਰ ਗੱਲ ਸੁਣ! ਕਹਿੰਦੇ ਕਿਤੇ ਨਮਾਜ਼ ਵੇਲੇ ਸਿਜਦੇ ਵਿਚ ਗਿਆ ਮੌਲਵੀ ਕੋਡਾ ਹੋਇਆ ਤਾਂ ਨੰਗਾ ਹੋ ਗਿਆ। ਤੇਰੇ ਮੁੰਡੇ ਅਰਗਾ ਕੋਲ ਖੜ੍ਹਾ ਸੀ। ਉਹਨੇ ਕੁ-ਥਾਂ ਜਹੇ ਉਂਗਲ ਲਾ ਤੀ, ਮੌਲਵੀ ਦਾਨਾ ਬੰਦਾ ਸੀ। ਉਹਨੇ ਮੁੰਡੇ ਨੂੰ ਅਬਾ-ਤਬਾ ਬੋਲਣ ਦੀ ਥਾਂ ਰੁਪਈਆ ਕੱਢ ਕੇ ਉਹਦੀ ਤਲੀ ਤੇ ਧਰ 'ਤਾ.....ਮੁੰਡੇ ਕਿਹਾ ਕਮਾਲ ਐ। ਗਿੱਝੇ ਹੋਏ ਨੇ ਕਿਸੇ ਨਿਹੰਗ ਨੂੰ ਵੀ ਉਵੇਂ ਲਾ ਤੀ... ਅਗਲੇ ਸਿਰ ਵੱਢ ਕੇ ਔਹ ਮਾਰਿਆ, ਆਈ ਅਕਲ 'ਚ ? ਮੈਂ ਤਾਂ ਪੂਰਨ ਸਿਹਾਂ ਜੇ ਸੱਚੀ ਪੁੱਛਦੇਂ ਰੁਪਈਆ ਦੇਣ ਆਲਿਆਂ ਵਿਚੋਂ ਆਂ, ਸਿਰ ਲਾਹੁਣ ਆਲਾ ਕੋਈ ਆਪੇ ਟੱਕਰ ਜੂ.......।"

ਸੁਣ ਕੇ ਪੂਰਨ ਸਿਹੁੰ ਅੰਦਰ ਤੱਕ ਹਿੱਲ ਗਿਆ ਸੀ। ਪੁੱਤਰ ਨੂੰ ਮੱਤਾਂ ਦੇਂਦਿਆਂ ਉਸ ਸਿਰ ਦੀਆਂ ਠੀਕਰੀਆਂ ਭੰਨ ਲਈਆਂ ਸਨ। ਪਰ ਮੁੰਡਾ ਇਕੋ ਗੱਲ ਦਹੁਰਾਈ ਗਿਆ।

"ਦੱਸ ਮੈਂ ਝੂਠ ਕੀ ਕਿਹੈ ?"

"ਪਰ ਪੁੱਤਰਾ! ਸਰਦੂਲ ਸਿਹੁੰ ਦੇ ਨਹੁੰਆਂ ਵਿਚੋਂ ਤਾਂ ਹਾਲੀ ਤੇਰਾ ਗੰਦ ਨਹੀਂ ਨਿਕਲਿਆ.......।"

"ਇਹਦਾ ਮਤਲਬ ਏ ਅੱਖੀਂ ਵੇਖ ਕੇ ਜ਼ਹਿਰ ਨਿਗਲੀ ਜਾਈਏ ?" ਮੁੰਡਾ ਤਲਖ਼ੀ ਨਾਲ ਬੋਲਦਾ ਸੀ।

"ਪਰ ਸ਼ੇਰਾ! ਕੱਲਾ ਸਾਰੀ ਦੁਨੀਆਂ ਦੇ ਕੰਡੇ ਹੂੰਝ ਕੇ ਆਪ ਨੰਗੀ ਪੈਰੀਂ ਤੁਰ ਲੈਂਗਾ ?"

"ਪਰ ਤੁਸੀਂ ਤਾਂ ਜੁੱਤੀ ਵੀ ਨੀ ਪਾਉਣ ਦਿੰਦੇ।"

ਸਾਰੇ ਹਥਿਆਰ ਠੁੱਸ ਹੋ ਗਏ ਤਾਂ ਪੂਰਨ ਸਿਹੁੰ ਨੇ ਆਖ਼ਰੀ ਹਥਿਆਰ ਵਰਤਿਆ ਸੀ। ਚਿੱਟੀ ਦਾਹੜੀ ਦੇ ਉਲਝੇ ਵਾਲਾਂ ਵਿਚੋਂ ਕੋਸੇ ਅੱਥਰੂ ਪੂੰਝਦਿਆਂ ਕਿਹਾ ਸੀ, "ਇਹ ਜੁੱਤੀ ਪੁੱਤ ਸਾਨੂੰ ਮੇਹਨਤੀਆਂ ਨੂੰ ਰਾਸ ਨਹੀਂ ਆਉਣੀ...."

ਫਿਰ ਡੁੱਸਕਦਿਆਂ ਉਹ ਸਾਰਾ ਕੁਝ ਦੁਹਰਾਇਆ ਸੀ ਜੋ ਖ਼ਬਰੇ ਉਹ ਕਿੰਨੀ

ਵਾਰੀ ਦੂਹਰਾ ਚੁੱਕਾ ਸੀ। ਕਿਵੇਂ ਸਰਦੂਲ ਸਿਹੁੰ ਨੇ ਉਹਨਾਂ ਦੀ ਜੜ੍ਹ ਲਾਈ ਸੀ। ਕਿਵੇਂ ਸਰਦੂਲ ਸਿਹੁੰ ਦੇ ਖੰਭਾਂ ਥੱਲੇ ਉਹਨੇ ਆਪਣਾ ਛੋਟਾ ਜਿਹਾ ਸੰਸਾਰ ਸਿਰਜਿਆ ਸੀ। ਅੱਜ ਉਹਦਾ ਹੀ ਲਹੂ, ਭਰੀ ਸਭਾ ਵਿਚ ਉਹਨਾਂ ਖੰਭਾਂ ਦੀਆਂ ਬੋਟੀਆਂ ਤੋੜਣ ਤੀਕ ਅੱਪੜ ਗਿਆ ਸੀ।

ਮੁੰਡੇ ਦੇ ਅੱਖੜ ਸੁਭਾ ਬਾਰੇ ਭਾਵੇਂ ਪੂਰਨ ਸਿਹੁੰ ਨੇ ਕਿਸੇ ਗ਼ੈਰ ਕੋਲ ਵੀ ਕਦੇ ਭਾਫ਼ ਨਹੀਂ ਸੀ ਕੱਢੀ, ਫਿਰ ਵੀ ਸਰਦੂਲ ਸਿਹੁੰ ਜਾਣਦਾ ਸੀ ਪਿੰਡ ਵਿਚ ਕੋਈ ਕਾਂਗਿਆਰੀ ਉੱਗ ਜ਼ਰੂਰ ਪਈ ਸੀ। ਇਸੇ ਲਈ ਉਹ ਚਾਹੁੰਦਾ, ਕਿੰਨਾ ਚੰਗਾ ਹੋਵੇ ਜੇ ਉਹ ਕਿਸੇ ਹੋਰ ਮਿਸਤਰੀ ਤੋਂ ਹੀ ਕੰਮ ਕਰਵਾ ਲਵੇ।

"ਲੈ, ਸਾਡੇ ਲਈ ਛਿੱਤਰ 'ਚ ਪਾਣੀ ਪਾ ਕੇ ਡੁੱਬ ਮਰਨ ਵਾਲੀ ਗੱਲ ਨਹੀਂ.... ਸਾਰੀ ਉਮਰ ਜਿਨ੍ਹੇਂ ਸਾਡੇ ਪੈਰਾਂ ਥੱਲੇ ਹੱਥ ਧਰੇ... ਅੱਜ ਲੋੜ ਵੇਲੇ ਜੁਲੇ ਵਿਚੋਂ ਹੀ ਨਿਕਲ ਜਾਈਏ।" ਪੂਰਨ ਸਿਹੁੰ ਨੇ ਹਿੱਕ ਤਾਂ ਥਾਪੜੀ ਸੀ ਪਰ ਅੰਦਰੇ ਅੰਦਰ ਸਹਿਮ ਵੀ ਗਿਆ ਸੀ, 'ਜੇ ਮੁੰਡਾ ਈ ਸਿਰ ਫ਼ੇਰ ਗਿਆ?' ਸੋਚ ਵਿਚ ਭੈ ਦੇ ਵਰੋਲੇ ਉੱਠ ਖੜ੍ਹੇ ਸਨ। 'ਚਲੋ, ਫੇਰ ਪੜ੍ਹਿਆ ਵਾਚੂ ਆਪਦਾ.....।' ਉਹਨੇ ਸੋਚਿਆ ਸੀ।

ਤਰਕਾਲਾਂ ਨੂੰ ਪੁੱਤਰ ਦੇ ਸ਼ਹਿਰੋਂ ਮੁੜਣ ਤੇ ਪੂਰਨ ਸਿਹੁੰ ਕਿੰਨਾਂ ਚਿਰ ਗਿਣਤੀਆਂ ਮਿਣਤੀਆਂ ਵਿਚ ਪਿਆ ਰਿਹਾ ਸੀ। ਕਿਵੇਂ ਛੋਹੇ ਕੇ ਸਰਦਾਰ ਦਾ ਵੱਡਾ ਮੁੰਡਾ ਵਲੈਤੋਂ ਪਰਤ ਰਿਹਾ ਸੀ ਜਾਂ ਉਹਨਾਂ ਲਈ ਕੋਠੀ ਬਣਾਉਣੀ ਸੀ। ਸਰਦੂਲ ਸਿਹੁੰ ਦੇ ਕਿਹੜੇ ਅਹਿਸਾਨ ਦਾ ਤਰਲਾ ਲਵੇ, ਜਦ ਕਿ ਉਹ ਗੱਲ ਗੱਲ ਤੇ ਤੜਫਣ ਲੱਗਦਾ ਸੀ।

"ਕੁੜੀ...ਕੁੜੀ....ਕੁੜੀ।" ਮੁੰਡਾ ਆਖਦਾ। "ਮੈਂ ਕਹਿਨਾਂ ਜੇ ਉਹਨੇ ਕੁੜੀ ਲੈ ਵੀ ਆਂਦੀ... ਇਹਦੇ ਵਿਚ ਉਹਦੀ ਹਉਮੈ ਦਾ ਵੀ ਸੁਆਲ ਸੀ। ਜੇ ਮੰਨ ਲਉ ਉਹਨੇ ਸਾਡੀ ਖ਼ਾਤਰ ਹੀ ਕੀਤੇ ਸਭ ਕੁਝ ਤਾਂ ਪਤੇ ਇਸ ਬਾਜ਼ੀ ਵਿਚ ਉਹਨੇ ਕੀ ਖੱਟਿਆ? ਇੱਕ ਨਹੀਂ, ਦੋ ਨਹੀਂ, ਤੇਰੀ ਜਿੰਦਗੀ ਦੇ ਪੂਰੇ ਸੱਠ ਵਰ੍ਹੇ...ਦੱਸ ਖੱਟੇ ਕੇ ਨਹੀਂ। ਤੂੰ ਸੋਚ ਤੋਂ ਕੀ ਖੱਟਿਆ... ਮਾਂ ਸਾਡੀ ਦੁਆਈ ਖੁਣੋ ਦਮ ਤੋੜ ਗਈ। ਤੇਰੇ ਪਿੰਡੇ ਦੀ ਭਾਵੇਂ ਕੋਈ ਹੱਡੀ ਹੱਡੀ ਗਿਣ ਲਵੇ, ਲੈ ਦੇ ਕੇ ਰਹਿ ਗਏ ਕੱਚੇ ਕੋਠੇ ਦੇ ਦੋ ਖਣ....? ਉਹ ਵੀ ਅਗਲਾ ਭਾਵੇਂ ਜਦ ਮਰਜ਼ੀ ਰੜੇ ਤੇ ਮਾਰੇ ਚੱਕ ਕੇ.... ਬੰਦਾ ਬੰਦੇ ਦੇ ਕੰਮ ਆ ਗਿਆ ਇਹ ਅਹਿਸਾਨ ਐ ਕੋਈ? ਇੱਕ ਹੱਥ ਜਦੋਂ ਦੂਜੇ ਹੱਥ ਨੂੰ ਧੋਂਦੈ ਤਾਂ ਅਹਿਸਾਨ ਕਰਦੈ?"

ਪੂਰਨ ਸਿਹੁੰ ਨੂੰ ਚੇਤੇ ਆਇਆ ਕਿਵੇਂ ਵੱਡੀ ਸਰਦਾਰਨੀ ਦੇ ਭੋਗ 'ਤੇ ਜਦੋਂ 'ਵਾਧਾ ਘਾਟਾ' ਸਰਦਾਰ ਨੇ ਪੂਰਨ ਸਿਹੁੰ ਨੂੰ ਚੁਕਾ ਦਿੱਤਾ ਸੀ ਤਾਂ ਵੇਖਦਿਆਂ ਜੱਸਾ ਲੋਹਾ-ਲਾਖਾ ਹੋ ਗਿਆ ਸੀ।

"ਇਸ ਜੂਠ ਨੂੰ ਤੂੰ ਹੀ ਰਹਿ ਗਿਆ ਸੈਂ? ਮੈਂ ਪੁੱਛਦਾ ਇਹ ਕਾਰੀਗਰਾਂ ਵਾਲੀ ਅੱਣਖ ਐ ਤੇਰੀ? ਤੇਰਾ ਏਨੇ ਨਾਲ ਈ ਲੋਢਾ ਫੁੱਲਿਆ ਪਿਐ.... ਇਹਨੂੰ ਚੱਕ ਲੈ, ਨਹੀਂ ਮੈਂ ਗਲੀ 'ਚ ਮਾਰੂ ਚੱਕ ਕੇ...।" ਮੁੰਡਾ ਗੁੱਸੇ ਨਾਲ ਕੰਬਣ ਲੱਗ ਪਿਆ ਸੀ। ਆਖ਼ਰ ਬਰਾਬਰ ਦੇ ਪੁੱਤ



ਨੂੰ ਉਹ ਕੀ ਆਖੇ? ਸੁਰਜੇ ਬਾਹਮਣ ਦਾ ਪੁੱਤ ਵੀ ਤਾਂ ਪਿਉ ਮੂਹਰੇ ਇਜ ਹੀ ਦਹਾੜਦਾ ਸੀ। ਜਿਹੜਾ ਆਖਦਾ ਸੀ, "ਮੈਂ ਤਾਂ ਥੁੱਕਦਾ ਨਹੀਂ ਥੋਡੇ ਹੱਦਿਆਂ 'ਤੇ....।"

ਪੂਰਨ ਸਿਹੁੰ ਨੂੰ ਸਮਝ ਨਾ ਲੱਗਦੀ, ਆਖ਼ਰ ਕਿਉਂ ਨਿੱਕੀ ਨਿੱਕੀ ਗੱਲ ਉੱਤੇ ਮੁੰਡੇ ਵੱਡਿਆਂ ਦੀ ਧਾਣ-ਪੱਤ ਲਾਹੁਣ ਤੀਕ ਜਾਂਦੇ ਸਨ। ਪਾਣੀ ਵਿਚ ਰਹਿ ਕੇ ਵੀ ਮਗਰਮੱਛਾਂ ਨਾਲ ਵੈਰ ਵਿਹਾਜਦੇ ਸਨ। ਆਪਦੇ ਲਾਡਲੇ ਪੁੱਤ ਉੱਤੇ ਉਹ ਕਲਪਦਾ, ਖਿਝਦਾ ਅਤੇ ਅੰਦਰੇ ਅੰਦਰ ਹਾਰੇ ਦੀ ਅੱਗ ਵਾਂਗ ਧੁੱਖਦਾ ਰਹਿੰਦਾ। ਉਹ ਚਾਹੁੰਦਾ, ਮੁੰਡਾ ਸਰਦੂਲ ਸਿਹੁੰ ਦਾ ਸਾਰਾ ਉਲਾਂਭਾ ਧੋ ਦੇਵੇ। ਸ਼ਹਿਰ ਨੇ ਤਾਂ ਲੋੜ ਪੈਣ ਉੱਤੇ ਵੱਢੀ ਉਂਗਲ ਤੇ ਵੀ ਨਹੀਂ ਸੀ ਮੂਤਣਾ..... ਇੱਥੇ ਅਗਲਾ ਦਿਨ ਰਾਤ ਸਿਰ ਤੇ ਖੜ੍ਹੇ।.....

ਪੂਰਨ ਸਿਹੁੰ ਦੇ ਕੇਰਾਂ ਕਹਿਣ ਉੱਤੇ ਹੀ ਜੱਸਾ ਸਰਦੂਲ ਸਿਹੁੰ ਦੇ ਕੰਮ ਉੱਤੇ ਜਾ ਲੱਗਿਆ ਸੀ ਪਰ ਪੁੱਤ ਬਾਰੇ ਭਾਂਤ ਭਾਂਤ ਦੀਆਂ ਕਨਸੋਆਂ ਜਦੋਂ ਪੂਰਨ ਸਿਹੁੰ ਦੇ ਕੰਨਾਂ ਕੋਲੋਂ ਖਹਿ ਕੇ ਲੰਘਦੀਆਂ ਤਾਂ ਉਹਦਾ ਕਲੇਜਾ ਧੱਕ ਧੱਕ ਕਰਨ ਲੱਗਦਾ।

ਇਕ ਦਿਨ ਕਿਸੇ ਨੇ ਸੁਭਾਵਕ ਹੀ ਪੂਰਨ ਸਿਹੁੰ ਨੂੰ ਜੱਸੇ ਦੀ ਸਿਫ਼ਤ ਵਿਚ ਆ ਕਿਹਾ।

"ਮੁੰਡਾ ਤਾਂ ਬਈ ਕਹਿੰਦੇ ਕਹਾਉਂਦਿਆਂ ਨੂੰ ਟਿੱਚ ਸਮਝਦੈ.....।"

ਪੂਰਨ ਸਿਹੁੰ ਸਿਰ ਉੱਚਾ ਕਰਨ ਦੀ ਥਾਂ ਭੁੰਏ ਨਿੱਘਰ ਗਿਆ।

"ਮੁੰਡੇ 'ਚ ਤਾਂ ਬਾਹਲਾ ਈ ਤੱਤ ਐ ਥਾਈ।" ਇਕ ਦਿਨ ਕਿਸੇ ਹੋਰ ਕਿਹਾ, "ਉਂ ਕੰਮ ਨੂੰ ਵੀ ਉਤਲੇ ਜੋੜਾਂ 'ਚ ਐ... ਮੈਂ ਦੇਖਿਐ ਇੱਟਾਂ ਵੀ ਅੱਖਾਂ ਮੀਟ ਕੇ ਸਿੱਟਦੈ ਪਤੰਦਰ, ਹੱਥਾਂ ਦਾ ਸੁੱਚੈ ਬਈ, ਤਾਂਹੀ ਤਾਂ ਮਿਥਦਾ ਨੀਂ ਕਿਸੇ ਨੂੰ..."

ਇੱਕ ਦਿਨ ਸਾਰੇ ਪਿੰਡ ਵਿਚ ਧੁੰਮ ਗਈ ਕਿ ਕਿਸੇ ਨਾਲ ਸਰਸਰੀ ਜਿਹੀ ਗੱਲ ਕਰਦਿਆਂ ਸਰਦੂਲ ਸਿਹੁੰ ਆਖ ਬੈਠਾ, "ਕੋਠੀ ਕਾਹਦੀ ਐ ਜੀ....ਲੈਂਟਰ ਤਾਂ ਸਾਡੇ ਤੇ ਪਊ, ਜਦ ਨਿੱਕੀਆਂ ਕਾਂਡੀਆਂ ਨਾਲ ਫ਼ਿਰਿਆ ਪੋਚਾ....ਸਾਡੇ ਪਿਤਾ ਜੀ ਕਿਹਾ ਕਰਦੇ ਸੀ, ਬਈ ਭੂਤ ਤੇ ਕਾਰੀਗਰ 'ਕੇਰਾਂ ਘਰ 'ਚ ਵੜ ਜੇ, ਮੇਲੇ ਦੀ ਧੂਣੀ ਬਿਨਾਂ ਨੀਂ ਨਿਕਲਦਾ.... ਉੱਤੋਂ ਕਾਰੀਗਰ ਅੱਜ ਕੱਲ੍ਹ ਏਦਾਂ ਦੇ ਨੇ, ਪਈ ਐਨੀ ਐਨੀ ਦਿਹਾੜੀ... ਫਿਰ ਵੀ ਹੈ ਨੀ ਹੈ ਨੀ.....ਕਮੀਸ਼ਨਾਂ ਦੇ ਘਾਪੇ ਵੱਖ, ਬੰਦਾ ਪੁੱਛੇ ਬਈ ਉਂਈਂ ਵੜ ਲਉ ਬਗਲੀ... ਕਹਿੰਦੇ ਕੋਈ ਉੱਠ ਤੇ ਚੜ੍ਹਿਆ ਮੇਲਾ ਦੇਖਦਾ ਸੀ। ਫਿਰ ਵੀ ਤਾਂਹਾਂ ਤਾਂਹਾਂ ਉੱਠ ਉੱਠ ਦੇਖੇ, ਅਗੋਂ ਥੋਨੂੰ ਪਤਾ ਈ ਐ।"

ਜੱਸਾ ਤੜਿੰਗ ਹੋ ਗਿਆ ਤੇ ਤਮਕ ਕੇ ਬੋਲਿਆ ਸੀ।

"ਜੀ ਉਂ ਕਮੀਸ਼ਨਾਂ ਦਾ ਕੋਹੜ ਲਾਇਆ ਕੀਹਨੇ ਐ? ਸਮਾਨ ਖ਼ਰੀਦਣ ਨੂੰ ਲੋਕ ਜਿੱਦਣ ਕੰਮ ਸਮਝਣ ਲੱਗ ਪਏ, ਕਮੀਸ਼ਨਾਂ ਵੀ ਨਹੀਂ ਰਹਿਣਗੀਆਂ। ਸਾਰਾ ਦਿਨ ਤਾਂ ਅਗਲਾ ਖੁਰ-ਵਢਾਈ ਕਰਦੈ.... ਤਕਾਲੀਂ ਦਿਹਾੜੀ ਦਾ ਨਾਂ ਥੋਹ ਨੀਂ ਹੁੰਦਾ, ਹਾਰ ਕੇ ਅਗਲਾ ਅੱਕ ਨਾ ਚੱਬੇ ਤਾਂ ਹੋਰ ਕੀ ਕਰੇ। ਸ਼ਾਬਾਸ਼ ਦੇਣੀ ਕੋਈ ਸਿੱਖਿਆ ਈ ਨਹੀਂ

ਕਾਰੀਗਰ ਨੂੰ... ਅਗੋਂ ਕਾਰੀਗਰ ਵੀ ਕਹਿੰਦੈ.... ਪੁੱਤ ਦਾੜ੍ਹ ਹੇਠ ਤਾਂ ਹੁਣੇ ਆਇਐਂ.....।"

ਕਿਸੇ ਇਹ ਚਰਚਾ ਕੰਨੀਂ ਸੁਣੀ ਸੀ, ਤੇ ਪੂਰਨ ਸਿਹੁੰ ਨੂੰ ਆ ਦੱਸੀ ਸੀ।

"ਬਈ ਪੂਰਨ ਸਿਹਾਂ! ਸਰਦਾਰ ਭਾਵੇਂ ਲੱਖ ਕਹੇ... ਮੁੰਡਾ ਤੇਰਾ ਰੰਦੇ ਆਂਗੂ ਤਿੱਖੈ...."

ਪਤਾ ਨਹੀਂ ਕਿਉਂ ਪੂਰਨ ਸਿਹੁੰ ਨੂੰ ਪੁੱਤਰ ਦੀ ਇਹ ਵਡਿਆਈ ਸੁਖਾਵੀਂ ਨਹੀਂ ਸੀ ਲਗਦੀ। ਉਹ ਸੋਚਦਾ, 'ਬਿੱਲੀ ਸ਼ੀਂਹ ਪੜ੍ਹਾਇਆ, ਉਹ ਬਿੱਲੀ ਨੂੰ ਹੀ ਖਾਣ ਆਇਆ?'

ਇਸੇ ਲਈ ਜਦੋਂ ਤੋਂ ਜੱਸਾ ਸਰਦੂਲ ਸਿਹੁੰ ਦੇ ਕੰਮ ਤੇ ਲੱਗਾ ਸੀ, ਪੂਰਨ ਸਿਹੁੰ ਉਸਾਰੀ ਲਾਗੇ ਜਾਣੋਂ ਟਲਦਾ ਰਿਹਾ ਸੀ। ਉਹ ਸੋਚਦਾ, ਪੁੱਤ ਹੱਥੋਂ ਉਹ ਸਰਦੂਲ ਸਿਹੁੰ ਦੀ ਲਹਿੰਦੀ ਕਿਵੇਂ ਸੁਣ ਸਕੇਗਾ? ਪਰ ਇੱਕ ਦਿਨ ਉਹ ਸੁਭਾਵਕ ਹੀ ਜਦੋਂ ਸਰਦੂਲ ਸਿਹੁੰ ਵੱਲ ਆ ਨਿਕਲਿਆ ਸੀ ਤਾਂ ਮੂਹਰੇ ਮੇਹਨਤੀਆਂ ਵਿਚ ਟਾਂਚਾਂ ਦੀ ਤਲਖ਼ੀ ਭਾਫ਼ ਵਾਂਗ ਉੱਡ ਰਹੀ ਸੀ....।

ਘੜੀ ਪਹਿਲਾਂ ਹੀ ਮੇਹਨਤੀ ਚਾਹ ਪੀ ਕੇ ਹਟੇ ਸਨ। ਸਰਦਾਰ ਦੂਹਰੀ ਵੇਰ ਚਾਹ ਵਰਤਾਉਣ ਆਇਆ ਤਾਂ ਸਾਰੇ ਮੇਹਨਤੀ ਹੀ ਸਿਰ ਫ਼ੇਰ ਗਏ। "ਕੀ ਗੱਲ ਸਵੇਰ ਦੇ ਤਾਂ ਬਾਂਗਾਂ ਦਿੰਦੇ ਸੀ ਚਾਹ ਨੂੰ, ਹੁਣ ਵੱਢ੍ਹਦੀ ਐ?"

ਮੇਹਨਤੀ ਦੜ ਵੱਟ ਗਏ।

ਜੱਸੇ ਦਾ ਜੋਟੀਦਾਰ ਮਿਸਤਰੀ ਬੋਲਿਆ।

"ਜੀ ਮੈਂ ਦੱਸਾਂ ਵਿਚੋਂ ਗੱਲ ਕੀ ਐ, ਇਕ ਮੂੰਹੋਂ ਨੀਂ ਕਹਿੰਦਾ ਕੋਈ ਪਰ ਗੁੜ ਦੀ ਚਾਹ ਤੋਂ ਨੱਕ-ਬੁੱਲ੍ਹ ਵੱਟਦੇ ਐ ਸਾਰੇ, ਚੰਦ ਅਮਲੀ ਤਾਂ ਕਹਿੰਦਾ ਪਤਾ ਨਹੀਂ ਸਰਦਾਰ ਗੁੜ ਵੀ ਕਿੱਥੋਂ ਲਿਆਏ ਐ... ਜਿਵੇਂ ਜੋਰ ਸੁੱਟਵਾਉਣੀ ਹੁੰਦੀ ਐ ਮਜੂਰਾਂ ਦੀ....।"

ਕੇਰਾਂ ਹਾਸਾ ਮੱਚ ਗਿਆ।

"ਓਏ ਜਾਣ ਦੇ ਪਤੰਦਰਾ!"

ਅਮਲੀ ਮਿੱਟੀ ਹੋ ਗਿਆ।

ਪਰ ਸਰਦੂਲ ਸਿਹੁੰ ਦੇ ਮੱਥੇ ਤਿਊੜੀਆਂ ਦਾ ਜਾਲ ਤਣ ਗਿਆ।

"ਤੂੰ ਯਾਰ ਗਾਹਾਂ ਈ ਲੈ ਮਿਲਿਆ ਸਰਦਾਰ ਨੂੰ, ਅਗਲਾ ਕਹੂ ਘਰ ਤਾਂ ਸਾਲਿਆਂ ਨੂੰ ਮਾਰੂ ਨੀਂ ਜੁੜਦੀ, ਏਥੇ ਨਘੋਚਾਂ ਕੱਢਦੇ ਐ.... ਨਾਲੇ ਤੁਸੀਂ ਤਾਂ ਵੱਡੇ ਘਰਾਂ ਦੇ ਪਰਾਹੁਣੇ ਓ ਬਾਈ। ਕੱਲ ਨੂੰ ਸ਼ਹਿਰ ਟਿੱਥ ਜੌਂ ਗੇ। ਮਾਤੜਾਂ ਤਾਂ ਐਥੇ ਈ ਕੁਟਾਉਣੈ ਚੂਹਾ....।" ਚੰਦ ਯਰਕ ਰਿਹਾ ਸੀ।

"ਪਰ ਤੁਸੀਂ ਮੁਤੀ ਕਿਉਂ ਜਾਨੋਂ ਓ... ਫਿਰ ਇਹਦੇ 'ਚ ਝੂਠ ਕੀ ਐ? ਕਈ ਦਿਨਾਂ ਦੀ ਘੋਲਦੇ ਸੀ ਤੁਸੀਂ ਵਿੱਸ... ਜੇ ਹੁਣ ਕਿਹੈ ਤਾਂ ਜਿੰਦ ਸੁੱਕਦੀ ਐ ਥੋਡੀ। ਨਾਲੇ ਇਹ ਨਾ ਸਮਝਿਓ ਬਈ ਮੁਖ਼ਤੀ ਪਿਆਉਂਦੇ ਐ ਚਾਹ ਅਗਲੇ, ਸਾਨੂੰ ਤਾਂ ਪੰਜਾਂ ਦਾ ਪੌਦੇ ਕੱਪ, ਸਮਝੇ?"



"ਕਿਵੇਂ?" ਮੇਹਨਤੀ ਹੈਰਾਨ ਰਹਿ ਗਏ।

"ਯਾਰ ਘੁੱਗੂ ਈ ਓ ਤੁਸੀਂ.... ਐਂ ਦੱਸੋ, ਅਗਲਾ ਥੋਡੇ ਖ਼ਾਤਰ ਦੋ ਟੈਮ ਤਰਦੱਦ ਕਰਦੈ... ਕਾਹਦੇ ਲਈ.... ਕਿਤੇ ਪਰੋਹਤ ਓ ਤੁਸੀਂ? ਇਹੋ ਨਾ, ਪਈ ਤਕਾਲੀਂ ਚਾਹ ਦੀ ਘੁੱਟ ਘੰਟਾ ਵੱਧ ਲਵਾਉਂਦੀ ਐ ਥੋਦਿਆਂ ਤੋਂ...।"

"ਗੱਲ ਤਾਂ ਸਿਰੇ ਦੀ ਐ....।"

ਸਭ ਦੇ ਮਨ ਲੱਗ ਗਈ।

ਤਦੇ ਪੂਰਨ ਸਿਹੁੰ ਆ ਨਿਕਲਿਆ ਸੀ।

"ਕੀ ਮਹਾਂਭਾਰਤ ਛੇੜ ਰੱਖਿਐ ਤੁਸੀਂ?" ਫਿਰ ਇਕਾ ਇਕ ਉਹ ਦੂਰ ਖੜੋਤੇ ਸਰਦੂਲ ਸਿਹੁੰ ਨੂੰ ਸੁਣਾ ਕੇ ਬੋਲਿਆ ਸੀ, "ਮੇਰੇ ਪੱਗ-ਵੱਟ ਦੀ ਕੋਠੀ ਐ ਮੁੰਡਿਓ... ਤਾਜ ਮਹਿਲ ਅਰਗੇ ਨਕਸ਼ੇ ਤਾਰ ਦਿਓ ਕੇਰਾਂ... ਪੈਹੇ ਟਕੇ ਦਾ ਤੋੜਾ ਨੀਂ ਇਹਨਾਂ ਪਾਤਸ਼ਾਹਾਂ ਦੇ ਘਰੇ... ਮੈਂ ਕਹਿਨਾਂ ਨਮੂਨੇ ਵਾਲਾ ਧੂੰ ਕੱਢ ਦਿਊ ਵੀਹ ਵੀਹ ਪਿੰਡਾਂ 'ਚ, ਧੂੰ.......।"

"ਧੂੰ ਤਾਂ ਵੱਡਿਆ ਤੇਰੇ ਅਰਗਿਆਂ ਦਾ ਨਿਕਲੂ ਜਦੋਂ ਅਗਲਿਆਂ ਫਰਸ਼ ਤੇ ਵੀ ਨਾ ਚੜ੍ਹਣ ਦਿੱਤਾ... ਬਈ ਮੈਲੇ ਹੁੰਦੇ ਐ...।" ਚੰਦ ਅਮਲੀ ਕਿਹਾ।

"ਕੋਠੀ ਪਿਛੋਂ ਬਣੂ, ਅਗਲੇ ਕੁੱਤਾ ਪਹਿਲਾਂ ਲਿਆ ਬੰਨ੍ਹਣਗੇ।"

ਸੁਭਾਵਕ ਹੀ ਜੱਸੇ ਕਿਹਾ ਸੀ।

ਪਰ ਪੁੱਤਰ ਦੀ ਏਨੀ ਗੱਲ ਹੀ ਪੂਰਨ ਸਿਹੁੰ ਵਿਚਾਲਿਓਂ ਤਾਰ ਵਾਂਗ ਲੰਘ ਗਈ।

"ਤੂੰ ਸੱਚੈ ਪੁੱਤ! ਮੈਨੂੰ ਪਤੈ ਤੇਰੇ ਅੰਦਰ ਕੀ ਬੋਲਦੈ.... ਕੈਰੋ ਪਾਂਡਵਾਂ ਨੂੰ ਕਹਿੰਦੇ ਜੰਗ ਲਈ ਥਾਂ ਨਹੀਂ ਸੀ ਲੱਭਦੀ। ਬੜਾ ਚਾਰ ਚੁ-ਹੱਦੀਂ ਫ਼ਿਰੇ, ਪਰ ਥਾਂ ਨਾ ਜਚੀ, ਕੁਰਕੂਛੇਤਰ ਆਏ ਤਾਂ ਕੀ ਦੇਖਦੇ ਐ, ਬਈ ਇੱਕ ਜਿਮੀਂਦਾਰ ਤੋਂ ਪਾਣੀ ਦਾ ਨੱਕਾ ਹੀ ਨਾ ਥੰਮ੍ਹੇ, ਜੇਹੜਾ ਚੇਪਾ ਰੱਖੇ ਉਹੋ ਰੁੜ੍ਹ ਜੇ, ਸਾਲੇ ਨੇ ਪੁੱਤ ਨੂੰ ਈ ਵੱਢ ਕੇ ਨੱਕੇ 'ਚ ਰੱਖ 'ਤਾ... ਕੈਰੋ ਕਹਿੰਦੇ ਲੈ ਆਹ ਧਰਤੀ ਐ ਜੰਗ ਆਲੀ... ਜਿੱਥੇ ਮੋਹ ਦਾ ਭੋਰਾ ਨੀ, ਸੋ ਪੁੱਤ ਤੇਰੇ 'ਚ ਸ਼ਹਿਰ ਦੀ ਨਿਰਮੋਹੀ ਮਿੱਟੀ ਕਰਦੀ ਐ ਵਾਢ੍ਹਵੀਆਂ। ਪਰ ਇੱਕ ਗੱਲ ਦੱਸਾਂ! ਸ਼ਹਿਰੀਏ ਸਾਲੇ ਤਾਂ ਅਰਥੀ ਨੂੰ ਵੀ ਅਣ-ਸਰਦੀ ਨੂੰ ਦਿੰਦੇ ਐ ਮੋਢਾ.... ਐਥੇ ਸਹੁਰਾ ਇੱਕ ਦੀ ਪੀੜ ਨਾਲ ਸਾਰਾ ਪਿੰਡ ਸੁਤਿਆ ਜਾਂਦੈ।"

"ਤੂੰ ਤਾਂ ਜਬਲੀਆਂ ਭੋਰਦੈਂ ਚਾਚਾ!" ਅਚਾਨਕ ਸਰਦੂਲ ਸਿਹੁੰ ਦਾ ਛੋਟਾ ਕਾਕਾ ਕੋਲ ਆ ਖਲੋਤਾ, ਦੇਖਣ ਨੂੰ ਉਹ ਤੂਤ ਦੀ ਛਾਵੇਂ ਬੈਠਾ ਪੜ੍ਹਦਾ ਲੱਗਦਾ ਸੀ ਪਰ ਉਹਦੇ ਕੰਨ ਲਗਾਤਾਰ ਬਿੜਕਾਂ ਲੈ ਰਹੇ ਸਨ। ਘਰ ਵਿਚ ਜਦੋਂ ਵੀ ਕਦੇ ਜੱਸੇ ਦੇ 'ਮੂੰਹ-ਫੱਟ' ਹੋਣ ਦੀ ਗੱਲ ਤੁਰੀ ਸੀ ਉਸ ਤੋਂ ਮੱਲੋ-ਮੱਲੀ ਜੱਸੇ ਵੱਲ ਡੱਕਾ ਸਿਟਿਆ ਗਿਆ ਸੀ। ਕੁਲਵਿੰਦਰ ਨੂੰ ਉਹਦਾ ਇੰਜ ਤਣ ਕੇ ਝਾਕਣਾ ਚੰਗਾ ਚੰਗਾ ਵੀ ਜਾਪਦਾ, ਫਿਰ ਉਹ ਆਪਣੇ ਆਪ 'ਤੇ ਗਿਲਾਨੀ ਨਾਲ ਭਰ ਜਾਂਦਾ। ਆਖ਼ਰ ਪਿਉ ਸਾਹਮਣੇ ਉਹਤੋਂ ਇਹ

ਦਲੇਰੀ ਕਿਉਂ ਨਹੀਂ ਸੀ ਹੁੰਦੀ। ਕਈ ਗੱਲਾਂ ਉਹਨੂੰ ਸਰਦੂਲ ਸਿਹੁੰ ਦੀਆਂ ਚੁੱਟੀ ਅੱਖ ਨਹੀਂ ਸਨ ਭਾਉਂਦੀਆਂ ਪਰ ਉਹਤੋਂ ਚਾਹੁਣ ਤੇ ਵੀ ਪਿਤਾ ਦੇ ਵਿਰੋਧ ਵਿੱਚ ਖਲੋਤਾ ਨਾ ਜਾਂਦਾ। ਇਸੇ ਲਈ ਜਦੋਂ ਵੀ ਕਦੇ ਉਹ ਜੱਸੇ ਨੂੰ ਗਾਹੇ-ਬਗਾਹੇ ਮਿਲਦਾ, ਆਨੀਂ-ਬਹਾਨੀਂ ਉਹਦੀ ਪਿੱਠ ਪੂਰਦਾ।

ਪਰ ਤਦ ਕੁਲਵਿੰਦਰ ਨੇ ਕੁਝ ਇਸ ਦਾ ਕਿਹਾ, ਜੋ ਓਪਰੀ ਨਜ਼ਰੇ ਤਾਂ ਪੂਰਨ ਸਿਹੁੰ ਨੂੰ ਮੁਖਾਤਿਬ ਸੀ ਪਰ ਜਾਂਦਾ ਸਰਦੂਲ ਸਿਹੁੰ ਦੇ ਉਲਟ ਸੀ।

ਸਰਦੂਲ ਸਿਹੁੰ ਦਾ ਪੁੱਤ ਹੀ ਪਿਉ ਦੇ ਉਲਟ ਬੋਲ ਰਿਹਾ ਸੀ, ਸੁਣਕੇ ਪੂਰਨ ਸਿਹੁੰ ਅਤੇ ਮੇਹਨਤੀ ਹੈਰਾਨ ਰਹਿ ਗਏ।

"ਪਰ ਕਾਕਾ ਜੀ ਤੁਸੀਂ ਮੁੜੇ ਘੁੜੇ ਬਾਹਲਾ ਬਰੀਕ ਕੱਤਦੇ ਓਂ, ਤਾਹੀਂ ਤਾਂ ਤੰਦ ਬਾਹਲਾ ਟੁੱਟਦੈ....।"

"ਟੁੱਟਦੇ ਟੁੱਟ ਜੇ....ਪਰ ਢੋਡੇ ਵਾਂਗ ਅਣ-ਚਾਹੇ ਸਰਾਪ ਤਾਂ ਨੀਂ ਭੋਗਾਂਗੇ। ਨਾਲੇ ਚਾਚਾ! ਗੱਲ ਤਾਂ ਲੈ ਦੇ ਕੇ ਏਨੀ ਐ ਪਈ ਤੁਸੀਂ ਮਾੜੇ ਤਕੜੇ ਦੀ ਸਾਰੀ ਰਾਮ ਕਹਾਣੀ ਕਿਸਮਤ ਸਿਰ ਮੜ੍ਹਦੇ ਰਹੇ, ਮੁੜੇ ਕਹਿੰਦੇ ਗੱਲ ਹੀ ਹੋਰ ਐ ਵਿਚੋਂ.... ਇਕ ਲੁੱਟਦੇ, ਦੂਜਾ ਲੁੱਟਿਆ ਜਾਂਦੈ, ਜੀਹਨੂੰ ਜਰਾ ਚਾਨਣ ਹੁੰਦੈ... ਉਹਨੂੰ ਪੀੜ ਬਹੁਤੀ ਹੁੰਦੀ ਐ।"

ਪੂਰਨ ਸਿਹੁੰ ਦੇ ਚਿੱਤ ਵਿੱਚ ਆਈ, ਉਹ ਸਰਦੂਲ ਸਿਹੁੰ ਦੇ ਕਾਕੇ ਦਾ ਤਰਲਾ ਲਵੇ ਤੇ ਆਖੇ, 'ਪਾਤਸ਼ਾਹੋ! ਕਿਉਂ ਭੰਗ ਦੇ ਭਾਅ ਮਰਵਾਉਂਦੇ ਓ ਪੁੱਤ ਮਿਰਾ....ਮੇਰੇ ਕੋਲ ਤਾਂ ਲੈ ਦੇ ਕੇ ਪੂੰਜੀ ਈ ਇਹੋ ਐ।' ਪਰ ਉਹ ਹੌਲੀ ਜਿਹਾ ਬੋਲਿਆ:

"ਇਹ ਖੇਹਾ-ਮਾਹੀ ਦਾ ਮਹੁਰਾ ਤਾਂ ਕਾਕਾ ਜੀ ਹਾਲੀ ਸ਼ਹਿਰਾਂ ਵਿਚ ਈ ਉੱਗਦਾ ਹੋਊ... ਹੈਂ ਜੀ! ਹਾਲੀ ਕੱਲ੍ਹ ਦੀਆਂ ਗੱਲਾਂ ਨੇ, ਕਿਸੇ ਕੰਮੀ ਕਮੀਣ ਨੇ ਪੈਲੀ ਵਿਚੋਂ ਸਾਗ-ਪੱਠਾ ਤੋੜਦੇ ਹੋਣਾ ਤਾਂ ਸਰਦੂਲ ਸਿਹੁੰ ਨੇ ਪਾਸਾ ਵੱਟ ਕੇ ਲੰਘ ਜਾਣਾ ਅਖੇ ਧੀ ਭੈਣ ਸ਼ਰਮਿੰਦੀ ਹੋਊ.......ਹੁਣ ਜਦ ਮੇਹਨਤੀ ਹੀ ਘੜੀਆਂ ਦੇ ਟੈਮ ਪਰਖਣ ਲੱਗਗੇ... ਤਾਂ ਅਗਲਾ ਵੀ.......।"

ਪੂਰਨ ਸਿਹੁੰ ਕਲਪਦਾ ਜਿਹਾ ਘਰ ਆ ਗਿਆ ਸੀ। ਪਤਾ ਨਹੀਂ ਕਿਉਂ? ਉਹ ਉਦਾਸ ਅਤੇ ਬਹੁਤ ਉਦਾਸ ਹੋ ਗਿਆ ਸੀ। ਇਹ ਤਾਂ ਚੰਗਾ ਉਸ ਵੇਲੇ ਸਰਦਾਰ ਓਥੇ ਨਹੀਂ ਸੀ, ਨਹੀਂ ਤਾਂ ਖ਼ਬਰੇ ਉਹ ਆਪਦੇ ਪੁੱਤ ਦੀਆਂ ਏਨੀਆਂ ਜਰਦਾ ਹੀ ਨਾ.....ਲੱਖ ਸੋਚਣ ਤੇ ਨਾ ਤਾਂ ਪੂਰਨ ਸਿਹੁੰ ਨੂੰ ਪੁੱਤ ਹੀ ਝੂਠਾ ਲੱਗਾ ਸੀ, ਨਾ ਸਰਦੂਲ ਸਿਹੁੰ ਵਿਚ ਕੋਈ ਖ਼ਾਮੀ ਨਜ਼ਰੀਂ ਪਈ ਸੀ। ਫ਼ਿਰ ਕੀ ਸੀ? ਜਿਹੜਾ ਇਨ੍ਹਾਂ ਮੁੰਡਿਆਂ ਦੀਆਂ ਵਾਛੜਾਂ ਅਤੇ ਸਰਦਾਰ ਦੀਆਂ ਤਿਊੜੀਆਂ ਵਿੱਚ ਕਿਤੇ ਛਹਿ ਲਾਈ ਬੈਠਾ ਸੀ? ਜਿਸ ਤੋਂ ਪੂਰਨ ਸਿਹੁੰ ਨੂੰ ਭੈ ਆਉਂਦਾ, ਕਦੇ ਜੀ ਵਿਚ ਆਉਂਦੀ, ਆਪਦੇ ਨਿੱਕੇ ਜਿਹੇ ਸੰਸਾਰ ਨੂੰ ਲੈ ਕੇ ਕਿੱਧਰੇ ਦੂਰ ਉੱਡ ਜਾਵੇ, ਪਰ ਦੂਜੀ ਹੀ ਘੜੀ ਜਾਪਦਾ ਜਿਵੇਂ



ਕਿਸੇ ਅਣ-ਡਿੱਠ ਭੈਅ ਵਿੱਚ ਉਹਦੇ ਖੰਭ ਹੀ ਝੜ ਗਏ ਸਨ, ਅਤੇ ਉੱਡਣਾ ਉਸ ਦੇ ਵੱਸ ਵਿਚ ਨਹੀਂ ਸੀ ਰਿਹਾ।

ਓੜਕ ਉਹੋ ਕੁਝ ਵਾਪਰ ਗਿਆ ਜਿਸਦਾ ਪੂਰਨ ਸਿਹੁੰ ਨੂੰ ਡਰ ਸੀ। ਉਹਦਾ ਇਕੋ ਇੱਕ ਪੁੱਤ ਉਸ ਭਿਆਨਕ ਭੈਅ ਵਿੱਚ ਚੁਫੇਰਿਉਂ ਘਿਰਿਆ ਖੜ੍ਹਾ ਸੀ। ਪੂਰਨ ਸਿਹੁੰ ਦੀ ਸੱਤਿਆ ਹੀ ਜਾਂਦੀ ਰਹੀ। ਉਹ ਰਹਿਮ ਲਈ ਥਰ ਥਰ ਕੰਬਣ ਲੱਗਾ। ਉਹਨੇ ਭਰੀਆਂ ਅੱਖਾਂ ਨਾਲ ਪਿੰਡ ਅਤੇ ਸਰਦੂਲ ਸਿਹੁੰ ਸਾਹਮਣੇ ਦੋਵੇਂ ਹੱਥ ਜੋੜ ਲਏ।

"ਐਂ ਕਿਵੇਂ ਨਵੇਂ ਬੰਦੇ ਲੱਗ ਜਾਣਗੇ ਕੰਮ 'ਤੇ ...ਕੋਈ ਹਾਸੀ ਖੇਡ ਐ.... ਹੈਂ!" ਪੂਰਨ ਸਿਹੁੰ ਦੇ ਮੱਥੇ ਰਹਿ ਰਹਿ ਕੇ ਟੀਸ ਉੱਠਦੀ।

ਜੱਸਾ ਹਰਿਆ ਖੜ੍ਹਾ ਸੀ।

ਕੰਮ ਲਈ ਦੂਜੇ ਮਿਸਤਰੀ ਆਏ ਖੜ੍ਹੇ ਸਨ।

"ਸਾਡੇ ਵੱਲੋਂ ਕਾਲੇ ਚੋਰ ਤੋਂ ਕਰਵਾਉ ਜੀ ਕੰਮ...ਸਾਡਾ ਜੋ ਲੈਣਾ ਦੇਣੈ ਸਾਡੇ ਮੱਥੇ ਮਾਰੋ, ਸਾਡੀ ਰਾਮ ਰਾਮ ਐ....।" ਜੱਸੇ ਦੇ ਟੁੱਕ ਕਿਹਾ ਸੀ।

ਸਰਦੂਲ ਸਿਹੁੰ ਦੇ ਕੰਨਾਂ ਵਿਚ ਜਿਵੇਂ ਸਿੱਕਾ ਢਲ ਰਿਹਾ ਸੀ। ਜੀ ਵਿਚ ਆਈ ਪਿਉ ਪੁੱਤ ਵਿਚੋਂ ਇਕੋ ਵੇਰੀ ਹੀ ਰੰਦਾਂ ਦੀ ਪੇਟੀ ਕੱਢ ਦੇਵੇ, ਤੇ ਮੂੰਹ ਉੱਤੇ ਥੁੱਕ ਕੇ ਕਹੇ, "ਕੰਜਰਾ! ਆਹ ਮੇਰੇ ਲਈ ਜੰਮੀ ਸੀ ਛਿੱਟ.....? ਠੁੱਡਿਆਂ ਨਾਲ ਇਹਦੀ ਲੀਡਰੀ ਗੁੰਨ ਘੱਤੋ....ਕੁੱਤਾ ਕਿਸੇ ਥਾਂ ਦਾ..."

ਲੋਕਾਂ ਦੇਖਿਆ, ਲਗਾਤਾਰ ਸਰਦੂਲ ਸਿਹੁੰ ਦੀਆਂ ਅੱਖਾਂ ਵਿੱਚ ਰੱਤ ਉੱਤਰ ਰਹੀ ਸੀ।

"ਵੱਢ੍ਹੀ-ਟੁੱਕੀ ਜਾਤ ਐ ਭਾਊ......ਜਿਨ੍ਹਾਂ ਸੰਕ ਵੀ ਆਪਣੇ ਵੰਨੀ ਲਾਹੁਣਾ ਹੋਇਆ, ਉਹ ਕਾਹਨੂੰ ਮੰਨਦੇ ਐ ਸਰਦਾਰੀ...।"

ਕੋਈ ਸਰਦਾਰ ਦੀ ਪਿੱਠ ਪਿਛੇ ਬੋਲਿਆ।

"ਲਿਹਾਜਾਂ ਭਾਲਦੇ... ਇਹ ਤਾਂ ਪਤੰਦਰ ਥੁੱਕਦੇ ਵੀ ਆਪਦੀ ਮੁੱਠ 'ਚ ਨੇ......ਤੇਰੀਆਂ ਪਤਾ ਨਹੀਂ ਕਿੱਥੇ ਭਉਂਦੀਆਂ........।"

"ਤਾਂ ਅਗਲਾ ਆਪਦੀ ਦਿਹਾੜੀ ਵੀ ਨਾ ਮੰਗੇ?"

ਕੋਈ ਤੜਪ ਕੇ ਬੋਲਿਆ।

ਇਕੱਠ ਸਾਹ ਸੂਤੀ ਖੜ੍ਹਾ ਸੀ।

ਗੱਲ ਵਿਚੋਂ ਏਨੀ ਕੁ ਹੋਈ ਸੀ। ਕੱਲ੍ਹ ਤਰਕਾਲੀਂ ਸਰਦੂਲ ਸਿਹੁੰ ਨੇ ਮੇਹਨਤੀਆਂ ਨੂੰ ਦਿਨ ਛਿਪੇ ਮਗਰੋਂ ਮਿੱਟੀ ਦੀ ਟਰਾਲੀ ਲਾਹੁਣ ਨੂੰ ਕਿਹਾ ਸੀ, ਪਰ ਮੇਹਨਤੀ 'ਕੰਨਾਂ ਵਿਚ ਮਾਰ' ਹੱਥ ਪੈਰ ਧੋਣ ਜਾ ਲੱਗੇ ਸਨ।

"ਥੱਕੇ ਪਏ ਆਂ ਜੀ... ਸਵੇਰੇ ਲਾਹ ਦਿਆਂਗੇ।"

ਮੇਹਨਤੀਆਂ ਇਕ ਤਰ੍ਹਾਂ ਤਰਲਾ ਲਿਆ ਸੀ।

ਸਰਦੂਲ ਸਿਹੁੰ ਜਿਵੇਂ ਪਹਿਲਾਂ ਹੀ ਮੱਚਿਆ ਖੜ੍ਹਾ ਸੀ। ਪੈਂਦਾ ਹੀ ਗਾਲ੍ਹੀਂ ਉੱਤਰ ਆਇਆ।

"ਬਕੇਵਾਂ ਤਾਂ ਤਖ਼ਾਣ ਦੇ ਡ਼ਾਨੇ ਦਾ ਐ.... ਕੋਈ ਨਾ ਸਵੇਰੇ ਸਹੀ..."

ਮਿਹਨਤੀਆਂ ਟਰਾਲੀ ਲਾਹ ਵੀ ਦਿੱਤੀ ਸੀ, ਪਰ ਦੂਜੀ ਸਵੇਰੇ ਸਰਦੂਲ ਸਿਹੁੰ ਭਰੀ ਸੱਥ ਵਿੱਚ ਮੱਚਿਆ ਖੜ੍ਹਾ ਸੀ ਅਤੇ ਲੋਕ ਕੁਝ ਵੀ ਵਾਪਰ ਜਾਣ ਦੀ ਉਮੀਦ ਵਿਚ ਅੱਖ ਨਹੀਂ ਸਨ ਝਪਕ ਰਹੇ।

ਤਦੇ ਨੀਵੀਂ ਜਹੀ ਪਾਈ, ਸਰਦੂਲ ਸਿਹੁੰ ਲਾਗੇ ਕੁਲਵਿੰਦਰ ਵੀ ਆ ਖਲੋਤਾ, "ਛੱਡੋ ਪਿਤਾ ਜੀ! ਮੁਕਾਓ ਵਿਚੋਂ....!" ਉਹਨੇ ਝਕਦੇ ਜਹੇ ਕਿਹਾ।

ਸਰਦੂਲ ਸਿਹੁੰ ਭਾਂਬੜ ਵਾਂਗ ਮੱਚ ਉੱਠਿਆ। ਲੱਗਾ, ਜਿਵੇਂ ਭਰੀ ਸਭਾ ਵਿਚ ਜੱਸੇ ਦੀ ਥਾਂ, ਉਹਦੇ ਪੁੱਤ ਨੇ ਹੀ ਉਹਦੇ ਲੀੜੇ ਲਾਹ ਦਿੱਤੇ ਸਨ। ਕੰਨਾਂ ਵਿਚ ਸਾਂ ਸਾਂ ਹੋਣ ਲੱਗੀ।

ਫਿਰ ਅਚਾਨਕ ਸਰਦੂਲ ਸਿਹੁੰ ਦੇ ਮੱਥਿਉਂ ਜਿਵੇਂ ਵਰੋਲੇ ਉੱਠ ਖੜੇ, ਗੁੱਸੇ ਨਾਲ ਪੈਸੇ ਪੂਰਨ ਸਿਹੁੰ ਦੇ ਪੈਰਾਂ ਵਿਚ ਵਗਾਹ ਕੇ ਮਾਰਦਿਆਂ ਉਹਨੇ ਮੂੰਹ ਵਿਚੋਂ ਲਹੂ ਥੁੱਕਿਆ।

"ਚੱਕ ਓਏ ਭੁੱਖ ਦੀਏ ਭੁੱਖੇ......ਤੇ ਦੂਰ ਹੋ ਜਾ ਮੇਰੀਆਂ ਅੱਖਾਂ ਤੋਂ.....!"

ਉਹ ਪੂਰਨ ਸਿਹੁੰ ਦੀਆਂ ਅੱਖਾਂ ਵਿਚ ਸਿੱਧਾ ਝਾਕਿਆ।

"ਤੇ ਕੱਲ ਤੱਕ ਮੈਂ ਇਹਨੂੰ ਏਸ ਪਿੰਡ ਵਿਚ ਨਾ ਦੇਖਾਂ...ਸੁਣਿਆ?"

ਸਰਦੂਲ ਸਿਹੁੰ ਦੇ ਮੂੰਹ ਵਿਚੋਂ ਅੰਗਿਆਰ ਹੀ ਡਿਗਦੇ ਚਲੇ ਗਏ ਸਨ ਤੇ ਇਨ੍ਹਾਂ ਅੰਗਿਆਰਾਂ ਦਾ ਸੇਕ ਸਾਰੇ ਇਕੱਠ ਵਿਚ ਹੀ ਫ਼ੈਲ ਗਿਆ ਸੀ।

ਪੂਰਨ ਸਿਹੁੰ ਦਾ ਧੀਰਜ ਜਿਵੇਂ ਪਾਣੀ ਵਾਂਗ ਵਹਿ ਤੁਰਿਆ। ਸਰਦੂਲ ਸਿਹੁੰ ਦੀ ਨਰਾਜ਼ਗੀ ਉਸ ਲਈ ਪਰਲੋਂ ਤੋਂ ਵੀ ਭਿਆਨਕ ਸੀ। ਰਹਿਮ ਲਈ ਉਹ ਸਰਦੂਲ ਸਿਹੁੰ ਸਮੇਤ ਸਾਰੇ ਇਕੱਠ ਸਾਂਹਵੇਂ ਹੀ ਝੁਕ ਜਾਣਾ ਚਾਹੁੰਦਾ ਸੀ।

ਪਰ ਮੁੰਡੇ ਜਿਸ ਠਰੰਮ੍ਹੇ ਨਾਲ ਪਿਉ ਦੇ ਪੈਰਾਂ ਵਿੱਚ ਡਿੱਗੇ ਪੈਸੇ ਚੁੱਕੇ, ਗਿਣੇ ਅਤੇ ਵਾਧੂ ਉਵੇਂ ਹੀ ਵਗਾਹ ਕੇ ਸਰਦਾਰ ਵੱਲ ਸੁੱਟੇ, ਉਹਨੂੰ ਵੇਖਦਿਆਂ ਸਾਰਾ ਇਕੱਠ ਹੀ ਇਕ ਪਲ ਜਿਵੇਂ ਲਾਵੇ ਵਿਚ ਘਿਰ ਗਿਆ।

"ਇਹ ਖ਼ੈਰੈਤਾਂ ਬੜੀਆਂ ਮਹਿੰਗੀਆਂ ਪੈਂਦੀਆਂ ਰਹੀਆਂ ਸਰਦਾਰ ਜੀ ਸਾਨੂੰ...ਤੇ ਮਾਰ੍ਹਾਜ! ਕੱਲੂ ਕੀਹਦੇ ਪਿਉ ਦੀ ਐ... ਤੇ ਕੋਠਾ ਹੁਣੇ ਖਾਲੀ ਲਉ!"

ਉਹ ਬੜੇ ਹੀ ਠਰੰਮੇ ਨਾਲ ਮੁੜਿਆ, ਪਰਤ ਕੇ ਪਿਉ ਵੱਲ ਡਿੱਠਾ, ਜਿਹੜਾ ਸਰਦਾਰ ਮੂਹਰੇ ਭਰੀ ਸਭਾ ਵਿਚ ਲਿੱਲਕੜੀਆਂ ਕੱਢਦਾ ਸਿਸਕਦਾ ਲੱਗਦਾ ਸੀ ਅਤੇ ਏਨੀਆਂ ਖ਼ੈਰੈਤਾਂ ਮਗਰੋਂ ਵੀ ਕੰਗਲਿਆਂ ਹਾਰ ਖੜ੍ਹਾ ਸੀ।

ਫਿਰ ਉਹ ਤਮਾਸ਼ੇ ਜਿਹੇ ਇਕੱਠ ਵੱਲ ਇਕ ਵੰਗਾਰ ਜਹੀ ਨਾਲ ਝਾਕਿਆ ਜਿਵੇਂ ਹੁਣੇ ਹੀ ਇਹ ਲੋਕ ਚੀਕ ਚੀਕ ਕੇ ਆਖ ਉੱਠਣਗੇ, ਪਿੰਡੋਂ ਕਿਉਂ ਨਿਕਲ ਜਾਵੇ ਇਹ?' ਉਹਦਾ ਰਾਹ ਰੋਕ ਲੈਣਗੇ। ਉਹਨੂੰ ਚੁੱਕ ਕੇ ਮੁਕਟ ਵਾਂਗ ਸਿਰ ਤੇ ਧਰ ਲੈਣਗੇ। ਤੇ ਫਿਰ.....!



ਉਹ ਹੈਰਾਨ ਰਹਿ ਗਿਆ ਜਦੋਂ ਉਹਦੇ ਵੱਲ ਕਿਸੇ ਪਰਤ ਕੇ ਵੀ ਨਾ ਡਿੱਠਾ; ਲੋਕ ਨੀਵੀਂ ਪਾਈ ਚੁੱਪ ਖੜ੍ਹੇ ਸਨ। ਮਨ ਹੀ ਮਨ ਉਹ ਸਟਪਟਾ ਉੱਠਿਆ। ਉਹਦੇ ਜੀ ਵਿਚ ਆਈ ਉਹ ਇਕੱਲੇ ਇਕੱਲੇ ਨੂੰ ਝੰਜੋੜ ਕੇ ਪੁੱਛੇ, ਆਖ਼ਰ ਉਹ ਕਿਉਂ ਸਰਾਪੇ ਗਏ ਸਨ? ਫਿਰ ਉਹਨੇ ਸਰਦੂਲ ਸਿਹੁੰ ਦੇ ਪੁੱਤ ਵੱਲ ਵੇਖਿਆ, ਇਸ ਆਸ ਨਾਲ ਕਿ ਹੁਣੇ ਉਹ ਆਪਣੇ ਪਿਤਾ ਨੂੰ ਅਜਿਹੀ ਵਧੀਕੀ ਕਰਨ ਤੋਂ ਰੋਕੇਗਾ ਅਤੇ ਮੋਹ ਨਾਲ ਜੱਸੇ ਨੂੰ ਜੱਫੀ ਵਿਚ ਘੁੱਟ ਲਵੇਗਾ। ਉਹਦੀ ਦਲੇਰੀ ਦੀ ਸ਼ਾਬਾਸ਼ ਦੇਵੇਗਾ ਅਤੇ ਸਾਰੇ ਪਿੰਡ ਨੂੰ ਦੱਸ ਦੇਵੇਗਾ ਕਿ ਉਹ ਆਪਣੇ ਪਿਤਾ ਵਾਂਗ ਨਹੀਂ ਸੀ ਸੋਚਦਾ, ਪਰ ਜੱਸੇ ਨੇ ਦੇਖਿਆ, ਕੁਲਵਿੰਦਰ ਵੀ ਪਿਉ ਵਾਂਗ ਆਫਰਿਆ ਖੜ੍ਹਾ ਸੀ, ਅਤੇ ਉਸ ਵੱਲ ਕੌੜ ਅੱਖ ਝਾਕ ਰਿਹਾ ਸੀ। ਇਕ ਪੱਲ ਜੱਸੇ ਨੂੰ ਜਾਪਿਆ ਜਿਵੇਂ ਇਕ ਨਹੀਂ ਦੋ ਸਰਦੂਲ ਸਿਹੁੰ ਉਹਦੇ ਸਾਹਮਣੇ ਖੜ੍ਹੇ ਹੋਣ, ਉਹਨੂੰ ਹੈਰਾਨੀ ਹੋਈ। ਅਗਲੇ ਹੀ ਪਲ ਜੱਸੇ ਨੇ ਸੋਚਿਆ ਜਿਵੇਂ ਕੁਲਵਿੰਦਰ ਦਾ ਇਉਂ ਝਾਕਣਾ ਬੜਾ ਸੁਭਾਵਿਕ ਸੀ। ਕਿਸੇ ਰੱਜੇ ਪੁੱਜੇ ਘਰ ਦੇ ਮੁੰਡੇ ਲਈ ਕਿਸੇ ਮੇਹਨਤੀ ਵਲੋਂ ਇਉਂ ਸਿਰ ਉੱਚਾ ਕਰਨ ਦੀ ਗੁਸਤਾਖ਼ੀ ਜਰਨੀ ਕਿੰਨੀ ਔਖੀ ਸੀ?

ਉਹ ਕਾਹਲੀ ਨਾਲ ਪਰਤਿਆ ਅਤੇ ਇਕੱਠ ਨੂੰ ਚੀਰਦਾ ਅਗਾਂਹ ਵਧਿਆ ਅਚਾਨਕ ਉਹਨੂੰ ਲੱਗਾ, ਜਿਵੇਂ ਪਿਛੋਂ ਕਿਸੇ ਹਾਕ ਮਾਰੀ ਹੋਵੇ। ਇਜ ਇਕ ਪਲ ਉਹਦੇ ਪੈਰ ਥੇਥਲ, ਅਤੇ ਸਾਹ ਕਾਹਲੇ ਹੋ ਗਏ। ਉਹ ਪਿਛਾਂਹ ਪਰਤ ਕੇ ਵੇਖਣਾ ਨਹੀਂ ਸੀ ਚਾਹੁੰਦਾ, ਪਰ ਉਹਨੇ ਅਣ-ਮੰਨੇ ਜਹੇ ਮਨ ਫਿਰ ਵੀ ਪਰਤ ਕੇ ਵੇਖਿਆ; ਉਹਦਾ ਕਿਆਸ ਸੀ ਉਹਦਾ ਪਿਤਾ ਸਰਦੂਲ ਸਿਹੁੰ ਦੀਆਂ ਜਿੰਨੀਆਂ ਲਿਲ੍ਹਕੜੀਆਂ ਕਢ ਰਿਹਾ ਹੋਵੇਗਾ। ਸਰਦੂਲ ਸਿਹੁੰ ਓਨਾਂ ਹੀ ਦੁਰਕਾਰ ਰਿਹਾ ਹੋਵੇਗਾ। ਪਰ ਇਹ ਕੀ? ਉਹਨੂੰ ਇਕ ਪਲ ਆਪਣੀਆਂ ਅੱਖਾਂ 'ਤੇ ਯਕੀਨ ਹੀ ਨਾ ਆਇਆ। ਸ਼ੇਰ ਦਾ ਇਕ ਹੜ ਸੀ ਜਿਸ ਨੂੰ ਚੀਰਦਾ ਪੂਰਨ ਸਿਹੁੰ ਉਹਦੇ ਵੱਲ ਵਧ ਰਿਹਾ ਸੀ। ਉਹ ਪਿਉ 'ਤੇ ਰਸ਼ਕ ਨਾਲ ਭਰ ਗਿਆ। ਉਹਨੇ ਧਾਹ ਕੇ ਪਿਤਾ ਦੇ ਗਲ ਨਾਲ ਚੰਬੜ ਜਾਣਾ ਚਾਹਿਆ ਪਰ ਇਸ ਤੋਂ ਪਹਿਲਾਂ ਕਿ ਕੁਝ ਹੋਰ ਵਾਪਰ ਜਾਂਦਾ, ਉਹਨੇ ਕਿਸੇ ਜੇਤੂ ਜਹੀ ਅੱਖ ਨਾਲ ਭੌਰ ਭੋਰ ਹੋਏ ਇਕੱਠ ਨੂੰ ਘੂਰਿਆ.....ਆਪਣੇ ਕੰਬਦੇ ਬੁੱਲਾਂ ਉੱਤੇ ਆਈ ਹਲਕੀ ਜਹੀ ਮੁਸਕਾਨ ਨੂੰ ਰੋਕਿਆ ਅਤੇ ਬਿਨਾਂ ਕੁਝ ਬੋਲੇ ਕਿਸੇ ਠਰ੍ਹੰਮੇ ਵਾਲੀ ਤੋਰ ਨਾਲ, ਪੂਰਨ ਸਿਹੁੰ ਦੇ ਮੂਹਰੇ ਮੂਹਰੇ ਤੁਰਨ ਲੱਗਾ।

•

## ਦਰਅਸਲ

ਸੱਥ ਵਿਚੋਂ ਉੱਠ ਜਦੋਂ ਉਹ ਚੱਕਵੇਂ ਪੈਰੀਂ ਘਰ ਵੱਲ ਨੂੰ ਮੁੜਿਆ ਤਾਂ ਲੋਕਾਂ ਦੀਆਂ ਸੈਆਂ ਅੱਖਾਂ ਉਹਦੀ ਪਿੱਠ ਵਿੱਚ ਸੀਖਾਂ ਵਾਂਗ ਉੱਤਰ ਰਹੀਆਂ ਸਨ।

ਖਚਰੀ ਨਿਗ੍ਹਾ ਨਾਲ ਉਹਨੇ ਪਰਤ ਕੇ ਵੇਖਿਆ, ਸਕੂਲ ਦੇ ਖੁਲ੍ਹੇ ਹਾਤੇ ਵਿਚ ਲੋਕ ਉਵੇਂ ਹਵਾਬਾਂ ਭੇੜ ਰਹੇ ਸਨ। ਫਜ਼ੂਲ ਅਤੇ ਬੇ-ਮਾਅਨੇ। ਉਹਦਾ ਸੰਘ ਖੁਸ਼ਕ ਹੋ ਗਿਆ। ਗਲੀ ਦਾ ਮੋੜ ਪਰਤਦਿਆਂ ਘੇਰਨੀਂ ਆ ਗਈ। ਦਿਲ ਕੀਤਾ ਹਲਟੀ ਤੋਂ ਪਾਣੀ ਦਾ ਬੁੱਕ ਮੂੰਹ ਤੇ ਸਿੱਟ ਲਵੇ ਪਰ ਉਹ ਕਾਹਲੀ ਨਾਲ ਪੈਰ ਪਟਕਦਾ ਤੁਰਿਆ ਹੀ ਗਿਆ। ਨੀਵੀਂ ਜਹੀ ਪਾਈ। ਚੋਰਾਂ ਵਾਂਗ।

"ਸਾਲੇ ਜਿਹਲ ਦੇ....!" ਗੁੱਸੇ ਦੀ ਕਾਂਗ ਜ਼ਿਹਨ ਵਿਚ ਘੁੰਮ ਗਈ। ਘੜੀ ਪਹਿਲਾਂ ਭਰੇ ਇਕੱਠ ਵਿਚ ਬੈਠਾ ਉਹ ਸਿਲ-ਪੱਥਰ ਹੀ ਹੋ ਗਿਆ ਸੀ।

"ਮੈਂ ਤਾਂ ਧੂ ਕੱਢ ਦੂੰ.......!" ਤਕਾਵੀਆਂ ਲਈ ਆਇਆ ਅਫ਼ਸਰ ਉਸ ਬੁੱਕ੍ਹਦਾ ਸੁਣਿਆ ਸੀ। ਓਸ ਪਲ ਉਹਨੂੰ ਇਕੋ ਘੜੀ, ਮੂਹਰੇ ਪਈ ਡਾਂਗ ਅਤੇ ਸਾਹਮਣੇ ਖੜੋਤਾ ਸਿਪਾਹੀ ਦਿੱਸਿਆ ਸੀ। ਜੀਹਦੇ ਹੱਥ ਵਿਚ ਕੜੀ ਦਾ ਲੰਮਾ ਸੰਗਲ ਕਰਜੇ ਵਿਚ ਟੁੱਟੇ ਜੱਟਾਂ ਨੂੰ ਮਸ਼ਕਰੀਆਂ ਕਰਦਾ ਸੀ।

ਉਹ ਬੁੱਝ ਗਿਆ ਸੀ ਅਤੇ ਮਸੋਸੇ ਜਹੇ ਨੇ ਨੀਵੀਂ ਸਿੱਟ ਲਈ ਸੀ।

"ਬਿਠਾਲ ਬਈ ਨਾਜਰ ਸਿਆਂ ਇਹਨਾਂ ਨੂੰ ਜੀਪ 'ਚ....!"

ਇੱਟ ਵਾਂਗ ਸਿਪਾਹੀ ਉੱਤੇ ਹੁਕਮ ਵਰ੍ਹਿਆ ਸੀ।

ਇਕੱਠ ਵਿਚ ਸੁੰਨ ਵਰਤ ਗਈ।

ਇਕ ਦੂਜੇ ਦੇ ਸਾਹ ਵੀ ਸੁਣਨ ਲੱਗੇ ਸਨ।

ਉਹਨੇ ਤੂਤ ਦੀ ਸੰਘਣੀ ਛਾਂ ਵਿਚ ਬੈਠੇ ਅਫ਼ਸਰ, ਚਾਹ ਦੀਆਂ ਆਖਰੀ ਘੁੱਟਾਂ ਸੁੜਕਦੇ ਤੱਕੇ ਸਨ ਤੇ ਚਿੱਤ ਛੋਟਾ ਕਰ ਲਿਆ ਸੀ।

ਸਿਪਾਹੀ ਦੀ ਰੁੱਖੀ ਦਾਹੜੀ ਹਿੱਲੀ ਸੀ। ਤਗੜੇ ਕਦ ਕਾਠ ਅਤੇ ਭਰਵੀਂ ਕਾਠੀ ਸਣੇ ਉਹਦੀ ਅੱਖ ਜੱਲਾਦ ਵਾਂਗ ਜਾਪਦੀ ਸੀ।

ਸਵੇਰੇ ਹੀ ਚੌਕੀਦਾਰ ਨਵੇਂ ਕਰਜੇ ਮਿਲਣ ਬਾਰੇ ਪੀਪਾ ਕੁੱਟ ਕੇ ਹਟਿਆ ਸੀ। ਜਿਸ ਕਾਰਨ ਲੋਕ ਸਥ ਵਿਚ ਗੜਿਆਂ ਵਾਂਗ ਡਿੱਗੇ ਸਨ ਪਰ ਪਤਾ ਤਦੋਂ ਲਗਾ, ਜਦੋਂ ਅਫ਼ਸਰਾਂ ਪਿਛਲੇ ਕਰਜਾਈ ਹੀ ਆ ਦੱਬੇ, ਫੜੇ ਗਏ ਦੰਦ ਚੱਬਦੇ ਰਹਿ ਗਏ।



"ਛੇਤੀ ਬਈ ਛੇਤੀ....!" ਮੁੱਛਾਂ ਪਲੋਸਦਿਆਂ ਅਫ਼ਸਰ ਚੁਟਕੀ ਮਾਰੀ। ਜਿਵੇਂ ਉਂਗਲਾਂ ਵਿਚ ਸਿਉਨੇ ਦੀਆਂ ਮੁੰਦਰੀਆਂ ਖੜਕੀਆਂ ਹੋਣ; ਅਫ਼ਸਰ ਪਰਤ ਜਾਣ ਲਈ ਤਾਵਲਾ ਸੀ।

"ਸਾਡੀ ਤਾਂ ਜੀ ਅਰਜ਼ ਐ ਬੌਸ........ਕਿਵੇਂ ਕਰੋ....ਹਫ਼ਤੇ ਦੀ ਮੋਹਲਤ ਦਿਉ....!" ਸਾਰੇ ਤਰਲੇ ਲੈ ਰਹੇ ਸਨ।

ਨਿੰਮੋਝੂਣੇ ਬੈਠੇ ਸੁਰਜਨ ਸਿਹੁੰ ਵਿਚ ਫੱਕਾ ਨਹੀਂ ਸੀ ਰਿਹਾ। ਜਾਗਰ ਹੀ ਉਹਦੇ ਰਹਿਮ ਲਈ ਤਰਲੇ ਲੈ ਰਿਹਾ ਸੀ। ਗਰੀਬੜਾ ਜਿਹਾ ਸ਼ਰੀਕ। ਹਿੱਸੇ ਠੇਕੇ ਦੀ ਵਾਹੀ। ਨਾ ਭੁੱਏ ਨਾ ਭਾਂਡਾ। ਨਾ ਇੱਜ਼ਤ ਨਾ ਆਬਰੂ। ਜੀ ਵਿਚ ਆਈ, ਸ਼ਰੀਕ ਦੀ ਲੱਤ ਹੇਠ ਆਉਣ ਨਾਲੋਂ ਤਾਂ ਜੀਪ ਵਿਚ ਹੀ ਜਾ ਬੈਠੇ। ਟੁੱਟ ਜਾਏ ਲੱਤ ਜੇਹੜੀ ਟੁੱਟਦੀ ਸੀ, ਪਰ ਉਹਨੂੰ ਖ਼ਿਆਲ ਆਇਆ, ਜੱਟਾਂ ਵਿਚੋਂ ਤਾਂ ਉਹ ਇਕੱਲਾ ਹੀ ਸੀ, ਬਾਕੀ ਤਾਂ ਸਭ ਕੰਮੀ ਕਮੀਣ ਸਨ।

ਸਾਹਾਂ ਵਿਚ ਦਰਦ ਵਰਗਾ ਕੁਝ ਹੋਇਆ। ਅੱਖਾਂ ਮੂਹਰੇ ਧੁੰਦ ਫ਼ੈਲਣ ਲੱਗੀ। ਸਭ ਕਾਸੇ ਤੇ ਹਿਰਖ ਨਾਲ ਭਰ ਗਿਆ। ਦਿਲ ਵਿਚ ਆਈ, ਮੂੰਹ ਭਰਵੀਂ ਗਾਲ੍ਹ ਕੱਢੇ ਤੇ ਪੱਟ ਉੱਪਰ ਥਾਪੀ ਮਾਰ ਕੇ ਲੱਲ੍ਹਕਰਾ ਮਾਰੇ।

ਉਹਨੇ ਗੁੱਸੇ ਨਾਲ ਨੱਕ ਵਿਚੋਂ ਫੁੰਕਾਰਾ ਮਾਰਿਆ ਅਤੇ ਡਾਂਗ ਹੱਥ ਵਿਚ ਘੁੱਟੀ ਉੱਠ ਖੜ੍ਹਾ। ਜਿਵੇਂ ਇੱਕੋ ਝਟਕੇ ਨਾਲ ਸਿਪਾਹੀ ਹੱਥੋਂ ਹੱਥਕੜੀ ਖੋਹ ਕੇ ਅਫ਼ਸਰ ਵਾਲੀ ਤਹਿ-ਤੇਗ ਕਰ ਦੇਣੀ ਚਾਹੁੰਦਾ ਹੋਵੇ।

"ਹਫ਼ਤੇ ਨੂੰ ਕੇਹੜੀ ਸੰਨ੍ਹ ਲਾ ਲੈਣਗੇ ਇਹ....?"

"ਸੰਸਾ ਨਾ ਕਰੋ ਜੀ... ਆਪੇ ਕਰਨਗੇ ਝਾਹ ਭੈਨ ਕੋਈ......!"

ਜਾਗਰ ਜਿਵੇਂ ਹੇਠਲੀ ਉੱਤੇ ਰੋਕੀ ਖੜ੍ਹਾ ਸੀ।

ਸੁਰਜਨ ਸਿਹੁੰ ਹਨੇਰੀ ਵਾਂਗ ਅਫ਼ਸਰ ਦੇ ਮੂਹਰੇ ਜਾ ਖੜ੍ਹਿਆ ਸੀ। ਮੱਚਦਾ ਜਿਹਾ। ਹਿੱਕ ਤਾਣੀ। ਜਿਵੇਂ ਆਖ ਰਿਹਾ ਹੋਵੇ, "ਲਉ ਆਹ ਖੜ੍ਹੈ ਥੋਡਾ ਬਾਪ...."

"ਕਿਉਂ ਬਈ ਸੁਰਜਨ ਸਿਹਾਂ! ਦੇਖਣੋ ਸੀਖਾਂ ਆਲਾ ਵੇਹੜਾ ਫੇਰ...?

"ਲਉ ਜੀ! ਅੱਗੇ ਕਦੋ ਹੋਏ ਆਂ ਨਾਬਰ ਥੋਤੇ? ਸੁਣਦੇ ਓ ਨਾਂ, ਡੁੱਬੀ ਤਾਂ ਜੇ ਸਾਹ ਨਾ ਆਇਆ....ਹੁੰਦੇ ਸੁੰਦੇ ਕੇਹੜਾ ਹਰਾਮ ਦਾ ਅਖਵਾਉਂਦਾ ਜੇ....?"ਤੇ ਸੁਰਜਨ ਸਿਹੁੰ ਨੂੰ ਪਤਾ ਹੀ ਨਾ ਲੱਗਾ, ਕੇਹੜੇ ਵੇਲੇ ਉਹਦੇ ਨਿਤਾਣੇ ਜਹੇ ਹੱਥ, ਸੋਟੀ ਸਣੇ ਹੀ ਜੁੜ ਗਏ ਅਤੇ ਉਹਦੀ ਚੌਰ ਵਰਗੀ ਦਾਹੜੀ ਨੂੰ ਛੋਹਣ ਲੱਗੇ। "ਦੇਖੋ ਬਈ... ਹਫ਼ਤਾ ਦਿਨਾਂ ਮੈਂ ਸਭ ਨੂੰ, ਭਜਾ ਲਉ ਜਿਹੜੇ ਘੋੜੇ ਭਜਾਉਣੇ ਐ....ਨਹੀਂ ਪੁੱਠੀ ਹੱਥਕੜੀ ਦੇ ਆਉਣਗੇ ਵਰੰਟ...ਸਮਝੇ..ਮੈਂ ਵੀ ਸੋਦੀ ਆ ਸੋਦੀ...?"

ਸ਼ੁਕਰ ਸ਼ੁਕਰ ਕਰੇ ਲੋਕ ਉੱਠ ਖੜੇ ਸਨ।

"ਚੌਕੀਦਾਰ ਨੂੰ ਪਾਉ ਲੰਮਾ ਜਾਰ....ਸਾਲਾ ਨਵੇਂ ਕਰਜਿਆਂ ਦਾ..ਕੰਜਰ ਦੇ

ਬੀ ਨੇ ਜਾਣ ਕੇ ਈ ਫਸਾ ਦਿਤੇ ਸੀ....।"

ਅਫ਼ਸਰਾਂ ਦੇ ਪਿੱਠ ਕਰਦਿਆਂ ਹੀ ਹਵਾ ਵਿਚ ਮੁੱਕੇ ਵੱਜੇ ਸਨ। ਗੁੱਸਾ ਸਾੜ ਪਾਉਂਦਾ ਸੀ। ਪਾਣੀ ਨੀਵੇਂ ਥਾਂ ਨੂੰ ਰਿੜਣ ਲੱਗਾ।

ਸੁਰਜਨ ਸਿਹੁੰ ਹਰੀਜਨਾਂ ਦੀ ਬਸਤੀ ਕੋਲ ਆਇਆ ਤਾਂ ਜਾਪਿਆ, ਕੇਰਾਂ ਸਭ ਕੁਝ ਟਲ ਗਿਆ ਸੀ। ਉਹਨੂੰ ਛੋਟੇ ਪੁੱਤਰ ਉੱਤੇ ਰੰਜ ਆਇਆ। ਜਿਸ ਪੜ੍ਹਾਈ ਅੱਧ ਵਿਚਾਲਿਉਂ ਛੱਡ ਕੇ ਟੱਬਰ ਨੂੰ ਤਾਂ ਕੰਡਿਆਂ ਉੱਤੇ ਧੂਹਿਆ ਸੀ, ਉਤੋਂ ਚੁੱਕ ਚੁਕਾ ਕੇ ਟਰੈਕਟਰ ਦੀਆਂ ਕਿਸ਼ਤਾਂ ਵਿੱਚ ਵੱਖ ਨਪੀੜ ਦਿੱਤਾ ਸੀ। "ਅਖੇ ਡੰਗਰਾਂ ਦੀ ਵਾਹੀ ਵੀ ਵਾਹੀ ਐ ਕੋਈ....।"

ਅੱਜ ਭਰੀ ਸੱਥ ਵਿੱਚ ਕਿਵੇਂ ਉਹਦੀ ਲਹਿੰਦੀ ਲਹਿੰਦੀ ਬਚੀ ਸੀ। ਉਹਨੇ ਠਠੰਬਰ ਕੇ ਸੋਚਿਆ। ਪਿੰਡਾ ਤ੍ਰੇਲੀਉ ਤ੍ਰੇਲੀ ਹੋ ਗਿਆ।

ਕੰਜਰ ਜੇ ਕੰਮੀ ਕਮੀਣਾਂ ਨਾਲ ਮੈਨੂੰ ਵੀ ਹਿੱਕ ਲੈਂਦੇ....

'ਹੇ ਦਾਤਿਆ!' ਉਹ ਮਨ ਹੀ ਮਨ ਬੁੜਬੁੜਾਇਆ। 'ਮੇਹਰ ਰੱਖੀਂ ਬੱਸ....' ਇਕ ਪਲ ਉਹ ਬਹੁਤ ਪਿੱਛੇ ਚਲਾ ਗਿਆ। ਪਰਾਰ ਵੀ ਤਾਂ ਰੱਬ ਨੇ ਉਹਨੂੰ ਬਲਦੀ ਵਿਚੋਂ ਹੱਥ ਦੇ ਕੇ ਹੀ ਰੱਖਿਆ ਸੀ।......

ਵੱਡੀ ਦਲਬੀਰੋ ਨੂੰ ਉਸ ਪੁੱਤਾਂ ਬਰੋਬਰ ਪਾਲਿਆ ਸੀ। ਪਲੇਠੀ ਦੀ ਇੱਕੋ ਇੱਕ ਧੀ......ਬਰਾਬਰ ਦਾ ਖਾਂਦੀ, ਹੰਢਾਉਂਦੀ। ਕੁਝ ਵਰ੍ਹੇ ਪਹਿਲਾਂ ਸ਼ਹਿਰ ਜਾ ਵੱਸੇ ਛੋਟੇ ਭਰਾ ਦਾ ਵੀ ਹਿੱਸਾ ਖਰੀਦ ਲੈਣ ਕਾਰਨ ਸੁਰਜਨ ਸਿਹੁੰ ਤੋਂ ਸਾਰਾ ਹੀ ਟੂੰਬ ਛੱਲਾ ਫੂਕਿਆ ਗਿਆ ਤਾਂ ਤੰਗੀ ਤੁਰਸ਼ੀ ਵਿਚ ਕੁੜੀ ਵਿਆਹ ਦੇ ਵੱਤਰੋਂ ਵੀ ਲੰਘ ਤੁਰੀ। ਪਰ ਜਦੋਂ ਜੁਆਨ ਧੀ ਬਾਰੇ ਮੋਏ ਤਿੱਤਰਾਂ ਦੀਆ ਡਾਰਾਂ ਉੱਡਣ ਲੱਗੀਆਂ ਤਾਂ ਉਹਨੇ ਅੱਖ ਹੇਠ ਆਉਂਦੀਆਂ ਸਭੇ ਠਾਹਰਾਂ ਗਾਹ ਮਾਰੀਆਂ ਸਨ। 'ਤਗੜੇ' ਘਰਾਂ ਦੇ ਖੁੱਲ੍ਹੇ ਜਬਾੜਿਆ ਵਿੱਚ ਗਰੀਬੜੇ ਜੱਟ ਦੀ ਦਲਬੀਰੋ ਉੱਕਾ ਨਿੱਕੀ ਰਹਿ ਜਾਂਦੀ ਤੇ 'ਮਾੜੇ' ਸੁਰਜਨ ਸਿਹੁੰ ਦੀ ਅੱਖ ਵਿਚੋਂ ਉਂਜ ਤਿਲਕ ਜਾਂਦੇ। ਪਿੰਡ ਵਿੱਚ ਸੁਰਜਨ ਸਿਹੁੰ ਦਾ ਵੱਜ ਸੀ। ਜਿਨਾਂ ਕਿਸੇ ਗਿਣਵੇਂ ਸਿਆੜਾਂ ਵਾਲੇ ਦਾ ਹੋ ਸਕਦਾ ਸੀ। ਸਾਰੀਆਂ ਵਹਿਬਤਾਂ। ਮੁੱਛ ਤਰੁੰਡ ਕੇ ਰੱਖਣੀ। ਧੋਤੇ ਲੀੜੇ। ਕਤਲਾਂ ਦੀਆਂ ਗੱਲਾਂ। ਇਸੇ ਵੱਜ ਸਦਕਾ ਹੀ ਤਾਂ ਉਹਦੀ ਦਲਬੀਰੋ ਲਈ ਚੱਠਿਆ ਦੇ ਮੁੰਡਿਆਂ ਬਾਰੇ ਗੱਲ ਤੁਰੀ ਸੀ। ਇਹ ਵੱਖਰੀ ਗੱਲ ਸੀ ਕਿ ਲੈਣ ਦੇਣ ਦੀ ਟੁੱਕ-ਟੁਕਾਈ ਸੁਣਦਿਆਂ ਸੁਰਜਨ ਸਿਹੁੰ ਦੇ ਦੰਦ ਜੁੜ ਗਏ ਸਨ। ਉਹ ਢਹਿੰਦੀ ਪੱਗ ਥੋਚ ਕੇ ਚੱਠਿਆਂ ਕੇ ਵਿਹੜਿਉਂ ਉੱਠ ਕੇ ਤੁਰਨ ਹੀ ਲੱਗਾ ਸੀ ਜਾਂ ਚੱਠਿਆਂ ਕਾ ਬੁੜ੍ਹਾ ਕੱਪੜਿਉਂ ਬਾਹਰ ਹੁੰਦਾ ਬੋਲਿਆ ਸੀ।

"ਗੱਲ ਸੁਣ.... ਮੂੰਹ ਚੁੱਕ ਕੇ ਮੁੰਡਾ ਮੱਲਣ ਭੱਜ ਵੱਗਾ ਸੈਂ ...ਤੈਨੂੰ ਪਹਿਲਾਂ ਨਾ ਭਾਰ ਤੋਲ ਦਿੱਸਿਆ ਸਾਡਾ?.... ਏਸ ਘਰੋਂ ਚੱਠਿਆਂ ਦੀਆਂ ਧੀਆਂ ਸਿਉਨੇ ਨਾਲ ਤੁੱਲ ਕੇ ਗਈਆਂ ਨੇ, ਆਈ ਅਕਲ ਵਿਚ? ਤੇ ਹੁਣ ਨੂਹਾਂ ਬੁੱਚੀਆਂ ਘਰ ਲੈ ਆਵੀਏ?"



ਫਿਰ ਖੂੰਡੇ ਤੇ ਭਾਰ ਪਾ ਕੇ ਉੱਠਦਾ ਅਤੇ ਹੌਲੀ ਹੌਲੀ ਤੁਰਦਾ ਬੁੜ੍ਹਾ ਬੋਲਿਆ ਸੀ "ਤੇਰੇ ਅਰਗੇ ਚੱਟੇ ਜੱਟ ਦੀ ਧੀ ਨੂੰ ਤੇ ਚਾਹੀਦੇ ਆਪੇ ਠਾਹਰ ਲੱਭ ਲਵੇ ਕੋਈ....ਐਵੇਂ ਖੱਜਲ ਹੋਣ ਡਿਹਾ ਏਂ.....।"

ਬੈਠਾ ਬਠਾਇਆ ਸੁਰਜਨ ਸਿਹੁੰ ਮਿੱਟੀ ਹੋ ਗਿਆ ਸੀ।

ਬਾਹਰ ਤਰਕਾਲਾਂ ਉੱਤਰ ਰਹੀਆਂ ਸਨ। ਘਰਾਂ ਵਿਚੋਂ ਉੱਠਦਾ ਧੂੰਆਂ ਅੱਖਾਂ ਵਿੱਚ ਇਕੱਠਾ ਹੋ ਗਿਆ। "ਵੱਡੇ ਉਏ ਰਿਜਕ ਆਲਿਉ....ਲੰਮੀ ਪੂਛ ਹੋਵੇ ਤਾਂ ਭੇਡ ਆਪਣਾ ਪਿਛਾ ਈ ਕੱਜਦੀ ਐ, ਸੁਣਿਆ? ਮੈਂ ਕਹਿਨਾ ਜੇ ਐਨਾ ਈ ਅਫਰੇਵੇਂ ਤਾਂ ਹੋਵੇ ਸਿੱਧੇ ਫੇਰ....ਜਿਨੀਆਂ ਤੁਸਾਂ ਟੂੰਬਾਂ ਪਾਈਆਂ ਧੀਆਂ ਨੂੰ, ਉਦੂੰ ਸੁਆਈਆਂ ਨਾ ਪਾਵਾਂ ਤਾਂ ਅਕੋਤਰ ਸੌ ਛਿੱਤਰ ਝੂਠੇ ਦੇ ਸਿਰ...ਜੇ ਤੁਸੀਂ ਨੰਨਾ ਧਰੋ ਤਾਂ ਨੀਵੇਂ ਥਾਂ ਤੁਸੀਂ....ਗੱਲ ਕਰੋ?"

ਚੱਠੇ ਹੈਰਾਨ ਰਹਿ ਗਏ।

"ਵੇਖੀਂ ਕਿਧਰੇ?" ਉਹਨਾਂ ਠਕੋਰਿਆ।

"ਮੈਂ ਕਹਿਨਾਂ ਆਹ ਜੱਟ ਦਾੜ੍ਹੀ ਉੱਤੇ ਹੱਥ ਫੇਰ ਕੇ ਆਂਹਦਾ ਜੇ...ਨਿੱਤਰੋ ਜੇ ਬੰਦੇ ਦੇ ਪੁੱਤ ਓ ਤਾਂ, ਤੁਸੀਂ ਚੱਠੇ ਓ ਤੇ ਏਧਰ ਗਿੱਲ ਜੇ ਗਿੱਲ....ਲੱਤ ਥਲਿਉਂ ਨਹੀਂ ਲੰਘਣਾ ਜੱਟ ਨੇਂ...."

ਤੇ ਉਹ ਚੱਠਿਆਂ ਦਾ ਸਿਰ ਕੱਢਵਾਂ ਮੁੰਡਾ ਮੱਲ ਕੇ ਪਿੰਡ ਆ ਵੜਿਆ ਸੀ। ਸੁਣਦਿਆਂ ਸਾਕਾਂ ਅੰਗਾਂ ਦੀਆਂ ਹੱਥਾਂ ਦੀਆਂ ਹੱਥਾਂ ਵਿਚ ਹੀ ਰਹਿ ਗਈਆਂ ਸਨ। ਟੱਬਰ ਵੱਖਰਾ ਮੁੱਕ ਗਿਆ। ਮੁੰਡਿਆਂ ਜਾਤਾ, ਪਿਉ ਪਾਗਲ ਹੋ ਗਿਆ ਸੀ। ਆਖਰ ਮੁਰੱਬਿਆਂ ਵਾਲਿਆਂ ਨਾਲ ਕਾਹਦਾ ਆਢ੍ਹਾ? ਫਿਰ ਹਾਲੀ ਤਾਂ ਪਿਛਲੀ ਪੈਲੀ ਦਾ ਲਿਆ ਦਿੱਤਾ ਹੀ ਨਹੀਂ ਸੀ ਨਿੱਬੜਿਆ।

"ਚੰਗਾ ਕਰੋ ਹਾਲੀ ਵੀ ਸਿਰ ਫੇਰ ਦਿਉ...." ਟੱਬਰ ਮੱਤਾਂ ਦਿੰਦਾ।

ਪ੍ਰੀਤਮ ਕੌਰ ਸੰਝ ਸਵੇਰੇ ਹਾੜੇ ਕੱਢਦੀ, ਦਲਬੀਰੋ ਆਪਣੀ ਥਾਂ ਦੀਦੇ ਗਾਲ ਲਏ, ਪਰ ਸੁਰਜਨ ਸਿਹੁੰ ਜਿਵੇਂ ਗੂੰਗਾ ਹੀ ਹੋ ਗਿਆ।

ਜਿਸ ਦਿਨ ਚੱਠਿਆਂ 'ਸਾਹੇ ਚਿੱਠੀ' ਮੰਗ ਘੱਲੀ, ਉਹਨੇ ਰੱਜ ਕੇ ਦਾਰੂ ਪੀਤੀ ਤੇ ਚਾਂਘਰਾਂ ਮਾਰੀਆਂ।

"ਦਮਾਗ਼ ਹਿੱਲ ਗਿਆ ਵਿਚਾਰੇ ਦਾ...।"

ਸੰਬੰਧੀਆਂ ਕਾਲਜੇ ਘੁੱਟ ਲਏ।

ਪੁੱਤਰ ਵਰਜਦੇ ਹੰਭ ਗਏ।

"ਓਏ ਮੈਂ ਜੱਟ ਦਾ ਤੁਖ਼ਮ ਓਏ ਜੱਟ ਦਾ...ਓ ਮੈਂ ਕਹਿੰਦੇ ਕੁਹਾਉਂਦਿਆਂ ਦੀ ਧੀ ਨੂੰ ਓਏ ...ਏ...ਏ...ਬੂ...ਊ....ਊ...।"

ਵਿਆਹ ਦੀ ਗੰਢ ਤੋਰਨ ਤੱਕ ਉਹਨੇ ਤਿੰਨ ਕਿੱਲੇ ਪੈਲੀ ਹੀ ਗਹਿਣੇ ਪਾ ਦਿੱਤੀ, ਲੋਕਾਂ ਸੋਚਿਆ, ਸੁਰਜਨ ਸਿਹੁੰ ਆਪਦੇ ਨਿੱਕੇ ਜਿਹੇ ਟੱਬਰ ਨੂੰ ਬਾਰੂਦ ਦੀ ਉਸ

ਢੇਰੀ ਤੇ ਬਿਠਾਲ ਰਿਹਾ ਸੀ ਜਿਹਨੂੰ ਮੁਆਤੇ ਦੀ ਲੋੜ ਹੀ ਨਹੀਂ ਸੀ। ਪੈਲੀ ਤੋਂ ਬਿਨਾ ਜੱਟ ਦੀ ਕਾਹਦੀ ਜੂਨ ? ਜਿਵੇਂ ਮੱਛੀ ਰੜੇ ਉੱਤੇ ਹੀ ਤੜਫਦੀ ਹੋਵੇ। ਨਾ ਮੋਇਆਂ ਵਿੱਚ, ਨਾ ਜਿਉਂਦਿਆਂ ਵਿੱਚ।

ਸੁਰਜਨ ਸਿਹੁੰ ਤਾਂ ਖ਼ੁਦ ਅੰਦਰੋ ਅੰਦਰ ਹਿੱਲ ਗਿਆ ਸੀ। ਬੁੱਕ ਬੁੱਕ ਡੁਸਕਿਆ ਸੀ। "ਹੇ ਸੱਚਿਆ ਪਾਤਸ਼ਾਹ!... ਹੇ ਮੇਰਿਆ ਮਾਲਕਾ!!...ਆਂਹਦੇ ਤੂੰ ਕੇਰਾਂ ਦਰੋਪਤੀ ਦੀ ਪੱਤ ਰੱਖੀ ਸੀ, ਤੇ ਸੁਣ... ਇਕ ਪਾਸੇ ਊਂ ਮੈਂ ਨਿਮਾਣਾ ਤੇ ਦੂਜੇ ਬੰਨੇ ਨੀ ਡਾਢੇ, ਹੁਣ ਤੂੰ ਈ ਐਂ ਬੱਸ..."

ਧੀ ਦੇ ਵਿਆਹ ਬਦਲੇ ਜਿਸ ਦਿਨ ਉਹ ਪੈਲੀ ਗਹਿਣੇ ਪਾ ਕੇ ਪਿੰਡ ਆਇਆ। ਔਧ ਵਾਲੇ ਠੇਕੇ ਤੋਂ ਗੁੱਟ, ਸੁੰਨੀਆਂ ਸੜਕਾਂ ਤੇ ਉਹਦੀਆਂ ਚਾਂਗਰਾਂ ਦੂਰ ਤਾਈਂ ਸੁਣਦੀਆਂ ਸਨ।

"ਨਿੱਤਰੇ ਓਏ ਕੋਈ ਜੱਟ ਦੇ ਬਰੋਬਰ ਦਾਤ ਦੇਣ ਆਲਾ...ਸੁਣਦੈ ਕੋਈ ਧੀ ਦਾ ਯਾਰ ਓ....ਓ....ਏ...।"

ਦਰੀਂ ਆਇਆਂ ਤਾਂ ਦਾਰੂ ਉਹਦੇ ਸਾਹਾਂ ਵਿਚੋਂ ਵੀ ਉੱਡ ਗਈ ਦਲੀਜਾਂ ਵਿਚ ਢੇਰੀ ਹੋ ਗਿਆ। ਉਹਨੇ ਦੇਖਿਆ, ਲੋਕਾਂ ਨਾਲ ਵੇਹੜਾ ਭਰਿਆ ਪਿਆ ਸੀ। ਵੈਣ ਪੁੜਪੜੀਆਂ ਚੀਰਦੇ ਸਨ। ਪ੍ਰੀਤਮ ਕੁਰ ਥੰਮ੍ਹੀ ਨਹੀਂ ਸੀ ਜਾਂਦੀ। ਕਾਲਜਾ ਧੱਕ ਧੱਕ ਕਰਨ ਲੱਗਾ। ਉਹਦੇ ਰੁਕਦੇ ਸਾਹ ਅੱਖਾਂ ਤੀਕ ਆਉਂਦਿਆਂ ਪਾਣੀ ਦੀ ਗੰਢ ਬਣ ਗਏ।

ਮਾਤਮ ਦੀ ਸਫ਼ ਉੱਤੇ ਉਹਨੇ ਇੱਕੋ ਇਕ ਪੁੱਤਰ ਬੈਠਾ ਦੇਖਿਆ ਤਾਂ ਅੰਦਰ ਕਿਤੇ ਵਾਢ੍ਹ ਪੈਂਦੀ ਚਲੀ ਗਈ। ਅਣ-ਚਾਹਿਆਂ ਹੀ ਅੱਖਾਂ ਵਿਚ ਅੱਟਕੀ ਪਾਣੀ ਦੀ ਗੰਢ ਮੁਧੀ ਹੋ ਗਈ।

"ਹਾਏ ਓਏ ਮੇਰਿਆਂ ਛਿੰਦਿਆ ਪੁੱਤਾ ਓ ਏ... ਏ... ਏ....?"

ਉਹਨੇ ਲੇਰ ਮਾਰੀ।

ਅਗਾਂਹ ਹੋਇਆ ਤਾਂ ਅੱਖਾਂ ਪਾਟ ਕੇ ਟੁਕੜੇ ਟੁਕੜੇ ਹੋ ਗਈਆਂ। ਸਾਹਮਣੇ ਪੁੱਤ ਦੀ ਥਾਂ, ਦਲਬੀਰੋ ਪਈ ਸੀ। ਪੱਥਰ ਦੀ ਪੱਥਰ...ਸਿਲ ਦੀ ਸਿਲ।

ਕਹਿੰਦੇ ਤਰਕਾਲੀਂ ਜਹੇ ਪਾਥੀਆਂ ਦਾ ਟੋਕਰਾ ਲੈਣ ਗਈ ਤੇ ਮਾਂ ਨੇ ਬੌਸ ਨੀਲੀ ਹੋਈ ਚੁੱਕੀ ਸੀ।

"ਗੁਹਾਰੇ ਦਾ 'ਕੱਖ' ਸੀ ਭਾਈ" ਬਹੁਤਿਆਂ ਕਿਹਾ।

"ਕਾਹਦਾ ਸੱਪ....ਕਾਹਦਾ ਸ਼ੀਂਹ। ਕਰਮ ਦੇ ਗਏ ਧੋਖਾ....।" ਜਿਸ ਜਿਸ ਵੀ ਸੁਣਿਆ, ਕਾਲਜਾ ਮੁੱਠੀ 'ਚ ਲੈ ਲਿਆ।

ਮੋਹ ਦੀ ਅੰਨ੍ਹੀ ਹਨ੍ਹੇਰੀ ਵਿਚ ਕੱਖਾਂ ਹਾਰ ਉੱਡਦਾ ਸੁਰਜਨ ਸਿਹੁੰ ਮੁਟਿਆਰ ਧੀ ਦੀ ਲੋਥ ਨਾਲ ਲਿਪਟ ਲਿਪਟ ਗਿਆ ਸੀ।

"ਨਹੀਂ ਓਏ ਮੇਰੀਏ ਧੀਏ....ਜੱਟ ਨੇ ਤਾਂ ਸਿਰ ਦੀ ਬਾਜ਼ੀ ਲਾ ਦਿੱਤੀ ਸੀ....



ਕਾਹਨੂੰ ਰੁੱਸ ਗਈ ਓਏ ਮੇਰੀਏ ਬੱਚੀਏ। ਹਾਏ!!

ਕਹਿੰਦੇ ਪਹਿਲੀ ਵਾਰੀਂ ਕੋਈ ਪਿਉ, ਇੰਜ ਵਿਲਕਿਆ ਸੀ। ਪਹਿਲੀ ਵੇਰੀਂ ਕੋਈ ਬਾਬਲ, ਧੀ ਧਿਆਣੀ ਲਈ ਸਿਵੇ ਤੀਕ ਧਾਹੀਂ ਮਾਰਦਾ ਗਿਆ ਸੀ।

ਉਸ ਰਾਤ ਜ਼ਿੰਦਗੀ 'ਚ ਪਹਿਲੀ ਵੇਰ ਸੁਰਜਨ ਸਿਹੁੰ ਨੂੰ ਲੱਗਾ, ਜਿਵੇਂ ਦਾ ਵੀ ਰੱਬ ਇਸ ਦੁਨੀਆਂ ਤੇ ਕਿਤੇ ਸੀ। ਉਹਦੇ ਬਹੁਤ ਨੇੜੇ ਸੀ। ਉਸ ਰਾਤ ਮੁਟਿਆਰ ਧੀ ਦਾ ਸਿਵਾ ਠੰਡਾ ਕਰਕੇ ਮੁੜਣ ਮਗਰੋਂ ਉਹਨੂੰ ਬੜੀ ਗੂਹੜੀ ਨੀਂਦਰ ਪਈ ਸੀ ਅਤੇ ਸਾਰੀ ਰਾਤ ਵਾਰ ਵਾਰ ਉਹਨੂੰ ਇਕੋ ਸੁਪਨਾ ਆਉਂਦਾ ਰਿਹਾ ਸੀ, ਜਿਸ ਵਿਚ ਉਹਦੀ ਲਾਡਲੀ ਦਲਬੀਰੋ, ਬਲਦੀ ਚਿਖ਼ਾ ਵਿਚੋਂ ਉੱਠ ਕੇ... ਵਾਰ ਵਾਰ ਆਪਣੇ ਉਦਾਲੇ ਦਾ ਖੱਫਣ ਪਾੜ ਪਾੜ, ਉਹਦੇ ਸਿਰ ਉੱਤੇ ਪੱਗ ਬੰਨ੍ਹਦੀ ਰਹੀ ਸੀ।

ਕਾਹਲੀ ਨਾਲ ਤੁਰੇ ਆਉਂਦੇ ਸੁਰਜਨ ਸਿਹੁੰ ਨੇਂ ਰੱਬ ਧਿਆਇਆ। ਜਿਨ੍ਹੇਂ ਹਮੇਸ਼ਾ ਉਹਦੀ ਲਹਿੰਦੀ ਰੱਖੀ ਸੀ। ਫਿਰ ਅਣਚਾਹੇ ਹੀ ਉਹ ਅਫ਼ਸੋਸ ਨਾਲ ਭਰ ਗਿਆ। ਇਸ ਵਾਰ ਦਸਵੰਧ ਵਜੋਂ ਓਹ ਕਣਕ ਦਾ ਮਣ ਵੀ ਗੁਰਦੁਆਰੇ ਨਹੀਂ ਸੀ ਘੱਲ ਸਕਿਆ। ਭਾਵੇਂ ਇਸ ਵੇਰੀ ਤਾਂ ਕੁਝ ਵੀ ਓਹਦੇ ਵੱਸ ਵਿਚ ਨਹੀਂ ਸੀ ਰਿਹਾ। ਝਾੜ ਹੀ ਏਨੀਂ ਪਿੱਠ ਦੇ ਗਿਆ ਸੀ ਕਿ ਟਰੈਕਟਰ ਵਾਲੀ ਕਿਸ਼ਤ ਦਾ ਹੀ ਖਿੱਡ ਨਹੀਂ ਸੀ ਭਰਿਆ। ਆੜ੍ਹਤੀ ਉੱਞ ਲੱਤ ਨਹੀਂ ਸੀ ਲਾਉਂਦਾ। ਪਹਿਲਾਂ ਹੀ ਸੱਜਰ ਝੋਟੀ ਵੇਚ ਕੇ ਜੀਰੀ ਦੀਆਂ ਲੁਆਈਆਂ ਤਰੀਆਂ ਸਨ।

ਵੜੇਚਾਂ ਕੀ ਨੁੱਕਰ ਟੱਪਣ ਲੱਗਾ ਤਾਂ ਮਾਸਟਰਾਂ ਕੇ ਦੀਸ਼ ਵਾਜ ਮਾਰ ਲਈ।

"ਤਾਇਆ! ਕਹਿੰਦੇ ਸੁਸੈਟੀ ਵਾਲੇ ਆਏ ਸੀ ?"

"ਓਏ ਆਹੋ, ਸੁਣਨੈ ਨਾ...ਬਹੁਤਾ ਤੇ ਮੈਨੂੰ ਈ ਲਾਉਂਦੇ ਸੀ ਛੁਹਾਰਾ.... ਕਹਿੰਦੇ ਬੈਠ ਜੀਪ 'ਚ....ਮੈਂ ਕਿਹਾ ਕੰਜਰ ਦਿਉ ਕੁੱਤੇ ਖੁੱਸੀ ਕਰਵਾਊ ਗੇ ਮੈਥੋਂ....ਫੇਰ ਗੱਲ ਨਾ ਅਹੁੜੇ ਪਤਿਆਉਰਿਆਂ ਨੂੰ ....ਬਿੱਚ ਬਿੱਚ ਤੇ ਆ ਗਏ....ਮੈਂ ਕਿਹਾ ਬੋਲੇ ਅਰਗੇ ਤਾਂ ਮੇਰੇ ਪਿੰਡ 'ਚ ਖੇਡਦੇ ਐ ਪਿੰਡ 'ਚ... ਇਹਨਾਂ ਨੂੰ ਪੁੱਛੇ ਕੋਈ, ਪਈ ਕੰਜਰੋ! ਜੱਟ ਈ ਲੱਭੇ ਐ ਥੋਨੂੰ....?"

ਫਿਰ ਇਕ ਘੜੀ ਉਹ ਹਥਲੀ ਡਾਂਗ ਉੱਤੇ ਭਾਰ ਪਾਈ ਖੜੋਤਾ ਰਿਹਾ ਅਤੇ ਹਰਾਸਾ ਜਿਹਾ ਬੋਲਿਆ।

"ਕਾਹਦੀ ਜੂਨ ਐ ਉਏ ਦੀਸ਼ਾ ਸਿਹਾਂ... ਹੁਣ ਤੇਰੇ ਕੋਲੋਂ ਕਾਹਦਾ ਲੁਕਾਅ.... ਸਭ ਚੱਟੋ ਪਏ ਈ ਜੱਟ ਵਿੱਚੋ ਵਿੱਚ...ਸੁਣਨੈ ਨਾ.....ਹਾਲੀ ਗਾਂਹ ਗਾਂਹ ਵੇਖੀਂ ਤੂੰ.... ਮੈਂ ਆਹਨਾਂ ਆਹ ਭੈਣ ਦੇਣੇ ਦੀ ਜੰਗ ਵੀ ਨਹੀਂ ਲੱਗਦੀ ਕਿਤੇ...।"

ਘਰ ਨੇੜੇ ਅੱਪੜਦਿਆਂ ਉਹਨੇ ਸੋਚਿਆ। ਹਫ਼ਤੇ ਤਕ ਉਹ ਕੇਹੜੀਆਂ ਲੂਲ੍ਹਾਂ ਵੇਚ ਲਵੇਗਾ ? "ਚਲੋ ਆਪੇ ਬਹੁੜੂ ਮੇਰਾ ਸ਼ੈਨਸ਼ਾਹ..."

ਘਰ ਆਇਆ ਤਾਂ ਸਾਹਮਣੇ ਛੋਟਾ ਭਰਾ ਬੈਠਾ ਸੀ। ਸੁਰਜਨ ਸਿਹੁੰ ਨੂੰ ਲੱਗਾ,

ਜਿਵੇਂ ਉਹ ਕਿਸੇ ਹੋਰ ਦੇ ਘਰ ਹੀ ਆ ਵੜਿਆ ਹੋਵੇ।

"ਅਈ ਸ਼ਾਬਾ ਸ਼ੇ...!" ਉੱਡ ਕੇ ਉਹਨਾਂ ਗੱਲਵਕੜੀ ਪਾ ਲਈ। ਕਾਹਲੀ ਨਾਲ ਪੈਰ ਛੋਂਹਦੀ ਨਿੱਕੀ ਭਰਜਾਈ ਨੂੰ ਉਸ ਅਸੀਸ ਦਿੱਤੀ ਤੇ ਓਕੜੂ ਜਿਹਾ ਮੰਜੀ ਦੀ ਪੁਆਂਦੀ ਬੈਠ ਗਿਆ।

"ਕਿੱਦਾਂ ਰਾਹ ਲੱਭ ਪਿਆ ਪਈ ਦਿੱਲੀ ਆਲਿਆਂ ਨੂੰ? ਮਖ ਸੁਣਦੀ ਐਂ?" ਉਸ ਪ੍ਰੀਤਮ ਕੌਰ ਨੂੰ ਹਾਕ ਮਾਰੀ।

"ਸੁਣਾਉ ਮਹੌਣ ਦੀ...?"

ਸੁਰਜਨ ਸਿੰਹੁ ਨੂੰ ਯਾਦ ਆਇਆ, ਪੈਲੀ ਵੇਚ ਕੇ ਜਾਣ ਮਗਰੋਂ ਕੁਲਦੀਪ ਛੇਵੇਂ ਵਰ੍ਹੇ ਮਗਰੋਂ ਪਿੰਡ ਆਇਆ ਸੀ। ਪਤਾ ਨਹੀਂ ਕਿਉਂ ? ਜਿਹਨ ਵਿਚ ਸੋਚਾਂ ਦੇ ਘੋੜੇ ਸਰਪੱਟ ਨੱਚ ਉੱਠੇ, ਦਗੜ ਦਗੜ ਦਗੜ....। ਉਹ ਇੱਕ ਨਜ਼ਰ ਵੇਖਦਾ ਹੀ ਰਹਿ ਗਿਆ। ਭਰਾ ਦੇ ਅਫ਼ਸਰਾਂ ਵਰਗੇ ਲੀੜੇ...ਰੋਹਬਦਾਰ ਮੂੰਹ...ਉਚੇਚੇ ਵੇਸ ਵਿਚ ਵਹੁਟੀ, ਜੇਹੜੀ ਹੋਰ ਛੇ ਵਰ੍ਹੇ ਛੋਟੀ ਹੋ ਗਈ ਲਗਦੀ ਸੀ।

ਉਹ ਹੁਣੇ ਆਏ ਲੱਗਦੇ ਸਨ। ਪ੍ਰੀਤਮ ਕੌਰ ਨੂੰਹ ਸਣੇ ਚੌਂਕੇ ਵਿਚ ਸ਼ਰਬਤ ਘੋਲ ਰਹੀ ਸੀ। ਸਉਣ ਦਾ ਮੁਢਲਾ ਪੱਖ ਸੀ। ਹੁੰਮਸ ਭਰਿਆ। ਤਲਖ਼ ਅਤੇ ਚੁੱਪ। ਛਤੜੇ ਥੱਲੇ ਅੱਕੋ ਪੀਹਣ ਛੱਟ ਰਹੀ ਸੀ।

"ਬੜਾ ਦਿਲ ਕੱਢਿਆ ਬਈ ਆਹ ਤਾਂ..."

ਸੁਰਜਨ ਸਿੰਹੁ ਗਦ ਗਦ ਹੋ ਗਿਆ। ਇਕ ਘੜੀ ਉਹਨੂੰ ਤਕਾਵੀ ਦਾ ਸਾਰਾ ਕਰਜ਼ਾ ਭੁੱਲ ਗਿਆ।

ਇਹ ਭਰਾ ਸੀ ਜਿਨ੍ਹੇ ਕਾਲਜ ਪੜ੍ਹਦਿਆਂ ਇਸੇ ਤੀਵੀਂ ਨਾਲ ਬੁੱਕਲ ਸਾਂਝੀ ਕਰ ਲਈ ਸੀ। ਨਾ ਜਾਤ ਨਾ ਬਿਰਾਦਰੀ, ਨਾ ਅੱਗਾ ਵੇਖਿਆ ਨਾ ਪਿੱਛਾ, ਆਪਦੇ ਕੱਖੀਂ ਆਪ ਹੀ ਸੜ ਗਏ। ਹਾਰ ਪਾ ਕੇ ਹੀ ਵਿਆਹ ਕਰ ਲਿਆ। ਨਾ ਦਾਜ, ਨਾ ਦੇਣ....ਨਾ ਪਾਧਾ ਨਾ ਪੱਤਰੀ....।

ਤਦ ਸੁਰਜਨ ਸਿੰਹੁ ਨੇ ਏਸੇ ਭਰਾ ਨੂੰ ਹਜ਼ਾਰ ਹਜ਼ਾਰ ਗਾਲ੍ਹ ਕੱਢੀ ਸੀ। ਸੋਚ ਸੋਚ ਧਰੀਆਂ ਖੂਹ ਵਿਚ ਪੈ ਗਈਆਂ ਸਨ।

"ਸਾਡਾ ਹੱਕ ਈ ਨੀ ਕੋਈ?" ਉਹ ਕਲਪਿਆ ਸੀ।

ਪਰ ਇਸ 'ਖ਼ੱਚ' ਨੂੰ ਉਹ ਕੀ ਆਖੇ? ਕੋਈ ਗੈਰ ਇਉਂ ਦਾੜ੍ਹੀ ਨੂੰ ਹੱਥ ਪਾਉਂਦਾ ਤਾਂ ਉਹ ਇਸ ਹੇਠੀ ਦਾ ਮੁੱਲ ਪਾ ਕੇ ਵਖਾਉਂਦਾ, ਪਰ ਇੱਕੋ ਢਿੱਡ ਪੇਟ....। ਉਸ ਦੰਦਾਂ ਥੱਲੇ ਜੀਭ ਟੁੱਕ ਲਈ ਸੀ "ਚਲੋ ਓਹ ਜਣੇ...."

ਪਰ ਗੱਲ ਮੁੱਕ ਜਾਣ ਦੀ ਥਾਂ, ਧੁਖ਼ਦੀ ਧੁਖ਼ਦੀ ਮਚ ਉੱਠੀ ਸੀ। ਟੱਬਰ ਤੋਂ ਬਿਨਾਂ ਪਿੰਡ ਨੂੰ ਵੀ ਸਾੜ ਪਾਉਂਦੀ ਚਲੀ ਗਈ ਸੀ।

ਤ੍ਰਕਾਲਾਂ ਉੱਤਰਦਿਆਂ ਹੀ ਉਹ ਵਹੁਟੀ ਖ਼ਾਵੰਦ, ਪਿੰਡ ਦੀ ਫ਼ਿਰਨੀਏਂ ਫ਼ਿਰਨੀ



ਨਿਕਲ ਤੁਰਦੇ। ਉੱਤਰਦੇ ਹਨੇਰੇ ਤੱਕ ਸੂਏ ਦੀ ਪੱਟੜੀ ਤੇ ਹੀ ਘੁੰਮੀ ਜਾਂਦੇ। ਹੱਥ ਵਿਚ ਹੱਥ ਪਾਈ। ਇਕੱਠਾ ਖਾਂਦੇ। ਇਕੱਠਾ ਸੌਂਦੇ ਅਤੇ ਤਾਸ਼ ਖੇਡਦੇ।

ਲੋਕੀਂ ਛੱਜ ਵਿੱਚ ਪਾ ਕੇ ਛੱਟਣ ਲੱਗੇ ਤਾਂ ਸਰਜਨ ਸਿੰਹੁ ਲਈ ਜਿਉਣਾ ਦੁੱਭਰ ਹੋ ਗਿਆ।

"ਦੇਖ ਉਏ ਸਾਨ੍ਹਾਂ!...ਆਹ ਐ ਲੀਕ....ਇੱਕ ਈ ਇੱਜ਼ਤਾਂ ਵਾਲਿਆਂ ਦਾ ਘਰ, ਤੇ ਦੂਜੇ ਬੰਨੇ ਈ ਤੇਰਾ ਕੰਜਰਖ਼ਾਨਾ....ਗੱਲ ਕਰ ਕੀ ਚਾਹੁੰਨੈ?"

ਕੁਲਦੀਪ ਜਿਵੇਂ ਪਹਿਲਾਂ ਹੀ ਉਡੀਕ ਰਿਹਾ ਸੀ। ਹਿੱਸੇ ਦੀ ਭੁੰਏ ਵੇਚ ਦਿੱਲੀ ਜਾ ਵੜਿਆ ਸੀ।

ਪਰ ਜਿਹੜੇ ਪਿੰਡ ਨੂੰ ਉਹਨਾਂ ਸੌ ਸੌ ਗੱਲਾਂ ਕੀਤੀਆਂ ਸਨ, ਜਿਸ ਘਰ ਵੱਲ ਉਹਨਾਂ ਕੇਰਾਂ ਪਿੱਠ ਕਰਕੇ ਦੂਹਰੀ ਵੇਰੀ ਝਾਕਣ ਦੀ ਲੋੜ ਨਹੀਂ ਸੀ ਸਮਝੀ, ਉਸੇ ਘਰ ਦੇ ਵੇਹੜੇ ਵਿੱਚ ਅੱਜ ਉਹ ਕਿਸੇ ਅਜਿਹੀ ਆਸ ਨਾਲ ਬੈਠੇ ਸਨ, ਜਿਹੜੀ ਉਹਨਾਂ ਨੂੰ ਧੁਰ ਅੰਦਰ ਤੀਕ ਪੱਛ ਰਹੀ ਸੀ। ਵਹੁਟੀ ਸੁਰਜਨ ਸਿੰਹੁ ਦੇ ਐਨ ਸਾਮ੍ਹਣੇ ਬੈਠੀ ਸੀ, ਸੁੱਚੇ ਲੀੜੇ, ਚਿੱਟੇ ਮਣਕਿਆਂ ਦੀ ਦੂਹਰੀ ਮਾਲਾ...ਕੰਨੀ ਸੂਹੇ ਟਾਪਸ ਤੇ ਹੱਥੀਂ ਚਾਂਦੀ ਦੀਆਂ ਬਰੀਕ ਵੰਗਾਂ। ਉਹ ਸੋਚ ਰਹੀ ਸੀ, ਸ਼ਰੀਕਾਂ ਮੂਹਰੇ ਢਿੱਡ ਨੰਗਾ ਕਰਨ ਨਾਲੋਂ ਤਾਂ ਕਿਸੇ ਸੱਤ ਬਿਗਾਨੇ ਅੱਗੇ ਤਲੀ ਅੱਡ ਲੈਂਦੇ।

ਵਰ੍ਹੇ ਬੀਤ ਗਏ ਸਨ, ਕਦੇ ਉਹ ਪਿੰਡ ਵੱਲ ਭੁੱਲ ਕੇ ਵੀ ਨਹੀਂ ਸਨ ਝਾਕੇ, ਕੇਰਾਂ ਬੱਸ ਉਹ ਦਲਬੀਰ ਦੇ ਮਰਨੇ ਤੇ ਆਏ ਸਨ। ਘੜੀ ਦੀ ਘੜੀ ਲਈ ਅਤੇ ਰਸਮੀ ਜਹੀ ਮੂੰਹ ਰੱਖਵੀਂ ਮਗਰੋਂ ਪਰਤ ਗਏ ਸਨ। ਸੁਭਾਵਕ ਕਿਸੇ ਖ਼ੁਸ਼ੀ ਗਮੀ ਉਤੇ ਇਕੱਠੇ ਹੁੰਦੇ ਵੀ ਤਾਂ ਉਹ ਦਿੱਲੀ ਦੇ ਗੁਣ ਗਾਈ ਜਾਂਦੇ, ਇਹ ਪਿੰਡ ਦੀਆਂ ਸਿਫ਼ਤਾਂ ਛੋਹੀ ਰੱਖਦੇ, ਵਿਰੋਧ ਦਾ ਅਖਾੜਾ ਗੁੱਭਿਆ ਹੀ ਰਹਿੰਦਾ। ਉਹ ਖੁੱਲ੍ਹ ਨੂੰ ਵਡਿਆਉਂਦੇ ਨਾ ਥੱਕਦੇ, ਇਹ ਸਭ ਕਾਸੇ ਨੂੰ 'ਕੁੱਤ-ਖ਼ਾਨੇ' ਦੀਆਂ ਉਪਾਧੀਆਂ ਨਾਲ ਨਿੰਦੀ ਜਾਂਦੇ।

ਆਖ਼ਿਰ ਨਿੱਖੜਦੇ ਨਿੱਖੜਦੇ ਸੁਰਜਨ ਸਿੰਹੁ ਨੂੰ ਭਰਾ ਬਾਰੇ ਸਿਰਫ਼ ਏਨੀਂ ਕੁ ਸੋਅ ਹੀ ਸੀ ਕਿ ਦੋਵੇਂ ਕਿਸੇ ਸਰਦੀ ਜਹੀ ਨੌਕਰੀ ਤੇ ਸਨ ਅਤੇ ਇਕੋ ਇੱਕ ਜੁਆਕ ਮਗਰੋਂ ਉਹਨਾਂ ਅਗਾਂਹ ਲਈ 'ਨੂੰ-ਠੱਪ' ਹੀ ਕਰ ਦਿੱਤੀ ਸੀ।

"ਪਾਗਲ! ਸੁਰਜਨ ਸਿੰਹੁ ਕਹਿੰਦਾ, "ਭਲਾ ਜੱਟ ਦੇ ਕੱਲੇ ਪੁੱਤ ਦੀ ਕੀ ਜੂਨ ਐ?"

"ਛੱਡੋ ਜੀ!" ਦੱਸਣ ਵਾਲੇ ਤਾਂ ਇਥੋਂ ਤੱਕ ਕਿਹਾ: "ਕਾਹਦੀ ਤੀਵੀਂ ਐ....ਕੱਲਾ ਕਾਰਾ ਜੁਆਕ, ਦੁੱਧ ਈ ਨੀਂ ਚੁੰਘਾਉਂਦੀ....ਅਖੇ ਮੇਰੀ ਛਾਤੀ ਢਿਲਕਦੀ ਐ....ਭਲਾ ਪੁੱਛੇ ਕੋਈ ਸਹੁਰੀਏ! ਤੋਂ ਦੁੱਧ ਮੁੱਲ ਵੇਚਣੈ?"

ਪ੍ਰੀਤਮ ਕੌਰ ਸ਼ਰਬਤ ਲਈ ਖੜ੍ਹੀ ਸੀ।

ਮਟਿਆਲੀ ਗਲਾਸੀ ਵਿੱਚ ਹੀ ਵਹੁਟੀ ਸ਼ਰਬਤ ਪੀਣ ਲੱਗ ਪਈ ਤਾਂ ਸੁਰਜਨ ਸਿੰਹੁ ਨੂੰ ਲੱਗਾ, ਜ਼ਰੂਰ ਕੋਈ ਅਲੋਕਾਰ ਗੱਲ ਸੀ। ਨਹੀਂ ਇਹਦਾ ਤਾਂ ਨਖ਼ਰਾ ਹੀ ਮਾਣ ਨਹੀਂ ਸੀ।

ਪਰੇ ਵੱਢੀ ਖੁੱਲ੍ਹ ਗਈ ਸੀ। ਸੁਰਜਨ ਸਿਹੁੰ ਬੇਨੂਣ ਚਲਿਆ ਗਿਆ। ਪਤਾ ਨਹੀਂ ਕਿਵੇਂ ਉਹਨੇ ਪਿਛਲੀ ਸਾਰੀ ਰੰਜਿਸ਼ ਹੀ ਥੁੱਕ ਦਿੱਤੀ ਸੀ। ਧੋਤੇ ਜਹੇ ਚਿੱਤ ਨਾਲ ਉਹ ਉਨ੍ਹਾਂ ਵਿਚਾਲੇ ਫਿਰ ਆ ਬੈਠਾ। ਖੁਸ਼ ਖੁਸ਼...ਗਦ ਗਦ...। ਸੁਰਜਨ ਸਿਹੁੰ ਦੇ ਚਿੱਤ ਵਿਚ ਆਈ, ਉਹ ਘੁਟ ਕੇ ਕੁਲਦੀਪ ਨੂੰ ਹਿੱਕ ਨਾਲ ਲਾ ਲਵੇ ਅਤੇ ਵਹੁਟੀ ਦੇ ਸਿਰ ਉੱਤੇ ਪਿਆਰ ਦੇ ਕੇ ਉਹਦੀਆਂ ਅੰਞਾਣ ਸਿਆਣ ਉਮਰ ਦੀਆਂ ਸਾਰੀਆਂ ਭੁੱਲਾਂ ਬਖਸ਼ ਦੇਵੇ।

"ਸ਼ਹਿਰੋਂ ਮੋਟਰ ਤੇ ਆਏ ਕਿ ਤਾਂਗੇ ਤੇ...?" ਉਸ ਉਮਾਹ ਨਾਲ ਚੁੱਪ ਤੋੜੀ।

"ਬੱਸ ਆ ਗਏ ਡਿੱਗਦੇ ਢਹਿੰਦੇ....।" ਰੁਆਂਸਾ ਜਿਹਾ ਬੋਲ, ਉਹ ਚੁੱਪ ਕਰ ਗਈ। ਜਿਹਨ ਵਿਚ ਅਜਿਹਾ ਕੁਝ ਘੁੰਮਣ ਲੱਗਾ ਜਿਸਦੇ ਕਾਰਨ ਉਹ ਪਿੰਡ ਆਉਣ ਦਾ ਅੱਕ ਚੱਬ ਰਹੀ ਸੀ।

ਘੁੱਟ ਜਿਹਾ ਵੇਖ ਪ੍ਰੀਤਮ ਕੌਰ ਪੱਖੀ ਫੜਾ ਗਈ। ਵਹੁਟੀ ਪੱਖੀ ਦੀ ਡੰਡੀ ਉਤਲਾ ਸ਼ੀਸ਼ਾ ਵੇਖਣ ਲੱਗ ਪਈ। ਜਿਸ ਵਿਚੋਂ ਮੂੰਹ ਦੀ ਕਾਤਰ ਜੇਹੀ ਹੀ ਦਿੱਸਦੀ ਸੀ। ਬੇ-ਚੈਨ ਉਹ ਵੇਹੜੇ ਦੀ ਇਕ ਇਕ ਚੀਜ਼ ਨਿਹਾਰਨ ਲੱਗ ਪਈ। ਚੌਕੇ ਵਿਚ ਡਿੱਗੀ ਡੁੱਗਦੇ ਕਾਂ....ਚੂਚਿਆਂ ਦਾ ਨਿੱਕਾ ਜਿਹਾ ਝੁੰਡ...ਡੰਗਰ ਵੱਛਾ ਅਤੇ ਥਾਂ ਪੁਰ ਥਾਂ ਖਿੱਲਰਿਆ ਕੂੜਾ ਕਰਕਟ। ਟੇਢ੍ਹੀ ਮੰਜੀ ਪਿੱਛੇ ਚਿੱਕੜ ਹੋਇਆ ਪਿਆ ਸੀ। ਸ਼ਾਇਦ ਥੋੜ੍ਹੀ ਦੇਰ ਪਹਿਲਾਂ ਪ੍ਰੀਤਮ ਕੌਰ ਦੀ ਨੂੰਹ ਹੀ ਨਹਾ ਕੇ ਹਟੀ ਹੋਵੇ। ਉਹਨੂੰ ਹਾਸਾ ਆ ਗਿਆ। ਇਹ ਲੋਕ ਏਨੀ ਕੁ ਹੀ ਜ਼ਿੰਦਗੀ ਤਾਂ ਮਾਣ ਸਕਦੇ ਨੇ ਜਿੰਨਾ ਕੁ ਸ਼ੀਸ਼ੇ ਵਿਚੋਂ ਮੂੰਹ ਦੀਹਦੈ। ਉਹਨੇ ਸੋਚਿਆ।

ਫਿਰ ਉਹਨੂੰ ਆਪਦਾ ਘਰ ਚੇਤੇ ਆਇਆ ਜਿਸ ਦੇ ਹਰ ਕਮਰੇ ਨਾਲ ਉਨ੍ਹਾਂ ਗੁਸਲਖਾਨੇ ਬਣਵਾਏ ਸਨ। ਸੰਗਮਰਮਰ ਦੀਆਂ ਸਿਲਾਂ ਵਾਲੇ। ਇਹ ਵੱਖਰੀ ਗੱਲ ਸੀ ਕਿ ਉਹ ਇਨ੍ਹਾਂ ਸੰਗਮਰਮਰ ਦੀਆਂ ਸਿਲਾਂ ਵਿਚਾਲੇ ਹੀ ਕਿਤੇ ਨਪੀੜੇ ਗਏ ਸਨ ਅਤੇ ਇਸੇ ਨਪੀੜ ਸਦਕਾ ਹੀ ਉਹ ਪਿੰਡ ਆਏ ਬੈਠੇ ਸਨ। ਉਂਞ ਉਹਨਾਂ ਕਰਜ਼ਾ ਵੀ ਲਿਆ ਸੀ। ਪੱਲੇ ਵੀ ਚਾਰ ਕੌਡਾਂ ਸਨ, ਪਰ ਖਰਚੇ ਸਨ ਕੇ ਦਾਨੂੰ ਦੀ ਭੁੱਖ ਵਾਂਗ ਏਨੇ ਵਧ ਗਏ ਕਿ ਪੱਲੇ ਦੀ ਗੰਢ ਨਾਲ ਸਿਰਫ ਛੱਟਾਂ ਹੀ ਪਈਆਂ ਸਨ।

ਘਰੋਂ ਉਹ ਪੇਕਿਆ ਦੀ ਆਸ ਰੱਖ ਕੇ ਤੁਰੀ ਸੀ। ਕਿਸੇ ਕਾਰਨ ਪੇਕੇ ਸਿਰ ਫੇਰ ਗਏ ਤਾਂ ਕੁਲਦੀਪ ਭਰਾ ਦੀ 'ਸ਼ਹਿ' ਤੇ ਪਿੰਡ ਆ ਗਿਆ ਸੀ। ਕੋਈ ਹੋਰ ਵੇਲਾ ਹੁੰਦਾ ਤਾਂ ਵਹੁਟੀ ਥੁੱਕ ਕੇ ਚੱਟਣ ਦਾ ਸੁਫਨਾ ਵੀ ਨਾ ਲੈਂਦੀ; ਪਰ ਤਦ ਉਨ੍ਹਾਂ ਸੋਚਿਆ, 'ਚਲੋ ਵੈਰ ਕੀਹ ਐ...ਕਾਹਦੀ ਦੁਸ਼ਮਣੀ ਐ ਸਾਡੀ...ਆਪੇ ਆਪਣਾ ਖਾਈਦੈ....ਨਾਲੇ ਚਹੁੰ ਦਿਨਾਂ ਦੇ ਹੱਥ-ਹੁਦਾਰ ਵਿਚ ਕੇਹੜੀ ਘੋਟ ਰਲ ਜਾਣੀ ਸੀ। ਸੁੱਖ ਨਾਲ ਉਂ ਵੀ ਰਾਜ਼ੀ ਨੇ..ਇਕੋ ਜਿਹੇ ਘੱਟਣ ਕਮਾਉਣ ਵਾਲੇ, ਘਰ ਦਾ ਭੁੰਏ ਭਾਂਡਾ.....ਟਰੈਕਟਰ...ਹੋਰ ਨਹੀਂ ਤਾਂ ਘਰ ਦੇ ਬੂਹੇ ਬਾਰੀਆਂ ਗੋਚਰੇ ਹੀ ਸਹੀ।'

ਉਹਨਾਂ ਦੇ ਆਉਣ ਦੀ ਖ਼ਬਰ ਸਾਰੇ ਅਗਵਾੜ ਵਿੱਚ ਖਿੱਲਰ ਗਈ ਤਾਂ



ਨਿਆਣਿਆਂ ਅਤੇ ਤੀਵੀਆਂ ਦਾ ਝੁਰਮਟ ਉਹਨਾ ਦੁਆਲੇ ਭੁੰਮਣੇ ਵਾਂਗ ਕੱਠਾ ਹੋ ਗਿਆ। ਸੁੱਖ ਸਾਂਦ ਪੁੱਛਣੀ ਦਸਣੀ ਔਖੀ ਹੋ ਗਈ।

ਪਾਗਲ! ਕਲਪ ਕੇ ਬਿੰਦਰ ਨੇ ਸੋਚਿਆ। "ਭਲਾ ਇੰਜ ਵੀ ਕੋਈ ਕਿਸੇ ਦੇ ਘਰ ਆਉਂਦੇ....ਨਾ ਆਉਣ ਵਾਲਿਆਂ ਨੂੰ ਹਯਾ...ਨਾ ਸੱਦਣ ਵਾਲਿਆਂ ਨੂੰ। ਪ੍ਰੀਤਮ ਕੌਰ ਸੀ ਕਿ ਆਈਆਂ ਤਰੀਮਤਾਂ ਨੂੰ ਮੰਜੀਆਂ ਡਾਹ ਡਾਹ ਦੇ ਰਹੀ ਸੀ।

"ਸਦਕੇ ਆਇਆਂ ਧੀਏ! ਪਤਾ ਨਹੀਂ ਕੀਹਦੇ ਪੈਰਾਂ ਸਦਕਾ ਮਨ ਮੇਹਰ ਪਈ ਨੇ ਕਿਤੇ...।" ਚਾਅ ਵਿਚ ਪ੍ਰੀਤਮ ਕੌਰ ਛਲਕ ਰਹੀ ਸੀ।

ਪਰ ਬਿੰਦਰ ਤਾਂ ਤਦ ਤੋਂ ਹੀ ਉਚਾਟ ਸੀ ਜਦ ਤੋਂ ਉਹ ਲਾਰੀ ਤੋਂ ਉੱਤਰ ਕੇ ਪਿੰਡ ਵਾਲੇ ਰਾਹ ਪਈ ਸੀ। ਚੁਫੇਰੇ ਖੇਤ ਪਾਣੀ ਨਾਲ ਡੱਕੇ ਪਏ ਸਨ। ਜੀਰੀਆਂ ਲੱਗ ਰਹੀਆਂ ਸਨ। ਚਿੱਕੜ ਤੋਂ ਬਚ ਬਚ ਪੈਰ ਧਰਦੀ ਉਹ ਕੱਚੇ ਪਹੇ ਵਿਚ ਤੁਰੀ ਆਈ ਸੀ। ਲੋਕ ਉਸ ਵੱਲ ਓਪਰਾ ਜਿਹਾ ਝਾਕੇ ਸਨ। ਇਕ ਚੰਬਰ ਤਾਂ ਮੱਛਰ ਕੇ ਬੋਲੀ ਹੀ ਪਾਉਣ ਲੱਗ ਪਿਆ ਸੀ। ਪੇਕਿਆਂ ਕੋਲੋਂ ਸੱਖਣੇ ਹੱਥੀਂ ਪਰਤ ਕੇ ਆਉਣ ਦਾ ਸੱਲ ਉਹਦੇ ਜਿਹਨ ਵਿਚ ਨਾ ਹੁੰਦਾ ਤਾਂ ਉਹ ਝੂਲਦੀਆਂ ਗਿੱਟੇ ਗੋਡੇ ਜੁਆਰਾਂ ਸੰਗ ਆਪ ਵੀ ਝੂਮ ਝੂਮ ਜਾਂਦੀ। ਪਰ ਤਦ ਉਹਨੇ ਸਾਰਾ ਪੈਂਡਾ ਅਕੇਵੀਂ ਜਹੀ ਰਉਂ ਵਿਚ ਤਹਿ ਕੀਤਾ ਸੀ ਅਤੇ ਚਾਹੁਣ ਤੇ ਵੀ ਖਾਵੰਦ ਨੂੰ ਪਿੰਡ ਆਉਣ ਤੋਂ ਰੋਕ ਨਹੀਂ ਸਕੀ ਸੀ।

ਕੈਲਾ ਅਤੇ ਨੰਜਾ ਚਾਚੇ ਬਾਰੇ ਸੁਣ, ਪੈਰੀਂ ਜੁੱਤੀ ਪਾਉਣਾ ਹੀ ਵਿੱਸਰ ਗਏ ਸਨ।

"ਕਿਵੇਂ ਜੀ ਕੀਤਾ ਚਾਚਾ ?" ਹੈਰਾਨੀ ਵਿਚ ਉਹਨਾਂ ਨੂੰ ਗੱਲ ਹੀ ਨਾ ਅਹੁੜੀ।

"ਕੀ ਦੱਸੀਏ ਬਈ!..." ਬਹੁਤ ਡੂੰਘੀ ਕਿਤੋਂ ਅਵਾਜ਼ ਆਈ। ਜਿਵੇਂ ਵਰਿਹਾਂ ਦੀ 'ਬੱਲ ਬੱਲ' ਹੀ ਕਿਤੇ ਡੁੱਬ ਰਹੀ ਹੋਵੇ। ਉਹਨੇ ਅਸਲੀ ਗੱਲ ਦਾ ਰੁਖ਼ ਹੀ ਬਦਲ ਲਿਆ ਅਤੇ ਕਿਹਾ, "ਬੱਸ ਮਿਲਣ ਆ ਗਏ, ਨਾਲੇ ਬਈ ਛੋਟਿਆਂ ਹੀ ਤਾਂ ਨਿਵਣਾਂ ਸੀ ਨਾ ਆਖਰ...।"

"ਛੋਟੇ ਕਾਹਨੂੰ ਵੀਰ! ਸਾਡੇ ਲਈ ਤੇ ਸਾਹਬ ਓ।" ਫੇਰ ਉਹ ਮੁੰਡਿਆਂ ਨੂੰ ਕਹਿਣ ਲੱਗਾ, "ਅਫਸਰ ਐ ਚਾਚਾ ਥੋਡਾ...ਕੋਈ ਐਵੇਂ ਕੈਂਵੇਂ ਨੀ...।"

ਮੁੰਡੇ ਹੈਰਾਨ ਰਹਿ ਗਏ। ਹਮੇਸ਼ਾਂ ਵਿਰੋਧ ਵਿਚ ਖੜੋਣ ਵਾਲਾ ਬਾਪੂ, ਕਿਵੇਂ ਭਰਾ ਭਰਜਾਈ ਨੂੰ ਵਡਿਆ ਰਿਹਾ ਸੀ।

ਬਿੰਦਰ ਲੰਮੀ ਪੈ ਗਈ, ਜਿਵੇਂ ਮੁਸ਼ਕਲ ਹੱਲ ਹੋ ਗਈ ਹੋਵੇ। ਬਾਹਰ ਅਸਮਾਨ ਵਿਚ ਬਦਲੀਆਂ ਦੇ ਟੋਟੇ ਰੂੰ ਦੇ ਗੋਹੜਿਆਂ ਵਾਂਗ ਤੈਰ ਰਹੇ ਸਨ ਤੇ ਧੁੱਪ ਕਹਿ ਦੇ ਛੰਨੇ ਵਾਂਗ ਚਮਕ ਰਹੀ ਸੀ।

"ਕਿਮੇਂ ਐ ਕੰਮ ਕਾਰ?" ਕੁਲਦੀਪ ਮਿੰਦਰ ਅਤੇ ਕੈਲੇ ਨੂੰ ਸਾਂਝਾ ਬੋਲਿਆ।

"ਵਾਹੀ ਨਾਲ ਮਾਰੀਦੇ ਐਂਥਾ..." ਉਹ ਉਦਾਸ ਜਿਹਾ ਬੋਲੇ।

"ਸੁਣਿਆ ਟਰੈਕਟਰ ਲਿਐ ਐਦਕੀਂ?" ਉਸ ਗੱਲ ਤੋਰੀ।

"ਕਾਹਦਾ ਟਰੈਕਟਰ ਐ ਚਾਚਾ! ਬਹੱਤਰ ਹਜ਼ਾਰ ਦਾ ਆਇਐ ਸਹੁਰਾ..... ਵੀਹ ਹਜ਼ਾਰ ਸੰਦਾਂ ਤੇ ਚਾਹੀਦਾ ਐ, ਟਰਾਲੀ, ਹੈਰੋ, ਕਲਟੀਵੇਟਰ ਹਾਲੀ ਤਾਂ ਮੰਗ ਤੰਗ ਕੇ ਈ ਸਾਰੀਦੈ ਬੁੱਤਾ। ਨਾਲੇ ਕਾਹਦੀ ਵਾਹੀ ਐ ਜੀ... ਥੱਸ ਰੁਪਈਏ ਬੀਜੋ ਤੇ ਰੁਪਈਏ ਵੱਢ ਲਉ... ਉਹ ਵੇਲੇ ਗਏ ਜਦੋਂ ਕੋਰਾ ਬੀ ਭੁੰਏਂ 'ਚ ਉੱਗ ਖੜ੍ਹਦਾ ਸੀ।"

"ਹੱਛਾ! ਪਰ ਵਾਹੀਆਂ ਆਲੇ ਤਾਂ ਲੱਖਾਂ ਹਜ਼ਾਰਾਂ ਤੋਂ ਉਰ੍ਹਾਂ ਗੱਲ ਨ੍ਹੀਂ ਕਰਦੇ।"

"ਐ ਤਾਂ ਪਿੱਛੇ ਪੰਜਾਹ ਹਜ਼ਾਰ ਦੀ ਹੋਈ ਐ ਜੀਰੀ....ਪੰਡ ਰੁਪੱਈਆਂ ਦੀ, ਚਾਂਦੀ ਦੇ ਹੋਣ ਤਾਂ ਅੰਦਰ ਨਾ ਮਿਉਣ, ਪਰ ਰਕਮ ਪਿੱਛੋਂ ਆਈ, ਖੁੱਡੀਂ ਪਹਿਲਾਂ ਵੜ ਗਈ। ਹੁਣ..." ਮਿੰਦਰ ਜਿਵੇਂ ਹੁੱਭਕ ਰਿਹਾ ਸੀ।

"ਫਿਰ ਤਾਂ ਰੰਗ ਲੱਗੇ ਪਏ ਐ, ਹੋਰ ਕੀ ਚਾਹੀਦੈ ...।" ਉਹਨੇ ਉਸਤਤ ਦਾ ਟੁਕੜਾ ਮੁੰਡਿਆਂ ਸਾਹਮਣੇ ਚੀਣਾ ਚੀਣਾ ਕਰਕੇ ਖਿਲਾਰ ਦਿਤਾ। ਉਹਨੇ ਸੋਚਿਆ, ਭਾਵੇਂ ਕੁਝ ਵੀ ਸੀ, ਉਹ ਜੇਹੜੀ ਵੀ ਗਰਜ਼ ਦੰਦਾਂ ਥੱਲੇ ਦੱਬੀ ਇਥੋਂ ਤੀਕ ਅਪੜਿਆ ਸੀ। ਜ਼ਰੂਰ ਪੂਰੀ ਕਰਨ ਦੀ ਕੋਸ਼ਿਸ਼ ਕਰੇਗਾ।

ਸੁਰਜਨ ਸਿਹੁੰ ਆਪਣੀ ਥਾਂ ਸੋਚ ਰਿਹਾ ਸੀ, ਅੱਜ ਫਿਰ ਰੱਬ ਉਹਨੂੰ ਤੱਤੇ ਥੰਮਾਂ ਵਿਚੋਂ ਬਹੁੜਿਆ ਸੀ। ਕੁਲਦੀਪ ਆਪ ਚੱਲ ਕੇ ਆਇਆ ਸੀ। ਉਤੋਂ ਦੋਵੇਂ ਜੀ ਕਮਾਉਂਦੇ ਸਨ, ਪੰਜ ਸੱਤ ਹਜ਼ਾਰ ਇਹਨਾਂ ਲਈ ਕਿਹੜੀ ਗੱਲ ਸੀ? ਘੜੀ ਦੀ ਘੜੀ ਸੁਰਜਨ ਸਿਹੁੰ ਨੂੰ ਲੱਗਾ, ਜਿਵੇਂ ਸਚਮੁੱਚ ਉਹ ਕਰਜ਼ੇ ਦੇ ਰੁਪਈਏ ਅਫ਼ਸਰਾਂ ਦੇ ਮੂੰਹ ਉੱਤੇ ਮਾਰ ਰਿਹਾ ਹੋਵੇ।....

'ਹੱਥ ਹੁਧਾਰ' 'ਚ ਕੇਹੜਾ ਪਾਣੀ ਪਾ ਲੈਣੇ ਮੈਂ....ਉਹਨੇ ਆਪਣੇ ਆਪ ਨੂੰ ਕਿਹਾ। 'ਅੰਦਰ ਵੜ ਕੇ ਲਵਾਂਗੇ, ਉਸੇ ਮੂੰਹ ਅਗਲੇ ਦੀ ਝੋਲੀ ਜਾ ਪਾਵਾਂਗੇ। ਵਾਹ ਉਏ ਮੇਰਿਆ ਦਾਤਿਆ। ਕਿੱਡਾ ਬੇ-ਅੰਤ ਏਂ ਤੂੰ, ਪ੍ਰਹਿਲਾਦ ਲਈ ਐਵੇਂ ਤੇ ਨਹੀਂ ਸੈਂ ਕੀੜੀ ਬਣ ਕੇ ਤੱਤੇ ਥੰਮਾਂ ਉੱਤੇ ਤੁਰਿਆ ਫਿਰਦਾ.....।' ਫਿਰ ਉਹਨੇ ਭਰ ਆਏ ਮਨ ਨਾਲ ਚਿਤਵਿਆ, 'ਇਹ ਤੇ ਮੈਂ ਈ ਪਾਪੀ ਆਂ, ਨਹੀਂ ਉਹ ਤਾਂ ਸੁਣਿਆ ਧੰਨੇ ਦੀ ਗਾਧੀ ਵੀ ਹਿੱਕੀ ਫਿਰਦਾ ਸੀ। ਵਾਹ ਉਏ ਮੇਰਿਆ ਬਾਜਾਂ ਆਲਿਆ।' ਵਜਦ ਵਿਚ ਸੁਰਜਨ ਸਿਹੁੰ ਨੇ ਅੱਖਾਂ ਭਰ ਲਈਆਂ। 'ਸਾਲੇ ਕਹਿੰਦੇ ਜੀਪ ' ਚ ਬੈਠ... ਜਿਵੇਂ ਕੋਈ ਅੱਗਾ ਪਿੱਛਾ ਈ ਨੀਂ ਮੇਰਾ.....।'

"ਐਤਕੀਂ ਤਾਂ ਚਾਚਾ ਜੀ ਕਣਕ ਨੇ ਲੁਆ ਤੇ ਗੋਡੇ ਨਹੀਂ.....।" ਕੈਲਾ ਝੂਰ ਰਿਹਾ ਸੀ।

"ਕਿਉਂ?"

"ਪਹਿਲਾਂ ਮੀਹਾਂ ਨੇ ਨੀਂ ਉੱਗਣ ਦਿੱਤੀ ਫੇਰ ਝਾਂਜਾ ਡੇਗ ਗਿਆ। ਮੁਤੜਾਂ ਨੂੰ ਤਾਂ ਬੀ ਵੀ ਨਹੀਂ ਪਿਆ ਪੱਲੇ।"

ਸੁਰਜਨ ਸਿਹੁੰ ਨੂੰ ਲੱਗਾ ਜਿਵੇਂ ਗੱਲਾਂ ਦਾ ਰੁਖ਼ ਠੀਕ ਪਾਸੇ ਤੁਰ ਵੱਗਿਆ ਸੀ। ਕੈਲੇ ਨੇ ਤਾਂ ਉਹਦੇ ਮੂੰਹ ਦੀ ਗੱਲ ਖੋਹ ਲਈ ਸੀ। ਕੀ ਪਤਾ ਉਹਨੇ ਵੀ ਚਾਚੇ ਤੋਂ ਕੋਈ



ਆਸ ਰੱਖ ਕੇ ਗੱਲ ਛੋਹੀ ਹੋਵੇ।

ਅਚਾਨਕ ਕੁਲਦੀਪ ਨੂੰ ਲੱਗਾ ਜਿਵੇਂ ਜਿਹੜੀ ਆਸ ਨੂੰ ਮੁੱਠ ਵਿਚ ਘੁੱਟੀ ਉਹ ਹੁਣ ਤਾਈਂ ਟਿੱਲ ਲਾ ਰਿਹਾ ਸੀ, ਉਹ ਰੇਤ ਵਾਂਗ ਕਿਰ ਰਹੀ ਸੀ।....

"ਚਲੋ, ਕਦੇ ਘਾਟਾ ਕਦੇ ਵਾਧਾ....।" ਕੁਲਦੀਪ ਬੋਲਿਆ। ਉਹਦੇ ਧੁਰ ਅੰਦਰ ਕਿਤੇ ਰੰਜ ਅਤੇ ਪਛਤਾਵੇ ਦੀਆਂ ਹਨੇਰੀਆਂ ਝੁੱਲ ਪਈਆਂ।

ਸੁਰਜਨ ਸਿਹੁੰ ਦੇ ਅੰਦਰਲੇ ਜੱਟ ਨੂੰ ਲੱਗਾ, ਜਿਵੇਂ ਮੁੰਡੇ ਲਿੱਲ੍ਹਕੜੀਆਂ ਤੋਂ ਵੀ ਟੱਪ ਗਏ ਸਨ। ਉਹਨੂੰ ਚੋਹ ਚੜ੍ਹ ਗਈ। ਉਸ ਕਹਿਣਾ ਚਾਹਿਆ, "ਉੱਕਾ ਤਾਂ ਨੀਂ ਭੁੰਜੇ ਲੱਥੇ ਪਏ...ਘਰ ਦੁੱਧ ਐ, ਭੁੰਏਂ ...ਟਰੈਕਟਰ...ਫਿਰ ਆਪਣੀ ਨੀਂਦੇ ਸੌਣਾਂ, ਆਪਣੀ ਨੀਂਦੇ ਉੱਠਣਾ....ਨਾ ਕਿਸੇ ਧੇਲੇ ਦੀ ਹੀਲ ਨਾ ਹੁੱਜਤ..."

ਪਰ ਉਹਤੋਂ ਕੁਝ ਨਾ ਆਖਿਆ ਗਿਆ। ਉਹਨੇਂ ਸੋਚਿਆ, ਕਿਨਾ ਚੰਗਾ ਹੁੰਦਾ ਜੇ ਉਹ ਆਪ ਹੀ ਕੁਲਦੀਪ ਨੂੰ ਖੇਤ ਬੰਨੇ ਲੈ ਜਾਂਦਾ ਤੇ ਪਰਦੇ ਵਿਚ ਢਿੱਡ ਨੰਗਾ ਕਰਦਾ।

"ਦਿੱਲੀ ਕਿੱਥੇ ਕੁ ਰਹਿੰਦੇ ਓ ਹੁਣ....?" ਮੁੰਡੇ ਚਾਚੇ ਨੂੰ ਪੁੱਛ ਰਹੇ ਸਨ।

"ਸ਼ਾਲੀਮਾਰ ਪਾਈ ਐ ਕੋਠੀ।" ਕੁਲਦੀਪ ਚਾਅ ਨਾਲ ਬੋਲਿਆ, ਕੋਠੀ ਬਾਰੇ ਗੱਲ ਤੋਰਨ ਨੂੰ ਤਾਂ ਉਹ ਤੜਪ ਰਿਹਾ ਸੀ।

"ਥਾਂ ਮੁੱਲ ਲਈ ਐ....?" ਸੁਰਜਨ ਸਿਹੁੰ ਅਵਾਕ ਰਹਿ ਗਿਆ।

"ਇਕ ਲੱਖ ਨੱਬੇ ਹਜ਼ਾਰ ਦੀ ਤਿੰਨ ਚਾਰ ਲੱਖ ਉੱਤੇ ਲੱਗੂ।"

"ਐਨਾਂ?" ਟੱਬਰ ਹਲੂਣਿਆ ਗਿਆ।

ਬਿੰਦਰ ਵੀ ਗੱਲਾਂ ਦਾ ਰੁਖ਼ ਆਸ਼ੇ ਵੱਲ ਨੂੰ ਵਧਦਾ ਵੇਖ, ਉੱਠ ਬੈਠੀ ਸੀ। ਉਹ ਕਿਆਸ ਕਰ ਰਹੀ ਸੀ ਆਖ਼ਰ ਕਿਵੇਂ ਕੁਲਦੀਪ ਪੰਜ ਚਾਰ ਹਜ਼ਾਰ ਦੀ ਗੱਲ ਤੋਰੇਗਾ।

"ਤਿੰਨ ਚਾਰ ਲੱਖ ਤਾਂ ਕੁਝ ਵੀ ਨਹੀਂ; ਲੋਕ ਤਾਂ..."

"ਓ ਭਾਈ! ਥੋਨੂੰ ਕੀ ਘਾਟੈ.....ਗੌਰਮਿੰਟ ਦੇ ਘਰ ਨੂੰ ਸੰਨ੍ਹ ਲਾ ਰੱਖੀ ਐ ਤੁਸੀਂ....ਸਿੱਟੀ ਰੱਖ ਧੂੰਏਂ 'ਚ ਡੱਕਾ.....।"

ਆਖਦਿਆਂ ਸੁਰਜਨ ਸਿੰਘ ਦਾ ਹਉਕਾ ਨਿਕਲ ਗਿਆ। ਜਿਵੇਂ ਉਹ ਛੋਟੇ ਭਰਾ ਤੋਂ ਵੀ ਹੋਰ ਗਿੱਠ ਛੋਟਾ ਹੋ ਗਿਆ ਹੋਵੇ।

"ਹਜ਼ਾਰ ਬਾਰਾਂ ਸੌ ਤਾਂ ਕੁੱਟ ਈ ਲੈਂਦੇ ਹੋਵੋਗੇ?" ਸੁਰਜਨ ਸਿਹੁੰ ਨੇ ਟੁੱਟਵਾਂ ਜਿਹਾ ਸਾਹ ਲਿਆ।

"ਹੂੰ! ਏਨੇ ਨਾਲ ਕੀ ਬਣਦੈ ਦਿੱਲੀ 'ਚ ਜਿਥੇ ਪਾਣੀ ਵੀ ਮੁੱਲ ਦਾ...ਹਵਾ ਵੀ...ਧੁੱਪ... ਵੀ ਹਜ਼ਾਰਾਂ ਨੂੰ ਪਾਈਦੇ ਹੱਥ..... ਉੱਤੋਂ ਟਵੀਸ਼ਨਾਂ ਵੱਖਰੀਆਂ........।"

ਇਸ ਹਿਸਾਬ ਤਾਂ ਉਹ ਕੁਲਦੀਪ ਦੇ ਪਾਸਕੂ ਵੀ ਨਹੀਂ ਸਨ। ਸੁਰਜਨ ਸਿਹੁੰ ਨੇ ਨੀਵੀਂ ਸਿੱਟ ਲਈ, ਉਹ ਅੰਦਰੇ ਅੰਦਰ ਗ਼ੁਰਬਤ ਦੇ ਅਹਿਸਾਸ ਨਾਲ ਭਰ ਗਿਆ। ਇਕ ਪਲ ਉਹਤੋਂ ਨਿੱਕੀ ਭਰਜਾਈ ਦੇ ਮੂੰਹ ਵੱਲ ਵੇਖਣ ਦਾ ਹੀਆ ਨਾ ਪਿਆ। ਅਚਵੀ

'ਚ ਸਾਹ ਘੁੱਟਣ ਲਗਾ।

ਮੁੰਡੇ ਚਾਚੇ ਨੂੰ ਬਾਹਰ ਲੈ ਤੁਰੇ ਸਨ। ਵਿਹੜੇ ਵਿੱਚ ਖੜ੍ਹੇ ਉਹਨੂੰ ਜੰਤਰਾਂ ਵਿਖਾਣ ਲੱਗ ਪਏ। ਗੁਹਾਈ ਬਿਜਾਈ ਦੀਆਂ ਮਸ਼ੀਨਾਂ.....ਵਲੈਤੀ ਗਾਵਾਂ ਦੀ ਜੋੜੀ.....ਦਾਣਿਆਂ ਵਾਲਾ ਕੋਠਾ ਤੇ.....।"

ਥਿੜਕਦਾ ਜਿਹਾ ਸੁਰਜਨ ਸਿਹੁੰ ਵੀ ਉਨ੍ਹਾਂ ਕੋਲ ਜਾ ਖੜ੍ਹਿਆ।

"ਕਰਜਾ ਵੀ ਲਿਐ ਕੁਝ?"

ਕੁਲਦੀਪ ਪੁੱਛ ਰਿਹਾ ਸੀ। ਸ਼ਾਇਦ ਇਸ ਆਸ ਨਾਲ ਕੇ ਮੁੰਡੇ ਹੁਣੇ ਆਖਣਗੇ। ਨਹੀਂ ਨਹੀਂ ਕਰਜਾ ਕਾਹਦਾ...ਐਨਾਂ ਧੰਦ ਪਿੱਟਦੇ ਆਂ ਹਾਲੀ ਵੀ ਕਰਜੇ ਦੀ ਕਸਰ ਐ ਕੋਈ ? ਤੂੰ ਗੱਲ ਕਰ ਤੈਨੂੰ ਕਿੰਨੇ ਚਾਹੀਦੇ ਨੇਂ।

"ਹੋਰ, ਕਰਜੇ ਤੋਂ ਬਿਨਾਂ ਕਿੱਥੇ ਸਰਦੈ? ਚਾਲੀ ਹਜ਼ਾਰ ਟਰੈਕਟਰ ਲਈ, .... ਸੁਸੈਟੀ ਦਾ ਵੱਖਰੈ...." ਮੁੰਡੇ ਕਾਹਲੀ ਨਾਲ ਬੋਲੇ।

"ਐਨਾਂ ਕਰਜਾ? ਲਾਹੋਗੇ ਕਿਵੇਂ...?" ਕੁਲਦੀਪ ਦੀਆਂ ਜਿਵੇਂ ਭਵਾਂ ਫੈਲ ਗਈਆਂ।

"ਹਾਲੇ ਤਾਂ ਫਸੇ ਪਏ ਆਂ ਬੱਸ...ਅੱਜ ਸਗੋਂ ਸੁਸੈਟੀ ਆਲੇ ਆਏ ਸੀ। ਫੜਣ ਬਾਪੂ ਨੂੰ.....ਪਿਛਲਾ ਤਰਿਆ ਨਹੀਂ, ਗਾਹਾਂ ਖਾਦ ਤੋਂ ਹੱਥਲ ਹੋਏ ਬੈਠੇ ਆਂ...ਸਾਲਾ ਆੜਤੀ ਮਾਰ ਗਿਆ ਮੋਕ....ਨਹੀਂ ਸੁਸੈਟੀ ਆਲਿਆਂ ਦੀਆਂ ਹੱਥ ਕੜੀਆਂ ਦਾ ਮੁੱਲ ਨਾ ਪਾ ਦਿੰਦੇ....."

ਕੁਲਦੀਪ ਨੂੰ ਲੱਗਾ, ਜਿਵੇਂ ਇਕੋ ਝਟਕੇ ਨਾਲ ਹੀ ਉਹਦੇ ਹੱਥਾਂ ਵਿਚੋਂ ਸਭ ਕੁਝ ਰੇਤ ਵਾਂਗ ਕਿਰ ਗਿਆ ਸੀ। ਕੀ ਉਹ ਇਸ ਹਾਲਤ ਵਿਚ ਇਹਨਾਂ ਤੋਂ ਪੈਸੇ ਮੰਗ ਸਕੇਗਾ? ਉਹਨੇ ਗੁਸਤਾਖ਼ ਜਹੀ ਅੱਖ ਨਾਲ ਮੁੰਡਿਆਂ ਦੇ ਮਟਿਆਲੇ ਮੂੰਹ ਅਤੇ ਭਰਾ ਦੇ ਸ਼ੋਹਦੇ ਲੀੜੇ ਝਾਕੇ।

"ਫੜਣ ਕਾਹਤੋਂ ਆਏ ਸੀ ?" ਉਹ ਖਚਰਾ ਬਣ ਕੇ ਬੋਲਿਆ।

ਅਚਾਨਕ ਉਹਦੇ ਜੀ 'ਚ ਆਈ, ਕਿਉਂ ਨਾ ਉਹ ਹੱਥਾਂ ਚੋਂ ਕਿਰ ਰਹੀ ਰੇਤ ਭਰਾ ਦੀਆਂ ਉਹਨਾਂ ਅੱਖਾਂ ਵਿਚ ਹੀ ਭੁੱਕ ਦੇਵੇ ਜੇਹੜੀਆਂ ਹਮੇਸ਼ਾਂ ਉਸ ਵੱਲ ਡੂੰਗੀ ਹਉਮੈਂ ਨਾਲ ਝਾਕੀਆਂ ਸਨ।

"ਐਵੇਂ ਪੰਜ ਚਾਰ ਹਜ਼ਾਰ ਦੀ ਗੱਲ ਸੀ।" ਕੋਲੇ ਕਿਹਾ।

"ਬੱਸ......? ਏਨੀਂ ਗੱਲ ਬਦਲੇ ਈ...ਪਰ ਗੱਲ ਸੁਣੋਂ, ਜੇ ਐਨਾਂ ਧੰਦ ਪਿੱਟਣ ਮਗਰੋਂ ਵੀ ਆਹੀ ਨਰਕ ਅਰਗੀ ਜੂਨ ਐ ਥੋਡੀ, ਤਾਂ ਧਾਰ ਨੀ ਉੱਤਰਦੀ ਪਿੰਡ ਬਿਨਾਂ.....ਗਾਂਹ ਪੈਲੀ ਵੇਚ ਕੇ ਕਾਰੋਬਾਰ ਕਰੋ ਕੋਈ....ਸਿਆਣੇ ਬਿਆਣੇ ਓ ਤੁਸੀਂ......ਤੂੰ ਪਹਿਲਾਂ ਦੱਸਦਾ......ਆਪਾਂ ਪੈਸੇ ਮਾਰਦੇ ਮੱਥੇ...." ਉਹਨੇ ਭਰਾ ਦੀਆਂ ਝੁਕੀਆਂ ਅੱਖਾਂ ਵਿਚ ਮਿਰਚਾਂ ਵਰਗਾ ਕੁਝ ਭੁੱਕ ਦਿਤਾ।



ਸੁਰਜਨ ਸਿਹੁੰ ਨੇਂ ਇਕ ਨਜ਼ਰ ਉਤਾਂਹ ਝਾਕਿਆ, ਲੱਗਾ, ਜਿਵੇਂ ਉਹਦੀ ਬੱਗੀ ਦਾੜੀ ਵਾਲ ਵਾਲ ਹੋ ਕੇ ਸਾਰੇ ਵਿਹੜੇ ਵਿਚ ਖਿੱਲਰ ਗਈ ਹੋਵੇ। ਅਫਸਰਾਂ ਦੀ ਥਾਂ ਜਿਵੇਂ ਛੋਟਾ ਭਰਾ ਹੀ ਉਹਦੇ ਮੂੰਹ ਤੇ ਥੁੱਕ ਰਿਹਾ ਹੋਵੇ। ਮਿੱਟੀ ਵਿਚੋਂ ਜਿਵੇਂ ਕੋਈ ਉਹਦੀਆਂ ਜੜ੍ਹਾਂ ਹੀ ਪੱਟ ਰਿਹਾ ਹੋਵੇ। ....

ਸੁਰਜਨ ਸਿਹੁੰ ਨੇ ਕਾਹਲੀ ਨਾਲ ਸਿਰ ਝਟਕਿਆ ਤੇ ਜਿਉਂਦੇ ਹੋਣ ਦੀ ਤਸਦੀਕ ਵਜੋਂ ਲੰਮੇ ਲੰਮੇ ਸਾਹ ਲਏ...

ਕੁਲਦੀਪ ਨੇਂ ਪਤਨੀਂ ਵੱਲ ਦੇਖਿਆ, ਜਿਹੜੀ ਕੋਠੀ ਦਾ ਕੰਮ ਅੱਧ ਵਿਚਾਲੇ ਰੁਕਣ ਤੇ ਮਰਨ ਵਾਲੀ ਹੋਈ ਪਈ ਸੀ ਤੇ ਇਥੋਂ ਤੱਕ ਚੱਲ ਕੇ ਆਈ ਸੀ। ਕੁਲਦੀਪ ਦਾ ਦਿਲ ਕੀਤਾ ਉਹ ਭਰਾ ਨੂੰ ਪਾਸੇ ਲਿਜਾ ਕੇ ਥੋੜੀ ਜਹੀ ਮਦਦ ਲਈ ਤਰਲਾ ਲਵੇ; ਪਰ ਉਹ ਬੋਲਿਆ,

"ਐਥੇ ਨਾ ਹੋਇਉ ਬਹੁਤੇ...ਗੱਲ ਕਰੋ ਕਿੰਨੇ ਚਾਹੀਦੇ ਨੇ? ਮੈਂ ਜਾਂਦਾ ਈ ਭੇਜ ਦੂੰ...ਚਲੋ ਮਾੜੇ ਦਿਨ ਆ ਗਏ ਤਾਂ ਫੇਰ ਕੀ?..."

ਕੁਲਦੀਪ ਜਿਵੇਂ ਤਿੰਨੇ ਧਿਉ ਪੁੱਤਰਾਂ ਨੂੰ ਲਿਤੜ ਕੇ ਟੀਸੀ ਤੇ ਜਾ ਬੈਠਾ।

ਹੁੱਸੜ ਦੀ ਥਾਂ ਜਿਵੇਂ ਸੁਰਜਨ ਸਿਹੁੰ ਕਿਸੇ ਅਕੱਹਿ ਪੀੜ ਵਿਚ ਘਿਰ ਗਿਆ।

ਅਚਾਨਕ ਵਲੈਤੀ ਵਹਿੜ ਅੜਿੰਗਣ ਲੱਗ ਪਈ। ਸਿਰ ਵਿਚ ਕਿਸੇ ਬਾਰੂਦ ਦਾ ਪਲੀਤਾ ਬਲਣ ਲੱਗਾ। ਉਹਨੇ ਅੱਖਾਂ ਮੀਟ ਲਈਆਂ। ਅੰਦਰ ਮਨ ਦੇ ਹਨੇਰੇ ਵਿਚ ਕਿਧਰੇ ਸੁਸੈਟੀ ਵਾਲਿਆਂ ਦੀ ਹੱਥਕੜੀ ਛਣਕੀ, ਉਹ ਛਟਪਟਾਇਆ। ਉਸ ਕਹਿਣਾ ਚਾਹਿਆ।

"ਤੇਰੇ ਉਏ ਵੱਡੇ ਅਮੀਰ ਦੀ..... ਸਾਡਾ ਨੰਗ ਪਰਖਣ ਆਇਐਂ....ਇਥੇ....?

ਤੂੰ ਸਮਝਨੈ ਹੱਥਾਂ ਤੇ ਮੰਗਦਾ ਫਿਰਦਾਂ ਮੈਂ?... ਉਏ ਤੇਰੇ ਵਰਗੇ ਤੇ ਮੁੱਲ ਲੈ ਲਾਂ ਮੈਂ ਮੁੱਲ...ਸੁਣਿਆ ? ਦਫ਼ ਜਾ ਇਥੋਂ ਹਰਾਮ ਦਿਆ ਤੁਖ਼ਮਾ.....।"

ਪਰ ਸੁਰਜਨ ਸਿਹੁੰ ਕੁਝ ਨਾ ਬੋਲਿਆ।

ਅੱਖਾਂ ਵਿਚ ਗੁੱਸਾ ਅਤੇ ਬੇ-ਬਸੀ ਲਈ, ਉਸ ਖੁਰਲੀ ਵੱਲ ਮੂੰਹ ਕਰ ਲਿਆ, ਅਤੇ ਭਰਾ ਵੱਲ ਪਿੱਠ ਕਰ ਲਈ। ਪੁੱਤ, ਪਿਤਾ ਵੱਲ ਫ਼ਿਕਰ ਨਾਲ ਝਾਕੇ, ਸੁਰਜਨ ਸਿਹੁੰ ਮਨ ਹੋਰ ਥੇ ਲਾਉਣ ਪੱਜ ਵਹਿੜ ਦਾ ਪਿੰਡਾ ਪਲੋਸਣ ਲਗਿਆ, ਅੱਥਰੀ ਵਹਿੜ ਢੁੱਡ ਮਾਰ ਦਿਤਾ।

ਸੁਰਜਨ ਸਿਹੁੰ ਜਿਵੇਂ ਚੀਥੜਾ ਚੀਥੜਾ ਖਿੱਲਰ ਗਿਆ।

ਪਤਾ ਹੀ ਨਾ ਲੱਗਾ ਉਹ ਕਦੋਂ ਕੁਲਦੀਪ ਨੂੰ ਗਾਹਲੀ ਉੱਤਰ ਆਇਆ।

ਸਭ ਅਵਾਕ ਖੜ੍ਹੇ ਸਨ।

ਜਿਵੇਂ ਕਿਸੇ ਪਾਗਲ ਨੂੰ ਵੇਖ ਰਹੇ ਹੋਣ।

•

## ਅੰਤਹੀਣ




## ਡੂਮਣਾ

ਪੁਲਿਸ ਜਿਪਸੀ ਵਿਚ ਸੁਆਰ ਸੁਰਤੀ ਪਿੰਡ ਗੇੜਾ ਕੀ ਦੇ ਕੇ ਗਿਆ, ਹੋਠਲੀ ਉੱਤੇ ਕਰ ਗਿਆ।

ਪਿੰਡ ਹੈਰਾਨੀ ਨਾਲ ਇਕ ਦੂਜੇ ਵੱਲ ਝਾਕਿਆ।

"ਲੈ ਹੈ ਅਨਸਾਫ਼ ਕੋਈ ? ਕੱਲ੍ਹ ਸਾਲਾ ਸਾਲੂਟਾਂ ਚੱਕੀ ਫਿਰਦਾ ਸੀ।"

"ਕੀ ਪਤਾ ਟਾਊਟ ਨਿਕਲ ਗਿਆ ਹੋਵੇ।"

"ਟਾਊਟ ਕਿਹੜਾ ਛੱਡੇ ਐ ਪੁਲਸ ਨੇ... ਅੱਗੋਂ ਭਾਈ ਨੇ ਜਾਣੀਏ।"

ਤੇ ਇਹ 'ਨੇ ਜਾਣੀਏ' ਕਈਆਂ ਮੱਥੇ ਗਿੱਲੇ ਗੋਹਿਆਂ ਵਾਂਗ ਧੁਖ ਰਹੀ ਸੀ।

ਸਵੇਰੇ ਜਦੋਂ ਭਾਈ ਘੁੱਗੀ ਸੰਗਰਾਂਦ ਦਾ ਵਾਕ ਲਿਆ ਹੀ ਸੀ ਕਿ ਗੁਰਦੁਆਰੇ ਮੂਹਰੇ ਕੋਈ ਜੀਪ ਆ ਕੇ ਰੁਕੀ। ਸੰਗਤ ਧਾਹ ਕੇ ਬਾਹਰ ਵੱਲ ਨੂੰ ਲਪਕੀ। ਪਿੱਛੋਂ ਪਤਾ ਲੱਗਾ, ਸੁਸਾਇਟੀ ਵਾਲੇ ਸਨ ਤੇ ਬਾਰਾ ਸਿਹੁੰ ਨੂੰ ਅਦਾਲਤੀ ਨੋਟਿਸ ਦੇਣ ਆਏ ਸਨ। ਲੋਕ ਬਾਰਾ ਸਿਹੁੰ ਪ੍ਰਤੀ ਹਮਦਰਦੀ ਨਾਲ ਭਰ ਗਏ। ਉਹ ਲੋਕਾਚਾਰੀ ਵਜੋਂ ਉਸ ਦੇ ਮੱਥੇ ਲੱਗਣਾ ਚਾਹੁੰਦੇ ਸਨ। ਉਹ ਉਨ੍ਹਾਂ ਨੂੰ ਕਿੱਧਰੇ ਲੱਭਾ ਹੀ ਨਾ। ਜਿਵੇਂ ਕਿਤੇ ਛਪਣ ਹੋ ਗਿਆ ਹੋਵੇ। ਰਾਤੀਂ ਗੁਰਮੇਜ ਅਤੇ ਤਾਰੂ ਵੀ ਉਸ ਨੂੰ ਭਾਲਦੇ ਫਿਰੇ ਸਨ।

ਪਰ ਧਾਰਨਾ ਦੇ ਸ਼ਬਦਾਂ ਮਗਰੋਂ ਜਿਉਂ ਹੀ ਸੰਗਤ ਅਰਦਾਸ ਲਈ ਖੜ੍ਹੀ ਹੋਈ, ਨਿਸ਼ਾਨ ਸਾਹਿਬ ਨੇੜੇ ਬਾਰੂ ਸ਼ਹੀਦੀਏ ਦੇ ਬੋਲ ਉੱਚੇ ਹੋਏ।

"ਸੁਣਦੈਂ ਬਾਜਾਂ ਆਲਿਆ ?" ਉਹ ਅਚਾਨਕ ਵੱਡੇ ਦਰਾਂ ਵਿਚ ਪ੍ਰਗਟ ਹੋਇਆ। "ਗੱਲ ਮੁੱਕਣ 'ਤੇ ਆ ਗਈ ਓ ਦਾਤਿਆ।" ਉਹਦਾ ਗਲਾ ਭਰ ਆਇਆ ਤੇ ਉਹ ਹਜ਼ੂਰੀ 'ਚ ਨਿੰਵਦਾ, ਇਕ ਤਰ੍ਹਾਂ ਰੋਣ ਵਾਂਗ ਬੋਲਿਆ, "ਆਹ ਪੱਲਾ ਵੇਖ ਗ਼ਰੀਬ ਦਾ... ਜਾਂ ਮੈਂ ਮਰ ਜਾਂ, ਜਾਂ ਮੇਰਾ ਸੁਰਤੀ ਮਰ ਜੇ...।"

ਪਲ ਦਾ ਪਲ ਸੁੰਨ ਵਰਤ ਗਈ। ਸੰਗਤ ਇਕ ਦੂਜੇ ਵੱਲ ਹੈਰਾਨੀ ਨਾਲ ਝਾਕਿਆ। ਬਾਰਾ ਸਿਹੁੰ ਗਲ ਵਿਚ ਪੱਲਾ ਪਾਈ ਖੜ੍ਹਾ ਸੀ। ਉਹਦੇ ਬੋਲਾਂ ਵਿਚ ਦੁੱਖ, ਪੀੜ ਤੇ ਅਰਜੋਈ ਸੀ। ਉਹਦੇ ਬੁੱਲ੍ਹ ਫਰਕ ਰਹੇ ਸਨ ਤੇ ਦਾੜ੍ਹੀ ਦਾ ਥੱਲਵਾਂ ਕੋਰ ਪਿੱਪਲ ਦੇ ਟੂਸੇ ਵਾਂਗ ਕੰਬਦਾ ਸੀ।

ਉਹ ਪਰਤ ਰਿਹਾ ਸੀ, ਪਰ ਭਾਈ ਘੁੱਗੀ ਛੇਤੀ ਹੀ ਸੰਭਲ ਗਿਆ ਅਤੇ ਅਰਦਾਸ ਕਰਨ ਲੱਗਿਆ।

'ਤੁਮ ਠਾਕਰ ਤੁਮ...।'

ਬਾਰਾ ਸਿਹੁੰ ਨੇ ਜਿਵੇਂ ਚਿਰਾਂ ਤੋਂ ਟੱਸ-ਟੱਸ ਕਰਦੇ ਫੋੜੇ ਨੂੰ ਚੀਰਾ ਦੇ ਦਿੱਤਾ। ਵਿਚ ਪੱਸ ਹੀ ਪੱਸ ਸੀ। ਕਈਆਂ ਦੇਗ ਵੀ ਨਾ ਲਈ ਤੇ ਬਾਰਾ ਸਿਹੁੰ ਦੀ ਪੈੜ ਦੱਬੀ ਬਾਹਰ ਆ ਗਏ।

ਮੁੜਦੇ ਬਾਰਾ ਸਿਹੁੰ ਨੇ ਇਕ ਪਲ ਨਿਸ਼ਾਨ ਸਾਹਬ ਘੂਰਿਆ ਅਤੇ ਆਪਣੀ ਵਿੰਗੜ ਸੋਟੀ ਟੇਕਦਾ ਸੱਥ ਵੱਲ ਨੂੰ ਤੁਰਿਆ ਆਇਆ। ਜਿਉਂ ਹੀ ਉਹ ਸੱਥ ਵਿਚ ਪੁੱਜਾ, ਉਹਦੇ ਕਸੂਤੇ ਰਉਂ ਤੋਂ ਡਰੂ, ਪਾਸਾ ਵੱਟ ਗਏ। ਪਰ ਉਹਦੇ ਜੋਟੀਦਾਰ ਦੂਰੋਂ ਹੀ ਝਿਣਕੇ।

"ਨਹੀਂ ਹਟਿਆ? ਕਹਿੰਦੇ ਚੌਵੀ ਹਜ਼ਾਰ ਸੁਆਸਾਂ 'ਚੋਂ ਇਕ ਦੀ ਭਾਖਿਆ ਜ਼ਰੂਰ ਪੂਰੀ ਹੁੰਦੀ ਐ। ਕਮਲਿਆ! ਦੱਸ ਤੈਂ ਕੀ ਲੋਹੜਾ ਮਾਰਿਆ?"

ਬਾਰਾ ਸਿਹੁੰ ਦਾ ਜੀ ਕੀਤਾ ਕਹੇ, "ਜੇ ਪੂਰੀ ਹੋ ਜੇ, ਪੰਜਾਂ ਸਿੰਘਾਂ ਦੇ ਹੱਥ ਨਾ ਧੁਆਵਾਂ?" ਪਰ ਉਹ ਕੁਝ ਨਾ ਬੋਲਿਆ ਅਤੇ ਗੁੰਮਸੁੰਮ ਕਿਤੇ ਬਹੁਤ ਪਿੱਛੇ ਚਲਿਆ ਗਿਆ।

"ਗਾਹਾਂ ਰੱਬ ਕੀ ਭੂਆ ਦਾ ਪੁੱਤ ਐ ਜਿਹੜਾ ਪਊ ਸੱਟੇ ਸੁਣ ਲੂ...।" ਕਾਮਰੇਡ ਬੋਲਿਆ।

ਥੜ੍ਹੇ 'ਤੇ ਵਲੈਤੀਆਂ ਕਾ ਕੁਲਜੀਤ ਵੀ ਸੀ।

"ਐਵੇਂ ਊਠ ਦੇ ਪੱਦ ਵਾਂਗੂੰ ਹਵਾ 'ਚ ਨੀ ਛੱਡੀਦੀਆਂ, ਬੰਦਾ ਹੁੰਦੇ ਕੋਈ ਵੇਲਾ ਕੁਵੇਲਾ ਦੇਖਦੈ।" ਕੁਲਜੀਤ ਤਮਕ ਕੇ ਬੋਲਿਆ ਤੇ ਬਾਰਾ ਸਿਹੁੰ ਦੇ ਹਰਾਸੇ ਮੂੰਹ ਵੱਲ ਕਿਰਤੱਗਤਾ ਨਾਲ ਝਾਕਿਆ। ਉਸ ਦੇਖਿਆ, ਬਾਰਾ ਸਿਹੁੰ ਦੇ ਬੁੱਲ੍ਹ ਭੀਚੇ ਗਏ ਸਨ। ਠੋਡੀ ਤਣ ਗਈ ਸੀ ਤੇ ਵੇਖਣ ਵਾਲੇ ਦੀ ਨਜ਼ਰ, ਉਹਦੀ ਕੰਬਦੀ ਦਾੜ੍ਹੀ ਤੋਂ ਤਿਲਕ, ਉਸ ਦੇ ਉਦਾਸ ਕੋਇਆਂ ਵਿਚ ਜਾ ਡਿੱਗਦੀ ਸੀ।

ਤਮਾਸ਼ਬੀਨ ਬਾਰਾ ਸਿਹੁੰ ਤੋਂ ਕਿਸੇ ਵੱਡੇ ਧਮਾਕੇ ਦੀ ਆਸ ਰੱਖਦੇ ਸਨ। ਕਿਉਂਕਿ ਕੱਲ੍ਹ ਦੀ ਸੁਰਤੀ ਜੋ ਕੁੱਕੜ ਖੇਹ ਉਡਾ ਕੇ ਗਿਆ ਸੀ, ਪਿੰਡ ਨੇ ਉਹ ਸਾਰੀ ਆਪਣੇ ਅੱਖੀਂ ਦੇਖੀ ਸੀ।

ਲੋਕਾਂ ਇਹ ਵੀ ਦੇਖਿਆ ਸੀ ਕਿ ਬਾਰਾ ਸਿਹੁੰ ਜਿਸ ਬਾਰੂਦ ਦੀ ਢੇਰੀ 'ਤੇ ਬੈਠਾ ਹੋਇਆ ਸੀ ਉਹ ਸੁਰਤੀ ਦੀ ਇਕੋ ਚੁਆਤੀ ਨਾਲ ਭਬਕ ਉੱਠੀ ਸੀ, ਜਿਸ ਦੇ ਸਿੱਟੇ ਵਜੋਂ ਮੀਕਾ ਅਤੇ ਨਿੰਦਰ ਆਪੋ ਆਪਣੇ ਮੋਰਚਿਆਂ ਵਿਚ ਦੜ ਗਏ ਸਨ। ਆਨੀ-ਬਹਾਨੀ ਤਾਂ ਉਹ ਪਹਿਲਾਂ ਹੀ ਸੁਰਤੀ ਵੱਲ ਡੱਕਾ ਸਿੱਟਦੇ ਸਨ, ਹੁਣ ਉਹ ਹਿੱਕ ਥਾਪੜ ਕੇ ਖੜ੍ਹ ਗਏ। ਬਾਰਾ ਸਿਹੁੰ ਚਾਹੁੰਦਾ ਸੀ ਗੁਰਮੇਜੋ ਤੇ ਤਾਰੂ ਵੀ ਆਪਣਾ ਬਚਾਉ ਸੋਚ ਲੈਣ; ਪਰ ਪੰਜਾਂ ਧੀਆਂ ਸਣੇ ਉਹ ਜਿਹੜੀ ਵੀ ਸੋਚ ਦਾ ਦਰ ਖੜਕਾਉਂਦੇ ਉਹੋ ਦਰ ਅੱਗੋਂ ਬੰਦ ਹੋਇਆ ਦਿੱਸਦਾ।

ਪਰ ਇਸ ਤੋਂ ਪਹਿਲਾਂ ਕਿ ਬਾਰਾ ਸਿਹੁੰ ਤਾਰੂ ਅਤੇ ਗੁਰਮੇਜੋ ਦੀ ਟੱਬਰੀ ਨੂੰ ਖੰਭਾਂ



ਹੇਠ ਲੈ ਕੇ ਸੁਰਖਰੂ ਹੋ ਜਾਂਦਾ, ਸੁਰਤੀ ਨੇ ਪਿਓ ਦੇ ਖੰਭ ਹੀ ਕੁਤਰ ਦੇਣ ਦਾ ਐਲਾਨ ਕਰ ਦਿੱਤਾ।

ਲੋਕ ਇਸ ਤਲਖ਼ੀ ਵਿਚੋਂ ਕਿਸੇ ਵੱਡੀ ਹਿਲਜੁਲ ਦੀ ਆਸ ਰੱਖਦੇ ਸਨ, ਪਰ ਜਦੋਂ ਗੱਲ ਬਾਰਾ ਸਿਹੁੰ ਦੀ ਅਰਜੋਈ 'ਤੇ ਹੀ ਆ ਕੇ ਮੁੱਕ ਗਈ ਤਾਂ ਕਈਆਂ ਦੇ ਮੂੰਹ ਕੁਸੈਲੇ ਹੋ ਗਏ।

ਬਾਰਾ ਸਿਹੁੰ ਦਾਨਾ ਬੰਦਾ ਸੀ। ਭੁੰਏ ਭਾਂਡੇ ਤੇ ਜੀਆ-ਜੰਤ ਵਾਲਾ। ਏਸੇ ਲਈ ਹਾਰੀ ਸਾਰੀ ਤ੍ਰਹਿ ਕੇ ਗੱਲ ਕਰਦਾ। ਬਾਰਾ ਸਿਹੁੰ ਦੇ ਵਡੇਰੇ ਨਨਕਾਣਾ ਸਾਹਿਬ ਦੇ ਮੋਰਚੇ ਸ਼ਹੀਦ ਹੋਏ ਸਨ। ਇਸ ਲਈ ਜਾਣੂ ਪਛਾਣੂ ਉਹਨੂੰ ਸਤਿਕਾਰ ਦੀ ਅੱਖ ਨਾਲ ਦੇਖਦੇ। ਇਹ ਵੱਖਰੀ ਗੱਲ ਸੀ ਕਿ ਲੋਕ ਉਹਦੇ ਤਕੀਏ ਕਲਾਮ ਤੋਂ ਮੁਸਕੜੀਏ ਹੱਸਦੇ ਸਨ, ਜਦੋਂ ਉਹ ਸਾਹਮਣੇ ਖਲੋਤੇ ਬੰਦੇ ਦਾ ਮੋਢਾ ਝੰਜੋੜ ਕੇ ਆਖਦਾ, "ਸੁਣਨੈਂ ਭਾਊ! ਗੱਲ ਮੁੱਕਣ 'ਤੇ ਆਈ ਊ...।"

ਪਰ ਅੱਜ ਜਦੋਂ ਉਹ ਬਿਨਾਂ ਕੁਝ ਬੋਲੇ ਥੜ੍ਹੇ ਤੋਂ ਉਤਰ ਗਿਆ ਤਾਂ ਸਭ ਨੂੰ ਹੈਰਾਨੀ ਹੋਈ।

"ਤਾਇਆ! ਗੱਲ ਨੀ ਮੁਕਾਉਣੀ ਅੱਜ?" ਪਿੱਛੋਂ ਕਿਸੇ ਕਿਹਾ।

ਇਕਾ ਇਕ ਬਾਰਾ ਸਿਹੁੰ ਮੁੜਿਆ ਅਤੇ ਕੌੜੀ ਅੱਖ ਝਾਕਿਆ। ਲੱਗਾ, ਜਾਂ ਤਾਂ ਗਾਲ੍ਹ ਦੇਵੇਗਾ ਜਾਂ ਵਗ੍ਹਾਤੀ ਸੋਟੀ ਹੀ ਮਾਰੇਗਾ। ਪਰ ਸਭ ਕਾਸੇ ਤੋਂ ਉਲਟ ਉਸ ਨੀਵੀਂ ਪਾ ਲਈ। ਉਸ ਦਾ ਦਿਲ ਕੀਤਾ ਕਹੇ, "ਗੱਲ ਤਾਂ ਮੁੱਕ ਗਈ ਸ਼ੇਰਾ...।" ਉਹ ਕੁਝ ਨਾ ਬੋਲਿਆ ਅਤੇ ਨੀਵੀਂ ਪਾਈ ਆਪਣੀ ਪੈਰੀਂ ਦੀ ਜੁੱਤੀ ਵੱਲ ਝਾਕਣ ਲੱਗਾ, ਜਿਸ ਦੇ ਛੱਪਰ ਵਿਚੋਂ ਮੋਰੀ ਕੱਢ ਕੇ ਭੋਰੀ ਵਾਲੀ ਚੀਚੀ ਬਾਹਰ ਕੱਢੀ ਹੋਈ ਸੀ।

ਉਸ ਦਾ ਥਾਏਂ ਬਹਿ ਜਾਣ ਨੂੰ ਜੀ ਕੀਤਾ। ਉਹਨੇ ਪਰਨੇ ਦਾ ਲੜ ਮੂੰਹ ਵਿਚ ਘੁੱਟ ਲਿਆ। ਜਿਵੇਂ ਕਿਧਰੇ ਪੀੜ ਹੋਈ ਹੋਵੇ। ਫਿਰ ਕਾਹਲੀ ਨਾਲ ਸਾਹ ਲੈਂਦਾ, ਫਿਰਨੀ ਦਾ ਮੋੜ ਪਰਤ ਗਿਆ।

ਉਹਨੂੰ ਪਤਾ ਹੀ ਨਾ ਲੱਗਾ ਕਦੋਂ ਉਹ ਘਰ ਦੀ ਡਿਉਢੀ ਵਿਚ ਆ ਖੜ੍ਹਾ। ਵੱਡੀ ਨੂੰਹ ਸਤਿਕਾਰ ਨਾਲ ਉਹਦੇ ਪੈਰਾਂ ਵੱਲ ਨੂੰ ਨਿਵੀਂ। ਇਸ ਤੋਂ ਪਹਿਲਾਂ ਕਿ ਉਹ ਅਸੀਸ ਦਿੰਦਾ, ਕੁੜੀਆਂ ਉਹਦੇ ਉਦਾਲੇ ਲਿਪਟ ਗਈਆਂ।

"ਅਸੀਂ ਤਾਂ ਡਰ ਈ ਗਏ... ਸਾਰੀ ਰਾਤ ਭਾਲਦੇ ਫਿਰੇ ਥੋਨੂੰ... ਹੁਣ ਵੀ ਬਾਪੂ ਵੱਡੀ ਭੂਆ ਕੋਲੇ ਗਿਐ ਥੋਨੂੰ ਭਾਲਣ...।" ਕੁੜੀਆਂ ਇਕੋ ਸਾਹੇ ਬੋਲੀਆਂ ਤੇ ਦਾਦੇ ਦੇ ਲੱਥੇ ਮੂੰਹ ਵੱਲ ਝਾਕੀਆਂ।

"ਚਾਹ ਲਿਆਮਾਂ ਜੀ?" ਗੁਰਮੇਜੋ ਬੋਲੀ। ਅਗਲੇ ਹੀ ਪਲ ਉਸ ਨੂੰ ਭੁੱਲ ਦਾ ਅਹਿਸਾਸ ਹੋਇਆ। "ਜੇ ਟੱਬਰ ਨੇ ਰਾਤ ਬੁਰਕੀ ਦੰਦੀ ਨਹੀਂ ਸੀ ਧਰੀ ਤਾਂ ਏਹਨਾਂ ਕਿੱਥੋਂ ਖਾ ਲੀ ਹੋਊ?" ਉਸ ਸੋਚਿਆ।

ਬਾਰਾ ਸਿਹੁੰ ਨਾਂਹ ਵਿਚ ਸਿਰ ਹਿਲਾਇਆ ਅਤੇ ਉਵੇਂ ਹੀ ਨੀਵੀਂ ਪਾਈ ਰੱਖੀ। ਉਹ ਜਾਣਦਾ ਸੀ, ਪੋਤੀਆਂ ਦੇ ਮਾਸੂਮ ਮੂੰਹਾਂ ਵੱਲ ਵੇਖਣ 'ਤੇ ਉਹਦਾ ਗੱਚ ਭਰ ਆਉਣਾ ਸੀ, ਤੇ ਫਿਰ ਉਸ ਤੋਂ ਆਪਣੇ ਉੱਤੇ ਜ਼ਬਤ ਕਾਇਮ ਰੱਖਣਾ ਮੁਸ਼ਕਿਲ ਹੋ ਜਾਣਾ ਸੀ।

ਬਾਰਾ ਸਿਹੁੰ ਨੂੰ ਯਾਦ ਆਇਆ, ਇਹੋ ਗੁਰਮੇਜ ਕੁਰ ਜਦੋਂ ਉਹਦੇ ਘਰ ਨੂੰਹ ਬਣ ਕੇ ਉੱਤਰੀ ਸੀ ਤਾਂ ਸਾਰੇ ਪਿੰਡ ਵਿਚੋਂ ਇਕੋ ਹੀ ਭਾਖਿਆ ਉੱਠੀ ਸੀ ਕਿ ਸਾਕ ਤਾਂ ਸ਼ਹੀਦੀਏ ਖ਼ਾਨਦਾਨ ਨੂੰ ਹੋਇਐ। ਨਹੀਂ ਕਿੱਥੇ ਸਿੱਧੜ ਜਿਹਾ ਤਾਰੂ ਤੇ ਕਿੱਥੇ ਬਣਦੀ ਤਣਦੀ ਗੁਰਮੇਜੋ...। ਜਿਸ ਦੇ ਮੂੰਹ-ਮੱਥੇ ਲੱਗਦੇ ਰੰਗ ਰੂਪ ਨੂੰ ਅੱਗੜ ਪਿੱਛੜ ਪੰਜ ਧੀਆਂ ਦੇ ਸਰਾਪ ਨੇ ਇਉਂ ਘੱਟੇ-ਕੌਡੀਆਂ ਰੋਲਿਆ ਸੀ ਕਿ ਉਸ ਦਾ ਉਚੇਚਾ ਕੰਘੀ ਚੀਰਾ ਉਸ ਨੂੰ ਉਮਰ ਤੋਂ ਦਸ ਵਰ੍ਹੇ ਅੱਗੇ ਜਾ ਖਲ੍ਹਾਰਦਾ ਸੀ।

ਤਬੇਲੇ 'ਚੋਂ ਅਚਾਨਕ ਨਿੰਦਰ ਬੋਲਦੀ ਸੁਣੀ। ਕੁੜੀਆਂ ਸਹਿਮ ਕੇ ਉੱਠਣ ਦਾ ਪੱਜ ਭਾਲਣ ਲੱਗੀਆਂ। ਬਾਰਾ ਸਿਹੁੰ ਵੀ ਉਕੜੂ ਜਿਹਾ ਹੋ ਕੇ ਬੈਠ ਗਿਆ ਜਿਵੇਂ ਹੁਣੇ ਹੀ ਉੱਠ ਕੇ ਤੁਰਨ ਲੱਗਾ ਹੋਵੇ। ਉਸ ਉਖੜ ਕੇ ਵਿਹੜਾ ਝਾਕਿਆ, ਚੌਕੇ ਵਿਚ ਭਾਂਡਿਆਂ ਦਾ ਖਿਡਾਰ ਉਵੇਂ ਪਿਆ ਸੀ। ਹਾਰੇ ਵਿਚੋਂ ਧੂੰਆਂ ਲਗਾਤਾਰ ਉਪਰ ਉੱਠ ਰਿਹਾ ਸੀ। ਪਤਾ ਨਹੀਂ ਕਿਉਂ, ਬਾਰਾ ਸਿਹੁੰ ਨੂੰ ਲੱਗਾ, ਅਜਿਹਾ ਧੂੰਆਂ ਉਹਦੇ ਅੰਦਰ ਵੀ ਕਿਧਰੇ ਧਦਕ ਰਿਹਾ ਸੀ। ਬਾਰੂਦ ਵਰਗਾ... ਜਿਸ ਦੇ ਪਲੀਤੇ ਦਾ ਇਕ ਸਿਰਾ ਸ਼ਾਇਦ ਨਿੰਦਰ ਦੇ ਹੱਥ ਵਿਚ ਸੀ।

ਨਿੰਦਰ! ਜਿਸ ਦੇ ਗ਼ਰੀਬ ਮਾਪਿਆਂ ਬਾਰਾ ਸਿਹੁੰ ਦੇ ਮੀਕੇ ਨੂੰ ਇਕ ਤਰ੍ਹਾਂ ਡਿੰਗ ਕੇ ਸਾਕ ਕੀਤਾ ਸੀ। ਟੁੱਟਦੇ ਛਿੱਜਦੇ ਦਾਜ ਤੇ ਟੂੰਬ-ਛੱਲੇ ਤੋਂ ਬਿਨਾਂ ਧੀ ਨੂੰ ਤੋਰਦੇ ਉਨ੍ਹਾਂ ਤਰਲਾ ਲਿਆ ਸੀ ਕਿ ਉਨ੍ਹਾਂ ਵਿਚ ਧੀ ਨੂੰ ਅਣਵਿੱਧ ਤੋਰਨ ਦਾ ਰਿਵਾਜ ਸੀ। ਪਰ ਸਹੁਰੇ ਘਰ ਦੇ ਰੱਜ ਅਤੇ ਚਿੱਭ 'ਚ ਪਾਏ ਚਾਰ ਅੱਖਰਾਂ ਨੇ ਨਿੰਦਰ ਦੀ ਕਾਇਆ ਹੀ ਪਲਟ ਦਿੱਤੀ ਸੀ। ਦਿਨਾਂ ਵਿਚ ਹੀ ਉਹ ਘਰ ਦੀ ਕੁੰਜੀਬਰਦਾਰ ਬਣ ਗਈ ਸੀ। ਇਸ ਤੋਂ ਉਲਟ ਮੀਕਾ ਹੱਡਾਂ ਦਾ ਸੁਖਿਆਰਾ ਤੇ ਦੇਹ-ਰੱਖ ਸੀ। ਉਹ ਖੂਹ ਪੁੱਟ ਕੇ ਪਾਣੀ ਪੀਣ ਵਾਲਿਆਂ ਵਿਚੋਂ ਨਹੀਂ ਸੀ। ਕੋਈ ਉਹਨੂੰ ਕੰਮ ਕਰਨ ਲਈ ਕਹਿੰਦਾ ਤਾਂ ਉਹ ਆਪਣੀਆਂ ਕਾਤਰਵੀਆਂ ਮੁੱਛਾਂ ਪਲੋਸਦਾ ਆਖਦਾ, "ਇਕ ਸੀ ਸਾਧ, ਉਹ ਰੋਜ਼ ਗਜ਼ਾ ਕਰਿਆ ਕਰੇ। ਇਕ ਦਿਨ ਉਹਨੇ ਸਰਾਲ ਦੇਖੀ। ਇਕ ਜਗ੍ਹਾ ਪਈ। ਉਹਨੇ ਸਰਾਲ ਨੂੰ ਪੁੱਛਿਆ ਪਈ ਢਿੱਡ ਕਿਮੇਂ ਭਰਦੀ ਐਂ... ਕਹਿੰਦੀ, ਦਰਿਆ ਕਿਨਾਰੇ ਪਾਣੀ ਪੀ ਕੇ ਜਾਨਵਰ ਜਦੋਂ ਮੇਰੇ ਨਾਲ ਪਿੰਡਾ ਘਸਾਉਂਦੇ ਐ... ਮੈਂ ਸਾਹ ਨਾਲ ਅੰਦਰ ਖਿੱਚ ਲੈਨੀ ਆਂ। ਲਉ ਜੀ ਉਦੋਂ ਤੋਂ ਬਾਅਦ ਸਾਧ ਨੇ ਗਜ਼ਾ ਨੀ ਕੀਤਾ। ਹੁਣ ਜੇ ਰੱਬ ਪੱਥਰ ਵਿਚਲੇ ਕੀੜੇ ਨੂੰ ਵੀ ਦਿੰਦੈ, ਤਾਂ ਮੈਂ ਕੀ ਭੁੰਨ ਕੇ ਬੀਜਿਐ?"

ਨਿੰਦਰ ਮੀਕੇ ਤੋਂ ਵੀ ਦੋ ਰੱਤੀਆਂ ਉਤੇ ਸੀ। ਚੁਲਬੁਲੀ ਤਬੀਅਤ ਵਾਲੀ। ਇਸ ਲਈ ਨਾ ਕਦੇ ਮੀਕਾ ਮਿੱਟੀ ਰੁਲਿਆ, ਨਾ ਉਸ ਕਦੇ ਨਿੰਦਰ ਰੁਲਣ ਦਿੱਤੀ। ਉਨ੍ਹਾਂ ਦੀ



ਦੇਹ-ਰੱਖਵੀਂ ਹਿਰਸ ਨੇ ਦੋਹਾਂ ਦੀਆਂ ਐੱਥਰੀਆਂ ਉਡਾਣਾ ਨੂੰ ਐਹੋ ਜਿਹੀ ਹਵਾ ਦਿੱਤੀ ਕਿ ਦੋਵੇਂ ਅਸਮਾਨ ਵਿਚ ਉਡਣ ਦੀ ਥਾਂ ਮੂੰਹ ਭਾਰ ਜਾ ਡਿੱਗੇ ਸਨ...।

ਸਿੱਟੇ ਵਜੋਂ ਨਿੰਦਰ ਦੇ ਦੋਹਾਂ ਮੁੰਡਿਆਂ ਦਾ ਮੁਹਾਂਦਰਾ, ਛੋਟੇ ਸੁਰਤੀ ਦੇ ਨਕਸ਼ਾਂ ਨਾਲ ਜਾ ਰਲਿਆ ਅਤੇ ਮੀਕੇ ਦੀ ਕੰਚਨ ਵਰਗੀ ਦੇਹ ਨੂੰ ਨਸ਼ਿਆਂ ਦੀ ਦੇਂਦ ਲੱਗ ਗਈ। ਜਦ ਨੂੰ ਉਨ੍ਹਾਂ ਦੀ ਹੋਸ਼ ਪਰਤੀ ਉਹ ਆਪਣੇ ਤੋਂ ਵੀ ਏਨਾ ਦੂਰ ਨਿਕਲ ਗਏ ਕਿ ਟੱਬਰ ਉਨ੍ਹਾਂ ਲਈ ਅਰਥਹੀਣ ਹੋ ਗਿਆ। ਇਸ ਅਰਥਹੀਣਤਾ ਵਿਚ ਗੁਰਮੇਜੋ ਅਤੇ ਤਾਰੂ ਦੀਆਂ ਧੀਆਂ ਉਨ੍ਹਾਂ ਨੂੰ ਬਡਾਵੇ ਬਣ-ਬਣ ਦਿੱਸਦੀਆਂ। ਮਿੱਟੀ ਹੋਏ ਤਾਰੂ ਅਤੇ ਗੁਰਮੇਜੋ ਉਨ੍ਹਾਂ ਨੂੰ ਖਵੀਸ ਜਾਪਦੇ। ਸੁਰਤੀ ਪਹਿਲਾਂ ਹੀ ਪੜ੍ਹਨ ਦੇ ਪੱਜ ਸ਼ਹਿਰ ਵੱਲ ਮੂੰਹ ਕਰੀ ਖੜ੍ਹਾ ਸੀ। ਰਿਹਾ ਬਾਰਾ ਸਿਹੁੰ, ਕਦੇ ਤਾਂ ਉਹ ਉਨ੍ਹਾਂ ਨੂੰ ਬਹੁਤ ਆਪਣਾ-ਆਪਣਾ ਲੱਗਦਾ, ਪਰ ਜਦੋਂ ਸਿਆੜਾਂ ਦੀ ਢੇਰੀ 'ਤੇ ਬੈਠਾ ਦਿਸਦਾ, ਤਾਂ ਵਿਹੁ ਵਰਗਾ ਜਾਪਣ ਲੱਗ ਪੈਂਦਾ।

ਪਰ ਨਿੰਦਰ ਛੇਤੀ ਕੀਤੇ ਹਾਰ ਮੰਨਣ ਵਾਲੀ ਨਹੀਂ ਸੀ। ਉਹ ਸੋਚਦੀ, ਸੁਰਤੀ ਨਾਲ ਸਰੀਰਕ ਸੰਬੰਧਾਂ ਨੂੰ ਲੈ ਕੇ ਜੇ ਉਹ ਬੱਦੂ ਹੋਈ ਸੀ ਤਾਂ ਇਸ ਕਾਲਖ ਦਾ ਮੁੱਲ ਵੱਟਣਾ ਵੀ ਉਸ ਦਾ ਹੱਕ ਬਣਦਾ ਸੀ।

"ਦੇਖ! ਤੇਰੀ ਖ਼ਾਤਰ ਮੈਂ ਬਦਨਾਮ ਹੋਈ। ਹੁਣ ਬੰਦਿਆ ਰੱਬ ਦਿਆ ਜੇ ਤੂੰ ਵੀ ਪਿੱਠ ਕਰ ਲਵੇਂ, ਦੱਸ ਮੈਨੂੰ ਕਿੱਥੇ ਢੋਈ ਐ?" ਕਿਨੇ ਵਰ੍ਹੇ ਪਹਿਲਾਂ ਉਹਨੇ ਸੁਰਤੀ ਦੀਆਂ ਅੱਖਾਂ ਵਿਚ ਸਿੱਧਾ ਝਾਕਦੇ ਕਿਹਾ ਸੀ। "ਰਹੀ ਗੱਲ ਤੇਰਾ ਘਰ ਵਸਾਉਣ ਦੀ... ਆਹ ਦੇਖ!" ਉਹਨੇ ਘਰ ਆਈ ਆਪਣੀ ਛੋਟੀ ਭੈਣ ਵੱਲ ਇਸ਼ਾਰਾ ਕਰਦੇ ਕਿਹਾ ਸੀ, "ਹੈ ਨਾ ਕੁੜੀ ਤਸਵੀਰ ਵਰਗੀ? ਜਿੱਦੋਂ ਕਹੇਂ'ਗਾ ਸਾਕ ਤੇਰੀ ਝੋਲੀ ਵਿਚ ਲਿਆ ਪਾਊਂ।"

ਕੁੜੀ ਸੱਚਮੁਚ ਤਸਵੀਰ ਵਰਗੀ ਸੀ। ਪਰ ਸੁਰਤੀ ਜਿਸ ਮਿੱਟੀ ਦਾ ਬਣਿਆ ਸੀ, ਉਹ ਸੁੱਕੇ ਰੂਪ ਦੇ ਮੰਤਰ ਨਾਲ ਕੀਲੀ ਜਾਣ ਵਾਲੀ ਨਹੀਂ ਸੀ। ਉਹਨੇ ਬਚਪਨ ਤੋਂ ਹੀ ਸ਼ਹਿਰ ਦੀ ਨਮੋਹੀ ਹਵਾ ਵਿਚ ਸਾਹ ਲਏ ਸਨ, ਜਿੱਥੇ ਰੂਪ ਸਿੱਕੇ ਦਾ ਇਕ ਪਾਸਾ ਤਾਂ ਸੀ, ਤਿਜੋਰੀ ਨਹੀਂ ਸੀ। ਕਿਨਾਰਾ ਤਾਂ ਸੀ, ਦਿਸਹੱਦਾ ਨਹੀਂ ਸੀ। ਫਿਰ ਸੁਰਤੀ ਤਾਂ ਉੱਚੇ ਅੰਬਰਾਂ ਦਾ ਅਭਿਲਾਸ਼ੀ ਸੀ। ਸ਼ਾਇਦ ਇਸੇ ਲਈ ਉਹਨੇ ਆਪਣੀਆਂ ਇੱਛਾਵਾਂ ਦੀਆਂ ਵਾਗਾਂ ਏਨੀਆਂ ਢਿੱਲੀਆਂ ਛੱਡੀਆਂ ਰੱਖੀਆਂ ਸਨ ਕਿ ਨਾ ਉਹਨੂੰ ਕਦੇ ਪਿਉ ਦੀ ਦਿਆਨਤਦਾਰੀ ਰਾਸ ਆਈ, ਨਾ ਹੀ ਕਦੇ ਥੁੜ੍ਹੀ-ਟੁੱਟੀ ਵਾਹੀ ਦਾ ਖੰਨੀ-ਚੱਪਾ ਹੀ ਸੁਆਦ ਲੱਗਾ। ਸ਼ਾਇਦ ਇਹੋ ਕਾਰਨ ਸੀ ਕਿ ਉਹ ਨਿੰਦਰ ਦੇ ਜਿਸਮ ਜਾਲ ਵਿਚ ਭਰਮਿਆ ਜ਼ਰੂਰ ਸੀ, ਫਸਿਆ ਨਹੀਂ ਸੀ। ਫਿਰ ਜਿਉਂ ਜਿਉਂ ਉਹਦੇ ਮੱਥੇ ਅੱਖਰ 'ਕੱਠੇ ਹੁੰਦੇ ਗਏ ਸਨ, ਪਿੰਡ ਉਸ ਲਈ ਬਹੁਤ ਛੋਟਾ ਹੁੰਦਾ ਚਲਾ ਗਿਆ ਸੀ ਤੇ ਉਹ ਪਿੰਡ ਅਤੇ ਪਰਿਵਾਰ ਨਾਲੋਂ ਅਕਾਰਥ ਹੀ ਟੁੱਟਦਾ ਚਲਾ ਗਿਆ ਸੀ। ਨਫ਼ਰਤ ਦੀ ਹੱਦ ਤੀਕ...।

ਕਈ ਵਾਰ ਉਹਨੇ ਇਸ ਨਫ਼ਰਤ ਦਾ ਕਾਰਨ ਲੱਭਣ ਦੀ ਕੋਸ਼ਿਸ਼ ਵੀ ਕੀਤੀ ਸੀ, ਉਹ ਸੋਚਦਾ, ਕੀ ਇਹ ਨਫ਼ਰਤ ਇਸ ਲਈ ਸੀ ਕਿ ਪਿਉ ਨੇ ਦੋ ਕਿੱਲੇ ਹੋਰ ਬੈਕ

ਕੇ ਨੌਕਰੀ ਲਈ ਰਿਸ਼ਵਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ? ਜਾਂ ਕੋਈ ਸਿਫ਼ਾਰਸ਼ ਲੱਭ ਕੇ ਦੇਣ ਦੀ ਥਾਂ, ਗਹਿਣੇ ਪਈ ਜ਼ਮੀਨ ਬਾਰੇ ਜਤਾਉਂਦਾ ਰਹਿੰਦਾ ਸੀ? ਜਾਂ ਪਿਉ ਨੇ ਜਿਹੜੀਆਂ ਡਿਗਰੀਆਂ ਹਾਸਲ ਕਰਨ ਵਿਚ ਉਹਦੀ ਮਦਦ ਕੀਤੀ, ਉਨ੍ਹਾਂ ਡਿਗਰੀਆਂ ਨੇ ਹੀ ਉਹਨੂੰ ਬੇਰੁਜ਼ਗਾਰੀ ਦੀ ਭੱਠੀ ਵਿਚ ਝੋਕ ਦਿੱਤਾ ਸੀ। ਕੁਝ ਵੀ ਸਪਸ਼ਟ ਨਹੀਂ ਸੀ। ਇਤਨਾ ਵੀ ਸਪਸ਼ਟ ਨਹੀਂ ਸੀ ਕਿ ਨਿੰਦਰ ਨਾਲ ਸੰਬੰਧਾਂ ਦੇ ਜਿਸ ਦੋਸ਼ ਦਾ ਉਹ ਭਾਗੀ ਬਣਿਆ ਸੀ, ਉਸ ਗੁਨਾਹ ਦਾ ਦੋਸ਼ ਵੀ ਪਿਉ ਸਿਰ ਮੜ੍ਹਨਾ ਬਣਦਾ ਸੀ ਕਿ ਨਹੀਂ? ਜੇਕਰ ਕੁਝ ਸਪਸ਼ਟ ਸੀ ਤਾਂ ਕੇਵਲ ਇਤਨਾ ਕਿ ਪਿਛਲੇ ਕੁਝ ਵਰ੍ਹਿਆਂ ਤੋਂ ਉਹ ਆਪਣੇ ਪਿੰਡ, ਘਰ, ਨਿੰਦਰ ਤੇ ਗੁਰਮੇਜੋ ਸਮੇਤ ਉਹਦੀਆਂ ਪੰਜੇ ਧੀਆਂ ਵਲੋਂ ਟੁੱਟਦਾ ਚਲਾ ਗਿਆ ਸੀ।

ਸ਼ਾਇਦ ਇਹੋ ਕਾਰਨ ਸਨ, ਜੋ ਉਹਦੇ ਕਦਮਾਂ ਨੂੰ ਉਨ੍ਹਾਂ ਰੱਕੜਾਂ ਵੱਲ ਲੈ ਤੁਰੇ, ਜਿੱਥੇ ਸਮੇਂ ਦੀਆਂ ਤੇਜ਼ ਹਵਾਵਾਂ ਵਿਚ ਉਹਦੇ ਪੈਰ ਹੀ ਉੱਖੜ ਗਏ ਸਨ ਅਤੇ ਦੇਖਦਿਆਂ ਦੇਖਦਿਆਂ ਉਹ ਜਨੂੰਨ ਦੇ ਅੰਨ੍ਹੇ ਵਰੋਲਿਆਂ ਵਿਚ ਘਿਰ ਗਿਆ ਸੀ।

ਬਾਰਾ ਸਿਹੁੰ ਪੁੱਤ ਨੂੰ ਹਟਕਣਾ ਚਾਹੁੰਦਾ ਸੀ। ਪਰ ਤਦੋਂ ਪਤਾ ਲੱਗਾ, ਜਦੋਂ ਇਕ ਰਾਤ ਪੁਲਿਸ ਨੇ ਪਿੰਡ ਆ ਘੇਰਿਆ।

ਪਹਿਲਾਂ ਤਾਂ ਬਾਰਾ ਸਿਹੁੰ ਨੂੰ ਯਕੀਨ ਹੀ ਨਾ ਆਇਆ। ਪਰ ਪੁਲਿਸ ਜਦ ਭਰੀ ਪਰ੍ਹੇ ਵਿਚ ਮੂੰਹ 'ਤੇ ਥੁੱਕਣ ਤੱਕ ਚਲੀ ਗਈ ਤਾਂ ਉਹ ਸਿਰ ਫੜ ਕੇ ਬੈਠ ਗਿਆ।

"ਲੈ ਬਈ ਪਿੰਡਾ... ਗੱਲ ਗਈ ਐ ਮੁੱਕ... ਨਾ ਮੈਂ ਅੱਜ ਤੋਂ ਉਹਦਾ ਪਿਉ... ਨਾ ਉਹ ਮੇਰਾ ਪੁੱਤ।"

ਪਰ ਨਿੰਦਰ ਇਸ ਤੋਂ ਉਲਟ ਭੁਗਤੀ ਸੀ।

"ਆਹੀ ਤਾਂ ਵੇਲੇ ਮੁੰਡੇ ਦਾ ਦਿਲ ਜਿੱਤਣ ਲਈ।" ਉਹਨੇ ਮੀਕੇ ਦੇ ਕੰਨ ਵਿਚ ਕਿਹਾ ਸੀ। "ਐਹੀ ਜੀ ਗੱਲ ਕਰੀਂ ਜਿਸ ਤੋਂ ਮੁੰਡਾ ਵੀ ਖ਼ੁਸ਼ ਤੇ ਖੱਲ ਵੀ ਬਚੀ ਰਹੇ।"

ਪੁਲਿਸ ਜਦੋਂ ਬਾਰਾ ਸਿਹੁੰ ਨੂੰ ਬੇਇੱਜ਼ਤ ਕਰ ਰਹੀ ਸੀ ਤਾਂ ਮੀਕਾ ਨਿੰਦਰ ਦਾ ਚੁੱਕਿਆ ਚਕਾਇਆ, ਮੱਚਦੀ ਅੱਗ ਵਿਚ ਜਾ ਖੜ੍ਹਿਆ। "ਦੇਖੋ ਠਾਣੇਦਾਰ ਸਾਹਬ! ਜਿਹੜਾ ਅੱਗ ਫੱਕੂ ਅੰਗਿਆਰ ਹੱਗੂ ਵੀ... ਹੁਣ...।" ਤੇ ਅੱਗੋਂ ਉਹਨੂੰ ਛੇਤੀ ਕੀਤੇ ਕੋਈ ਅਜਿਹੀ ਗੱਲ ਨਹੀਂ ਸੀ ਅਹੁੜੀ, ਜਿਹੜੀ ਪੁਲਿਸ ਅਤੇ ਸੁਰਤੀ ਦੋਹਾਂ ਦੇ ਹੱਕ ਵਿਚ ਜਾਂਦੀ ਹੋਵੇ। ਫਿਰ ਉਸ ਨੀਵੀਂ ਪਾਈ ਕਿਹਾ ਸੀ, "ਹੁਣ ਦੱਸੋ ਸਾਡੇ ਕੀ ਵੱਸ ਐ।"

ਜਦ ਨੂੰ ਪੁਲਿਸ ਤਲਾਸ਼ੀਆਂ 'ਤੇ ਉਤਰੀ, ਨਿੰਦਰ ਅੱਖ ਬਚਾ ਕੇ ਸੁਰਤੀ ਨੂੰ ਗੈਂਗੀ ਕੇ ਅਗਵਾੜ ਲੈ ਵੜੀ।

ਸੁਹੀਏ ਇਸ਼ਾਰਾ ਕੀਤਾ। ਥਾਣੇਦਾਰ ਕੁਝ ਪਲ ਸੋਚਦਾ ਰਿਹਾ। ਫਿਰ ਪਿੰਡ ਦੇ ਪੰਚਾਂ ਸਰਪੰਚਾਂ ਵੱਲ ਦੇਖਦਾ ਬੋਲਿਆ, "ਓਏ ਇਹ ਤਾਂ ਨੀ?"

'ਥੋਨੂੰ ਕੋਈ ਭੁੱਲ ਐ ਜਨਾਬ?" ਨੰਬਰਦਾਰ ਗੱਲ ਹੀ ਗੋਲ ਕਰ ਦਿੱਤੀ। ਨਾ ਪਤਾ ਲੱਗੇ ਹਾਂ, ਨਾ ਪਤਾ ਲੱਗੇ ਨਾਂਹ। ਇਹ ਤਾਂ ਚੰਗਾ ਬਾਰਾ ਸਿਹੁੰ ਨਾਲ ਨਹੀਂ ਸੀ।



ਹੁੰਦਾ ਤਾਂ ਕੀ ਪਤਾ ਕਹਿ ਹੀ ਦਿੰਦਾ, "ਇਹੋ ਐ ਜਨਾਬ।"

ਉਸ ਦਿਨ ਦੇ ਨਿੱਕੇ ਜਿਹੇ ਭੂਤ ਬਦਲੇ, ਸਾਰਾ ਪਿੰਡ ਹੀ ਜਿਵੇਂ ਲਾਵੇ ਵਿਚ ਘਿਰ ਗਿਆ ਸੀ। ਸਭ ਤੋਂ ਵੱਧ ਸੇਕ ਬਾਰਾ ਸਿਹੁੰ ਨੂੰ ਲੱਗਾ ਸੀ। ਦੂਜੀ ਚੌਥੀ ਰਾਤ ਹੀ ਸੁਰਤੀ ਬਾਰਾ ਸਿਹੁੰ ਦੀ ਹਿੱਕ 'ਤੇ ਆ ਚੜ੍ਹਿਆ ਸੀ।

"ਤੂੰ ਹੀ ਮਾਰਦਾ ਸੀ ਮੇਕ?" ਉਹ ਆਉਣ ਸਾਰ ਬੋਲਿਆ। "ਕਿੱਧਰ ਦਾ ਪਿਉ ਐਂ ਤੂੰ...? ਵੱਡਾ ਸ਼ਹੀਦੀਆ।"

ਬਾਰਾ ਸਿਹੁੰ ਦਾ ਦਿਲ ਕੀਤਾ, ਵੱਟ ਕੇ ਉਹਦੇ ਥੱਪੜ ਮਾਰੇ ਤੇ ਕਹੇ, "ਹਰਾਮ ਦਿਆ ਤੁਖ਼ਮਾ। ਘਰ ਦੀ ਬਿੱਲੀ ਘਰ ਨੂੰ ਹੀ ਮਿਆਊਂ?" ਪਰ ਬਾਰਾ ਸਿਹੁੰ ਸਾਰੀ ਹੇਠੀ ਵਿਚੇ ਵਿਚ ਪੀ ਗਿਆ ਅਤੇ ਸਹਿਮ ਕੇ, ਹਨੇਰੇ ਵਿਚ ਖੜ੍ਹੇ ਸੁਰਤੀ ਤੇ ਉਹਦੇ ਸਾਥੀਆਂ ਵੱਲ ਦੇਖਦਾ ਰਿਹਾ ਸੀ।

ਜਦ ਨੂੰ ਟੱਬਰ ਜਾਗਿਆ, ਨਿੰਦਰ ਵਿਚ ਵਿਚਾਲੇ ਆ ਖੜ੍ਹੀ। ਉਸ ਰਾਤ ਪਿੰਡ ਵਿਚ ਦੋ ਵਾਰਦਾਤਾਂ ਹੋਈਆਂ। ਇਕ ਤਾਂ ਬਾਰਾ ਸਿਹੁੰ ਨੂੰ ਹਮਕੀ ਤੁਮਕੀ ਕੀਤੀ ਗਈ। ਦੂਜਾ, ਸ਼ਾਹਾਂ ਕੇ ਟੱਬਰ ਨੂੰ ਵਾਰਨਿੰਗ ਦੇ ਦਿੱਤੀ ਗਈ ਕਿ 'ਸਾਡੀ' ਗਹਿਣੇ ਪਈ ਜ਼ਮੀਨ ਨਾ ਬੀਜੀ ਜਾਵੇ, ਨਾ ਵੱਢੀ ਜਾਵੇ।

ਬਾਰਾ ਸਿਹੁੰ ਨੂੰ ਲੱਗਾ, ਇਹ ਸਰ੍ਹੀਣ ਧੱਕਾ ਸੀ। ਸ਼ਾਹਾਂ ਨੇ ਤਾਂ ਉਹਦੀ ਉਦੋਂ ਬਾਂਹ ਫੜੀ ਸੀ ਜਦੋਂ ਸੁਰਤੀ ਦੀ ਪੜ੍ਹਾਈ ਵਿਚ ਵਿਚਾਲੇ ਡੁੱਬ ਰਹੀ ਸੀ! ਉਹਦਾ ਜੀ ਕੀਤਾ ਉਹ ਚੌਕੀ ਜਾ ਇਤਲਾਹ ਦੇਵੇ ਅਤੇ 'ਜਾਹ ਜਾਂਦੀਏ' ਕਰ ਦੇਵੇ, ਪਰ ਉਹ ਦੁਚਿੱਤੀ ਵਿਚ ਹੀ ਸੀ ਕਿ ਹਨੇਰੇ ਵਿਚੋਂ ਅਚਾਨਕ ਨਿੰਦਰ ਪ੍ਰਗਟ ਹੋਈ।

"ਮੈਂ ਪੁੱਛਦੀ ਆਂ ਜੇ ਪੁੱਤ ਰਾਜ ਭਾਗ ਲਈ ਲੜਦੇ... ਦੱਸ ਥੋਨੂੰ ਕੀ ਸੂਲ ਉੱਠਦੇ?"

ਕੁੜੀਆਂ ਜੋ ਹਨੇਰੇ ਵਿਚ ਡੌਂਬਰੀਆਂ ਖੜ੍ਹੀਆਂ ਸਨ, ਡਰ ਕੇ ਬਾਰਾ ਸਿਹੁੰ ਦੇ ਗਲ ਨਾਲ ਚੰਬੜ ਗਈਆਂ। ਬਾਰਾ ਸਿਹੁੰ ਲਈ ਨਿੰਦਰ ਦਾ ਇਹ ਰੂਪ ਬਿਲਕੁਲ ਨਵਾਂ ਸੀ। ਬਾਰਾ ਸਿਹੁੰ ਖ਼ੁਦ ਸਹਿਮ ਕੇ ਤਾਰੂ ਅਤੇ ਗੁਰਮੇਜੋ ਲਾਗੇ ਜਾ ਬੈਠਾ। ਕੁੜੀਆਂ ਹਾਲੇ ਵੀ ਡੁੱਸਕ ਰਹੀਆਂ ਸਨ। ਬਾਰਾ ਸਿਹੁੰ ਨੂੰ ਲੱਗਾ, ਚੁਫ਼ੇਰੇ ਕੋਈ ਬੋਝਲ ਹਵਾ ਤੈਰ ਰਹੀ ਸੀ, ਜਿਸ ਵਿਚ ਉਸ ਤੋਂ ਨਾ ਕੁਝ ਕਿਹਾ ਜਾਣਾ ਸੀ, ਨਾ ਕਿਸੇ ਤੋਂ ਕੁਝ ਸੁਣਿਆ ਜਾਣਾ ਸੀ।

ਉਸ ਦਿਨ ਤੋਂ ਮਗਰੋਂ ਮੀਕੇ ਅਤੇ ਨਿੰਦਰ ਦੀਆਂ ਚੜ੍ਹ ਮੱਚੀਆਂ ਸਨ। ਦਿਨਾਂ ਵਿਚ ਹੀ ਨਿੰਦਰ ਗਲ ਗਾਤਰਾ ਪੈ ਗਿਆ ਸੀ। ਮੀਕੇ ਦੀ ਦਾੜ੍ਹੀ ਬੇਤਰਤੀਬੀ ਵਧਣ ਲੱਗੀ ਸੀ। ਆਪਣੀ ਜਾਚੇ ਉਹ ਦੋਵੇਂ ਹੀ ਫੱਬ-ਫੱਬ ਪੈਂਦੇ ਸਨ। ਪਰ ਉਨ੍ਹਾਂ ਦਾ ਇਹ ਫੱਬ-ਫੱਬ ਪੈਣਾ ਬਾਰਾ ਸਿਹੁੰ ਨੂੰ ਬਹੁਤ ਮਹਿੰਗਾ ਪਿਆ ਸੀ। ਹਰ ਤੀਜੇ ਦਿਨ ਪੁਲਿਸ ਦੀ ਖਿੱਚ-ਧੂਹ ਨੇ, ਹੇਠ ਉਤੇ ਕਈ ਫ਼ਸਲਾਂ ਦਾ ਘਾਣ ਕਰ ਦਿੱਤਾ ਸੀ। ਨਿੰਦਰ ਦੇ ਖੁੱਲ੍ਹੇ ਹੱਥ ਨੇ

ਘਰ ਨੂੰ ਪਹਿਲਾਂ ਹੀ ਤੇਗਲੀ ਧਰ ਰੱਖੀ ਸੀ। ਸੁਰਤੀ ਦੀ ਸ਼ਹਿ ਨੇ ਇਹ ਰਾਹ ਹੋਰ ਸੌਖਾ ਕਰ ਦਿੱਤਾ।

ਪਤਨੀ ਦੀ ਮੌਤ ਮਗਰੋਂ ਹਰ ਸ਼ਿਆਹੀ ਸਫ਼ੈਦੀ ਬਾਰਾ ਸਿਹੁੰ ਨੇ ਨਿੰਦਰ 'ਤੇ ਸਿੱਟੀ ਰੱਖੀ ਸੀ। ਉੱਨੀ ਕਰੇ, ਇੱਕੀ ਕਰੇ। ਗੁਰਮੇਜੋ ਤਾਂ ਨਿਰੀ ਗਊ ਸੀ। ਕੁੜੀਆਂ ਘਰ ਦਾ ਧੰਦਾ ਓਟ ਤਾਂ ਸੱਕਦੀਆਂ ਸਨ ਪਰ ਪਰਾਏ ਘਰ ਉੱਠ ਜਾਣ ਦੀ ਆਸ ਵਿਚ ਮੂੰਹ ਸੀਤੀ ਬੈਠੀਆਂ ਸਨ। ਇਕ ਉਹ ਆਪ ਸੀ, ਜਿਸ ਸਾਰੀ ਉਮਰ ਘਾਹ ਨਾਲ ਬੂਟ ਬੰਨ੍ਹਦਿਆਂ ਹੀ ਗੁਜ਼ਾਰ ਦਿੱਤੀ ਸੀ।

ਬਾਰਾ ਸਿਹੁੰ ਤਾਂ ਨਿੱਤ ਡੰਗ ਦੇ ਬਾਅ ਮਰਨ ਵਾਲੇ ਮੁੰਡਿਆਂ ਵਾਂਗ, ਹਰ ਰੋਜ਼ ਸੁਰਤੀ ਦੀ ਮੌਤ ਦੀ ਖ਼ਬਰ ਉਡੀਕਦਾ ਸੀ। ਪਰ ਕਈ ਵੇਰੀਂ ਉਹ ਪਿੰਡ ਵਿਚੋਂ ਹੋਰ ਦੀਆਂ ਹੋਰ ਹੀ ਅਵਾਈਆਂ ਸੁਣਦਾ।

ਕੋਈ ਕਹਿੰਦਾ ਸ਼ਾਹ ਕੇ ਟੱਬਰ ਨੇ ਗਹਿਣੇ ਪਈ ਜ਼ਮੀਨ ਦੇ ਕਾਗਜ਼ ਤਾਂ ਮੋੜੇ ਹੀ ਸਨ, ਡਰਦਿਆਂ ਕੁਝ ਰਕਮ ਵੀ ਹੱਥੋਂ ਦਿੱਤੀ ਸੀ। ਕੋਈ ਕਹਿੰਦਾ, ਸੁਰਤੀ ਤੇ ਮੀਕੇ ਨੇ ਸਭ ਤੋਂ ਚੋਰੀ, ਅੰਦਰਖਾਤੇ ਕੋਈ ਕਾਰੋਬਾਰ ਵਿੱਢ ਲਿਆ ਸੀ। ਜਿੰਨੇ ਮੂੰਹ ਓਨੀਆਂ ਗੱਲਾਂ।

ਕਈ ਵੇਰੀਂ ਬਾਰਾ ਸਿਹੁੰ ਗਵੇੜ ਲਾਉਣ ਲੱਗਦਾ ਤਾਂ ਹੋਰ ਦਾ ਹੋਰ ਈ ਸੋਚੀ ਜਾਂਦਾ। ਉਹਨੂੰ ਬੀਤੀਆਂ ਗੱਲਾਂ ਯਾਦ ਆਉਂਦੀਆਂ...।

ਪਿੰਡ ਵਿਚ ਨੌਜਵਾਨ ਸਭਾ ਬਣੀ ਤਾਂ ਇਸੇ ਸੁਰਤੀ ਨੇ ਪਥੇਰਾਂ ਦੇ ਨਜਾਇਜ਼ ਕਬਜ਼ੇ ਹੀ ਤੁੜਵਾ ਦਿੱਤੇ। ਫਿਰਨੀ ਉੱਚੀ ਹੋਣ ਲੱਗੀ ਤਾਂ ਮੁੰਡਿਆਂ ਨੇ ਲੱਕ-ਲੱਕ ਉੱਚੀ ਕਰਕੇ ਹੀ ਸਾਹ ਲਿਆ। ਗਲੀਆਂ ਪੱਕੀਆਂ ਹੋਣ ਲੱਗੀਆਂ ਤਾਂ ਮੁੰਡੇ ਦਿਲਸ਼ੇਰ ਸਿੰਘ ਸਰਪੰਚ ਨੂੰ ਹਿਸਾਬ-ਕਿਤਾਬ ਪੁੱਛਣ ਲੱਗ ਪਏ। ਇਸ ਤੋਂ ਪਹਿਲਾਂ ਕਿ ਪਾਣੀ ਸਿਰੋਂ ਟੱਪਦਾ, ਇਕ ਦਿਨ ਦੀ ਤੂੰ-ਤੂੰ, ਮੈਂ-ਮੈਂ ਪਿਛੋਂ ਦਿਲਸ਼ੇਰ ਸਿੰਘ ਨੇ ਪੁਲਿਸ ਬੰਨ੍ਹ ਲਈ ਤੇ ਬਾਂਹ 'ਤੇ ਟੱਕ ਲਾ ਕੇ ਇਸਤਗਾਸਾ ਮੁੰਡਿਆਂ ਸਿਰ ਮੜ੍ਹ ਦਿੱਤਾ।

ਦਿਲਸ਼ੇਰ ਨਾਲ ਬਾਰਾ ਸਿਹੁੰ ਦਾ ਬਹਿਣ ਉੱਠਣ ਸੀ। ਸੁਰਤੀ ਨੂੰ ਲੱਗਾ, ਸਾਜ਼ਿਸ਼ ਦਿਲਸ਼ੇਰ ਨੇ ਨਹੀਂ, ਉਹਦੇ ਪਿਓ ਨੇ ਕੀਤੀ ਸੀ।

"ਜੇ ਝੂਠ ਐ... ਤੁਸੀਂ ਗੁਆਹੀ ਦਿਉ ਉਸ ਕੰਜਰ ਦੇ ਖ਼ਿਲਾਫ਼।"

ਨਿੰਦਰ ਨੇ ਬਲਦੀ 'ਤੇ ਪੂਲਾ ਸਿੱਟਿਆ ਤੇ ਪਿਉ ਪੁੱਤ ਵਿਚਾਲੇ ਅੱਗ ਦੀ ਲੀਕ ਖਿੱਚ ਦਿੱਤੀ। ਫਿਰ ਤਾਂ ਚੱਲ ਸੋ ਚੱਲ।

ਇਕ ਦਿਨ ਪਿੰਡ ਆਇਆ ਸੁਰਤੀ ਕੋਠੇ 'ਤੇ ਫਿਰਦਾ ਕੇਸ ਸੁਕਾ ਰਿਹਾ ਸੀ।

"ਪੁੱਤ ਇਉਂ ਸੋਭਾ ਦਿੰਦੇ? ਗੁਆਂਢੀਆਂ ਵਿਹੜੇ ਝਾਤੀ ਵੱਜਦੀ ਐ।" ਬਾਰਾ ਸਿਹੁੰ ਕਿਹਾ।

"ਕੀ ਗੱਲ ਇਹ ਲੁੱਚਾ-ਲੰਡੈ? ਆਪਣੇ ਤਾਂ ਡੁੱਟੀ ਅੱਖ ਨੀ ਭਾਉਂਦੇ, ਗੁਆਂਢੀਆਂ ਦਾ ਹੇਜ ਆ ਗਿਆ।" ਨਿੰਦਰ ਚੀਕੀ।



ਬਾਰਾ ਸਿਹੁੰ ਜਾਣਦਾ ਸੀ। ਇੱਜ਼ਤਦਾਰ ਤਾਂ ਇੱਜ਼ਤੋਂ ਡਰਿਆ, ਮੂਰਖ ਆਖੇ ਮੈਥੋਂ ਡਰਿਆ, ਪਰ ਉਹ ਸਾਰੀ ਹੇਠੀ ਵਿਚੇ ਵਿਚ ਪੀ ਗਿਆ।

ਅਗਲੀ ਸਵੇਰ ਉਹਨੇ ਵਿਹੜੇ ਵਿਚ ਦੋ ਓਪਰੇ ਮੁੰਡੇ ਖੜ੍ਹੇ ਦੇਖੇ।

"ਕੀ ਗੱਲ ਬਜ਼ੁਰਗਾ! ਬੜਾ ਮੁੰਡੇ ਨੂੰ ਅਬਾ-ਤਬਾ ਬੋਲਦਾ ਸੀ?"

ਬਾਰਾ ਸਿਹੁੰ ਨੂੰ ਗੁੱਸਾ ਆਇਆ।

"ਦੇਖ! ਹੁਣ ਤਕ ਤਾਂ ਜੋ ਹੋਈ ਠੀਕ... ਗਾਹਾਂ ਸਾਡੇ ਸਿੰਘ ਨੂੰ ਸਮਝ ਕੇ ਬੋਲੀਂ।"

ਬਾਰਾ ਸਿਹੁੰ ਦੇ ਕਾਲਜੇ ਪੀੜ ਹੋਈ ਤੇ ਉਹ ਗੁੱਸੇ ਨਾਲ ਪੇਟੀ 'ਚ ਪਈ ਬਾਰਾਂ ਬੋਰ ਦੀ ਰਫ਼ਲ ਵੱਲ ਵਧਿਆ। ਪਰ ਸੁਰਤੀ ਨੇ ਦਰਾਂ ਵਿਚ ਹੀ ਰੋਕ ਲਿਆ।

"... ਇਹ ਮੈਨੂੰ ਵੀ ਚਲਾਉਣੀ ਆਉਂਦੀ ਐ। ਸਮਝਿਆ?" ਤੇ ਉਹ ਪਿਉ ਦੀ ਬਾਂਹ ਝਟਕਦਾ, ਗੁੱਸੇ ਨਾਲ ਬਾਹਰ ਨਿਕਲ ਗਿਆ। ਬਾਰਾ ਸਿਹੁੰ ਕਹਿਣਾ ਚਾਹੁੰਦਾ ਸੀ, "ਜੇ ਬੰਦੇ ਦਾ ਪੁੱਤ ਐਂ, ਮੁੜ ਕੇ ਪੈਰ ਨਾ ਪਾਈਂ।" ਪਰ ਲੱਗਾ, ਬਹੁਤ ਦੇਰ ਹੋ ਚੁੱਕੀ ਸੀ। ਸੁਰਤੀ ਬਹੁਤ ਦੂਰ ਨਿਕਲ ਚੁਕਾ ਸੀ।

ਉਹ ਦਿਨ ਤੇ ਆਹ ਦਿਨ, ਪਿਉ ਪੁੱਤ ਵਿਚਾਲੇ ਵਧਦੀ ਖਾਈ, ਖੁਰਦੇ ਸਿਆੜ ਵੀ ਨਹੀਂ ਸਨ ਪੂਰ ਸਕੇ।

ਦੋ ਕਿੱਲੇ ਸੁਰਤੀ ਦੀ ਪੜ੍ਹਾਈ ਖੋਰ ਗਈ। ਫ਼ਸਲਾਂ ਪੁਲਿਸ ਦੀ ਅੱਖ-ਚੁਭਾਈ ਦੇ ਲੇਖੇ ਲੱਗ ਗਈਆਂ। ਨਿੰਦਰ ਸੋਚਦੀ, ਇਉਂ ਸਿਆੜਾਂ ਨੂੰ ਲੱਗਾ ਖੋਰਾ ਪਤਾ ਨਹੀਂ ਕਿੱਥੇ ਜਾ ਕੇ ਰੁਕੇ।

"ਉਹ ਕਿਵੇਂ?" ਮੀਕਾ ਤੜਪ ਕੇ ਪੁੱਛਦਾ।

"ਰਿਹਾ ਨਾ ਬੁੱਧੂ ਦਾ ਬੁੱਧੂ? ਦੇਖ! ਸੁਰਤੀ ਨੂੰ ਰੱਖ ਪਾਸੇ, ਰਹੇ ਗੁਰਮੇਜੋ ਅਤੇ ਤਾਰੂ ਮੰਨ ਲਉ, ਕੁੜੀਆਂ ਸਾਂਝੇ ਘਰ 'ਚੋਂ ਬਿਲੇ ਲੱਗ ਗਈਆਂ। ਇਉਂ ਉਹ ਦੋਵੇਂ ਜੀਅ ਤਾਂ ਆਪਦੀ ਪੂਰੀ ਢੇਰੀ ਦੇ ਮਾਲਕ ਬਣੇ ਰਹੇ ਕਿ ਨਾ? ਹੁਣ ਤੂੰ ਸੋਚ, ਆਪਣੇ ਐ ਦੋ ਪੁੱਤ। ਸਾਡੀ ਢੇਰੀ ਤਾਂ ਅੱਗੋਂ ਤਿੰਨ ਥਾਈਂ ਵੰਡੀ ਜਾਊ... ਉਤੋਂ ਬੁੜ੍ਹੇ ਦਾ ਕੀ ਪਤਾ, ਕਿੱਧਰ ਡੱਕਾ ਸਿੱਟੇ।"

"ਇਸ ਹਿਸਾਬ ਤਾਂ ਆਪਾਂ ਸਭ ਤੋਂ ਵੱਧ ਘਾਟੇ ਵਿਚ ਰਹੇ।"

"ਉਹ ਵੀ ਤਦ ਜੇ ਸੁਰਤੀ ਦਬਕੇ ਨਾਲ ਛੁਡਾਈ ਪੈਲੀ ਸਾਂਝੇ ਥਾਂ ਮੋੜੂ ਤਦ...। ਨਹੀਂ ਪਿੱਛੇ ਕੀ ਬਚਿਆ?"

ਕਈ ਵੇਰੀਂ ਲੱਗਦਾ ਉਹ ਕਿਸੇ ਹਨੇਰੇ ਵਿਚ ਭਟਕ ਰਹੇ ਸਨ। ਪਰ ਉਹ ਸੋਚਦੇ, ਜੇ ਇਸ ਹਨੇਰੇ ਵਿਚ ਕੋਈ ਆਸ ਦੀ ਕਿਰਨ ਬਾਕੀ ਸੀ ਤਾਂ ਕੇਵਲ ਇਕੋ ਕਿ ਕਦੇ ਨਾ ਕਦੇ ਭੁੱਲਿਆ ਭਟਕਿਆ ਸੁਰਤੀ ਉਨ੍ਹਾਂ ਕੋਲ ਪਰਤ ਸਕਦਾ ਸੀ। ਪਰ ਸੁਰਤੀ ਪਰਤ

ਕੇ ਵੀ ਕੀ ਉਨ੍ਹਾਂ ਕੋਲ ਪਰਤ ਸਕਦਾ ਸੀ ? ਇਸ ਦਾ ਯਕੀਨ ਨਹੀਂ ਸੀ। ਕਿਉਂਕਿ ਵਾਹੀ ਨੂੰ ਉਹ ਕੋਰੀ ਬਕਵਾਸ ਵਰਗੀ ਚੀਜ਼ ਸਮਝਦਾ। ਨਿਰੀ ਜੱਟ ਹਉਮੈ। ਪਹਿਲਾਂ ਮਿੱਟੀ 'ਚ ਰੁਪਈਏ ਬੀਜੋ, ਫੇਰ ਦਾਣੇ ਦਾਣੇ 'ਚੋਂ ਕੱਠੇ ਕਰਦੇ ਫਿਰੋ...। "ਬੰਦੇ ਕੋਲ ਪੈਸਾ ਹੋਵੇ...।" ਉਹ ਹੱਥ ਨੂੰ ਹਵਾ ਵਿਚ ਲਹਿਰਾ ਕੇ ਆਖਦਾ, "ਐਧਰੋਂ ਝੋਕੋ... ਓਧਰੋਂ ਦੂਣਾ ਕੱਢ ਲਉ।"

ਬਾਰਾ ਸਿਹੁੰ ਇਸ ਤੋਂ ਉਲਟ ਸੋਚਦਾ। "ਭਲਾ ਭੁਏਂ ਬਿਨਾਂ ਜੱਟ ਦੀ ਕਾਹਦੀ ਜੂਨ ?"

ਪਰ ਕੱਲ੍ਹ ਤਾਂ ਰਹਿਦੀ ਵੀ ਸਿਰੇ ਲੱਗ ਗਈ।

ਅਚਾਨਕ ਪੁਲਿਸ ਜਿਪਸੀ ਵਿਚ ਸੁਆਰ ਸੁਰਤੀ ਪਿੰਡ ਵਿਚ ਆ ਖੜ੍ਹਿਆ। ਸਭ ਹੈਰਾਨ ਰਹਿ ਗਏ। ਪਿੰਡ ਤਾਂ ਓਸ ਨੂੰ ਕਿਸੇ ਮੁਕਾਬਲੇ 'ਚ ਮਰਿਆ ਕਿਆਸ ਰਿਹਾ ਸੀ। ਅੱਗੋਂ ਸੁਰਤੀ ਕਿਹੜਾ ਘੱਟ ਸੀ। ਨਾ ਸੱਤ ਨਾ ਕੁਸੱਤ... ਦੂਹੋ ਦੂਹ ਕਰਦਾ ਪਿੰਡ ਵਿਚ ਆਇਆ। ਘੜੀ ਦੀ ਘੜੀ ਪੁਲਿਸ ਜਿਪਸੀ ਸੱਥ 'ਚ ਰੁਕੀ... ਫਿਰ ਘਰ ਮੂਹਰੇ ਆ ਖੜ੍ਹੀ। ਉਹਨੂੰ ਸਾਮ੍ਹਣੇ ਖੜ੍ਹਿਆ ਦੇਖ ਗੁਰਮੇਜੋ ਪਿਆਰ ਦੇਣ ਲਈ ਅੱਗੇ ਵਧੀ ਪਰ ਨਾਲ ਪੁਲਿਸ ਨੂੰ ਦੇਖ ਝਿਜਕ ਗਈ। ਬਾਰਾ ਸਿਹੁੰ ਨੂੰ ਇਕ ਘੜੀ ਸੌਚ ਹੀ ਨਾ ਆਇਆ। ਪੁੱਤਰ ਨੂੰ ਸਾਲਮ ਸਬੂਤਾ ਦੇਖ ਉਹਦੀਆਂ ਅੱਖਾਂ ਵਿਚ ਨਮੀ ਉਤਰ ਆਈ ਤੇ ਉਹਦਾ ਗਲਾ ਭ੍ਰੇਦ ਗਿਆ।

"ਉੱਡ ਗਏ ਹੋਸ਼ ! ਤੁਸੀਂ ਤਾਂ ਕਿਹਾ ਹੋਊ ਮਰ ਖੱਪ ਜਾਊ ਤਾਂ ਪੈਲੀ ਸਾਂਭਾਂਗੇ। ਪਰ ਬਜ਼ੁਰਗਾ ਹਾਲੇ ਨੀ ਜੱਟ ਮਰਦਾ!" ਉਹ ਵਾਢ੍ਹਵਾਂ ਬੋਲਿਆ।

ਬਾਰਾ ਸਿਹੁੰ ਦਾ ਦਿਲ ਕੀਤਾ, ਉਹਦੇ ਵੱਸ ਵਿਚ ਹੁੰਦਾ ਤਾਂ ਸੀਨਾ ਚੀਰ ਕੇ ਵਿਖਾਉਂਦਾ ਅਤੇ ਕਹਿਦਾ, "ਮੂਰਖਾ ! ਦੇਖ ਮੈਂ ਤੇਰੇ ਲਈ ਕਿੰਨਾ ਤੜਪਦਾ।"

ਪਰ ਤਦੇ ਮੀਕਾ ਬੋਲਿਆ, "ਬਾਪੂ ! ਹਿਸਾ ਮੰਗਦੇ ਸੁਰਤੀ ਆਪਦਾ... ਕਹਿਦੇ ਜਿਹੜੇ ਚਾਰ ਸਿਆੜ ਮੇਰੇ ਹਿੱਸੇ ਆਉਂਦੇ ਐ ਉਹ ਮੇਰੇ ਹੱਥ ਫੜਾਓ...", ਫਿਰ ਉਹਨੇ ਖੰਘੂਰ ਕੇ ਗਲਾ ਸਾਫ਼ ਕੀਤਾ ਤੇ ਪੁਲਸੀਆਂ ਵੱਲ ਝਾਕਦਾ ਬੋਲਿਆ, "ਜਦ ਅਸੀਂ ਇਹਦੇ ਦੁਖ ਸੁਖ ਦੇ ਈ ਭਾਈਵਾਲ ਨਾ ਬਣੇ ਤਾਂ ਇਹੀ ਕੁਝ ਹੋਊ।"

ਬਾਰਾ ਸਿਹੁੰ ਦੀ ਦੇਹ ਵਿਚੋਂ ਜਿਵੇਂ ਕੁਝ ਚੀਰਦਾ ਲੰਘਿਆ। ਗੁੱਸੇ ਵਿਚ ਉਹ ਕੰਬਣ ਲੱਗ ਪਿਆ। ਪਰ ਛੇਤੀ ਉਹ ਸੰਭਲ ਗਿਆ ਅਤੇ ਬੋਲਿਆ, "ਜਾਓ ਪੁੱਤ ਪਹਿਲਾਂ ਪਾਣੀ ਧਾਣੀ ਪੀਉ... ਫੇਰ ਕਰਦੇ ਆਂ ਗੱਲ...।"

"ਸ਼ੁਕਰ ਐ ਦਾਤਿਆ!' ਉਹਨੇ ਮਨ ਹੀ ਮਨ ਸੋਚਿਆ। 'ਤੈਂ ਜੜ੍ਹ ਹਰੀ ਰੱਖ ਲਈ ਏਸ ਟੱਬਰ ਦੀ ...।'

ਗੁਰਮੇਜੋ ਧਾਹ ਕੇ ਅੰਦਰ ਵੱਲ ਲਪਕੀ, ਮੁੜੀ ਤਾਂ ਸੁਰਤੀ ਆਖ ਰਿਹਾ ਸੀ, "ਪਿੰਡ 'ਚ ਤਾਂ ਮੈਂ ਰਹਿਦਾ ਨਹੀਂ ਤ੍ਰੀਹੋ ਕਾਲ... ਰਹੀ ਗੱਲ ਮੇਰੇ ਹਿੱਸੇ ਦੀ, ਆਪਦਾ ਛੱਡਦਾ ਨੀਂ...



ਭਤੋਂ ਮੰਗਦਾ ਨੀਂ।" ਫਿਰ ਉਹ ਹੁਕਮੀਆਂ ਲਹਿਜੇ 'ਚ ਬੋਲਿਆ। "ਪਰਸੋਂ ਸਵੇਰੇ ਮੈਂ ਫੇਰ ਆਊਂ... ਚਾਹੇ ਬਰ੍ਹੇ ਵੰਡ ਲਿਉ, ਚਾਹੇ ਗਹਿਣੇ ਪਾ ਲਿਉ।"

ਉਸ ਰਾਤ ਪਿੰਡ ਵਿਚ ਇਕੋ ਗੱਲ ਚਿੱਥੀ ਗਈ ਕਿ ਸੁਰਤੀ ਦੀ ਪੁਲਿਸ-ਵਰਦੀ ਅਸਲੀ ਸੀ ਕਿ ਨਕਲੀ ? ਪਰ ਮੀਕੇ ਦੇ ਭੁੱਟ ਪੈਣ 'ਤੇ ਇਹ ਬੁਝਾਰਤ ਛੇਤੀ ਹੀ ਬੁੱਝੀ ਗਈ।

ਅਸਲ ਵਿਚ ਸੁਰਤੀ ਕਿਸੇ ਤਫ਼ਤੀਸ਼ੀ ਕੁੱਟ ਵਿਚ ਵਾਅਦਾ ਮੁਆਫ਼ ਗੁਆਹ ਬਣ ਗਿਆ ਸੀ।

ਉਹਦਾ ਆਪਣਾ ਜੁਰਮ ਕੋਈ ਵੱਡਾ ਨਹੀਂ ਸੀ ਤੇ ਉਹ ਪੁਲਿਸ ਲਈ ਕੰਮ ਕਰਨ ਲੱਗਾ ਸੀ। ਉਹਦੇ ਇਕ ਨੇੜਲੇ ਪੁਲਿਸ ਅਫ਼ਸਰ ਨੇ ਉਹਦੀ ਕਾਰਗੁਜ਼ਾਰੀ ਅਤੇ ਯੋਗਤਾ ਸਮੇਤ ਹਿੱਸੇ ਆਉਂਦੇ ਫ਼ਲਿਆਂ ਨੂੰ ਆਪਣੀ ਇਕ ਵਿਧਵਾ ਭੈਣ ਦਾ ਸਾਕ ਦੇ ਕੇ ਉਹਨੂੰ ਮਾਰੂ ਗਾਰ ਵਿਚੋਂ ਕੱਢ ਲਿਆ ਸੀ।

"ਸ਼ੁਕਰ ਕਰ ਬਾਰਾ ਸਿਹਾ ! ਪੁੱਤ ਫ਼ੀਤੀ ਲਾਈ ਫਿਰਦੈ।" ਲੋਕਾਂ ਕਿਹਾ।

"ਕਾਹਦਾ ਸ਼ੁਕਰ ਕਰਾਂ ? ਪਹਿਲਾਂ ਉਹ ਲੁੱਕ ਕੇ ਮਾਰਨ ਵਾਲਿਆਂ ਵੱਲ ਸੀ... ਹੁਣ ਸਰ੍ਹੀਣ ਧੋਕਾ ਕਰਨ ਵਾਲਿਆਂ ਨਾਲ ਜਾ ਖੜ੍ਹਿਆ।" ਉਹ ਕਲਪ ਕੇ ਆਖਦਾ।

ਉਸ ਰਾਤ ਸੁਰਤੀ ਤਾਂ ਚਲਾ ਗਿਆ ਪਰ ਨਿੰਦਰ ਅਤੇ ਮੀਕਾ ਕੋਠਿਆਂ 'ਤੇ ਲਿਟਣ ਵਰਗੇ ਹੋ ਗਏ। ਉਨ੍ਹਾਂ ਰਾਤ ਘਰ ਘਰ ਫਿਰ ਕੇ ਲੰਘਾ ਦਿੱਤੀ ਤੇ ਇਸ ਗੱਲ ਲਈ ਬਜ਼ਿਦ ਹੋ ਗਏ ਕਿ ਘਰ ਵੰਡੇ ਜਾਣ ਤੋਂ ਬਿਨਾਂ ਕੋਈ ਚਾਰਾ ਹੀ ਨਹੀਂ ਸੀ।

ਬਾਰਾ ਸਿਹੁੰ ਲਈ ਇਹ ਸਭ ਕੁਝ ਅਸਹਿ ਸੀ। ਉਹਦੀਆਂ ਅੱਖਾਂ ਸਾਹਵੇਂ ਘਰ ਖੇਰੂੰ-ਖੇਰੂੰ ਹੋ ਰਿਹਾ ਸੀ। ਪਰ ਕੋਈ ਚਾਰਾ ਨਹੀਂ ਸੀ। ਉਸ ਮਨ ਸਮਝਾ ਲਿਆ। ਉਹਨੂੰ ਪਛਤਾਵਾ ਹੋਇਆ ਕਿ ਉਹਨੇ ਤਾਅ ਵਿਚ ਆ ਕੇ ਖ਼ਾਹਮਖ਼ਾਹ ਸੁਰਤੀ ਨੂੰ ਬਦਦੁਆ ਦਿੱਤੀ ਸੀ।

ਅਗਲੇ ਦਿਨ ਬਾਰਾ ਸਿਹੁੰ ਦੇ ਘਰ ਪੰਚਾਇਤ ਜੁੜ ਗਈ।

ਬਾਰਾ ਸਿਹੁੰ ਨੇ ਆਪਣੇ ਹਸ਼ਰ ਬਾਰੇ ਇਉਂ ਕਦੇ ਵੀ ਨਹੀਂ ਸੀ ਸੋਚਿਆ। ਪਰ ਉਹ ਘਰ ਵਿਚ ਪਰ੍ਹੇ ਜੁੜਨ ਤਕ ਕਾਫ਼ੀ ਸ਼ਾਂਤ ਸੀ। ਉਸਨੇ ਮਨ ਹੀ ਮਨ ਵਿਚ ਧਾਰ ਲਈ ਸੀ ਕਿ ਕੁਝ ਵੀ ਹੋ ਜਾਵੇ ਉਹ ਸੁਰਤੀ ਅਤੇ ਮੀਕੇ ਪ੍ਰਤੀ ਉਦਾਰ ਚਿੱਤ ਬਣਿਆ ਰਹੇਗਾ।

ਉਹਨੂੰ ਇਕ ਤਰ੍ਹਾਂ ਸੁਰਤੀ ਅਤੇ ਮੀਕੇ 'ਤੇ ਤਰਸ ਵੀ ਆਉਂਦਾ ਸੀ। ਉਹ ਸੋਚਦਾ ਇਹ ਕਿਹੀ ਨੌਜਵਾਨ ਪੀੜ੍ਹੀ ਸੀ, ਜਿਸ ਵਿਚ ਹੰਕਾਰ, ਗੁੱਸਾ ਅਤੇ ਸੁਆਰਥ ਕੁੱਟ-ਕੁੱਟ ਭਰਿਆ ਹੋਇਆ ਸੀ। ਜਿਹੜੀ ਕੁਝ ਖੋਹ ਲੈਣ ਨੂੰ ਹੀ ਵੱਡਾ ਹੋਣਾ ਸਮਝਦੀ ਸੀ। ਪਰ ਬਾਰਾ ਸਿਹੁੰ ਨੇ ਕੁਝ ਦੇ ਕੇ ਵੱਡਾ ਹੋਣ ਦਾ ਰਾਹ ਲੱਭ ਲਿਆ ਅਤੇ ਸੋਚਿਆ, ਜਦੋਂ ਵੀ ਕਿਸੇ ਨੇ ਉੱਠ ਕੇ ਘਰ ਅਤੇ ਜ਼ਮੀਨ ਵੰਡਣ ਬਾਰੇ ਕਹਿਣਾ ਸੀ ਅਤੇ ਬਾਰਾ ਸਿਹੁੰ ਨੇ 'ਸੱਤ ਬਚਨ'

ਕਹਿ ਕੇ ਗੱਲ ਖ਼ਤਮ ਕਰ ਦੇਣੀ ਸੀ।

ਪਰ ਹੈਰਾਨੀ ਦੀ ਗੱਲ ਸੀ ਕਿ ਇਕ ਘੰਟੇ ਤੋਂ ਲੋਕ ਆ ਕੇ ਬੈਠਦੇ ਜਾ ਰਹੇ ਸਨ ਪਰ ਕੋਈ ਗੱਲ ਹੀ ਨਹੀਂ ਸੀ ਸ਼ੁਰੂ ਕਰ ਰਿਹਾ। ਕੁਝ ਲੋਕ ਜੋ ਬਾਰਾ ਸਿਹੁੰ ਨਾਲ ਅੰਦਰਖਾਤੇ ਖ਼ਾਰ ਖਾਂਦੇ ਸਨ, ਉਹ ਵੀ ਕਿੜ ਕੱਢਣ ਲਈ ਆਏ ਬੈਠੇ ਸਨ। ਅਜਿਹੇ ਲੋਕਾਂ ਵਿਚੋਂ ਵੀ ਕੋਈ ਬੋਲਣ ਦੀ ਪਹਿਲ ਨਹੀਂ ਸੀ ਕਰ ਰਿਹਾ।

ਬਾਰਾ ਸਿਹੁੰ ਖ਼ੁਦ ਉਡਵੀਂ ਜਿਹੀ ਨਜ਼ਰ ਚੁਫੇਰੇ ਦੇਖਦਾ ਅਤੇ ਨੀਵੀਂ ਪਾ ਲੈਂਦਾ। ਅੰਦਰੇ ਅੰਦਰ ਉਹਦਾ ਖ਼ੂਨ ਖੌਲਦਾ ਤਾਂ ਉਹ ਸਾਵਾਂ ਹੋਣ ਦੀ ਕੋਸ਼ਿਸ਼ ਕਰਦਾ। ਜਿਹੜੇ ਸ਼ਰੀਕਾਂ ਨੂੰ ਉਸ ਹਮੇਸ਼ਾ ਜੁੱਤੀ ਥੱਲੇ ਠੋਕ ਕੇ ਰੱਖਿਆ ਸੀ, ਅੱਜ ਸੁਰਤੀ ਦੀ ਹਉਮੈ ਕਾਰਨ ਚਿਰਗੜ੍ਹੀਆਂ ਕਰਨ ਲਈ ਬੈਠੇ ਸਨ।

ਵਿਚ ਨੂੰ ਉਸਦਾ ਦਿਲ ਕੀਤਾ ਉਹ ਉੱਠ ਕੇ ਕਹੇ, "ਕੱਠ ਵਾਲੇ ਜ਼ਮਾਨੇ ਗਏ ਭਾਊ... ਜਦੋਂ ਪਿਉ ਦੀ ਸਿੜ੍ਹੀ ਤਕ ਪੁੱਤ ਸਿਰ ਜੋੜੀ ਰੱਖਦੇ ਸੀ। ਇਹ ਤਾਂ ਉਹ ਗੱਲ ਐ... ਅਖੇ ਕੁਝ ਬਾਂਦਰ, ਕੁਝ ਹੱਥ ਸੜ ਗਏ। ਮੁੰਡਪੁਣਾ ਤਾਂ ਅੱਗੇ ਈ ਨ੍ਹੀ ਸੀ ਮਾਣ... ਉੱਤੋਂ ਆਹ ਬਰਦੀ ਦਾ ਵਰੂਰ...।"

ਚੁੱਪ ਉਹਦੇ ਮੱਥੇ ਟੱਸ-ਟੱਸ ਕਰਕੇ ਵੱਜਣ ਲੱਗੀ।

ਸੁਰਤੀ ਅਤੇ ਮੀਕਾ ਕਈ ਵੇਰੀਂ ਗੱਲ ਸ਼ੁਰੂ ਕਰਨ ਲਈ ਘੁਗੀ ਵੱਟ ਬੈਠੇ ਸਨ, ਪਰ ਕਿਸੇ ਨੂੰ ਗੱਲ ਛੋਹਣ ਦਾ ਹੀਆ ਨਹੀਂ ਸੀ ਪੈ ਰਿਹਾ। ਹਰ ਕਿਸੇ ਨੂੰ ਮਹਿਸੂਸ ਹੁੰਦਾ, ਕੁਝ ਵੀ ਕਿਹਾ ਤਾਂ ਬਾਰਾ ਸਿਹੁੰ ਨਾਲ ਧੱਕਾ ਹੋਇਆ ਲੱਗਣਾ ਸੀ।

ਚੁੱਪ ਗਹਿਰੀ ਹੋ ਗਈ ਤਾਂ ਸਿਆਣੇ ਬੰਦਿਆਂ ਨੂੰ ਜਾਪਿਆ, ਇਹ ਚੁੱਪ ਸਾਧਾਰਨ ਨਹੀਂ ਸੀ। ਇਸ ਚੁੱਪ ਦਾ ਜ਼ਹਿਰ ਜਾਂ ਤਾਂ ਸੁਰਤੀ ਦੀਆਂ ਤਿਉੜੀਆਂ 'ਚ ਕਿਧਰੇ ਵਲਿੱਸ ਰਿਹਾ ਸੀ ਜਾਂ ਫਿਰ ਨਿੰਦਰ ਦੀਆਂ ਗਿਣਤੀਆਂ-ਮਿਣਤੀਆਂ ਵਿਚ ਸਹਿਕ ਰਿਹਾ ਸੀ।

ਬਾਰਾ ਸਿਹੁੰ ਦਾ ਮਨ ਸਹਿਜ ਸੀ। ਨਾ ਦ੍ਵੈਖ ਨਾ ਰੰਜਿਸ਼।

ਰਹਿ ਰਹਿ ਕੇ ਉਹਨੂੰ ਚੁੱਪੀ ਸਾਧੀ ਬੈਠੇ ਲੋਕਾਂ 'ਤੇ ਤਰਸ ਆਉਂਦਾ। ਬਾਰਾ ਸਿਹੁੰ ਸੋਚਦਾ, ਸੁਰਤੀ ਦਾ ਜ਼ਮੀਨ ਜਾਇਦਾਦ 'ਤੇ ਹੱਕ ਕਿਵੇਂ ਬਣਦਾ ਸੀ? ਸਿਰਫ਼ ਇਸ ਲਈ ਕਿ ਉਹ ਬਾਰਾ ਸਿਹੁੰ ਦਾ ਪੁੱਤ ਸੀ? ਪਰ ਪੁੱਤ ਉਹ ਕਿੱਥੇ ਬਣਿਆ ਸੀ? ਅਤੇ ਹੁਣ ਜਦ ਕਿ ਪਿੰਡ ਦਾ ਹਰ ਤਮਾਸ਼ਬੀਨ ਉਸ ਦਾ ਮਜ਼ਾਕ ਉਡਾਉਣ ਲਈ ਜੁੜਿਆ ਬੈਠਾ ਸੀ, ਤਾਂ ਬਾਰਾ ਸਿਹੁੰ ਨੇ ਚਾਹਿਆ ਉਹ ਇਸ ਚੁੱਪ ਨੂੰ ਤੋੜਨ ਲਈ ਕਹੇ, "ਲੈ ਬਈ ਲੋਕਾ! ਗੱਲ ਤਾਂ ਗਈ ਮੁੱਕ, ਤੇ ਹੁਣ...।"

ਪਰ ਇਸ ਤੋਂ ਪਹਿਲਾਂ ਹੀ ਪ੍ਰੀਤਮ ਸਿਹੁੰ ਪੰਚ ਨੂੰ ਇਸ ਡਰਾਉਣੀ ਚੁੱਪ ਤੋਂ ਜਿਵੇਂ ਬਚ ਨਿਕਲਣ ਦਾ ਰਾਹ ਲੱਭ ਗਿਆ।...

ਅਚਾਨਕ ਉਸ ਦੀ ਨਜ਼ਰ ਵਿਹੜੇ ਵਿਚਲੀ ਨਿੰਮ ਉੱਤੇ ਲੱਗੇ ਛੁਮਣੇ 'ਤੇ ਜਾ ਪਈ, "ਆਹਾ... ਹਾਹਾ...! ਬਈ ਬੜਾ ਤਕੜਾ ਛੁਮਣਾ ਪਾਲ ਰੱਖਿਐ ਬਾਰਾ ਸਿਹਾਂ!"



ਚੁੱਪ ਵਾਤਾਵਰਣ ਵਿਚ ਪ੍ਰੀਤਮ ਸਿਹੁੰ ਪੰਚ ਦੇ ਬੋਲ, ਸਭ ਦੇ ਸਿਰ ਉੱਤੋਂ ਅੱਗ ਦੇ ਬਾਣ ਵਾਂਗ ਲੰਘੇ। ਪਰ ਇਕ ਸਿਆਣੀ ਉਮਰ ਦੇ ਬੰਦੇ ਨੇ ਰਾਹ ਵਿਚੋਂ ਹੀ ਬੋਚ ਲਏ, "ਕਰਮਾਂ ਵਾਲਾ ਘਰ ਹੁੰਦੈ ਭਾਈ। ਜਿੱਥੇ ਛੁਮਣਾ ਲੱਗਦੈ...।"

ਚੁੱਪ ਟੁੱਟਣ ਲੱਗੀ।

"ਭਾਇਆ ਚੋਇਆ ਨੀ ਇਹ?"

ਇਸ ਵਾਰ ਜਿਵੇਂ ਇਕ ਨਹੀਂ, ਕਈ ਬੋਲੇ ਸਨ। ਤੇ ਬੋਲ ਫਿਰ ਇਕੱਠ ਦੇ ਸਿਰ ਉਤੋਂ ਭੌਂਰਦੇ ਲੰਘੇ ਸਨ। ਅੱਗ ਦੇ ਬਾਣ ਵਾਂਗ ਹੀ; ਪਰ ਇਸ ਵਾਰ ਕਿਸੇ ਹੋਰ ਸ਼ਖ਼ਸ ਦੇ ਬੋਚਣ ਤੋਂ ਪਹਿਲਾਂ ਕੰਧ ਨਾਲ ਢੋਅ ਲਾਈ ਬੈਠੇ ਬਾਰਾ ਸਿਹੁੰ ਦੇ ਮੱਥੇ ਵਿਚ ਜਾ ਕੇ ਸਿਮਟ ਗਏ।

ਬਾਰਾ ਸਿਹੁੰ ਨੇੜਿਓਂ ਅੱਗ ਦਾ ਇਕ ਤੇਜ਼ ਲੰਬ ਉੱਠਿਆ, "ਦੱਸਾਂ ਕਿਉਂ ਨਹੀਂ ਚੋਇਆ?" ਸੇਕ, ਮਿਥ ਕੇ ਮੌਕੇ ਤੇ ਸੁਰਤੀ ਵੱਲ ਵਧਿਆ, "ਏਸ ਲਈ ਪਈ ਡੰਗ ਤਾਂ ਜਰੂ ਇਕ ਜਣਾ, ਤੇ ਸ਼ਹਿਦ ਲਈ ਆ ਖੜੂ ਸਾਰਾ ਟੱਬਰ, ਸੁਣਦੈ...।"

ਸੇਕ ਲੂਹ ਜਾਣ ਵਾਲਾ ਸੀ। ਇਕੋ ਸਮੇਂ ਜਿਵੇਂ ਸੁਰਤੀ ਅਤੇ ਮੀਕੇ ਦੇ ਪਿੰਡਿਉਂ ਸਾੜ ਉੱਠਿਆ। ਉਹਨਾਂ ਤਲਖ਼ੀ ਮਹਿਸੂਸ ਕੀਤੀ। ਉਨ੍ਹਾਂ ਦਾ ਉੱਠ ਕੇ ਤੁਰ ਜਾਣ ਨੂੰ ਜੀਅ ਕੀਤਾ। ਪਰ ਨਿੰਦਰ ਦੀ ਘੂਰੀ ਕਾਰਨ, ਉਹ ਥਾਏਂ ਦੜੇ ਰਹੇ।

'ਕੱਠ ਵਿਚ ਸਿਆਣੇ ਬੰਦੇ ਵੀ ਸਨ। ਉਨ੍ਹਾਂ ਰਹਿੰਦੀ ਚੁੱਪ ਤੋੜਨ ਲਈ ਪੂਰੀ ਵਾਹ ਲਾਈ। ਤੇ ਫਿਰ ਜਿਵੇਂ ਚੁੱਪ ਨੂੰ ਤੋੜਨ ਦੀ ਇਸ ਸਾਂਝੀ ਕੋਸ਼ਿਸ਼ ਵਿਚ ਹਰ ਕੋਈ ਸ਼ਾਮਲ ਹੋ ਗਿਆ।

ਕਿਸੇ ਕਿਹਾ, "ਮੰਤਰ ਮਾਰ ਕੇ ਚੋਂਦੇ ਐ ਛੁਮਣਾ।"

ਕਿਸੇ ਕਿਹਾ, "ਧੂਆਂ ਵੱਡੀ ਦੁਆ ਐ ਇਹਦੀ।"

ਪਰ ਬਹੁਤਿਆਂ ਕਿਹਾ, "ਕੁਝ ਵੀ ਐ, ਛੁਮਣੇ ਦਾ ਸ਼ਹਿਦ ਮਿੱਠਾ ਨਹੀਂ ਹੁੰਦਾ।"

ਸੁਰਤੀ ਲਈ ਇਸ ਸਮੇਂ ਅਜਿਹੀ ਬਕਵਾਸ ਅਸਹਿ ਸੀ। ਉਹ ਤੜਪ ਉੱਠਿਆ। ਇਥੋਂ ਤਕ ਕਿ ਜਿਹੜੇ ਲੋਕ ਉਹਦੀ ਹਮਾਇਤ ਕਰਨ ਦੇ ਇੱਛੁਕ ਸਨ, ਉਹ ਵੀ ਵਿਚੇ ਵਿਚ ਤਲਖ਼ ਹੋ ਗਏ।

ਪਰ ਤਦ ਤਕ ਸ਼ੋਰ ਏਨੇ ਨਾਜ਼ੁਕ ਨੁਕਤੇ 'ਤੇ ਆ ਕੇ ਸਿਮਟ ਗਿਆ ਸੀ ਕਿ ਸੁਰਤੀ ਵੱਲ ਕਿਸੇ ਝਾਕਿਆ ਹੀ ਨਾ। ਕਿਸੇ ਦੇ ਨਿੱਕੇ ਜਿਹੇ ਬੋਲ ਨਾਲ ਸਭ ਦੀਆਂ ਨਜ਼ਰਾਂ, ਦੂਰ ਨੀਵੀਂ ਪਾਈ ਬੈਠੇ ਬਾਰਾ ਸਿਹੁੰ 'ਤੇ ਜਾ ਕੇ ਟਿਕ ਗਈਆਂ। ਕੋਈ ਪੁੱਛ ਰਿਹਾ ਸੀ, "ਭਲਾ ਤਾਇਆ, ਇਹ ਛੁਮਣੇ ਦਾ ਸ਼ਹਿਦ ਮਿੱਠਾ ਕਿਉਂ ਨੀ ਹੁੰਦਾ?"

ਇਸ ਵਾਰ ਬੋਲ ਬਾਰਾ ਸਿਹੁੰ ਨੇ ਰਾਹ ਵਿਚੋਂ ਹੀ ਬੋਚ ਲਏ, "ਦੱਸਾਂ ਕਿਉਂ ਨ੍ਹੀ ਹੁੰਦਾ?" ਉਹ ਹੰਭਲਾ ਮਾਰ ਕੇ ਉੱਠ ਖੜ੍ਹਿਆ ਅਤੇ ਗੜ੍ਹਕਵੀਂ ਆਵਾਜ਼ ਵਿਚ ਬੋਲਿਆ, "ਹੰਕਾਰਿਆ ਹੁੰਦੈ ਇਹ... ਤਾਂ ਨ੍ਹੀ ਹੁੰਦਾ ਮਿੱਠਾ...।"

ਪਲ ਦਾ ਪਲ ਚੁੱਪ ਵਰਤ ਗਈ। ਬਾਰਾ ਸਿਹੁੰ ਨੂੰ ਲੱਗਾ ਜਿਵੇਂ ਏਨੀ ਗੱਲ ਕਹਿੰਦਿਆਂ ਉਹਨੂੰ ਸਾਹ ਚੜ੍ਹ ਗਿਆ ਹੋਵੇ। ਲੋਕ ਇਕ ਦੂਜੇ ਦੇ ਮੂੰਹ ਵੱਲ ਝਾਕੇ। ਪਰ ਅਗਲੇ ਹੀ ਪਲ ਮਹਿਸੂਸ ਹੋਇਆ ਜਿਵੇਂ ਸਾਰੇ ਇਕੱਠ ਵਿਚ ਕੋਈ ਹੁੱਲਾਸ ਵਰਗੀ ਚੀਜ਼ ਤਾਰੀ ਹੋ ਗਈ ਹੋਵੇ।

"ਤੇ ਹੋਰ ਸੁਣ...", ਉਹ ਕਿਸੇ ਜੋਸ਼ ਵਿਚ ਬੋਲਿਆ। ਉਹਨੂੰ ਲੱਗਾ, ਉਹਦੀ ਅਵਾਜ਼ ਕਿਤੋਂ ਬਹੁਤ ਦੂਰੋਂ ਆ ਰਹੀ ਸੀ ਅਤੇ ਅੰਦਰ ਕੋਈ ਚੀਜ਼ ਠਾਠਾਂ ਮਾਰ ਰਹੀ ਸੀ।..."ਜੇ ਹੰਕਾਰ ਇਹਦੇ ਸਿਰ ਨੂੰ ਚੜ੍ਹ ਜੇ ਨਾ... ਤਾਂ ਆਪਣੇ ਵੱਲ ਕਿਸੇ ਦੀ ਉਂਗਲ ਉੱਠੀ ਵੀ ਨ੍ਹੀਂ ਸਹਾਰਦਾ।... ਹੋਰ ਤਾਂ ਹੋਰ, ਜੇ ਇਹਦੇ ਜੀ 'ਚ ਆ ਜਾਵੇ ਤਾਂ ਸਾਰਾ ਸ਼ਹਿਦ ਖਾ ਕੇ ਈ ਉੱਡ ਜੂ...!" ਉਹਨੇ ਸੁਰਤੀ ਦੀਆਂ ਅੱਖਾਂ ਵਿਚ ਸਿੱਧਾ ਝਾਕਿਆ ਅਤੇ ਫਿਰ ਪਰੇ ਖੁਰਲੀ 'ਤੇ ਬੈਠੇ ਤਾਰੂ ਵੱਲ ਦੇਖਦਾ ਬੋਲਿਆ, "ਤੇ ਪੁੱਤ! ਇਕ ਹੁੰਦੀ ਐ ਮਾਖਿਉਂ ਦੀ ਛੋਟੀ ਮੱਖੀ ... ਸੀਲ! ਜਿਹੜੀ ਪਾਣੀ ਦੀ ਚੂਲੀ ਦੀ ਵੀ ਆਨ ਮੰਨਦੀ ਐ... ਤੇ ਖੱਗਾ ਛੱਡ ਕੇ ਪਰੇ ਹੋ ਜਾਂਦੀ ਐ।" ਫਿਰ ਉਹ ਇਕੱਠ ਦੇ ਉੱਤੋਂ ਦੀ ਝਾਕਦਾ, ਬਾਂਹ ਨੂੰ ਹਵਾ ਵਿਚ ਲਹਿਰਾ ਕੇ ਬੋਲਿਆ, "ਲੈ ਬਈ ਪਿੰਡਾ! ਥੋਨੂੰ ਸਿਰੇ ਦੀ ਦੱਸਾਂ? ਕਹਿੰਦੇ, ਛੱਤਾ ਭਾਗਾਂ ਆਲੇ ਦੇ ਘਰ ਲਗਦੈ...। ਮੈਂ ਕਹਿਨਾ ਐਸ ਜੁੱਗ 'ਚ ਤਾਂ ਛੱਤਾ ਕਿਸੇ ਦੁਸ਼ਮਣ ਦੇ ਵੀ ਨਾ ਲੱਗੇ!"

ਪਲ ਦਾ ਪਲ ਸੁੰਨ ਵਰਤ ਗਈ।

ਫਿਰ ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਘਰ ਵਿਚ ਪੰਚਾਇਤ ਆਈ ਬੈਠੀ ਸੀ ਅਤੇ ਹੋਰ ਘੜੀ ਪਲ ਨੂੰ ਘਰ ਦਾ ਤੀਲ੍ਹਾ-ਤੀਲ੍ਹਾ ਵੰਡਿਆ ਜਾਣਾ ਸੀ, ਉਹਨੇ ਇਕ ਨਜ਼ਰ ਸਾਰੇ ਇਕੱਠ ਨੂੰ ਹਕਾਰਤ ਨਾਲ ਦੇਖਿਆ ਅਤੇ ਬਿਨਾਂ ਕੁਝ ਕਹੇ ਕਿਸੇ ਜੇਤੂ ਜਿਹੀ ਸ਼ਾਨ ਨਾਲ ਤੁਰਦਾ ਘਰ ਤੋਂ ਬਾਹਰ ਚਲਿਆ ਗਿਆ। •



## ਸੁਰਮਗਤੀ

ਪੁਸ਼ਪੀ ਨਾਲ ਮੇਰੀ ਦੋਸਤੀ ਦੇ ਮੁੱਢਲੇ ਦਿਨ ਸਨ।

ਇਹ ਅਜਿਹੇ ਦਿਨ ਸਨ, ਜਦੋਂ ਕਿਸੇ ਵੀ ਮੁਟਿਆਰ ਕੁੜੀ ਨਾਲ ਖਹਿ ਕੇ ਤੁਰਦਿਆਂ ਪੈਰ ਭੁੰਏ 'ਤੇ ਨਹੀਂ, ਹਵਾ ਵਿਚ ਟਿਕਦੇ ਸਨ।

ਪਾਰਟੀ ਛਹਿੰਦੀਆਂ ਕਲਾਂ ਵਿਚ ਸੀ ਪਰ ਸਾਡੀ ਦੋਸਤੀ ਦੀ ਚੜ੍ਹਤ ਸੀ। ਇਹ ਇਕ ਅਜਿਹਾ ਵੇਗ ਸੀ, ਜਿਸ 'ਚ ਅਸੀਂ ਸੁਭਾਵਕ ਹੀ ਇਕ ਦੂਜੇ ਵੱਲ ਖਿੱਚੇ ਚਲੇ ਗਏ ਸਾਂ। ਇਹ ਨੇੜਤਾ ਕੱਚੀ ਉਮਰ ਦੀ ਭਾਵੁਕਤਾ ਨਹੀਂ ਸੀ। ਅਜਿਹਾ ਢਾਰਸ ਅਸਾਂ ਅਚੇਤ ਹੀ ਇਕ ਦੂਜੇ ਨੂੰ ਦਿੱਤਾ ਸੀ, ਅਤੇ ਕੁਝ ਵਰਜਿਤ ਖ਼ੁੱਲ੍ਹਾਂ ਆਪਣੀ ਜੁਆਨ ਉਮਰ ਦੀ ਮਲਕੀਅਤ ਮੰਨ ਕੇ ਕੁਤਰੇ ਮਨਾਂ ਦੇ ਹਵਾਲੇ ਕਰ ਦਿੱਤੀਆਂ ਸਨ।

ਪਾਰਟੀ ਦੀ ਅੱਖ ਵਿਚ ਨਿਗੂਣੇ ਇਸ਼ਕ ਲਈ ਭਟਕ ਜਾਣਾ ਗ਼ੱਦਾਰੀ ਸੀ ਪਰ ਪੁਸ਼ਪੀ ਲਈ ਮੈਂ ਇਹ ਨਮੋਸ਼ੀ ਖੱਟਣ ਨੂੰ ਤਿਆਰ ਸਾਂ।

ਪਿੱਛੋਂ ਪਤਾ ਲੱਗਾ ਉਹਦਾ ਪੂਰਾ ਨਾਂ ਪੁਸ਼ਪਿੰਦਰ ਸੀ ਤੇ ਉਹ ਗ਼ਦਰੀ ਬਾਬਿਆਂ ਦੀ ਵੰਸ਼ ਵਿਚੋਂ ਸੀ। ਸਾਡੀ ਮੁਲਾਕਾਤ ਇਤਫ਼ਾਕਨ ਹੋਈ ਸੀ ਤੇ ਉਹ ਮੇਰੇ ਵੱਲ ਅਸੁਭਾਵਕ ਜਿਹੀ ਉਲਾਰ ਹੁੰਦੀ ਚਲੀ ਗਈ ਸੀ। ਅਮੀਰ ਘਰ ਦੀ ਧੀ ਹੋਣ ਕਾਰਨ ਮੈਂ ਉਸ ਤੋਂ ਪਾਸਾ ਵੱਟਦਾ ਸਾਂ, ਪਰ ਉਸ ਨੇ ਪਾਰਟੀ ਦੇ ਘੇਰੇ ਵਿਚ ਆ ਕੇ ਮੇਰੇ ਸਾਰੇ ਤੌਖ਼ਲੇ ਦੂਰ ਕਰ ਦਿੱਤੇ ਸਨ।

ਪਾਰਟੀ ਵਿਚ ਹੋਰ ਕੁੜੀਆਂ ਵੀ ਸਨ, ਸੋਹਣੀਆਂ ਵੀ ਤੇ ਸਿਆਣੀਆਂ ਵੀ। ਪਰ ਪੁਸ਼ਪੀ ਸੀ ਕਿ ਚੰਗਿਆੜੇ ਵਾਂਗ ਮੱਚਦੀ ਸੀ। ਉਹ ਹਰ ਕੰਮ ਨੂੰ ਛੇਤੀ ਅਤੇ ਅਮਲੀ ਰੂਪ ਦੇਣ ਲਈ ਤਤਪਰ ਰਹਿੰਦੀ। ਫ਼ੋਕੀ ਦਲੀਲਬਾਜ਼ੀ ਉਹਨੂੰ ਮਹਿਜ਼ ਬਕਵਾਸ ਜਾਪਦੀ; ਉਹ ਉੱਠੋ, ਤੁਰੋ ਤੇ ਕੁਝ ਕਰ ਗੁਜ਼ਰੋ ਦੀ ਕਾਇਲ ਸੀ। ਕਦੇ-ਕਦੇ ਮੈਂ ਸੋਚਦਾ, ਇਹ ਦਲੇਰੀ ਸ਼ਾਇਦ ਉਸਨੂੰ ਪਿਤਾ ਪੁਰਖੀ ਮਿੱਟੀ ਵਿਚੋਂ ਨਸੀਬ ਹੋਈ ਸੀ।

ਪਿਆਰ ਸਬੰਧਾਂ ਬਾਰੇ ਇਕ ਦਿਨ ਉਸ ਨਿਸ਼ੰਗ ਕਿਹਾ।

"ਮੈਂ ਪ੍ਰਤੱਖ ਚੀਜ਼ਾਂ ਵਿਚ ਯਕੀਨ ਰੱਖਦੀ ਹਾਂ। ਲੋਕ ਕੱਲ੍ਹ ਬਾਰੇ ਚਿੰਤਤ ਹਨ। ਮੈਂ ਅੱਜ ਨੂੰ ਮਾਨਣਾ ਚਾਹੁੰਦੀ ਹਾਂ।"

ਉਹ ਨਾ ਡਰਦੀ ਸੀ, ਨਾ ਸੰਗਦੀ ਸੀ। ਉਹਦੀ ਇਹ ਨਿਸ਼ੰਗਤਾ ਬਹੁਤੇ ਪਾਰਟੀ ਵਰਕਰਾਂ ਨੂੰ ਚੰਚਲ, ਵਿਦਰੋਹੀ ਅਤੇ ਕੁਝ ਇਕ ਨੂੰ ਬੁਰਜੁਆਜ਼ੀ ਹਿਪੋਕਰੇਸੀ ਜਾਪਦੀ।

ਜਿਨ੍ਹਾਂ ਪਾਰਟੀ ਵਰਕਰਾਂ ਲਈ ਉਸਦੀ ਨੇਕਤਾ 'ਹੱਥ ਨਾ ਅੱਪੜੇ ਥੂਹ ਕੌੜੀ' ਵਰਗੀ ਸੀ, ਉਹ ਉਸ ਉਤੇ ਸੈਕਸੀ ਹੋਣ ਦਾ ਦੋਸ਼ ਲਾਉਂਦੇ ਤੇ ਪੰਜੀਂ-ਪੰਜੀਂ ਕੋੜ ਅੱਖ ਝਾਕਦੇ।

ਫਿਰ ਵੀ ਸਾਡੇ ਮੋਹ-ਪਿਆਰ ਦੀਆਂ ਗੰਢਾਂ ਪੀਚਣੀਆਂ ਹੁੰਦੀਆਂ ਚਲੀਆਂ ਗਈਆਂ ਸਨ। ਇਥੋਂ ਤੀਕ ਕਿ ਇਕ ਮੀਟਿੰਗ ਦਾ ਏਜੰਡਾ ਹੀ ਸਾਡੇ ਪਿਆਰ ਸਬੰਧਾਂ ਨੂੰ ਲੈ ਕੇ ਛੇੜਿਆ ਗਿਆ। ਅਜਿਹੀ ਨਿੰਦਿਆ ਮੈਨੂੰ ਉਦਾਸ ਕਰ ਦਿੰਦੀ, ਪਰ ਪੁਸ਼ਪੀ ਦੀ ਦਿੱਖ ਵਿਚ ਅੰਤਾਂ ਦੀ ਖਿੱਚ ਅਤੇ ਸਾਥ ਵਿਚ ਅੰਤਾਂ ਦਾ ਨਿੱਘ ਦੇਖ ਕੇ ਮੈਂ ਸਭ ਕੁਝ ਵਿੱਚੇ ਵਿਚ ਜਰ ਜਾਂਦਾ।

ਪਾਰਟੀ ਮੂਹਰੇ ਅਨੇਕਾਂ ਇਨਕਲਾਬੀ ਕਾਰਜ ਸਨ, ਇਸ ਲਈ ਪਾਰਟੀ ਮੁਹੱਬਤ ਨੂੰ ਹਕਾਰਤ ਦੀ ਅੱਖ ਨਾਲ ਦੇਖਦੀ ਸੀ ਅਤੇ ਆਨੀਂ ਬਹਾਨੀਂ ਸਾਨੂੰ ਦੋਹਾਂ ਨੂੰ ਭੰਡਦੀ; ਮੈਂ ਅਜਿਹੀ ਭੰਡੀ ਬਾਰੇ ਪੁਸ਼ਪੀ ਪਾਸ ਤੌਖਲਾ ਪ੍ਰਗਟ ਕਰਦਾ ਤਾਂ ਉਹ ਆਖਦੀ।

"ਇਸ ਵਿਚ ਸਾਡਾ ਕੀ ਦੋਸ਼? ਲੰਮੀਆਂ ਬਹਿਸਾਂ... ਅਕਾਊ ਭਾਸ਼ਨ... ਰੁੱਖੇ ਮੈਨੀਫੈਸਟੋ... ਚਰਗਲੇ ਹੋਏ ਨਾਅਰੇ... ਬੁਰਜੁਆਜੀ... ਪ੍ਰੋਲੇਤਾਰੀ... ਜ਼ਿੰਦਾਬਾਦ... ਮੁਰਦਾਬਾਦ ਅਤੇ ਮਜ਼ਦੂਰ ਏਕਤਾ... ਕਿੱਥੇ ਐ ਏਕਤਾ? ਪਾਰਟੀ 'ਚ ਢਾਈ ਟੋਟਰੂ ਤੇ ਜਾਤੀਵਾਦ ਦੀਆਂ ਵੀਹ ਵੰਡਾਂ...। ਕਿੱਥੇ ਐ ਉਹ ਲਾਲ ਹਨੇਰੀ? ਰੂਸ ਦੇ ਥੋਥੇ ਵਿਚ ਜਾਂ ਪਾਰਟੀ ਦੇ ਭਾਸ਼ਣਾਂ ਵਿਚ...?"

ਕਈ ਵੇਰੀਂ ਪੁਸ਼ਪੀ ਦੀਆਂ ਵਾਛੜਾਂ ਚੰਗੀਆਂ ਵੀ ਲੱਗਦੀਆਂ।

ਪਰ ਪਾਰਟੀ ਉਹਨੂੰ ਡਸਿਪਲਨ ਵਿਚ ਰਹਿਣ ਦੀਆਂ ਝਿੜਕਾਂ ਦਿੰਦੀ। ਉਸ ਕਿਹਾ-

"ਤੁਸੀਂ ਪਾਣੀ 'ਚ ਉੱਤਰੇ ਬਿਨਾਂ, ਤੈਰਾਕੀ ਸਿੱਖਣ ਦੀਆਂ ਜੁਗਤਾਂ ਭਾਲਦੇ ਹੋ, ਮੈਂ ਪ੍ਰਵਾਹ 'ਚ ਕੁੱਦ ਕੇ ਪਾਰ ਲੱਗਣ ਵਿਚ ਯਕੀਨ ਰੱਖਦੀ ਹਾਂ।"

ਮੈਂ ਪਾਰਟੀ ਸਬੰਧੀ ਕੋਈ ਵੀ ਨੁਕਤਾਚੀਨੀ ਸੁਣਨ ਲਈ ਤਿਆਰ ਨਹੀਂ ਸਾਂ। ਪਰ ਉਹ ਮੇਰੀਆਂ ਤਾਰਕਿਕ ਦਲੀਲਾਂ 'ਤੇ ਸਿੱਧਾ ਵਾਰ ਕਰਦੀ। ਆਖਣ ਨੂੰ ਅਸੀਂ ਇਕ ਦੂਜੇ ਨੂੰ ਪਿਆਰ ਕਰਦੇ ਸਾਂ, ਪਰ ਜਿਉਂ ਹੀ ਸਾਡੇ ਵਿਚਾਲੇ ਪਾਰਟੀ ਸਬੰਧੀ ਕਦੀਂ ਸੰਵਾਦ ਛਿੜਦਾ, ਇਕ ਅਦਿੱਖ ਤਲਖ਼ੀ ਸਾਡੇ ਦੋਹਾਂ ਵਿਚਾਲੇ ਤਣ ਜਾਂਦੀ। ਵਾਹ ਲੱਗਦੀ, ਉਹ ਪਾਰਟੀ ਦੇ ਠੰਡੇ ਘੋਲ ਦੀ ਆਲੋਚਨਾ ਕਰਦੀ ਅਤੇ ਮੈਂ ਪਾਰਟੀ ਨੀਤੀ ਬਾਰੇ ਦਲੀਲਾਂ ਦਿੰਦਾ ਨਾ ਥੱਕਦਾ।

ਪਿਆਰ ਸਬੰਧਾਂ ਬਾਰੇ ਵੀ ਉਸਦੀ ਧਾਰਨਾ ਅਜੀਬ ਸੀ।

ਮੈਂ ਨਫ਼ਸ ਤੋਂ ਉਚੇਰਾ ਉੱਠਣ ਦੀਆਂ ਦਲੀਲਾਂ ਭਾਲਦਾ ਅਤੇ ਆਪਣੇ ਚੁਫ਼ੇਰੇ ਆਦਰਸ਼ਕ ਪਿਆਰ ਦਾ ਇਕ ਤਲਿਸਮ ਸਿਰਜਣਾ ਲੋਚਦਾ, ਪਰ ਉਹ ਮੇਰੀਆਂ ਸਾਰੀਆਂ ਕੋਸ਼ਿਸ਼ਾਂ ਨੂੰ ਆਪਣੇ ਇਕੋ ਬੋਲ ਨਾਲ ਮਿੱਟੀ ਕਰ ਦਿੰਦੀ ਅਤੇ ਆਖਦੀ।

"ਸ਼੍ਰੀਮਾਨ ਜੀ! ਬੰਦਾ ਪਹਿਲਾਂ ਬੰਦਾ ਤਾਂ ਹੋਵੇ...।"



ਫਿਰ ਵੀ ਪਤਾ ਨਹੀਂ ਕਿਉਂ? ਅਸੀਂ ਇਕ ਦੂਜੇ ਲਈ ਦਿਨ ਰਾਤ ਤੜਪਦੇ ਸਾਂ ਅਤੇ ਹਰ ਵੇਰੀਂ ਇਕ ਦੂਜੇ ਨੂੰ ਮਿਲਣ 'ਤੇ ਸੋਚਦੇ। ਮੁਹੱਬਤ ਦੇ ਖ਼ੁਸ਼ਗਵਾਰ ਪਲਾਂ ਵਿਚ ਅੱਗੋਂ ਲਈ ਕਦੇ ਵੀ ਪਾਰਟੀ ਬਹਿਸ ਨੂੰ ਨਹੀਂ ਆਉਣ ਦੇਵਾਂਗੇ।

ਇਕ ਸਵੇਰ ਉਹਦਾ ਫ਼ੋਨ ਆਇਆ।

"ਛੇਤੀ ਆ ਜਾ ਬਸ।..."

ਉਹ ਮੈਨੂੰ ਬੱਸ ਅੱਡੇ 'ਤੇ ਖੜ੍ਹੀ ਉਡੀਕ ਰਹੀ ਸੀ। ਹੱਥ ਵਿਚ ਟਿਫ਼ਨ, ਖਾਣ ਲਈ ਨਿੱਕ-ਸੁੱਕ ਤੇ ਥਰਮੌਸ... ਉਹ ਲੱਦੀ ਪਈ ਸੀ।

"ਚੱਲ... ਉੱਡ ਚੱਲੀਏ ਕਿਤੇ...।" ਉਸ ਕਾਹਲੀ ਨਾਲ ਕਿਹਾ।

ਅਸੀਂ ਬਿਨਾਂ ਕੁਝ ਹੋਰ ਸੋਚੇ, ਛੇਤ ਬੀੜ ਦੇ ਜੂ ਪਾਰਕ ਵਿਚ ਜਾ ਬੈਠੇ।

ਨਵੰਬਰ ਦੀ ਕੋਸੀ ਧੁੱਪ ਵਿਚ ਕਿੰਨਾ ਕੁਝ ਲੈ ਕੇ ਆਈ ਸੀ ਉਹ। ਰੋਟੀ... ਤਾਸ਼... ਰੇਡੀਓ ਅਤੇ ਮਘਦੇ ਜਜ਼ਬਿਆਂ ਦਾ ਅੱਥਰਾ ਸੇਕ...

ਛੇਤੀ ਹੀ ਅਸੀਂ ਪਰਚ ਗਏ।

ਛੁੱਟੀ ਦਾ ਦਿਨ ਹੋਣ ਕਾਰਨ ਪਾਰਕ ਵਿਚ ਭੀੜ ਸੀ।

"ਕਿੰਨਾ ਚੰਗਾ ਹੁੰਦਾ ਜੇ ਕਾਰ 'ਚ ਆਉਂਦੇ।" ਉਸ ਹਉਕਾ ਲਿਆ। ਉਹ ਸਫ਼ਰ ਵਿਚਲੇ ਸਮੇਂ ਨੂੰ ਵੀ ਮਾਨਣਾ ਚਾਹੁੰਦੀ ਸੀ, ਪਰ ਮੈਨੂੰ ਕਾਰ ਵਿਚ ਨਾ ਆਉਣ ਦੀ ਖ਼ੁਸ਼ੀ ਹੋਈ। ਪਤਾ ਨਹੀਂ ਕਿਉਂ, ਪੁਸ਼ਪੀ ਨਾਲ ਉਹਦੀ ਕਾਰ ਵਿਚ ਬੈਠਿਆਂ ਮੈਨੂੰ ਆਪਣਾ ਆਪ ਛੋਟਾ-ਛੋਟਾ ਲੱਗਣ ਲੱਗਦਾ ਸੀ।

ਪਤਾ ਹੀ ਨਾ ਲੱਗਾ, ਕਦੋਂ ਦੁਪਹਿਰ ਬੀਤ ਗਈ।

ਰੋਟੀ ਟੁੱਕ ਮਗਰੋਂ ਅਸੀਂ ਟਹਿਲਣ ਲਈ ਤੁਰੇ, ਰੇਡੀਓ 'ਤੇ ਖ਼ਬਰਾਂ ਆਉਣ ਲੱਗੀਆਂ। ਉਸ ਕਾਹਲੀ ਨਾਲ ਰੇਡੀਓ ਬੰਦ ਕਰ ਦਿੱਤਾ। ਸ਼ਾਇਦ ਉਹ ਨਹੀਂ ਸੀ ਚਾਹੁੰਦੀ, ਅੱਜ ਵੀ ਸਾਡੇ ਵਿਚਾਲੇ ਖ਼ਬਰਾਂ ਤੋਂ ਕੋਈ ਗੱਲ ਛਿੜੇ ਅਤੇ ਅਸੀਂ ਫਿਰ ਕਿਸੇ ਸਿਧਾਂਤਕ ਤਲਖ਼ੀ ਵਿਚ ਘਿਰ ਜਾਈਏ। ਪਰ ਉਸਦਾ ਇਉਂ ਰੇਡੀਓ ਬੰਦ ਕਰਨਾ ਮੈਨੂੰ ਬੁਰਾ ਲੱਗਾ। ਪਤਾ ਨਹੀਂ ਕਿਉਂ? ਪਾਰਟੀ ਵਿਚ ਰਹਿੰਦਿਆਂ ਖ਼ਬਰਾਂ ਸਾਡੇ ਸਭ ਵਰਕਰਾਂ ਦੀ ਕਮਜ਼ੋਰੀ ਬਣ ਗਈਆਂ ਸਨ।

ਟਹਿਲਦੇ ਅਸੀਂ ਦੂਰ ਨਿਕਲ ਆਏ ਤਾਂ ਉਸਦੇ ਪਿਆਰੇ ਸਾਥ ਵਿਚ ਮੈਂ ਖ਼ਬਰਾਂ ਬਾਰੇ ਭੁੱਲਣ ਦਾ ਯਤਨ ਕੀਤਾ। ਪਰ ਪਿਆਰ ਬੋਸੇ ਅਤੇ ਹੱਥ ਘੁਟਣੀਆਂ ਤੋਂ ਮਗਰੋਂ, ਜਿਉਂ ਹੀ ਅਸੀਂ ਗੱਲਵਕੜੀ ਵਿਚ ਸਿਮਟੇ, ਮੈਨੂੰ ਲੱਗਾ, ਕਿਤੇ ਦੂਰ ਛਾਪਲੀ, ਰੇਡੀਓ ਵਿਚਲੀ ਚੁੱਪ ਹੌਲੀ-ਹੌਲੀ ਮੇਰੇ ਮੱਥੇ ਵਿਚ ਥੋੜ੍ਹ ਪਾਉਣ ਲੱਗੀ ਤੇ ਮੇਰੀ ਸਾਰੀ ਦੇਹ ਕਿਸੇ ਅਦਿੱਖ ਪੀੜ ਨਾਲ ਸਿੱਥਲ ਹੋ ਗਈ। ਮੇਰੇ ਸਾਹ ਕਾਹਲੇ ਹੋ ਗਏ ਅਤੇ ਮੱਥਾ ਧਨੁਸ਼ ਵਾਂਗੀ ਤਣ ਗਿਆ। ਸੀਟੀਆਂ ਮਾਰਦੀ ਹਵਾ, ਮੈਨੂੰ ਖ਼ਬਰਾਂ ਵਾਂਗ ਹੀ ਸੁਣਨ ਲੱਗੀ।

ਪੁਸ਼ਪੀ ਨੂੰ ਮੇਰਾ ਇਉਂ ਟੁਕੜਿਆਂ ਵਿਚ ਖਿੱਲਰ ਜਾਣਾ ਪਸੰਦ ਨਹੀਂ ਸੀ। ਇਕਾ

ਇਕ ਉਸ ਮਹਿਸੂਸਿਆ ਜਿਵੇਂ ਮੇਰਾ ਪੂਰਾ ਵਜੂਦ ਕਿਸੇ ਸਿਧਾਂਤਕ ਮੋਰਚੇ ਵਿਚ ਦੁਬਕ ਗਿਆ ਹੋਵੇ। ਉਹਨੇ ਕੁਝ ਚਿਰ ਮੇਰੇ ਵਜੂਦ ਦੀ ਸਿਥਲਤਾ ਜਰੀ ਤੇ ਫਿਰ ਬੋਲੀ-

"ਕਿੰਨਾ ਕੁ ਚਿਰ ਖ਼ਬਰਾਂ ਸੁਣ ਸੁਣ ਕੇ ਖ਼ੁਸ਼ ਹੁੰਦੇ ਰਹੋਗੇ ਕਿ ਮਰਨ ਵਾਲਿਆਂ ਵਿਚ ਤੁਸੀਂ ਨਹੀਂ।" ਮੈਨੂੰ ਪਰ੍ਹਾਂ ਛੋੜਦਿਆਂ ਉਹ ਇਕ ਤਰ੍ਹਾਂ ਦੂਰ ਜਾ ਖੜ੍ਹੀ।

"ਪਰ ਕੀ ਠੀਕ ਅਤੇ ਕੀ ਗਲਤ ਹੈ, ਇਸ ਬਾਰੇ ਸੋਚਣਾ ਜ਼ਰੂਰੀ ਨਹੀਂ?"

"ਸੋਚੀ ਜਾਓ ਤੇ ਮਰੀ ਜਾਓ... ਕੁਰਬਾਨੀ ਤੋਂ ਬਿਨਾਂ ਕੁਝ ਹਾਸਲ ਨਹੀਂ ਹੋਣਾ ਕਾਮਰੇਡ!" ਉਸ ਸਿੱਧਾ ਵਾਰ ਕੀਤਾ।

"ਅਸੀਂ ਸਮੂਹ ਲਈ ਚਿੰਤਤ ਹਾਂ, ਵਿਅਕਤੀਗਤ ਇੱਛਾ ਪਾਰਟੀ ਲਈ ਕੋਈ ਮਾਅਨੇ ਨਹੀਂ ਰੱਖਦੀ।"

"ਕਿਹੜਾ ਸਮੂਹ? ਕੋਈ ਸਮੂਹ ਹੈ ਵੀ ਐ ਥੋਡੇ ਨਾਲ?"

"ਬਈ ਪਾਰਟੀ ਸਿਧਾਂਤ ਜਦੋਂ ਕੱਲ੍ਹ ਨੂੰ ਇਤਿਹਾਸ ਸਿਰਜਣਗੇ ਤਾਂ...।"

"ਫਿਰ ਕੱਲ੍ਹ ਦਾ ਰੋਣਾ... ਮੈਂ ਪੁੱਛਦੀ ਹਾਂ ਤੁਹਾਡਾ ਅੱਜ ਕਿੱਥੇ ਹੈ? ਕੇਵਲ ਸਟੱਡੀ ਸਰਕਲਾਂ ਜਾਂ ਪਾਰਟੀ ਮੀਟਿੰਗਾਂ ਵਿਚ, ਜਾਂ...।" ਅੱਗੋਂ ਉਹ ਕੀ ਕਹਿਣ ਵਾਲੀ ਸੀ, ਇਹ ਸੁਣਨਾ ਮੇਰੇ ਲਈ ਕਠਿਨ ਸੀ।...

ਮੈਂ ਮੁੜਨ ਲਈ ਉੱਠ ਖੜ੍ਹਾ, ਇਕ ਤਣਾਅ, ਜਿਸ ਤੋਂ ਡਰਦੇ ਅਸੀਂ ਘਰ ਤੋਂ ਦੂਰ, ਇਸ ਪਾਰਕ ਵਿਚ ਆਏ ਸਾਂ, ਫਿਰ ਸਾਡੇ ਦੋਹਾਂ ਵਿਚਾਲੇ ਤਣ ਗਿਆ।

ਬਿਨਾਂ ਇਕ ਸ਼ਬਦ ਬੋਲੇ ਅਸਾਂ ਸਾਮਾਨ ਸਮੇਟਿਆ ਅਤੇ ਪਾਰਕ ਤੋਂ ਵੱਡੀ ਸੜਕ ਤਕ ਦਾ ਤਿੰਨ ਕੋਹ ਪੈਂਡਾ, ਜਿਸ ਪੀੜ ਅਤੇ ਖਿਝ ਦੀ ਅਵਸਥਾ ਵਿਚ ਕੱਟਿਆ, ਲਗਦਾ ਸੀ, ਸਾਨੂੰ ਇਕ ਦੂਜੇ ਤੋਂ ਹਮੇਸ਼ਾ ਹਮੇਸ਼ਾ ਲਈ ਵੱਖ ਕਰ ਦੇਣ ਲਈ ਕਾਫ਼ੀ ਸੀ।

ਜਿਤਨਾ ਅਸੀਂ ਹੁੱਬ ਕੇ ਆਏ ਸਾਂ, ਉਤਨਾ ਹੀ ਛੇਤੀ ਪਰਤ ਜਾਣਾ ਚਾਹੁੰਦੇ ਸਾਂ, ਪਰ ਜਿਉਂ ਹੀ ਅਸੀਂ ਅੱਡੇ 'ਤੇ ਪਹੁੰਚੇ, ਸਾਡੀ ਇਹ ਇੱਛਾ ਸਾਡੇ ਅੰਦਰ ਹੀ ਦਮ ਤੋੜ ਗਈ।

ਮੈਂ ਪੁਸ਼ਪੀ ਵੱਲ ਉਦਾਸ ਜਿਹਾ ਝਾਕਿਆ। ਉਹਦੇ ਚਿਹਰੇ ਉਪਰ ਗੁੱਸੇ ਅਤੇ ਖਿਝ ਦੀਆਂ ਬਰੀਕ ਲੀਕਾਂ ਉੱਘੜ ਆਈਆਂ ਸਨ ਤੇ ਉਹ ਭਰੀ ਪੀਤੀ ਲੱਗਦੀ ਸੀ।

ਅੱਡੇ 'ਤੇ ਸੁਆਰੀਆਂ ਦੀ ਭੀੜ ਦੇਖ ਕੇ ਮੈਂ ਕਾਰਨ ਪੁੱਛਿਆ ਤਾਂ ਪਤਾ ਲੱਗਾ, ਪਿਛਲੇ ਅੱਡੇ 'ਤੇ ਕੰਡਕਟਰ ਅਤੇ ਕਾਲਜ ਦੇ ਮੁੰਡਿਆਂ ਵਿਚ ਝਗੜਾ ਹੋ ਕੇ ਹਟਿਆ ਸੀ, ਤੇ ਹੁਣ ਗੁੱਸੇ ਵਿਚ ਆਏ ਡਰਾਈਵਰ, ਛੋਟੇ ਅੱਡਿਆਂ ਤੋਂ ਸਵਾਰੀ ਹੀ ਨਹੀਂ ਸਨ ਚੁੱਕ ਰਹੇ।

ਨਵੀਂ ਬਿੱਜ ਸਿਰ 'ਤੇ ਆ ਪੈਣ ਕਾਰਨ ਅਸੀਂ ਹੋਰ ਉਦਾਸ ਹੋ ਗਏ।

ਬੱਸ ਚੜ੍ਹਨ ਦੇ ਫ਼ਿਕਰ ਨਾਲ ਅਸਾਂ ਸਿਆਲੂ ਦਿਨਾਂ ਦਾ ਪਲੋ ਪਲ ਨੀਵਾਂ ਹੁੰਦਾ ਸੂਰਜ ਝਾਕਿਆ। ਕੁਝ ਸਮਾਂ ਪਹਿਲਾਂ ਸਾਨੂੰ ਢਲਦੇ ਦਿਨ ਬਾਰੇ ਭੋਰਾ ਚਿੰਤਾ ਨਹੀਂ ਸੀ।



ਉਚਾਟ ਜਿਹੀ ਪੁਸ਼ਪੀ ਹੱਥ ਵਿਚਲਾ ਖ਼ਾਲੀ ਟਿਫ਼ਨ ਕਦੇ ਇਕ ਹੱਥ ਵਿਚ ਫੜਦੀ, ਕਦੇ ਦੂਜੇ।

"ਅੱਗ ਲੱਗ ਗਈ ਸਮੇਂ ਨੂੰ, ਨਹੀਂ ਸਾਡੇ ਵੇਲਿਆਂ 'ਚ ਨਾ ਬੱਸਾਂ ਸੀ, ਨਾ ਰੇਲਾਂ... ਘੋੜੀ ਨੂੰ ਲਾਉਣੀ ਅੱਡੀ ਤੇ ਵੀਹ ਕੋਹ ਪੈਂਡਾ ਚੀਰ ਦੇਣਾ।"

ਸਾਡੇ ਨੇੜੇ ਬੈਠਾ ਬਜ਼ੁਰਗ, ਬੀਤੇ 'ਤੇ ਝੂਰ ਰਿਹਾ ਸੀ।

ਭੀੜ ਦੀਆਂ ਭਾਂਤ-ਭਾਂਤ ਸੁਣੀਆਂ ਤਾਂ ਕਾਲਜਾ ਧੱਕ ਧੱਕ ਕਰਨ ਲੱਗਾ। ਪਤਾ ਲੱਗਾ, ਕੰਡਕਟਰ ਅਤੇ ਮੁੰਡਿਆਂ ਨੂੰ ਸੱਟਾਂ ਫੇਟਾਂ ਵੀ ਲੱਗੀਆਂ ਸਨ, ਜਿਸ ਦੀ ਸਜ਼ਾ ਹੁਣ ਛੋਟੇ ਅੱਡੇ 'ਤੇ ਖੜ੍ਹੀਆਂ ਸਵਾਰੀਆਂ ਭੁਗਤ ਰਹੀਆਂ ਸਨ।

"ਲੈ ਦੱਸ! ਏਨੀ ਗੱਲ ਬਦਲੇ ਹੀ ਸੂਲੀ ਟੰਗ 'ਤਾ ਸਭ ਨੂੰ...।" ਕਿਸੇ ਹੋਰ ਕਿਹਾ।

ਮੈਂ ਪੁਸ਼ਪੀ ਵੱਲ ਦੇਖਿਆ, ਉਹ ਖਿਝ ਕੇ ਪਰ੍ਹੇ ਫ਼ਰਮ ਉੱਤੇ ਜਾ ਬੈਠੀ ਸੀ।

"ਇਹ ਮਾਮੂਲੀ ਗੱਲ ਐ? ਤੇਰੇ ਭਾਣੇ ਆਹ ਮਹਿੰਗਾਈ ਵੀ ਮਾਮੂਲੀ ਗੱਲ ਹਊ!" ਸਾਡੇ ਨੇੜੇ ਖੜ੍ਹਾ ਇਕ ਸੱਜਣ ਤਲਖ਼ੀ ਨਾਲ ਬੋਲਿਆ। ਉਹ ਮੇਰੇ ਸ਼ਹਿਰੀ ਜੋੜਿਆਂ ਵੱਲ ਹਿਕਾਰਤ ਦੀ ਅੱਖ ਨਾਲ ਦੇਖ ਰਿਹਾ ਸੀ। ਫਿਰ ਕਹਿਣ ਲੱਗਾ, "ਸਾਡਾ ਤਾਂ ਜਾਣੀ ਆਹ ਕਿਰਾਇਆਂ ਨਾਲ ਹੀ ਲੱਕ ਟੁੱਟਿਆ ਪਿਐ... ਥੋੜ੍ਹਾ ਨਾ ਬਾਲ੍ਹਾ, ਦਿੱਲੀ ਜਾਓ ਤਾਂ ਪੰਜ ਸੌ ਹੈ ਨੀ।"

ਮੈਂ ਚਾਹੁੰਦਾ ਤਾਂ ਵਧੇ ਕਿਰਾਇਆਂ ਬਾਰੇ ਕੋਈ ਤਰਕ ਪੇਸ਼ ਕਰ ਸਕਦਾ ਸਾਂ, ਪਰ ਮੈਂ ਪਾਸਾ ਵੱਟ ਕੇ ਪੁਸ਼ਪੀ ਕੋਲ ਜਾ ਖੜ੍ਹਾ।

"ਬੜਾ ਮਾੜਾ ਹੋਇਆ ਬਈ।" ਮੈਂ ਧੀਮੇ ਜਿਹੇ ਕਿਹਾ। ਅਸਲ ਵਿਚ ਮੈਂ ਪੁਸ਼ਪੀ ਨਾਲ ਕੋਈ ਸੁਖਾਵੀਂ ਜਿਹੀ ਗੱਲ ਕਰਕੇ ਉਸਨੂੰ ਤਣਾਅ ਮੁਕਤ ਕਰਨਾ ਚਾਹੁੰਦਾ ਸਾਂ। ਪਰ ਮੈਨੂੰ ਕੋਈ ਜਚਦੀ ਜਿਹੀ ਗੱਲ ਅਹੁੜ ਨਹੀਂ ਸੀ ਰਹੀ।

"ਪਰ ਮੁੰਡਿਆਂ ਦੇਖ ਲੈ ਕਿਵੇਂ ਲਾਏ ਐ ਅੱਗੇ ਸਾਰੇ।" ਕੋਈ ਆਖ ਰਿਹਾ ਸੀ।

"ਪਿਛਲੇ ਹਫ਼ਤੇ ਵੀ ਐਂ ਈ ਵਿਟਰ ਗਏ ਸੀ ਮੁੰਡੇ... ਤਪਹਿਰਾਂ ਤਾਈਂ ਬੱਸ ਨੀ ਨਿਕਲਣ ਦਿੱਤੀ ਅੱਡੇ 'ਚੋਂ... ਪੁਲਸ ਐਲੀ ਐਲੀ ਕਰਦੀ ਸੀ... ਪਰ ਗਾਹਾਂ ਵੀ ਬਾਂਦਰਾਂ ਦਾ ਟੋਲੈ... ਪੁਲਸ ਨੂੰ ਕਿਹੜਾ ਭੁੱਲ ਐ।"

"ਓ ਭਾਈ! ਗੜ੍ਹ ਤਾਂ ਕਈ ਦਿਨਾਂ ਦਾ ਪੱਕਦੈ...।" ਕਿਸੇ ਹੋਰ ਕਿਹਾ।

"ਆਹੋ ਭਾਈ, ਗੱਲ ਤਾਂ ਚੁਆਤੀਓਂ ਭਾਲਦੀ ਐ।" ਇਕ ਪੀਡੀ ਜਿਹੀ ਕਾਠੀ ਵਾਲੀ ਤੀਵੀਂ ਬੋਲੀ। ਉਹ ਆਸੇ ਪਾਸੇ ਖੜ੍ਹੇ ਲੋਕਾਂ ਦੀਆਂ ਗੱਲਾਂ ਨੂੰ ਬੇਮਤਲਬ ਮੋੜਾ ਦਿੰਦੀ।

"ਕਿਤੇ ਅੱਜ ਵੀ ਗੱਡੀ ਹੀ ਨਾ ਫੜਨੀ ਪਵੇ।" ਦੋ ਕਿਸਾਨ ਸਲਾਹਾਂ ਕਰਨ ਲੱਗੇ। "ਲੈ ਗੱਡੀ ਨਾ ਕਿਤੇ... ਗੱਡੀ ਤੇਰੇ ਭਾਣੇ ਦੋ ਡਿੰਗ੍ਹਾਂ ਦੂਰ ਐ।" ਉਸਦੇ ਨਾਲ

ਵਾਲੇ ਨੇ ਕਿਹਾ।

"ਨਾ ਨਾ, ਆਪਾਂ ਹੁਣੇ ਕਰਦੇ ਆਂ ਕੋਈ ਜੁਗਾੜ...।" ਇਕ ਪਾੜ੍ਹਾ ਜਿਹਾ ਮੁੰਡਾ ਬੋਲਿਆ। ਉਹ ਛੀਟਕੇ ਜਿਹੇ ਕੱਦ ਦਾ ਸੀ ਤੇ ਬੱਸ ਰੁਕਵਾਉਣ ਦੇ ਮਾਮਲੇ 'ਚ ਸਭ ਤੋਂ ਵੱਧ ਉਤੇਜਿਤ ਲੱਗ ਰਿਹਾ ਸੀ। ਉਹ ਘੜੀ ਪਿਛੋਂ ਸੜਕ ਦੇ ਐਨ ਵਿਚਕਾਰ ਜਾ ਕੇ ਸੁੰਨੀ ਸੜਕ ਵੱਲ ਦੇਖਦਾ ਅਤੇ ਮੁੱਠੀਆਂ ਮੀਚੀ ਫਿਰ ਖੜ੍ਹੀਆਂ ਸੁਆਰੀਆਂ ਵਿਚ ਪਰਤ ਆਉਂਦਾ।

"ਜੁੱਤੀ ਦਾ ਜ਼ਮਾਨੈ ਭਾਈ।" ਇਕ ਅਧੇੜ ਉਮਰ ਦੇ ਸੱਜਣ ਨੇ ਹਉਕਾ ਲਿਆ। ਉਹ ਬਿੰਦੇ ਬਿੰਦੇ ਨਸਵਾਰ ਦੀ ਚੂੰਢੀ ਖਿੱਚਦਾ ਅਤੇ ਨੱਕ ਵਿਚ ਗੁਣ ਗੁਣ ਕਰਦਾ।

ਦੂਰ ਖੜ੍ਹਾ ਇਕ ਖੱਦਰਧਾਰੀ ਸੱਜਣ ਖਿਸਕਦਾ ਜਿਹਾ ਸਾਡੇ ਨੇੜੇ ਆ ਖੜ੍ਹਾ, ਉਹ ਸਭ ਕਾਸੇ ਨੂੰ ਤ੍ਰਿਸਕਾਰ ਦੀ ਅੱਖ ਨਾਲ ਦੇਖ ਰਿਹਾ ਸੀ। ਲੱਗਦਾ ਸੀ ਹੋਰ ਘੜੀ ਪਲ ਬੱਸ ਨਾ ਰੁਕੀ ਤਾਂ ਉਹ ਸੁਆਰੀਆਂ ਨੂੰ ਹੀ ਅਬਾ ਤਬਾ ਬੋਲਣ ਲੱਗ ਪਵੇਗਾ।

ਪੁਸ਼ਪੀ ਨੇ ਇਕ ਨਜ਼ਰ ਖੱਦਰਧਾਰੀ ਵਿਅਕਤੀ ਵੱਲ ਦੇਖਿਆ ਅਤੇ ਮੂੰਹ ਫੇਰ ਲਿਆ।

"ਕਿਆ ਬਕਵਾਸ ਹੈ... ਕੋਈ ਰੁਕ ਹੀ ਨਹੀਂ ਰਹੀ।" ਉਹ ਆਖ ਰਿਹਾ ਸੀ।

ਮੈਂ ਜਾਣਦਾ ਸਾਂ, ਪੁਸ਼ਪੀ ਨੂੰ ਅਜਿਹੇ ਲੋਕ ਫੁੱਟੀ ਅੱਖ ਨਹੀਂ ਸਨ ਭਾਉਂਦੇ।

"ਸਵੇਰੇ ਤਾਂ ਹਾਲਾਤ ਠੀਕ ਸਨ।" ਮੈਂ ਕਿਹਾ। ਮੈਨੂੰ ਲੱਗਾ, ਮੇਰੀ ਇਸ ਫ਼ਜ਼ੂਲ ਗੱਲ ਦਾ ਪੁਸ਼ਪੀ ਲਈ ਕੋਈ ਮੁੱਲ ਨਹੀਂ ਸੀ।

"ਦਰਅਸਲ ਮੁੰਡੇ ਧੱਕਾ ਬਹੁਤ ਕਰਦੇ ਐ... ਕਹਿੰਦੇ ਸਿਰ ਈ ਪਾੜ 'ਤਾ ਕੰਡਕਟਰ ਦਾ।"

"ਹੁਣ ਮੁੰਡਿਆਂ ਨੂੰ ਪੁੱਛੇ ਕੋਈ, ਸਜ਼ਾ ਕਿਹਨੂੰ ਮਿਲੀ ?" ਕਿਸੇ ਕਿਹਾ।

"ਸਿਰ ਕਾਹਨੂੰ ਪਾੜਤਾ ਜਾਰ, ਵਿਚੋਂ ਰੋੜਕਾ ਤਾਂ ਜੁਆਨੀ ਦੇ ਲਹੂ ਦੈ।"

"ਕੋਈ ਕਾਰ ਕੁਰ ਰੋਕੀਏ।" ਪਾੜ੍ਹੇ ਮੁੰਡੇ ਨੇ ਕਿਹਾ।

"ਕਾਰ ਤਾਂ ਕਿਹੜਾ ਰੋਕੂ ?" ਮੈਨੂੰ ਗੱਲ ਜਚੀ ਨਾ।

"ਕੋਸ਼ਿਸ਼ ਕਰਨ 'ਚ ਕੀ ਹਰਜ ਐ।" ਮੁੰਡਾ ਫ਼ਜ਼ੂਲ ਜ਼ਿੱਦ ਕਰ ਰਿਹਾ ਜਾਪਿਆ।

"ਅਸਲ 'ਚ ਐਨੀਆਂ ਸੁਆਰੀਆਂ...।" ਮੈਂ ਮੁੰਡੇ ਨੂੰ ਸਮਝਾਉਣਾ ਚਾਹਿਆ।

"ਐਹੋ ਜਿਹੇ ਸਮੇਂ ਹੀ ਤਾਂ ਥੋਡੀਆਂ ਦਲੀਲਾਂ ਬਕਵਾਸ ਲੱਗਦੀਆਂ ਨੇ। ਬੈਠੇ ਸੋਚੀ ਜਾਓ।" ਪੁਸ਼ਪੀ ਭਬਕ ਕੇ ਬੋਲੀ। ਉਹ ਸਾਰਾ ਗੁੱਸਾ ਜਿਵੇਂ ਮੇਰੇ 'ਤੇ ਹੀ ਕੱਢ ਦੇਣਾ ਚਾਹੁੰਦੀ ਸੀ।

"ਕੋਸ਼ਿਸ਼ ਕਰਕੇ ਦੇਖਦੇ ਆਂ, ਕੀ ਪਤਾ ਕੋਈ ਲੇਡੀਜ਼ ਨੂੰ ਲਿਫ਼ਟ ਮੰਗਦੇ ਦੇਖ...।"



ਪਾੜ੍ਹਾ ਮੁੰਡਾ ਪੁਸ਼ਪੀ ਨੂੰ ਉਕਸਾ ਰਿਹਾ ਜਾਪਿਆ।

"ਸਮੱਸਿਆ ਇਕ ਸੁਆਰੀ ਦੀ ਨਹੀਂ... ਇਹ ਸਾਰੇ ਲੋਕ...।" ਮੈਂ ਦਲੀਲ ਦੇਣੀ ਚਾਹੀ।

"ਛੱਡੋ ਜੀ, ਤੁਸੀਂ ਆਪਣੀ ਫਸੀ ਨਿਬੇੜੋ ਸਾਰਿਆਂ ਦਾ ਕੋਈ ਠੇਕੈ ?" ਮੁੰਡੇ ਸਿਰ ਛਿਣਕਿਆ।

"ਤੁਸੀਂ ਕਰੋ ਕੋਸ਼ਿਸ਼ ਭਾਈ ਸਾਹਿਬ! ਇਹ ਤਾਂ ਬੱਸ...।" ਮੇਰੇ ਬਾਰੇ ਕੁਝ ਕਹਿੰਦੀ ਕਹਿੰਦੀ ਪੁਸ਼ਪੀ ਰੁਕ ਗਈ। ਉਹ ਮੇਰੇ ਪ੍ਰਤੀ ਪੂਰੀ ਤਪੀ ਹੋਈ ਸੀ।

ਭੀੜ, ਮੂੰਹ ਆਇਆ ਕਲਪ ਰਹੀ ਸੀ।

ਹੇਠ ਉੱਤੇ ਦੋ ਬੱਸਾਂ ਲੰਘੀਆਂ ਵੀ, ਪਰ ਬਿਨਾਂ ਰੁਕੇ ਲੰਘ ਗਈਆਂ।

"ਜਾਰ, ਐਥੋਂ ਕਿਤੇ ਕਹੀ ਦਾ ਪਤਾ ਕਰੋ... ਡਰੰਮ ਧੌਂਟ ਕੇ ਸੜਕ 'ਚ ਮਾਰੋ ਤਿਨ ਚਾਰ, ਦੇਖਦੇ ਆਂ ਕਿਮੇਂ ਨ੍ਹੀ ਰੋਕਦੇ ?" ਅੱਕ ਕੇ ਲੋਕ ਗੁੱਸਾ ਥੁੱਕਣ ਲੱਗੇ।

"ਡਰੰਮ ਨਾਲੋਂ ਟਾਹਣ ਵੱਢੋ ਕੋਈ।" ਉਹ ਦੋਵੇਂ ਕਿਸਾਨ ਵੀ ਵਿਚੇ ਸ਼ਾਮਲ ਹੋ ਗਏ।

"ਕਿਨੇ ਬੇਵਕੂਫ਼ ਨੇ ਲੋਕ...।" ਮੈਨੂੰ ਰੋਹ ਚੜ੍ਹ ਰਿਹਾ ਸੀ।

"ਤੁਸੀਂ ਆਪ ਤਾਂ ਕੁਝ ਕਰਨਾ ਨਹੀਂ, ਦੂਜੇ ਕਰਦੇ ਵੀ ਚੰਗੇ ਨਹੀਂ ਲੱਗਦੇ।" ਪੁਸ਼ਪੀ ਤੜਪ ਕੇ ਬੋਲੀ।

"ਤੁਸੀ ਡਟ ਕੇ ਖੜ੍ਹਜੋ ਜਾਰ ਸੜਕ ਵਿਚਾਲੇ, ਦੇਖਦੇ ਆਂ ਕਿਮੇਂ ਲੰਘ ਜਾਣਗੇ।" ਪਾੜ੍ਹਾ ਮੁੰਡਾ ਮੱਚਿਆ ਪਿਆ ਸੀ।

"ਬੱਲੇ ਉਏ ਬਲਵਾਨਾ! ਜੇ ਕਿਸੇ ਜਿਲਵਰ ਦੀ ਬਾਟੀ ਆਂਗੂ ਚਿੱਪ 'ਤਾ ਫੇਰ ?" ਕਿਸੇ ਕਿਹਾ।

"ਛੋ' ਕੀ ? ਵੇ ਦੇਖੂ ਜਿਮੇਂ ਗੂੰਗੀ ਟਾਂਗੇ ਵੰਨੀਂ ਦੇਖਦੀ ਐ।"

ਟਾਹਲੀ ਮੁੱਢ ਬੈਠੇ ਬਜ਼ੁਰਗ ਨੇ ਗੱਲ ਬੋਚੀ।

"ਹੈ... ਹੈ... ਲੋਹੜਾ! ਦਾਤਾ ਖ਼ੈਰ ਕਰੇ ਭਾਈ...।" ਉਹ ਤੀਵੀਂ ਪੁਸ਼ਪੀ ਦੇ ਨੇੜੇ ਆ ਰਹੀ। ਉਹ ਭੈ ਭੀਤ ਹੋ ਗਈ ਲੱਗਦੀ ਸੀ। ਜਿਵੇਂ ਸੜਕ 'ਤੇ ਹੁਣੇ ਕੁਝ ਭਿਆਨਕ ਵਾਪਰਨ ਵਾਲਾ ਸੀ।

"ਮੁੰਡੇ ਤਾਂ ਭਾਈ ਅੱਤ ਚੱਕੀ ਰੱਖਣਗੇ।" ਉਹ ਅਟਕ ਕੇ ਬੋਲੀ।

"ਮਾਈ ਮੁੰਡੇ ਵੀ ਤਾਂ ਥੋਡੇ ਈ ਨੇ।" ਫੌਜੀ ਬੋਲਿਆ।

ਉਹ ਖੱਦਰਧਾਰੀ ਖਿਸਕਦਾ ਜਿਹਾ ਬਿਲਕੁਲ ਮੇਰੇ ਨੇੜੇ ਸਰਕ ਆਇਆ।

"ਦੇਖੋ ਇਨ੍ਹਾਂ ਦੀ ਅਕਲ...।" ਉਹ ਸੜਕ ਰੋਕਣ 'ਤੇ ਖਿਝਿਆ।

"ਮੂਰਖ ਕਿਤੋਂ ਲੈਣ ਜਾਣੇ ਐ ?" ਮੈਨੂੰ ਲੱਗਾ, ਮੇਰੇ ਅਤੇ ਉਸ ਖੱਦਰਧਾਰੀ ਸੱਜਣ ਵਿਚ ਕੋਈ ਗੱਲ ਜ਼ਰੂਰ ਸਾਂਝੀ ਸੀ। ਅਸੀਂ ਦੇਖਿਆ, ਲਾਗਲੇ ਟਿਊਬਵੈੱਲ ਤੋਂ ਕੋਈ

ਮੋਚੀ ਮੁੱਚੀਂ ਕਹੀ ਲੈਣ ਚਲਿਆ ਗਿਆ ਸੀ।

"ਇਹੋ ਹੀ ਤਾਂ ਸਾਡੇ ਮੁਲਕ ਦਾ ਦੁਖਾਂਤ ਹੈ।" ਉਸਦੀ ਰਾਜਨੀਤੀ ਬਾਰੇ ਕੀਤੀ ਟਿੱਪਣੀ ਮੈਨੂੰ ਬੁਰੀ ਲੱਗੀ। ਮੈਨੂੰ ਡਰ ਸੀ ਕਿ ਪੁਸ਼ਪੀ ਉਸਨੂੰ ਅਬਾ ਤਬਾ ਹੀ ਨਾ ਬੋਲ ਦੇਵੇ।

"ਕਾਨੂੰਨ ਹੱਥ 'ਚ ਲੈਣਾ ਕਿੱਧਰ ਦੀ ਦਾਨਾਈ ਐ?" ਮੈਂ ਕਿਹਾ।

"ਇੱਥੇ ਹੀ ਤਾਂ ਮੇਰੀ ਤੁਹਾਡੀ ਸੋਚ ਭਿੜਫ ਕਰਦੀ ਹੈ। ਮੈਂ ਪੁੱਛਦੀ ਆਂ ਕਿ ਸਾਰੀਆਂ ਸੁਆਰੀਆਂ ਬੱਸ ਦੇ ਖਲੋਣ ਬਾਰੇ ਕੇਵਲ ਸੋਚੀ ਹੀ ਜਾਣ... ਇੱਥੋਂ ਤਕ ਕਿ ਹੱਥ ਵੀ ਖੜ੍ਹਾ ਕਰਨ ਦੀ ਕੋਸ਼ਿਸ਼ ਨਾ ਕਰਨ...।"

"ਖ਼ੂਨ ਖ਼ਰਾਬੇ ਤੋਂ ਬਿਨਾਂ ਵੀ ਤਾਂ ਹੱਲ ਲੱਭੇ ਜਾ ਸਕਦੇ ਹਨ। ਆਪਾਂ ਇਹ ਕਿਉਂ ਨਾ ਸੋਚੀਏ ਪਈ...।"

"ਤਾਂ ਤੁਹਾਡਾ ਮਤਲਬ ਐ ਘਰ ਨੂੰ ਅੱਗ ਲੱਗੀ ਹੋਵੇ ਤੇ ਤੁਸੀਂ ਬਾਜ਼ਾਰ ਵਿਚ ਮਸ਼ਕਾਂ ਦਾ ਭਾਅ ਪੁੱਛਦੇ ਫਿਰੋ, ਕਿ ਅੱਗ ਕਿਸ ਭਾਅ ਬੁਝੇਗੀ?"

ਪੁਸ਼ਪੀ ਇਕ ਤਰ੍ਹਾਂ ਲੜਨ 'ਤੇ ਉਤਰ ਆਈ।

ਮੈਂ ਬਹਿਸ ਤੋਂ ਟਲ ਜਾਣਾ ਹੀ ਬਿਹਤਰ ਸਮਝਿਆ।

ਕਹੀ ਲੈਣ ਗਿਆ ਸੱਜਣ ਖ਼ਾਲੀ ਪਰਤ ਆਇਆ ਸੀ।

ਸੜਕ ਤੋਂ ਲੰਘੇ ਜਾਂਦੇ ਟਰੈਕਟਰ ਨੂੰ ਕਿਸੇ ਹੱਥ ਦਿੱਤਾ। ਕਈ ਸਵਾਰੀਆਂ ਨੱਠ ਕੇ ਟਰਾਲੀ ਵਿਚ ਚੜ੍ਹ ਗਈਆਂ ਪਰ ਭੀੜ ਫਿਰ ਵੀ ਉਵੇਂ ਦੀ ਉਵੇਂ ਸੀ।

"ਵੇ ਭਾਈ ਬਣੂ ਕੋਈ ਹੀਲਾ ਕਿ ਪੈਰੀਂ ਬਗ ਜੀਏ।" ਉਹ ਤੀਵੀਂ ਮੈਨੂੰ ਮੁਖ਼ਾਤਿਬ ਹੋਈ।

"ਰੱਬ ਈ ਜਾਣਦੈ ਬੀਬੀ।" ਮੈਂ ਬੇਵਸੀ ਜ਼ਾਹਿਰ ਕੀਤੀ।

ਕੁਝ ਸੁਆਰੀਆਂ ਇਕ ਦੂਜੇ ਦੀ ਬਾਂਹ ਫੜ ਕੇ ਸੜਕ ਰੋਕਣ ਲਈ ਦ੍ਰਿੜ੍ਹ ਹੋ ਗਈਆਂ ਪਰ ਇਸ ਤੋਂ ਪਹਿਲਾਂ ਕਿ ਪੁਸ਼ਪੀ ਉਨ੍ਹਾਂ ਦੇ ਨਾਲ ਜਾ ਖੜ੍ਹਦੀ, ਇਕ ਤੇਜ਼ ਰਫ਼ਤਾਰ ਬੱਸ ਉੱਪਰ ਚੜ੍ਹਦੀ ਦੇਖ, ਉਨ੍ਹਾਂ ਭੱਜ ਕੇ ਜਾਨ ਬਚਾਈ।

"ਸਭ ਮਰਨ ਤੋਂ ਡਰਦੇ ਐ।" ਪੁਸ਼ਪੀ ਕਚੀਚੀਆਂ ਵੱਟ ਰਹੀ ਸੀ। ਉਹ ਉੱਠ ਕੇ ਸੜਕ 'ਤੇ ਟਹਿਲਣ ਲੱਗ ਪਈ। ਮੈਂ ਉਸਦੇ ਗੁਸੈਲੇ ਚਿਹਰੇ ਵੱਲ ਦੇਖਿਆ, ਉਹ ਖ਼ੈਰ ਹੱਥੀ ਨਹੀਂ ਸੀ ਲੱਗਦੀ। ਮੈਂ ਉਸਦੇ ਪਿੱਛੇ ਜਾਣਾ ਚਾਹੁੰਦਾ ਸਾਂ, ਪਰ ਉਹ ਟਹਿਲਦੀ ਸੜਕ ਦੇ ਦੂਜੇ ਬੰਨੇ ਚਲੀ ਗਈ।

ਅਚਾਨਕ ਆਉਂਦੀ ਬੱਸ ਦੀ ਘੁਕਰ ਸੁਣੀ।

ਪਾੜ੍ਹਾ ਮੁੰਡਾ ਅਗਾਊਂ ਹੀ ਸੜਕ ਨੇੜੇ ਹੱਥ ਮਾਰ ਬੱਸ ਰੋਕਣ ਦਾ ਇਸ਼ਾਰਾ ਕਰਨ ਲੱਗਾ। ਸੁਆਰੀਆਂ ਹੁੱਭ ਕੇ ਉੱਠ ਖੜ੍ਹੀਆਂ। ਪਰ ਅੱਡੇ ਦੇ ਐਨ ਨੇੜੇ ਆਉਂਦਿਆਂ ਬੱਸ ਸਗੋਂ ਹੋਰ ਤੇਜ਼ ਹੋ ਗਈ।

ਅਚਾਨਕ ਜ਼ੋਰ ਦਾ ਖੜਕਾ ਹੋਇਆ। ਜਿਵੇਂ ਕੋਈ ਬੰਬ ਫਟਿਆ ਹੋਵੇ। ਡਰ ਨਾਲ



ਸਭ ਦੇ ਹਿਰਦੇ ਕੰਬ ਉੱਠੇ; ਲੱਗਾ ਜਿਵੇਂ ਹੁਣੇ ਹੀ ਕਿਸੇ ਸੁਆਰੀ ਦੀ ਚੀਥੜੇ-ਚੀਥੜੇ ਹੋਈ ਦੇਹ, ਸੜਕ 'ਤੇ ਪਈ ਦਿੱਸੇਗੀ। ਟਾਇਰਾਂ ਦੀ ਡਰਾਉਣੀ ਅਵਾਜ਼ ਨਾਲ, ਸੜਕ 'ਤੇ ਘਿਸਰਦੀ ਬੱਸ ਥੋੜ੍ਹੀ ਦੂਰ ਜਾ ਕੇ ਰੁਕ ਗਈ। ਸੁਆਰੀਆਂ ਨੱਠ ਕੇ ਸੜਕ ਵੱਲ ਵਧੀਆਂ ਅਤੇ ਬੱਸ ਦੇ ਅੱਗੇ ਪਿੱਛੇ ਝਾਕਣ ਲੱਗੀਆਂ।

ਨੇੜੇ ਗਏ ਤਾਂ ਸਭ ਹੈਰਾਨ ਰਹਿ ਗਏ। ਅਸੀਂ ਦੇਖਿਆ, ਪੁਸ਼ਪੀ ਦੇ ਹੱਥ ਵਿਚਲਾ ਟਿਫ਼ਨ, ਸੜਕ 'ਤੇ ਚਿੱਬਾ ਹੋਇਆ ਪਿਆ ਸੀ ਤੇ ਡਰਾਈਵਰ ਦਾ ਮੂਹਰਲਾ ਸ਼ੀਸ਼ਾ ਤੁੜਿਆ ਪਿਆ ਸੀ।

ਕੋਈ ਨੀ ਕੋਈ ਨੀ ਕਰਦੀਆਂ ਸਵਾਰੀਆਂ, ਬੱਸ ਦੀ ਤਾਕੀ ਵਿਚ ਜਾ ਫਸੀਆਂ।

ਪੁਸ਼ਪੀ ਨੂੰ ਕਿਤੇ ਵੀ ਨਾ ਦੇਖ, ਮੇਰੀ ਖਾਨਿਉਂ ਗਈ। ਮੈਂ ਆਸੇ ਪਾਸੇ ਝਾਕਣ ਲੱਗਾ।

ਅਚਾਨਕ ਮੇਰੇ ਮੋਢੇ 'ਤੇ ਕਿਸੇ ਨੇ ਪੋਲਾ ਜਿਹਾ ਹੱਥ ਧਰਿਆ।

ਪੁਸ਼ਪੀ ਸੀ।...

ਡਰਾਈਵਰ ਕਲਪ ਰਿਹਾ ਸੀ ਕਿ ਰੁੱਖਾਂ ਦੀ ਓਟ ਵਿਚੋਂ ਕਿਸੇ ਨੇ ਸਾਹਮਣੇ ਸ਼ੀਸ਼ੇ 'ਤੇ ਕੋਈ ਪੱਥਰ ਵਰਗੀ ਚੀਜ਼ ਮਾਰੀ ਸੀ। ਉਹ ਮੱਚਿਆ ਪਿਆ ਸੀ, ਤੇ ਗੰਦੀਆਂ ਗਾਲ੍ਹਾਂ ਕੱਢ ਰਿਹਾ ਸੀ।

ਮੈਂ ਸੜਕ 'ਤੇ ਪਏ ਡੱਬੇ ਵੱਲ ਤੇ ਇਕ ਨਜ਼ਰ ਪੁਸ਼ਪੀ ਵੱਲ ਦੇਖ ਰਿਹਾ ਸਾਂ। ਉਹ ਮੁਸਕਰੀਏ ਹੱਸ ਰਹੀ ਸੀ। ਉਹਦੇ ਚਿਹਰੇ 'ਤੇ ਭੋਰਾ ਤਣਾਅ ਨਹੀਂ ਸੀ। ਮੈਂ ਦੇਖਿਆ ਉਹਦੀਆਂ ਮੱਚਦੀਆਂ ਅੱਖਾਂ ਵਿਚ ਕਿਸੇ ਯੋਧੇ ਦੀ ਆਭ੍ਹਾ ਝਲਕ ਰਹੀ ਸੀ।

•

# ਜੜ੍ਹਾਂ

ਜਿੱਥੇ ਕਿਤੇ ਵੀ ਗੱਡੀ ਖੜ੍ਹਦੀ, ਮਾਂ ਤ੍ਰੱਭ ਕੇ ਪੁੱਛਦੀ, "ਕਿੱਥੇ ਕੁ ਆ ਗਏ ਪੁੱਤ ?" ਤੇ ਮੈਂ ਕੁਝ ਤਲਖ਼ ਹੋ ਕੇ ਸਟੇਸ਼ਨ ਦੱਸ ਦਿੰਦਾ।

ਘਰੋਂ ਤੁਰਦਿਆਂ ਮੈਂ ਬੜੇ ਜ਼ੱਬਤ ਵਿਚ ਸਾਂ, ਪਰ ਮਾਂ ਦੇ ਇਕੋ ਗੱਲ ਵਾਰ ਵਾਰ ਪੁੱਛਣ 'ਤੇ ਮੈਂ ਤਲਖ਼ ਹੋ ਗਿਆ ਸਾਂ, ਥੋੜ੍ਹੀ ਦੇਰ ਪਹਿਲਾਂ ਤਾਂ ਹੱਦ ਹੀ ਹੋ ਗਈ ਸੀ। ਪਿਛਲੇ ਕਿਸੇ ਸਟੇਸ਼ਨ ਤੋਂ ਸਾਹਮਣੀ ਸੀਟ 'ਤੇ ਦੋ ਸ਼ਹਿਰੀ ਜਿਹੀਆਂ ਕੁੜੀਆਂ ਆ ਕੇ ਬੈਠ ਗਈਆਂ ਤਾਂ ਮੈਂ ਕੁਝ ਰਾਹਤ ਜਿਹੀ ਮਹਿਸੂਸ ਕੀਤੀ ਸੀ। ਪਰ ਕੁੜੀਆਂ ਜਦੋਂ ਬਿਨਾਂ ਰੁਕੇ ਗੱਲਾਂ ਦਾ ਅੰਗਰੇਜ਼ੀ ਵਿਚ ਕਚੀਰਾ ਹੀ ਕਰਨ ਲੱਗੀਆਂ ਤਾਂ ਮਾਂ ਮੁੰਗੜ ਕੇ ਬੈਠ ਗਈ ਸੀ। ਫਿਰ ਹੌਲੇ ਜਿਹੇ ਬੋਲੀ ਸੀ,

"ਪੁੱਤ ਤੇਰੀ ਬਹੂ ਦੇ ਮੁਲਖ ਦੀਐਂ ?"

ਸੁਣਦਿਆਂ ਮੇਰੇ ਅੰਦਰੋਂ ਕੁਝ ਕੜਕ ਕਰਕੇ ਟੁੱਟਿਆ। ਸਾਹਾਂ ਵਿਚ ਧੂੰਆਂ ਜਿਹਾ ਫੈਲ ਗਿਆ ਤੇ ਮੈਂ ਇਕ ਤਰ੍ਹਾਂ ਬੁਝ ਜਿਹਾ ਗਿਆ। ਪਰ ਇਸ ਤੋਂ ਪਹਿਲਾਂ ਕਿ ਕੁਝ ਹੋਰ ਵਾਪਰਦਾ ਮੈਂ ਮਾਂ ਨੂੰ ਨੀਂਦਰ ਦੀ ਗੋਲੀ ਦੇ ਕੇ, ਦੁਆਲੇ ਲੀੜਾ ਘੁੱਟ ਦਿੱਤਾ ਸੀ। ਉਂਜ ਮੈਂ ਜਾਣਦਾ ਸਾਂ ਇਸ ਗੋਲੀ ਦਾ ਕੋਈ ਅਸਰ ਨਹੀਂ ਸੀ ਹੋਣਾ, ਪਰ ਮਾਂ ਇਉਂ ਪਾਸਾ ਵੱਟ ਕੇ ਪੈ ਗਈ ਜਿਵੇਂ ਸੱਚਮੁਚ ਸੌਂ ਗਈ ਹੋਵੇ।

ਪਿਛਲੇ ਕੁਝ ਵਰ੍ਹਿਆਂ ਤੋਂ ਇੰਜ ਹੀ ਹੁੰਦਾ ਸੀ। ਅਸੀਂ ਮੀਆਂ ਬੀਵੀ ਚਾਹੁੰਦੇ ਤਾਂ ਮਾਂ ਜਾਗਦਿਆਂ ਵੀ ਸੌਂ ਜਾਂਦੀ, ਨਾ ਚਾਹੁੰਦੇ ਤਾਂ ਉਹ ਸੁੱਤੇ ਪਿਆਂ ਵੀ ਜਾਗਦੀ ਰਹਿੰਦੀ। ਮਾਂ ਦੇ ਇਸ ਬਦਲੇ ਹੋਏ ਰਵੱਈਏ ਨੇ, ਜਿੱਥੇ ਮੇਰੀ ਪਤਨੀ ਸ਼ੈਲੀ ਨੂੰ ਖ਼ੁਸ਼ ਕੀਤਾ ਸੀ, ਉੱਥੇ ਮੈਨੂੰ ਉਦਾਸ ਅਤੇ ਪ੍ਰੇਸ਼ਾਨ ਕਰ ਦਿੱਤਾ ਸੀ। ਸ਼ਾਇਦ ਇਹੋ ਕਾਰਨ ਸੀ ਕਿ ਕੁਝ ਮਹੀਨੇ ਹੀ ਪਹਿਲਾਂ ਮਾਂ ਨੂੰ ਚਾਈਂ ਚਾਈਂ ਪਿੰਡੋਂ ਸ਼ਹਿਰ ਲੈ ਕੇ ਆਉਣ ਵਾਲਾ ਮੈਂ, ਅੱਜ ਭਰੇ ਹੋਏ ਮਨ ਨਾਲ ਪਿੰਡ ਪਰਤ ਰਿਹਾ ਸਾਂ।

ਮਾਂ ਦੀ ਇਹ ਹਲੀਮੀ ਮੇਰਾ ਗੱਚ ਭਰ ਦਿੰਦੀ। ਹੁਣ ਵੀ ਮੇਰਾ ਮਨ ਭਰ ਆਇਆ ਸੀ। ਮਾਂ ਭਾਵੇਂ ਦੂਜੇ ਪਾਸੇ ਮੂੰਹ ਕਰਕੇ ਪੈ ਗਈ ਸੀ, ਪਰ ਮੈਨੂੰ ਲੱਗਾ ਉਹ ਮੈਨੂੰ ਵੇਖ ਰਹੀ ਸੀ। ਇਕਾ ਇਕ ਮੇਰਾ ਗੱਚ ਭਰ ਆਇਆ ਤੇ ਮੈਂ ਐਨਕ ਸਾਫ਼ ਕਰਨ ਦੇ ਪੱਜ ਅੱਖਾਂ ਦੀ ਨਮੀ ਸੋਖ ਲਈ।

ਮਾਂ ਪ੍ਰਤੀ ਮੇਰਾ ਇਹ ਲਗਾਓ ਵੇਖ, ਸ਼ੈਲੀ ਮੱਚਣ ਲੱਗਦੀ।



"ਮਾਂ ਲਈ ਤਾਂ ਬੁੱਕ ਬੁੱਕ ਅੱਥਰੂ ਡੁੱਲਦੇ ਐ... ਮੇਰੇ ਲਈ ਹਉਕਾ ਵੀ ਮੁੱਲ ਹੈ ?"

ਉਹ ਚੀਕ ਕੇ ਗੱਲ ਸ਼ੁਰੂ ਕਰਦੀ ਤੇ ਛੇਤੀ ਹੀ ਛੱਤਣੀ ਜਾ ਚੜ੍ਹਦੀ।

ਕਦੀ ਕਦਾਈਂ ਮੈਨੂੰ ਸ਼ੈਲੀ ਦਾ ਇਹ ਗਿਲਾ, ਜਾਇਜ਼ ਵੀ ਲੱਗਦਾ। ਮੈਂ ਮਹਿਸੂਸ ਕਰਦਾ, ਮਾਂ ਪ੍ਰਤੀ ਮੇਰਾ ਇਹ ਮੋਹ ਇਕ ਸੀਮਾ ਦੀ ਮੰਗ ਕਰਦਾ ਸੀ। ਪਰ ਸ਼ੈਲੀ ਜਦੋਂ ਇਸ ਮੋਹ ਦੀ ਸੀਮਾ ਨੂੰ ਦੌਲਤ ਦੀ ਦ੍ਰਿਸ਼ਟੀ ਤੋਂ ਦੇਖਣ ਲੱਗਦੀ ਤਾਂ ਮੈਨੂੰ ਉਹਦੇ ਸੰਸਕਾਰਾਂ 'ਤੇ ਤਰਸ ਆਉਂਦਾ, ਜਿਨ੍ਹਾਂ ਵਿਚ ਉਹ ਜੰਮੀ ਪਲੀ ਸੀ। ਪਰ ਕੋਈ ਉਸ 'ਤੇ ਤਰਸ ਕਰੇ, ਇਹ ਉਹਦੇ ਲਈ ਮਰ ਜਾਣ ਵਾਲੀ ਗੱਲ ਸੀ। ਅਬਾ ਤਬਾ ਬੋਲਦਿਆਂ ਘਰ ਸਿਰ 'ਤੇ ਚੁੱਕ ਲੈਂਦੀ। ਪਹਿਲੋ ਪਹਿਲ ਮੈਂ ਸੋਚਦਾ, ਸ਼ਾਇਦ ਸ਼ੈਲੀ ਦਾ ਗੁੱਸਾ ਹੀ ਮੇਰੇ ਵੱਸ ਵਿਚ ਨਹੀਂ ਸੀ। ਪਰ ਜਦੋਂ ਸਾਡੇ ਦੋਹਾਂ ਵਿਚਾਲੇ ਨਿੱਕੀ ਨਿੱਕੀ ਗੱਲ 'ਤੇ ਵਧਦਾ ਤਣਾਓ ਮਾਂ ਨੂੰ ਵੀ ਵਿਚੇ ਲਿਪਟ ਲੈਂਦਾ ਤਾਂ ਮੈਨੂੰ ਲੱਗਦਾ, ਹੋਰ ਵੀ ਬਹੁਤ ਕੁਝ ਸੀ, ਜੋ ਮੇਰੇ ਵੱਸ ਵਿਚ ਨਹੀਂ ਸੀ।

ਵੱਸ ਵਿਚ ਹੁੰਦਾ ਤਾਂ ਮੈਂ ਸ਼ੈਲੀ ਨਾਲ ਵਿਆਹ ਹੀ ਕਿਉਂ ਕਰਵਾਉਂਦਾ। ਚਲੋ ਵਿਆਹ ਕਰਵਾ ਲਿਆ ਤਾਂ ਉਹਦੇ ਅਮੀਰ ਪਿਓ ਵਲੋਂ ਪ੍ਰੇਰਿਤ ਵਜੋਂ ਮਿਲੀ ਨੌਕਰੀ ਹੀ ਨਾ ਸਵੀਕਾਰ ਕਰਦਾ। ਇਸ ਗੱਲ ਦੇ ਬਾਵਜੂਦ ਕਿ ਮਾਂ ਨੇ ਸਿਰੋਂ ਨੰਗੀ ਹੋਣ 'ਤੇ ਵੀ ਮੇਰੀ ਹਰ ਇੱਛਾ ਦਾ ਨੰਗ ਢਕਿਆ ਸੀ। ਭੁੱਖੀ ਤੱਸੀ ਰਹਿ ਕੇ ਵੀ ਮੇਰੀ ਪੱਟ ਵਿਚ ਚਾਰ ਡਿਗਰੀਆਂ ਦਾ ਚੋਗਾ ਘੱਤਿਆ ਸੀ। ਤੇ ਇਕ ਮੈਂ ਸਾਂ ਜਿਸ ਮਜਬੂਰੀਆਂ ਦਾ ਵਾਸਤਾ ਪਾ ਕੇ ਪਹਿਲਾਂ ਅਮੀਰ ਨਾਲ ਵਿਆਹ ਕਰਵਾ ਲਿਆ ਤੇ ਫਿਰ 'ਜਿੱਥੇ ਦਾਣਾ ਪਾਣੀ ਲਿਖਿਐ' ਦੀ ਓਟ ਲੈ ਕੇ ਸ਼ਹਿਰ ਨੌਕਰੀ ਕਰਨ ਤੁਰ ਆਇਆ। ਸਿਰਫ਼ ਸ਼ੈਲੀ ਦੀ ਇੱਛਾ ਕਰਕੇ ਹੀ; ਕਿਉਂਕਿ ਉਸ ਕਿਹਾ ਸੀ।

"ਉਸ ਦੀਆਂ ਜੜ੍ਹਾਂ ਫੈਲਣ ਲਈ ਪਿੰਡ ਦੀ ਮਿੱਟੀ ਕਾਫ਼ੀ ਨਹੀਂ ਸੀ। ਤੇ ਫਿਰ ਪਿੰਡ ਦੇ ਨੀਵੇਂ ਅਤੇ ਕੱਚੇ ਬਨੇਰਿਆਂ ਤੋਂ ਕਿਸੇ ਵੱਡੀ ਉਡਾਣ ਲਈ ਕਿਵੇਂ ਪਰਵਾਜ਼ ਭਰੀ ਜਾ ਸਕਦੀ ਸੀ।"

ਪਰ ਮੈਂ ਸੋਚਦਾ, ਮਾਂ ਦੀ ਇੱਛਾ ਕਿੱਥੇ ਸੀ ? ਜਿਹੜੀ ਮੇਰੇ ਜਵਾਨ ਹੋਣ ਤਕ ਇਕੋ ਗੱਲ ਦੁਹਰਾਉਂਦੀ ਰਹੀ।

"ਅਫ਼ਸਰ ਬਣੂ ਮੇਰਾ ਪੁੱਤ! ਰਾਜ ਕਰਾਊ ਮਾਂ ਨੂੰ... ਆਖ਼ਰ ਬੰਦੇ ਦੀ ਅੰਸ ਐ... ਜੇ ਮਾਂ ਦੀ ਆਂਦਰ ਠੰਡੀ ਕਰੂ, ਤਾਂ ਹੀ ਪਿਓ ਦਾ ਸਿਵਾ ਠੰਡਾ ਹੋਊ... ਮਾੜੀ ਲਾਦ ਤਾਂ ਕਹਿੰਦੇ ਬੰਦੇ ਦੀ ਗਤੀ ਨੀਂ ਹੋਣ ਦਿੰਦੀ।"

ਮੈਂ ਤੜਪ ਕੇ ਸੋਚਦਾ, ਮਾਂ ਕਦੇ ਇਸ ਗੱਲ ਨੂੰ ਹੁਣ ਕਿਉਂ ਨਹੀਂ ਸੀ ਦੁਹਰਾਉਂਦੀ।

ਇਕ ਦਿਨ ਮੈਂ ਖਿਝ ਕੇ ਕਿਹਾ, "ਮਾਂ ਮੈਂ ਪੜ੍ਹ ਲਿਖ ਗਿਆਂ, ਵਿਆਹਿਆ

ਵਰ੍ਹਿਹਾਂ, ਸ਼ਹਿਰ ਨੌਕਰੀ ਕਰਦਾਂ, ਹੁਣ ਤਾਂ ਆਪਣੇ ਪੁੱਤ ਨੂੰ ਅਫ਼ਸਰ ਸਮਝ ਲੈ।"

"ਖ਼ਰਾ ਪੁੱਤ! ਜਮ ਜਮ ਸਮਝੂ... ਪਰ ਓਦੋਂ ਪੁੱਤ! ਜਿੱਦੇ ਤੈਨੂੰ ਪਿੰਡ ਨਿਊਂ ਨਿਊਂ ਸਲਾਮਾਂ ਕਰੂ...। ਪਰ ਪੁੱਤ! ਤੈਂ ਤਾਂ ਜੜ੍ਹਾਂ ਈ ਕਿਧਰੇ ਹੋਰ ਜਾ ਲਾਈਆਂ। ਫਿਰ ਪੁੱਤ! ਮਾਂ ਪੇ ਲਈ ਤਾਂ ਧੀਆਂ ਪੁੱਤ ਜੰਮਦੇ ਈ ਅਫ਼ਸਰ ਹੁੰਦੇ ਐ।" ਤੇ ਮਾਂ ਨਾ ਚਾਹੁੰਦੇ ਵੀ ਮੂੰਹ ਢਕ ਕੇ ਰੋਣ ਲੱਗ ਪਈ ਸੀ।

ਪਰ ਮੈਥੋਂ ਤਾਂ ਮਾਂ ਲਈ ਰੋਣਾ ਛੱਡ ਹਉਕਾ ਵੀ ਨਹੀਂ ਸੀ ਸਰਿਆ। ਉਂਜ ਮੇਰੇ ਹਉਕਿਆਂ ਨੇ ਮਾਂ ਦਾ ਸੁਆਰਨਾ ਵੀ ਕੀ ਸੀ? ਮਾਂ ਕੋਲ ਤਾਂ ਪਹਿਲਾਂ ਹੀ ਹਉਕੇ ਬਹੁਤ ਸਨ। ਕਦੇ ਮੈਂ ਸੋਚਦਾ, ਪਿਤਾ ਦੀ ਮੌਤ ਅਤੇ ਮੇਰੇ ਸ਼ਹਿਰ ਚਲੇ ਆਉਣ ਪਿੱਛੋਂ, ਮਾਂ ਕੋਲ ਹਉਕੇ ਹੀ ਤਾਂ ਸਨ। ਨਹੀਂ ਉਮਰ ਦੀ ਨਿਸ਼ਠਾ ਦਾ ਉਹਨੂੰ ਕੀ ਮਿਲਿਆ? ਵਰ੍ਹੇ ਛਮਾਹੀ ਲੈ ਕੇ ਦਿੱਤੇ ਚਾਰ ਲੀੜੇ? ਫੋਕੇ ਦਿਲਾਸੇ? ਜਾਂ ਮੇਰੇ ਤੇ ਸ਼ੈਲੀ ਵਿਚਾਲੇ ਨਿੱਤ ਵਧਦਾ ਜ਼ਹਿਰ...?

ਇਹ ਜ਼ਹਿਰ ਸ਼ਾਇਦ ਵਧਦਾ ਹੀ ਚਲਾ ਜਾਂਦਾ, ਜੇ ਸ਼ੈਲੀ ਨੂੰ ਅਚਾਨਕ ਮਾਂ ਦੀ ਲੋੜ ਨਾ ਪੈਂਦੀ। ਸੁਣ ਕੇ ਮੈਂ ਹੈਰਾਨ ਹੋਇਆ। ਮਾਂ ਤਾਂ ਸ਼ੈਲੀ ਨੂੰ ਫੁੱਟੀ ਅੱਖ ਨਹੀਂ ਸੀ ਭਾਉਂਦੀ, ਫਿਰ ਇਹ ਚਾਹਤ ਕੈਸੀ? ਪਿੱਛੋਂ ਪਤਾ ਲੱਗਾ, ਸ਼ੈਲੀ ਖ਼ੁਦ ਮਾਂ ਬਣਨ ਵਾਲੀ ਸੀ। ਮੈਨੂੰ ਹੈਰਾਨੀ ਅਤੇ ਖ਼ੁਸ਼ੀ ਹੋਈ। ਹੈਰਾਨੀ ਇਸ ਗੱਲ ਦੀ ਕਿ ਸ਼ੈਲੀ ਬੱਚਾ ਜੰਮਣ ਨੂੰ ਫ਼ਾਲਤੂ ਦਾ ਝੰਜਟ ਸਮਝਦੀ ਸੀ। ਉਹ ਕਹਿੰਦੀ, "ਇਹ ਕਿੱਧਰ ਦਾ ਇਨਸਾਫ਼ ਹੈ ਕਿ ਬੱਚਾ ਮਾਂ ਜੰਮੇ ਤੇ ਪੀੜ੍ਹੀ ਪਿਓ ਦੀ ਤੁਰੇ...। ਉੱਤੋਂ ਫਿੱਗਰ ਦਾ ਨਾਸ।" ਖ਼ੁਸ਼ੀ ਇਸ ਗੱਲ ਦੀ ਕਿ ਇਕ ਦਿਨ ਕਹਿਣ ਲੱਗੀ, "ਕੁਝ ਵੀ ਐ... ਤੀਵੀਂ ਦੀਆਂ ਜੜ੍ਹਾਂ ਲੱਗਣ ਲਈ, ਮਾਂ ਬਣਨਾ ਜ਼ਰੂਰੀ ਐ।"

ਮੈਂ ਸ਼ੈਲੀ ਦੇ ਇਸ ਅਚਾਨਕ ਬਦਲਾਓ 'ਤੇ ਬਹਿਸ ਕਰਨੀ ਚਾਹੁੰਦਾ ਸਾਂ।

ਪਰ ਇਹ ਸੋਚ ਕੇ ਚੁੱਪ ਕਰ ਗਿਆ ਕਿ ਕੀ ਪਤਾ ਇਸ ਬੱਚੇ ਦੀ ਆਮਦ ਹੀ ਮੇਰੇ ਸ਼ੈਲੀ ਅਤੇ ਮਾਂ ਵਿਚਾਲੇ ਕੋਈ ਚੌਥੀ ਕੌਨ ਸਿਰਜ ਕੇ ਕਿਸੇ ਮੋਹ ਦੀ ਜੜ੍ਹ ਲਾ ਦੇਵੇ।...

ਪਰ ਹੋਇਆ ਇਸ ਤੋਂ ਬਿਲਕੁਲ ਉਲਟ। ਓਧਰ ਸ਼ੈਲੀ ਦੀ ਕੁੱਖ ਵਿਚ ਚਾਨਣ ਦਾ ਬੀਜ ਪੁੰਗਰਿਆ, ਇੱਧਰ ਪਿੰਡ ਵਿਚੋਂ ਮਾਂ ਦੀਆਂ ਜੜ੍ਹਾਂ ਹੀ ਖੋਗੀਆਂ ਗਈਆਂ।

"ਦੇਖੋ! ਬੱਚਾ ਚਾਹੀਦੈ ਤਾਂ ਪਿੰਡੋਂ ਮਾਂ ਨੂੰ ਲੈ ਕੇ ਆਉ... ਜਾਂ ਨੌਕਰ ਰੱਖ ਕੇ ਦਿਉ।"

ਤੀਜੇ ਮਹੀਨੇ ਦੀ ਗਰਭਵਤੀ ਸ਼ੈਲੀ ਨੇ, ਇਕ ਤਰ੍ਹਾਂ ਲੀਕ ਖਿੱਚ ਦਿੱਤੀ। ਨੌਕਰ ਰੱਖਣ ਦਾ ਮਤਲਬ ਸੀ ਉਹਦੇ ਅਮੀਰ ਪਿਉ ਦੇ ਹੋਰ ਹਠਾਰੂ ਹੋਣਾ। ਰਹੀ ਮਾਂ? ਮਾਂ ਦਾ ਕੀ ਸੀ?... ਫਿਰ ਮਾਂ ਦਾ ਤਾਂ ਫ਼ਰਜ਼ ਵੀ ਬਣਦਾ ਸੀ। ਮੈਂ ਆਪਣੇ ਆਪ ਨੂੰ ਦਲੀਲ ਦਿੱਤੀ ਅਤੇ ਬਿਨਾਂ ਕੋਈ ਪਾਧਾ ਪੁੱਛੇ ਮਾਂ ਮੂਹਰੇ ਜਾ ਖੜ੍ਹਿਆ। ਮੈਂ ਝਕਦੇ ਜਿਹੇ ਸ਼ਹਿਰ ਜਾਣ ਦੀ ਗੱਲ ਤੋਰੀ ਤਾਂ ਮਾਂ ਪੋਰੋਂ ਹੀ ਮੱਚ ਉੱਠੀ। ਪਰ ਜਿਉਂ ਹੀ ਉਹਨੇ ਸ਼ੈਲੀ ਦੇ ਮਾਂ ਬਣਨ



ਬਾਰੇ ਸੁਣਿਆ, ਬਿਨਾਂ ਕੋਈ ਉਜ਼ਰ ਕੀਤੇ, ਆਪਣੇ ਲੀੜਿਆਂ ਦੀ ਨਿੱਕੀ ਜਿਹੀ ਬੁਚਕੀ ਚੁੱਕ ਦਰਾਂ ਤੋਂ ਬਾਹਰ ਜਾ ਖੜ੍ਹੀ। ਉੱਤੋਂ ਗੁੱਸੇ ਹੋਈ ਕਿ ਜੇ ਇਹ ਗੱਲ ਸੀ ਤਾਂ ਮੈਂ ਪਹਿਲਾਂ ਕਿਉਂ ਨਾ ਦੱਸਿਆ।

ਫਿਰ ਅੱਖਾਂ ਭਰਦਿਆਂ ਕਹਿਣ ਲੱਗੀ।

"ਨਾਲੇ ਪੁੱਤ ਜਿਸ ਰੁੱਖ ਦਾ ਪਰਵਾਰ ਹਰਿਆ ਭਰਿਐ, ਉਸੇ ਦੀਆਂ ਜੜ੍ਹਾਂ ਦਾ ਮੁੱਲ ਐ... ਫਿਰ ਥੋਡੇ ਬਿਨਾਂ ਮੇਰਾ ਪਿੰਡ 'ਚ ਕੀ ਐ?" ਇਕ ਪਲ ਮੈਨੂੰ ਲੱਗਾ, ਮਾਂ ਠੀਕ ਕਹਿ ਰਹੀ ਸੀ। ਕਿਉਂਕਿ ਉਸ ਦਿਨ ਤੋਂ ਬਾਅਦ ਜਿਸ ਬੇਪਰਵਾਹੀ ਨਾਲ ਮਾਂ ਨੇ ਪਿੰਡ ਵੱਲ ਪਿੱਠ ਕੀਤੀ ਸੀ, ਉਹ ਸੱਚਮੁਚ ਹੈਰਾਨ ਕਰਨ ਵਾਲੀ ਸੀ।

ਸ਼ਹਿਰ ਆ ਕੇ ਤਾਂ ਮਾਂ ਨੇ ਸਾਨੂੰ ਹੋਰ ਵੀ ਹੈਰਾਨ ਕਰ ਦਿੱਤਾ। ਨਾ ਕੋਈ ਸ਼ਿਕਵਾ, ਨਾ ਸ਼ਿਕਾਇਤ... ਨਾ ਕੋਈ ਉਜ਼ਰ, ਨਾ ਉਜਰਤ। ਪਤਾ ਨਹੀਂ ਕਿਉਂ ਮਾਂ ਦਾ ਇਉਂ ਸਿਰਫ਼ ਸ਼ੈਲੀ ਦੀ ਇੱਛਾ ਲਈ ਬਦਲ ਜਾਣਾ ਮੈਨੂੰ ਬੁਰਾ ਲੱਗਾ।

ਸ਼ੈਲੀ ਲਈ ਇਹ ਜਿੱਤ ਦੀ ਘੜੀ ਸੀ। ਉਹਨੇ ਇਹ ਜਿੱਤ ਜ਼ਾਹਿਰ ਵੀ ਕੀਤੀ। ਇਕ ਦਿਨ ਕਿਸੇ ਬਾਗ਼ਬਾਨੀ ਨਰਸਰੀ ਤੋਂ ਤਿੰਨ ਚਾਰ ਗਮਲੇ ਖ਼ਰੀਦ ਲਿਆਈ। ਵਿਚ ਬੋਹੜ, ਪਿੱਪਲ ਅਤੇ ਜੰਡ ਉੱਗੇ ਹੋਏ। ਹੂਬਹੂ ਸ਼ਕਲ, ਪਰ ਅਕਾਰ ਵਿਚ ਸਿਰਫ਼ ਦੋ ਤਿੰਨ ਗਿੱਠਾਂ ਉੱਚੇ। ਕਹਿਣ ਲੱਗੀ,

"ਦੇਖਿਆ, ਤੂੰ ਕਹਿੰਦਾ ਸੀ ਜੜ੍ਹਾਂ ਹੁੰਦੀਆਂ ਬੰਦੇ ਦੀਆਂ। ਜੇ ਬੋਹੜ ਪਿੱਪਲ ਗਮਲਿਆਂ ਵਿਚ ਉੱਗ ਸਕਦੇ ਐ, ਤਾਂ ਬੰਦੇ ਦਾ ਕੀ ਐ?" ਉਹਨੇ ਮੇਰੀ ਮਾਂ 'ਚੋਂ ਗੱਲ ਕੱਢੀ।

ਉੱਤਰ ਵਿਚ ਮੈਂ ਜੜ੍ਹਾਂ ਕੁਤਰ ਕੇ ਬੌਣਾ ਕਰ ਦੇਣ ਦੀ ਤਕਨੀਕ ਬਾਰੇ ਚੀਕਣਾ ਚਾਹੁੰਦਾ ਸਾਂ। ਪਰ ਚੁੱਪ ਰਿਹਾ ਅਤੇ ਸ਼ੈਲੀ ਦੀ ਸਾਰੀ ਉਗਲੀ ਹੋਈ ਜ਼ਹਿਰ ਵਿਚੇ ਵਿਚ ਹੀ ਪੀ ਲਈ।

ਪਰ ਮਾਂ ਨੇ ਤਾਂ ਜਿਵੇਂ ਬਿਨਾਂ ਕਹੇ ਹੀ ਸਭ ਕੁਝ ਸੁਣ ਲਿਆ ਅਤੇ ਦੇਖਦਿਆਂ ਦੇਖਦਿਆਂ ਦੁਨੀਆਂ ਦੀ ਹਰ ਤਕਨੀਕ ਨੂੰ ਹੀ ਮਾਤ ਪਾ ਦਿੱਤਾ। ਆਪਣੀਆਂ ਜੜ੍ਹਾਂ ਆਪ ਹੀ ਕੁਤਰ ਕੇ ਉਹਨੇ ਸ਼ੈਲੀ ਦੀ ਹਰ ਹਮਕੀ ਤੁਮਕੀ ਜਰਨੀ ਸਿੱਖ ਲਈ। ਸ਼ੈਲੀ ਨੂੰ ਪੁਚ ਪੁਚ ਕਰਦੇ ਉਹਦਾ ਮੂੰਹ ਨਾ ਥੱਕਦਾ। ਸਬਜ਼ੀ ਭਾਜੀ ਦਾ ਭਾਅ ਤੈਅ ਕਰਨਾ ਅਤੇ ਸੜਕ ਪਾਰ ਕਰਨਾ ਤਾਂ ਮਾਂ ਲਈ ਆਮ ਗੱਲ ਹੋ ਗਈ। ਇਥੋਂ ਤਕ ਕਿ ਘਰ ਦੇ ਗਲ ਗਲ ਕੰਮਾਂ ਵਿਚ ਡੁੱਬੀ ਉਹ ਹਰ ਆਏ ਗਏ ਨੂੰ ਨੌਕਰਾਣੀ ਦਿੱਸਣ ਵਿਚ ਵੀ ਮਾਹਰ ਹੋ ਗਈ।

ਮੈਂ ਮਨ ਹੀ ਮਨ ਸ਼ੁਕਰ ਕੀਤਾ ਕਿ ਮਾਂ ਸ਼ਹਿਰ ਵਿਚ ਜੜ੍ਹਾਂ ਲਾ ਰਹੀ ਸੀ। ਮੈਂ ਸੁੱਖਣਾ ਸੁੱਖੀ। ਸ਼ੈਲੀ ਸੁਖ ਦਾ ਸਾਹ ਲਿਆ ਤੇ ਕਿਸੇ ਜਿੱਤ ਦੀ ਖ਼ੁਸ਼ੀ ਵਿਚ ਛੇਵੇਂ ਮਹੀਨੇ ਹੀ ਮੰਜਾ ਮੱਲ ਕੇ ਬੈਠ ਗਈ। ਆਖ਼ਰ ਮਾਂ ਪਿੰਡ ਲਈ ਕਿੰਨਾ ਕੁ ਤੜਪ ਸਕਦੀ ਸੀ। ਅਸਾਂ ਦੋਹਾਂ ਨੇ ਸੋਚਿਆ।

ਪਰ ਇਕ ਦਿਨ ਸਭ ਕੁਝ ਤਹਿਸ਼-ਨਹਿਸ਼ ਹੋ ਗਿਆ...।

ਗਈ ਰਾਤ 237 ਵਾਲਿਆਂ ਦੇ ਘਰੋਂ ਉੱਚੀ ਲੇਰ ਸੁਣੀ। ਮਾਂ ਤਾਂ ਜਿਵੇਂ ਹਵਾ ਵਿਚੋਂ ਵੀ ਖੁਸ਼ੀ ਗ਼ਮੀ ਸੁੰਘ ਲੈਂਦੀ ਸੀ। ਫਿਰ ਉੱਤੋਂ ਰਾਤ ਦਾ ਸੰਨਾਟਾ ਅਤੇ ਦਿਲ ਵਿੰਨ੍ਹਵੀਂ ਲੇਰ...। ਮਾਂ ਧਾਹ ਕੇ ਦੂਜੇ ਬਲਾਕ ਵੱਲ ਦੌੜੀ। ਮੈਂ ਵੀ ਜਾਣ ਲੱਗਾ ਤਾਂ ਸ਼ੈਲੀ ਤਰਲਾ ਲਿਆ। "ਕੀ ਕਰਦੇ ਓ... ਐਵੇਂ ਜਾ ਕੇ ਫਸ ਜੋਂ ਗੇ।"

ਅੱਗੇ ਗਏ ਤਾਂ ਸੱਥਰ ਵਿਛਿਆ ਪਿਆ। ਪਤਾ ਲੱਗਾ ਦੀਨ ਦਿਆਲ ਨਹੀਂ ਸੀ ਰਿਹਾ। "ਹਾਏ ਬੇ ਬੀਰ! ਉਹ ਤਾਂ ਬਾਹਲਾ ਚੰਗਾ ਸੀ।" ਮਾਂ ਦੇ ਕਾਲਜੇ ਜਿਵੇਂ ਡੂੰਘੀ ਪੀੜ ਹੋਈ।

ਮੈਨੂੰ ਯਾਦ ਆਇਆ, ਦੀਨ ਦਿਆਲ ਵੀ ਆਪਣੇ ਬੱਚਿਆਂ ਲਈ ਪਿੰਡੋਂ ਸ਼ਹਿਰ ਆਇਆ ਹੋਇਆ ਸੀ। ਸਬਜ਼ੀ ਭਾਜੀ ਖ਼ਰੀਦਦਿਆਂ, ਬੱਚੇ ਖਿਡਾਉਂਦਿਆਂ ਜਾਂ ਕੁੱਤੇ ਨੂੰ ਫੇਰੀ ਲਵਾਉਂਦਿਆਂ ਮਾਂ ਨੂੰ ਮਿਲਦਾ ਤਾਂ ਦੁਖ ਸੁਖ ਫੋਲਦਾ। ਉਹਨੂੰ ਸਭ ਤੋਂ ਵੱਡਾ ਝੋਰਾ ਸੀ ਕਿ ਉਹਦੇ ਦੋਹਾਂ ਪੁੱਤਾਂ ਨੇ ਜਿਉਂਦੇ ਜੀ ਘਰ ਬਾਰ ਵੀ ਵੰਡ ਲਿਆ ਅਤੇ ਇਕ ਨੇ ਮਾਂ, ਦੂਜੇ ਨੇ ਪਿਓ ਲੈ ਲਿਆ। ਦੋਵੇਂ ਪੁੱਤ ਵੱਖੋ ਵੱਖ ਸ਼ਹਿਰਾਂ ਵਿਚ ਸਨ। ਪਰ ਵਿਚਾਰਾ ਦੀਨ ਦਿਆਲ ਸ਼ਹਿਰ ਵਿਚ ਜੜ੍ਹਾਂ ਫੜਨ ਤੋਂ ਪਹਿਲਾਂ ਹੀ ਤੁਰਦਾ ਬਣਿਆ। ਇਕ ਪਲ ਮੈਂ ਮਾਂ ਬਾਰੇ ਸੋਚ, ਅੰਦਰੋਂ ਅੰਦਰ ਕੰਬ ਗਿਆ।

ਮਾਂ ਰੋਣ ਵਰਗੇ ਬੋਲਾਂ ਨਾਲ ਅਫ਼ਸੋਸ ਕਰਨ ਲੱਗੀ ਤਾਂ ਕਿਸੇ ਟੋਕਿਆ।

"ਬਸ ਮਾਂ ਜੀ ਰੋਣਾ ਨਹੀਂ।" ਮਾਂ ਚੁੱਪ ਕਰ ਗਈ। ਪਤਾ ਲੱਗਾ ਘਰ ਵਿਚ ਬੱਚਿਆਂ ਦੇ ਪੇਪਰਾਂ ਦੀ ਤਿਆਰੀ ਚੱਲ ਰਹੀ ਸੀ। ਮਾਂ ਇਕ ਕੋਨੇ ਵਿਚ ਮੂੰਹ ਦੇ ਕੇ ਸਿਸਕੀਆਂ ਭਰਦੀ ਰੋਣ ਲੱਗੀ। ਮਾਂ ਨੂੰ ਦੇਖ ਇਕ ਦੋ ਆਈਆਂ ਗੁਆਂਢਣਾਂ ਵੀ ਰੋਣ ਲੱਗੀਆਂ।

"ਦੇਖੋ ਜੀ! ਜੇ ਇੱਥੇ ਰੋਣ ਧੋਣ ਦਾ ਹੀ ਪ੍ਰੋਗਰਾਮ ਚੱਲਣੈ ਤਾਂ ਮੈਂ ਬੱਚੇ ਕਿਸੇ ਹੋਰ ਘਰ ਭੇਜ ਦਿਨਾਂ।" ਦੀਨ ਦਿਆਲ ਦਾ ਪੁੱਤ ਸਖ਼ਤੀ ਨਾਲ ਬੋਲਿਆ।

ਮਾਂ ਇਕਦਮ ਚੁੱਪ ਕਰ ਗਈ।

"ਚਲੋ ਭਾਈ! ਮਰਨਾ ਕੀਹਨੇ ਨਹੀਂ, ਜੱਗ ਚੱਲਦੀ ਸਰਾਂ ਐ... ਪਰ ਇਸ ਪਰਿਵਾਰ ਨਾਲ ਤਾਂ ਬੁਰੀ ਹੋਈ। ਤੁਸੀਂ ਸੋਚੋ ਪਿੰਡੋਂ ਬਜ਼ੁਰਗ ਨੂੰ ਇਸ ਲਈ ਲੈ ਕੇ ਆਂਦਾ ਕਿ ਦੋਵੇਂ ਨੂੰਹ ਪੁੱਤ ਨੌਕਰੀ 'ਤੇ ਸਨ, ਚਲੋ ਬਜ਼ੁਰਗ ਬੱਚੇ ਸਾਂਭ ਲਊ। ਪਰ ਆਉਂਦੇ ਹੀ ਬਿਮਾਰ ਪੈ ਗਿਆ। ਸੁਖ ਦੀ ਥਾਂ ਖ਼ਰਚਾ ਵਧ ਗਿਆ। ਸ਼ੁਰੂ ਵਿਚ ਤਾਂ ਵਿਚਾਰੇ ਨੂੰ ਹਾਜਤ ਲਈ ਵੀ ਬੜੀ ਔਖ ਪੇਸ਼ ਆਈ। ਭਈ ਕੁਝ ਕਹੋ ਟੱਬਰ ਨੇ ਬਜ਼ੁਰਗ ਬਦਲੇ ਔਖ ਬੜੀ ਝੱਲੀ।" ਕਿਸੇ ਕਿਹਾ।

"ਔਖ ਤਾਂ ਆਪੇ ਝੱਲਣੀ ਹੋਈ, ਤੁਸੀਂ ਸੋਚੋ, ਇਕ ਸ਼ਹਿਰਦਾਰੀ, ਬੱਚਿਆਂ ਦੀਆਂ ਮਹਿੰਗੀਆਂ ਪੜ੍ਹਾਈਆਂ ਤੇ ਉੱਤੋਂ ਬਿਰਧ ਬੰਦੇ ਦੀ ਬਿਮਾਰੀ।"



"ਬਿਮਾਰੀ ਤਾਂ ਭਾਈ ਸਾਬ੍ਹ ਉਨ੍ਹਾਂ ਆਪ ਲਈ" ਦੀਨ ਦਿਆਲ ਦੇ ਪੁੱਤ ਨੇ ਕਿਹਾ, "ਹਰ ਵੇਲੇ ਸ਼ਿਕਾਇਤ... ਇੱਥੇ ਗੰਦ ਬਹੁਤ ਐ... ਰਿਸ਼ਵਤ ਐ... ਸ਼ੋਰ ਐ... ਅਖੇ ਘਰ 'ਚ ਕਿਉਂ ਹੱਗਦੇ ਉਂ...। ਹੁਣ ਦੱਸੋ ਉਹਦੇ ਲਈ ਸ਼ਹਿਰ, ਘਰ... ਸੜਕਾਂ ਨਵੀਆਂ ਬਣ ਜਾਂਦੀਆਂ।"

"ਕੁਝ ਵੀ ਸੀ... ਭਲੇ ਪੁਰਸ਼ ਸਨ ਵਿਚਾਰੇ... ਨਾ ਚੰਗੀ ਨਾ ਮੰਦੀ... ਜੋ ਮਿਲਿਆ ਪਾ ਲਿਆ, ਜੋ ਦਿੱਤਾ ਖਾ ਲਿਆ।" ਕਿਸੇ ਹੋਰ ਕਿਹਾ।

ਮਾਂ ਨੂੰ ਉਸ ਬੰਦੇ ਦੀ ਗੱਲ ਸ਼ਾਇਦ ਚੰਗੀ ਲੱਗੀ। ਉਹ ਉਸ ਵੱਲ ਉਚੇਚ ਨਾਲ ਝਾਕੀ। ਅਚਾਨਕ ਚੁੱਪ ਜਿਵੇਂ ਬੋਝਲ ਜਾਪਣ ਲੱਗੀ। ਸਾਹ ਘੁਟਣ ਲੱਗਾ। ਮੇਰੇ ਉੱਠਣ ਤੋਂ ਪਹਿਲਾਂ ਜਦੋਂ ਆਏ ਗੁਆਂਢੀ ਸਵੇਰੇ ਸਸਕਾਰ ਦਾ ਟਾਈਮ ਪੁੱਛ ਕੇ ਚਲੇ ਗਏ ਤਾਂ ਮੈਂ ਵੀ ਜਾਣ ਲਈ ਮਾਂ ਦਾ ਮੋਢਾ ਛੂਹਿਆ। ਮੈਨੂੰ ਲੱਗਾ, ਮਾਂ ਹੁਣੇ ਮੇਰਾ ਹੱਥ ਝਟਕ ਕੇ ਕਹੇਗੀ, "ਹੇ ਕਮਲਾ। ਐਂ ਕਿਵੇਂ ਮੋਈ ਮਿੱਟੀ ਨੂੰ ਛੱਡ ਕੇ ਘਰੇ ਜਾ ਪਵਾਂ?" ਪਰ ਮੈਂ ਹੈਰਾਨ ਰਹਿ ਗਿਆ, ਜਦੋਂ ਮਾਂ ਬਿਨਾਂ ਕੁਝ ਬੋਲੇ ਪੌੜੀਆਂ ਉੱਤਰ ਗਈ।...

ਸਵੇਰੇ ਜਦੋਂ ਦੂਜੇ ਬਲਾਕ ਦੇ ਵਿਹੜੇ ਵਿਚ ਮੁਰਦਾ ਗੱਡੀ ਆ ਖੜ੍ਹੀ ਤਾਂ ਮੈਂ ਬਾਹਰ ਸਾਡੇ ਗੁਆਂਢ ਵਿਚ ਰਹਿੰਦੀ ਬੰਗਾਲਣ, ਮਿਸਜ਼ ਬਾਸੂ ਬੋਲਦਿਆਂ ਸੁਣੀ। ਉਹ ਮਾਂ ਨੂੰ ਸ਼ਹਿਰ ਵਿਚ ਲੱਗੀ ਮੁਰਦਾ ਫੂਕਣ ਵਾਲੀ ਬਿਜਲਈ ਭੱਠੀ ਬਾਰੇ ਦੱਸ ਰਹੀ ਸੀ।

"ਮਾਂ ਜੀ! ਕੇਵਲ ਬੀਸ ਮਿੰਟ ਅਉਰ ਬੋਨ ਕਾ ਪੈਕਟ ਆਪ ਕੇ ਹਾਥ ਮੇਂ, ਪਾਨੀ ਮੇਂ ਫੇਂਕੋ ਅਉਰ ਛੁੱਟੀ... ਕੋਈ ਆਲਤੂ ਫ਼ਾਲਤੂ ਕਾ ਝੰਜਟ ਨਹੀਂ...।"

ਸੁਣਦਿਆਂ ਮੇਰੀ ਖਾਨਿਉਂ ਗਈ। ਮੈਨੂੰ ਲੱਗਾ, ਮਾਂ ਹੁਣੇ ਪੁੱਛੇਗੀ।

"ਪੁੱਤ, ਜੇ ਬੰਦੇ ਦਾ ਸਿਵਾ ਹੀ ਨਹੀਂ ਬਲਣਾ... ਤਾਂ ਸਿੜ੍ਹੀ ਦੀ ਪਰਕਰਮਾ ਕੌਣ ਕਰੂ? ਅਗਨੀ ਕੌਣ ਦਖਾਊ? ਗਤੀ ਕਿਵੇਂ ਹੋਊ ਬੰਦੇ ਦੀ?..." ਪਰ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਮਾਂ ਕੁਝ ਵੀ ਨਾ ਬੋਲੀ ਅਤੇ ਚੁੱਪ ਚਾਪ ਲਾਸ਼ ਨੂੰ ਗੱਡੀ ਵਿਚ ਲੱਦਦਿਆਂ ਉਪਰਲੀ ਮੰਜ਼ਿਲ ਤੋਂ ਹੀ ਵੇਖਦੀ ਰਹੀ...। ਜਾਂ ਫਿਰ ਚਾਰ ਪੰਜ ਬੰਦਿਆਂ ਨੂੰ ਮੁਰਦਾ ਗੱਡੀ ਨਾਲ ਜਾਂਦੇ ਦੇਖਦੀ ਰਹੀ। ਨਾ ਉਸ ਆਪ ਸਿਵਿਆਂ ਤਕ ਜ਼ਿੱਦ ਕੀਤੀ, ਨਾ ਮੈਨੂੰ ਜਾਣ ਲਈ ਕਿਹਾ।

ਉਸ ਦਿਨ ਤੋਂ ਬਾਅਦ ਮਾਂ ਬਿਲਕੁਲ ਚੁੱਪ ਹੋ ਗਈ। ਇਕ ਦਿਨ ਅਚਾਨਕ ਕਹਿਣ ਲੱਗੀ।

"ਪੁੱਤ! ਭਲਾ ਜੜ੍ਹਾਂ ਕਿੱਥੇ ਹੁੰਦੀਐਂ ਬੰਦੇ ਦੀਆਂ?" ਉੱਤਰ ਵਿਚ ਮੈਂ ਨੀਵੀਂ ਪਾ ਲਈ। ਉਸ ਦਿਨ ਤੋਂ ਬਾਅਦ ਸਾਡੇ ਲਈ ਮਾਂ ਦੀ ਚੁੱਪ ਅਸਹਿ ਹੋ ਗਈ। ਅਸੀਂ ਮਾਂ ਦੀ ਹਰ ਗੱਲ ਵਿਚੋਂ ਇਕ ਚੋਭ ਮਹਿਸੂਸ ਕਰਦੇ। ਮਾਂ ਹਰ ਗੱਲ ਨੂੰ ਦੀਨ ਦਿਆਲ ਦੀ ਮੌਤ ਵਿਚੋਂ ਦੇਖਣ ਲੱਗ ਪਈ ਤਾਂ ਅਸੀਂ ਚਾਹਿਆ, ਮਾਂ ਜਿੰਨੀ ਛੇਤੀ ਹੋ ਸਕਦੇ ਪਿੰਡ ਚਲੀ ਜਾਵੇ।

ਪਰ ਹੁਣ, ਜਦੋਂ ਕਿ ਮੈਂ ਮਾਂ ਨੂੰ ਲੈ ਕੇ ਪਿੰਡ ਪਰਤ ਰਿਹਾ ਹਾਂ ਤਾਂ ਸੋਚਦਾ ਹਾਂ ਕੁਝ ਵੀ ਸੀ, ਮਾਂ ਨੂੰ ਸ਼ੈਲੀ ਦੀ ਇਸ ਹਾਲਤ ਵਿਚ ਪਿੰਡ ਨਹੀਂ ਸੀ ਪਰਤਣਾ ਚਾਹੀਦਾ।...

ਜਿਉਂ ਹੀ ਅਸੀਂ ਪਿੰਡ ਦੀ ਜੂਹ ਵਿਚ ਦਾਖ਼ਲ ਹੋਏ, ਮਾਂ ਇਕਦਮ ਚਹਿਕ ਉੱਠੀ।

ਨਿਆਈਆਂ ਵਿਚ ਨਰਮਾ ਚੁੱਗਦੀਆਂ ਤੀਵੀਆਂ ਉੱਠ ਕੇ ਜਿਵੇਂ ਮਾਂ ਦੇ ਗਲ ਨਾਲ ਚਿੰਬੜ ਗਈਆਂ। ਪਿੰਡ ਦੀ ਗਲੀ ਵਿਚ ਵੜਦਿਆਂ ਤਾਂ ਹੱਦ ਹੀ ਹੋ ਗਈ। ਜਿਸ ਜਿਸ ਨੇ ਵੀ ਮਾਂ ਦੇ ਪਿੰਡ ਆਉਣ ਬਾਰੇ ਸੁਣਿਆ, ਉਹ ਮਾਂ ਦੁਆਲੇ ਝੁਰਮਟ ਵਾਂਗ ਜੁੜ ਗਿਆ। ਮੈਨੂੰ ਲੱਗਾ, ਮਾਂ ਜਿਵੇਂ ਵਿਸਰ ਹੀ ਗਈ ਸੀ ਕਿ ਮੈਂ ਵੀ ਉਹਦੇ ਨਾਲ ਸਾਂ।

ਮੈਂ ਇਕ ਦੋ ਵਾਰ ਆਪਣੀ ਹੋਂਦ ਦਾ ਅਹਿਸਾਸ ਕਰਾਉਣ ਦਾ ਯਤਨ ਵੀ ਕੀਤਾ, ਪਰ ਸਭ ਵਿਅਰਥ...। ਹਰ ਕੋਈ, "ਕਿਵੇਂ ਐ ਅਫ਼ਸਰਾ..." ਕਹਿ ਕੇ ਪਾਸਾ ਵੱਟ ਗਿਆ। ਮੈਨੂੰ ਯਾਦ ਆਇਆ। ਜਦੋਂ ਤੋਂ ਮੈਂ ਸ਼ਹਿਰ ਰਹਿਣ ਲੱਗਾ ਸਾਂ, ਮੇਰੇ ਨਾਲ ਇੰਜ ਹੀ ਹੁੰਦਾ ਸੀ। ਇਕਾ ਇਕ ਮੇਰਾ ਮਨ ਪੀੜ ਨਾਲ ਭਰ ਗਿਆ।

ਮੈਂ ਇਕ ਨਜ਼ਰ ਮਾਂ ਨੂੰ ਤੀਵੀਆਂ ਵਿਚ ਚਹਿਕਦੇ ਦੇਖਿਆ ਅਤੇ ਸੋਚਿਆ, ਇਹ ਮਾਂ ਤਾਂ ਉਹ ਮਾਂ ਹੀ ਨਹੀਂ ਸੀ, ਜਿਸ ਨੂੰ ਮੈਂ ਸ਼ਹਿਰੋਂ ਲੈ ਕੇ ਪਰਤਿਆ ਸਾਂ। ਇਹ ਮਾਂ ਤਾਂ ਸ਼ਹਿਰ ਗਈ ਹੀ ਨਹੀਂ ਸੀ।... ਅਚਾਨਕ ਮੈਨੂੰ ਕਿਧਰੇ ਪੜ੍ਹਿਆ ਯਾਦ ਆਇਆ।

"ਬੰਦਿਆ ਤੇਰੀਆਂ ਦਸ ਦੇਹੀਆਂ..." ਪਰ ਅਗਲੇ ਹੀ ਪਲ ਮੈਂ ਇਹ ਖ਼ਿਆਲ ਝਟਕ ਦਿੱਤਾ ਅਤੇ ਸੋਚਿਆ, ਇਹ ਤਸ਼ਬੀਹ ਵੀ ਠੀਕ ਨਹੀਂ ਸੀ। ਕੀ ਪਤਾ ਜੜ੍ਹਾਂ ਥੰਗ ਜਾਣ ਦੀ ਕੋਈ ਉਮਰ ਹੋਵੇ। ਸ਼ਾਇਦ ਇਸੇ ਲਈ ਮਾਂ ਸ਼ਹਿਰ ਜੜ੍ਹਾਂ ਨਹੀਂ ਸੀ ਲਾ ਸਕੀ। ਪਰ ਪਤਾ ਨਹੀਂ ਕਿਉਂ? ਮੈਂ ਇਹ ਖ਼ਿਆਲ ਵੀ ਝਟਕ ਦਿੱਤਾ ਅਤੇ ਬੜੇ ਦੁਖੀ ਮਨ ਨਾਲ ਸੋਚਣ ਲੱਗਾ ਕਿ ਆਖ਼ਰ ਮੈਂ, ਕਿਹੜੇ ਲੋਕਾਂ ਵਿਚੋਂ ਸਾਂ? ਜਿਨ੍ਹਾਂ ਨੂੰ ਸ਼ਹਿਰ ਦੀ ਮਿੱਟੀ ਕਦੇ ਰਾਸ ਨਹੀਂ ਸੀ ਆਈ ਅਤੇ ਪਿੰਡ ਦੀ ਮਿੱਟੀ ਵਿਚ ਜੜ੍ਹਾਂ ਲਈ ਕੋਈ ਥਾਂ ਹੀ ਨਹੀਂ ਸੀ ਰਹੀ। ਪਰ ਇਸ ਤੋਂ ਪਹਿਲਾਂ ਕਿ ਮੈਂ ਕੁਝ ਹੋਰ ਸੋਚਦਾ, ਮੈਨੂੰ ਲੱਗਾ, ਮੇਰੀਆਂ ਤਾਂ ਜਿਵੇਂ ਜੜ੍ਹਾਂ ਹੀ ਨਹੀਂ ਸਨ...।

•



## ਗੁਆਚ ਗਿਆ ਕੁਝ

ਅੱਜ ਤਾਂ ਬੰਤਾ ਸਿਹੁੰ ਲਈ ਪੁੱਤ ਨੇ ਅੰਤ ਹੀ ਕਰ ਦਿੱਤਾ ਸੀ।

ਕੁਝ ਦਿਨਾਂ ਤੋਂ ਇਹੋ ਡਰ ਸੀ, ਪਿਓ ਪੁੱਤ ਵਿਚਾਲੇ ਕੋਈ ਨਿੱਕੀ ਜਿਹੀ ਗੱਲ, ਇਤਨੀ ਤਲਖ਼ ਹੋ ਜਾਂਦੀ ਕਿ ਪਹਿਲਾਂ ਬੋਲਾਂ ਵਿਚੋਂ ਧੂੰਆਂ ਉੱਠਦਾ, ਫਿਰ ਲੰਬ ਉੱਠਦੇ ਅਤੇ ਅਗਲੇ ਪਲਾਂ ਵਿਚ ਦਿਲ, ਦਿਮਾਗ਼, ਸਭ ਕੁਝ ਸੜਨ ਲੱਗਦਾ। ਬੰਤਾ ਸਿਹੁੰ ਲਈ ਇਸ ਪੀੜ ਨੂੰ ਜਰਨਾ ਔਖਾ ਹੁੰਦਾ...। ਆਪਣੇ ਹੀ ਪਿੰਡੇ ਨੂੰ ਸੜਦੇ ਵੇਖਣਾ ਤੇ ਮੂੰਹੋਂ ਸੀ ਵੀ ਨਾ ਕਹਿਣੀ...।

ਇਸ ਪੀੜ ਵਿਚ ਬੰਤਾ ਸਿਹੁੰ ਬਹੁਤ ਪਿੱਛੇ ਚਲਾ ਜਾਂਦਾ। ਉਹਨੂੰ ਲੱਗਦਾ ਉਹਦੇ ਦੋ ਵਜੂਦ ਸਨ। ਇਕ 'ਉਹ', ਜੋ ਵਰੋਲਿਆਂ ਨੂੰ ਨੱਥਾਂ ਪਾਉਂਦਾ ਰਿਹਾ ਸੀ ਤੇ ਦੂਜਾ 'ਇਹ' ਜਿਹੜਾ ਵਰੋਲੇ ਦੇ ਕੱਖਾਂ ਵਾਂਗ ਰੁਲਦਾ ਫਿਰਦਾ ਸੀ।

ਕਦੇ ਉਹ ਸੋਚਦਾ, ਇਹ ਉਹਦੀ ਕੱਲੇ ਦੀ ਹੋਣੀ ਨਹੀਂ ਸੀ। ਸਮੇਂ ਦੀ ਹਵਾ ਹੀ ਐਸੀ ਸੀ। ਹਰ ਪਿਓ ਨੂੰ ਲੱਗਦਾ ਕਿ ਉਹਦਾ ਪੁੱਤ-ਗੁਆਚ ਗਿਆ ਹੈ। ਪਰ ਪੁੱਤ ਤਾਂ ਸਭ ਦੇ ਕੋਲ ਹੀ ਸਨ। ਫਿਰ ਕੁਝ ਗੁਆਚ ਵੀ ਗਿਆ ਸੀ? ਕਿ ਨਜ਼ਰ ਦਾ ਕੋਈ ਭਰਮ ਸੀ?

ਭਰਮ ਹੁੰਦਾ ਤਾਂ ਲੋਕ ਉਹਨੂੰ ਢਾਰਸ ਕਿਉਂ ਦਿੰਦੇ।

"ਸਬਰ ਕਰ ਬੰਤਾ ਸਿਹਾ! ਉੱਤੋਂ ਹਵਾ ਤਾਂ ਦੇਖ... ਕਿਹੜੇ ਧਰਮ ਈਮਾਨ ਦੀ ਗੱਲ ਕਰਦੈਂ ਤੂੰ? ਇਸ ਨਵੀਂ ਪੀੜ੍ਹੀ ਵਿਚ ਇਨ੍ਹਾਂ ਫ਼ਾਲਤੂ ਚੀਜ਼ਾਂ ਲਈ ਥਾਂ ਹੈ ਕੋਈ? ਰੱਬ ਰੱਬ ਕਰ। ਬੰਦਾ ਤਾਂ ਹੋ ਗਿਐ ਅੰਨ੍ਹਾ... ਪੈਸੇ ਤੋਂ ਬਿਨਾਂ ਉਹਨੂੰ ਕੁਝ ਦੀਂਹਦਾ ਨਹੀਂ... ਐਹੋ ਜਹੇ ਨੇਰ੍ਹ 'ਚ ਕਿਥੋਂ ਭਾਲਦੈਂ ਤੂੰ ਸਰਵਣ ਪੁੱਤ! ਹੁਣ ਤਾਂ 'ਲਾਦ ਦਾ ਐਨਾ ਕੁ ਸੁਖ ਈ ਮੰਨ ਪਈ ਬੰਦਾ ਔਤਰ-ਨਖੱਤਰ ਨੀ ਮਰਦਾ, ਬਸ; ਬਾਕੀ ਆਪਣਾ ਪੜ੍ਹਿਆ ਵਾਚ।"

ਪਰ ਉਹਦਾ ਪੁੱਤ ਤਾਂ ਗੁਆਚਣ ਵਾਲਾ ਨਹੀਂ ਸੀ। ਪੜ੍ਹਿਆ ਲਿਖਿਆ ਸੀ। ਸਿਆਣਾ ਬਿਆਣਾ ਸੀ। ਫਿਰ ਉਹ ਗੁਆਚ ਕਿਉਂ ਗਿਆ?

ਇਹੋ ਜਹੀਆਂ ਦੂਸ਼ਿਤ ਹਵਾਵਾਂ ਤਾਂ ਬੰਤਾ ਸਿਹੁੰ ਦੀ ਜਵਾਨੀ ਵੇਲੇ ਵੀ ਝੁੱਲੀਆਂ ਸਨ; ਪਰ ਬੰਤਾ ਸਿਹੁੰ ਨਹੀਂ ਸੀ ਗੁਆਚਿਆ।...

ਪਿਓ ਪਿੰਡ ਵਿਚ ਤਰਖਾਣੋ ਲੁਹਾਰੇ ਦੀ ਸੇਪੀ ਕਰਦਾ; ਵਰ੍ਹੇ ਛ-ਮਾਹੀ ਦਾਣੇ ਆਉਂਦੇ, ਕਦੇ ਦਸ ਵੱਟੀਆਂ ਘਟ ਜਾਂਦੇ, ਕਦੇ ਵਧ ਜਾਂਦੇ। ਇਸੇ ਵਿਚ ਹੀ ਸਬਰ

ਸੰਤੋਖ... ਨਾ ਰੰਜ ਨਾ ਰੋਸ। ਫਿਰ ਵੀ ਮੁੰਡੇ ਕੁੜੀਆਂ ਨੂੰ ਜੁਆਨੀ ਝੁਕ ਕੇ ਚੜ੍ਹਦੀ; ਪਰ ਵੱਡਿਆਂ ਦਾ ਭੈਅ ਮੰਨਦੇ, ਮਾਪੇ ਤਾਂ ਮਾਪੇ ਸਾਕ ਸੰਬੰਧੀ ਵੀ ਆਪਣੇ ਜਾਪਦੇ; ਫਿਰ ਵੀ ਬੰਤਾ ਸਿਹੁੰ ਦੇ ਪਿਓ ਨੂੰ ਲੋਕਾਂ ਟੋਕਿਆ ਸੀ।

"ਪੁੱਤ ਨੂੰ ਆਪਣੇ ਕਸਬ ਨਾਲ ਤੋਰ ਸੁੰਦਰ ਸਿਹਾਂ। ਜੁਆਨ ਐ ਸੁਖ ਨਾਲ... ਉੱਤੋਂ ਹਵਾ ਤਾਂ ਦੇਖ...!"

ਤੇ ਬੰਤਾ ਸਿਹੁੰ ਨੇ ਪਿਓ ਦੇ ਇਕੋ ਬੋਲ ਨਾਲ ਹਵਾ ਦਾ ਰੁਖ਼ ਹੀ ਮੋੜ ਦਿੱਤਾ ਸੀ।... ਹੁਨਰ ਉਹਦੇ ਲਹੂ ਵਿਚ ਸੀ, ਹਲੀਮੀ ਅਤੇ ਈਮਾਨਦਾਰੀ ਨੇ ਉਹਦੀ ਚੁਫ਼ੇਰੇ ਦੇ ਵੀਹ ਵੀਹ ਪਿੰਡਾਂ ਵਿਚ ਧੁੰਮ ਪਾ ਦਿੱਤੀ। ਲੋਕ ਉਹਦੀ ਨੇਕ ਨੀਅਤੀ ਅਤੇ ਕਾਰੀਗਰੀ ਦੀਆਂ ਗੱਲਾਂ ਕਰਦੇ...

ਪਰ ਗੱਲ ਏਨੀ ਸੌਖੀ ਨਹੀਂ ਸੀ, ਬੇਈਮਾਨੀਆਂ ਦੇ ਝੱਖੜ ਉਦੋਂ ਵੀ ਝੁੱਲੇ ਸਨ। ਪੈਸੇ ਪੈਸੇ ਦੀ ਕਮੀਸ਼ਨ ਬਦਲੇ ਉਹਨੇ ਵੀ ਕਾਰੀਗਰਾਂ ਨੂੰ ਵਿਕਦੇ ਦੇਖਿਆ ਸੀ। ਈਮਾਨਦਾਰੀ ਦੀਆਂ ਸਭ ਤੋਂ ਵੱਧ ਧੱਜੀਆਂ ਕਾਰੀਗਰ ਤਬਕੇ ਨੇ ਹੀ ਉਡਾਈਆਂ ਸਨ। ਪਰ ਕੁਝ ਵੀ ਸੀ, ਭਾਈ ਲਾਲੋ ਦੀ ਅੰਸ਼ ਨੂੰ ਬੰਤਾ ਸਿਹੁੰ ਨੇ ਦਾਗ਼ ਨਹੀਂ ਸੀ ਲੱਗਣ ਦਿੱਤਾ। ਇਹ ਵੱਖਰੀ ਗੱਲ ਸੀ ਕਿ ਇਮਾਨਦਾਰੀ ਦੀ ਹਿੜ ਕਾਰਨ ਉਹਦਾ ਮਸਾਂ ਡੰਗ ਦਾ ਡੰਗ ਹੀ ਤੁਰਿਆ ਸੀ।

ਫਿਰ ਕਿੱਥੇ ਕੁਝ ਗ਼ਲਤ ਵਾਪਰ ਗਿਆ ਸੀ ਕਿ ਅੱਜ ਉਹਦਾ ਪੁੱਤ ਹੀ ਹੱਥੋਂ ਜਾਂਦਾ ਰਿਹਾ। ਉਹਨੇ ਤਾਂ ਪੁੱਤ ਨੂੰ ਸਿਰਫ਼ 'ਵੱਡਾ ਬੰਦਾ' ਬਣਾਉਣ ਦਾ ਸੁਪਨਾ ਲਿਆ ਸੀ। ਤੇ... ਬਸ!...

ਤੇ ਉਹਦਾ ਪੁੱਤ 'ਵੱਡਾ ਬੰਦਾ' ਬਣਿਆ ਵੀ...। ਅੱਜ ਕੋਠੀਆਂ, ਕਾਰਾਂ, ਨੌਕਰ ਚਾਕਰ ਅਤੇ ਪੂਰੇ ਇਲਾਕੇ ਵਿਚ ਉਹਦੇ ਪੁੱਤਰ ਦੀ ਧਾਂਕ ਸੀ, ਪਰ ਉਹਦਾ ਪੁੱਤ ਕਿੱਥੇ ਸੀ? ਉਹਦਾ ਈਮਾਨ ਕਿੱਥੇ ਸੀ? ਜਿਸਦੀ ਮੱਚਦੀ ਲਾਟ ਨੂੰ ਬੰਤਾ ਸਿਹੁੰ ਨੇ ਗੁਰਬਤ ਦੀ ਬੁੱਕਲ ਵਿਚ ਵੀ ਬੁਝਣ ਨਹੀਂ ਸੀ ਦਿੱਤਾ। ਪਰ ਉਹਦਾ ਉਹ ਪੁੱਤ ਕਿੱਥੇ ਸੀ? ਜੀਹਨੇ ਠੇਕੇਦਾਰੀ ਵਿਚ ਪੈਰ ਧਰਨ ਤੋਂ ਪਹਿਲਾਂ ਦਰਬਾਰ ਸਾਹਿਬ ਅੱਗੇ ਮੱਥਾ ਟੇਕਦੇ ਪ੍ਰਣ ਲਿਆ ਸੀ ਕਿ ਉਹ ਕਦੇ ਵੀ ਭਾਈ ਲਾਲੋ ਦੀ ਨੇਕ ਕਮਾਈ ਉਤੇ ਮਲਕ ਭਾਗੋ ਦਾ ਪਰਛਾਵਾਂ ਨਹੀਂ ਪੈਣ ਦੇਵੇਗਾ।

ਇਹੋ ਤਾਂ ਇਕੋ ਇਕ ਸੰਪਤੀ ਸੀ ਜਿਸ 'ਤੇ ਬੰਤਾ ਸਿਹੁੰ ਫ਼ਖ਼ਰ ਕਰਦਾ ਰਿਹਾ ਸੀ ਅਤੇ ਉਹ ਉਹਨੂੰ ਕਿਤੇ ਲੱਭ ਨਹੀਂ ਸੀ ਰਹੀ। ਉਹਨੂੰ ਤਾਂ ਆਪਣਾ ਪੁੱਤ ਵੀ ਨਹੀਂ ਸੀ ਲੱਭ ਰਿਹਾ... ਉਹਦੇ ਸਾਹਮਣੇ ਤਾਂ ਮੋਟੀ ਗੋਗੜ ਵਾਲਾ ਕੋਈ ਸੁਰਜਨ ਸਿੰਘ ਠੇਕੇਦਾਰ ਸੀ, ਜਿਸਦੇ ਸਮੁੱਚੇ ਵਜੂਦ ਵਿਚ ਬੰਤਾ ਸਿਹੁੰ ਦਾ ਕੁਝ ਵੀ ਨਹੀਂ ਸੀ।... ਤੇ ਉਹ ਆਪਣੇ ਪੁੱਤ ਵਿਚੋਂ ਆਪਣੇ ਅੰਸ਼ ਤਲਾਸ਼ ਕਰਨ ਦੀ ਕੋਸ਼ਿਸ਼ ਕਰਨ ਲੱਗਦਾ। ਉਹਨੂੰ ਲੱਗਦਾ ਕੁਝ ਹੋਰ ਵੀ ਸੀ, ਜੋ ਉਹਨੂੰ ਲੱਭ ਨਹੀਂ ਸੀ ਰਿਹਾ।... ਤੇ ਫਿਰ ਉਹਨੂੰ ਸੁਫ਼ਨੇ ਵਾਂਗ ਚੇਤੇ



ਆਉਂਦਾ, ਸ਼ਾਇਦ ਉਹਦੇ ਕੰਮ ਕਰਨ ਵਾਲੇ ਔਜ਼ਾਰਾਂ ਵਾਲੀ ਥੈਰੀ ਸੀ, ਜੋ ਘਰ ਵਿਚ ਕਿਧਰੇ ਲੱਭ ਨਹੀਂ ਸੀ ਰਹੀ...।

ਅਸਲ 'ਚ ਜਦੋਂ ਤੋਂ ਉਹਦਾ ਸੁਰਜੀ, ਸ਼ਹਿਰ ਦਾ ਸੁਰਜਨ ਸਿੰਘ ਠੇਕੇਦਾਰ ਬਣਿਆ ਸੀ, ਤਦ ਤੋਂ ਉਸ ਨੇ ਪਿਤਾ ਤੋਂ ਥੈਰੀ ਖੋਹਦੇ ਕਿਹਾ ਸੀ।

"ਖ਼ਬਰਦਾਰ ਜੇ ਅੱਜ ਤੋਂ ਕਿਸੇ ਦੀ ਬੁੱਤੀ ਕੀਤੀ ਤਾਂ... ਮੇਰੇ ਸਟੇਟਸ ਦਾ ਖ਼ਿਆਲ ਤਾਂ ਕਰੋ।" ਤੇ ਸੁਰਜੀ ਨੇ ਉਹਤੋਂ ਔਜ਼ਾਰਾਂ ਵਾਲੀ ਥੈਰੀ ਖੋਹ ਕੇ ਕਿਤੇ ਦੂਰ ਵਗਾਹ ਮਾਰੀ ਸੀ। ਉਸੇ ਦਿਨ ਤੋਂ ਬੰਤਾ ਸਿਹੁੰ ਨੂੰ ਲੱਗਾ ਸੀ ਉਹਦੇ ਮੂੰਹ ਜ਼ੋਰ ਪੁੱਤ ਨੇ, ਔਜ਼ਾਰਾਂ ਦੇ ਨਾਲ ਨਾਲ ਉਹਦੀ ਹੋਂਦ ਨੂੰ ਵੀ ਕਿਤੇ ਬਾਹਰ ਵਗਾਹ ਮਾਰਿਆ ਸੀ।

ਫਿਰ ਜਿਉਂ ਜਿਉਂ ਸੁਰਜਨ ਸਿੰਘ ਠੇਕੇਦਾਰ ਵੱਡਾ ਬੰਦਾ ਬਣਦਾ ਗਿਆ ਸੀ, ਬੰਤਾ ਸਿਹੁੰ ਛੋਟਾ... ਹੋਰ ਛੋਟਾ ਹੁੰਦਾ ਚਲਾ ਗਿਆ ਸੀ। ਇਤਨਾ ਛੋਟਾ ਕਿ ਹੁਣ ਉਹਦੀ ਕਿਸੇ ਸਾਹਮਣੇ ਕੋਈ ਵੁੱਕਤ ਹੀ ਨਹੀਂ ਸੀ ਰਹੀ।

ਕਦੇ ਉਹ ਸੋਚਦਾ, ਕੀ ਉਹ ਉਹੋ ਬੰਤਾ ਸਿਹੁੰ ਸੀ, ਜਿਸਦੇ ਹੁਨਰ ਦੀਆਂ ਧੁੰਮਾਂ ਸਨ। ਜਿਸਦੇ ਹੱਥ ਵਿਚ ਆਉਂਦੀ ਲੱਕੜੀ, ਗੱਲਾਂ ਕਰਨ ਲੱਗ ਜਾਂਦੀ। ਕੀ ਇਹ ਉਹੋ ਹੱਥ ਸਨ, ਜੋ ਸਾਰਾ ਦਿਨ ਕੰਮ ਕਰਦਿਆਂ ਥੱਕਦੇ ਨਹੀਂ ਸਨ, ਪਰ ਹੁਣ ਝੋਲਾ ਫੜ ਕੇ ਬਾਜ਼ਾਰੋਂ ਸਬਜ਼ੀ ਲਿਆਉਣ, ਪੋਤੀ ਨੂੰ ਲਾਨ ਵਿਚ ਗੇੜੀ ਲਵਾਉਣ ਜਾਂ ਕੁੱਤੇ ਨੂੰ ਫੇਰੀ ਲਵਾਉਣ 'ਤੇ ਹੀ ਥੱਕ ਜਾਂਦੇ ਸਨ।

ਆਖ਼ਰ ਉਹਦੀ ਸੱਤਿਆ ਕਿੱਥੇ ਚਲੀ ਗਈ ਸੀ? ਕੀ ਉਹ ਬੁੱਢਾ ਹੋ ਰਿਹਾ ਸੀ? ਬੁੱਢਾ ਹੋ ਰਿਹਾ ਹੁੰਦਾ ਤਾਂ ਉਹਦੇ ਹਾਣੀ ਪੂਰਨ ਸਿਹੁੰ ਨੂੰ ਵੀ ਬੁੱਢਾ ਹੋ ਜਾਣਾ ਚਾਹੀਦਾ ਸੀ। ਪਰ ਉਹ ਤਾਂ ਹਾਲੇ ਪਿਛਲੇ ਹਫ਼ਤੇ ਉਹਨੂੰ ਦਿਹਾੜੀ ਜਾਂਦਾ ਮਿਲਿਆ ਸੀ ਤੇ ਪਾਲਾ ਸਿਹੁੰ, ਜਿਹੜਾ ਪੂਰਨ ਸਿਹੁੰ ਤੋਂ ਵੀ ਦੋ ਵਰ੍ਹੇ ਵੱਡਾ ਸੀ, ਘੋੜੇ ਵਰਗਾ ਸੀ।

ਫਿਰ ਕੀ ਸੀ, ਜਿਸ ਵਿਚ ਉਹ ਨਿਸੱਤਾ ਹੋ ਰਿਹਾ ਸੀ? ਬੰਤਾ ਸਿਹੁੰ ਕਿਸੇ ਅਕਹਿ ਪੀੜ ਵਿਚ ਘਿਰ ਜਾਂਦਾ। ਕੁਝ ਵੀ ਸੀ? ਆਖ਼ਰ ਨੂੰ ਉਹ ਇਸ, ਸਿੱਟੇ 'ਤੇ ਪੁੱਜਦਾ ਕਿ ਉਹਦਾ ਪੁੱਤ ਹੀ ਸੀ ਜੋ ਕਿਤੇ ਗੁਆਚ ਗਿਆ ਸੀ ਜਿਸ ਕਾਰਨ ਹੁਣ ਕੁਝ ਵੀ ਸਾਵਾਂ ਨਹੀਂ ਸੀ ਰਿਹਾ।

ਸਾਵਾਂ ਰਿਹਾ ਹੁੰਦਾ ਤਾਂ ਉਹਦੀ ਪਤਨੀ ਹੀ ਕਿਉਂ ਮਰਦੀ। ਉਹਤੋਂ ਵੀ ਪੁੱਤ ਗੁਆਚ ਜਾਣ ਦਾ ਦੁੱਖ ਜਰਿਆ ਨਾ ਗਿਆ ਅਤੇ ਤੁਰਦੀ ਬਣੀ... ਕਦੇ ਉਹ ਸੋਚਦਾ, ਕਿਤੇ ਪਤਨੀ ਦੀ ਥੁੜੋਂ ਕਾਰਨ ਹੀ ਤਾਂ ਇਹ ਤਣਾਓ ਨਹੀਂ ਸੀ?

ਪਰ ਨਹੀਂ, ਉਹ ਇਕੱਲਾ ਕਿਵੇਂ ਸੀ? ਘਰ ਵਿਚ ਨੂੰਹ ਸੀ, ਪੋਤਾ ਪੋਤੀ ਸਨ... ਨੌਕਰ ਚਾਕਰ ਸਨ... ਤੇ ਸਭ ਤੋਂ ਵੱਡੀ ਚੀਜ਼, ਦੌਲਤ ਸੀ... ਪਰ ਫਿਰ ਵੀ ਕੁਝ ਸੀ, ਜੋ ਨਹੀਂ ਸੀ... ਅਤੇ ਬੰਤਾ ਸਿਹੁੰ ਏਸੇ ਨਹੀਂ ਬਾਰੇ ਸੋਚਦਾ ਤੜਪ ਰਿਹਾ ਸੀ...।

ਇਸ ਤੜਪ ਦਾ ਪੁੱਤ ਕੋਲ ਕੋਈ ਇਲਾਜ ਨਹੀਂ ਸੀ। ਉਹ ਕੇਵਲ ਚੀਕਦਾ।

"ਇਹ ਦੌਲਤ ਕਿੱਥੋਂ ਆਉਂਦੀ ਐ... ਕਿਵੇਂ ਆਉਂਦੀ ਐ... ਕਿਉਂ ਆਉਂਦੀ ਹੈ... ਤੁਹਾਨੂੰ ਕੀ? ਤੁਹਾਨੂੰ ਕੋਈ ਪੁੱਛਦੈ?... ਇਹ ਅਕਲ ਦਾ ਯੁੱਗ ਏ ਮਹਾਰਾਜ! ਮੇਰੇ ਕੋਲ ਐਹੋ ਜਹੀਆਂ ਬੇਹੂਦਾ ਗੱਲਾਂ ਲਈ ਕੋਈ ਵਕਤ ਨਹੀਂ।"

ਬੰਤਾ ਸਿਹੁੰ ਸੁਣਦਾ ਤੇ ਸੁੰਨ ਹੋ ਜਾਂਦਾ।

ਪਰ ਅੱਜ ਤਾਂ ਮਰਨ ਵਾਲੀ ਗੱਲ ਹੀ ਹੋ ਗਈ।

ਸਾਰੇ ਘਰ ਵਿਚ ਕੁਹਰਾਮ ਸੀ।

ਬੱਚੇ ਰੋ ਰੋ ਫਾਵੇ ਹੋ ਰਹੇ ਸਨ। ਸੁਰਜਨ ਸਿਘ ਤੇ ਨੌਕਰਾਣੀ ਤੋਂ ਵੀ ਚੁੱਪ ਨਹੀਂ ਸਨ ਹੋ ਰਹੇ।...

ਪਤਾ ਲੱਗਾ, ਨੂੰਹ ਰਾਣੀ ਕਿਸੇ ਟੈਂਡਰ ਦੇ ਸਿਲਸਿਲੇ ਵਿਚ, ਕਿਸੇ ਪਾਰਟੀ ਨਾਲ ਗਈ ਸੀ, ਤੇ ਉਹਨੇ ਰਾਤ ਕਿਸੇ ਅਜਿਹੀ ਹਾਲਤ ਵਿਚ ਮੁੜਨਾ ਸੀ, ਜਿਸ ਹਾਲਤ ਵਿਚ ਬੱਚਿਆਂ ਨੂੰ ਮਿਲਣਾ ਸ਼ੋਭਾ ਨਹੀਂ ਸੀ ਦਿੰਦਾ। ਪਰ ਬੱਚੇ ਸਨ ਕਿ ਮਾਂ ਲਈ ਵਿਲਕ ਰਹੇ ਸਨ...

ਇੱਥੋਂ ਤਕ ਕਿ ਅੱਕ ਕੇ ਨੌਕਰਾਣੀ ਵੀ ਬੁੜ ਬੁੜ ਕਰਨ ਲੱਗੀ। ਸੁਰਜਨ ਸਿਘ ਨੇ ਉਸਨੂੰ ਇਸ ਲਈ ਥੱਪੜ ਕੱਢ ਮਾਰਿਆ ਕਿ ਉਹਨੇ ਬੱਚਿਆਂ ਨੂੰ ਹਮੇਸ਼ਾ ਵਾਂਗ ਦੁੱਧ ਵਿਚ ਨੀਂਦਰ ਦੀ ਗੋਲੀ ਪਿਆ ਕੇ ਸਮੇਂ ਸਿਰ ਸੁਆ ਕਿਉਂ ਨਹੀਂ ਸੀ ਦਿੱਤਾ। ਇਸ ਗੱਲ ਦਾ ਪਤਾ ਹੋਣ 'ਤੇ ਵੀ ਕਿ ਕਿਸੇ ਪਾਰਟੀ ਜਾਂ ਟੈਂਡਰ ਪਾਸ ਕਰਾਉਣ ਤੋਂ ਮੁੜਦੀ ਮੇਮ ਸਾਹਬ, ਬੱਚੇ ਤਾਂ ਕੀ, ਪਤੀ ਨੂੰ ਵੀ ਨਹੀਂ ਸਨ ਮਿਲਦੀ।

ਬੰਤਾ ਸਿਹੁੰ ਨੇ ਸੁਣਿਆ ਸੀ ਤੇ ਤਿੜ-ਤਿੜ ਕਰਕੇ ਮਚਣ ਲੱਗਿਆ ਸੀ।

ਬੋਲਾਂ ਵਿਚ ਅੰਗਿਆਰ ਲਈ ਉਹ ਪੁੱਤ ਦੇ ਸਾਹਮਣੇ ਜਾ ਖੜ੍ਹਾ।

"ਇਹ ਕੀ ਸੁਣ ਰਿਹਾਂ ਮੈਂ ਸੁਰਜਣਾ?"

ਪੁੱਤ ਪਹਿਲਾਂ ਹੀ ਭਰਿਆ ਪੀਤਾ ਬੈਠਾ ਸੀ। "ਠੀਕ ਸੁਣਿਆ ਤੈਂ...। ਕਿਸੇ ਪਾਰਟੀ ਨਾਲ ਗਈ ਐ। ਜ਼ਰੂਰੀ ਕੰਮ ਸੀ। ਪਰ ਕੋਈ ਗੋਲੀ ਨਹੀਂ ਚੱਲ ਗਈ। ਮੈਂ ਪੁੱਛਦਾਂ ਤੀਵੀਆਂ ਨੂੰ ਘਰ ਬਿਠਾ ਕੇ ਕੀ ਖੱਟਿਆ ਤੁਸੀਂ? ਭੁੱਖ, ਨੰਗ ਤੇ ਜ਼ਿੱਲਤ...। ਅੱਜ ਉਹ ਬਾਹਰ ਗਈ ਐ ਤਾਂ ਲੱਖਾਂ ਦਾ ਬਿਜਨਸ ਲੈ ਕੇ ਮੁੜੂ... ਉਹ ਐਵੇਂ ਨੀ ਰਾਤਾਂ ਨੂੰ ਤੁਰੀ ਫਿਰਦੀ...।" ਫਿਰ ਉਹਨੇ ਵਿਸ਼ਾਲ ਕੋਠੀ ਵੱਲ ਇਸ਼ਾਰਾ ਕਰਦੇ ਕਿਹਾ,

"ਔਹ ਦੇਖ, ਅੱਜ ਕਿੰਨਾ ਕੁਝ ਐ ਮੇਰੇ ਕੋਲ ਗਿਣਾਵਾਂ ਤਾਂ ਗਿਣਿਆ ਨਹੀਂ ਜਾਣਾ... ਫਿਰ ਐਨਾ ਕੁਝ ਪ੍ਰਾਪਤ ਕਰਨ ਲਈ ਕੁਝ ਨਾ ਕੁਝ ਤਾਂ ਗੁਆਉਣਾ ਈ ਪੈਂਦੈ ਨਾ...।"

ਬੰਤਾ ਸਿਹੁੰ ਦੇ ਮੱਥੇ ਪੀੜ ਦਾ ਇਕ ਵਰੋਲਾ ਉੱਠਿਆ ਤੇ ਉਹ ਘੁਮੇਰ ਖਾ ਕੇ ਡਿੱਗਿਆ। ਉਹਦੇ ਸਾਹ ਟੁੱਟ ਰਹੇ ਸਨ। ਉਸ ਕਹਿਣਾ ਚਾਹਿਆ,



"ਕੰਜਰਾ! ਜਿਸ ਗੁਆਚ ਜਾਣ ਨੂੰ ਤੂੰ 'ਕੁਝ ਨਾ ਕੁਝ' ਕਹਿਨੈਂ... ਸਾਡੀ ਪੀੜ੍ਹੀ ਲਈ ਤਾਂ 'ਸਭ ਕੁਝ' ਹੀ ਉਹ ਐ।"

ਪਰ ਬੰਤਾ ਸਿਹੁੰ ਕੁਝ ਨਾ ਬੋਲਿਆ, ਅਤੇ ਏਧਰ ਉਧਰ ਹੱਥ ਪੈਰ ਮਾਰਨ ਲੱਗਿਆ ਜਿਵੇਂ ਉਹ ਆਪਣੇ ਔਜ਼ਾਰਾਂ ਵਾਲੀ ਥੈਲੀ ਲੱਭ ਰਿਹਾ ਹੋਵੇ।... ਪਰ ਉਹ ਨਹੀਂ ਸੀ ਜਾਣਦਾ ਏਨੇ ਅਮੀਰ ਘਰ ਵਿਚ ਉਸ ਨਿਗੁਣੀ ਚੀਜ਼ ਲਈ ਕੋਈ ਥਾਂ ਨਹੀਂ ਸੀ...।

•

## ਗੁੰਮਸ਼ੁਦਾ

ਬਾਬਾ ਨੰਨ੍ਹਾ ਨਾਥ ਸੰਖ ਪੂਰਨ ਹੀ ਲੱਗਿਆ ਸੀ ਕਿ ਅਚਾਨਕ ਚੰਦ ਕੁਰ ਪ੍ਰਗਟ ਹੋਈ।

"ਦੁਸ਼ਟ ਕਾ ਨਾਸ...ਭਜਨ ਕਾ ਪ੍ਰਤਾਪ... ਅੜੇ ਸੋ ਝੜੇ... ਬੋਲੇ ਸੋ ਨਿਹਾਲ...!" ਉਸ ਜੈਕਾਰਾ ਛੱਡਿਆ। ਨੰਨ੍ਹਾ ਨਾਥ ਕੰਬਿਆ। ਹਰੀ ਓਮ! ਹਰੀ ਓਮ! ਘਾਬਰ ਕੇ ਮੰਦਰ ਦੇ ਥੜ੍ਹੇ ਉੱਤੇ ਹੀ ਬੈਠ ਗਿਆ। ਪੈਰਾਂ ਦੀਆਂ ਪਾਤਲੀਆਂ ਵਿਚੋਂ ਅੱਗ ਨਿਕਲਣ ਲੱਗੀ। ਲਰਜ਼ਦੇ ਹੱਥਾਂ ਵਿਚੋਂ ਸੰਖ ਭੁੰਜੇ ਜਾ ਪਿਆ। ਉਸ ਪਿੱਪਲ ਦੇ ਹਨੇਰੇ ਵਿਚ ਨੀਝ ਨਾਲ ਝਾਕਿਆ। ਉਥੇ ਕੁਝ ਨਹੀਂ ਸੀ। ਤਕੀਏ ਤੋਂ ਕੋਚਰੀ ਬੋਲੀ। ਕੰਬਦੇ ਚਿੱਤ ਉਹ ਫਿਰ ਉੱਠ ਖੜ੍ਹਿਆ। ਸੰਖ ਚੁਕਿਆ, ਲੰਗੋਟ ਸੂਤ ਕੀਤਾ ਅਤੇ ਤਿਊੜੀ ਕਸਦਿਆਂ ਜਾਪ ਕਰਨ ਲੱਗਿਆ।

'ਜੈ ਸ਼ਿਵ!' ਉਹ ਬੁੜਬੁੜਾਇਆ।

ਮੰਦਰ ਦੀ ਚੁਖੰਡੀ ਵਿਚੋਂ ਸੜੇ ਥਿੰਦੇ ਅਤੇ ਲੱਸੀ ਦੀ ਬਾਸ ਉੱਠਦੀ ਸੀ। ਉਸ ਕਾਹਲੇ ਕਦਮੀਂ ਖਿੜਕਾ ਭੇਜਿਆ ਅਤੇ ਬਾਹਰਲੀ ਰੌਸ ਤੋਂ ਕੜਛਾ ਚੁੱਕ ਧੂਣੇ ਵੱਲ ਨੂੰ ਅਹੁਲਿਆ। ਮਰਯਾਦਾ ਤੋਂ ਉਲਟ, ਉਸ ਚਿਮਟਾ ਚੁੱਕਿਆ; ਕੜਛੇ ਵਿਚ ਅੰਗਿਆਰ ਭਰੇ ਅਤੇ ਉੱਪਰ ਗੁੱਗਲ ਧੂੜ, ਆਰਤੀ ਕਰਨ ਲੱਗਿਆ।

ਉਹ ਰੁਕ ਗਿਆ। ਛੱਪਰ ਹੇਠੋਂ ਲਿੱਦ ਦੀ ਤੇਜ਼ ਮੁਸ਼ਕ ਆਈ। ਗੁੱਗਲ ਧੁੱਖਦਾ ਹੋਣ ਉਤੇ ਵੀ ਉਸ ਨੱਕ ਖੱਬੀ ਤਲੀ ਹੇਠ ਢਕ ਲਿਆ। ਪਰ ਉਹ ਕਾਹਲੀ ਨਾਲ ਅੱਗੇ ਲੰਘ ਗਿਆ ਅਤੇ ਆਪਣੇ ਆਪ ਨੂੰ ਧੂੰਏਂ ਵਿਚ ਲਿਪਟਦਿਆਂ ਧੂਣੀ ਦੇਣ ਲੱਗਿਆ। ਤਕੀਏ ਦਾ ਚੁਫੇਰਾ... ਕੁਟੀਰ ਆਸਣ... ਮੰਦਰ ਦੀ ਚੁਖੰਡੀ...। ਛੱਪਰ ਵੱਲ ਪਰਤਿਆ ਹੀ ਸੀ ਕਿ ਅਟਕ ਗਿਆ। ਅੱਗੇ ਚੰਦ ਕੁਰ ਖੜ੍ਹੀ ਸੀ। ਉਹ ਬੁਝ ਜਿਹਾ ਗਿਆ ਅਤੇ ਧੁਖਦਾ ਕੜਛਾ ਦੁਆਖੇ ਉਤੇ ਹੀ ਉਲੱਦ ਧੂਣੇ ਉਤੇ ਆ ਬੈਠਾ। ਅਣ ਮੰਨੇ ਮਨ ਨਾਲ ਸੰਖ ਪੂਰਨ ਲੱਗਿਆ। ਪਰ ਉਸ ਤੋਂ ਜੋਰੀਂ ਫੂਕ ਹੀ ਨਾ ਵੱਜੀ ਅਤੇ ਸੰਖ ਘਗਿਆਈ 'ਵਾਜ ਵਿਚ ਹੀ ਭਿਰੜਿਆ ਗਿਆ। ਇਉਂ ਦੀ ਬੇ ਮਰਯਾਦਗੀ ਪਾਪ ਸੀ। ਨੰਨ੍ਹਾ ਨਾਥ ਨੂੰ ਦੁਖ ਹੋਇਆ। ਉਹਨੂੰ ਲੱਗਿਆ, ਉਹਦਾ ਚਿੱਤ ਸ਼ਾਂਤ ਨਹੀਂ ਸੀ ਅਤੇ ਉਹਦੇ ਹੱਥ ਲਗਾਤਾਰ ਕੰਬ ਰਹੇ ਸਨ।

ਭੋਜਨ ਭੰਡਾਰ ਵਲੋਂ ਘੜਿਆਲ ਦਾ ਅੰਤਿਮ ਤੋੜਾ ਉੱਚਾ ਹੋਇਆ ਤਾਂ ਉਹ



ਅੰਤਰ-ਚੇਤਨਾ ਵਿਚ ਸਿਮਰਨ ਕਰਦਾ ਧੂਣੇ ਲਾਗੇ ਹੀ ਬੈਠ ਗਿਆ। ਕੱਸਿਆ ਲੰਗੋਟ ਪਿੰਡੇ ਵਿਚ ਖੁੱਭਣ ਲੱਗਿਆ। ਉੱਤਰਦੇ ਸਿਆਲ ਦਾ ਪਹਿਲਾ ਪੱਖ ਸੀ। ਧੂਣੇ ਵਿਚੋਂ ਉਠਦਾ ਧੂੰਆਂ ਅੱਖਾਂ ਦੇ ਕੋਇਆਂ ਵਿਚ ਲੜਦਾ ਸੀ। ਉਸ ਉਚਾਟ ਮਨੋਂ ਚਿਲਮ ਭਰੀ ਅਤੇ ਲਮਕਦੀ ਲੀਰ ਨੂੰ ਗਿੱਬੀ ਵਿਚ ਘੁਟਦਿਆਂ ਹੋਠ ਉੱਤੇ ਲੰਮੇ ਕਸ਼ ਖਿੱਚੇ। ਉਹਨੂੰ ਲੱਗਿਆ ਠਰੀ ਰਾਤ ਸਹਿਜੇ ਸਹਿਜੇ ਉੱਤਰ ਰਹੀ ਸੀ।

ਅਚਾਨਕ ਬਾਹਰਲੀ ਰਾਹਦਾਰੀ ਨੇੜੇ ਖੜਕਾ ਹੋਇਆ। ਉਹ ਸੂਤ ਹੋ ਕੇ ਬੈਠ ਗਿਆ।

ਸ਼ਰਧਾਲੂ ਸਨ। "ਜੈ ਹੋ...!" ਨੰਨ੍ਹਾ ਨਾਥ ਨੇ ਸੁਖ ਦਾ ਸਾਹ ਲਿਆ।

ਨੇੜੇ ਆਏ ਤਾਂ ਪਤਾ ਲੱਗਿਆ, ਸ਼ੇਰਮਾਜਰੀਆ ਕਰਤਾਰਾ ਅਤੇ ਸੀਤਾ ਨੂਨਗਰ ਸਨ। ਨਿਰੇ ਘੁਣਤਰੀ। ਨੰਨ੍ਹਾ ਨਾਥ ਦੇ ਜ਼ਿਹਨ ਵਿਚ ਪਿਛਲੇ ਦੋਂਹ ਦਿਨਾਂ ਵਿਚ ਵਾਪਰੀਆਂ ਸਾਰੀਆਂ ਘਟਨਾਵਾਂ ਬਿਜਲੀ ਦੀ ਤੇਜ਼ੀ ਨਾਲ ਕੌਂਧ ਗਈਆਂ। ਕੋਈ ਹੋਰ ਵੇਲਾ ਹੁੰਦਾ ਤਾਂ ਉਹ ਉਨ੍ਹਾਂ ਆਇਆਂ ਵੱਲ ਝਾਕਦਾ ਵੀ ਨਾ; ਪਰ ਤਦ ਉਹ ਉਨ੍ਹਾਂ ਦੋਹਾਂ ਨੂੰ ਮੱਥਾ ਟੇਕ ਕੇ ਮੁੜਦੇ ਅਤੇ ਚਰਨਾਮਤ ਲਈ ਹਲਟੀ ਦੇ ਸੁੱਚੇ ਹੌਜ਼ ਵਿਚੋਂ ਅੰਗਰ ਪਿੱਛਰ ਚੂਲੀਆਂ ਭਰਦੇ ਤੱਕਦਾ ਰਿਹਾ। ਪਰ ਜਿਉਂ ਹੀ ਉਹ ਜਾਣ ਲਈ ਪਰਤੇ, ਠਿਠਕ ਗਏ।

ਸਾਈਕਲਾਂ ਦੇ ਐਨ ਵਿਚਕਾਰ ਚੰਦ ਕੁਰ ਖੜ੍ਹੀ ਸੀ। "ਦੁਸ਼ਟ ਕਾ ਨਾਸ... ਭਜਨ ਕਾ ਪ੍ਰਤਾਪ...", ਉਹ ਤ੍ਰਾਹ ਕੱਢ ਦੇਣ ਵਾਂਗ ਬੋਲੀ। ਖੁੱਲ੍ਹੇ ਵਾਲ, ਪਾਟੇ ਲੀੜੇ, ਹੱਥ ਵਿਚ ਗਾਤਰੇ ਸਣੇ ਕਿਰਪਾਨ...।

ਦੋਵੇਂ ਠਠੰਬਰ ਗਏ। ਚੰਦ ਕੁਰ ਦਾ ਵਿਕਰਾਲ ਰੂਪ ਅੱਖਾਂ ਅੱਗੇ ਘੁੰਮਣ ਲੱਗਿਆ। "ਮਾਫ਼ੀ ਦੇਹ ਭਗਤਣੀਏ... ਸੇਵਕ ਆਂ ਤੇਰੇ...!" ਕਰਤਾਰੇ ਹੱਥ ਜੋੜੇ।

ਚੰਦ ਕੁਰ ਟਲ ਗਈ। ਦੋਹਾਂ ਸ਼ੁਕਰ ਕੀਤਾ, ਤਦੇ ਧੂਣੇ ਲਾਗੇ ਦੇਵਗਿਰ ਆ ਖੜ੍ਹਿਆ। "ਭੋਜਨ ਲਿਆਮਾਂ ਜੀ?"

"ਨਹੀਂ!" ਨੰਨ੍ਹਾ ਨਾਥ ਗੁੱਸੇ ਨਾਲ ਬੋਲਿਆ। ਪਰ ਨਾਲ ਹੀ ਭੁੱਖ ਦੀ ਤਿੱਖੀ ਖੋਹ ਪਈ। ਦੇਵਗਿਰ ਖ਼ਾਮੋਸ਼ ਪਰਤ ਗਿਆ ਤਾਂ ਚੁਫੇਰਾ ਫਿਰ ਚੁੱਪ ਵਿਚ ਡੁੱਬ ਗਿਆ। ਉਂਜ ਵੀ ਤਕੀਏ ਦੀ ਚੁੱਪ ਮਸ਼ਹੂਰ ਸੀ। ਇਕ ਤਾਂ ਡੇਰੇ ਦਾ ਵਾਤਾਵਰਨ ਹੀ ਅਜਿਹਾ ਸੀ, ਰਹਿੰਦੀ ਕਸਰ ਨੰਨਾ ਨਾਥ ਪੂਰ ਦਿੰਦਾ। ਲੋਕ ਆਖਦੇ ਤਕੀਆ ਜ਼ਾਹਰਾ ਜ਼ਹੂਰ ਸੀ। ਕੋਈ ਇਕ ਵੇਰ ਆ ਕੇ ਨਿੰਵਦਾ, ਜੱਗ ਵਿਚ ਦਸ ਵੇਰ ਸਿਰ ਉੱਚਾ ਹੁੰਦਾ। ਲੋਕਾਂ ਅਜਿਹੇ ਕ੍ਰਿਸ਼ਮੇ ਅੱਖੀਂ ਦੇਖੇ ਸਨ। ਸੜਕ ਉਤੇ ਤੁਰੀ ਜਾਂਦੀ ਲਾਰੀ ਅਚਾਨਕ ਖ਼ਰਾਬ ਹੋ ਜਾਂਦੀ। ਜਦ ਤੀਕ ਸੁਆਰੀਆਂ ਉੱਤਰ ਕੇ ਹਲਟੀ ਤੋਂ ਪਾਣੀ ਧਾਣੀ ਪੀਂਦੀਆਂ, ਇੰਜਣ ਸਟਾਰਟ ਹੋ ਗਿਆ ਹੁੰਦਾ।

ਕੇਰਾਂ ਨੂਰਪੁਰ ਦਾ ਲੱਧਾ ਸਿਹੁੰ ਗੁੜ ਦਾ ਵਾਹਣਾ ਲਈ ਲੰਘਿਆ।

"ਕਿਆ ਲਾਦ ਲੀਯਾ ?" ਆਪਣਾ ਪਿਛੋਕੜ ਲੁਕਾਉਣ ਖ਼ਿਆਲੋਂ ਨੰਨ੍ਹਾ ਨਾਥ ਬਾਂਗਰੂਆਂ ਵਾਂਗ ਬੋਲਦਾ।

"ਪਾਂਡੋ ਮਿੱਟੀ ਐ ਬਾਬਾ ਜੀ।" ਲੱਧਾ ਸਿਹੁੰ ਝੂਠ ਬੋਲਿਆ।

ਪਤਾ ਤਦੋਂ ਲੱਗਿਆ, ਜਦੋਂ ਲੱਧਾ ਸਿਹੁੰ ਕਿੱਲਾ ਵੀ ਨਾ ਗਿਆ ਕਿ ਇਕ ਕੌਰੀ ਜਿਹੀ ਬਦਲੀ ਏਨੀਂ ਨੀਵੀਂ ਹੋ ਕੇ ਵਰ੍ਹੀ ਕਿ ਵਾਹਣੇ ਵਿਚ ਲੱਦਿਆ ਗੁੜ ਰਾਬ ਬਣ ਕੇ ਵਹਿ ਤੁਰਿਆ।

ਇਕ ਦਿਨ ਡੇਰੇ ਵਿਚ ਗੁੱਜਰਾਂ ਦਾ ਵੱਗ ਰੁਕਿਆ।

"ਦੂਧ ਪਾਧ ਕਿਮੇਂ ਐ ?" ਨੰਨ੍ਹਾ ਨਾਥ ਨੇ ਸੁਭਾਵਿਕ ਪੁੱਛਿਆ।

"ਸਭ ਫੰਡਰ ਮਾਲ ਐ ਬਾਬਾ ਜੀ!" ਗੁੱਜਰਾਂ ਨੇ ਗੱਲ ਵੀ ਪੂਰੀ ਨਾ ਹੋਣ ਦਿੱਤੀ। ਨੰਨ੍ਹਾ ਨਾਥ ਜਾਣਦਾ ਸੀ, ਇਹ ਇਤਫ਼ਾਕ ਸੀ; ਪਰ ਲੋਕ ਆਖਦੇ, ਨਹੀਂ, ਇਹ ਕਰਾਮਾਤ ਐ। ਇਸੇ ਲਈ ਪੂਰੇ ਇਲਾਕੇ ਵਿਚ ਤਕੀਆ ਅਤੇ ਨੰਨ੍ਹਾ ਨਾਥ ਜ਼ਾਹਰੇ ਹੋ ਨਿੱਬੜੇ ਸਨ। ਦਿਨਾਂ ਵਿਚ ਹੀ ਡੇਰਾ ਵਸਦਾ ਰਸਦਾ ਹੋ ਗਿਆ ਸੀ। ਦੇਖਦਿਆਂ ਦੇਖਦਿਆਂ ਹੀ ਹਲਟੀ ਦਾ ਖਿੱਢ, ਚੁਬੱਚੇ ਦਾ ਕਰਾਲ, ਭੋਜਨ ਭੰਡਾਰ ਅਤੇ ਰਾਹਗੀਰਾਂ ਲਈ ਕੁਟੀਰ ਆਸਣ ਤੇ ਛੰਨ ਪੈ ਗਈ ਸੀ।

ਤਕੀਏ ਦੇ ਚੁਫ਼ੇਰੇ ਰੁੱਖਾਂ ਦੀ ਸੰਘਣੀ ਝਿੜੀ ਸੀ, ਜਿਸ ਦੀ ਸੰਘਣੀ ਛਾਂ ਹਰ ਆਉਣ ਵਾਲੇ ਨੂੰ ਆਪਣੀ ਪੀਡੀ ਬੁੱਕਲ ਵਿਚ ਘੁੱਟੀ ਰੱਖਦੀ। ਇਸ ਛਾਂ ਸਦਕਾ ਹੀ ਤਾਂ ਨੰਨ੍ਹਾ ਨਾਥ ਨੂੰ ਨਾ ਕਦੀ ਗਰਮੀ ਪੋਹੀ ਸੀ, ਨਾ ਸਰਦੀ। ਪਰ ਸਮੇਂ ਬਦਲ ਗਏ ਸਨ। ਕੱਲ੍ਹ ਹੀ ਪਿੰਡ ਵਿਚ ਕਤਲ ਹੋ ਕੇ ਹਟਿਆ ਸੀ। ਉਹਨੂੰ ਲੱਗਿਆ, ਜਦੋਂ ਤੋਂ ਚੰਦ ਕੁਰ ਨੇ ਉਹਦੇ ਕੰਨ ਵਿਚੋਂ ਮੁੰਦਰਾ ਧੂਹਿਆ ਸੀ, ਉਹਦੀ ਸੱਤਿਆ ਜੁਆਬ ਦਿੰਦੀ ਚਲੀ ਗਈ ਸੀ।

ਅਚਾਨਕ ਪੈਰ ਚਾਪ ਸੁਣੀ; ਚੰਦ ਕੁਰ ਸੀ। ਸ਼ਾਇਦ ਭੋਜਨ ਛਕ ਕੇ ਪਰਤੀ ਹੋਵੇ। ਫਿਰ ਉਹ ਨਿਧੜਕ ਤਕੀਏ ਵੱਲ ਵਧੀ ਅਤੇ ਕੋਂਦੂ ਥੱਲੇ ਜਾ ਕੇ ਪੈ ਗਈ। ਡੌਰ ਭੌਰ ਨੰਨ੍ਹਾ ਨਾਥ ਚੰਦ ਕੁਰ ਅਤੇ ਚਿਰਾਗ਼ ਦੀ ਕੰਬਦੀ ਲੋਅ ਵੇਖਣ ਲੱਗਿਆ।

ਚੰਦ ਕੁਰ ਨੇ ਸਿਰ ਲੂਣ ਅਤੇ ਬਹੁਕਰਾਂ ਦੇ ਪਏ ਚੜ੍ਹਾਵੇ ਉਤੇ ਟੇਕ ਲਿਆ ਸੀ। ਉਪਰ ਤੱਪੜ ਖਿੱਚਦਿਆਂ ਲੰਮੀ ਤਾਣ ਲਈ। ਚੰਦ ਕੁਰ ਨਹੀਂ ਸੀ ਜਾਣਦੀ, ਉਹਦੇ ਸਿਰ ਨੇੜਿਉਂ ਕੀੜਿਆਂ ਦੀ ਇਕ ਲੰਮੀ ਕਤਾਰ ਲੰਘ ਰਹੀ ਸੀ, ਜੋ ਕੋਂਦੂ ਦੀ ਖੋੜ ਵਿਚ ਅਨਾਜ ਦੇ ਭੋਰੇ ਲੈ ਕੇ ਜਾ ਰਹੀ ਸੀ। ਕਦੇ ਚੰਦ ਕੁਰ ਵੀ ਕੱਲ੍ਹ ਦੇ ਫ਼ਿਕਰ ਵਿਚ ਇਵੇਂ ਹੀ ਤੁਰੀ ਰਹਿੰਦੀ। ਪਰ ਅੱਜ...

ਦੇਵਗਿਰ ਫਿਰ ਨੰਨ੍ਹਾ ਨਾਥ ਕੋਲ ਆ ਖਲੋਤਾ। ਪਰ ਕੁਝ ਚੇਤੇ ਆ ਜਾਣ ਵਾਂਗ ਬਾਹਰਲੇ ਦਰ ਭੋਜਨ ਚਲਿਆ ਗਿਆ। ਪਰਤ ਕੇ ਧੂਣੇ ਕੋਲ ਆ ਖੜ੍ਹਿਆ। ਝਕਦਾ ਜਿਹਾ। ਡਿਊਟੀ ਵਜੋਂ ਉਸ ਗੁਰੂ ਲਈ ਤਮਾਕੂ ਦੀ ਪੋਟਲੀ ਟੋਹੀ; ਬੈਰਾਗਣ ਨਮਸਕਾਰੀ; ਫ਼ਰੂਲ



ਛੂਹਿਆ ਅਤੇ ਭਬੂਤੀ ਕੰਨਾਂ ਨੂੰ ਲਾਉਂਦਿਆਂ ਨੰਨ੍ਹਾ ਨਾਥ ਵੱਲ ਝਾਕਿਆ। ਕੱਲ੍ਹ ਤੋਂ ਹੀ ਉਹ ਗੁਰੂ ਜੀ ਦਾ ਰਵੱਈਆ ਹੌਲ਼ੇ ਹੌਲ਼ੇ ਦੇਖ ਰਿਹਾ ਸੀ।

"ਹੋਰ ਹੁਕਮ ਜੀ!" ਉਸ ਨੇ ਸਾਹ ਰੋਕ ਕੇ ਕਿਹਾ।

ਕੋਈ ਹੋਰ ਵੇਲਾ ਹੁੰਦਾ ਤਾਂ ਨੰਨ੍ਹਾ ਨਾਥ ਸੌਣ ਤੋਂ ਪਹਿਲਾਂ ਉਹਨੂੰ ਧਿਆਨ ਕਰਨ ਨੂੰ ਕਹਿੰਦਾ। ਪਰ ਤਦ ਉਸ ਕੇਵਲ ਹਉਕਾ ਲਿਆ, "ਹਰੀ ਹਰ...।"

ਦੇਵਗਿਰ ਸੌਣ ਲਈ ਪਰਤਿਆ ਤਾਂ ਨੰਨ੍ਹਾ ਨਾਥ ਕੁਝ ਕਹਿੰਦਾ ਕਹਿੰਦਾ ਰੁਕ ਗਿਆ। ਫਿਰ ਜੱਕੋ ਤੱਕੇ ਵਿਚ ਬੋਲਿਆ, "ਸੁਣੀਓਂ!"

ਨੰਨ੍ਹਾ ਨਾਥ ਨੂੰ ਪੀੜ ਹੋਈ। "ਉਸ ਸੁਸਰੇ ਨੇ ਦੇਖ ਲੀਏ... ਕਹੀਂ...।" ਨੰਨ੍ਹਾ ਨਾਥ ਨੇ ਗੱਲ ਅੱਧ ਵਿਚਾਲੇ ਛੱਡ ਦਿੱਤੀ, ਪਰ ਵਛੇਰੇ ਦਾ ਖ਼ਿਆਲ ਆਉਂਦੇ ਹੀ ਉਹਦੇ ਪਿੰਡਿਉਂ ਤਾਰ ਜਿਹੀ ਲੰਘੀ ਅਤੇ ਉਹ ਸਾਰੇ ਦਾ ਸਾਰਾ ਕਿਸੇ ਅਚਵੀਂ ਵਿਚ ਘਿਰ ਗਿਆ।

ਆਖ਼ਰ ਕੀ ਹੁੰਦਾ ਜਾ ਰਿਹਾ ਸੀ ਉਸ ਨੂੰ ? ਉਸ ਨੇ ਤੜਪ ਕੇ ਸੋਚਿਆ। ਕਿਉਂ ਉਸ ਦਾ ਆਪਣੇ ਆਪ ਉਤੇ ਕਾਬੂ ਨਹੀਂ ਸੀ ਰਿਹਾ। ਫਿਰ ਉਸ ਨੂੰ ਅਕਾਰਥ ਹੀ ਦੁਪਹਿਰ ਵਾਲੀ ਘਟਨਾ ਚੇਤੇ ਆਈ।

ਕੋਈ ਸ਼ਹਿਰੀ ਪਰਿਵਾਰ ਲਾਗਲੇ ਪਿੰਡ ਸਤੀਆਂ ਨੂੰ ਮੱਥਾ ਟੇਕਣ ਆਇਆ, ਤਕੀਏ ਉਤੇ ਵੀ ਸਿਰ ਨਿਵਾਉਣ ਆ ਗਿਆ ਸੀ। ਕਿਸੇ ਨੂੰ ਪਤਾ ਹੀ ਨਾ ਲੱਗਿਆ, ਕੀ ਹੋਇਆ। ਨੰਨ੍ਹਾ ਨਾਥ ਪਾਗ਼ਲਾਂ ਵਾਂਗ ਆਸਣ ਤੋਂ ਉੱਠਿਆ ਸੀ ਅਤੇ ਬਿਨਾਂ ਕਿਸੇ ਕਾਰਨ ਛੰਨ ਹੇਠ ਬੱਧੇ ਵਛੇਰੇ ਨੂੰ ਜਾ ਕੇ ਕੁੱਟਣ ਲੱਗਿਆ ਸੀ। ਲੱਕੜ ਦੀ ਬੈਰਾਗਣ ਨਾਲ ਹੀ...।

ਸ਼ਹਿਰੀ ਪਰਿਵਾਰ ਵਿਚ ਜੁਆਨ ਮੁੰਡੇ ਕੁੜੀਆਂ ਵੀ ਸਨ। ਨੰਨ੍ਹਾ ਨਾਥ ਤੋਂ ਕੰਬਲੀ ਲੱਥ ਕੇ ਭੁੰਜੇ ਜਾ ਪਈ। ਜੜਾਵਾਂ ਸਣ ਦੇ ਗਰੂਨੇ ਵਾਂਗ ਹਵਾ ਵਿਚ ਉੱਡੀਆਂ। ਲੰਗੋਟ ਚੂਲੇ ਤੋਂ ਵੀ ਥੱਲੇ ਖਿਸਕ ਗਿਆ। ਸ਼ਹਿਰੀ ਜੁਆਕ ਕਿਲਕਾਰੀਆਂ ਮਾਰਦੇ ਦੂਰ ਨੱਸੇ। ਉਨ੍ਹਾਂ ਸੰਗ ਕੇ ਇਕ ਦੂਜੇ ਵੱਲ ਵੇਖਿਆ, ਅਤੇ ਮੁਸਕੜੀਏ ਹੱਸੇ।

ਕੁੱਟ ਨਾਲ ਵਛੇਰਾ ਲਿੱਦ ਵਿਚ ਹੀ ਡਿੱਗ ਪਿਆ ਸੀ। ਜਿਵੇਂ ਨੰਨ੍ਹਾ ਨਾਥ ਦੀ ਵਰ੍ਹਿਆਂ ਬੱਧੀ ਤਪੱਸਿਆ ਹੀ ਮਲ ਮੂਤਰ ਵਿਚ ਜਾ ਡਿੱਗੀ ਹੋਵੇ। ਗਾਲ੍ਹਾਂ ਹਵਾ ਵਿਚ ਤੈਰਨ ਲੱਗੀਆਂ। ਸ਼ਰਧਾਲੂਆਂ ਦੀ ਭੀੜ ਨੇ ਨੰਨ੍ਹਾ ਨਾਥ ਵੱਲ ਅਚੰਭੇ ਨਾਲ ਝਾਕਿਆ। ਤਦ ਤੋਂ ਲੈ ਕੇ ਹੁਣ ਤਕ ਨੰਨ੍ਹਾ ਨਾਥ ਦੇ ਸਿਰ ਉਤੇ 'ਕਾਲ' ਦਾ ਅਜਿਹਾ ਪਹਿਰਾ ਰਿਹਾ ਸੀ ਕਿ ਪੈਰ ਪੈਰ ਉਤੇ ਮਰਯਾਦਾ ਭੰਗ ਹੁੰਦੀ ਚਲੀ ਗਈ ਸੀ।

ਕਦੇ ਮਰਯਾਦਾ ਉਲੰਘਣਾ ਨੰਨ੍ਹਾ ਨਾਥ ਨੂੰ ਥਰਥਰ ਕੰਬਣ ਲਾ ਦਿੰਦੀ। ਉਸ ਭੈ ਨੂੰ ਜਾਂ ਤਾਂ ਉਹ ਚੇਤੇ ਹੀ ਨਹੀਂ ਸੀ ਕਰਨਾ ਚਾਹੁੰਦਾ, ਜਾਂ ਵਿੱਸਰ ਹੀ ਚੁੱਕਿਆ ਸੀ।

ਉਹ ਤਾਂ ਸ਼ਾਇਦ ਇਹ ਵੀ ਵਿੱਸਰ ਚੁੱਕਿਆ ਸੀ ਕਿ ਉਹ ਕਿਸੇ ਗੈਰ-ਜ਼ਮੀਨੇ ਜੱਟ ਦਾ ਭਰੂ ਪੁੱਤ ਸੀ। ਪੰਜਾਂ ਧੀਆਂ ਮਗਰੋਂ ਪੇਟ ਘਰੋੜੀ ਦੀ ਉਲਾਦ,

ਜੀਹਦਾ ਪਿਉ, ਲਾਭਾ ਅਮਲੀ, ਗੁਰਬਤ ਦਾ ਅਜਿਹਾ ਸਰਾਪ ਲੈ ਕੇ ਜੰਮਿਆ ਸੀ ਜਿਸ ਦੀ ਪਹਿਲੀ ਕਰੋਪੀ ਨੇ ਹੀ ਨੰਨ੍ਹਾ ਨਾਥ ਨੂੰ ਬੁਜ਼ੇ ਕਲਾਲ ਦਾ ਸੀਰੀ ਲਾ ਦਿੱਤਾ ਸੀ।

ਉਦੋਂ ਨੰਨ੍ਹਾ ਨਾਥ ਦੇ ਮੁਕਲਾਵੇ ਦੇ ਦਿਨ ਸਨ, ਤੇ ਉਹ ਨੈਣੂ ਸੀ। ਅਮਲੀ ਲਾਭੇ ਦਾ ਪੁੱਤ ਨੈਣੂ! ਲਾਭੇ ਸਿਰ ਏਨਾ ਕਰਜਾ ਸੀ ਕਿ ਬੁਜ਼ੇ ਕਲਾਲ ਦੇ ਦੋ ਛੜੇ ਭਰਾਵਾਂ ਨੂੰ ਨੈਣੂ ਦੀਆਂ ਦੋ ਮੁਟਿਆਰ ਭੈਣਾਂ ਦਾ ਸਾਕ ਕਰਨ ਬਦਲੇ ਵੀ ਨਹੀਂ ਸੀ ਉਤਰਿਆ। ਰਿਹਾ ਨੈਣੂ ਦਾ ਸੀਰ, ਉਹ ਤਾਂ ਵਿਆਜ ਵੀ ਨਹੀਂ ਸੀ ਮੋੜਦਾ।

ਬੁਜ਼ਾ ਕਲਾਲ ਨਿਰਦਈ ਸੀ। ਜਿੰਨਾ ਕੋਈ ਭੇਦੋਂ ਡਾਂਗੋ ਵਾਲਾ ਹੋ ਸਕਦਾ ਸੀ। ਸਰਫ਼ੇ ਦਾ ਪੁੱਤ ਹੋਣ ਕਾਰਨ ਨੈਣੂ ਲਾਡ ਪਿਆਰ ਵਿਚ ਪਲਿਆ ਸੀ। ਭੈਣਾਂ ਵੀਰ ਨੂੰ ਭੋਏਂ ਨਾ ਉਤਰਨ ਦਿੰਦੀਆਂ। ਤੇ ਉਹ ਬਸ ਵਾਹਵਾਂ ਤ੍ਰੌਂਢਾ ਹੀ ਕੰਮ ਨੂੰ ਹੱਥ ਪੁਆਉਂਦਾ ਰਿਹਾ ਸੀ। ਬੁਜ਼ਾ ਕਾਮੇ ਦੇ ਹੱਡਾਂ ਨੂੰ ਵੱਧ ਨਪੀੜ ਕੇ ਰੱਤ ਕੱਢਣ ਦਾ ਆਦੀ ਸੀ। ਪਰ ਜਦੋਂ ਨੈਣੂ ਅਤੇ ਉਹਦੀਆਂ ਮੁਕਲਾਵੇ ਦੀਆਂ ਰੰਗਲੀਆਂ ਰਾਤਾਂ ਵੀ ਬੁਜ਼ੇ ਦੀ ਰੰਗੜਊ ਨੀਤੀ ਵਿਚ ਪੀੜੀਆਂ ਗਈਆਂ, ਤਾਂ ਨੈਣੂ ਦੇ ਅੰਦਰਲੇ ਜੱਟ ਨੇ ਡਾਂਗ ਚੱਕ ਲਈ। ਗੱਲ ਤੂੰ ਤੂੰ, ਮੈਂ ਮੈਂ ਤੋਂ ਹੁੰਦੀ, ਧੀ ਦੀ, ਭੈਣ ਦੀ ਤੋਂ ਵੀ ਗਾਹਾਂ ਜਾ ਖੜ੍ਹੀ।

ਬੁਜ਼ਾ ਪੁੱਜਦਾ ਸੀ। ਆਪਣੀ ਹੇਠੀ ਦਾ ਮੁੱਲ ਪਾਉਣਾ ਜਾਣਦਾ ਸੀ। ਨੈਣੂ ਲਈ ਦੋਵੇਂ ਰਾਹ ਸਨ। ਪਿਉ ਦਾ ਕਰਜਾ ਲਾਹੇ ਜਾਂ ਸਿਰ ਚੁੱਕਣ ਦਾ ਮੁੱਲ ਤਾਰੇ। ਪਰ ਉਹਨੇ 'ਪਾਸਾ ਵੱਟ ਕੇ' ਤੀਜਾ ਰਾਹ ਲੱਭ ਲਿਆ।

ਪਿੰਡ ਦੀ ਅੱਖ ਬਚਾ ਕੇ ਉਹ ਸਟੇਸ਼ਨ ਨੂੰ ਤੁਰਿਆ ਆਇਆ ਸੀ। ਦੋ ਵੇਰ ਸਟੇਸ਼ਨ ਤੋਂ ਗੱਡੀ ਲੰਘੀ ਵੀ, ਪਰ ਖੜ੍ਹੀ ਹੀ ਨਾ। ਹਾਰ ਕੇ ਉਹ ਪਲੇਟਫਾਰਮ ਉਤੇ ਬੈਠੀ ਇਕ ਸਾਧਾਂ ਦੀ ਟੋਲੀ ਕੋਲੇ ਜਾ ਖੜ੍ਹਿਆ।

ਸਾਧ ਖ਼ਬਰੇ ਜਾਣੀਜਾਨ ਸਨ ਜਾਂ ਖ਼ਬਰੇ ਉਨ੍ਹਾਂ ਨੂੰ ਤਰਸ ਆ ਗਿਆ। ਉਨ੍ਹਾਂ ਨੇ ਖਾਣ ਲਈ ਭੋਜਨ ਦਿੱਤਾ। ਤੇ ਅੱਧੀ ਰਾਤ ਗਠੜੀ ਚੁੱਕ ਕੇ ਤੁਰਨ ਨੂੰ ਕਿਹਾ। ਉਨੀਂਦਾ ਨੈਣੂ ਰੇਲ ਡੱਬੇ ਦੀ ਰਾਹਦਾਰੀ ਵਿਚ ਜਾ ਬੈਠਾ। ਨੈਣੂ ਦੀ ਜਿਵੇਂ ਵਰ੍ਹਿਆਂ ਪਿਛੋਂ ਅੱਖ ਲੱਗੀ ਸੀ। ਬੈਠਦਾ ਹੀ ਘੂਕ ਸੌਂ ਗਿਆ। ਜਦ ਨੂੰ ਉਹਦੀ ਜਾਗ ਖੁੱਲ੍ਹੀ, ਉਹ ਹਰਿਦੁਆਰ ਦੇ ਸਟੇਸ਼ਨ ਉਤੇ ਸੀ। ਪਿਛੋਂ ਪਤਾ ਲੱਗਿਆ, ਟੋਲੇ ਦਾ ਵੱਡਾ ਸਾਧ ਕੰਨਖਲ ਵਿਚ ਸੀ। ਐਨ ਗੰਗਾ ਦੀ ਖੰਦਰ ਵਿਚ, ਦਿਗੰਬਰ ਨਾਥ। ਸਿਰੇ ਦਾ ਪ੍ਰਾਣਾਯਾਮੀ... ਕਹਿੰਦੇ ਮੂੰਹ ਥਾਣੀਂ ਲੀੜਾ ਭਖ ਕੇ ਗੁਦਾ ਥਾਣੀਂ ਕੱਢ ਦਿੰਦਾ। ਸੁਆਸ ਖਿੱਚ ਕੇ ਕੰਠ ਵਿਚ ਲੈ ਜਾਂਦਾ। ਅੱਠੀਂ ਪਹਿਰੀ ਅੰਨ ਮੂੰਹ ਲਾਉਂਦਾ। ਅੱਖਾਂ ਮੱਚਦੀਆਂ। ਮੁੱਖ ਤੋਂ ਨੂਰ ਚੋਂਦਾ। ਮੱਠ ਵਿਚ ਵੀਹ ਨਾਂਗੇ। ਤੇੜ ਲੰਗੋਟ, ਉਤੇ ਬੂਰੇ। ਸੰਝ ਸਵੇਰ ਲੰਗਰ ਪੱਕਦਾ, ਪਰ ਵਰਤਾਉਣ ਵੇਲੇ ਵੱਡਾ ਸਾਧ ਆਪ ਪੰਗਤ ਵਿਚਾਲੇ ਖੜ੍ਹ ਜਾਂਦਾ। ਮੂਹਰੇ ਭੋਜਨ ਪਰੋਸ ਕੇ 'ਧਿਆਨ ਧਰਨ' ਨੂੰ ਕਹਿੰਦਾ। ਕਿਸੇ ਚੇਲੇ ਦਾ ਅੰਤਰ ਧਿਆਨ ਟੁੱਟਦਾ ਤਾਂ ਸੰਗਲੀ ਕੋੜੇ ਵਾਂਗ ਪਿੰਡੇ ਉਤੇ ਵਰ੍ਹਦੀ। ਤੇ ਇਉਂ ਲੰਗਰ ਪਾਣੀ ਦੀ ਸੇਵਾ ਵਿਚ ਲੱਗੇ ਨੈਣੂ



ਦੀ ਭੁੱਖ ਮਰਦੀ ਮਰਦੀ ਆਖ਼ਰ ਨੂੰ ਉੱਕਾ ਹੀ ਮਰ ਗਈ ਸੀ। ਪੋਹ ਮਾਘ ਦੀਆਂ ਠਰੀਆਂ ਰਾਤਾਂ ਵਿਚ ਜਲਧਾਰਾ ਸ਼ੁਰੂ ਹੁੰਦਾ। ਜੇਠ ਹਾੜ੍ਹ ਧੂਣੇ ਤਪਦੇ। ਇਉਂ ਆਉਂਦੀ ਆਉਂਦੀ ਨੀਂਦਰ ਨੈਣੂ ਦੀਆਂ ਜਾਗਦੀਆਂ ਅੱਖਾਂ ਵਿਚ ਹਮੇਸ਼ ਹਮੇਸ਼ ਲਈ ਖੜ੍ਹ ਗਈ।

ਜਿਸ ਦਿਨ 'ਨੈਣੂ' ਤੋਂ 'ਨੰਨ੍ਹਾ ਨਾਥ' ਬਣਿਆ, ਸੂਏ ਨਾਲ ਕੰਨ ਵਿਨ੍ਹਦਿਆਂ ਵੱਡੇ ਸਾਧ ਨੇ ਸ਼ਰਤ ਰੱਖੀ, "ਪੀੜਾ ਸੇ ਊਪਰ ਉਠਨਾ!"

ਚਲੀਹਾ ਮਿਲਿਆ ਤਾਂ ਚਾਰ ਪਹਿਰ ਸੀਤ ਜਲ ਵਿਚ ਨਗਨ ਖੜ੍ਹਨਾ, ਚਾਰ ਪਹਿਰ ਗੁਪਤਾਂਗ ਹਿੱਸਾ ਧੂਣੀ ਦੀ ਕੋਸੀ ਭੁੱਬਲ ਵਿਚ ਦੱਬਣਾ। ਤੇ ਇਸ ਚਲੀਹੇ ਦੌਰਾਨ ਹੀ ਤੀਰ ਜ਼ਮੀਨੇ ਜੱਟ ਦਾ ਨੈਣੂ ਪੁੱਤ ਮਰਦਾ ਮਰਦਾ ਮਰ ਗਿਆ ਸੀ ਅਤੇ ਨੰਨ੍ਹਾ ਨਾਥ ਪੈਦਾ ਹੋ ਗਿਆ ਸੀ।

ਜਿਦੋਂ ਨੰਨ੍ਹਾ ਨਾਥ ਨੂੰ ਮੁੰਦਰੇ ਬਖ਼ਸ਼ਿਸ਼ ਹੋਏ, ਵੱਡੇ ਸਾਧ ਨੇ ਪੰਜ ਵਚਨ ਲਏ। "ਦੇਖੋ!" ਉਨ੍ਹਾਂ ਨੇ ਧੂਣੇ ਵੱਲ ਇਸ਼ਾਰਾ ਕੀਤਾ। "ਕਾਮ ਕ੍ਰੋਧ ਕੀ ਅਗਨੀ ਕੋ ਵੱਸ਼ ਮੇਂ ਕਰਨਾ। ਕੇਵਲ ਅੰਤਰ ਆਤਮਾ ਕੋ ਸੁਨਨਾ... ਇੱਛਾ, ਮਾਂਸ, ਮਦਿਰਾ, ਸਭ ਵਰਜਿਤ!" ਫਿਰ ਜਿਵੇਂ ਗੁੱਸੇ ਨਾਲ ਬੋਲੇ, "ਗ੍ਰਹਿ ਔਰ ਗ੍ਰਹਿਸਥ, ਸਭ ਵਿਸ਼ਟਾ। ਔਰ ਆਖ਼ਰੀ ਬਚਨ ਸੁਨੋ। ਇੰਦਰੀ ਭੋਗ, ਨਰਕ ਕਾ ਭੋਗ, ਦਸਵਾਂ ਦੁਆਰਾ ਬ੍ਰਹਮ ਕਾ ਜੋਗ।" ਫਿਰ ਉਨ੍ਹਾਂ ਨੇ ਨੰਨ੍ਹਾ ਨਾਥ ਦੇ ਵਾਲਾਂ ਵਿਚ ਗੰਗਾ-ਜਲ ਅਤੇ ਧੂਣੇ ਦੀ ਭਭੂਤੀ ਭੁੱਕਦਿਆਂ ਅੰਤਿਮ ਵਾਕ ਵਜੋਂ ਕਿਹਾ, "ਜਾਓ, ਸੁਮਰਿਣ ਔਰ ਭਰਮਣ ਕਰੋ। ਆਜ ਸੇ ਤੁਮ ਭਕਤ ਹੁਏ!"

ਤੇ ਅੱਜ ਜਿਹੜੀ ਭਗਤੀ ਦੀ ਉਪਾਧੀ ਨੂੰ ਉਹ ਅੱਪੜਿਆ ਸੀ, ਉਹ ਉਹਦੀਆਂ ਅੱਖਾਂ ਸਾਹਮਣੇ ਸੀ!

ਉਂਜ ਮੱਠ ਛੱਡਣ ਤੋਂ ਪਿਛੋਂ ਵੀ ਉਹ ਬੜੀ ਕਸ਼ਮਕਸ਼ ਵਿਚੋਂ ਗੁਜ਼ਰਿਆ ਸੀ। ਕਿੱਥੇ ਕਨਖਲ ਅਤੇ ਕਿੱਥੇ ਜੱਦੀ ਪਿੰਡ ਤੋਂ ਕੁਝ ਦੂਰੀ ਹਟਵਾਂ ਆਹ ਤਕੀਆ। ਇਕ ਦਿਨ ਓਥੋਂ ਲੰਘਦੇ ਚੰਨਣ ਨਾਈ ਨੇ ਪਹਿਲੀ ਨਜ਼ਰੇ ਹੀ ਉਹਨੂੰ ਧੂਣੇ ਉਤੇ ਬੈਠੇ ਨੂੰ ਪਛਾਣ ਲਿਆ ਸੀ। ਇਥੋਂ ਤੀਕ ਕਿ ਅਗਲੇ ਦਿਨ ਹੀ ਜੁਆਕ ਚੱਕੀਂ ਗੁਲਜ਼ਾਰੋ ਉਹਦੇ ਸਿਰ ਉਤੇ ਆ ਧਮਕੀ ਸੀ। ਤਕੀਆ ਕਿਸੇ ਪੀਰ ਦਾ ਸੀ। ਪਰ ਨੰਨ੍ਹਾ ਨਾਥ ਨੇ ਹਿੰਦੂ ਹੋਣ ਕਾਰਨ ਕੁਝ ਦੂਰ ਹਟਵੀਂ ਮੰਦਰ ਦੀ ਚੁਖੰਡੀ ਉਸਾਰ ਕੇ ਧੂਣਾ ਗੱਡ ਦਿੱਤਾ ਸੀ। ਜਿਸ ਕਾਰਨ ਮੰਦਰ ਅਤੇ ਤਕੀਏ ਦਾ ਰਲਵਾਂ ਰੂਪ ਡੇਰਾ ਹੋ ਨਿੱਬੜਿਆ ਸੀ।

ਪਤੀ ਨੂੰ ਇਸ ਹਾਲ ਦੇਖਦਿਆਂ ਗੁਲਜ਼ਾਰੋ ਦੀ ਮਾਨਿਉਂ ਗਈ। ਸਿਰ ਉਤੇ ਜਟਾਵਾਂ, ਰੰਗ ਧੁਆਂਖਿਆ ਹੋਇਆ, ਹੱਥੀਂ ਚਿਲਮ, ਤੇੜ ਲੰਗੋਟ, ਨੰਗਾ ਪਿੰਡਾ, ਉਲਝੀ ਦਾੜ੍ਹੀ ਅਤੇ ਮੂੰਹ ਵਿਚ ਹਰੀ ਓਮ... ਹਰੀ ਓਮ...।

ਗੁਲਜ਼ਾਰੋ ਦਾ ਅੰਦਰ ਬਾਹਰ ਬੁਝ ਗਿਆ। ਉਹਦਾ ਨੈਣੂ ਕਿੱਥੇ ਸੀ? ਆਪਣੇ ਮਾੜੇ ਸੰਜੋਗਾਂ ਉਤੇ ਉਹਨੂੰ ਭੁੱਕ ਭੁੱਕ ਰੋਣ ਆਇਆ। ਲੋਕਾਂ ਦੇ ਲੱਖ ਕਹਿਣ ਉੱਤੇ ਵੀ

ਨੈਣੂ ਦੇ ਮਰ ਜਾਣ ਬਾਰੇ ਉਹਦਾ ਅੰਦਰਲਾ ਨਹੀਂ ਸੀ ਮੰਨਿਆ। ਨੈਣੂ ਦੇ ਕੰਛ ਕਰ ਜਾਣ ਤੋਂ ਤੀਜੇ ਮਹੀਨੇ ਮਗਰੋਂ ਹੀ ਉਸ ਨੇ ਗੋਭਲਾ ਜਿਹਾ ਪੁੱਤ ਜੰਮਿਆ ਸੀ, ਜਿਸ ਨੂੰ ਉਹਨੇ ਨੈਣੂ ਦੇ ਜਿਉਂਦੇ ਹੋਣ ਸਬੰਧੀ ਲੰਮੀਆਂ ਲੋਰੀਆਂ ਦਿੱਤੀਆਂ ਸਨ।

ਇਕ ਪਲ ਗੁਲਜ਼ਾਰੋ ਨੂੰ ਨੰਨ੍ਹਾ ਨਾਥ ਦੇ ਰੂਪ ਵਿਚ ਨੈਣੂ ਹੋਣ ਦਾ ਯਕੀਨ ਹੀ ਨਾ ਆਇਆ। ਪਰ ਰਹਿ ਰਹਿ ਕੇ ਉਹਦੇ ਅੰਦਰੋਂ ਭਾਖਿਆ ਉਠਦੀ, "ਜਾਰੋ ਬੰਦੀਏ! ਇਹੀ ਐ ਤੇਰਾ ਚੋਰ!"

ਜੇਰਾ ਕਰਕੇ ਉਹ ਨੰਨ੍ਹਾ ਨਾਥ ਦੇ ਐਨ ਮੂਹਰੇ ਆ ਖੜ੍ਹੀ। "ਤੂੰ ਤਾਂ ਬਣਿਆ ਫਿਰਦੈਂ ਰਮਤਾ... ਦੱਸ ਮੈਂ ਕਿਹੜੇ ਖੂਹ ਜਾ ਡਿੱਗਾਂ?"

ਨੰਨ੍ਹਾ ਨਾਥ ਕੰਬਿਆ। ਜਟਾਵਾਂ ਬੋਝਲ ਜਾਪੀਆਂ। ਭਬੂਤੀ ਮਿਰਚਾਂ ਵਾਂਗ ਲੜੀ। ਪਰ ਉਹ ਸੰਭਲ ਗਿਆ। ਉਸ ਨਜ਼ਰ ਭਰ ਕੇ ਗੁਲਜ਼ਾਰੋ ਵੇਖੀ। ਗੁੰਦਵਾਂ ਸਰੀਰ... ਚੜ੍ਹਦੀ ਉਮਰ...। ਜਣੇਪੇ ਮਗਰੋਂ ਉਹ ਹੋਰ ਭਰ ਗਈ ਸੀ। ਨੰਨ੍ਹਾ ਨਾਥ ਨੇ ਸੋਚਿਆ, ਐਹਾ ਜੀ ਤੀਵੀਂ ਨੂੰ ਪਿੱਠ ਦੇ ਕੇ ਉਸ ਗਊ ਹੱਤਿਆ ਕੀਤੀ ਸੀ।

ਉਹ ਮੋਹ ਨਾਲ ਭਰ ਗਿਆ। ਦੇਹ ਭੱਠ ਵਾਂਗ ਤਪਣ ਲੱਗੀ। ਮੱਥੇ ਵਿਚ ਕੁਝ ਟੱਸ ਟੱਸ ਵੱਜਣ ਲੱਗਿਆ। ਦੋਸ਼ੀਆਂ ਵਾਂਗ ਉਹ ਤਕੀਏ ਦੇ ਓਹਲੇ ਜਾ ਬੈਠਾ।

"ਰੱਬ ਦੇ ਵਾਸਤੇ ਚਲੀ ਜਾਹ!" ਉਸ ਹੱਥ ਜੋੜੇ।

ਗੁਲਜ਼ਾਰੋ ਝੁੱਸ ਝੁੱਸ ਰੋਣ ਲੱਗੀ।

ਵਰ੍ਹਿਆਂ ਤੋਂ ਉਸ ਨੇ ਤੀਵੀਂ ਦੀ ਏਨੀ ਨੇੜਤਾ ਨਹੀਂ ਸੀ ਮਾਣੀ! ਅਵੇਸ਼ ਵਿਚ ਉਸ ਗੁਲਜ਼ਾਰੋ ਬੁੱਕਲ ਵਿਚ ਲੈ ਲਈ।

"ਹਰੀ ਓਮ... ਹਰੀ ਓਮ...!" ਉਸ ਸਿਮਰਨ ਕਰਨਾ ਚਾਹਿਆ। ਪਰ ਉਹਦੇ ਸਿਰਮਨ ਦਾ 'ਕੱਲਾ ਕੱਲਾ' ਸੁਆਸ ਜਿਵੇਂ ਗੁਲਜ਼ਾਰੋ ਦੇ ਕੋਸੇ ਸਾਹ ਹੀ ਨਿਗਲ ਰਹੇ ਹੋਣ। ਸਾਹ ਜਿਨ੍ਹਾਂ ਨੂੰ ਉਹ ਆਪਣੇ ਬਹੁਤ ਨੇੜੇ ਮਹਿਸੂਸ ਕਰ ਰਿਹਾ ਸੀ।

"ਹੋਰ ਨੀ ਤਾਂ ਜੁਆਕ ਕੰਨੀਉਂ ਦੇਖ!" ਗੁਲਜ਼ਾਰੋ ਹਟਕੋਰੇ ਭਰਦਿਆਂ ਬੋਲੀ।

ਪਰ ਨੰਨ੍ਹਾ ਨਾਥ ਨੂੰ ਕੁਝ ਵੀ ਨਾ ਸੁਣਿਆ। ਜਦ ਨੂੰ ਉਸ ਦੀ ਹੋਸ਼ ਪਰਤੀ, ਉਹ ਗੁਲਜ਼ਾਰੋ ਦੀ ਝੋਲੀ ਵਿਚ ਪਿਆ ਸੀ। ਜਿਵੇਂ ਉਸ ਦਾ ਸੁੱਚਾ ਜੋਗ ਹੀ ਵਿਸ਼ਟਾ ਵਿਚ ਡਿੱਗ ਪਿਆ ਹੋਵੇ। ਜੁਆਕ ਰੋ ਰੋ ਫਾਵਾ ਹੋ ਗਿਆ ਸੀ। ਜਿਵੇਂ ਦਿਗੰਬਰ ਨਾਥ ਹੀ ਵਿਲਕ ਰਿਹਾ ਹੋਵੇ।

ਗੁਲਜ਼ਾਰੋ ਸੋਚ ਰਹੀ ਸੀ, ਕੁਝ ਚਿਰ ਪਹਿਲਾਂ ਨੰਨ੍ਹਾ ਨਾਥ ਨੂੰ ਦੇਖਦਿਆਂ ਜਿਸ ਗਿਲਾਜ਼ਤ ਦਾ ਅਹਿਸਾਸ ਉਹਨੂੰ ਹੋਇਆ ਸੀ, ਨੰਨ੍ਹਾ ਨਾਥ ਦਾ ਪਿੰਡਾ ਛੋਂਹਦਿਆਂ ਕਿਉਂ ਨਹੀਂ ਸੀ ਹੋਇਆ?

ਨੰਨ੍ਹਾ ਨਾਥ ਨੇ ਮਹਿਸੂਸਿਆ, ਜਟਾਵਾਂ ਉਹਦਾ ਪਿੰਡਾ ਪੱਛ ਰਹੀਆਂ ਸਨ, ਤੇ ਭਬੂਤੀ ਇਕ ਅਜੀਬ ਚਿਪਚਿਪਾਹਟ ਪੈਦਾ ਕਰਦੀ ਸੀ। ਪਰ ਉਹਨੇ ਨਜ਼ਰ ਭਰ ਕੇ



ਗੁਲਜ਼ਾਰੋ ਵੱਲ ਦੇਖਿਆ। ਤਕੀਏ ਦੇ ਜ਼ਰਦ ਚਾਨਣ ਵਿਚ ਉਹ ਨਗਨ ਪਈ ਸੀ। ਨੰਨ੍ਹਾ ਨਾਥ ਦੇ ਸਿਰ ਵਿਚੋਂ ਕੋਈ ਗੁਬਾਰ ਉੱਠਿਆ ਅਤੇ ਅੱਖਾਂ ਅੱਗੇ ਕਾਲਖ ਪੱਸਰ ਗਈ। ਫਿਰ ਇਕਾ ਇਕ ਮਹਿਸੂਸ ਹੋਇਆ ਜਿਵੇਂ ਜਿਸ ਨੈਣੂ ਨੂੰ ਉਹ ਕਈ ਚਿਰ ਪਹਿਲਾਂ ਦਿਗੰਬਰ ਨਾਥ ਦੇ ਮੱਠ ਉੱਤੇ ਛੱਡ ਆਇਆ ਸੀ, ਉਹਦੇ ਪਾਸ ਹੀ ਕਿਤੇ ਖੜ੍ਹਾ ਸੀ।

"ਦੇਖ! ਭੇਤ ਨਾ ਭੰਨੀਂ ਕਿਸੇ ਕੋਲ... ਨਾ ਹੀ ਖ਼ਰਚ ਪੱਠੇ ਤੋਂ ਤੰਗੀ ਮੰਨੀ ਤੂੰ... ਬਸ ਜਦ ਜੀਅ ਕੀਤਾ, ਮਾਰ ਗੀ ਗੇੜਾ!" ਨੰਨ੍ਹਾ ਨਾਥ ਨੇ ਦੁਲਾਰਦਿਆਂ ਕਿਹਾ ਸੀ।

"ਕੀ ਕਿਹਾ?" ਗੁਲਜ਼ਾਰੋ ਲਾਟ ਵਾਂਗ ਭਬਕੀ। "ਤੂੰ ਸਮਝਦੈਂ, ਲੁਕ-ਛਿਪ ਕੇ ਰੰਨ ਬਣੀ ਰਹੂੰ ਤੇਰੀ? ਬੋਲ ਉਏ ਸਾਧਾ!" ਫਿਰ ਉਹ ਚੀਕ ਕੇ ਬੋਲੀ ਸੀ, "ਆਹ ਨੋਟਾਂ ਦੀ ਹਉਂਸ ਦਿਨੈਂ? ਚੱਕ ਆਪਦੇ!" ਤੇ ਉਹ ਨੋਟ ਭੁਆਂ ਕੇ ਨੰਨ੍ਹਾ ਨਾਥ ਦੇ ਮੂੰਹ ਉਤੇ ਮਾਰਦੀ ਅਤੇ ਕਾਹਲੀ ਨਾਲ ਲੀੜੇ ਪਾਉਂਦੀ ਦੂਰ ਤਕ ਬੱਕੜਵਾਹ ਕਰਦੀ ਚਲੀ ਗਈ ਸੀ।

ਉਹ ਦਿਨ ਅਤੇ ਆਹ ਦਿਨ, ਨਾ ਕਦੇ ਗੁਲਜ਼ਾਰੋ ਮੁੜ ਕੇ ਪਰਤੀ ਸੀ ਅਤੇ ਨਾ ਨੰਨ੍ਹਾ ਨਾਥ ਨੇ ਕਿਸੇ ਦੂਜੀ ਤੀਵੀਂ ਦਾ ਪਰਛਾਵਾਂ ਆਪਣੇ ਉਤੇ ਪੈਣ ਦਿੱਤਾ ਸੀ।

ਨੰਨ੍ਹਾ ਨਾਥ ਤੋਂ ਤਾਂ ਚੰਦ ਕੁਰ ਦਾ ਡੇਰੇ ਆ ਟਿਕਣਾ ਵੀ ਜਰਿਆ ਨਹੀਂ ਸੀ ਗਿਆ। ਚੰਦ ਕੁਰ, ਜੋ ਬੀਰ੍ਹਿਆਂ ਦੀ ਨੂੰਹ ਅਤੇ ਕੰਦੂ ਮਜ਼੍ਹਬੀ ਦੀ ਧੀ ਸੀ। ਗ਼ਰੀਬ ਪਿਉ ਦੀ ਸ਼ੋਹਦੀ ਧੀ, ਜਿਹੜੀ ਕਿਸਮਤ ਹੱਥੋਂ ਵੇਚੀ ਉੱਤੇ ਹੀ ਵਿਕ ਗਈ। ਗ਼ਰੀਬ ਪਿਉ ਕਿਸੇ ਜੱਟ ਦਾ ਚੁੱਕਿਆ ਚੁਕਾਇਆ ਕਤਲ ਕੇਸ ਵਿਚ ਜਾ ਫਸਿਆ। ਮਾਂ ਤਰੀਕਾਂ ਭੁਗਤਦੀ ਮਰ ਗਈ। ਲੈ ਦੇ ਕੇ ਇਕ ਵੈਲੀ ਮਾਮਾ ਬਚਦਾ ਸੀ। ਉਸ ਨੇ ਚੰਦ ਕੁਰ ਦੇ ਗਰਦਾਏ ਅੰਗਾਂ ਦਾ ਮੁੱਲ ਵੱਟ ਲਿਆ। ਕੇਵਲ ਮੁੱਲ ਹੀ ਨਾ ਵੱਟਿਆ, ਇਕ ਤਰ੍ਹਾਂ ਬੀਰ੍ਹਿਆਂ ਦੀ ਹਾਬੜੀ ਹਵਸ ਵਿਚ ਝੋਕ ਦਿੱਤਾ।

ਬੀਰ੍ਹਿਆਂ ਦੇ ਜੌਂਦੀ ਸਿਆੜ ਨਾ ਹੋਣ ਬਰਾਬਰ ਸਨ। ਇਸ ਲਈ ਕੋਈ ਸਰਦਾ ਪੁੱਜਦਾ ਸਾਕ ਉਨ੍ਹਾਂ ਦੇ ਦਰੀਂ ਨਹੀਂ ਸੀ ਚੜ੍ਹਿਆ। ਆਖ਼ਰ ਨੂੰ ਮੁੱਲ ਦਾ ਐਕ ਚੌਥਣਾ ਪਿਆ ਸੀ। ਐਂ ਵੀ ਅਜਿਹਾ ਕਿ ਆਖਣ ਨੂੰ ਚੰਦ ਕੁਰ ਨੰਗੇ ਗਿੱਟਲ ਦੇ ਨਉਂਗੇ ਵਿਚ ਆਈ ਸੀ, ਪਰ ਸੀ ਉਹ ਪੰਜਾਂ ਦੀ ਪੰਚਾਲੀ ਹੀ। ਦਿਨੇ ਘਰ ਦਾ ਗੋਹਾ ਕੂੜਾ, ਰਾਤ ਹਾਬੜੀ ਕੁੱਖ ਦੀ ਵਹਿਸ਼ਤ। ਪਰ ਆਈ ਨੂੰ ਹਾਲੇ ਮਹੀਨੇ ਹੀ ਲੰਘੇ ਸਨ ਕਿ ਇਕ ਰਾਤ ਉਹਦੇ ਦੋਵੇਂ ਜੇਠ ਸੁੱਤੇ ਹੀ ਸੌਂ ਗਏ। ਸਵੇਰੇ ਲੋਕ ਭਾਖਿਆ ਉੱਠੀ। ਕਿਸੇ ਨੇ ਕਿਹਾ, ਕੀ ਪਤਾ ਕੁਸ਼ ਦੇ ਕੇ ਮਾਰ ਦਿੱਤੈ। ਕਿਸੇ ਨੇ ਕਿਹਾ, ਰੱਬੀ ਭਾਣੈ। ਕਿਸੇ ਕਿਹਾ, ਭਰਾਵਾਂ ਦੇ ਸ਼ਰੀਕੇ ਰਾਹ ਪੱਧਰਾ ਕਰ ਲਿਐ। ਬਹੁਤਿਆਂ ਕਿਹਾ, ਚੰਦ ਕੁਰ ਦਾ ਕਾਰੈ। ਰਹਿੰਦੀ 'ਬਖ਼ੂਦੀ' ਦੂਰ ਨੇੜੇ ਸ਼ਰੀਕਾਂ ਤੁੰਬ ਦਿੱਤੀ, ਜਿਨ੍ਹਾਂ ਨੂੰ ਬੀਰ੍ਹਿਆਂ ਦਾ ਘਰ ਵੱਸਣ ਉਤੇ ਸਿਆੜ ਹਿੱਸੇ ਆਉਂਦੇ ਆਉਂਦੇ ਰਹਿ ਗਏ ਸਨ। ਪਰ ਇਸ ਭਾਂਤੋ ਭਾਂਤ ਦੰਤ-ਕਥਾ ਵਿਚ ਚੰਦ ਕੁਰ ਉਨ੍ਹਾਂ ਦੀ ਜਾੜ੍ਹ ਹੇਠ ਆ ਗਈ ਅਤੇ ਗੱਲ ਚੰਦ ਕੁਰ ਦੀ ਇੱਜ਼ਤ ਲਾਹੁਣ

ਉਤੇ ਜਾ ਮੁੱਕੀ।

ਤਦ ਤੋਂ ਕਹਿੰਦੇ, ਵਿਚਾਰੀ ਦਾ 'ਦਮਾਕ' ਹਿੱਲ ਗਿਐ। ਕੁਝ ਚਿਰ ਪਿੰਡ ਦੀਆਂ ਗਲੀਆਂ ਵਿਚ ਰੁਲਦੀ ਫਿਰੀ। ਫਿਰ ਗੁਰਦੁਆਰੇ ਜਾ ਬੈਠੀ। ਓੜਕ ਤਕੀਆ ਮੱਲ ਲਿਆ। ਹੁਣ, ਜਾਂ ਤਕੀਆ ਐ, ਜਾਂ ਚੰਦ ਕੁਰ ਐ। ਜੀਅ ਕੀਤਾ ਕਿਸੇ ਨਾਲ ਬੋਲ ਪਈ, ਜੀਅ ਕੀਤਾ ਵਿਹਰ ਗਈ। ਜਿਧਰ ਜੀਅ ਕੀਤਾ, ਝਾਕੀ ਜਾਂਦੀ, ਅਪਲਕ। ਬਿਲਕੁਲ ਕਮਲਿਆਂ ਵਾਂਗ। ਨੰਨ੍ਹਾ ਨਾਥ ਡਰ ਜਾਂਦਾ। ਅੱਧੀ ਰਾਤ ਹਲਟੀ ਉਤੇ ਨ੍ਹਾਉਣ ਖੜ੍ਹ ਜਾਂਦੀ। ਅਲਫ਼। ਨੰਨ੍ਹਾ ਨਾਥ ਦੀਆਂ ਪਾਤਲੀਆਂ ਸੇਕ ਮਾਰਨ ਲੱਗਦੀਆਂ। ਉਹਨੂੰ ਗੁਲਜ਼ਾਰੋ ਯਾਦ ਆਉਂਦੀ। ਘਰ ਅਤੇ ਪੁੱਤ ਯਾਦ ਆਉਂਦੇ। ਅੰਦਰੋਂ ਹੂਕ ਉਠਦੀ। ਰਹਿੰਦੀ ਰਾਤ ਰੀਣ ਰੀਣ ਕਰਕੇ ਅੱਖਾਂ ਵਿਚੋਂ ਟੁੱਟਣ ਲੱਗਦੀ। ਕਦੇ ਲੱਗਦਾ, ਉਹ ਕੋਈ ਮਾਰੂ ਸਰਾਪ ਭੋਗ ਰਿਹਾ ਸੀ। ਕਦੇ ਜਾਪਦਾ, ਥੋਥੀ ਮਰਯਾਦਾ ਦੇ ਘੁੱਪ ਹਨੇਰੇ ਵਿਚ ਉਹ ਇਵੇਂ ਹੀ ਇਕ ਦਿਨ ਗੁਆਚ ਜਾਵੇਗਾ।...

ਹੇਠ ਉੱਤੇ ਵਾਪਰੀਆਂ ਘਟਨਾਵਾਂ ਨੇ ਤਾਂ ਇਹ ਵਿਸ਼ਵਾਸ ਹੋਰ ਪੱਕਾ ਕਰ ਦਿੱਤਾ ਸੀ। ਚਿਰਾਂ ਤੋਂ ਤਕੀਏ ਉਤੇ ਲੂਣ ਅਤੇ ਬਹੁਕਰਾਂ ਦਾ ਚੜ੍ਹਾਵਾ ਚੜ੍ਹਦਾ ਸੀ। ਨਾਥ ਹੋਣ ਕਾਰਨ ਨੰਨ੍ਹਾ ਨਾਥ ਨੇ ਤਕੀਏ ਨੇੜੇ ਮੰਦਰ ਦੀ ਚੁਖੰਡੀ ਵੀ ਉਸਾਰੀ ਸੀ। ਤਕੀਏ ਅਤੇ ਮੰਦਰ ਦੋਹਾਂ ਦੀ ਉਹ ਧੂਫ਼ ਬੱਤੀ ਕਰਦਾ। ਇਉਂ ਤਕੀਏ ਉਤੇ ਕੁੱਕੜ, ਮੀਢੇ ਚੜ੍ਹਦੇ ਅਤੇ ਮੰਦਰ ਉਤੇ ਦਾਣਾ ਫੱਕਾ। ਨੰਨ੍ਹਾ ਨਾਥ ਲਈ ਤਾਂ ਮਾਸਾਹਾਰੀ ਭੋਜਨ ਵੀ ਵਰਜਿਤ ਸੀ। ਪਰ ਇਕ ਰਾਤ ਤਕੀਏ ਦੇ ਬਾਹਰ ਕੋਈ ਸ਼ਰਧਾਲੂ ਘੋੜੀ ਦਾ ਵਛੇਰਾ ਬੰਨ੍ਹ ਗਿਆ।

ਵਰ੍ਹਿਆਂ ਤੋਂ ਨੰਨ੍ਹਾ ਨਾਥ ਅਟੰਕ ਰਿਹਾ ਸੀ। ਗੁਲਜ਼ਾਰੋ ਦੇ ਚਲੇ ਜਾਣ ਨੇ ਉਹਦਾ ਅੰਦਰ ਬਾਹਰ ਇਕੱਲ ਨਾਲ ਭਰ ਦਿੱਤਾ ਸੀ। ਵਾਹ ਲਗਦੀ ਉਹ ਕਦੇ ਸੜਕ ਵੱਲ ਵੀ ਨਹੀਂ ਸੀ ਝਾਕਿਆ। ਮੱਥੇ ਵਿਚ ਉਠਦੀ ਹਰ ਤਰੰਗ ਨੂੰ ਉਹਨੇ ਬੇ-ਕਿਰਕੀ ਨਾਲ ਧੂਣੇ ਵਿਚ ਝੋਕ ਦਿੱਤਾ ਸੀ। ਜਿਵੇਂ ਅੰਦਰਲੇ ਨੈਣੂ ਨੂੰ ਵੀ ਸਿਵੇ ਵਿਚ ਝੋਕ ਦਿੱਤਾ ਹੋਵੇ। ਇਸ ਲਈ ਨਹੀਂ ਕਿ ਕਿਸੇ ਮੁਕਤੀ ਲਈ ਜੂਝ ਰਿਹਾ ਸੀ, ਸਗੋਂ ਇਸ ਲਈ ਕਿ ਕਿਸੇ ਨਿੱਕੀ ਜਿਹੀ ਤ੍ਰਿਸ਼ਨਾ ਬਦਲੇ ਹੀ ਉਹਦੇ 'ਮਨ' ਅਤੇ 'ਤਨ' ਦਾ ਆਸਣ ਡੋਲਣ ਲੱਗਦਾ ਸੀ।

ਪਰ ਵਛੇਰਾ ਨੰਨ੍ਹਾ ਨਾਥ ਨਹੀਂ ਸੀ ਕਿ ਉਹਨੂੰ ਉਹ ਜਿਵੇਂ ਜੀਅ ਚਾਹੁੰਦਾ, ਹਟਕ ਲੈਂਦਾ। ਜਿਉਂ ਹੀ ਕੋਈ ਘੋੜੀ ਤਾਂਗਾ ਸੜਕ ਤੋਂ ਲੰਘਣ ਲੱਗਦਾ, ਵਛੇਰਾ ਕੰਨ ਚੁੱਕ ਲੈਂਦਾ। ਹਵਾ ਸੁੰਘਣ ਲੱਗਦਾ। ਪੌੜ ਪਟਕਦਾ, ਪੈਂਖੜ ਖਿੱਚਦਾ ਅਤੇ ਉਹਦੇ ਪਿੰਡੇ ਦੀਆਂ ਕਾਮ ਉਕਸਾਊ ਕੰਬਣੀਆਂ ਜਿਵੇਂ ਸਹਿਵਾਸੀ ਥਿਰਕਣ ਨਾਲ ਉੱਠਦੀਆਂ।

ਅਜਿਹੇ ਕਿਸੇ ਸਮੇਂ ਪੌੜ ਨੰਨ੍ਹਾ ਨਾਥ ਦੀ ਹਿੱਕ ਉਤੇ ਵੱਜਣ ਲਗਦੇ। ਕੰਬਣੀਆਂ ਨੰਨ੍ਹਾ ਨਾਥ ਦੇ ਵਜੂਦ ਵਿਚੋਂ ਲੰਘਦੀਆਂ ਮੱਥੇ ਵਿਚ ਡੁੱਬਣ ਲੱਗਦੀਆਂ। ਨੰਨ੍ਹਾ ਨਾਥ ਲਈ ਸਭ ਕੁਝ ਅਸਹਿ ਹੋ ਉੱਠਦਾ। ਕਦੇ ਚਿੱਤ ਵਿਚ ਆਉਂਦੀ, ਚੜ੍ਹਾਵੇ ਦੀਆਂ ਦੂਜੀਆਂ ਵਸਤਾਂ ਵਾਂਗ ਵਛੇਰੇ ਨੂੰ ਵੀ ਕਿਸੇ ਕੋਲ ਵੇਚ ਦੇਵੇ। ਪਰ ਹੀਆ ਨਾ ਪੈਂਦਾ।



ਨੰਨ੍ਹਾ ਨਾਥ ਲਈ ਕਿਸੇ ਵੀ ਵਸਤੂ ਨਾਲ ਮੋਹ ਵਰਜਿਤ ਸੀ। ਪਰ ਵਛੇਰੇ ਵੱਲ ਵੇਖਦਿਆਂ ਉਹ ਹੋਰ ਦਾ ਹੋਰ ਹੀ ਸੋਚਣ ਲੱਗ ਜਾਂਦਾ। ਸਿਮਰਨ ਉਤੇ ਬੈਠਦਾ ਤਾਂ ਕੰਨਾਂ ਵਿਚ ਅਨਹਦ ਸ਼ਬਦ ਦੀ ਧੁਨਕਾਰ ਦੀ ਥਾਵੇਂ ਵਛੇਰੇ ਦੀ ਹਿਣਹਿਣਾਹਟ ਗੂੰਜਣ ਲੱਗਦੀ। ਉਹ ਸੋਚਦਾ, ਵਛੇਰੇ ਨੂੰ ਤਾਂ ਛੰਨ ਥੱਲਿਉਂ ਸੜਕ ਵੀ ਨਹੀਂ ਸੀ ਦਿਸਦੀ; ਫਿਰ ਵੀ ਉਹ ਸੜਕ ਤੋਂ ਲੰਘਦੇ ਕਿਸੇ ਘੋੜੀ ਤਾਂਗੇ ਬਾਰੇ ਜਾਣ ਜਾਂਦਾ ਸੀ। ਪਰ ਨੰਨ੍ਹਾ ਨਾਥ ਨੂੰ ਤਾਂ ਕਿੰਨਾ ਕੁਝ ਦਿੱਸਣ ਉਤੇ ਵੀ ਕੁਝ ਨਹੀਂ ਸੀ ਦਿੱਸਦਾ। ਫਿਰ ਉਹ ਦੁਖੀ ਹੁੰਦਾ ਸੋਚਦਾ, ਗੁਲਜ਼ਾਰੋ ਨੂੰ ਭੁੱਲਣ ਦੇ ਯਤਨਾਂ ਵਿਚ ਉਹ ਕਿੰਨਾ ਕੁਝ ਸੀ ਜੋ ਭੁਲਦਾ ਚਲਿਆ ਗਿਆ। ਇਸੇ ਲਈ ਉਹਦੀਆਂ ਉਚਾਟ ਅੱਖਾਂ ਅਕਾਰਥ ਹੀ ਕੁਝ ਕੁਝ ਭਾਲਦੀਆਂ ਰਹਿੰਦੀਆਂ। ਬਹੁਤੀ ਵੇਰੀਂ ਉਹਨੂੰ ਪਤਾ ਹੀ ਨਾ ਲਗਦਾ, ਇਸ ਅੰਨ੍ਹੀ ਭਟਕਣ ਵਿਚ ਉਹਦੀ ਭਾਲ ਕੀ ਸੀ? ਮੁਕਤੀ... ਸ਼ਾਂਤੀ... ਚੰਦ ਕੁ... ਜਾਂ ਗੁਲਜ਼ਾਰੋ?

ਪਰ ਚੰਦ ਕੁਰ ਤਾਂ ਅਚਾਨਕ ਇਕ ਦਿਨ ਛਪਣ ਹੀ ਹੋ ਗਈ ਸੀ। ਕਿਸੇ ਨੇ ਉਸ ਨੂੰ ਗੁਰਦੁਆਰੇ ਦੇ ਹਾਤੇ ਵਿਚ ਘੜੀ ਦੀ ਘੜੀ ਲਈ ਦੇਖਿਆ ਸੀ ਤੇ ਬਸ! ਫਿਰ ਪਤਾ ਹੀ ਨਾ ਲੱਗਿਆ, ਕਿਧਰ ਗਈ। ਪੈਰੀਂ ਮਰਯਾਦਾ ਦੇ ਸੰਗਲ ਨਾ ਬੱਝੇ ਹੁੰਦੇ ਤਾਂ ਨੰਨ੍ਹਾ ਨਾਥ ਆਪੂੰ ਲੱਭਣ ਤੁਰ ਪੈਂਦਾ। ਪਰ ਉਹਦਾ ਮੋਹ ਤਾਂ ਜੱਗ ਦੀ ਕਿਸੇ ਵੀ ਵਸਤੂ ਲਈ ਵਰਜਿਤ ਸੀ।

ਚੰਦ ਕੁਰ ਦੀ ਡੇਰੇ ਵਿਚ ਹੋਂਦ ਨੰਨ੍ਹਾ ਨਾਥ ਨੂੰ ਕਦੀ ਵੀ ਨਹੀਂ ਸੀ ਭਾਈ। ਪਰ ਉਹਦੇ ਚਲੇ ਜਾਣ ਨੇ ਡੇਰਾ ਮਾਰੂ ਉਦਾਸੀ ਨਾਲ ਭਰ ਦਿੱਤਾ। ਨੰਨ੍ਹਾ ਨਾਥ ਨੂੰ ਪਹਿਲੀ ਵੇਰੀ ਅਹਿਸਾਸ ਹੋਇਆ, ਸ਼ਰਧਾਲੂਆਂ ਦੀ ਸ਼ੋਰੀਲੀ ਭੀੜ ਵਿਚ ਉਹ ਕਿੰਨਾ ਇਕੱਲਾ ਸੀ।...

ਤੀਜੇ ਦਿਨ ਚੰਦ ਕੁਰ ਪਰਤੀ ਤਾਂ ਹਰ ਕੋਈ ਦੰਗ ਰਹਿ ਗਿਆ।

ਸਿਰ ਉਤੇ ਜੂੜਾ, ਗਲ ਗਾਤਰਾ, ਚਿਹਰੇ ਉਤੇ ਲਾਲੀ ਅਤੇ ਮੂੰਹ ਵਿਚ ਬੋਲੇ ਸੋ ਨਿਹਾਲ। ਉਹ ਖੰਡੇ ਬਾਟੇ ਦੀ ਪਹੁਲ ਲੈ ਕੇ ਮੁੜੀ ਸੀ। ਵੀਣੀਆਂ ਵਿਚ ਕੜੇ ਛਣਕੇ, ਅੱਖਾਂ ਵਿਚੋਂ ਰੋਹ ਉਠਿਆ। ਨੰਨ੍ਹਾ ਨਾਥ ਹੈਰਾਨੀ ਨਾਲ ਝਾਕਿਆ। ਪਿੰਡ ਸਾਹ ਰੋਕ ਕੇ ਸੋਚਣ ਲੱਗਿਆ।

ਤੀਜੇ ਦਿਨ ਹਜ਼ੂਰਾ ਸਿਹੁੰ ਬ੍ਰੀਕੇ ਦਾ ਕਤਲ ਹੋ ਗਿਆ।

ਕਹਿੰਦੇ ਅੱਧੀ ਰਾਤ ਪਿੰਡ ਵਿਚ ਕੋਈ ਹਨੇਰੀ ਝੁੱਲੀ ਅਤੇ ਘਰ ਦੇ ਐਨ ਸਿਖਰਲੇ ਚੁਬਾਰੇ ਉੱਤੇ ਘੂਕ ਸੁੱਤੇ ਹਜ਼ੂਰਾ ਸਿਹੁੰ ਬ੍ਰੀਕੇ ਦੀਆਂ ਆਂਦਰਾਂ ਕਿਸੇ ਨੇ ਰੀਣ ਰੀਣ ਕਰ ਕੇ ਕੁਤਰ ਦਿੱਤੀਆਂ। ਸਵੇਰੇ ਪਿੰਡ ਨੇ ਲਾਸ਼ ਐਨ ਉਸੇ ਥਾਂ ਪਈ ਦੇਖੀ, ਜਿਥੇ ਕਦੇ ਚੰਦ ਕੁਰ ਨੂੰ ਬੇਇੱਜ਼ਤ ਕੀਤਾ ਗਿਆ ਸੀ।

ਕੋਈ ਇਤਨੇ ਨਿਰਦਈ ਢੰਗ ਨਾਲ ਬਦਲਾ ਲੈ ਸਕਦਾ ਸੀ, ਇਹ ਗੱਲ ਤਾਂ ਸਭ ਦੇ ਸਮਝ ਵਿਚ ਆਉਂਦੀ ਸੀ, ਪਰ ਚੁਬਾਰਿਉਂ ਲਾਸ਼ ਚੁੱਕ ਕੇ ਪਿੰਡ ਦੀ ਸੱਥ ਵਿਚ

ਲਿਆ ਸਿਟਣੀ, ਚੰਦ ਕੁਰ ਜਿਹੀ 'ਤੀਮੀ ਮਾਨੀ' ਦੇ ਵੱਸ ਵਿਚ ਨਹੀਂ ਸੀ। ਸੋਚਦਿਆਂ, ਲੋਕਾਂ ਸਿਰ ਦੀਆਂ ਠੀਕਰੀਆਂ ਭੰਨ ਲਈਆਂ। ਪਰ ਇਕ ਗੱਲ ਸਭ ਨੂੰ ਪੱਕ ਹੋ ਗਈ। ਚੰਦ ਕੁਰ ਪਾਗਲ ਨਹੀਂ ਸੀ ਅਤੇ ਉਹ ਤੀਵੀਂ ਦੇ ਰੂਪ ਵਿਚ ਕੋਈ ਭਿਆਣਕ ਹੋਣੀ ਸੀ।...

ਨੰਨ੍ਹਾ ਨਾਥ ਨੇ ਖ਼ੁਦ ਦੇਖਿਆ। ਚੰਦ ਕੁਰ ਹੁਣ ਚੰਦ ਕੁਰ ਨਹੀਂ ਸੀ ਰਹੀ। ਪੀਰ ਦੀ ਕਬਰ ਤੋਂ ਚੜ੍ਹਾਵੇ ਦਾ ਪਰਸ਼ਾਦ ਹੀ ਖਾ ਜਾਂਦੀ। ਉੱਚੀ ਜੈਕਾਰਾ ਛੱਡ, ਕਿਸੇ ਤੁਰੇ ਜਾਂਦੇ ਬੰਦੇ ਦੇ ਅਚਨਚੇਤ ਮੂਹਰੇ ਜਾ ਖੜ੍ਹਦੀ।

"ਖ਼ਬਰਦਾਰ! ਚੀਰ ਕੇ ਰਖ ਦੂੰ...!" ਤੇ ਉਹ ਗਾਤਰੇ ਸਣੇ ਕਿਰਪਾਨ ਸੱਜੀ ਮੁੱਠੀ ਵਿਚ ਘੁੱਟਦੀ, ਐਨ ਨੱਕ ਦੀ ਘੋੜੀ ਅੱਗੇ ਕਰ ਲੈਂਦੀ ਅਤੇ ਚੀਕਦੀ, "ਦਿਸਦੀ ਐ ਸ਼ਮਸ਼ੀਰ?"

ਕਦੇ ਰਾਹ ਵਿਚ ਮਿੱਟੀ ਦੀ ਢੇਰੀ 'ਕੱਠੀ ਕਰ ਕੇ ਲੰਘਣ ਵਾਲੇ ਦਾ ਰਾਹ ਰੋਕ ਦਿੰਦੀ, "ਖ਼ਬਰਦਾਰ! ਥੱਲੇ ਮਰੀ ਪਈ ਕੰਜਕ ਦੀ ਕਬਰ ਨੀ ਦੀਂਹਦੀ?"

ਚੰਦ ਕੁਰ ਦੇ ਇਸ ਬਦਲਾਓ ਨੇ ਪਿੰਡ ਵਾਂਗ ਹੀ ਨੰਨ੍ਹਾ ਨਾਥ ਨੂੰ ਵੀ ਝੰਜੋੜ ਕੇ ਰੱਖ ਦਿੱਤਾ ਸੀ। ਰਹਿ ਰਹਿ ਕੇ ਉਹਦੇ ਕੰਨਾਂ ਵਿਚ ਚੰਦ ਕੁਰ ਦੀ ਗੜ੍ਹਕਵੀਂ ਆਵਾਜ਼ ਗੂੰਜਣ ਲੱਗਦੀ। ਉਹ ਉੱਖੜ ਕੇ ਸੋਚਦਾ, ਕੀ ਇਹ ਉਹੋ ਚੰਦ ਕੁਰ ਸੀ ਜੀਹਦੇ ਮੂੰਹ ਵਿਚ ਬੋਲ ਹੀ ਨਹੀਂ ਸੀ। ਆਖ਼ਰ ਇਹ ਬਦਲਾਓ ਕਿਉਂ ਅਤੇ ਕਿਵੇਂ ਸੀ? ਪਰ ਨੰਨ੍ਹਾ ਨਾਥ ਨੂੰ ਸਮਝ ਨਾ ਲੱਗਦੀ ਤਾਂ ਉਹਦਾ ਮੱਥਾ ਧਨੁਸ਼ ਵਾਂਗ ਤਣ ਜਾਂਦਾ। ਉਹਦੇ ਸਾਹ ਉਖੜਨ ਲੱਗਦੇ ਅਤੇ ਉਹ ਆਪਣੇ ਆਪ ਉੱਤੇ ਪਛਤਾਵੇ ਨਾਲ ਭਰ ਜਾਂਦਾ।

ਫਿਰ ਨੰਨ੍ਹਾ ਨਾਥ ਨੇ ਪਿੰਡ ਵਿਚੋਂ ਉੱਡੀਆਂ ਅਵਾਈਆਂ ਵੀ ਸੁਣੀਆਂ।

ਅਖੇ ਚੰਦ ਕੁਰ ਬਰੂਦ ਦੀ ਢੇਰੀ ਉੱਤੇ ਜਾ ਬੈਠੀ ਐ। ਕੋਈ ਕਹਿੰਦਾ, ਖ਼ਤਰਨਾਕ ਬੰਦਿਆਂ ਦੇ ਹੱਥੇ ਜਾ ਚੜ੍ਹੀ। ਬਹੁਤਿਆਂ ਕਿਹਾ, ਖੰਡੇ ਦੀ ਪਹੁਲ ਕੋਈ ਖਾਲਾ ਜੀ ਦਾ ਵਾੜੈ... ਚਿੜੀਆਂ ਤੋਂ ਬਾਜ ਟੁਟਦੇ ਐ।...

ਪਰ ਪਤਾ ਨਹੀਂ ਕਿਉਂ, ਨੰਨ੍ਹਾ ਨਾਥ ਨੂੰ ਚੰਦ ਕੁਰ ਦੇ ਚਿਹਰੇ ਉੱਤੇ ਇਕ ਅਜੀਬ ਕਿਸਮ ਦੀ ਕਠੋਰਤਾ ਪੱਸਰ ਗਈ ਦਿਸਦੀ। ਅੱਖਾਂ ਵਿਚ ਰੋਹ ਖੌਰੂ ਪਾਉਂਦਾ ਦਿੱਸਦਾ। ਉਹਨੂੰ ਚੰਦ ਕੁਰ ਉੱਤੇ ਰਸ਼ਕ ਆਉਂਦਾ। ਮੱਥਿਉਂ ਇਕ ਟੀਸ ਉਠਦੀ, ਕਾਸ਼! ਚੰਦ ਕੁਰ ਦੀ ਥਾਵੇਂ ਉਹ ਆਪ ਹੁੰਦਾ ਅਤੇ ਉਹਦੇ ਸਾਹਮਣੇ ਬੁੜਾ ਕਲਾਲ...।

ਪਰ ਬੁੜੇ ਕਲਾਲ ਨਾਲ ਤਾਂ 'ਨੈਣੂ' ਦਾ ਵੈਰ ਸੀ। ਨੈਣੂ ਜੋ ਖ਼ਬਰੈ ਕਦੋਂ ਦਾ ਮਰ ਚੁੱਕਿਆ ਸੀ। ਮਰ ਚੁੱਕਿਆ ਸੀ ਤਾਂ ਗੁਲਜ਼ਾਰੋ ਉਹਦੇ ਜ਼ਿਹਨ ਵਿਚ ਕਿਉਂ ਬੈਠੀ ਸੀ? ਕਿਉਂ ਉਹਦੇ ਨਕਸ਼ ਚੰਦ ਕੁਰ ਦੇ ਨਕਸ਼ਾਂ ਵਿਚ ਘੁਲਦੇ ਨਿੰਤਰਦੇ ਸਨ?

ਪਿਛਲੀ ਰਾਤ ਤਾਂ ਹੱਦ ਹੀ ਹੋ ਗਈ।

ਅੱਧੀ ਰਾਤ ਅੱਗੇ, ਅੱਧੀ ਪਿੱਛੇ। ਕਿਸੇ ਗੈਬੀ ਸ਼ਕਤੀ ਵਾਂਗ ਚੰਦ ਕੁਰ ਪ੍ਰਗਟ ਹੋਈ



ਸੀ ਅਤੇ ਧੂਣੇ ਦੇ ਐਨ ਲਾਗੇ ਆ ਕੇ ਬੈਠ ਗਈ ਸੀ। ਸਾਉਆਂ ਵਾਂਗ।

ਨੰਨ੍ਹਾ ਸਾਬ ਨੇ ਸ਼ੁਕਰ ਕੀਤਾ, ਚੰਦ ਕੁਰ ਖ਼ਾਲੀ ਹੱਥੀਂ ਸੀ। ਉਸੇ ਪਲ ਨੰਨ੍ਹਾ ਨਾਥ ਦੇ ਕੰਨ ਨੂੰ ਅੰਗਿਆਰ ਵਰਗਾ ਕੁਝ ਛੋਹਿਆ। ਇਕ ਝ੍ਰਾਟ ਸਿਰ ਵੱਲ ਨੂੰ ਵਧੀ। ਕੂਹਣੀ ਉੱਤੇ ਕੁਝ ਕਤਰੇ ਲਹੂ ਦੇ ਡਿੱਗੇ। ਨੰਨ੍ਹਾ ਨਾਥ ਨੂੰ ਬਿਨਾਂ ਸ਼ੱਕ ਯਕੀਨ ਹੋਇਆ ਕਿ ਉਹਦੇ ਕੰਨ ਵਿਚੋਂ ਮੁੰਦਰਾ ਧੂਹਿਆ ਗਿਆ ਸੀ।

ਉਹਨੇ ਕ੍ਰੋਧ ਮਾਰਨੀ ਚਾਹੀ, ਪਰ ਉਹ ਜੜ੍ਹ ਹੀ ਹੋ ਗਿਆ। ਉਹਦਾ ਦਿਲ ਬੈਠਣ ਲੱਗਿਆ।

ਨੰਨ੍ਹਾ ਨਾਥ ਨੇ ਆਪਣੀ ਦੇਹ ਵਿਚ ਸੱਤਿਆ ਇਕੱਠੀ ਕਰਨ ਦਾ ਯਤਨ ਕੀਤਾ। ਪਰ ਵਿਅਰਥ। ਉਹਨੇ ਆਪਣੇ ਅੰਦਰ ਕੁਝ ਫੱਕ ਕਰ ਕੇ ਬੁਝਦਾ ਮਹਿਸੂਸ ਕੀਤਾ ਅਤੇ ਗੱਚ ਭਰ ਲਿਆ।

"ਦੇਖ ਜੀ! ਤੂੰ ਘਰੇ ਭਗ ਜਾਹ ਆਪਦੇ... ਬਸ...!" ਜਿਵੇਂ ਕੋਈ ਬਹੁਤ ਦੂਰੋਂ ਬੋਲਿਆ ਹੋਵੇ ਸਾਹਮਣੇ ਚੰਦ ਕੁ ਸੀ।

ਨੰਨ੍ਹਾ ਨਾਥ ਸੁੰਨ ਰਹਿ ਗਿਆ।

ਵੱਢੂ ਤਾਂ ਜਿਵੇਂ ਲਹੂ ਹੀ ਨਹੀਂ ਸੀ। ਚੰਦ ਕੁਰ ਉਹਨੂੰ ਕੀ ਆਖ ਰਹੀ ਸੀ?

ਬਿਨਾਂ ਕਿਸੇ ਦੁਬਿਧਾ ਉਹਨੂੰ ਚੰਦ ਕੁਰ ਵਿਚੋਂ ਗੁਲਜ਼ਾਰੋ ਦਾ ਝਾਉਲਾ ਪਿਆ। ਇਕ ਪਲ ਨੰਨ੍ਹਾ ਨਾਥ ਡੋਲਿਆ। ਪਰ ਸੰਭਲ ਗਿਆ। ਕੰਨ ਵਿਚੋਂ ਧੂਹੇ ਮੁੰਦਰੇ ਦੀ ਪੀੜ ਹੋਈ।

ਕਾਹਲੀ ਨਾਲ ਉਠਦੀ ਚੰਦ ਕੁਰ ਪਰ੍ਹੇ ਕੋਂਢੂ ਥੱਲੇ ਜਾ ਖੜ੍ਹੀ।

ਨੰਨ੍ਹਾ ਨਾਥ ਦੇਖਦਾ ਹੀ ਰਹਿ ਗਿਆ। ਕੋਂਢੂ ਥੱਲਿਉਂ ਅਚਾਨਕ ਹਟਕੋਰਾ ਸੁਣਿਆ।

ਹਨੇਰੇ ਦੀਆਂ ਸੰਘਣੀਆਂ ਪਰਤਾਂ ਨੰਨ੍ਹਾ ਨਾਥ ਦੇ ਜ਼ਿਹਨ ਵੱਲ ਵਧੀਆਂ। ਇਸ ਇਕ ਪਲ ਵਿਚ ਚੰਦ ਕੁਰ ਅਤੇ ਗੁਲਜ਼ਾਰੋ ਇਸ ਕਦਰ ਰਲ ਗੱਡ ਹੋ ਗਈਆਂ ਕਿ ਬਾਹਰ ਦਾ ਸਾਰਾ ਹਨੇਰਾ ਹੀ ਨੰਨ੍ਹਾ ਨਾਥ ਦੇ ਮੱਥੇ ਵਿਚ ਸਿਮਟ ਗਿਆ। ਉਸ ਰਾਤ ਨਾ ਉਹ ਸੌਂ ਸਕਿਆ, ਨਾ ਜਾਗ ਸਕਿਆ।

ਸਵੇਰ ਉਸ ਲਈ ਸੁਭਾਵਿਕ ਨਹੀਂ ਸੀ ਚੜ੍ਹੀ। ਨਾ ਉਸ ਨੇ ਅੰਨ ਮੂੰਹ ਲਾਇਆ, ਨਾ ਭਜਨ ਸਿਮਰਨ ਵਿਚ ਮਨ ਟਿਕਿਆ। ਸ਼ਰਧਾਲੂਆਂ ਵੱਲ ਵੀ ਨਾ ਝਾਕਿਆ। ਚੰਦ ਕੁਰ ਦੇ ਇਕੋ ਬੋਲ ਨੇ ਉਹਦੇ ਸਾਹਮਣੇ ਚਿਰਾਂ ਦੇ ਮਰ ਗਏ ਨੈਣੂ ਨੂੰ ਸਾਖਸ਼ਾਤ ਲਿਆ ਖੜ੍ਹਾ ਕੀਤਾ ਸੀ। ਆਪਣੇ ਚੁਫ਼ੇਰੇ ਜਿਹੜੀ ਚੁੱਪ ਦੀ ਬੱਜਰ ਕੰਧ ਉਹ ਉਸਾਰੀ ਬੈਠਾ ਸੀ, ਚੰਦ ਕੁਰ ਦੇ ਇਕੋ ਬੋਲ ਨਾਲ ਢਹਿ ਢੇਰੀ ਹੋ ਗਈ ਸੀ। ਤੇ ਹੁਣ ਉਹ ਨਿਪੱਤਰੇ ਰੁੱਖ ਦੀ ਰੂਹ ਵਾਂਗ ਸਾਹ ਸਤਹੀਣ ਖੜ੍ਹਾ ਸੀ।

ਇਹ ਖ਼ਬਰੇ ਗੁਲਜ਼ਾਰੋ ਦਾ ਹੀ ਸਰਾਪ ਸੀ ਜਾਂ ਨੈਣੂ ਦਾ। ਚੰਦ ਕੁਰ ਨੇ ਘਰ ਦੀ

ਮਿੱਟੀ ਉਹਦੀਆਂ ਅੱਖਾਂ ਵਿਚ ਭੁੱਕ ਕੇ ਜਿਵੇਂ ਜਨਮਾਂ ਦਾ ਬਦਲਾ ਲਿਆ ਸੀ।

ਘਰ... ਜਿਥੇ ਉਹਦਾ ਪਿਉ ਸੀ... ਭੈਣਾਂ ਸਨ... ਗੁਲਜ਼ਾਰੋ ਸੀ... ਤੇ ਉਹਦਾ ਪੁੱਤ...। ਪਰ ਉਹ ਆਪ ਕਿੱਥੇ ਸੀ ? ਫਿਰ ਖ਼ਬਰੇ ਕਿਉਂ ਕਈਆਂ ਦਿਨਾਂ ਤੋਂ ਉਹਨੂੰ ਯਕੀਨ ਹੁੰਦਾ ਚਲਿਆ ਗਿਆ ਸੀ, ਜਿਵੇਂ ਉਹਦਾ ਆਪਣੇ ਆਪ ਛੰਨ ਥੱਲੇ ਬੱਧੇ ਵਛੇਰੇ ਵਿਚ ਕਿਧਰੇ ਭਟਕ ਰਿਹਾ ਸੀ।

ਇਸੇ ਲਈ ਤਾਂ ਕੱਲ੍ਹ ਸ਼ਹਿਰੀ ਕੁੜੀਆਂ ਦੇ ਜੋਬਨ ਹੇਠੋਂ ਉਹਦੇ ਪਿੰਡਿਉਂ ਕੰਬਣੀਆਂ ਉੱਠੀਆਂ ਸਨ, ਜਿਵੇਂ ਵਛੇਰੇ ਦੇ ਪਿੰਡਿਉਂ ਉੱਠਦੀਆਂ ਸਨ। ਤਦੇ ਹੀ ਤਾਂ ਉਸ ਵਛੇਰੇ ਨੂੰ ਕੁੱਟ ਕੁੱਟ ਲਾਸਾਂ ਪਾ ਦਿੱਤੀਆਂ ਸਨ। ਤੇ ਫਿਰ ਸਾਰਾ ਦਿਨ ਉਹਦੇ ਆਪਣੇ ਅੰਗ ਅੰਗ ਵਿਚੋਂ ਵਛੇਰੇ ਦੀ ਕੁੱਟ ਪੀੜ ਬਣ ਕੇ ਚਸਕਦੀ ਰਹੀ ਸੀ।

ਤਦ ਤੋਂ ਹੁਣ ਤਕ ਉਹ ਇਸੇ ਪੀੜ ਵਿਚੋਂ ਹੀ ਚੰਦ ਕੁਰ ਨੂੰ ਘੂਰਦਾ ਰਿਹਾ ਸੀ। ਤਿਲ ਤਿਲ ਕਰ ਕੇ ਦਿਨ ਟੁੱਟਿਆ ਸੀ ਅਤੇ ਹੁਣ ਰਾਤ ਗੁਜ਼ਰ ਰਹੀ ਸੀ, ਬਿਲਕੁਲ ਸੂਲੀ ਵਾਂਗ। ਪਲ ਪਲ ਉਸ ਲਈ ਮਣਾਂ ਮੂੰਹੀਂ ਬੋਝਲ ਹੋ ਕੇ ਲੰਘਿਆ ਸੀ। ਸਾਹ ਸਾਹ ਉਸ ਲਈ ਅਸਹਿ ਹੁੰਦਾ ਚਲਿਆ ਗਿਆ ਸੀ।

ਉਸ ਦੀ ਬੇ ਵਾਹ ਹੋ ਗਈ ਤਾਂ ਨੰਨ੍ਹਾ ਨਾਥ ਧੂਣੇ ਤੋਂ ਉੱਠ ਖੜ੍ਹਿਆ। ਗੁੱਸੇ ਨਾਲ ਉਸ ਨੇ ਦੂਜਾ ਮੁੰਦਰਾ ਲਾਹ ਦੇਣ ਲਈ ਹੱਥ ਪਾਇਆ। ਪਰ ਪੀੜ ਹੋਈ। ਉਸ ਨੇ ਮਨ ਭਰ ਲਿਆ। ਕਰੋਧ ਨਾਲ ਉਸ ਨੇ ਕੱਚੀ ਅੱਟੀ ਵਿਚ ਪਰੁਤੀ ਮਣਕਿਆਂ ਦੀ ਮੋਟੀ ਮਾਲਾ ਇਕੋ ਝਟਕੇ ਨਾਲ ਤੋੜ ਕੇ ਧੂਣੇ ਵਿਚ ਵਗਾਹ ਮਾਰੀ। ਉਹ ਹੌਂਸਲੇ ਨਾਲ ਉਠਿਆ ਅਤੇ ਖੁੱਲ੍ਹੀਆਂ ਜਟਾਵਾਂ ਨੂੰ ਜੂੜੇ ਵਿਚ ਬੰਨ੍ਹਦਿਆਂ ਜਿਵੇਂ ਇਕੋ ਪਲ ਵਿਚ ਹੀ ਭਾਰ ਮੁਕਤ ਹੋ ਗਿਆ! ਅੰਦਰ ਅਥਾਹ ਬਲ ਮਹਿਸੂਸ ਹੋਇਆ। ਉਹਦਾ ਕਿਲਕਾਰੀ ਮਾਰਨ ਨੂੰ ਜੀਅ ਕੀਤਾ।

ਫਿਰ ਉਹ ਸਹਿਜੇ ਜਿਹੇ ਤੁਰਦਾ ਕੋਂਦੂ ਹੇਠ ਜਾ ਖਲੋਤਾ। ਠੰਢ ਨਾਲ ਕੁੰਗੜੀ ਚੰਦ ਕੁਰ ਨੂੰ ਇਕ ਟੱਕ ਨਿਹਾਰਿਆ। ਹਨੇਰਾ ਉਹਦੇ ਚੁਫੇਰੇ ਧੂੰਏਂ ਵਾਂਗ ਲਿਪਟਿਆ ਪਿਆ ਸੀ।

ਉਹਦਾ ਲਿੱਠ ਕੇ ਬਹਿ ਜਾਣ ਨੂੰ ਜੀਅ ਕੀਤਾ। ਪਰ ਉਹਦੇ ਅੰਦਰੋਂ ਇਕ ਉਬਾਲ ਉੱਠਿਆ ਅਤੇ ਉਹਨੇ ਬਿਨਾਂ ਇਕ ਪਲ ਉਡੀਕੇ ਆਪਣੇ ਉਪਰਲੀ ਲੋਈ ਸੁੱਤੀ ਪਈ ਚੰਦ ਕੁਰ ਦੇ ਦੁਆਲੇ ਕੁੰਜ ਦਿੱਤੀ। ਇਕਾ-ਇਕ ਉਹਨੇ ਮਹਿਸੂਸ ਕੀਤਾ, ਉਹਦੀ ਖੱਲ ਵਿਚ ਭੋਰਾ 'ਡਰ' ਨਹੀਂ ਸੀ।

ਉਹਨੇ ਬੜਾ ਹੀ ਸੁਖਾਵਾਂ ਸਾਹ ਲਿਆ ਅਤੇ ਛੰਨ ਵੱਲ ਮੁੜਿਆ। ਪਰ ਪਹਿਲਾ ਪੈਰ ਪੁਟਦਿਆਂ ਹੀ ਜਾਪਿਆ, ਜਿਵੇਂ ਧੂਣੇ ਦੀ ਸਾਰੀ ਅੱਗ ਸਾਰੇ ਡੇਰੇ ਵਿਚ ਖਿਲਰ ਗਈ ਹੋਵੇ ਤੇ ਉਹ ਸੜਦੇ ਪੈਰਾਂ ਥੱਲੇ ਮਾਣ ਮਰਯਾਦਾ ਅਤੇ ਦਿਗੰਬਰ ਨਾਥ ਨੂੰ ਮਿੱਧਦਾ ਸ਼ਾਨ ਨਾਲ ਲੰਘ ਰਿਹਾ ਹੋਵੇ।



ਅਗਲੇ ਪਲ ਉਹ ਵਛੇਰੇ ਦਾ ਪੈਂਖੜ ਖੋਲ੍ਹ ਰਿਹਾ ਸੀ!...

ਉਹ ਕਿਸੇ ਜੇਤੂ ਜਿਹੀ ਸ਼ਾਨ ਨਾਲ ਬਾਹਰ ਆਇਆ। ਜਿਉਂ ਹੀ ਉਹ ਕੋਂਦੂ ਵੱਲ ਪਰਤਿਆ, ਪੈਰੋਂ ਭੋਏਂ ਹੀ ਖਿਸਕ ਗਈ। ਚੰਦ ਕੁਰ ਕਿਤੇ ਨਹੀਂ ਸੀ!... ਧੂਣਾ... ਕੁਕੀਆ... ਚੁਖੰਡੀ... ਭੋਜਨ ਭੰਡਾਰ... ਅਤੇ ਝਿੜੀ... ਉਹ ਹਨੇਰੀ ਵਾਂਗ ਘੁੰਮ ਗਿਆ। ਚੰਦ ਕੁਰ ਕਿਤੇ ਨਹੀਂ ਸੀ!...

ਅਚਾਨਕ ਰੁੱਖਾਂ ਦੀ ਝਿੜੀ ਵਿਚ ਖੜਕਾ ਹੋਇਆ। ਉਸ ਨੇ ਨੀਝ ਨਾਲ ਦੇਖਿਆ। ਹਨੇਰੇ ਦੀਆਂ ਗਹਿਰੀਆਂ ਪਰਤਾਂ ਵਿਚ ਚਾਨਣ ਦੀਆਂ ਤਾਰਾਂ ਘੁਲ ਰਹੀਆਂ ਸਨ!...

ਰੁੱਖਾਂ ਦੀ ਸੰਘਣੀ ਝਿੜੀ ਵਿਚ ਵਛੇਰਾ ਬੇ-ਖ਼ੌਫ਼ ਚਰ ਰਿਹਾ ਸੀ!...

•

## ਪਿੰਜਰੇ

### ਲਿਜ਼ਾ

ਦੋਸਤਾਂ ਵਿਚ ਮੈਂ ਮਰਦਾਂ ਨੂੰ ਨੈਪਕਨ ਵਾਂਗ ਵਰਤ ਕੇ ਸੁੱਟ ਦੇਣ ਲਈ ਬਦਨਾਮ ਹਾਂ। ਸਭ ਕਹਿੰਦੇ ਮੈਂ ਸੈਕਸੀ ਹਾਂ। ਬਿਸਤਰੇ ਵਿਚ ਠੰਡੇ ਮਰਦ ਨੂੰ ਪਸੰਦ ਨਹੀਂ ਕਰਦੀ। ਰਿਸ਼ਤੇ ਮੇਰੇ ਲਈ ਬਕਵਾਸ ਹਨ। 'ਮਨੀ' ਅਤੇ 'ਮੈਨ' ਮੇਰੀ ਕਮਜ਼ੋਰੀ ਹਨ।; ਪਰ ਇਹ ਸੱਚ ਨਹੀਂ। ਕੁਝ ਚੀਜ਼ਾਂ ਮੇਰੀ ਉਮਰ ਅਤੇ ਲੋੜ ਲਈ ਜ਼ਰੂਰੀ ਹਨ। ਹਾਂ, ਮੈਂ ਕੁਝ-ਕੁਝ ਅਲੱਗ ਹਾਂ, ਇਹ ਸੱਚ ਹੈ। ਕਿਤਨੇਂ ਲੋਕ ਮੇਰੀ ਜ਼ਿੰਦਗੀ 'ਚ ਆਏ, ਪਤਾ ਨਹੀਂ। ਪਰ ਕੋਈ ਵੀ ਦਿਲ ਦੀਆਂ ਗਹਿਰਾਈਆਂ ਵਿਚ ਨਹੀਂ ਉਤਰਿਆ, ਇਹ ਭੁੱਲਦਾ ਨਹੀਂ। ਫਿਰ ਵੀ ਮੈਂ ਫਲਰਟ ਹਾਂ ਤਾਂ ਇਹ ਕਸੂਰ ਮੇਰੀ ਮਾਂ ਦਾ ਹੈ, ਜਿਸ ਨੇ ਮੇਰੇ ਬਾਲਗ ਹੋਣ ਤਕ ਤਿੰਨ ਮਰਦ ਬਦਲੇ, ਪਰ ਕਦੇ ਕਿਸੇ ਪਿਛਲੇ ਨੂੰ ਯਾਦ ਨਹੀਂ ਕੀਤਾ।...

ਪਰ ਜਿਸ ਦਿਨ ਮੈਂ ਬਾਲਗ ਹੋਈ, ਉਹਨੇਂ ਸਭ ਕੁਝ ਯਾਦ ਕਰ ਲਿਆ। ਇਕ ਨਿਊਡ ਫ਼ੋਟੋ ਸ਼ੈਸ਼ਨ ਤੋਂ ਮਿਲੇ ਪੈਸੇ ਅਤੇ ਜਿਊਲਰੀ ਵੇਚ ਕੇ ਉਹਨੇਂ ਦੋਸਤਾਂ ਨੂੰ ਇਕ ਰੇਸਤਰਾਂ 'ਚ ਵੱਡੀ ਪਾਰਟੀ ਕੀਤੀ। ਵਿਸਕੀ, ਸ਼ੈਂਪੇਨ, ਵੋਦਕਾ, ਵਾਈਨ ਅਤੇ ਬੀਅਰ ਦੀਆਂ ਚੁਸਕੀਆਂ ਤੋਂ ਬਾਅਦ ਡਾਂਸ ਫਲੋਰ 'ਤੇ ਸਭ ਥਿਰਕ ਰਹੇ ਸਨ। ਮਾਂ ਵੀ ਬੇ-ਹੱਦ ਖ਼ੁਸ਼; ਪਰ ਡਿਨਰ ਹਾਲੇ ਲੱਗ ਹੀ ਰਿਹਾ ਸੀ ਕਿ ਮਾਂ ਮੇਰੇ ਗਲ ਲੱਗ ਕੇ ਰੋਣ ਲੱਗੀ। ਸਭ ਹੈਰਾਨ। ਮਾਂ ਨੂੰ ਕੀ ਹੋਇਆ?

"ਲਿਜ਼ਾ ਤੂੰ ਬਾਲਗ ਹੋ ਗਈ ਤੇ ਮੈਂ ਸੁਰਖ਼ਰੂ... ਪਰ ਯਾਦ ਰੱਖੀਂ ਤੂੰ ਹਰਾਮ ਏਂ ਇਕ ਪਾਦਰੀ ਦਾ...। ਉਸ ਕੁੱਤੇ ਨੇਂ ਸੋਲਾਂ ਸਾਲ ਦੀ ਤੇਰੀ ਇਸ ਮਾਂ ਨੂੰ ਰੇਪ ਕੀਤਾ। ਜੀਸਸ ਕਰਾਈਸ ਦੀ ਹਾਜ਼ਰੀ ਤੇ ਗਿਰਜੇ ਦੀਆਂ ਪੌੜੀਆਂ ਵਿਚ...। ਉਸ ਦੇ ਗੁਨਾਹ ਦੀ ਸਜ਼ਾ ਮੈਂ ਅੱਜ ਤਕ ਭੁਗਤੀ...। ਹੁਣ ਹੋਰ ਨਹੀਂ... ਥੱਕ ਗਈ ਹਾਂ ਮੈਂ...। ਬੈਸਟ ਆਫ਼ ਲੱਕ...।"

ਉਸ ਮੈਨੂੰ ਬੇਤਹਾਸ਼ਾ ਚੁੰਮਿਆ, ਕੁਝ ਡਾਲਰ ਮੇਰੀ ਮੁੱਠੀ 'ਚ ਘੁੱਟੇ ਅਤੇ ਚਲੀ ਗਈ। ਮੈਂ ਉਹਨੂੰ ਬਿਨਾਂ ਕਿਸੇ ਦਾ ਥੈਂਕਸ ਕੀਤੇ, ਬਾਹਰ ਜਾਂਦੇ ਵੇਖਿਆ। ਉਹ ਰੋ ਰਹੀ ਸੀ। ਮੇਜ਼ਬਾਨ ਨਹੀਂ ਤਾਂ ਡਿਨਰ ਕਾਹਦਾ? ਮੈਂ ਬੜਾ ਕਿਹਾ, ਪਰ ਮਹਿਮਾਨ ਰੁਕੇ ਨਹੀਂ, ਸ਼ਾਮ ਖ਼ੂਹ 'ਚ ਪੈ ਗਈ।

ਪਰ ਮੈਂ ਨਾ ਰੋਈ, ਨਾ ਹੈਰਾਨ ਹੋਈ।

ਜਿਹੜੀ ਗੱਲ ਮਾਂ ਨੇਂ ਬੜੀ ਪੀੜ ਨਾਲ ਦੱਸੀ ਸੀ, ਉਹ ਮੈਨੂੰ ਪਹਿਲਾਂ ਹੀ ਪਤਾ ਸੀ।

ਉਹਨੀਂ ਦਿਨੀਂ ਮਾਂ ਇਕ ਲੈਰੇ ਜਿਹੇ ਨੀਗਰੋ ਦੀ ਰਖੇਲ ਸੀ। ਹਰ ਵੇਲੇ ਮੈਂ



ਉਹਨੂੰ ਅਪਸੈਟ ਦੇਖਦੀ...। ਉਹ ਸਾਰਾ ਜ਼ੋਰ ਉਸ ਨੀਗਰੋ ਤੋਂ ਮੇਰੀ ਇੱਜ਼ਤ ਬਚਾਉਣ 'ਤੇ ਲਾਉਂਦੀ ਜਿਸਨੂੰ ਮੈਂ ਖ਼ੁਦ ਲੋਚਦੀ ਸਾਂ। ਪਰ ਮਾਂ ਨਹੀਂ ਸੀ ਜਾਣਦੀ, ਉਹਦੇ ਪਹਿਲੇ ਪਤੀ ਫ਼ਿਲਪ ਨੇਂ, ਪਿੱਤਰੀ ਪਿਆਰ ਦੀ ਓਟ ਵਿਚ ਮੇਰਾ 'ਸਭ ਕੁਝ' ਪਹਿਲਾਂ ਹੀ ਲੁੱਟ ਲਿਆ ਹੋਇਆ ਸੀ। ਹੁਣ ਮੇਰੇ ਕੋਲ ਜਿਸਮ ਅਤੇ ਜਿਸਮਾਨੀ ਭੁੱਖ ਤੋਂ ਬਿਨਾਂ ਕੁਝ ਨਹੀਂ ਸੀ।

ਮਾਂ ਚਲੀ ਗਈ। ਨੀਗਰੋ ਕੋਲ ਵੀ ਨਾ ਪਰਤੀ। ਮੈਂ ਕਿੱਥੇ ਜਾਂਦੀ? ਆਪਣੀ ਇਕ ਸਹੇਲੀ ਸਿਲੀਆ ਨਾਲ ਰਹਿਣ ਲੱਗੀ।

ਪਹਿਲਾਂ ਕਮਰਾ ਸ਼ਿਅਰ ਕੀਤਾ, ਫਿਰ ਦੋਸਤ ਸਾਂਝੇ ਹੋ ਗਏ। ਸਿਲੀਆ ਖ਼ੂਬਸੂਰਤ ਸੀ। ਮੈਥੋਂ ਵੀ...। ਆਪਣੀ ਨਾਨੀ ਦੀ ਆਰਥਿਕ ਮਦਦ ਅਤੇ ਕਿਸੇ ਦੋਸਤ ਨਾਲ ਰਾਤ ਬਿਤਾਉਣ ਦੇ ਇਵਜ਼ ਵਜੋਂ ਨਰਸਿੰਗ ਦਾ ਕੋਰਸ ਕਰ ਰਹੀ ਸੀ। ਜਦਕਿ ਮੈਂ ਮਾਂ ਦੀ ਗੁਰਬਤ ਅਤੇ ਆਪਣੀ ਔਖ਼ਾਸ਼ ਤਬੀਅਤ ਕਾਰਨ ਕਾਲਜ ਤਕ ਵੀ ਨਹੀਂ ਸਾਂ ਜਾ ਸਕੀ।

ਮੇਰੀ ਮਾਂ ਮਕਸੀਕੋ ਸੀ। ਉੱਚੀ ਲੰਮੀ ਅਤੇ ਕੱਕੀ ਭੂਰੀ। ਜਰਮਨ ਪਿਉ ਤੇ ਰਸ਼ੀਅਨ ਮਾਂ ਦਾ ਮੇਲ। ਜਿਸਮ ਪਿਲਪਲਾ। ਛਾਤੀ ਢਿਲਕੀ। ਅੱਖਾਂ ਚੁੰਨ੍ਹੀਆਂ; ਪਰ ਬੇਹੱਦ ਪਿਆਰ ਕਰਨ ਵਾਲੀ। ਮੇਰੇ ਨਾਨਾ ਨਾਨੀ ਦੀ ਇਕ ਸਟੀਮਰ ਡੁੱਬਣ ਕਾਰਨ ਹੋਈ ਮੌਤ ਵਜੋਂ, ਮੇਰੀ ਮਾਂ ਪਿੱਤਰੀ ਪਿਆਰ ਤੋਂ ਵਾਂਝੀ ਰਹੀ ਸੀ ਤੇ ਕਿਸੇ ਮਿਹਰਬਾਨ ਸਦਕਾ ਇਕ ਗਿਰਜੇ ਵਿਚ ਨੰਨ੍ਹ ਬਣਨ ਚਲੀ ਗਈ ਸੀ, ਜਿਥੇ ਉਹਨੂੰ ਜ਼ਿੰਦਗੀ ਬੜੀ ਕਰੂਰ ਰੂਪ ਵਿਚ ਮਿਲੀ। ਸ਼ਾਇਦ ਇਸੇ ਲਈ ਉਸ ਵਿਚ ਮਰਦ ਨੂੰ ਸੇਕ ਦੇਣ ਵਾਲਾ ਕੁਝ ਨਹੀਂ ਸੀ ਅਤੇ ਕੋਈ ਮਰਦ ਉਹਦੇ ਸਾਥ ਵਿਚ ਬਹੁਤਾ ਚਿਰ ਟਿਕਿਆ ਨਹੀਂ ਸੀ, ਪਰ ਉਸ ਵਿਚ ਅੰਤਾਂ ਦਾ ਹਠ ਸੀ। ਮੈਥੋਂ ਵਿਛੜ ਕੇ ਉਹਨੇਂ ਕੁਝ ਬਲਿਊ ਫ਼ਿਲਮਾਂ ਦੇ ਨੇਕਡ ਕਰਾਊਡ ਵਿਚ ਕੰਮ ਕੀਤਾ ਸੀ ਤੇ ਫਿਰ ਇਕ ਘਟੀਆ ਜਿਹੇ ਚਕਲੇ ਦਾ ਹਿੱਸਾ ਬਣ ਗਈ ਸੀ।

ਇਸਦੇ ਉਲਟ ਮੈਂ ਕਿਸੇ ਵੀ ਰਿਸ਼ਤੇ ਵਿਚ ਬੱਝਣ ਤੋਂ ਬਾਗ਼ੀ ਹੋ ਗਈ। ਘਟ ਕੰਮ, ਵੱਧ ਐਸ਼...। ਵੰਨ ਲਾਈਨ ਟਰੈਕ...। ਪਰ ਇਕ ਦਿਨ ਸਭ ਕੁਝ ਫਿਨਸ਼।...

ਉਸ ਸ਼ਾਮ ਮੈਂ ਇਕ ਘਟੀਆ ਜਿਹੇ ਪੱਬ ਵੱਲ ਨਿਕਲੀ ਸਾਂ। ਕਿਸੇ ਸਾਥ ਦੀ ਤਲਾਸ਼ ਵਿਚ; ਇਕ ਹਨੇਰੀ ਜਿਹੀ ਟੇਬਲ 'ਤੇ ਮਨੀ ਬੈਠਾ ਦਿੱਸਿਆ।

ਉਹ ਇੰਡੀਅਨ ਸੀ ਤੇ ਮੇਰੀ ਰੂਮਮੇਟ ਸਿਲੀਆ ਦਾ ਫਰੈਂਡ ਸੀ।

ਇੰਡੀਅਨ ਮੈਂ ਲਾਈਕ ਨਹੀਂ ਸਾਂ ਕਰਦੀ, ਪਰ ਮੈਨੂੰ ਕਿਸੇ ਸਾਥ ਦੀ ਤਲਬ ਸੀ।

ਮੈਂ ਹੈਲੋ ਕਹੀ।

"ਜੇਬ ਗਰਮ ਹੈ ਤਾਂ ਰਾਤ ਲਈ ਕੁੜੀ ਚਾਹੇਂਗਾ?"

ਉਹਨੇ ਬੜੀ ਨੀਰਸ ਜਹੀ ਹਾਂ ਕਹੀ।

ਅਸੀਂ ਉਹਦੇ ਹੀ ਸੂਟ 'ਚ ਆ ਗਏ।

ਮੈਂ ਕੱਪੜੇ ਲਾਹੁਣ ਲੱਗੀ ਤਾਂ ਉਹ ਚੀਕਿਆ।

"ਨਹੀਂ... ਅੱਜ ਨਹੀਂ...।"

"ਕਿਉਂ? ਅੱਜ ਕਿਉਂ ਨਹੀਂ?"...

"ਮੈਂ ਉਦਾਸ ਹਾਂ, ਮੈਨੂੰ ਸਾਥ ਚਾਹੀਦੈ।"...

"ਬੇਵਕੂਫ਼ ਪੈਸੇ ਖ਼ਰਚ ਕੇ ਸ਼ਕਲ ਦੇਖੇਂਗਾ?"

"ਕੋਈ ਗੱਲ ਨਹੀਂ...।"

ਮੈਂ ਉਹਦੇ ਤਣੇ ਮੱਥੇ ਅਤੇ ਨਮ ਅੱਖਾਂ 'ਚ ਦੇਖਿਆ।

ਉਹ ਏਨਾ ਅਮੀਰ ਨਹੀਂ ਸੀ ਕਿ ਕਿਸੇ ਕੌਪਤਿਆਂ 'ਚ ਕੰਜੀ ਕੁੜੀ ਲਈ ਪੈਸੇ ਖ਼ਰਚ ਕਰ ਸਕਦਾ। ਕਿਹੋ ਜਿਹਾ ਆਦਮੀ ਸੀ? ਰੁਕਾਂ ਜਾਂ ਜਾਵਾਂ? ਮੈਂ ਸੋਚਣ ਲੱਗੀ। ਫ਼ੈਸਲੇ ਲਈ ਮੈਨੂੰ ਵਕਤ ਚਾਹੀਦਾ ਸੀ। ਫ਼ਰੀਜ਼ਰ ਵਿਚੋਂ ਡਰਿੰਕ ਲੈ ਕੇ ਮੁੜੀ ਤਾਂ ਦੇਖਿਆ ਘਰ ਵਿਚ ਸਾਫ਼ ਸਫ਼ਾਈ ਨਹੀਂ ਸੀ; ਪਰ ਇਕ ਟੇਬਲ 'ਤੇ ਇਕ ਖ਼ੂਬਸੂਰਤ ਕੁੜੀ ਦੀ ਤਸਵੀਰ ਪਈ ਸੀ। ਮੈਨੂੰ ਯਾਦ ਆਇਆ, ਲਿਲੀਆ ਨੇ ਦੱਸਿਆ ਸੀ ਕਿ ਇੰਡੀਆ 'ਚ ਇਹਦੀ ਕੋਈ ਪ੍ਰੇਮਿਕਾ ਸੀ ਜਿਸਦੇ ਵਿਛੋੜੇ 'ਚ ਇਹਨੇ ਵਿਆਹ ਨਹੀਂ ਸੀ ਕਰਵਾਇਆ। ਦਿਲ ਕੀਤਾ ਪੁੱਛਾਂ, ਪਰ ਜਿਉਂ ਹੀ ਮੈਂ ਪਰਤੀ ਉਹ ਰੋ ਰਿਹਾ ਸੀ।

ਪਤਾ ਲੱਗਾ ਪੰਜਾਬ ਤੋਂ ਉਹਦੀ ਮਾਂ ਦੀ ਮੌਤ ਬਾਰੇ ਖ਼ਬਰ ਆਈ ਸੀ।

ਮੇਰਾ ਮਨ ਭਰ ਆਇਆ। ਮੈਂ ਮਾਂ ਲਈ ਭਾਵੁਕ ਹੋ ਗਈ।

ਮੈਨੂੰ ਮਾਂ ਦੀ ਯਾਦ ਆਈ। ਮੇਰੇ ਲਈ ਉਹਨੇ ਕਿੰਨੇ ਜ਼ਫ਼ਰ ਜਾਲੇ ਸਨ? ਮੱਥੇ ਵਿਚੋਂ ਇਕ ਚੀਸ ਉੱਠੀ... ਹਾਏ ਕਿੱਥੇ ਸੀ ਮਾਂ?...

"ਦੇਖ ਤੁਰੰਤ ਚਲਾ ਜਾ ਇੰਡੀਆ, ਪੈਸੇ ਦੀ ਪ੍ਰਾਬਲਮ ਏ ਤਾਂ ਦੱਸ।" ਮੈਂ ਆਪਣਾ ਪਰਸ ਫੋਰੀ ਕਰਦਿਆਂ ਕਿਹਾ। ਜਿਸ ਵਿਚ ਕੁਝ ਡਾਲਰ ਤੇ ਇਕ ਡਾਈਮੰਡ ਦੀ ਰਿੰਗ ਸੀ।

ਉਹਦਾ ਹੱਥ ਫੜ ਕੇ ਛਾਤੀ ਨਾਲ ਘੁੱਟਿਆ। ਅਗਲੇ ਹੀ ਪਲ ਝਟਕ ਦਿੱਤਾ। ਇਹ ਮੈਂ ਕੀ ਕਰ ਰਹੀ ਸਾਂ? ਮੇਰੇ ਜਹੀ ਕੁੜੀ ਲਈ ਇਹੋ ਜਿਹੀ ਹਮਦਰਦੀ ਠੀਕ ਨਹੀਂ ਸੀ।

ਪਰ ਦਿਲ ਨੇ ਕਿਹਾ।

"ਹੋਰ ਲੋੜ ਏ ਤਾਂ ਦੱਸ... ਮੈਂ ਮਦਦ ਕਰਾਂਗੀ।"

"ਪੈਸੇ ਦੀ ਗੱਲ ਨਹੀਂ...ਕਿਸ ਮੂੰਹ ਨਾਲ ਜਾਵਾਂ? ਪੰਜ ਸਾਲ ਮੈਂ ਪਿੱਠ ਮੋੜੀ ਰੱਖੀ... ਬਹੁਤ ਸ਼ਰਮਿੰਦਾ ਹਾਂ ਲਿਜ਼ਾ ਮੈਨੂੰ ਮਰ ਜਾਣਾ ਚਾਹੀਦੈ।..."

ਉਹ ਮੇਰੀ ਛਾਤੀ 'ਚ ਮੂੰਹ ਦੇ ਕੇ ਰੋਣ ਲੱਗਾ।

ਇਸ ਤੋਂ ਪਹਿਲਾਂ ਮੈਂ ਕਿਸੇ ਮਰਦ ਨੂੰ ਇੰਜ ਰੋਂਦੇ ਨਹੀਂ ਸੀ ਦੇਖਿਆ। ਉਹ ਮਰਨ ਲਈ ਕਹਿ ਰਿਹਾ ਸੀ। ਮੌਤ ਬਾਰੇ ਸੋਚ ਮੈਂ ਕੰਬ ਗਈ।



ਮੈਂ ਮਾਂ ਨੂੰ ਕਈ ਰੂਪਾਂ ਵਿਚ ਮਰਦੇ ਦੇਖਿਆ ਸੀ।

ਅਸੀਂ ਦੋਵੇਂ ਰੋਣ ਲੱਗੇ।

ਨਹੀਂ ਜਾਣਦੀ, ਉਸ ਰਾਤ ਕੀ ਹੋਇਆ। ਅਗਲੀ ਸਵੇਰ ਅਸੀਂ ਮਾਂ ਨੂੰ ਲੱਭਣ ਜਾ ਰਹੇ ਸਾਂ।...

ਮਾਂ ਬੜੀ ਮੁਸ਼ਕਿਲ ਨਾਲ ਮਿਲੀ। ਉਹ ਬਦਲ ਗਈ ਹੋਈ ਸੀ ਤੇ ਇਕ ਨੀਂਦਰਲੈਂਡ ਦੇ ਡੱਚ ਨਾਲ ਦਿਨ-ਕਟੀ ਕਰ ਰਹੀ ਸੀ।

ਜਿਸ ਮਾਂ ਲਈ ਮੈਂ ਰਾਤ ਭਰ ਵਿਲਕੀ ਸਾਂ, ਉਸ ਤੋਂ ਮੈਨੂੰ ਘਿਣ ਆਈ, ਪਰ ਮਨੀ ਪਸੀਜ ਗਿਆ ਅਤੇ ਮੇਰੇ ਰੋਕਣ ਦੇ ਬਾਵਜੂਦ ਮਾਂ ਨੂੰ ਘਰ ਲੈ ਆਇਆ।

"ਕੀ ਕਰੇਂਗਾ ਮੇਰਾ?" ਮਾਂ ਨੇ ਕਿਹਾ।

"ਇਕੱਠੇ ਰਹਾਂਗੇ... ਲਿਜ਼ਾ ਵੀ ਚਾਹੇ ਤਾਂ ਰਹਿ ਸਕਦੀ ਹੈ।" ਉਸ ਕਿਹਾ।

ਜਾਣਦੀ ਸਾਂ ਇਹ ਭਾਵੁਕਤਾ ਬਹੁਤੀ ਦੇਰ ਚੱਲਣ ਵਾਲੀ ਨਹੀਂ ਸੀ। ਮਨੀ ਦੀ ਜਾਬ ਐਹੋ ਜਿਹੀ ਨਹੀਂ ਸੀ ਕਿ ਸਾਡਾ ਦੋਹਾਂ ਦਾ ਭਾਰ ਝੱਲ ਸਕਦਾ। ਪਰ ਮਾਂ ਛੇਤੀ ਹੀ ਅਡਜੈਸਟ ਹੋ ਗਈ ਅਤੇ ਕਿਸੇ ਸਟੋਰ 'ਚ ਕੰਮ ਕਰਨ ਜਾ ਲੱਗੀ।

ਸ਼ੁਰੂ 'ਚ ਮੈਂ ਮਾਂ ਅਤੇ ਮਨੀ ਦੀ ਨੇੜਤਾ ਨੂੰ ਸ਼ੱਕ ਨਾਲ ਦੇਖਿਆ, ਪਰ ਜਦੋਂ ਉਹ ਮਾਂ ਨੂੰ ਸੱਚਮੁਚ ਪਿਆਰ ਕਰਦਾ ਤਾਂ ਲੱਗਦਾ, ਉਹ ਆਪਣੀ ਮਾਂ ਨੂੰ ਮੇਰੀ ਮਾਂ 'ਚੋਂ ਤਲਾਸ਼ ਕਰ ਰਿਹਾ ਸੀ।

ਮਨੀ ਮੈਨੂੰ ਪਸੰਦ ਆਇਆ। ਉਸ ਵਿਚ ਮੇਰੀ ਪਸੰਦ ਦੇ ਕਈ ਗੁਣ ਸਨ। ਮਿਹਨਤੀ, ਤੇ ਔਰਤ ਦੀ ਇੱਜ਼ਤ ਕਰਨ ਵਾਲਾ।

"ਵਿਆਹ ਕਰੇਂਗਾ ਮੇਰੇ ਨਾਲ"... ਇਕ ਦਿਨ ਮੈਂ ਕਿਹਾ।

"ਵਿਆਹ ਤੇ ਤੂੰ?" ਉਹ ਹੱਸਿਆ। ਉਹ ਸੱਚਾ ਸੀ।

ਕੁਝ ਦਿਨ ਪਹਿਲਾਂ ਮੇਰੇ ਨਾਲ ਹਮਬਿਸਤਰ ਹੁੰਦੇ ਉਹਨੇ ਕਿਸੇ ਗੱਲੋਂ ਮੇਰੇ 'ਤੇ ਹੱਕ ਜਤਾਇਆ ਸੀ ਤਾਂ ਮੈਂ ਝਿੜਕ ਦਿੱਤਾ ਸੀ।

"ਪਲੀਜ਼ ਮੇਰਾ ਮਜ਼ਾਕ ਨਾ ਉਡਾ... ਸੀਰੀਅਸ ਹਾਂ ਮੈਂ..."

"ਨਹੀਂ ਲੀਜ਼ਾ ਵਿਆਹ ਜਿਸ ਨਾਲ ਹੋਣਾ ਸੀ, ਉਹਦੇ ਨਾਲ ਨਹੀਂ ਹੋਇਆ ਤਾਂ ਕਿਸੇ ਹੋਰ ਨਾਲ ਕਰਾਉਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।" ਉਹਨੇ ਕਿਹਾ।

ਪਰ ਮੈਂ ਦ੍ਰਿੜ ਸਾਂ।

ਉਹ ਮੇਰੇ 'ਤੇ ਹੱਸਣ ਲੱਗਾ ਅਤੇ ਬਾਹਰ ਲਾਨ ਵਿਚ ਕੰਮ ਕਰਦੀ ਮੇਰੀ ਮਾਂ ਨੂੰ ਦੱਸਣ ਚਲਾ ਗਿਆ।

ਮੁੜਿਆ ਤਾਂ ਚੀਕਿਆ, "ਲੀਜ਼ਾ"...

ਮੈਂ ਆਪਣੀ ਨਸ ਕੱਟ ਲਈ ਸੀ ਤੇ ਕਾਲੀਨ ਲਹੂ ਨਾਲ ਭਿੱਜ ਰਿਹਾ ਸੀ।

"ਹਾਂ ਕਰ... ਨਹੀਂ ਗਈ ਮੈਂ...।"

ਅਗਲੇ ਦਿਨ ਅਸੀਂ ਮਜਿਸਟਰੇਟ ਦੇ ਸਾਮ੍ਹਣੇ ਸਾਂ।

ਐਗਰੀਮੈਂਟ ਹੋਣ ਲੱਗਾ ਤਾਂ ਮੈਂ ਕਿਹਾ।

"ਵਿਆਹ ਮਨਜ਼ੂਰ ਪਰ ਬੱਚਾ ਨਹੀਂ..."

"ਕਿਉਂ? ਬੱਚਾ ਕਿਉਂ ਨਹੀਂ?..." ਉਹ ਤ੍ਰਭਕਿਆ ਅਤੇ ਹੈਰਾਨ ਹੋਇਆ।

"ਮੈਂ ਬੰਧਨ ਸਵੀਕਾਰ ਨਹੀਂ ਕਰਦੀ..."

"ਵਿਆਹ ਬੰਧਨ ਨਹੀਂ ਲਿਜ਼ਾ..." ਉਹਨੇ ਤਰਲਾ ਲਿਆ।

"ਨਹੀਂ... ਵਿਆਹ ਜਦ ਮੈਂ ਚਾਹਾਂ ਤੋੜ ਸਕਦੀ ਹਾਂ, ਪਰ ਬੱਚਾ ਮੈਨੂੰ ਬੰਨ੍ਹ ਦੇਵੇਗਾ।"

"ਪਰ ਤੂੰ ਵਿਆਹ ਤੋੜੇਂਗੀ ਹੀ ਕਿਉਂ?"

"ਇਸ ਲਈ ਕਿ ਹੋ ਸਕਦੈ ਤੇਰੇ ਕਮਰੇ 'ਚ ਟੇਬਲ 'ਤੇ ਪਈ ਤਸਵੀਰ ਵਿਚਲੀ ਕੁੜੀ ਤੇਰੇ ਜ਼ਿਹਨ ਵਿਚ ਵੀ ਬੈਠੀ ਹੋਵੇ; ਤੂੰ ਮੇਰੇ 'ਚੋਂ ਉਸਨੂੰ ਤਲਾਸ਼ ਕਰੇਂ ਅਤੇ ਉਹ ਲੱਭੇ ਨਾ...।"

"ਪਰ ਬੇਟੀ..."

"ਨਹੀਂ ਮਾਂ ਤੂੰ ਨਾ ਬੋਲ...। ਤੂੰ ਕੀ ਖੱਟਿਆ ਬੱਚਾ ਪੈਦਾ ਕਰਕੇ?" ਮੈਂ ਮਾਂ ਨੂੰ ਤਲਖ਼ੀ ਨਾਲ ਕੱਟਿਆ।

"ਖੱਟਿਆ? ਕਿਸ ਖੱਟੀ ਦੀ ਗੱਲ ਕਰਦੀ ਏਂ ਤੂੰ?... ਜਿਸ ਖੱਟੀ ਨਾਲ ਐਸ਼ ਕਰਦੀ ਏਂ ਤੂੰ? ਐਹੋ ਜਹੀ ਖੱਟੀ ਜਿੰਨੀ ਮਰਜ਼ੀ ਕੱਠੀ ਕਰ ਲੈ... ਪਰ ਤੂੰ ਉਸ ਖੱਟੀ ਨਾਲ ਆਪਣੇ ਜਹੀ ਇਕ ਲਿਜ਼ਾ ਪੈਦਾ ਕਰਕੇ ਦਿਖਾ... ਮੈਂ ਰੇਪ ਹੋਈ, ਦੁਖ ਕੱਟੇ, ਪਰ ਆਪਣੇ ਜਹੀ ਇਕ ਲਿਜ਼ਾ ਪੈਦਾ ਕੀਤੀ... ਪਿਆਰੀ ਲਿਜ਼ਾ ਮੇਰਾ ਵਿਸਥਾਰ..."

ਮੈਂ ਕੁਝ ਨਾ ਬੋਲੀ, ਅਤੇ ਐਗਰੀਮੈਂਟ ਪਾੜ ਕੇ ਚਲੀ ਆਈ।

ਦੁਬਾਰਾ ਮਾਂ ਅਤੇ ਮਨੀ ਨੂੰ ਨਹੀਂ ਮਿਲੀ।

ਇਕ ਦਿਨ ਸਿਲੀਆ ਮਿਲੀ।

"ਮੂਰਖ ਸੀ ਤੂੰ..."

"ਆਜ਼ਾਦੀ ਮੰਗ ਲਈ, ਇਸ ਲਈ?..."

"ਨਹੀਂ!"

"ਫਿਰ?"

"ਠੀਕ ਫ਼ੈਸਲਾ ਨਾ ਕਰ ਸਕੀ..."

"ਮਤਲਬ?"

"ਦੇਖ, ਪਹਿਲਾਂ ਉਹ ਵਿਆਹ ਲਈ ਤਿਆਰ ਨਹੀਂ ਸੀ।"

"ਹਾਂ"

"ਫਿਰ ਉਹਨੇ ਹਾਂ ਕਹੀ... ਪਰ ਤੂੰ ਦੁਬਿਧਾ 'ਚ ਫਸ ਗਈ।"



"ਕਿਵੇਂ?"

"ਤੈਨੂੰ ਮਰਦ ਚਾਹੀਦੈ, ਪਰ ਬੰਧਨ ਨਹੀਂ... ਸਾਥੀ ਚਾਹੀਦੈ, ਪਰ ਬੱਚਾ ਨਹੀਂ... ਤੂੰ ਪੈਸੇ ਨੂੰ ਪਿਆਰ ਕਰਦੀ ਏਂ... ਪਰ ਪੈਸੇ ਵਾਲੇ ਨੂੰ ਨਹੀਂ।"

"ਪਰ ਉਹਦੀ ਬੱਚੇ ਲਈ ਜ਼ਿਦ..."

"ਕੇਵਲ ਬੱਚੇ ਲਈ ਨਹੀਂ ਲਿਜ਼ਾ... ਪੂਰੇ ਪਰਿਵਾਰ ਦੀ ਹੋਂਦ ਲਈ ਜ਼ਿਦ..."

"ਪਰ ਮੇਰੀ ਆਜ਼ਾਦੀ..."

"ਕਿਹੜੀ ਆਜ਼ਾਦੀ? ਹਰ ਸ਼ਾਮ ਸ਼ਰਾਬ ਤੇ ਕਿਸੇ ਨਵੇਂ ਮਰਦ ਦੀ ਤਲਾਸ਼... ਇਹਨੂੰ ਆਜ਼ਾਦੀ ਕਹਿੰਨੀ ਏਂ ਤੂੰ? ਇਹ ਤਾਂ ਕਦੇ ਵੀ ਨਾ ਮੁੱਕਣ ਵਾਲੀ ਸਜ਼ਾ ਏ ਲਿਜ਼ਾ..."

ਮੈਂ ਸੋਚਣ ਲੱਗੀ।

"ਤੂੰ ਉਸ ਵਿਚ ਪਰਿਵਾਰ ਦੀ ਇੱਛਾ ਪੈਦਾ ਕਰਕੇ ਮੇਰਾ ਵੀ ਨੁਕਸਾਨ ਕੀਤਾ।"

"ਕਿਉਂ? ਤੇਰਾ ਕਿਵੇਂ?"

"ਉਹ ਬੈਚੂਲਰ ਸੀ, ਕਦੇ ਕਦਾਈਂ ਦੇ ਸਾਥ ਬਦਲੇ ਉਹ ਮੇਰੇ ਲਈ ਵੀ ਕਮਾਉਂਦਾ ਸੀ।"

"ਹੁਣ ਕੀ ਹੋਇਆ?"

"ਹੁਣ ਉਹ ਪੰਜਾਬ ਜਾ ਰਿਹੈ... ਆਪਣੇ ਭਰਾ ਦੀ ਵਿਧਵਾ ਨਾਲ ਸ਼ਾਦੀ ਕਰਨ... ਜਿਸਦੇ ਦੋ ਬੱਚੇ ਵੀ ਨੇ..."

ਇਕ ਤ੍ਰਾਣ ਮੇਰੇ ਮੱਥੇ 'ਚੋਂ ਉੱਠੀ ਅਤੇ ਸਾਰੇ ਵਜੂਦ ਨੂੰ ਚੀਰਦੀ ਚਲੀ ਗਈ।

ਇਹ ਮੈਂ ਕੀ ਸੁਣ ਰਹੀ ਸਾਂ।

"ਨਹੀਂ ਇਹ ਸੱਚ ਨਹੀਂ ਸਿਲੀਆ"

"ਇਹ ਸੱਚ ਏ ਲਿਜ਼ਾ..."

ਮੈਨੂੰ ਲੱਗਾ, ਮੈਨੂੰ ਚੱਕਰ ਆ ਰਹੇ ਸਨ ਤੇ ਮੇਰੀ ਹੋਸ਼ ਉੱਠ ਰਹੀ ਸੀ।

### ਲੰਗੀ ਟੀਏ

ਬਾਹਰ ਸੂਰਜ ਡੁੱਬ ਰਿਹਾ ਸੀ, ਤੇ ਅੰਦਰ ਮੈਂ...। ਮੈਂ ਯਾਨੀ ਠਿੰਪਰ, ਉਰਫ਼ ਜਸਵੰਤ ਸਿੰਘ, ਉਰਫ਼ ਜੱਸੀ ਉਰਫ਼ ਨੇਤਾ ਜੀ।

ਏਅਰਪੋਰਟ ਦੀ ਏਅਰਕੰਡੀਸ਼ਨਡ ਲੌਬੀ, ਪਰ ਪਿੰਡਾ ਤ੍ਰੇਲੀਓ ਤ੍ਰੇਲੀ... ਮੇਰੇ ਨਾਲ ਆਇਆ ਪੰਡਤ (ਸਾਡਾ ਦੋਸਤ) ਕੁਰਸੀ 'ਤੇ ਟੇਢਾ ਹੋਇਆ ਪਿਆ ਸੀ ਤੇ ਮੈਂ ਪੈਰਾਂ ਤੋਂ ਸਿਰ ਤਕ ਉਚਾਟ ਏਧਰ ਓਧਰ ਚੱਕਰ ਕੱਟ ਰਿਹਾ ਸਾਂ।

ਮੱਥੇ ਵਿਚ ਇਕੋ ਪ੍ਰਸ਼ਨ ਵਾਰ-ਵਾਰ ਟਸਕਦਾ...। ਹਰ ਕਾਮਯਾਬੀ ਮੇਰੇ ਕੋਲ ਚੱਲ ਆਈ, ਨਿੰਦੀ ਨੂੰ ਭੋਗਣ ਦੀ ਇੱਛਾ, ਜਾਂ ਮਨੀ ਲਈ ਯਾਰੀ ਦਾ ਵਿਖਾਵਾ...। ਕੁਝ

ਵੀ ਸੀ, ਮੈਂ ਤੇ ਪੰਡਿਤ ਏਅਰਪੋਰਟ 'ਤੇ ਸਾਂ।

ਮਨੀ ਨੂੰ ਮੈਂ ਭੁੱਲ ਚੁੱਕਾ ਸਾਂ, ਪਰ ਨਿੰਦੀ ਲਈ ਮੇਰੀ ਭੁੱਖ ਹੋਰ ਵੀ ਹਾਬੜ ਗਈ ਸੀ। ਕਹਿਣ ਨੂੰ ਮੈਂ, ਯਾਨੀ ਠਿੱਪਰ, ਉਰਫ਼ ਜੱਸੀ, ਉਰਫ਼ ਨੇਤਾ, ਪੰਡਤ, ਮਨੀ, ਲਾਡੋ, ਪਾਸ਼ੀ ਅਤੇ ਨਿੰਦੀ... 'ਕੱਠੇ ਖੇਡਦੇ ਵੱਡੇ ਹੋਏ ਸਾਂ; ਪਰ ਨਿੰਦੀ ਲਈ ਮੇਰੀ ਤੜਪ ਹੋਰ ਤਰ੍ਹਾਂ ਦੀ ਸੀ। ਹਾਲਾਂਕਿ ਪੰਡਤ ਅਤੇ ਮਨੀ ਵੀ ਨਿੰਦੀ ਲਈ ਸਿਰ ਧੜ ਦੀ ਲਾਈ ਖੜ੍ਹੇ ਸਨ। ਪਰ ਅਚਾਨਕ ਅਜਿਹੀ ਵਾ ਵਗੀ ਕਿ ਵਰੋਲੇ ਵਾਂਗ ਉੱਡਦੇ, ਕੱਖਾਂ ਵਾਂਗ ਹੀ ਖਿੰਡ ਗਏ।...

ਪੰਡਤ ਸਾਧ ਬਣ ਗਿਆ। ਮੈਂ ਨੇਤਾ, ਤੇ ਮਨੀ ਅਮਰੀਕਾ ਚਲਾ ਗਿਆ। ਪਾਸ਼ੀ ਦੋ ਕੁੜੀਆਂ ਨੂੰ ਲੈ ਕੇ ਘਰੋਂ ਨਿਕਲ ਗਈ। ਲਾਡੋ ਕਿਸੇ ਅਮੀਰ ਦੀ ਸੇਜ ਜਾ ਚੜ੍ਹੀ ਤੇ ਨਿੰਦੀ, ਜਿਹੜੀ ਸਾਡੇ ਸਭ ਲਈ ਕੋਹ-ਕਾਫ਼ ਦੀ ਪਰੀ ਸੀ। ਕਿਸੇ ਦਿਉ ਨੇ ਕੈਦ ਕਰ ਲਈ।

ਅੱਜ ਸੋਚਦਾ ਹਾਂ, ਮੈਂ ਪਾਕਸਤਾਨੋਂ ਆਇਆ ਸ਼ਰਨਾਰਥੀ... ਮਨੀ, ਪੰਡਤ, ਲਾਡੋ, ਪਾਸ਼ੀ, ਨਿੰਦੀ ਨਹੀਂ ਨਾਜ਼ੀਆ, ਪਟਿਆਲੇ ਦੇ ਜੱਦੀ ਬਾਸ਼ਿੰਦੇ...। ਪਤਾ ਹੀ ਨਾ ਲੱਗਾ ਦੋਸਤੀ ਕਦੋਂ ਇਕ ਦੂਜੇ ਵਿਚ ਬੇਰੀ ਦੇ ਛਾਪੇ ਵਾਂਗ ਫਸ ਗਈ।

ਇਕ ਦੂਜੇ ਨੂੰ ਵੇਖ ਕੇ ਹੱਸਣਾ, ਖੇਡਣਾ... ਲੜਨਾ, ਝਗੜਨਾ... ਰੁਸਣਾ ਤੇ ਮੰਨਣਾ; ਯਾਰੀ ਲਈ ਹੋਰ ਕੀ ਚਾਹੀਦਾ ਸੀ ? ਪਰ ਛੇਤੀ ਹੀ ਸਾਨੂੰ ਲੱਗਾ ਸਾਡੀ ਯਾਰੀ ਦੀ ਵਜਾਹ 'ਨਾਜ਼ੀਆ' ਸੀ। ਜਿਹੜੀ ਚੁੱਪ ਰਹਿੰਦੀ ਸੀ ਤੇ ਮਨੀ ਦੇ ਕੁਝ ਵੱਧ ਨੇੜੇ ਜਾਪਦੀ...। ਹਾਲਾਂਕਿ ਮੈਂ ਤੇ ਪੰਡਿਤ ਉਹਨੂੰ ਮਨੀ ਤੋਂ ਵੀ ਵੱਧ ਚਾਹੁੰਦੇ।

ਨਾਜ਼ੀਆ ਜੀਹਦੇ ਗਲ ਲੱਗ ਕੇ ਮਰਨ ਨੂੰ ਜੀ ਕਰਦਾ।

ਨਾਜ਼ੀਆ ਜਿਹਨੂੰ ਦੇਸ਼ ਵੰਡ ਵੇਲੇ ਨਿੰਦੀ ਬਣਾ ਲਿਆ ਗਿਆ ਸੀ। ਕਹਿਣ ਨੂੰ ਬੀਤੇ ਦੀਆਂ ਗੱਲਾਂ ਸਨ। ਪਰ ਮੇਰੇ ਲਈ ਕੱਲ੍ਹ ਦੀਆਂ ਹਨ। ਫਿਰ ਕੀ ਸੀ ? ਜੋ ਨਿੰਦੀ ਨੂੰ ਵੇਖਣ 'ਤੇ ਮੱਥੇ ਵਿਚ ਟਸਕਦਾ ਸੀ ? ਤੇ ਚਿੱਤ 'ਚ ਖੋਰੂ ਪਾਉਂਦਾ ਸੀ ? ਸ਼ਾਇਦ ਕੋਈ ਤਲਿਸਮ ਸੀ...। ਅਜਿਹਾ ਤਲਿਸਮ... ਜਿਸ ਵਿਚ ਕੋਈ ਵੀ ਭਟਕ ਸਕਦਾ ਸੀ।

ਇਕ ਦਿਨ ਮੈਂ ਵੀ ਭਟਕ ਗਿਆ ਤੇ ਨਿੰਦੀ ਨੂੰ ਚੁੰਮ ਲਿਆ।

ਅਗਲੇ ਪਲ ਮੁਆਫ਼ੀ ਮੰਗਣ ਲੱਗਾ।

"ਹੈ ਕਮਲਾ ਮੁਆਫ਼ੀ ਕਾਹਦੀ... ਹਿੰਦੂ ਬਣਾਉਣ ਦਾ ਮੁੱਲ ਨਹੀਂ ਲੈਣਾ ਤੁਸੀਂ ? ਕੀ ਹੋਇਆ ਜੇ ਚੁੰਮ ਲਿਆ ?"

ਮੇਰੇ ਪੈਰ ਚੱਕੇ ਗਏ। ਹੁੱਭ ਕੇ ਮੈਂ ਪੰਡਿਤ ਤੇ ਮਨੀ ਨੂੰ ਜਾ ਦੱਸਿਆ।

ਉਹ ਹੱਸਣ ਲੱਗੇ।

ਇਹੋ ਜਿਹੇ ਫ਼ਿਕਰੇ ਉਹ ਵੀ ਸੁਣ ਚੁੱਕੇ ਸਨ।

"ਨਿਕਾਹ ਕਰੇਂਗੀ ਮੇਰੇ ਨਾਲ ?..." ਇਕ ਦਿਨ ਮਨੀ ਨੇ ਕਿਹਾ ਸੀ।

"ਵਿਆਹ ਦੀ ਗੱਲ ਕਰ... ਨਿਕਾਹ ਵਾਲੀ ਤਾਂ ਦਫ਼ਨ ਹੋ ਗਈ।"



ਇਵੇਂ ਹੀ ਇਕ ਦਿਨ ਸੁੱਖੀ ਪੰਡਿਤ ਕਹਿ ਬੈਠਾ।

"ਜਾਂ ਨਿੰਦੀਏ ਤੂੰ... ਜਾਂ ਕੋਈ ਵੀ ਨਹੀਂ...।"

"ਹੈ ਮੂਰਖ ਮਾਂ ਪਿਉ ਕਤਲ ਹੋ ਗਏ। ਘਰ ਲੁੱਟੇ ਗਏ। ਦੀਨ ਈਮਾਨ ਜਾਂਦਾ ਰਿਹਾ। ਹੁਣ ਤੈਥੋਂ ਬਿਨਾਂ ਮੇਰਾ ਕਿਹੜਾ ?"

ਉਹ ਕੀ ਕਹਿ ਰਹੀ ਸੀ ? ਇਹ ਬਦਲਾ ਸੀ ਜਾਂ ਬੇਬਸੀ ? ਕੁਝ ਸਮਝ ਨਹੀਂ ਸੀ ਆਉਂਦਾ।

ਪਰ ਭਾਵੀ ਕੁਝ ਹੋਰ ਹੀ ਸੀ।

ਇਕ ਦਿਨ ਮਨੀ ਦਾ ਛੋਟਾ ਭਰਾ ਮੌਦੀ ਹਨੇਰੀ ਵਾਂਗ ਆਇਆ ਅਤੇ ਨਿੰਦੀ ਨੂੰ ਲੈ ਕੇ ਚੱਲਦਾ ਬਣਿਆ।

ਸਾਡੇ ਲਈ ਇਹ ਵੱਡੀ ਸੱਟ ਸੀ। ਖ਼ਾਸ ਕਰ ਮੇਰੇ ਲਈ।

ਭਾਵੀ ਇਉਂ ਬਣੀ ਕਿ ਪਾਸ਼ੀ ਜੋ ਨਿੰਦੀ ਦੀ ਮਸੇਰ ਭੈਣ ਸੀ, ਗੁੱਸੇ-ਖੋਰੀ ਸੀ। ਜਿਹੜੇ ਹਿੰਦੂਆਂ ਨੇ ਉਹਦੇ ਮਾਂ-ਪਿਉ ਕਤਲ ਕੀਤੇ, ਬਦਲੇ ਵਿਚ ਉਨ੍ਹਾਂ ਦੀਆਂ ਮੁਟਿਆਰ ਕੁੜੀਆਂ ਨੂੰ ਲੈ ਕੇ ਘਰੋਂ ਨਿਕਲ ਗਈ। ਪਾਸ਼ੀ ਨਿੰਦੀ ਕੇ ਟੱਬਰ 'ਚ ਰਹਿੰਦੀ ਸੀ। ਇਸ ਤੋਂ ਪਹਿਲਾਂ ਕਿ ਨਿੰਦੀ ਦੇ ਟੱਬਰ ਦੀ ਤੋਏ-ਤੋਏ ਹੁੰਦੀ...। ਲੋਕ ਮੂੰਹ 'ਤੇ ਥੁੱਕਦੇ; ਪਾਸ਼ੀ ਕੁੜੀਆਂ ਨਾਲ ਗੱਡੀ 'ਚ ਸਵਾਰ ਮੌਦੀ ਨੂੰ ਟੱਕਰ ਗਈ। ਮੌਦੀ ਕੁੜੀਆਂ ਘਰ ਲੈ ਆਇਆ। ਵਿਰੋਧੀ ਸੰਗਵੀਂ ਕੁੜੀ (ਨਿੰਦੀ) ਚੁੱਕਣ ਨੂੰ ਫਿਰਦੇ ਸੀ। ਪਰ ਮੌਦੀ ਨੇ ਸੌਦੇਬਾਜ਼ੀ 'ਚ ਪਾਸ਼ੀ ਉਨ੍ਹਾਂ ਦੇ ਪੇਟੇ ਪਾ ਦਿੱਤੀ ਤੇ ਆਪ ਵਿਚੋਲਗਿਰੀ ਦੇ ਇਵਜ਼ ਵਜੋਂ ਚੁੱਪ ਰਹਿਣ ਬਦਲੇ ਨਿੰਦੀ ਨੂੰ ਲੈ ਕੇ ਚਲਦਾ ਬਣਿਆ।

ਤੇ ਇਉਂ ਨਿੰਦੀ ਪਹਿਲਾਂ ਧਰਮੀ ਜਨੂੰਨ, ਤੇ ਫਿਰ ਮਾਂ ਦੀ ਇੱਜ਼ਤ ਬਦਲੇ ਚੁੱਪ-ਚਾਪ ਅਸਮਤ ਦੀ ਬਲੀ ਚੜ੍ਹ ਗਈ।

ਨਿੰਦੀ ਨਹੀਂ ਤਾਂ ਕੁਝ ਵੀ ਨਹੀਂ...

ਅਸੀਂ ਵੀ ਸਭ ਆਪੋ ਆਪਣੇ ਰਾਹ ਪੈ ਗਏ।...

ਫਿਰ ਇਕ ਦਿਨ ਮੌਦੀ ਦੇ ਮਰ ਜਾਣ ਦੀ ਖ਼ਬਰ ਆਈ।

ਕਿਸੇ ਹਾਤੇ ਵਿਚ ਪੀਂਦੇ ਨੂੰ ਸ਼ਰਾਬ ਲੜ ਗਈ।

ਚੌਥੇ ਦਿਨ ਮਾਂ ਵੀ ਚਲਦੀ ਬਣੀ।

ਨਿੰਦੀ ਨਾ ਰੋਈ, ਨਾ ਕਲਪੀ।...

"ਦੇਖ ਪੈਸਾ, ਇੱਜ਼ਤ, ਸ਼ੋਹਰਤ ਸਭ ਕੁਝ ਆਪਣੇ ਕੋਲ ਐ...। ਬੱਚੇ ਤੇਰੇ ਹੋਸਟਲ 'ਚ ਪੜ੍ਹਨਗੇ... ਤੇਰੇ ਲਈ ਨਵੀਂ ਕੋਠੀ...। ਲੋਕਾਂ ਲਈ ਮੈਂ ਲੱਖ ਨੇਤਾ... ਕਮੀਨਾ... ਕੁੱਤਾ... ਪੁਲਸ ਦਾ ਟਾਊਟ ਆਂ... ਪਰ ਤੇਰੇ ਲਈ ਸਿਰਫ਼ ਠਿੱਪਰ ਆਂ, ਠਿੱਪਰ ਉਰਫ਼ ਜੱਸੀ...। ਹਾਂ ਕਰ ਤੇ ਏਸ ਕੁੱਤ-ਖ਼ਾਨੇ 'ਚੋਂ ਨਿਕਲ...। ਸੋਨੇ ਚਾਂਦੀ 'ਚ ਮੜ੍ਹ ਕੇ ਰੱਖੂ... ਤੇ ਪੈਸਾ ? ਪੈਸਾ ਤਾਂ ਅੱਗ ਲਾਇਆਂ ਨੀਂ ਸੜਦਾ... ਬਸ ਤੂੰ ਹਾਂ ਕਰ, ਤੇ ਕੰਚਨ

ਜਹੀ ਦੇਹ ਨਾ ਗਾਲ।" ਇਕ ਦਿਨ ਦਿਲਾਸਾ ਦੇਣ ਗਏ ਮੈਂ ਕਿਹਾ।

ਨਿੰਦੀ ਜਿਹੜੀ ਪੱਥਰ ਬਣੀ ਬੈਠੀ ਸੀ। ਮੇਰੇ ਮੋਢੇ ਲੱਗ ਕੇ ਫੁੱਟ-ਫੁੱਟ ਰੋਣ ਲੱਗੀ। ਮੈਂ ਮਹਿਸੂਸ ਕੀਤਾ; ਉਸ ਵਿਚ ਉਹੋ ਸੇਕ ਸੀ। ਮੈਂ ਫ਼ੈਸਲਾ ਲਿਆ, ਕੁਝ ਵੀ ਹੋਵੇ, ਛੱਡਣੀ ਨਹੀਂ। ਜਿਥੇ ਇਕ ਰਖੇਲ, ਉਥੇ ਦੋ...। ਮੈਂ ਨਾਲ ਘੁੱਟਿਆ, ਅੱਥਰੂ ਪੂੰਝੇ, ਮੱਥਾ ਚੁੰਮਿਆ। "ਕਮਲੀਏ! ਦਿਲ ਕਿਉਂ ਛੋਟਾ ਕਰਦੀ ਏਂ ਤੂੰ?" ਤੇ ਉਹਦੀ ਭਰਵੀਂ ਛਾਤੀ ਦੇ ਡੂੰਘ ਵਿਚ ਨੋਟਾਂ ਦੀ ਇਕ ਦੱਥੀ ਧਰਦਾ ਚਲਾ ਆਇਆ।

ਫਿਰ ਅਚਾਨਕ ਸੁਣਿਆ ਉਹਨੂੰ ਮਨੀ ਲੈਣ ਆ ਰਿਹਾ ਸੀ।

ਜਿਸਨੂੰ ਰਸੀਵ ਕਰਨ ਲਈ ਮੈਂ ਤੇ ਪੰਡਿਤ ਏਅਰਪੋਰਟ 'ਤੇ ਖੜ੍ਹੇ ਸਾਂ।

## ਇਕ ਉਦਾਸ ਸਫ਼ਰ

ਮਨੀ ਬੜੇ ਬੁਝੇ ਮਨ ਨਾਲ ਮਿਲਿਆ।

ਰਸਮੀ ਜਿਹੀ "ਹੈਲੋ!" ਤੇ ਬਸ।

ਉਹ ਬਿਲਕੁਲ ਬਦਲ ਗਿਆ ਸੀ। ਉਹਨੂੰ ਸ਼ਾਇਦ ਮਾਂ ਦਾ ਦੁੱਖ ਸੀ। ਮੰਦੀ ਨੂੰ ਤਾਂ ਉਹ ਪਹਿਲਾਂ ਹੀ ਨਹੀਂ ਸੀ ਚਾਹੁੰਦਾ। ਸ਼ਾਇਦ ਨਿੰਦੀ ਸਾਂਝ ਲੈਣ ਕਰਕੇ। ਉਹਦੇ ਬੁਝੇ ਹੋਣ ਦੀ ਮੈਨੂੰ ਖੁਸ਼ੀ ਹੋਈ। ਮੈਂ ਉਹਨੂੰ ਖੁਸ਼ ਵੇਖਣ ਦਾ ਚਾਹਵਾਨ ਵੀ ਨਹੀਂ ਸਾਂ। ਉਹ ਮੇਰੇ ਤੇ ਨਿੰਦੀ ਵਿਚਾਲੇ ਰੋੜਾ ਬਣ ਰਿਹਾ ਸੀ। ਪਰ ਕੀ ਉਹ ਮੈਥੋਂ ਨਿੰਦੀ ਖੋਹ ਕੇ ਲੈ ਜਾ ਸਕੇਗਾ? ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਉਹ ਨਹੀਂ ਸੀ ਜਾਣਦਾ ਸਮਾਂ ਬਦਲ ਚੁੱਕਾ ਸੀ, ਤੇ ਮੈਂ ਉਹ ਠਿੱਪਰ ਨਹੀਂ ਸਾਂ ਰਿਹਾ।

ਮੈਂ ਤਾਂ ਕਦੇ ਵਿਰੋਧੀ ਨੇਤਾ ਨਹੀਂ ਸੀ ਜਿੱਤਣ ਦਿੱਤਾ; ਫਿਰ ਇਹ ਮਨੀ ਕਿਆ ਚੀਜ਼ ਐ? ਮੇਰੇ ਕੋਲ ਸੱਤਾ ਐ... ਤਾਕਤ ਐ... ਪੈਸੈ... ਤੇ ਸਭ ਤੋਂ ਵੱਧ ਮੈਂ ਨਿੰਦੀ ਲਈ, ਬੁਰੇ ਦੇ ਘਰ ਤਕ ਜਾ ਸਕਦਾਂ।

ਉਹਨੂੰ ਕੀ ਪਤਾ... ਜਿਹੜੀ ਰਖੇਲ ਅੱਜ ਕਲ੍ਹ ਮੇਰੀ ਬੁੱਕਲ ਵਿਚ ਹੈ ਉਹ ਕਿਹੜਾ ਸੌਖੀ ਮਿਲ ਗਈ। ਵੀਹ ਪਾਪੜ ਵੇਲੇ, ਪਹਿਲਾਂ ਉਹਦੇ ਪਤੀ ਨੂੰ ਡਰੱਗ ਮਾਫ਼ੀਏ 'ਚ ਸੌਤ ਸਾਲੀ ਕਰਵਾਈ। ਕੁਝ ਮੁਸ਼ਕਿਲਾਂ ਖੜ੍ਹੀਆਂ ਕੀਤੀਆਂ, ਕੁਝ ਮਦਦ... ਬਾਕੀ ਚਿੱਤ। ਅੱਜ ਜਲੰਧਰ ਦੇ ਉਬਰਾਏ ਖ਼ਾਨਦਾਨ ਦੀ ਮਾਡਲ ਧੀ ਅਤੇ ਰੂਪਾ ਟਰੈਵਲ ਏਜੰਸੀ ਵਾਲਿਆਂ ਦੀ ਖ਼ੂਬਸੂਰਤ ਨੂੰਹ ਦਾਸ ਦੀ ਦਾਰੂ ਹੇਠ ਐ। ਫਿਰ ਨਿੰਦੀ ਵਾਲਾ ਮਾਮਲਾ ਤਾਂ ਲੀਹ 'ਤੇ ਸੀ। ਮੰਦੀ ਮਰ ਚੁੱਕਾ ਸੀ। ਨਿੰਦੀ ਰੋਟੀ ਲਈ ਆਤੁਰ ਸੀ। ਥੋੜ੍ਹਾ ਜਿਹਾ ਪੈਸਾ... ਥੋੜ੍ਹਾ ਜਿਹਾ ਧੱਕਾ... ਥੋੜ੍ਹੀ ਜਿਹੀ ਅਪਣੱਤ... ਤੇ ਮਾਮਲਾ ਚਿੱਤ; ਇਹ ਤਾਂ ਮਨੀ ਦੇ ਵਿਚ ਆ ਟਪਕਣ 'ਤੇ ਥੋੜ੍ਹਾ ਵੱਖਰਾ ਪਲਾਨ ਕਰਨਾ ਪਿਆ।

ਪਲਾਨ ਵੀ ਕਾਹਦਾ? ਕਿਸੇ ਹੋਟਲ 'ਚ ਮਨੀ ਦਾ ਉਤਾਰਾ... ਡਾ. ਖੋਸਲਾ ਵਲੋਂ ਡਰਿੰਕ ਵਿਚ ਦਿੱਤੇ ਨਸ਼ੇ ਦਾ ਇਕ ਡਰਾਪ...। ਤਿੰਨ ਚਾਰ ਕੁੜੀਆਂ ਨਾਲ ਮਨੀ ਦੇ



ਨੇਕਡ ਸਨੈਪ ਤੇ ਨਿੰਦੀ ਦੇ ਦਿਲੋਂ ਮਨੀ ਸਾਹਿਬ ਦਾ ਪੱਤਾ ਸਾਫ਼...। ਜੇ ਇਹ ਨਹੀਂ, ਤਾਂ ਫਿਰ ਨਿੰਦੀ ਗ਼ਾਇਬ।

ਹੋਰ ਵੀ ਕਈ ਜੁਗਤਾਂ ਸਨ; ਪਰ ਮੌਕੇ ਅਨੁਸਾਰ, ਹਥਿਆਰ ਉਹ ਜੋ ਕੰਮ ਆਵੇ...। ਪਿਛਲੇ ਮਹੀਨੇ ਹੀ ਹਾਲੇ ਮੈਂ ਆਪਣੀ ਸਟੈਨੋ ਦਾ ਫਸਤਾ ਵੱਢਿਆ ਸੀ। ਕਹਿੰਦੀ, "ਸਰ ਜ਼ਰਾ ਮੇਰੇ ਪੇਟ 'ਤੇ ਹੱਥ ਰੱਖ ਕੇ ਬੁਝਿਓ ਖਾਂ ਭਲਾ ਕੀ ਏ?" ਮੇਰਾ ਮੱਥਾ ਠਣਕਿਆ। ਸਾਲੀ ਨੇ ਪ੍ਰਕੋਸ਼ਨ 'ਚ ਧੋਖਾ ਕੀਤਾ। ਮੈਂ ਸੋਚਿਆ, ਅਸੀਂ ਤਾਂ ਉਡਦੇ ਪੰਛੀ ਦੇ ਪਰ ਗਿਣਦੇ ਆਂ ਬੱਲੀਏ! ਸਾਨੂੰ ਹੱਥ ਰੱਖਣ ਦੀ ਕੀ ਲੋੜ? ਲੈ ਤੂੰ ਪਹਿਲਾਂ ਬੀਅਰ ਦਾ ਇਕ ਪੈੱਗ ਗਟਕ...। ਬਸ ਇਕ ਡਰਾਪ ਪੁਆਇਜ਼ਨ, ਇਕ ਪੈੱਗ... ਤੇ ਘਰ ਤਕ ਜਾਂਦੀ ਦਾ ਪੱਤਾ ਸਾਫ਼। ਕੇਵਲ ਪੱਤਾ ਹੀ ਸਾਫ਼ ਨਹੀਂ ਜਨਾਬ ਖ਼ੁਦ ਪੋਸਟ ਮਾਰਟਮ... ਖ਼ੁਦ ਕਿਰਿਆ ਕਰਮ, ਸਾਲ ਦੀ ਤਨਖ਼ਾਹ ਗ਼ਰੀਬ ਮਾਂ ਪਿਉ ਦੀ ਜੇਬ ਵਿਚ ਤੇ ਛੋਟੀ ਭੈਣ (ਅੰਡਰ ਗਰੈਜੂਏਟ) ਨੂੰ ਅਪਾਇੰਟਮੈਂਟ ਲੈਟਰ...। ਆਖ਼ਰ ਨੇਤਾਗਿਰੀ ਕਿਆ ਚੀਜ਼ ਐ?

ਮਨੀ ਚੁੱਪ ਸੀ ਤੇ ਲਗਾਤਾਰ ਬਾਹਰ ਵੇਖ ਰਿਹਾ ਸੀ। ਮੈਂ ਉਹਨੂੰ ਹਕਾਰਤ ਦੀ ਅੱਖ ਨਾਲ ਵੇਖਿਆ ਤੇ ਪਟਿਆਲੇ ਪੁੱਜਣ ਤਕ ਪਿੱਠ ਕਾਰ ਸੀਟ ਦੀ ਢੋਹ ਨਾਲ ਲਾ ਲਈ।

## ਵਰਤਮਾਨ ਬਨਾਮ ਅਤੀਤ

ਪੰਜ ਸਾਲ ਬਾਅਦ ਮੈਂ ਜਿਸ ਚਾਅ ਨਾਲ ਏਅਰਪੋਰਟ 'ਤੇ ਉੱਤਰਿਆ ਸਾਂ। ਪੰਡਿਤ ਅਤੇ ਠਿੱਪਰ ਨੂੰ ਮਿਲਦਿਆਂ, ਠੁੱਸ ਹੋ ਗਿਆ। ਠਿੱਪਰ ਦੀ ਕਾਂਗਰਸੀ ਦਿੱਖ ਬਨਾਵਟੀ, ਅੱਖ ਨਾਸ਼ੁਕਰੀ ਅਤੇ ਚਿਹਰਾ ਭਾਵਹੀਣ ਸੀ। ਪੰਡਤ ਮਾਡਰਨ ਸਾਧੂਆਂ ਦੇ ਭੇਸ ਵਿਚ ਸੀ। ਭਗਵਾਂ ਚੋਲਾ... ਗਲ ਮੋਟੇ ਮਣਕਿਆਂ ਦੀ ਮਾਲਾ। ਮੋਟੇ ਨਗਾਂ ਦੀਆਂ ਛੇ ਅੰਗੂਠੀਆਂ। ਮੱਥੇ ਤਿਲਕ... ਮੂੰਹ 'ਚ ਪਾਨ ਅਤੇ ਹਰ ਸਾਹ ਨਾਲ ਹਰੀ ਓਮ... ਹਰੇ ਹਰੇ...। ਬਾਕੀ ਸਭ ਕੁਝ ਵਿਲਾਇਤੀ। ਮਹਿੰਗੇ ਜੁੱਤੇ, ਰੇਬਨ ਦੇ ਚਸ਼ਮੇ, ਵੱਡੀ ਗੋਗੜ ਤੇ ਵਿਦੇਸ਼ੀ ਪ੍ਰਫਿਊਮ ਦੇ ਉੱਡਦੇ ਬੁੱਲ੍ਹੇ।... ਪਤਾ ਲੱਗਾ ਅੱਜ ਕਲ੍ਹ ਉਹ ਇਕ ਮੰਦਰ ਦਾ ਮੁਖੀਆ ਸੀ ਅਤੇ ਭਗਵਾਨ ਨਾਲ ਉਸਦੀ ਸਿੱਧੀ ਗੱਲ-ਬਾਤ ਸੀ ਜਿਸਦੇ ਸਿੱਟੇ ਵਜੋਂ ਜਿਤਨਾ ਉਹ ਪੈਸੇ ਤੋਂ ਦੂਰ ਭੱਜਦਾ ਦੌਲਤ ਉਹਦੇ ਪੈਰਾਂ 'ਚ ਰੁਲਦੀ, ਜਿਤਨਾ ਉਹ ਔਰਤਾਂ ਨੂੰ ਦੂਰ ਰੱਖਣ ਦੀ ਕੋਸ਼ਿਸ਼ ਕਰਦਾ, ਸ਼ਰਧਾਲੂ ਉਹਦੀ ਛੋਹ ਨੂੰ ਤਰਸ ਜਾਂਦੇ।

ਮੈਂ ਸਾਰਾ ਧਿਆਨ ਨਿੰਦੀ 'ਤੇ ਕੇਂਦਰਿਤ ਕਰ ਲਿਆ। ਠਿੱਪਰ ਦੀ ਹਰ ਗੱਲ ਮੈਮਾਂ ਦੇ ਨੰਗ 'ਤੇ ਆ ਕੇ ਮੁੱਕ ਜਾਂਦੀ ਤਾਂ ਉਸ ਤੋਂ ਵੀ ਪਾਸਾ ਵੱਟ ਕੇ ਚੁੱਪੀ ਸਾਧ ਲਈ। ਇਉਂ ਦਿੱਲੀ ਤੋਂ ਪਟਿਆਲੇ ਤਕ ਦਾ ਸਫ਼ਰ ਬੜਾ ਫਿੱਕਾ ਰਿਹਾ।

ਆਪਣੇ ਜੱਦੀ ਸ਼ਹਿਰ 'ਚ ਦਾਖ਼ਲ ਹੋਇਆ ਤਾਂ ਅੰਦਰ ਇਕ ਤਾਰ ਜਿਹੀ ਛਿੜੀ...। ਠਿੱਪਰ ਨੇ ਮੇਰਾ ਉਤਾਰਾ ਸ਼ਹਿਰ ਦੇ ਇਕ ਬੜੇ ਮਹਿੰਗੇ ਹੋਟਲ 'ਚ ਕੀਤਾ ਸੀ;

ਪਰ ਮੈਂ ਘਰ ਜਾਣ ਲਈ ਬਜ਼ਿਦ ਸਾਂ। ਬੜਾ ਕਚੀਰਾ ਹੋਇਆ। ਉਹ ਨਰਾਜ਼ ਹੋ ਗਿਆ ਤੇ ਹੋਟਲ ਤੋਂ ਹੀ ਵੱਖ ਹੋ ਗਿਆ।

ਘਰ ਆ ਕੇ ਮੈਂ ਵੀ ਉਦਾਸ ਹੋ ਗਿਆ। ਠਿੱਪਰ ਕਰਕੇ ਨਹੀਂ। ਸਗੋਂ ਇਸ ਲਈ ਕਿ ਮੇਰੇ ਆਉਣ ਦੀ ਕਿਸੇ ਨੂੰ ਖ਼ਬਰ ਹੀ ਨਹੀਂ ਸੀ। ਸਭ ਕੁਝ ਸੋਚ ਤੋਂ ਉਲਟ। ਨਾ ਭੀੜ, ਨਾ ਸੁਆਗਤ। ਕੁਝ ਲੋਕਾਂ ਮੈਨੂੰ ਦੂਰੋਂ ਹੀ ਕਾਰ 'ਚੋਂ ਸਮਾਨ ਕੱਢਦਿਆਂ ਵੇਖਿਆ ਤੇ ਬਸ...। ਡਰਾਈਵਰ ਮੇਰੇ ਆਉਣ ਬਾਰੇ ਅੰਦਰ ਦੱਸ ਕੇ ਚਲਦਾ ਬਣਿਆ।

ਬੈਠਕ ਖੁੱਲ੍ਹੀ ਸੀ। ਮੈਂ ਅੰਦਰ ਚਲਿਆ ਗਿਆ। ਵੜਦਿਆਂ ਹੀ ਮੈਂ ਮਹਿਸੂਸ ਕੀਤਾ, ਨਿੰਦੀ ਬਾਹਰ ਨਹੀਂ ਸੀ ਆਈ? ਪਰ ਇਸ ਤੋਂ ਪਹਿਲਾਂ ਕਿ ਮੈਂ ਕੁਝ ਹੋਰ ਸੋਚਦਾ, ਮੈਂ ਬੈਠਕ ਵਿਚਲੀ ਸਿੱਲ੍ਹ ਤੇ ਕੱਲਰ ਦੀ ਹਮਕ ਬਾਰੇ ਸੋਚਣ ਲੱਗਾ।

ਪੁਰਾਣੀਆਂ ਅਲਮਾਰੀਆਂ, ਡਾਟਾਂ ਵਾਲੇ ਬੂਹੇ ਬਾਰੀਆਂ, ਮਾਂ ਦਾ ਨੁਆਰੀ ਪਲੰਘ ਉਵੇਂ ਦਾ ਉਵੇਂ ਸੀ ਪਰ ਸਭ ਕੁਝ ਪੁਰਾਣਾ ਅਤੇ ਮਟਿਆਲਾ ਜਿਹਾ। ਅਮਰੀਕਾ 'ਚ ਹੁੰਦਾ ਤਾਂ ਉਹ ਸਭ ਕੁਝ ਐਂਟੀਕ ਬਣ ਗਿਆ ਹੁੰਦਾ। ਮੈਂ ਕਾਹਲੀ ਨਾਲ ਸੂਟਕੇਸ ਟੇਬਲ 'ਤੇ ਰੱਖੇ ਅਤੇ ਡੂੰਘਾ ਹਉਕਾ ਲਿਆ।...

ਬਾਹਰ ਸ਼ਾਮ ਗੂਹੜੀ ਹੋ ਰਹੀ ਸੀ। ਮੈਂ ਬਾਰੀ ਦੇ ਰੰਗਦਾਰ ਸ਼ੀਸ਼ੇ, ਉਨ੍ਹਾਂ 'ਚੋਂ ਝਰਦਾ ਚਾਨਣ... ਪੱਖਰ ਦੀ ਛੱਤ ਅਤੇ ਬਾਜ਼ਾਰ ਵੱਲ ਖੁੱਲ੍ਹਦਾ ਬੈਠਕ ਦਾ ਬੂਹਾ ਵੇਂਹਦੇ ਪਲੰਘ 'ਤੇ ਟੇਢੇ ਹੁੰਦੇ ਅੱਖਾਂ ਮੀਟ ਲਈਆਂ।

ਪਲ ਦਾ ਪਲ ਮੈਨੂੰ ਆਉਣ ਦਾ ਪਛਤਾਵਾ ਹੋਇਆ।

ਤਦੇ ਖੜਕਾ ਹੋਇਆ।

ਇਸ ਤੋਂ ਪਹਿਲਾਂ ਕਿ ਮੈਂ ਉੱਠਦਾ, ਸੰਭਲਦਾ ਅਤੇ ਦੇਖਦਾ, ਕੋਈ ਮੇਰੇ ਨਾਲ ਲਿਪਟ ਕੇ ਰੋਣ ਲੱਗਾ।

ਮੈਂ ਬੌਂਦਲ ਗਿਆ। ਇਹ ਕਿਹੋ ਜਿਹਾ ਸੁਆਗਤ ਸੀ?

ਪਾਸ਼ੀ ਸੀ।

"ਐਨਾ ਗੁੱਸਾ... ਮੁੜ ਕੇ ਵਾਤ ਹੀ ਨਾ ਲਈ ਦੀਦੀ ਦੀ...!"

ਉਹਨੇ ਨੱਕ ਸਿਣਕਿਆ ਤੇ ਅੱਥਰੂ ਪੂੰਝੇ।

ਮੈਂ ਹੈਰਾਨ ਹੋਇਆ, ਕੀ ਇਹ ਉਹੋ ਪਾਸ਼ੀ ਸੀ? ਜਿਸ ਨੂੰ ਮੈਂ ਛੱਡ ਕੇ ਗਿਆ ਸਾਂ? ਚੌੜੀ ਚਕਲੀ... ਥੁਲਥੁਲ ਕਰਦੀ, ਕਿਸੇ ਕੋਠੇ ਦੀ ਬਾਈ ਜਿਹੀ।

ਮੈਂ ਉਹਨੂੰ ਕੋਈ ਗਿਫ਼ਟ ਦੇਣਾ ਚਾਹੁੰਦਾ ਸਾਂ ਪਰ ਸੂਟਕੇਸ ਹਾਲੇ ਖੋਹਲੇ ਨਹੀਂ ਸਨ ਤੇ ਮੈਂ ਸੋਚ ਵੀ ਨਹੀਂ ਸਾਂ ਸਕਿਆ ਕਿ ਮੈਨੂੰ ਕੀ ਦੇਣਾ ਚਾਹੀਦਾ ਸੀ।

ਉਹ ਬੋਲਦੀ ਰਹੀ।...

ਪਰ ਮੈਨੂੰ ਕੇਵਲ ਇਤਨਾ ਸੁਣਿਆ, "ਬੜੇ ਤਸੀਹੇ ਦਿੱਤੇ ਮੌਦੀ ਨੇਂ..."

ਪਾਸ਼ੀ ਪਰਤ ਗਈ ਪਰ ਮੇਰੇ ਅੰਦਰ ਕੋਈ ਜਵਾਲਾਮੁਖੀ ਉੱਠ ਖੜਿਆ।



ਜਾਣਦਾ ਸਾਂ ਨਿੰਦੀ ਅੰਦਰ ਸੀ, ਪਰ ਮੈਂ ਵਿਹੜੇ ਵਿਚ ਜਾਣ ਦੀ ਥਾਂ ਪੌੜੀਆਂ ਚੜ੍ਹ, ਚੁਬਾਰੇ ਦੀ ਛੱਤ 'ਤੇ ਆ ਗਿਹਾ।

ਉਹੀ ਛੱਤ, ਉਹੀ ਥਾਂ... ਜਿਥੇ ਬਚਪਨ ਬੀਤਿਆ, ਪਰ ਸਭ ਕੁਝ ਓਪਰਾ ਓਪਰਾ...। ਤਦੇ ਪੌੜੀਆਂ 'ਚ ਖੜਕਾ ਹੋਇਆ।

ਨਿੰਦੀ ਸੀ...

ਨਹੀਂ, ਸ਼ਾਇਦ ਕੋਈ ਔਰਤ ਸੀ। ਦੋ ਬੱਚੇ ਇਕ ਕੁੱਛੜ, ਇਕ ਉਂਗਲੀ ਨਾਲ...।

ਉਹ ਕਾਹਲੀ ਨਾਲ ਮੇਰੇ ਪੈਰਾਂ ਵੱਲ ਝੁਕੀ।

"ਓ ਨੋ!..." ਮੈਂ ਝਿਜਕਦੇ ਕਿਹਾ।

"ਪੈਰੀਂ ਹੱਥ ਲਾ ਤਾਇਆ ਜੀ ਦੇ...!" ਉਹਨੇ ਬੱਚੇ ਨੂੰ ਕਿਹਾ।

ਉਹ ਇਕੋ ਫ਼ਿਕਰੇ ਨਾਲ ਮੈਥੋਂ ਕਈ ਵਰ੍ਹੇ ਛੋਟੀ ਬਣ ਗਈ।

ਮੈਂ ਨੀਝ ਨਾਲ ਵੇਖਿਆ। ਉਹ ਸਸਤੇ ਲੀੜਿਆਂ ਵਿਚ ਸੀ। ਪਰ ਚਿਹਰੇ ਦੀ ਆਭਾ ਤੇਜੱਸਵੀ ਸੀ। ਨਾਜ਼ੀਆ ਕਿੱਥੇ ਸੀ? ਗੋਰੀ ਨਿਛੋਹ... ਲਟ ਲਟ ਬਲਦੀ... ਨਿੱਕੀ ਜਿਹੀ ਛੋਹ 'ਤੇ ਛੁਈ ਮੁਈ।... ਚੀਰਦੀ ਮੁਸਕਾਨ... ਗੱਲ੍ਹਾਂ 'ਚ ਟੋਏ... ਪਤਲਾ ਲੱਕ... ਭਰਵੀਂ ਛਾਤੀ 'ਤੇ ਲਗਰ ਜਿਹਾ ਕੱਦ...। ਇਹ ਤਾਂ ਕੋਈ ਤਾਂਬੇ ਰੰਗੀ ਸੀ। ਨੀਵੀਂ ਅੱਖ... ਫਰਕਦੇ ਬੁੱਲ੍ਹ... ਤੇ ਧੁਆਂਖੇ ਪੈਰ... ਉਹਦੀ ਬਾਂਹ 'ਤੇ ਤਾਜ਼ੇ ਜ਼ਖ਼ਮ ਦਾ ਖਰੀਂਢ ਸੀ। ਮੇਰੇ ਦੇਖਦਿਆਂ ਹੀ ਉਹਨੇ ਚੁੰਨੀ ਹੇਠ ਕੱਜ ਲਿਆ।

"ਚਲ ਰੋਟੀ ਪਕਾਈਏ ਚੱਲ ਕੇ..." ਉਹ ਜਾਣ ਲਈ ਬੱਚੇ ਨੂੰ ਬੋਲੀ। "ਪਤਾ ਨਹੀਂ ਸੀ ਤੁਸੀਂ ਆਉਗੇ ਏਧਰ" ਉਹ ਕਾਹਲੀ ਨਾਲ ਪੌੜੀਆਂ ਉਤਰ ਗਈ।

ਤੜਪ ਕੇ ਮੈਂ ਚੁਫ਼ੇਰੇ ਦੀਆਂ ਮਮਟੀਆਂ ਵਿਚੋਂ ਨਿੰਦੀ ਦਾ ਉਹ ਘਰ ਲੱਭਣ ਲੱਗਾ, ਜਿਹੜਾ ਕਦੇ ਨਾਜ਼ੀਆ ਦਾ ਘਰ ਸੀ।

ਅਚਨਚੇਤ ਮੈਨੂੰ ਇਕ ਦ੍ਰਿਸ਼ ਚੇਤੇ ਆਇਆ।

ਉਸ ਦਿਨ, ਗੋਂਦਨੀਆਂ ਤੋੜਨ ਲਈ ਲਸੂੜੇ ਦੀ ਟੀਸੀ ਵੱਲ ਸਿਟਿਆ ਰੋੜਾ ਕਿਸੇ ਦੇ ਵਿਹੜੇ ਵਿਚ ਜਾ ਡਿੱਗਾ ਸੀ। ਨਾਲ ਦੇ ਆੜੀ ਦੌੜੇ, ਮੈਂ ਡਾਡ ਮਾਰੀ। ਹੋਸ਼ ਆਈ ਤਾਂ ਨਾਜ਼ੀਆ ਦੀ ਅੰਮੀਂ ਸੀ।

"ਕਮਲਿਆ! ਜੇ ਰੋੜਾ ਤੇਰੀ ਇਸ ਅੰਮੀ ਨੂੰ ਜਾ ਲੱਗਦਾ?"

ਮੈਂ ਰੋਣ ਲੱਗਾ।

ਉਸ ਦਿਨ ਤੋਂ ਬਾਅਦ ਜਦੋਂ ਵੀ ਅੰਮੀ ਮੈਨੂੰ ਲਸੂੜੇ ਥੱਲੇ ਦੇਖਦੀ, ਨਾਜ਼ੀਆ ਨੂੰ ਕਹਿੰਦੀ, "ਨੀ ਕੁੜੇ ਜਾ ਕੋਠੇ 'ਤੇ, ਲਸੂੜੇ ਤੋੜ ਕੇ ਦੇਹ ਮੇਰੀ ਛੱਡ ਨੂੰ!"

ਤੇ ਨਾਜ਼ੀਆ ਜਿਹੜੀ ਵੀ ਗੋਂਦਨੀਂ ਤੋੜ ਕੇ ਦੇਂਦੀ, ਉਸ ਵਿਚ ਅੰਤਾਂ ਦਾ ਸ਼ਹਿਦ ਭਰ ਜਾਂਦਾ।...

ਨਾਜ਼ੀਆ ਬਹੁਤ ਸੋਹਣੀ ਸੀ। ਕੋਲ ਹੁੰਦੀ ਤਾਂ ਮੈਂ ਹਵਾ 'ਚ ਉੱਡਣ ਲੱਗਦਾ। ਜਾਪਦਾ, ਹੁਣੇ ਕੋਈ ਤਾਰਾ ਤੋੜ ਕੇ ਕਹਾਂਗਾ। "ਲੈ ਇਹਨੂੰ ਕੋਕੇ 'ਚ ਜੜ ਲੈ ਨਾਜ਼ੀਆ।" ਪਰ ਉਹਦਾ ਕੋਕਾ ਤਾਂ ਬਿਨਾਂ ਤਾਰੇ ਤੋਂ ਹੀ ਚਮਕਣ ਲੱਗਦਾ... ਜਦੋਂ ਉਹ ਪੌੜੀਆਂ ਦੇ ਹਨੇਰੇ ਵਿਚ ਮੇਰੀਆਂ ਦੋਵੇਂ ਗੱਲ੍ਹਾਂ ਘੁੱਟ ਕੇ ਕਹਿੰਦੀ... "ਕਿਉਂ ਵੇ ਬੁੱਧੂਆ... ਤੈਨੂੰ ਮਿੱਠੀ ਫਿੱਕੀ ਗੰਦਲੀ ਦਾ ਵੀ ਨਹੀਂ ਪਤਾ?"

ਮੈਂ ਜਾਣਦਾ ਸਾਂ... ਉਹ ਬਹੁਤ ਮਿੱਠੀ ਸੀ।

ਕਈ ਵੇਰ ਤਾਂ ਕਿਸੇ ਬਹੁਤ ਮਿੱਠੀ ਗੰਦਲੀ ਨੂੰ ਬੁੱਲਾਂ ਵਿਚ ਘੁੱਟ ਕੇ ਉਹ ਮੇਰੇ ਬੁੱਲ੍ਹਾਂ ਵਿਚ ਹੀ ਸਰਕਾ ਦਿੰਦੀ...।

ਫਿਰ ਅਚਾਨਕ (ਪਤਾ ਨਹੀਂ ਕਦੋਂ ਅਤੇ ਕੇਹੀ) ਇਕ ਹਨੇਰੀ ਆਈ ਕਿ ਇਨ੍ਹਾਂ ਸਾਰੀਆਂ ਮਿੱਠੀਆਂ-ਫਿੱਕੀਆਂ ਗੰਦਲੀਆਂ ਵਿਚ ਜ਼ਹਿਰ ਭਰ ਗਈ।

ਉਸ ਦਿਨ ਅਸੀਂ ਕੋਠੇ 'ਤੇ ਸਾਂ, ਕਿ ਥੱਲੇ ਬਾਜ਼ਾਰ ਵਿਚ ਸ਼ੋਰ ਉੱਚਾ ਹੋਇਆ।

"ਪਾਕਿਸਤਾਨ ਜ਼ਿੰਦਾਬਾਦ"

ਮੇਰੇ ਲਈ ਇਹ ਬੋਲ ਨਵੇਂ ਸਨ। ਪਰ ਨਾਜ਼ੀਆ ਨੇ ਦੋਵੇਂ ਗੋਡੇ ਭੁੰਏ 'ਤੇ ਟੇਕ ਲਏ ਅਤੇ ਦੋਵੇਂ ਹੱਥ ਫੈਲਾ ਕੇ ਕਿਹਾ।

"ਯਾ ਅੱਲ੍ਹਾ!"

ਉਹ ਬਿਨਾਂ ਕੁਝ ਬੋਲੇ ਥੱਲੇ ਉਤਰ ਗਈ।

ਵਿਹੜੇ ਵਿਚ ਅੰਮਾ ਨਮਾਜ਼ ਪੜ੍ਹ ਰਹੀ ਸੀ। ਫਾਰਗ ਹੋਈ ਤਾਂ ਪੁੱਛਿਆ।

"ਇਹ ਪਾਕਿਸਤਾਨ ਕੀ ਏ ਅੰਮਾਂ?"

"ਸਿਰ ਏ ਇਨ੍ਹਾਂ ਕੰਜਰਾਂ ਦਾ... ਤੂੰ ਘਰ ਜਾਹ ਪੁੱਤ" ਉਹ ਬੋਲੀ।

ਕਿੰਨਾ ਕੁਝ ਸੀ ਜੋ ਮੇਰੇ ਚੇਤੇ 'ਚੋਂ ਅੱਖ ਦੇ ਫੋਰ ਵਾਂਗ ਲੰਘ ਗਿਆ।

ਘਰ ਪਰਤਿਆ ਤਾਂ ਕੁਝ ਹੋਰ ਲੋਕ ਨਾਅਰੇ ਮਾਰਦੇ ਲੰਘੇ।

"ਇਕ ਪਕੌੜਾ ਤੇਲ ਮੇਂ... ਪਾਕਿਸਤਾਨ ਜੇਲ੍ਹ ਮੇਂ...।"

ਸੋਚਦਾ ਰਿਹਾ, ਕੋਈ ਇਕ ਪਕੌੜੇ ਬਦਲੇ ਜੇਲ੍ਹ ਕਿਵੇਂ ਜਾ ਸਕਦੈ?

ਅਗਲੇ ਦਿਨ ਸਕੂਲ ਗਏ ਤਾਂ ਕੁਝ ਮੁੰਡੇ ਸਾਥੋਂ ਨਿੱਖੜ ਕੇ ਵੱਖਰੀਆਂ ਟੋਲੀਆਂ ਵਿਚ ਬੈਠ ਗਏ। ਮੈਂ ਇਹ ਗੱਲ ਮਾਂ ਨੂੰ ਪੁੱਛੀ ਤਾਂ ਉਸ ਝਿੜਕ ਕੇ ਕਿਹਾ।

"ਕੋਈ ਕਿਤੇ ਬੈਠੇ... ਤੂੰ ਹਿੰਦੂ ਸਿੱਖਾਂ 'ਚ ਬੈਠਿਆ ਕਰ।"

ਮੈਂ ਉਚਾਟ ਹੋ ਗਿਆ। ਸੋਚਿਆ, ਅੰਮਾਂ ਨੂੰ ਪੁੱਛਾਂਗਾ।

ਅੰਮਾਂ ਵੱਲ ਗਿਆ ਤਾਂ ਕੁਝ ਲੋਕ ਸਾਮ੍ਹਣੇ ਮਸੀਤ ਦੇ ਥੜ੍ਹੇ 'ਤੇ ਖੀਰ ਪੂੜੇ ਖਾ ਰਹੇ ਸਨ। ਪੁੱਛਿਆ ਤਾਂ ਬੋਲੀ।

"ਤੂੰ ਖੀਰ ਖਾਹ ਪੁੱਤ ਤੇਂ ਕੀ ਲੈਣੈਂ ਇਨ੍ਹਾਂ ਗੱਲਾਂ ਤੋਂ...।"

ਅਚਾਨਕ ਜ਼ੋਰ ਦੀ ਥੱਪੜ ਪਿਆ।



ਮਾਂ ਸੀ।

"ਨੀ ਸ਼ਰਮ ਕਰ ਜੀਨਤੇ; ਕਿਉਂ ਮੇਰੇ ਪੁੱਤ ਦਾ ਜਨਮ ਭ੍ਰਿਸ਼ਟ ਕਰਨ ਡਹੀ ਏਂ...।"

ਮਾਂ ਮੈਨੂੰ ਕੁੱਟਦੀ ਗੁਰਦੁਆਰੇ ਲੈ ਆਈ।

"ਹੇ ਸੱਚੇ ਪਾਤਸ਼ਾਹ ਮਿਹਰ ਕਰੀਂ ਬੱਚੇ 'ਤੇ... ਇਹਨੂੰ ਵਿਚਾਰੇ ਨੂੰ ਕੀ ਪਤਾ, ਕੌਣ ਸਿੱਖ ਤੇ ਕੌਣ ਮੁਸਲਮਾਨ...।"

ਘਰ ਆਏ ਤਾਂ ਪਿਤਾ ਜੀ ਤੜਫ਼ੇ ਪਏ ਸਨ।

"ਚਲੋ ਅੰਦਰ, ਸ਼ਹਿਰ 'ਚ ਦੰਗੇ ਭੜਕ ਪਏ।"

ਸਭ ਬੂਹੇ ਬਾਰੀਆਂ ਭੀੜ ਲਏ ਗਏ। ਪਰ ਫਿਰ ਵੀ ਤਲਵਾਰਾਂ ਅੱਗ ਦੀਆਂ ਜੀਭਾਂ ਵਾਂਗ ਲਿਸ਼ਕੀਆਂ।...

ਫਿਰ ਉਸ ਰਾਤ ਜਿਵੇਂ ਸੂਰਜ ਹੀ ਕਤਲ ਹੋ ਗਿਆ। ਲਾਲੀ ਸਿਸਕੀਆਂ ਭਰਨ ਲੱਗੀ ਤੇ ਰਾਤ ਜਿਵੇਂ ਧੁਆਂਖੀ ਗਈ। ਘੜੀਆਂ ਪਲਾਂ ਵਿਚ ਹੀ ਜਨੂੰਨ ਦਾ ਜਿਵੇਂ ਕੋਈ ਜਵਾਰਭਾਟਾ ਉੱਠ ਖੜ੍ਹਿਆ।...

ਯਾਦ ਆਉਣ 'ਤੇ ਮੈਂ ਕੰਬ ਉੱਠਿਆ ਅਤੇ ਬਨੇਰੇ ਨਾਲ ਢੋਹ ਲਾ ਲਈ। ਵਰ੍ਹਿਆਂ ਤਕ ਇਹ ਦ੍ਰਿਸ਼ ਮੇਰੇ ਚੇਤੇ ਦਾ ਹਿੱਸਾ ਰਹੇ ਸਨ। ਪਰ ਉਸੇ ਹੀ ਕੋਠੇ ਦੀ ਛੱਤ 'ਤੇ ਖਲੋ ਕੇ, ਦੁਬਾਰਾ ਚੇਤੇ ਕਰਨਾ ਤਕਲੀਫ਼ ਦੇਹ ਜਾਪਿਆ।

ਮੈਨੂੰ ਯਾਦ ਆਇਆ।

ਉਸ ਰਾਤ ਮਾਂ ਬਹੁਤ ਸਹਿਮ ਗਈ ਸੀ। ਪਰ ਪਿਤਾ ਜੀ ਚੁੱਲ੍ਹੇ ਦੀ ਅੱਗ ਵਿਚ ਬਰਛੀ ਦੇ ਫ਼ਲ ਲਈ ਰੇਤੀ ਦਾ ਟੁਕੜਾ ਗਰਮ ਕਰਨ ਲੱਗੇ ਸਨ। ਇਹ ਦ੍ਰਿਸ਼ ਮੈਂ ਜਦੋਂ ਵੀ ਯਾਦ ਕਰਦਾਂ, ਤਾਂ ਕੰਬ ਉੱਠਦਾ ਹਾਂ। ਅੰਗਿਆਰ ਚੁੱਲ੍ਹੇ ਵਿਚ ਨਹੀਂ ਪਿਤਾ ਜੀ ਦੀਆਂ ਅੱਖਾਂ ਵਿਚ ਦਘਣ ਲੱਗੇ ਸਨ। ਆਖ਼ਰ ਕਿਹੋ ਜਿਹੀ ਹਵਾ ਸੀ ਜਿਸ ਨੂੰ ਰੰਬਾ ਮਾਰਨ ਲਈ ਔਜ਼ਾਰਾਂ ਨੂੰ ਹਥਿਆਰਾਂ ਵਿਚ ਬਦਲਣ ਦੀ ਲੋੜ ਪੈ ਗਈ ਸੀ।...

ਥੱਲੇ ਰੋਟੀ ਲਈ ਨਿੰਦੀ ਉਡੀਕ ਕਰ ਰਹੀ ਸੀ। ਪਰ ਮੈਂ ਸੋਚਾਂ ਵਿਚ ਉਤਰ ਰਿਹਾ ਸਾਂ।...

ਦੂਜੇ ਦਿਨ ਕਰਫ਼ਿਊ ਲੱਗ ਗਿਆ। ਬਾਹਰ ਨਿਕਲਣ 'ਤੇ ਗੋਲੀ ਦਾ ਹੁਕਮ ਸੀ। ਪਰ ਸ਼ਹਿਰ ਵਿਚ ਕਿੰਨੇ ਦੰਗੇ ਹੋਏ, ਬਲਵੇ ਹੋਏ, ਅੱਗਾਂ ਲੱਗੀਆਂ, ਜਬਰ-ਜਨਾਹ ਹੋਏ, ਘਰ ਲੁੱਟੇ ਗਏ, ਸਭ ਨੂੰ ਪਤਾ ਸੀ।

ਖ਼ਬਰਾਂ ਹਵਾ ਵਿਚ ਉੱਡ ਰਹੀਆਂ ਸਨ।

ਕਰਫ਼ਿਊ ਖੁੱਲ੍ਹਿਆ ਤਾਂ ਪਿਤਾ ਜੀ ਕਾਹਲੀ ਨਾਲ ਪਰਤ ਆਏ। ਪਤਾ ਲੱਗਾ, ਨਾਲ ਦੀ ਗਲੀ ਵਿਚ ਅੱਲਾ ਰੱਖੇ ਦਾ ਟੱਬਰ ਵੱਢ ਦਿੱਤਾ ਗਿਆ ਸੀ।

ਇਕ ਦਮ ਭਗਦੜ 'ਤੇ ਦੁਕਾਨਾਂ ਬੰਦ ਹੋਣ ਲੱਗੀਆਂ।

ਅਚਾਨਕ ਲੇਰ ਸੁਣੀ।

"ਅੱਲ੍ਹਾ ਦੇ ਵਾਸਤੇ ਬੂਹਾ ਖੋਲ੍ਹ ਬੀਰੇ... ਮਾਰ ਦੇਣਗੇ ਮੈਨੂੰ...।"

ਬੈਠਕ ਦਾ ਬੂਹਾ ਖੜਕਣ ਲੱਗਾ।

ਪਿਤਾ ਜੀ ਬੂਹੇ ਨਾਲ ਲੱਗ ਕੇ ਖੜ੍ਹੇ ਸਨ।

ਨਾਜ਼ੀਆ ਦਾ ਅੱਬਾ ਸੀ। ਜਦੋਂ ਵੀ ਗਲੀ 'ਚੋਂ ਲੰਘਦਾ, ਪਿਤਾ ਜੀ ਮੈਨੂੰ ਝਿੜਕ ਕੇ ਕਹਿੰਦੇ, "ਪੈਰੀਂ ਹੱਥ ਲਾ ਉਏ ਤਾਏ ਦੇ... ਸੀਸ ਲੈ ਸ਼ਾਹ ਜੀ ਦੀ।"

ਅਸੀਂ ਦੇਖਿਆ; ਪਿਤਾ ਜੀ ਦੀ ਦਾੜ੍ਹੀ ਵਿਚ ਕੁਝ ਅੱਥਰੂ ਡਿੱਗ ਕੇ ਅਟਕ ਗਏ ਸਨ।

ਕੁਝ ਦੇਰ ਬਾਅਦ ਫਿਰ ਰੌਲਾ ਪਿਆ।

"ਹਿੰਦੋਸਤਾਨ ਜ਼ਿੰਦਾਬਾਦ.." ਦਗੜ ਦਗੜ ਤੇ ਚੁੱਪ।

ਪਿਤਾ ਜੀ ਨੇ ਦਰਵਾਜ਼ਾ ਖੋਲ੍ਹ ਕੇ ਵੇਖਿਆ, ਦੂਰ ਤਕ ਸੁੰਨ ਸੀ।

ਸਵੇਰੇ ਸੁਣਿਆ, ਸ਼ਹਿਰ ਵਿਚ ਇਤਨਾ ਕਤਲੇਆਮ ਹੋਇਆ, ਲਾਸ਼ਾਂ ਸੜ ਰਹੀਆਂ ਸਨ। ਕਿਸੇ ਦਾ ਕੋਈ ਵਾਲੀਵਾਰਸ ਨਹੀਂ ਸੀ। ਕਿਸੇ ਨੇ ਮਾਂ ਨੂੰ ਦੱਸਿਆ। ਇਕ ਔਰਤ ਤੇ ਉਹਦੀ ਧੀ ਨੂੰ ਪਹਿਲਾਂ ਪਿਉ, ਪਤੀ ਅਤੇ ਭਰਾ ਦੇ ਸਾਹਮਣੇ ਜਦੋਂ ਅਸਮਤ ਲੁੱਟ ਕੇ ਕਿਰਪਾਨਾਂ ਨਾਲ ਚੀਰਿਆ ਗਿਆ ਤਾਂ ਮਾਂ ਦੀ ਘੰਡੀ ਵਿਚ ਸਾਹ ਅੜ ਰਹਿ ਗਏ।

ਉਹ ਰਾਹੀਆਂ ਦੇ ਤਰਲੇ ਲਵੇ। "ਅੱਲ੍ਹਾ ਦੇ ਵਾਸਤੇ ਮਾਰ ਦਿਉ ਮੈਨੂੰ" ਕੋਈ ਵਾਹ ਨਾ ਚੱਲੀ ਤਾਂ ਮਿੱਟੀ 'ਚ ਮੂੰਹ ਦੇ ਕੇ ਜਾਨ ਦੇ ਦਿੱਤੀ।

ਮਾਂ ਵਾਖਰੂ-ਵਾਖਰੂ ਕਰਦੀ ਅੰਦਰ ਲੰਘ ਗਈ ਤਾਂ ਇਕਾ-ਇਕ ਬੂਹਾ ਖੜਕਿਆ। ਖੋਲ੍ਹਿਆ ਤਾਂ ਨਾਜ਼ੀਆ, ਸ਼ਬਨਮ ਤੇ ਅੰਮੀ ਜਾਨ ਸਨ।

"ਹਾਏ ਨੀ ਜ਼ੀਨਤੇ ਕੀ ਕਰਦੀ ਏਂ ਤੂੰ... ਮਰਵਾਏਂਗੀ ਸਾਨੂੰ ਵੀ...।"

ਮਾਂ ਕਲਪੀ।

ਪਰ ਮੈਂ ਨਾਜ਼ੀਆ ਨੂੰ ਪੁੱਰਹਦਾ ਅੰਦਰਲੇ ਕੋਠੇ ਵੱਲ ਲੈ ਤੁਰਿਆ।

ਮਾਂ ਲਈ ਕੋਈ ਚਾਰਾ ਨਹੀਂ ਸੀ। ਉਹਨੇ ਸਭ ਨੂੰ ਪਿਛਲੇ ਅੰਦਰ ਜਾਣ ਲਈ ਕਿਹਾ ਅਤੇ ਬੂਹਾ ਭੇੜ ਦਿੱਤਾ।

"ਤੂੰ ਬਾਹਰ ਆ ਵੇ... ਪਿਉ ਨੂੰ ਸ਼ੱਕ ਹੋ ਗਿਆ ਤਾਂ ਮਰਵਾਏਂਗਾ ਇਨ੍ਹਾਂ ਨੂੰ ਵੀ।"

ਥੋੜ੍ਹੀ ਦੇਰ ਬਾਅਦ ਸ਼ਾਹ ਜੀ ਟੱਬਰ ਨੂੰ ਲੱਭਦੇ ਗਲੀ 'ਚ ਆਏ।

"ਲੋਕੋ... ਮੈਂ ਦਾਸ... ਮੈਂ ਗੋਲਾ... ਸਾਰੀ ਉਮਰ ਸੇਵਾ ਕੀਤੀ, ਅੱਲ੍ਹਾ ਦੇ ਵਾਸਤੇ ਹਿੰਦੂ ਬਣਾ ਲਉ ਪਰ ਮਾਰਿਓ ਨਾ...।" ਉਨ੍ਹਾਂ ਲੇਰ ਮਾਰੀ "ਸ਼ਾਹ ਜੀ ਘਰ ਬੈਠੇ ਜਾ ਕੇ, ਇਥੇ ਮਰਨੈ ਬੈਠੇ ਟੱਬਰ ਨੇ ਆ ਕੇ?"



ਪਿਤਾ ਜੀ ਨੇ ਝਿੜਕਿਆ।

ਉਨ੍ਹਾਂ ਨੂੰ ਮੇਰੀ ਤੇ ਮਾਂ ਦੀ ਸਾਜ਼ਿਸ਼ ਬਾਰੇ ਪਤਾ ਨਹੀਂ ਸੀ।

ਸ਼ਾਮੀਂ ਅਸੀਂ ਦੋ ਚਾਰ ਮੁੰਡੇ ਡਰਦੇ ਜਿਹੇ ਬਾਗ਼ ਵੱਲ ਨਿਕਲੇ।

ਨਾਜ਼ੀਆ ਦਾ ਅੱਬਾ ਤੇ ਉਹਦਾ ਭਰਾ ਰਫ਼ੀਕ, ਕੁਝ ਬੰਦਿਆਂ ਅੱਗੇ ਤਰਲੇ ਲੈ ਰਹੇ ਸਨ।

"ਖ਼ੁਦਾ ਦੇ ਵਾਸਤੇ ਹਿੰਦੂ ਬਣਾ ਲਵੋ... ਪਰ ਮੇਰਾ ਟੱਬਰ"

ਬੰਦਿਆਂ ਇਕ ਦੂਜੇ ਵੱਲ ਵੇਖਿਆ।

"ਚੱਲ ਸ਼ਾਹ ਮੱਥਾ ਟੇਕ ਮੰਦਰ ਵੱਲ ਮੂੰਹ ਕਰਕੇ, ਹਿੰਦੂ ਬਣਾਈਏ ਤੈਨੂੰ।"

ਜਿਉਂ ਹੀ ਉਹ ਦੋਵੇਂ ਭੁੰਏਂ ਵੱਲ ਨਿਵੇਂ, ਇਕ ਲਿਸ਼ਕਵੀ ਤਲਵਾਰ, ਤੇ ਸਾਡੀ ਚੀਕ। ਅਸੀਂ ਡਰਿਆ ਕੇ ਦੌੜੇ।

ਘਰ ਆਇਆ ਤਾਂ ਤਾਪ ਮੇਰੇ ਸਿਰ ਨੂੰ ਚੜ੍ਹ ਗਿਆ।

ਮਾਂ ਦੱਸਦੀ ਸੀ ਦਸਵੇਂ ਦਿਨ ਹੋਸ਼ ਆਈ।

ਹੋਸ਼ ਕੀ ਆਈ, ਤਦ ਤਕ ਨਾਜ਼ੀਆ, ਸ਼ਬਨਮ, ਰਾਬੀਆ, ਅਮੀਜਾਨ, ਕਰਮੀ ਤੇ ਹੋਰ ਪਤਾ ਨਹੀਂ ਕਿੰਨੇ ਕੁ ਹਿੰਦੂ ਬਣਾ ਲਏ ਗਏ ਸਨ।

ਥੋੜ੍ਹੇ, ਚਲੇ ਗਏ ਸਨ, ਬਹੁਤੇ ਵੱਸ ਰਹੇ ਸਨ। ਪਾਕਿਸਤਾਨ ਜਿਹੜਾ ਮੇਰੇ ਲਈ ਨਵਾਂ ਸੀ ਹੁਣ ਹਰ ਬੰਦੇ ਦੇ ਮੂੰਹੋਂ ਸੁਣਦਾ ਸੀ।

ਨਾਜ਼ੀਆ ਹੋਰੀਂ ਹਿੰਦੂ ਕਿਵੇਂ ਬਣੀਆਂ, ਪਤਾ ਨਹੀਂ। ਪਰ ਇਤਨਾ ਪਤਾ ਹੈ, ਜਦ ਨੂੰ ਉਹ ਹਵੇਲੀ ਪਰਤੀਆਂ, ਉਨ੍ਹਾਂ ਦੇ ਅੰਗ-ਸਾਕ ਮਾਰ ਦਿੱਤੇ ਗਏ ਸਨ। ਹਵੇਲੀ ਧੁਖ ਰਹੀ ਸੀ ਅਤੇ ਰਹਿੰਦੀ ਰਫ਼ਿਊਜੀਆਂ ਮੱਲ ਲਈ ਹੋਈ ਸੀ, ਜਿਨ੍ਹਾਂ ਵਿਚ ਇਕ ਠਿੱਪਰ ਕਾ ਵੀ ਟੱਬਰ ਸੀ।

ਫਿਰ ਧੁੰਦ ਛਟਦੀ ਗਈ ਤੇ ਅਸੀਂ ਨੇੜੇ ਦੇ ਸਕੂਲ ਜਾਣ ਲੱਗੇ। ਅੰਮਾਂ ਜਦੋਂ ਵੀ ਮਿਲਦੀ,

"ਤੇਰੇ ਪੈਰਾਂ ਸਦਕਾ ਪੁੱਤ..." ਤੇ ਅੱਗੋਂ ਉਹ ਰੋਣ ਲੱਗ ਜਾਂਦੀ। ਅਸੀਂ ਸਾਰੇ ਨਾਲੋਂ-ਨਾਲ ਵੱਡੇ ਹੋਏ ਸਾਂ, ਪਰ ਪਤਾ ਨਹੀਂ ਕਿਉਂ ? ਨਾਜ਼ੀਆ ਮੈਨੂੰ ਕੁਝ ਜ਼ਿਆਦਾ ਹੀ ਆਪਣੀ ਲੱਗਦੀ। ਪਰ ਉਹ ਬਿਲਕੁਲ ਬਦਲ ਗਈ ਸੀ। ਹਰ ਵੇਲੇ ਚੁੱਪ, ਜਾਂ ਬੇ-ਵਜਹ ਹਾਸਾ ਮਜ਼ਾਕ।

ਜਿਉਂ ਜਿਉਂ ਵੱਡੇ ਹੋਏ, ਸਮਝ ਆਈ। ਇਸ ਚੁੱਪ ਦੇ ਪਿੱਛੇ ਕੋਈ ਵਿਸਫ਼ੋਟ ਸੀ ਜੋ ਹਾਸੇ 'ਚ ਲਿਪਟਿਆ ਪਿਆ ਸੀ। ਦੁੱਖ ਦਰਦ ਅਤੇ ਪੀੜਾ ਸੀ ਜੋ ਬਹੁਤ ਗਹਿਰੀਆਂ ਡੂੰਘਾਣਾਂ ਵਿਚ ਕਿਤੇ ਛਹਿ ਲਾਈ ਬੈਠੀ ਸੀ।

ਹਰ ਕਿਸੇ ਨੂੰ ਲਗਦਾ ਉਹ ਉਸੇ ਨੂੰ ਪਿਆਰ ਕਰਦੀ ਹੈ। ਪਰ ਮੈਂ ਜਾਣਦਾ ਸਾਂ, ਉਹ ਹੁਣ ਆਪਣੇ ਆਪ ਨੂੰ ਵੀ ਪਿਆਰ ਨਹੀਂ ਸੀ ਕਰਦੀ।

ਸਭ ਕੁਝ ਯਾਦ ਆਉਣ 'ਤੇ ਮੈਂ ਬੁਝ ਜਿਹਾ ਗਿਆ। ਇਨ੍ਹਾਂ ਸੋਚਾਂ ਤੋਂ ਪਿੱਛਾ ਛੁਡਾਉਣ ਲਈ ਹੀ ਮੈਂ ਇਹ ਮੁਲਕ ਛੱਡਿਆ ਸੀ ਪਰ ਕਿਸਮਤ ਨੇ ਫਿਰ ਉਥੇ ਹੀ ਲਿਆ ਖੜ੍ਹਾ ਕੀਤਾ। ਇਕ ਪਲ ਮੈਂ ਤੜਪ ਕੇ ਸੋਚਿਆ, ਕੁਝ ਦੇਰ ਪਹਿਲਾਂ ਕੋਠੇ 'ਤੇ ਆਈ ਔਰਤ ਕੌਣ ਸੀ? ਨਾਜ਼ੀਆ... ਨਿੰਦੀ... ਜਾਂ ਕੋਈ ਹੋਰ? ਸ਼ਾਇਦ ਇਨ੍ਹਾਂ ਵਿਚੋਂ ਕੋਈ ਵੀ ਨਹੀਂ ਸੀ। ਇਕ ਪਲ ਮੈਂ ਫ਼ੈਸਲਾ ਨਾ ਕਰ ਸਕਿਆ ਕਿ ਉਹ ਕੌਣ ਸੀ ਤੇ ਮੈਨੂੰ ਇਥੇ ਆਉਣਾ ਚਾਹੀਦਾ ਸੀ ਕਿ ਨਹੀਂ...

ਧੁਰ ਅੰਦਰ ਕਿਤੇ ਚੀਸ ਪਈ। ਰਾਤ ਉਤਰ ਆਈ ਸੀ, ਪਤਾ ਹੀ ਨਹੀਂ ਸੀ ਲੱਗਾ।

ਪੌੜੀਆਂ ਉਤਰਦਾ ਮੈਂ ਪਿਛਲੇ ਵਿਹੜੇ 'ਚ ਆ ਰਿਹਾ।

ਨਿੰਦੀ ਚੌਕੇ 'ਚ ਸੀ।

ਮੈਂ ਛੋਟਾ ਅਟੈਚੀ ਤਖ਼ਤਪੋਸ਼ 'ਤੇ ਸਰਕਾਇਆ, ਨਿੰਦੀ ਲਈ ਕੁਝ ਗਿਫ਼ਟ ਸਨ, ਜੋ ਮੈਂ ਉਹਦੇ ਲਈ ਲੈ ਕੇ ਆਇਆ ਸਾਂ।

"ਇਹ ਤੇਰੇ ਲਈ ਨੇਂ..."

ਨਿੰਦੀ ਕੁਝ ਨਾ ਬੋਲੀ, ਨਾ ਉਸ ਸੂਟਕੇਸ ਵੱਲ ਵੇਖਿਆ। ਮੈਨੂੰ ਬੁਰਾ ਲੱਗਾ।

"ਬੱਚੇ ਕਿੱਥੇ ਗਏ?" ਬੈਠਦਿਆਂ ਮੈਂ ਚੁੱਪ ਤੋੜੀ।

"ਸੌਂ ਗਏ...!"

"ਏਨੀਂ ਛੇਤੀ?"

"ਬਸ ਆਦਤ ਐ..."

"ਕਿਉਂ?" ਮੈਂ ਗੱਲ ਤੋਰਨ ਲਈ ਕਿਹਾ।

"ਸ਼ਰਾਬੀ ਪਿਉ ਤੋਂ ਡਰਦਿਆਂ..."

"ਤੇ ਤੇਰੀ ਆਦਤ?..." ਮੈਂ ਸ਼ਰਾਰਤ ਨਾਲ ਕਿਹਾ।

"ਰੋਟੀ ਦੇਵਾਂ?" ਉਹਨੇਂ ਗੱਲ ਬਦਲੀ।

"ਨਾਂ ਕੀ ਏ ਬੇਟੇ ਦਾ?"

"ਮਨਿੰਦਰ"

"ਵਾਹ ਬੜਾ ਪਿਆਰਾ ਨਾਂ ਏ... ਮਨੀ-ਇੰਦਰ, ਤੇ ਬਿਟੀਆ ਦਾ?"

"ਨਜ਼ਮ"

"ਯਾਨੀ ਨਾਜ਼ੀਆ, ਹੈ ਨਾ..." ਮੈਂ ਮਿੱਸੇ ਚਾਨਣ 'ਚ ਉਹਦੇ ਨਕਸ਼ ਦੇਖਣ ਦੀ ਕੋਸ਼ਿਸ਼ ਕੀਤੀ।

"ਨਹੀਂ, ਨਾਜ਼ੀਆ ਤਾਂ ਮਰ ਗਈ...!" ਉਹ ਡੁੱਬਦੀ ਆਵਾਜ਼ 'ਚ ਬੋਲੀ।

"ਨਹੀਂ, ਮੇਰੇ ਲਈ ਨਹੀਂ.... ਮੈਂ ਤਾਂ ਉਸੇ ਲਈ ਆਇਆਂ!"

ਇਕ ਡੂੰਘਾ ਹਉਕਾ ਤੇ ਚੁੱਪ।



ਉਹਨੇਂ ਮੇਰੇ ਵੱਲ ਥਾਲੀ ਸਰਕਾਈ।

"ਪਤਾ ਹੁੰਦਾ ਤੁਸੀਂ ਘਰ ਆਉਣੇ ਤਾਂ ਕੋਈ ਸਬਜ਼ੀ ਬਣਾਉਂਦੀ।" ਉਹਦੀ ਆਵਾਜ਼ ਕੰਬੀ।

ਮੈਂ ਦੇਖਿਆ, ਅਣਚੋਪੜੀ ਰੋਟੀ 'ਤੇ ਆਚਾਰ ਦੀ ਫਾੜੀ ਸੀ।

ਮੇਰਾ ਮਨ ਭਰ ਆਇਆ।

"ਸੌਰੀ! ਮੈਨੂੰ ਪਤਾ ਨਹੀਂ ਸੀ ਖ਼ਰਚੇ ਦੀ ਏਨੀ ਤੰਗੀ ਐ।" ਮੈਨੂੰ ਸ਼ਰਮ ਆਈ।

ਉਹ ਬਿਨਾਂ ਕੁਝ ਕਹੇ ਉੱਠੀ ਅਤੇ ਟਾਂਟ ਦੇ ਪਿੱਛੇ ਨੋਟਾਂ ਦੀ ਗੱਠੀ ਮੇਰੇ ਵੱਲ ਸਿੱਟਦੀ ਬੋਲੀ,

"ਤੇਰਾ ਠਿੱਪਰ ਦੇ ਕੇ ਗਿਐ... ਹੋਰ ਵੀ ਕਈ ਦੇਣ ਨੂੰ ਫਿਰਦੇ ਐ... ਕੀ ਸਮਝਦੇ ਐ ਲੋਕ? ਕੋਠੇ 'ਤੇ ਬੈਠੀ ਰੰਡੀ ਆਂ ਮੈਂ...?"

ਉਹਦੇ ਬੋਲ ਚੁੱਪ ਰਾਤ ਨੂੰ ਚੀਰਦੇ ਸਨ।

ਮੈਨੂੰ ਖ਼ੁਸ਼ੀ ਹੋਈ। ਮੈਂ ਨਾਜ਼ੀਆ ਨੂੰ ਸੁਣ ਰਿਹਾ ਸਾਂ। ਮੇਰਾ ਅੰਦਾਜ਼ਾ ਠੀਕ ਸੀ। ਜਿਉਂਦੀ ਸੀ ਨਾਜ਼ੀਆ।

ਮੈਂ ਟਾਂਟ 'ਤੇ ਚੰਦ ਭਾਂਡੇ, ਚੁੱਲ੍ਹੇ ਲਈ ਬਾਲਣ ਦੀਆਂ ਦੋ ਛਿਜਤਾਂ, ਧੁਆਂਖਿਆ ਚਾਨਣ ਤੇ ਮਟਿਆਲੀਆਂ ਜਹੀਆਂ ਕੰਧਾਂ ਦੇਖੀਆਂ। ਉਹਨੇਂ ਗਿਲਾਸ ਦੀ ਥਾਂ ਵੱਡੀ ਬਾਟੀ ਵਿਚ ਪਾਣੀ ਮੇਰੇ ਵੱਲ ਸਰਕਾਇਆ ਤਾਂ ਮੇਰੀ ਪਿਆਸ ਹੀ ਜਾਂਦੀ ਰਹੀ। ਹਾਲਾਂ ਕਿ ਮੈਂ ਪਾਣੀ ਉਬਾਲ ਕੇ ਪੀਣਾ ਸੀ।

ਇਹਦਾ ਮਤਲਬ ਘਰ ਵਿਚ ਗਿਲਾਸ ਨਹੀਂ ਸੀ।

ਮੈਂ ਅਣਮੰਨੇ ਮਨ ਨਾਲ ਰੋਟੀ ਖਾਧੀ ਤੇ ਕਿਹਾ।

"ਵਾਹ ਬਈ ਮਜ਼ਾ ਆ ਗਿਆ।"

ਨਿੰਦੀ ਚੁਪ। ਉਹ ਜਾਣਦੀ ਸੀ, ਮੈਂ ਝੂਠ ਬੋਲ ਰਿਹਾ ਸਾਂ।

"ਮੈਂ ਸੌਣਾ ਕਿੱਥੇ ਐ?" ਫਿਰ ਆਪੇ ਕਿਹਾ, "ਚਲੋ ਬੈਠਕ ਈ ਠੀਕ ਐ।"

ਮੈਨੂੰ ਲੱਗਾ, ਨਿੰਦੀ ਜਿਸ ਹਾਲਤ ਵਿਚ ਸੀ, ਮੈਂ ਆ ਕੇ ਠੀਕ ਹੀ ਕੀਤਾ ਸੀ। ਸਵੇਰੇ ਹੀ ਕਿਸੇ ਬੈਂਕ ਵਿਚੋਂ ਡਾਲਰ ਵਟਾ ਕੇ ਇਹਦੀ ਕਾਇਆ ਕਲਪ ਕਰਾਂਗਾ।

ਜਾਗੋ-ਮੀਟੀ 'ਚ ਸਾਂ ਕਿ ਨਿੰਦੀ ਆ ਗਈ। ਦੁੱਧ ਦਾ ਗਿਲਾਸ ਤਪਾਈ ਤੇ ਰੱਖਦੀ ਖੜ੍ਹੀ ਰਹੀ।

ਮੈਂ ਬੈਠਣ ਲਈ ਕਿਹਾ, ਤਾਂ ਪਲੰਘ 'ਤੇ ਹੀ ਸਿਮਟ ਗਈ।

"ਦੁੱਧ ਦੀ ਤਾਂ ਆਦਤ ਨਹੀਂ ਮੈਨੂੰ" ਮੈਂ ਰਸਮੀ ਨਾਂਹ ਕੀਤੀ। ਹਾਲਾਂਕਿ ਮੈਨੂੰ ਦੁੱਧ-ਚਾਹ ਦੀ ਪੂਰੀ ਤਲਬ ਸੀ। ਕੋਈ ਹੋਰ ਵੀ ਤਲਬ ਸੀ, ਜੋ ਮੈਂ ਜ਼ਾਹਿਰ ਨਹੀਂ ਸੀ ਹੋਣ ਦਿੱਤੀ।

"ਉਥੋਂ ਦੀ ਆਦਤ ਉਥੋਂ ਨਾਲ, ਤੇ ਏਥੋਂ ਦੀ ਏਥੇ ਨਾਲ... ਚਲੋ ਉਠੋ ਪੀਵੋ ਛੇਤੀ।"

ਮੈਂ ਤ੍ਰਭਕ ਕੇ ਵੇਖਿਆ ਉਹੋ ਲਹਿਜਾ, ਉਹੋ ਅਪਣੱਤ, ਉਹੋ ਸ਼ਕਲ... ਪਤਾ ਨਹੀਂ ਮੈਨੂੰ ਕੀ ਹੋਇਆ। ਮੈਂ ਉਹਨੂੰ ਆਪਣੇ ਵੱਲ ਖਿੱਚਿਆ ਤੇ ਕਿਹਾ,

"ਮੈਂ ਤੇਰੇ ਲਈ ਆਇਆਂ ਨਾਜ਼ੀਆ ਦੁੱਧ ਪੀਣ ਨਹੀਂ।"

"ਨਹੀਂ ਮਨੀ। ਐਵੇਂ ਭਰਮ ਨਾ ਪਾਲ... ਨਾਜ਼ੀਆ ਮਰ ਗਈ ਤੇ ਨਿੰਦੀ ਦੇ ਬੱਚਿਆਂ ਦੀ ਮਾਂ ਐ ਤੇਰੇ ਸਾਮ੍ਹਣੇ। ਤੇ... ਉੱਤੋਂ ਵਿਧਵਾ।..."

"ਮੈਂ ਜਾਣਦਾਂ..."

"ਜਾਣਨਾ ਹੋਰ... ਤੇ ਜਰਨਾਂ ਹੋਰ..."

"ਰੱਬ ਦਾ ਵਾਸਤਾ ਐਹੋ ਜਹੀਆਂ ਗੱਲਾਂ ਨਾ ਕਰ..."

"ਕਿਉਂ ਨਾ ਕਰਾਂ?"

"ਮੈਂ ਨਹੀਂ ਚਾਹੁੰਦੀ ਕੋਈ ਮੇਰੇ ਲਈ ਜੀਵਨ ਬਰਬਾਦ ਕਰੇ।"

ਫਿਰ ਚੁੱਪ।

ਮੈਂ ਉਹਨੂੰ ਕਲਾਵੇ 'ਚ ਲੈਣ ਦੀ ਕੋਸ਼ਿਸ਼ ਕੀਤੀ। ਹਨੇਰੇ ਵਿਚ ਉਹ ਪਰੇ ਸਰਕ ਗਈ।

"ਨਹੀਂ ਮਨੀ, ਮੇਰੇ ਨਾਲ ਦੋ ਬੱਚੇ ਵੀ ਨੇਂ..."

"ਇਨ੍ਹਾਂ ਫ਼ਜ਼ੂਲ ਗੱਲਾਂ ਲਈ ਮੇਰੇ ਕੋਲ ਕੋਈ ਵਕਤ ਨਹੀਂ ਨਾਜ਼ੀਆ ਮੈਂ ਐਵੇਂ ਨਹੀਂ ਆਇਆ। ਮੈਂ ਤੇਰਾ ਸਾਂ, ਤੇਰਾ ਹਾਂ, ਤੇ ਤੇਰਾ ਰਹਾਂਗਾ।"...

ਉਸ ਹਉਕਾ ਲਿਆ ਅਤੇ ਚੁੱਪ ਹੋ ਗਈ।

ਹਨੇਰਾ ਹੋਰ ਤਣ ਗਿਆ।

ਮੇਰੇ ਲਈ ਹੁਣ ਆਪਣਾ ਆਪ ਬਰਦਾਸ਼ਤ ਤੋਂ ਬਾਹਰ ਸੀ।

ਇਕ ਜ਼ਲਜ਼ਲਾ ਤੇ ਬਸ...।

ਮੇਰਾ ਮਨ, ਮਸਤਕ, ਸਭ ਕੁਝ ਸੁੰਨ ਹੋ ਗਿਆ।

ਸਭ ਕੁਝ ਚੁੱਪ ਅਤੇ ਅਹਿਲ ਸੀ।...

ਹਨੇਰਾ ਤਪਣ ਲੱਗਾ। ਅੰਗ ਹਰਕਤ 'ਚ ਆਏ...

ਮੈਂ ਨਾਜ਼ੀਆ ਨੂੰ ਲੈ ਕੇ ਪੌੜੀਆਂ ਚੜ੍ਹਨ ਲੱਗਾ। ਅਚਾਨਕ ਉਹਦਾ ਕੋਕਾ ਹਨੇਰੇ 'ਚ ਲਿਸ਼ਕਿਆ। ਮੈਨੂੰ ਲੱਗਾ ਸਾਡੇ ਮੂੰਹ ਵਿਚ ਗੋਂਦਨੀਆਂ ਦੀ ਇਕ ਲੱਪ ਸੀ। ਜੋ ਕਦੇ ਉਹਦੇ, ਕਦੇ ਮੇਰੇ ਮੂੰਹ ਵਿਚ ਚਲੀ ਜਾਂਦੀ।...

"ਕਿਉਂ ਆਇਆ ਤੂੰ?... ਜਦੋਂ ਗੋਂਦਨੀਆਂ ਹੀ ਸੁੱਕ ਗਈਆਂ।"

ਬਹੁਤ ਦੂਰੋਂ ਕਿਤੋਂ ਕੋਈ ਬੋਲਿਆ। ਰੋਣ ਵਾਂਗ।

ਬਹੁਤ ਸੰਘਣਾ ਹਨੇਰਾ... ਅਤੇ ਹਨੇਰੇ ਵਿਚ ਲਿਪਟੀ ਕੋਈ ਮਹਿਕ। ਮੁੰਦੀਆਂ ਅੱਖਾਂ... ਪਰ ਹਨੇਰੇ 'ਚ ਪਾਰ ਦੇਖਦੀਆਂ। ਕੋਈ ਵਜੂਦ। ਧੂੰਏ ਦਾ ਧੌਲਰ...।

ਕਈ ਗੋਰੀਆਂ ਦੇ ਨਾਜ਼ੁਕ ਪਿੰਡੇ ਮੇਰੀ ਚੇਤਨਾ 'ਚੋਂ ਅਸਮਾਨੀ ਬਿਜਲੀ ਦੀ



ਲਿਸ਼ਕ ਵਾਂਗ ਅੱਖ ਦੇ ਫੋਰ ਵਿਚ ਗੁਜ਼ਰੇ ਤੇ ਲੰਘ ਗਏ। ਖੁੱਲ੍ਹੀਆਂ ਅੱਖਾਂ 'ਚ ਹੱਥ ਵੀ ਨਹੀਂ ਸੀ ਦਿਸਦਾ। ਪਰ ਮੈਂ ਹਨੇਰੇ ਵਿਚੋਂ ਹੋਰ ਵੀ ਕੁਝ ਦੇਖ ਰਿਹਾ ਸਾਂ।...

ਹਨੇਰਾ... ਅਤੇ ਹਨੇਰੇ ਵਿਚ ਘੁਲਿਆ ਸੋਨਾ ਅਤੇ ਤਾਂਬਾ। ਤਰਾਸ਼ੇ ਨਕਸ਼... ਲੰਮੀ ਧੌਣ... ਭਰਵੀਂ ਛਾਤੀ... ਖਰਾਦੇ ਉਭਾਰ ਤੇ ਲੱਕ ਦਾ ਡੂੰਘ...। ਮੇਰੇ ਹੱਥਾਂ ਦੀਆਂ ਤਲੀਆਂ 'ਚ ਕੁਝ ਪਿਘਲ ਰਿਹਾ ਸੀ। ਨਿਰਾ ਸੇਕ ਹੀ ਸੇਕ...।

ਅਚਨਚੇਤ ਨਾਜ਼ੀਆ ਵੀ ਪੌੜੀਆਂ ਚੜ੍ਹਨ ਲੱਗੀ। ਹਨੇਰਾ ਪਿੰਜਿਆ ਜਾਣ ਲੱਗਾ...।

ਜਿਸਮਾਂ ਦੀਆਂ ਬੋਟੀਆਂ ਹਨੇਰੇ ਨੂੰ ਜਿਵੇਂ ਲਹੂਓ ਲੁਹਾਣ ਕਰਨ ਲੱਗੀਆਂ। ਅਚਾਨਕ ਲੰਬ ਉੱਠੇ... ਅੱਗ ਦੀਆਂ ਜੀਭਾਂ, ਤੇ ਸੇਕ... ਹਨੇਰੀ... ਝੱਖੜ ਤੇ ਤੂਫ਼ਾਨ...।

ਬਾਰਿਸ਼... ਤੇ ਫਿਰ ਸਭ ਕੁਝ ਸ਼ਾਂਤ, ਅਹਿਲ ਅਤੇ ਨਿਰਜਿੰਦ। ਨਿਰ ਵਸਤਰ... ਨਿਰ ਵਿਕਾਰ ਅਤੇ ਸੱਤਿਆ ਹੀਣ।...

ਪਲੰਘ ਦੀ ਚਾਦਰ ਪੈਰਾਂ ਵਿਚ ਪਈ ਸੀ ਤੇ ਮੇਰੇ ਬਰਾਬਰ ਹਫ਼ਦੇ ਜਿਸਮ ਦੀਆਂ ਸੁਆਵਾਂ ਹਨੇਰੇ ਦੀਆਂ ਪਰਤਾਂ ਚੀਰ ਰਹੀਆਂ ਸਨ।...

ਮੈਨੂੰ ਲੱਗਾ, ਇਸ ਨਾਜ਼ੀਆ ਨੂੰ ਤਾਂ ਕਿਸੇ ਨੇ ਛੋਹਿਆ ਤਕ ਨਹੀਂ ਸੀ। ਮੈਨੂੰ ਆਪਦੇ ਬਾਹੂ-ਬਲ 'ਤੇ ਸ਼ਰਮ ਆਈ... ਨਾਜ਼ੀਆ ਦਾ ਕੋਈ ਬਦਲ ਨਹੀਂ ਸੀ।... ਮੈਂ ਆਪਣੇ ਆਪ ਨੂੰ ਕਿਹਾ।

ਮੈਨੂੰ ਲੱਗਾ ਮੈਂ ਫਿਰ ਕਿਸੇ ਮਹਿਕ ਵਿਚ ਲਿਪਟ ਰਿਹਾ ਸਾਂ। ਉਹੋ ਸੋਨਾ, ਉਹੋ ਤਾਂਬਾ, ਉਹੋ ਸੇਕ, ਉਹੋ ਹਨੇਰਾ, ਉਹੋ ਪੌੜੀਆਂ, ਜਿਸ ਵਿਚੋਂ ਅਸੀਂ ਦੋਵੇਂ ਹੁਣੇ-ਹੁਣੇ ਗੋਂਦਨੀਆਂ ਵਾਲੇ ਕੋਠੇ 'ਤੇ ਗਏ ਸਾਂ। ਉਹਦਾ ਕੋਕਾ ਫਿਰ ਲਿਸ਼ਕ ਰਿਹਾ ਸੀ...

"ਕਿਉਂ ਕਬਰਾਂ ਫਰੋਲਦੈਂ ਮਨੀ, ਨਾਜ਼ੀਆ ਤਾਂ ਕਦੋਂ ਦੀ ਦਫ਼ਨ ਹੋ ਗਈ।"

ਦੂਰੋਂ ਕੋਈ ਆਖ ਰਿਹਾ ਸੀ।

ਪਰ ਨਹੀਂ, ਇਕ ਘੜੀ ਪਹਿਲਾਂ ਨਾਜ਼ੀਆ ਹੀ ਤਾਂ ਸੀ। ਮੈਂ ਫਿਰ ਹਨੇਰਾ ਟੋਹਿਆ ਤੇ ਨਾਜ਼ੀਆ ਨੂੰ ਫੜਨ ਲੱਗਾ। ਉਹੀ ਪੌੜੀਆਂ, ਉਹੀ ਕੋਠਾ... ਅਚਾਨਕ ਥੱਲੇ ਸ਼ੋਰ ਉੱਚਾ ਹੋਇਆ।

ਪਾਕਿਸਤਾਨ ਜ਼ਿੰਦਾਬਾਦ

ਹਿੰਦੋਸਤਾਨ ਜ਼ਿੰਦਾਬਾਦ

ਨਾਜ਼ੀਆ ਉੱਠੀ ਤੇ ਦਗੜ-ਦਗੜ ਕਰਦੀ ਪੌੜੀਆਂ ਉੱਤਰ ਗਈ।

ਮੈਂ ਹਨੇਰਾ ਟੋਹਣ ਲੱਗਾ।

ਕੱਪੜੇ ਨਹੀਂ ਸਨ ਲੱਭ ਰਹੇ।...

ਮੈਂ ਕੁਝ ਵੀ ਸੋਚਣ ਤੋਂ ਪਹਿਲਾਂ ਅਲਫ਼, ਵਿਹੜੇ 'ਚ ਆ ਖੜ੍ਹਿਆ।

ਬੱਚੇ ਉੱਠ ਖੜ੍ਹੇ ਸਨ। ਰੋ ਰਹੇ ਸਨ, ਤੇ ਨਿੰਦੀ ਚੁੱਪ ਕਰਾ ਰਹੀ ਸੀ।

ਪਿਛਲੇ ਕੋਠੇ ਨੇੜੇ ਗਿਆ। ਬਾਰੀ ਦੀ ਭੀਤ ਥਾਣੀ ਵੇਖਿਆ, ਬੱਚੇ ਰੋ-ਰੋ ਵਾਵੇ ਹੋ ਗਏ ਸਨ, ਅਤੇ ਭੁੰਜੇ ਪਏ ਸਨ।

ਨਿੰਦੀ ਪਲੰਘ ਦੀ ਚਾਦਰ ਲਪੇਟੀ ਬੈਠੀ ਸੀ ਤੇ ਡਰੀ-ਡਰੀ ਲੱਗ ਰਹੀ ਸੀ। ਜਿਵੇਂ ਗੁਨਾਹ ਕਰਦੀ ਫੜੀ ਗਈ ਹੋਵੇ। ਕਮਰੇ ਵਿਚ ਜ਼ੀਰੋ ਵਾਟ ਦਾ ਬਿਮਾਰ ਚਾਨਣ ਸੀ ਤੇ ਨਿੰਦੀ ਨਾਲ ਚਿੰਬੜੇ ਬੱਚੇ ਡਡਿਆ ਰਹੇ ਸਨ।

ਤ੍ਰੇਲੀਓ ਤ੍ਰੇਲੀ ਮੈਂ ਬੈਠਕ ਵਿਚ ਆ ਕੇ ਬੱਤੀ ਜਗਾਈ ਅਤੇ ਕਪੜੇ ਲੱਭਣ ਲੱਗਾ।

ਜਿਉਂ ਹੀ ਮੈਂ ਨਿੰਦੀ ਦੇ ਕੱਪੜੇ ਲੈ ਕੇ ਪਿਛਲੇ ਕਮਰੇ 'ਚ ਗਿਆ, ਚੁੱਪ ਕੀਤੇ ਬੱਚੇ ਫਿਰ ਰੋਣ ਲੱਗੇ। ਮੈਨੂੰ ਭੁੱਲ ਦਾ ਅਹਿਸਾਸ ਹੋਇਆ, ਕੱਪੜੇ ਦੇ ਕੇ ਜਿਵੇਂ ਮੈਂ ਉਹਨੂੰ ਫਿਰ ਨੰਗੀ ਕਰ ਦਿੱਤਾ ਸੀ।

ਦੇਰ ਤਕ ਮੈਨੂੰ ਨੀਂਦਰ ਨਾ ਪਈ।

ਕਈ ਵੇਰ ਉੱਠ ਕੇ ਵਿਹੜਾ ਪਾਰ ਕੀਤਾ, ਪਰ ਅੰਦਰਲੇ ਕਮਰੇ ਦਾ ਬੂਹਾ ਖੋਲ੍ਹਣ ਦੀ ਹਿੰਮਤ ਨਾ ਪਈ।...

ਹਾਰ ਕੇ ਮੈਂ ਪਿਛਲੇ ਕਮਰੇ ਦੀ ਬਾਰੀ ਵਿਚੋਂ ਝਾਕਿਆ। ਨਿੰਦੀ ਭੁੰਜੇ ਪਈ ਸੀ ਤੇ ਦੋਵੇਂ ਬੱਚੇ ਉਹਦੇ ਨਾਲ ਲਿਪਟੇ ਪਏ ਸਨ।

ਗਹੁ ਨਾਲ ਦੇਖਿਆ, ਅਚਾਨਕ ਲੱਗਾ, ਜਿਵੇਂ ਇਹ ਕੋਈ ਹੋਰ ਔਰਤ ਸੀ, ਜੋ ਬਾਲਾਂ ਨਾਲ ਪਈ ਸੀ... ਇਹਨੂੰ ਤਾਂ ਮੈਂ ਉੱਕਾ ਹੀ ਨਹੀਂ ਸਾਂ ਜਾਣਦਾ। ਸ਼ਾਇਦ ਇਹ ਉਹੋ ਔਰਤ ਸੀ ਜੋ ਬਾਲਾਂ ਨੂੰ ਲੈ ਕੇ ਕੋਠੇ ਉਤੇ ਆਈ ਸੀ।...

ਨਾਚੀਆ ਕੋਈ ਹੋਰ ਸੀ।...

ਬੈਠਕ ਵਿਚ ਆ ਕੇ ਮੈਂ ਤੜਪਣ ਲੱਗਾ।

ਰਿਹਾ ਨਾ ਗਿਆ ਤਾਂ ਗੁੱਸੇ ਨਾਲ ਪਿਛਲੇ ਕਮਰੇ ਦਾ ਬੂਹਾ ਧੱਕਿਆ। ਅੰਦਰੋਂ ਲਾਕ ਸੀ। ਨੌਕ ਕੀਤਾ। ਨਿੰਦੀ ਅਲਸਾਈ ਜਿਹੀ ਉੱਠੀ। ਬੂਹੇ ਦੀ ਭੀਤ 'ਚੋਂ ਝਾਕਿਆ।

"ਜੀ ਦੱਸੋ?" ਉਹ ਬਿਲਕੁਲ ਓਪਰਿਆਂ ਵਾਂਗ ਬੋਲੀ।

"ਸੌਂ ਗਏ?"

"ਕੌਣ...?"

"ਬੱਚੇ?"

"ਨਹੀਂ!"

"ਪਰ ਸੁੱਤੇ ਤਾਂ ਪਏ ਨੇ..."

"ਨਹੀਂ! ਜਾਗ ਰਿਹੈ ਵੱਡਾ... ਕਹਿੰਦਾ ਸਵੇਰੇ ਪਾਪਾ ਨੂੰ ਦੱਸਾਂਗਾ।"

"ਪਲੀਜ਼ ਨਾਚੀਆ"

"ਨਹੀਂ ਮਨੀ। ਪੈ ਜੋ ਚੁੱਪ ਕਰਕੇ...।"



ਠਾਹ! ਦਰਵਾਜ਼ਾ ਬੰਦ।... ਜਿਵੇਂ ਕਿਸਮਤ ਨੇ ਹੀ ਦਰ ਭੇੜ ਲਏ ਹੋਣ।

ਮੈਨੂੰ ਲੱਗਾ, ਮੈਂ ਇਸ ਔਰਤ ਲਈ ਤਾਂ ਬਿਲਕੁਲ ਹੀ ਏਨੀ ਦੂਰੋਂ ਚੱਲ ਕੇ ਨਹੀਂ ਸਾਂ ਆਇਆ।

***

ਮੂੰਹ ਹਨੇਰਾ ਹੀ ਸੀ ਕਿ ਬਾਹਰ ਠਿੰਪਰ ਗਰਜਿਆ।

ਵੱਸ ਚਲਦਾ ਤਾਂ ਗੋਲੀ ਮਾਰ ਦਿੰਦਾ।

"ਉੱਠ ਖੜ੍ਹ ਬੜੇ ਭਾਈ... ਦਿਨ ਤਾਂ ਚੜ੍ਹ ਗਿਆ।"

ਦੁਖੀ ਮਨ ਨਾਲ ਬੂਹਾ ਖੋਲ੍ਹਿਆ। ਪੰਡਿਤ ਵੀ ਨਾਲ ਸੀ, ਐਨ ਤਿਆਰ ਬਰ ਤਿਆਰ।

ਮੈਨੂੰ ਸਮਝ ਨਾ ਆਈ ਪੰਡਿਤ ਇਹਦੇ ਨਾਲ ਕਿਉਂ ਤੁਰਿਆ ਫਿਰਦਾ ਸੀ? ਜਦ ਕਿ ਦੋਹਾਂ ਦੀ ਨੇਚਰ ਬਿਲਕੁਲ ਵੱਖੋ-ਵੱਖਰੀ ਸੀ।

ਦੋਵੇਂ ਧਾਹ ਕੇ ਅੰਦਰ ਵੜੇ ਤੇ ਚਾਰ ਚੁਫੇਰੇ 'ਚੋਂ ਕੁਝ ਲੱਭਣ ਲੱਗੇ। "ਕਿਵੇਂ ਰਹੀ ਫਿਰ ਬੜੇ ਭਾਈ?" ਠਿੰਪਰ ਹਰ ਚੀਜ਼ ਨੂੰ ਬੜੇ ਗਹੁ ਨਾਲ ਵੇਖ ਰਿਹਾ ਸੀ। ਜਿਵੇਂ ਕਿਸੇ ਤਲਾਸ਼ ਵਿਚ ਆਇਆ ਹੋਵੇ।

"...ਲੈ ਦੇਖ ਲੈ ਪੰਡਤਾ, ਅਲਾਣੇ ਪਲੰਘ 'ਤੇ ਈ ਸੌਂ ਗਿਆ ਪੱਠ੍ਹ। ਚੰਗਾ ਭਲਾ ਇੰਤਜ਼ਾਮ ਸੀ ਹੋਟਲ 'ਚ... ਦੱਸ ਕੀ ਟੀਂਡੀਆਂ ਲੈਲੀਆਂ ਏਥੇ ਆ ਕੇ...।"

ਮੈਂ ਅੱਖਾਂ ਮਲਣ ਲੱਗਾ।

"ਰਾਤ... ਫੇ-ਪ੍ਰਸਾਦ ਪਾਣੀ ਛਕਿਆ ਕਿ ਨਈਂ?"

ਠਿੰਪਰ ਦੇ ਲਹਿਜ਼ੇ ਵਿਚ ਨੀਚਤਾ ਸੀ। ਮੈਂ ਤ੍ਰਭਕ ਕੇ ਵੇਖਿਆ। ਉਹਦੇ ਚਿਹਰੇ 'ਤੇ ਖਚਰੀ ਹਾਸੀ ਸੀ।

"ਕੀ ਮਤਲਬ?" ਮੈਂ ਗੁੱਸੇ ਨਾਲ ਕਿਹਾ।

"ਮੇਰਾ ਮਤਲਬ ਰੋਟੀ ਪਾਣੀ ਛਕ ਲਿਆ ਸੀ ਨਾ..." ਉਹ ਝੇਪ ਗਿਆ।

"ਹੱਛਾ ਬੜੇ ਭਾਈ, ਲੈ ਪ੍ਰੋਗਰਾਮ ਸੁਣ... ਬ੍ਰੇਕਫਾਸਟ ਐ ਮੇਰੇ ਘਰੇ। ਦੁਪਹਿਰ ਦਾ ਲੰਚ ਪੰਡਤ ਵਲੋਂ... ਸ਼ਾਮੀ ਡਿਨਰ ਹੋਟਲ 'ਚ... ਇਕ ਪਾਰਟੀ ਵੀ ਰੱਖੀ ਐ ਤੇਰੇ ਲਈ... ਮਖਿਆ ਦਿਖਾਈਏ ਜ਼ਰਾ ਜਲਵਾ ਆਪਣੀ ਨੇਤਾਗਿਰੀ ਦਾ..."

ਪਤਾ ਨਹੀਂ ਕਿਉਂ ਮੈਨੂੰ ਉਹਦਾ ਹਰ ਬੋਲ ਬਹੁਤ ਬੁਰਾ ਲੱਗਿਆ। ਪਰ ਮੈਂ ਚੁੱਪ ਰਿਹਾ।

"ਅੰਦਰ ਲਾ ਯਾਰ ਹੁਕਮ ਭਾਬੀ ਨੂੰ... ਚਾਹ ਤਾਂ ਪਿਆਵੇ ਦੋ ਘੁੱਟਾਂ..."

"ਨੇ" ਮੇਰੇ ਸੱਤੀਂ ਕੱਪੜੀਂ ਲੱਗ ਗਈ। "ਸੁੱਤੇ ਪਏ ਨੇ ਸਾਰੇ।"

"ਦਿਨ ਚੜ੍ਹ ਗਿਆ ਬੜੇ ਭਾਈ।... ਤੂੰ ਜਾਹ ਯਾਰ ਕਹਿ ਠਿੰਪਰ ਜੀ ਆਏ ਐ।" ਉਸ ਜ਼ਿੱਦ ਕੀਤੀ, ਜਿਵੇਂ ਨਿੰਦੀ ਦੇ ਚਿਹਰੇ ਤੋਂ ਕੁਝ ਪੜ੍ਹਨ ਲਈ ਕਾਹਲਾ ਹੋਵੇ।

"ਨਹੀਂ ਪੰਡਿਤ ਬੈਠਾ ਰਹਿ ਚੁੱਪ ਕਰਕੇ...। ਹੱਦ ਹੋ ਗਈ ਯਾਰ... ਬਿਨਾਂ ਪੁੱਛੇ ਕਿਸੇ ਦੇ ਘਰ 'ਚ ਇੰਜ ਵੜਨਾ... ਕਮਾਲ ਦੀ ਤਹਿਜ਼ੀਬ ਹੈ।"

"ਸਾਡੇ ਘਰ ਤਾਂ ਕੁੱਤਾ ਆ ਜਾਵੇ ਤਾਂ ਨਹੀਂ ਚਾਹ ਤੋਂ ਬਿਨਾਂ ਜਾਣ ਦੇਈਦਾ... ਫਿਰ ਏਹ ਤਾਂ ਆਪਣਾ ਘਰ ਐ ਬੜੇ ਭਾਈ!"

"ਨੋ, ਤੇਰਾ ਨਹੀਂ... ਇਹ ਕਿਸੇ ਹੋਰ ਦਾ ਘਰ ਐ ਠਿੱਪਰ"

"ਜੇ ਥੈਂਕਸ ਤੁਸੀਂ ਹੁਣ ਜਾਓ ਪਲੀਜ਼... ਤੇ ਨਾਲੇ ਠਿੱਪਰ ਮੈਂ ਆ ਨਹੀਂ ਸਕਾਂਗਾ ਤੁਹਾਡੇ ਵੱਲ।"

"ਕਿਉਂ?"

"ਬੈਂਕ ਵਗੈਰਾ ਜਾਵਾਂਗਾ ਪਹਿਲਾਂ..."

"ਕਿਉਂ ਬੈਂਕ ਕਿਉਂ? ਤੂੰ ਹੁਕਮ ਕਰ ਬੜੇ ਭਾਈ!"

"ਨਹੀਂ ਮਿਹਰਬਾਨੀ..."

"ਮਿਹਰਬਾਨੀ ਕਾਹਦੀ... ਚਾਹ ਤਾਂ ਪੀਣ ਨਹੀਂ ਦਿੱਤੀ।"

"ਨਾਲੇ ਠਿੱਪਰ ਤੂੰ ਦਿਨ ਵਿਚ ਪੈਸੇ ਲੈ ਜਾਈਂ ਆ ਕੇ..."

"ਕਿਹੜੇ ਪੈਸੇ?..."

"ਜਿਹੜੇ ਨਿੰਦੀ ਨੂੰ ਦਿੱਤੇ ਤੂੰ..."

"ਦੇਖ ਲੈ ਐਨੀ ਗੱਲ ਨੀਂ ਪਚਦੀ ਇਨ੍ਹਾਂ ਤੀਮੀਆਂ ਦੇ ਢਿੱਡ 'ਚ, ਹਾਲਾਂਕਿ ਮੈਂ ਉਹਨੂੰ ਨਹੀਂ... ਬੱਚਿਆਂ ਨੂੰ ਦਿੱਤੇ ਸੀ ਪੈਸੇ...।"

"ਪਰ ਸ਼ਿਕਾਇਤ ਉਹਨੇ ਲਈ ਨਹੀਂ ਤੇਰੀ..."

"ਪਰ..."

"ਬਸ ਹੁਣ ਹੋਰ ਨਹੀਂ ਠਿੱਪਰ, ਬਹੁਤ ਹੋ ਗਿਆ...।"

"ਚਲੋ" ਉਹਨੇ ਹਉਕਾ ਲਿਆ, "ਪਰ ਐਨਾ ਹੰਕਾਰ ਠੀਕ ਨਹੀਂ ਬੜੇ ਭਾਈ।"

"ਮੈਨੂੰ ਲੱਗਦੈ ਤੁਹਾਨੂੰ ਜਾਣਾ ਚਾਹੀਦੈ ਹੁਣ..."

***

ਮੈਂ ਹਾਲੇ ਥਰੱਥ ਹੀ ਕੀਤਾ ਸੀ ਕਿ ਅੰਮੀ ਜਾਨ ਆ ਗਏ।

"ਕਿਮੇਂ ਔਂ ਪੁੱਤ?"

"ਠੀਕ ਆਂ ਅੰਮੀ ਜਾਨ..."

"ਦੇਖ ਲੈ ਕੀ ਭਾਣਾ ਵਰਤ ਗਿਆ...।" ਉਹ ਰੋਣ ਲੱਗੇ, "ਰੱਬ ਨੇ ਇਹ ਦਿਨ ਵੀ ਦਿਖਾਉਣੇ ਸੀ।... ਹੁਣ ਘਰ ਦੀ ਲਾਜ ਤੇਰੇ ਹੱਥ ਐ ਪੁੱਤ।"

ਉਹ ਗਏ ਤਾਂ ਪਾਸ਼ੀ ਆ ਗਈ।

"ਦੇਖ ਲਿਆ ਨਾ ਕਿਵੇਂ ਜੂਨ ਕੱਟਦੀ ਏ ਵਿਚਾਰੀ... ਪਰ ਬੜੀ ਖ਼ੁੱਦਾਰ ਏ



ਰੋਂਦੀ... ਭੁੱਖਿਆਂ ਰਹਿ ਲਿਆ... ਪਰ ਹੱਥ ਨਹੀਂ ਅੱਡਿਆ।"

ਉਹ ਲਗਾਤਾਰ ਬੋਲ ਰਹੀ ਸੀ। ਮੈਂ ਟੋਕਿਆ।

"ਤੂੰ ਆਪਣੀ ਸੁਣਾ... ਤੇਰਾ ਕੀ ਹਾਲ ਐ?"

"ਸਾਨੂੰ ਤਾਂ ਇਹੋ ਖ਼ੁਸ਼ੀ ਐ ਬੱਚੇ ਅਮਰੀਕਾ ਜਾਣਗੇ ਤਾਂ ਧੋਣੇ ਧੁਪ ਜਾਣਗੇ ਸਾਰੇ... ਬੜਾ ਦਸੌਂਧਾ ਕੱਟਿਆ ਵਿਚਾਰੀ ਨੇ...।"

ਮੇਰਾ ਮੱਥਾ ਠਣਕਿਆ, ਬੱਚੇ, ਅਮਰੀਕਾ... ਇਹ ਕੀ ਸੋਚਿਆ ਜਾ ਰਿਹਾ ਸੀ ਮੇਰੇ ਬਾਰੇ...।

***

ਮੈਂ ਬੈਂਕ ਵਿਚੋਂ ਕੁਝ ਡਾਲਰ ਭੁਨਾਏ ਅਤੇ ਪੈਸੇ ਨਿੰਦੀ ਅੱਗੇ ਲਿਆ ਰੱਖੇ।

"ਕੀ ਕਰਾਂ ਇਨ੍ਹਾਂ ਦਾ...?" ਉਹ ਤਲਖ਼ੀ ਨਾਲ ਬੋਲੀ।

"ਸਮਾਨ ਖ਼ਰੀਦ... ਰੱਜ ਕੇ ਖਾਹ, ਤੇ ਬੱਚੇ ਪੜ੍ਹਾ... ਕੁਝ ਪੈਸੇ ਫਿਕਸ ਕਰਵਾ ਦਿਆਂਗਾ। ਹਰ ਮਹੀਨੇ ਖ਼ਰਚਾ ਮਿਲੇਗਾ... ਕਿਸੇ ਅੱਗੇ ਹੱਥ ਅੱਡਣ ਦੀ ਲੋੜ ਨਹੀਂ ਪਏਗੀ।"

"ਤੇ ਮੈਂ?..."

"ਮੈਂ ਕੀ?"

"ਮੈਂ ਕੀ ਕਰਾਂਗੀ?"

"ਬੱਚੇ ਪਾਲ... ਸਾਲ ਤਕ ਵੀਜ਼ਾ ਲੱਗ ਗਿਆ ਤਾਂ ਓਥੇ... ਫਿਰ ਕੋਈ ਮਸਲਾ ਈ ਨਹੀਂ।"

"ਤੇ ਬੱਚੇ...?"

"ਬੱਚੇ ਸ਼ਾਇਦ ਮੈਂ ਨਾਲ ਨਾ ਲੈ ਕੇ ਜਾ ਸਕਾਂ..."

"ਕਿਉਂ?"

"ਮੈਂ ਦੱਸ ਨਹੀਂ ਸਕਦਾ... ਪਰ..."

"ਪਰ ਕਿਉਂ?..." ਉਹ ਜਿਵੇਂ ਚੀਕੀ।

"ਬੱਚੇ ਤੇਰੇ ਅਤੀਤ ਨੂੰ ਭੁੱਲਣ ਨਹੀਂ ਦੇਣਗੇ ਨਾਦੀਆ..."

ਉਹ ਬਹੁਤ ਦੂਰ ਦੇਖਣ ਲੱਗੀ ਅਤੇ ਚੁੱਪ ਕਰ ਗਈ।

ਜਿਵੇਂ ਕਿਸੇ ਪੀੜ ਵਿਚ ਘਿਰ ਗਈ ਹੋਵੇ।

***

ਤਕਾਲੀਂ ਠਿੱਪਰ ਦੀ ਥਾਂ ਪੰਡਿਤ ਆ ਧਮਕਿਆ।

"ਬੜੇ ਭਾਈ ਕੋਈ ਸੇਵਾ..."

"ਨਹੀਂ ਪੰਡਿਤ, ਇੱਛਾ ਨਹੀਂ..."

"ਹਰੀ ਹਰ, ਜੇ ਇੱਛੇ ਦੱਸ... ਚਿੜੀਆਂ ਦਾ ਦੁੱਧ ਨਾ ਹਾਜ਼ਰ ਕਰਾਂ ਤਾਂ...।"

"ਨਹੀਂ ਦੋਸਤ ਚਿੜੀਆਂ ਦਾ ਦੁੱਧ ਨਹੀਂ ਚੈਨ ਚਾਹੀਦੈ...।"

"ਹੱਦ ਹੋ ਗਈ ਯਾਰ ਭਾਬੀ ਸਾਡੀ ਸੇਵਾ ਕਰਨ ਨੂੰ, ਹੋਰ ਚੈਨ ਕੀ ਹੁੰਦੈ... ਬਾਕੀ ਹਰੀ ਆਪ ਜਾਨੀ-ਜਾਣ ਐਂ...।"

ਮੈਂ ਹਉਕਾ ਭਰਿਆ ਤੇ ਚੁੱਪੀ ਸਾਧ ਲਈ।

***

ਰਾਤ ਦੀ ਰੋਟੀ ਤੋਂ ਲੈ ਕੇ ਦੁੱਧ ਦਾ ਗਿਲਾਸ ਲੈ ਕੇ ਆਉਣ ਤਕ, ਸਭ ਕੁਝ ਕੱਲ੍ਹ ਵਰਗਾ ਸੀ। ਪਰ ਜਿਉਂ ਹੀ ਮੈਂ ਬੈਠਕ ਦੀ ਲਾਈਟ ਆਫ਼ ਕੀਤੀ, ਨਿੰਦੀ ਉੱਠ ਕੇ ਦਰਾਂ 'ਚ ਜਾ ਖੜ੍ਹੀ...।

"ਕੀ ਗੱਲ?"

"ਨਹੀਂ ਮਨੀ... ਜੋ ਹੋ ਗਿਆ ਉਹੋ ਭਲਾ।"

"ਕਿਉਂ ਕੋਈ ਪ੍ਰਾਬਲਮ ਐ?"

"ਹਾਂ ਪਹਿਲਾਂ ਰਿਸ਼ਤਾ ਸਪਸ਼ਟ ਹੋ ਜਾਵੇ, ਫਿਰ...।"

"ਕਮਾਲ ਐ, ਮੈਂ ਵਿਆਹ ਕਰਾਉਣ ਆਇਆਂ ਬਈ...।"

"ਵਿਆਹ ਨਹੀਂ, ਕਰੇਵਾ...।"

"ਕੀ ਫ਼ਰਕ ਪੈਂਦੈ?"

"ਮੈਨੂੰ ਪੈਂਦੈ... ਮੇਰੇ ਦੋ ਬੱਚੇ ਵੀ ਨੇਂ...।"

"ਨਹੀਂ! ਮੈਂ ਤੇਰੇ ਲਈ ਆਇਆਂ ਨਾਜ਼ੀਆ, ਤੂੰ ਸਮਝਦੀ ਕਿਉਂ ਨਹੀਂ?"

"ਨਹੀਂ ਮਨੀ, ਬੱਚੇ ਪਹਿਲਾਂ... ਪਿਛੋਂ ਮੈਂ..."

ਤੇ ਉਹ ਬਿਨਾਂ ਉੱਤਰ ਉਡੀਕੇ, ਹਨੇਰੇ 'ਚ ਸਰਕ ਗਈ।

ਮੇਰੇ ਲਈ ਸਾਹ ਲੈਣਾ ਵੀ ਮੁਸ਼ਕਿਲ ਹੋ ਗਿਆ। ਮੈਂ ਬੜੀ ਮੁਸ਼ਕਿਲ ਨਾਲ ਰਾਤ ਦੀ ਉਡੀਕ ਕੀਤੀ ਸੀ। ਰਹਿ ਰਹਿ ਕੇ ਮੈਂ ਕਿਸੇ ਮਹਿਕ ਵਿਚ ਲਿਪਟਦਾ, ਲੁੱਛਦਾ ਅਤੇ ਤੜਪਦਾ ਰਿਹਾ ਸਾਂ...

ਕਈ ਵਾਰ ਮੈਂ ਅੰਦਰਲੇ ਕਮਰੇ ਤਕ ਗਿਆ।

ਹਰ ਵਾਰ ਉਹ ਬੱਚਿਆਂ ਨਾਲ ਲਿਪਟੀ ਪਈ ਦਿੱਸੀ, ਜਾਂ ਬੱਚੇ ਉਹਦੇ ਨਾਲ ਚਿਬੜੇ ਪਏ ਦਿੱਸੇ...। ਹਾਰ ਕੇ ਮੈਂ ਦਰਵਾਜ਼ਾ ਨੌਕ ਕੀਤਾ।

"ਦੱਸੋ" ਉਹ ਬਿਲਕੁਲ ਓਪਰਿਆਂ ਵਾਂਗ ਬੋਲੀ।

"ਮੈਂ ਗੱਲ ਕਰਨੀ ਚਾਹੁੰਨਾਂ"

ਉਹ ਵਿਹੜੇ ਵਿਚ ਆ ਖੜ੍ਹੀ।

"ਪਲੀਜ਼ ਨਾਜ਼ੀਆ ਏਨੀ ਨਿਰਦਈ ਨਾ ਬਣ... ਤੈਨੂੰ ਪਤੈ ਮੈਂ ਸਿਰਫ਼ ਤੇਰੇ ਲਈ ਆਇਆਂ।"

"ਹੋਸ਼ 'ਚ ਆ ਮਨੀ, ਮੈਂ ਵੀਹ ਵੇਰੀ ਕਿਹੈ ਕਿ ਨਿੰਦੀ ਹਾਂ ਮੈਂ... ਨਾਜ਼ੀਆ ਨਹੀਂ।" ਉਹ ਬਹੁਤ ਉੱਚੀ ਬੋਲੀ। ਮੈਂ ਡਰਿਆ।

"ਪਲੀਜ਼" ਮੈਂ ਬਹੁਤ ਧੀਮਾ ਕਿਹਾ।

"ਕੀ ਪਲੀਜ਼ ਪਲੀਜ਼ ਲਾ ਰੱਖੀ ਐ ਤੂੰ... ਹੈਂ?" ਉਹ ਚੀਕੀ। "ਔਰ ਕੀ ਸਮਝ ਰੱਖਿਐ ਤੁਸੀਂ?... ਪੈਸੇ ਦਿੱਤੇ... ਜਿਸਮ ਖ਼ਰੀਦੇ... ਤੇ ਸਮਝ ਲਿਆ, ਮੁੱਠੀ 'ਚ ਆ ਗਈ ਔਰਤ... ਭੋਗ ਲਈ ਔਰਤ... ਤੇਰੇ ਤੇ ਠਿੰਪਰ 'ਚ ਫ਼ਰਕ ਕੀ ਏ ਮਨੀ... ਉਹ ਰਖੇਲ ਚਾਹੁੰਦੈ, ਤੇ ਤੂੰ ਨਾਜ਼ੀਆ... ਇਕ ਤਪਦਾ... ਮਘਦਾ ਤੇ ਸੁਲਗਦਾ ਜਿਸਮ... ਪਰ ਤੂੰ ਦੱਸ ਉਹ ਔਰਤ ਕਿੱਥੇ ਜਾਵੇ? ਜਿਸ ਦੇ ਬੱਚੇ ਵੀ ਨੇਂ ਦੋ... ਜਿਹੜੀ ਨਾਜ਼ੀਆ ਨਹੀਂ, ਨਿੰਦੀ ਏ ਨਿੰਦੀ... ਤੇਰਾ ਭਰਾ ਸ਼ਰਾਬੀ ਸੀ... ਪਰ ਬੱਚਿਆਂ ਵਿਚ ਜਾਨ ਸੀ ਉਹਦੀ... ਤੇ ਤੁਸੀਂ? ਬੱਚਿਆਂ ਲਈ ਕੋਈ ਹੋਰ ਰਾਹ ਤਲਾਸ਼ ਕਰੋਗੇ...?

ਜਾਓ ਮਨੀ ਸਾਬ੍ਹ! ਗ਼ਲਤ ਜਗ੍ਹਾ ਆ ਗਏ ਤੁਸੀਂ... ਕੋਈ ਨਾਜ਼ੀਆ ਵਾਜ਼ੀਆ ਨਹੀਂ ਰਹਿੰਦੀ ਏਸ ਘਰ 'ਚ...। ਇਕ ਵਿਧਵਾ ਦਾ ਘਰ ਏ ਇਹ... ਗ਼ਰੀਬ... ਲਾਚਾਰ... ਤੇ ਮਮਤਾ ਦੀ ਮਾਰੀ ਵਿਧਵਾ ਦਾ ਘਰ... ਗ਼ਲਤ ਜਗ੍ਹਾ ਆ ਗਏ ਤੁਸੀਂ...।"

ਉਹ ਤਪਣ ਲੱਗੀ, ਤੇ ਅੰਦਰ ਚਲੀ ਗਈ।

ਮੇਰੇ 'ਚ ਹਿੰਮਤ ਨਹੀਂ ਸੀ ਕਿ ਮੈਂ ਰੋਕ ਸਕਾਂ।

ਮੈਂ ਬੈਠਕ 'ਚ ਆ ਗਿਹਾ।

ਮੇਰੀ ਨੀਂਦਰ ਅਤੇ ਜ਼ਿਹਨ ਵਿਚਲਾ ਫ਼ਤੂਰ ਉੱਡ ਚੁੱਕਾ ਸੀ।

ਤੇ ਮੈਂ ਸੋਚ ਰਿਹਾ ਸਾਂ... ਲਗਾਤਾਰ...

ਲੀਜ਼ਾ ਬੱਚਾ ਨਹੀਂ ਸੀ ਚਾਹੁੰਦੀ... ਤੇ ਨਿੰਦੀ ਬੱਚਿਆਂ ਤੋਂ ਵੱਖ ਨਹੀਂ ਸੀ ਹੋ ਰਹੀ...।

ਬੱਚੇ ਮੈਂ ਲੈ ਕੇ ਨਹੀਂ ਸਾਂ ਜਾਣਾ ਚਾਹੁੰਦਾ... ਤੇ ਨਾਜ਼ੀਆ ਨੂੰ ਮੈਂ ਛੱਡ ਨਹੀਂ ਸੀ ਸਕਦਾ...। ਮੈਨੂੰ ਪਤਾ ਸੀ, ਠਿੰਪਰ ਉਹਨੂੰ ਚੱਥ ਜਾਣ ਵਾਲਾ ਸੀ...।

ਬੱਚੇ ਨਿੰਦੀ ਦਾ ਅਹਿਸਾਸ ਦਿਵਾਉਂਦੇ ਸਨ... ਤੇ ਨਿੰਦੀ ਲਈ ਮੇਰੇ ਮਨ 'ਚ ਕੋਈ ਥਾਂ ਨਹੀਂ ਸੀ।... ਕੀ ਕਰਾਂ?...

ਸਿਰ ਫਟਣ ਲੱਗਾ... ਬੇਵਸੀ 'ਚ ਮੈਂ ਨੀਂਦਰ ਦੀ ਗੋਲੀ ਅੰਦਰ ਲੰਘਾਈ ਤੇ ਅੱਖਾਂ ਮੀਟ ਲਈਆਂ।...

ਪਤਾ ਨਹੀਂ ਕਦੋਂ ਮੈਂ ਆਪਣੇ ਅਰਧ ਚੇਤਨ ਮਨ ਨਾਲ ਆਪਣੇ ਆਪ ਨੂੰ ਏਅਰਪੋਰਟ 'ਤੇ ਖਲੋਤੇ ਵੇਖਿਆ ਅਤੇ ਕੰਬ ਗਿਆ। ਮੇਰੀ ਜਾਗ ਖੁੱਲ੍ਹ ਗਈ।

ਮੈਨੂੰ ਲੱਗਾ, ਚੁਫ਼ੇਰੇ ਸੰਘਣਾ ਹਨੇਰਾ ਸੀ ਪਰ ਸਵੇਰ ਹੋਣ ਵਿਚ ਹੁਣ ਬਹੁਤੀ ਦੇਰ ਨਹੀਂ ਸੀ।...

•

## ਅੰਤਹੀਣ

ਦ੍ਰਿਸ਼-1

ਦਿੱਤੂ ਪੁਰ ਪਹਿਲਾਂ ਵਰਗਾ ਨਹੀਂ ਸੀ ਰਿਹਾ; ਪਰ ਨਿੱਕੀ ਜਿਹੀ ਗੱਲ 'ਤੇ ਸਾਰੇ ਪਿੰਡ ਦੀ ਫਿਰ ਹੇਠਲੀ ਉੱਤੇ ਆ ਗਈ।

ਸਭ ਤੋਂ ਵੱਧ ਠੱਠੀ ਅਤੇ ਡੇਰੇ 'ਚੋਂ ਲੰਬ ਉੱਠੇ, ਜਿਨ੍ਹਾਂ ਦਾ ਸੇਕ ਦੂਲੇ ਕੀ ਕੋਠੀ ਵੀ ਲੱਗਾ।

"ਦੇਖੀ ਨੀਲੀ ਛਤਰੀ ਆਲੇ ਦੀ ਲੀਲ੍ਹਾ... ਔਂ ਚੜ੍ਹਦੋ ਕੰਨੀ ਦੇ ਕਿਆਰੇ 'ਤੇ ਪਾਣੀ...।" ਡੇਰੇ 'ਚ ਗੱਲਾਂ ਹੁੰਦੀਆਂ।

"ਸਭ ਲੀਲ੍ਹੇ ਉਹਦੀ...।" ਮਹੰਤ ਅੰਬਰ ਵੱਲ ਉਂਗਲ ਕਰਦਾ। ਜਿਉਂ ਹੀ ਠੱਠੀ 'ਚ ਖ਼ਬਰ ਉੱਡੀ, ਕਈਆਂ ਦਾਰੂ ਪੀ ਕੇ ਤੀਵੀਆਂ ਨੂੰ ਏਸ ਲਈ ਕੁੱਟਿਆ ਕਿ ਉਹਨਾਂ ਐਲਨ ਵਰਗਾ ਪੁੱਤ ਕਿਉਂ ਨਹੀਂ ਸੀ ਜੰਮਿਆ। ਜੇ ਜੰਮਿਆ ਸੀ, ਤਾਂ ਪੜ੍ਹਾ ਲਿਖਾ ਕੇ ਅਫ਼ਸਰ ਕਿਉਂ ਨਹੀਂ ਸੀ ਬਣਾਇਆ।

ਖ਼ਬਰ ਡੋਲਦੇ ਦੂਲੇ ਕੇ ਚੁਬਾਰੇ 'ਚੋਂ ਰਫ਼ਲ ਦੇ ਫਾਇਰ ਉੱਚੇ ਹੋਏ। ਅੱਗੜ-ਪਿੱਛੜ ਦੋ।

ਗੱਲ ਸਿਰਫ਼ ਇਤਨੀ ਸੀ ਕਿ ਐਲਨ ਕੇ ਜੇਲੂ ਉਰਫ਼ ਜੈਜਮ ਅਤੇ ਸੱਤੀ ਨੇ, ਤਾਏ ਬਾਰੂ ਨੂੰ ਡੇਰੇ 'ਚੋਂ ਚੁੱਕਿਆ। ਹਸਪਤਾਲ ਲਿਆਂਦਾ ਅਤੇ ਤਾਏ ਬਾਰੂ ਦੀ ਬੈਠ ਗਈ ਅੱਖ ਵਿਚ ਚਾਨਣ ਦੀ ਇਕ ਕਿਰਨ ਲਿਆ ਧਰੀ। ਹਾਲਾਂ ਕਿ ਮੁੱਲ ਦੀ ਖੀਰ ਸੀ। ਕਿਸੇ ਨੂੰ ਕੀਹ? ਪਰ ਜਿਉਂ ਹੀ ਪਿੰਡ 'ਚ ਖ਼ਬਰ ਉੱਡੀ। ਟਿੱਬੀ 'ਤੇ ਰੋਟ ਪ੍ਰਸ਼ਾਦ ਚੜ੍ਹਿਆ। ਐਲਨ ਛਾਤੀ 'ਤੇ ਕਰਾਸ ਬਣਾਇਆ। ਫੀਰੂ ਅੱਡੇ ਤੇ ਖਲੋਤੇ ਹੀ ਰਿਕਸ਼ੇ ਦੀ ਭੇੜਾਰੀ 'ਚੋਂ ਤੰਬਾਕੂ ਦੀ ਪੱਤ ਅਤੇ ਸੁਲਫ਼ੇ ਦੀ ਗੋਲੀ ਕੱਢ ਚਿਲਮ ਖਿੱਚੀ ਤੇ ਬਿਨਾਂ ਕੋਈ ਸਵਾਰੀ ਲਏ ਪਿੰਡ ਨੂੰ ਤੁਰਿਆ ਆਇਆ।

ਕੋਠੀ 'ਚ ਖ਼ਬਰ ਕਿਰਪੀ ਬੁੜ੍ਹੀ ਦੀ ਚੋਕਵੀਂ ਤੋਰ ਲੈ ਕੇ ਗਈ। ਵੱਡੀ ਸਦਾਰਨੀ ਦੇ ਮਨ 'ਚ ਧੁੜਕੂ ਤਾਂ ਸੀ। ਕਿਰਪੀ ਬੁੜ੍ਹੀ ਦੀ ਤੋਰ ਹੋਰ ਪੱਕਾ ਕਰ ਦਿੱਤਾ।

"ਹਨੀ ਸੁਣਿਐ ਮੇਂਦਿਆਂ ਤੋਂ ਥੁੱਕਦੀ ਫਿਰਦੀ ਐ ਟੁੰਡੀ..."

"ਜੀ ਲੱਖ ਥੁੱਕੇ, ਚੰਨ 'ਤੇ ਥੁੱਕੂ ਤਾਂ ਮੂੰਹ 'ਤੇ ਈ ਪਊ।"

"ਪਰ ਕਾਹਤੋਂ?" ਸਰਦਾਰਨੀ ਜਾਣਦੀ ਤਾਂ ਸੀ। ਫਿਰ ਵੀ ਉਸ ਕੁਰੇਦਿਆ।"

ਜੀ ਜੈਲੂ ਦੇ ਸਿਰ 'ਤੇ... ਹੋਰ ਕੀ?" ਕਿਰਪੀ ਮਨ ਹੀ ਮਨ ਖੁਸ਼ ਹੋਈ।



"ਪਰ ਆਹ ਬਿਰਤਾ ਕਿਉਂ ਮੂਧਾ ਹੋਈ ਫਿਰਦੈ?"

"ਜੀ ਰੱਬ ਜਾਣੇ... ਪਰ ਮੂੰਹ ਛੋਟਾ, ਵੱਡੀ ਗੱਲ।" ਕਿਰਪੀ ਏਧਰ-ਉਧਰ ਦੇਖਦੇ ਕੰਨਗੋਸ਼ੇ 'ਚ ਬੋਲੀ, "ਜੀ ਆਹ ਜਿਹੜੇ ਨਾਂ ਕਟਵਾਏ ਨਾ ਤੇਰੇ ਸਦਾਰ ਨੇ ਪੀਲੇ ਕਾਟਾਂ ਦੇ। ਜੈਲੂ ਨੇ ਕਾਗਤ ਭਰਵਾਏ ਤੇ ਤੀਜੇ ਦਿਨ ਕਾਟ ਲਿਆ ਰੱਖੇ ਸਭ ਦੇ ਹੱਥਾਂ 'ਚ। ਤਾਂ ਗਾਉਂਦੇ ਐ ਗੁੱਗਾ।"

"ਦਿਨ ਐ ਕਿਰਪੀਏ ਥੋੜ੍ਹੇ... ਨਹੀਂ ਏਹਾ ਜਿਆਂ ਨੂੰ ਕੋਈ ਦੇਹਲੀ ਨੀ ਸੀ ਚੜ੍ਹਨ ਦਿੰਦਾ।" ਸਰਦਾਰਨੀ ਦੇ ਧੁਰ ਅੰਦਰ ਕਿਤੇ ਪੀੜ ਹੋਈ।

"ਜੀ ਕਹਿੰਦੇ ਡੀ.ਸੀ. ਲੱਗ ਜੂ ਜੈਲੂ?" ਕਿਰਪੀ ਮੱਚਦੀ ਤੇ ਤੇਲ ਪਾਇਆ।

"ਲੈ ਡੀ.ਸੀ. ਨਾ ਕਿਤੇ...। ਕੁੜੀਆਂ 'ਤੇ ਪਈ ਐ ਡੀ.ਸੀ.... ਵੱਢ੍ਹੀ ਚੜ੍ਹਦੀ ਐ ਮਣਾ ਮੂੰਹੀਂ।"

ਤਦੇ ਪੋਰਚ 'ਚ ਸਰਦੂਲ ਸਿੰਹੁ ਦਾ ਖੰਗੂਰਾ ਉੱਚਾ ਹੋਇਆ।

ਸਭ ਚੁੱਪ। ਪਰ ਸਰਦਾਰਨੀ ਦੇ ਸਾਹਾਂ ਵਿਚ ਕੁਝ ਧੁਖਣ ਲੱਗਾ।

ਦ੍ਰਿਸ਼-2

ਬਾਰੂ ਦੀ ਅੱਖ ਤੋਂ ਜਿਉਂ ਹੀ ਪੱਟੀ ਖੁੱਲ੍ਹੀ; ਉਹਨੇ ਰੋਣ ਜਿਹੀ ਕਿਲਕਾਰੀ ਮਾਰੀ। 'ਆਹ ਤਾਂ ਦਿਨ ਚੜ੍ਹ ਗਿਆ ਉਏ ਭੈਣ ਦੇਣੇ ਦਾ...।"

ਨਵੇਂ ਜਨਮ ਜਿਹਾ ਅਹਿਸਾਸ ਹੋਇਆ। ਜੀ ਕੀਤਾ ਜੈਜੂ ਨੂੰ ਉੱਠ ਕੇ ਜੱਫੀ ਪਾ ਲਵੇ। ਪਰ ਉਹ ਜੁਆਕ ਮੂਹਰੇ ਸੰਗ ਗਿਆ।

ਆਟੋ ਤੱਕ ਆਉਂਦੇ ਉਹਦੀ ਕਈ ਵੇਰ ਅੱਖ ਛਲਕੀ। ਆਟੋ 'ਚ ਬੈਠਣ ਤੋਂ ਪਹਿਲਾਂ ਉਸ ਕਿਹਾ। "ਸਿੱਧਾ ਡੇਰੇ ਜਾਊਂ।"

ਉਹ ਸੋਚਾਂ ਵਿਚ ਇਤਨਾਂ ਉੱਤਰ ਗਿਆ ਕਿ ਪਤਾ ਹੀ ਨਾ ਲੱਗਾ ਆਟੋ ਕਦੋਂ ਪਿੰਡ ਵੱਲ ਪਰਤ ਗਿਆ। ਜਿਵੇਂ ਹੀ ਉਹ ਕਾਲੀ ਐਨਕ ਪਿੱਛੋਂ ਅੱਖ ਉਘੇੜਦਾ, ਸਭ ਕੁਝ ਓਪਰਾ-ਓਪਰਾ ਦਿੱਸਦਾ। ਕਿਸੇ ਅਣਦੇਖੇ ਦੇਸ ਵਰਗਾ। ਹਾਰ ਕੇ ਉਹਨੇ ਭਰੇ ਹੋਏ ਮਨ ਨਾਲ ਕਾਲੀ ਐਨਕ ਦਾ ਸ਼ੀਸ਼ਾ ਢਿਲਕੀ ਪੱਗ ਦੇ ਲੜ ਹੇਠ ਹੀ ਕੱਜ ਲਿਆ।

ਅਚਾਨਕ ਆਟੋ ਰੁਕਿਆ। ਐਨਕ ਤੋਂ ਪੱਗ ਦਾ ਲੜ ਚੁੱਕਿਆ। ਉਹਦਾ ਜੈਜੂ ਨੂੰ ਗਾਲ ਦੇਣ 'ਤੇ ਜੀ ਕੀਤਾ। ਕੰਜਰ ਧੋਖੇ ਨਾਲ ਪਿੰਡ ਲੈ ਆਇਆ। ਕੁਝ ਤੀਵੀਆਂ ਆਟੋ ਮੂਹਰੇ ਤੇਲ ਚੋਅ ਰਹੀਆਂ ਸਨ।...

ਤਪਦੇ ਹੋਏ ਨੇ ਬਗਲ ਵੱਲ ਝਾਕਿਆ। ਕਿਸੇ ਕੁੜੀ ਦੇ ਬੈਠੀ ਹੋਣ ਦਾ ਝਾਉਲਾ ਪਿਆ। ਬਾਰੂ ਸੁੰਗੜਿਆ। ਥੋੜ੍ਹੀ ਦੂਰ ਐਲਨ ਖੜ੍ਹੀ ਸੀ। ਢਿਲਕੀ ਦੇਹ ਅਤੇ ਚੁੰਨੀ ਹੇਠ ਲਕੋਏ ਟੁੰਡ ਨਾਲ...। ਇਕਾ ਇਕ ਬਾਰੂ ਦੀ ਦੇਹ 'ਚ ਧੁਰਧੜੀ ਆਈ। ਐਲਨ ਲਈ ਉਹਦਾ ਮਨ ਭਰ ਆਇਆ।

ਜੈਜ਼ਮ ਅਤੇ ਸੱਤੀ ਸਹਾਰਾ ਦੇ ਉਹਨੂੰ ਆਟੇ 'ਚੋਂ ਲਾਹੁਣਾ ਚਾਹਿਆ। ਗੁੱਸੇ 'ਚ ਬਾਰੂ ਦੋਹਾਂ ਦੇ ਹੱਥ ਝਟਕੇ। ਉਹਨੂੰ ਜੇਜੂ 'ਤੇ ਖਿਝ ਆਈ। ਕੰਜਰ ਨੇ ਖ਼ਾਹ-ਮਖ਼ਾਹ ਤੀਵੀਂ ਮੂਹਰੇ ਨੀਵਾਂ ਕਰ 'ਤਾ। ਐਲਨ ਉਹਦੇ ਪੈਰਾਂ ਵੱਲ ਨੂੰ ਲਪਕੀ। ਉਹ ਦੋ ਕਦਮ ਪਿੱਛੇ ਹਟਦਾ, ਡਿਗਣੋਂ ਬੱਚਿਆ। ਹੱਥ 'ਚ ਸੋਟੀ ਹੁੰਦੀ ਤਾਂ ਉਹ ਦੂਰੋਂ ਹਟਕ ਦਿੰਦਾ। ਫੀਰੂ ਦੇ ਹੱਥ ਜੁੜੇ ਦੇਖ, ਉਸ ਮਨ ਹੀ ਮਨ ਗਾਲ਼ ਕੱਢੀ, 'ਸਾਲਾ ਗੰਦੀ।'

ਜੈਜ਼ਮ ਜਾਣਦਾ ਸੀ, ਤਾਏ ਨੂੰ ਬਿਨਾਂ ਦੱਸੇ ਪਿੰਡ ਲੈ ਕੇ ਆਉਣਾ ਜਾਨ ਜੋਖ਼ਮ ਪਾਉਣ ਬਰਾਬਰ ਸੀ।

"ਬਸ ਤਾਇਆ ਪੰਜ ਮਿਨਟ...।" ਉਸ ਤਰਲਾ ਲਿਆ।

ਬਾਰੂ ਨੂੰ ਪੈਰ ਮਣ-ਮਣ ਭਾਰੀ ਹੋ ਗਏ ਲੱਗੇ। ਵਿਹੜੇ 'ਚ ਪੈਰ ਪਾਉਂਦੇ ਹੀ ਉਹਨੂੰ ਸੱਜਰੇ ਲਿਪੇ ਗੋਹੇ ਦੀ ਤਿੱਖੀ ਗੰਧ ਆਈ। ਦੇਹ 'ਚੋਂ ਕਾਂਬਾ ਉੱਠਿਆ। ਮਨ 'ਚ ਆਈ। ਕਿਤੇ ਉਹ ਫੇਰ ਤਾਂ ਨਹੀਂ ਸੀ ਰੇਸ਼ਮ ਦੇ ਕੀੜੇ ਵਾਂਗ ਮੋਹ ਦੀਆਂ ਤੰਦਾਂ 'ਚ ਉਲਝ ਰਿਹਾ? ਨਹੀਂ। ਉਹਨੇ ਮਨ ਕਰੜਾ ਕੀਤਾ। ਹਵਾ ਨੂੰ ਕਿਹੜਾ ਗੰਢ ਮਾਰ ਨੂੰ ਸਾਲਾ।

"ਚੁਆੜੀ ਕਿੱਥੇ ਫੂਕ ਤੀ ਮੇਰੀ?" ਉਹ ਤਲਖ਼ ਹੋਇਆ।

ਡੰਗੋਰੀ ਅਤੇ ਉਹਦਾ ਝੋਲੂ ਹਾਲੇ ਆਟੇ ਵਿਚ ਹੀ ਸਨ। ਐਲਨ ਭੱਜ ਕੇ ਲੈ ਆਈ। ਮੰਜੇ 'ਤੇ ਬੈਠਦੇ ਨੇ ਜਿਉਂ ਹੀ ਡੰਗੋਰੀ ਫੜ੍ਹੀ। ਪਪੋਲੀ, ਚਿੱਤ ਸ਼ਾਂਤ ਹੋਣ ਲੱਗਾ।

ਬਾਰੂ ਹਲਕੀ ਜਿਹੀ ਪਲਕ ਚੁੱਕੀ। ਬਹੁਤ ਨਿੱਕਾ ਜਿਹਾ ਵਿਹੜਾ ਸੀ। ਕੀ ਇਹ ਉਹੋ ਘਰ ਸੀ? ਜਿੱਥੇ ਉਹ ਜੰਮਿਆ, ਪਲਿਆ ਅਤੇ ਐਲਨ ਨੂੰ ਵਿਆਹ ਕੇ ਲਿਆਇਆ? ਨਹੀਂ। ਇਹ ਉਹ ਘਰ ਨਹੀਂ ਸੀ। ਬਹੁਤ ਕੁਝ ਉਹਦੀ ਸਿਮਰਤੀ ਤੋਂ ਵੱਖਰਾ ਸੀ। ਕੰਧੋਲੀ, ਖਿੜਕਾ, ਖੂੰਜੇ 'ਚ ਖੜ੍ਹਾ ਰਿਕਸ਼ਾ ਤੇ ਛਿਟੀਆਂ ਦਾ ਢੇਰ। ਉਹ ਕਿੰਨੇ ਸਾਲਾਂ ਬਾਦ ਪਰਤਿਆ ਸੀ? ਯਾਦ ਨਹੀਂ।

ਵਿਹੜੇ ਨੂੰ ਪਤਾ ਨਹੀਂ ਕਿਥੋਂ ਸੂਹ ਮਿਲੀ, ਤੀਮੀਆਂ ਤੇ ਜੁਆਕ ਮੱਖੀਆਂ ਵਾਂਗ ਆ ਭਿੜੇ।

ਚੁਫ਼ੇਰੇ ਤੀਵੀਆਂ ਅਤੇ ਜੁਆਕਾਂ ਦਾ ਝੁਰਮਟ ਦੇਖ, ਬਾਰੂ ਜ਼ਹਿਰ ਉਗਲੀ। "ਆਹ ਕੱਠ ਮੇਰੇ ਨੜੋਏ ਦਾ ਕੀਤੇ...। ਸਾਲਿਉ ਮਰ ਤਾਂ ਨੀ ਗਿਆ ਮੈਂ...।"

ਤੀਵੀਆਂ ਤ੍ਰਹਿ ਕੇ ਕੰਧਾਂ ਨਾਲ ਜਾ ਲੱਗੀਆਂ।

ਜੁਆਕ ਮੁਸਕੜੀਏ ਹੱਸੇ।

ਦੇਖ ਕੇਹਾ ਜੀ ਭਾਖਿਆ ਕਢਦੈ। ਐਲਨ ਮਨ ਹੀ ਮਨ ਰੋਈ।

ਬਾਰੂ ਨੂੰ ਅਚਵੀ ਹੋਈ। ਉਸ ਜੈਜ਼ਮ ਦੇ ਲਿਸ਼ਕਦੇ ਪਟਿਆਂ ਵੱਲ, ਪਹਿਲੀ ਵੇਰ ਝਾਕਿਆ।

"ਤੂੰ ਕਦ ਤੋਂ ਬਾਬੂ ਬਣ ਗਿਆ ਉਏ?" ਅਗਲੇ ਹੀ ਪਲ ਭੁੱਲ ਦਾ ਅਹਿਸਾਸ ਹੋਇਆ। ਇਸ ਤੋਂ ਪਹਿਲਾਂ ਉਹ ਕਿਵੇਂ ਦੇਖਦਾ?



"ਠੀਕ ਐ... ਠੀਕ ਐ, ਬੰਦਾ ਬਣ ਕੇ ਰਹੀਂ ਜੇ ਕਿਸੇ ਅਸਲ ਦਾ ਬਿਦ ਐਂ ਤਾਂ...।"

ਬਾਊ ਤਾਂ ਇਹਦਾ ਪਾਣੀ ਭਰਨਗੇ, ਜਿੱਦੇ ਡੀ.ਸੀ. ਲੱਗ ਗਿਆ। ਤੂੰ ਕਿੱਥੇ ਫਿਰਦੈਂ ਅੰਨ੍ਹਿਆ। ਫੀਰੂ ਕਹਿਣਾ ਚਾਹਿਆ। ਪਰ ਚੁੱਪ ਰਿਹਾ।

ਬਾਰੂ ਦੀ ਤਿਲਕਦੀ ਅੱਖ ਸੱਤੀ 'ਤੇ ਗਈ।

ਇਹ ਕੌਣ ਐ? ਚਾਨਣ ਵਿਚ ਨਹਾਤੀ ਹੋਈ। ਗੋਰੀ ਚਿੱਟੀ। ਕਾਸ਼! ਉਹਦੀ ਦੂਜੀ ਅੱਖ ਵੀ ਦੇਖ ਸਕਦੀ। ਵਿਹੜੇ ਦੀ ਤਾਂ ਹੋ ਨੀ ਸਕਦੀ। ਫਿਰ ਕੌਣ ਸੀ?

ਜੁਆਕ ਫ਼ਿਰ ਆ ਖਲੋਤੇ ਸਨ।

ਬਾਰੂ ਤਲਖ਼ੀ ਨਾਲ ਭਰ ਗਿਆ।

"ਸਾਲੀ ਕਤੀੜ... ਜਾਊ ਕਿ ਘੱਲਾਂ ਮੈਂ...? ਸਾਲੇ ਐਂ ਆ ਖੜ੍ਹੇ ਜਿਵੇਂ ਵੇਗ ਲੱਗ ਗੇ ਮੈਨੂੰ।"

ਐਲਨ ਸਭ ਨੂੰ ਜਾਣ ਦਾ ਇਸ਼ਾਰਾ ਕੀਤਾ। ਨੱਕ-ਬੁੱਲ੍ਹ ਵੱਟਦੀਆਂ ਤੀਵੀਆਂ, ਮੰਜੀ ਦੀ ਬਾਹੀ ਨੂੰ ਚੁੰਨੀ ਛੁਹਾ, ਮੱਥਾ ਟੇਕ ਜਿਉਂ ਹੀ ਪਰਤੀਆਂ, ਬਾਰੂ ਸੁਖ਼ ਦਾ ਸਾਹ ਲਿਆ।

ਉਸ ਦੇਖਿਆ, ਉਹਨੇ ਨਵਾਂ ਝੱਗਾ ਅਤੇ ਤਹਿਮਦ ਦੀ ਥਾਂ ਪਜਾਮਾਂ ਪਾਇਆ ਹੋਇਆ ਸੀ। ਉਹਦਾ ਦਿਲ ਬੈਠਣ ਲੱਗਾ। ਕੰਜਰਾਂ ਇਹ ਕਦ ਬਦਲਿਆ? ਕੁੱਤਿਆਂ ਨੂੰ ਸ਼ਰਮ ਨਾ ਆਈ। ਪਹਿਲਾਂ ਸਾਲਿਆਂ ਨੰਗ ਦੇਖਿਆ ਹੋਊ... ਛੇ, ਹੀ ਹੀ ਕੀਤੀ ਹੋਊ।

ਸ਼ਰਮ ਨਾਲ ਝੁਣਝੁਣੀ ਆਈ।

ਨਿਗ੍ਹਾ ਫਿਰ ਸੱਤੀ 'ਤੇ ਪਈ। ਯਾਦ ਆਇਆ। ਉਹਦੇ ਨਾਲ ਤਾਂ ਭੂੰਡ ਵਿਚ ਵੀ ਇਹੋ ਆਈ। ਹੋਰ ਯਾਦ ਆਇਆ। ਇਹ ਤਾਂ ਸਫ਼ਾਖ਼ਾਨੇ ਵਿਚ ਵੀ ਸੀ।

ਉਹ ਜੈਜ਼ਮ ਲਈ ਬੇਹਦ ਗੁੱਸੇ ਨਾਲ ਭਰ ਗਿਆ ਅਤੇ ਕਿਸੇ ਪੀੜ ਵਿਚ ਘਿਰ ਗਿਆ। ਕੰਜਰ ਨੂੰ ਕੀ ਲੋੜ ਸੀ ਕਿਸੇ ਓਪਰੇ ਨੂੰ ਖੇਚਲਾ ਦੇਣ ਦੀ...। ਮਛੇਰੂ ਨੇ ਬੇ ਮਤਲਬ ਸਿਰ ਨੀਵਾਂ ਕਰ 'ਤਾ।

"ਗੱਲ ਸੁਣ!" ਉਹ ਜੈਜ਼ਮ ਵੱਲ ਗੁੱਸੇ ਨਾਲ ਝਾਕਿਆ।

"ਆਹ ਕੁੜੀ ਕੀਹਨਾਂ 'ਚੋਂ ਐ...? ਉਸ ਸੱਤੀ ਵੱਲ ਸੋਟੀ ਸਿਧੀ ਕੀਤੀ।

"ਜੀ ਮੈਂ..." ਸੱਤੀ ਉਲਝ ਗਈ।

"ਇਹ ਮੇਰੇ ਨਾਲ ਐ...।" ਜੈਜ਼ਮ ਸੱਤੀ ਦੇ ਮੋਢੇ ਤੋਂ ਬਾਂਹ ਵਲ਼ੀ।

ਬਾਰੂ ਦਾ ਮੱਥਾ ਠਣਕਿਆ। ਏਨ ਬਿਗਾਨੀ ਧੀ ਦੇ ਮੋਢੇ ਬਾਂਹ ਕਿਉਂ ਰੱਖੀ।

"ਵਿਹੜੇ 'ਚੋਂ ਐ?"

"ਨਹੀਂ!" ਜੈਜ਼ਮ ਹਰ ਖ਼ਤਰੇ ਲਈ ਆਪਣੇ ਆਪ ਨੂੰ ਸੁਤ ਲਿਆ।

"ਹੋਰ ਕੀਹਨਾਂ 'ਚੋਂ ਐ...?"

"ਓ ਹੋ। ਤਾਇਆ ਬੋਲਦਾ ਕਿਉਂ ਐਂ? ਐਮੇ ਅੱਖ ਤੇ ਭਾਰ ਪਊ।"

"ਕੁੱਤਿਆ! ਅੰਨ੍ਹਾ ਈ ਹੋ ਜੂੰ ਮੁੜਕੇ... ਮਰਦਾ ਤਾਂ ਨੀਂ।

ਮੈਂ ਪੁੱਛਦਾਂ ਇਹ ਹੈ ਕੀਹਨਾਂ 'ਚੋਂ?" ਬਾਰੂ ਚੀਕਿਆ।

"ਜਮਾਤਣ ਐ ਮੇਰੀ... ਪੜ੍ਹਦੀ ਐ ਮੇਰੇ ਨਾਲ।"

"ਭੈਣ ਮਰਾ ਗੀ ਪੜ੍ਹਾਈ, ਤੂੰ ਜਿਹੜੀ ਗੱਲ ਪੁੱਛੀਐ ਉਹ ਦੱਸ।"

ਜੈਜ਼ਮ ਦੀ ਖਾਨਿਉਂ ਗਈ। ਉੱਤਰ ਵਿਚ ਕੇਵਲ ਹਉਕਾ ਲਿਆ।

"ਕਿਉਂ? ਦੂਜੀ ਤਰ੍ਹਾਂ ਪੁੱਛਾਂ ਫੇ...?" ਬਾਰੂ ਐਨਕ ਲਾਹ ਹੱਥ 'ਚ ਫੜ੍ਹ ਲਈ।

ਜੈਜ਼ਮ ਨੂੰ ਰਾਹ ਲੱਭ ਗਿਆ।

"ਓ ਹੋ! ਤਾਇਆ ਕੀ ਕਰਦੈਂ? ਤੈਨੂੰ ਕਿਹੇ ਐਨਕ ਨੀ ਲਾਹੁਣੀ।"

"ਕੁੱਤਿਆ! ਮੈਂ ਤਾਂ ਸਿਰ ਲਾਹੁਣ ਤੋਂ ਨਾ ਜਕਾਂ, ਤੂੰ ਓਹਲਾ ਕੀ ਰੱਖਦੇ ਮੇਤੋਂ...। ਚੱਲ ਕੁੜੀਏ ਤੂੰ ਦੱਸ।"

ਸੱਤੀ ਹਿੰਮਤ ਬਟੋਰੀ।

"ਜੀ ਮੈਂ ਸਤਵੰਤ ਕਰਨਪੁਰੀਏ ਸਿੱਧੂਆਂ 'ਚੋਂ...।"

ਕਰਨਪੁਰੀਆਂ ਦਾ ਨਾਂ ਸੁਣਦੇ, ਬਾਰੂ ਮੱਥਿਉਂ ਅੱਗ ਦੀ ਇਕ ਲਾਟ ਉੱਠੀ। ਪੀੜ ਵਿਚ ਦੋਵੇਂ ਅੱਖਾਂ ਮੀਟ, ਬਹੁਤ ਪਿੱਛੇ ਚਲਿਆ ਗਿਆ। ਜ਼ਿਹਨ ਵਿਚ ਦੇਬੂ ਮਹੰਤ ਦੀਆਂ ਭੈਣਾਂ, ਸ਼ਹਿਨਾਜ਼, ਬਾਨੋ ਤੇ ਰਜ਼ੀਆ ਮੱਥੇ ਵਿਚਲੀ ਲਾਟ ਵਿਚ ਮੱਚਣ ਲੱਗੀਆਂ।

ਪਰਤਿਆ ਤਾਂ ਆਪਣੇ ਆਪ ਵਿਚ ਨਹੀਂ ਸੀ।...

ਜੋ ਕੁਝ ਬਾਰੂ ਨੇ ਬਕਿਆ, ਸੁਣਨ ਵਾਲੇ ਦੇ ਦੰਦ ਜੋੜਨ ਲਈ ਕਾਫ਼ੀ ਸੀ। "ਦੁਨੀਆਂ ਬਦਲ ਗਈ, ਪਰ ਤਾਇਆ ਤੂੰ? ਸ਼ਰਮ ਆਉਣੀ ਚਾਹੀਦੀ ਐ। ਕਿਸੇ ਦੀ ਧੀ ਭੈਣ ਬਾਰੇ ਐਹਾ ਜਾ ਗੰਦ ਬਕਦਿਆਂ।"

ਬਾਰੂ ਕੰਬਣ ਲੱਗਿਆ।

ਖੂੰਜੇ 'ਚ ਪਈ ਕੁਹਾੜੀ ਦਾ ਝਾਉਲਾ ਪਿਆ। ਤੇਜ਼ੀ ਨਾਲ ਉਠਿਆ।

"ਕੁੱਤਿਆ! ਇਹ ਸ਼ਰਮ ਸਿਰਫ਼ ਸਾਡੇ ਲਈ ਰਹਿ ਗਈ। ਤੇ ਇਹ ਤਗੜੇ... ਰੱਬ ਦੇ ਭੂਰਤਰੂ ਐ ਸਾਲੇ...।"

ਤੇ ਬਾਰੂ ਬਿਨਾਂ ਕੁਝ ਸੋਚੇ, ਕੁਹਾੜੀ ਵਗ੍ਹਾਤੀ ਜੈਜ਼ਮ ਵੱਲ ਮਾਰੀ। ਇਹ ਤਾਂ ਸ਼ੁਕਰ ਟੋਕਰੇ 'ਚ ਉਲਝ ਗਿਆ, ਤੇ ਐਨ ਮੌਕੇ ਤੇ ਫੀਰੂ ਨੇ ਜੱਫੇ 'ਚ ਲੈ ਲਿਆ। ਨਹੀਂ ਜਾਹ ਜਾਂਦੀਏ ਹੋ ਗਈ ਸੀ।

ਕੁਹਾੜੀ ਹਵਾ 'ਚ ਉੱਠੀ ਦੇਖ ਐਲਨ ਦਾ ਅੜਾਟ ਉੱਚਾ ਹੋਇਆ। ਅੱਖ ਝਪਕਦੇ ਗੁਆਂਢਣਾਂ ਫਿਰ ਆ ਖੜ੍ਹੀਆਂ। ਅਸਲ ਉਹ ਪਹਿਲਾਂ ਹੀ ਕੰਧਾਂ ਨਾਲ ਲੱਗੀਆਂ ਖੜ੍ਹੀਆਂ ਸਨ।

ਜੈਜ਼ਮ ਕੰਬ ਰਿਹਾ ਸੀ। ਉਹਨੇ ਕੁਹਾੜੀ ਹਵਾ ਵਿਚ ਉੱਡਦੀ ਅਤੇ ਕੰਨ ਕੋਲੋਂ



ਲੰਘਦੀ ਦੇਖੀ ਤਾਂ ਦਹਿਲ ਗਿਆ। ਸੱਤੀ ਤਾਂ ਜਿਵੇਂ ਸੁੰਨ ਹੀ ਹੋ ਗਈ। ਉਹਨੇ ਜਰੀ ਅੱਥਰੂ ਡੱਕੇ ਅਤੇ ਭੁੱਬ ਮਾਰਨੀ ਚਾਹੀ।

ਇਕਾ ਇਕ ਦੇਬੂ ਮਹੰਤ ਪ੍ਰਗਟਿਆ। ਸਭ ਨੇ ਸੁਖ ਦਾ ਸਾਹ ਲਿਆ। ਫੀਰੂ ਹਾਲੇ ਵੀ ਬਾਰੂ ਨੂੰ ਜੱਫਾ ਪਾਈ ਖੜ੍ਹਾ ਸੀ।

"ਫ਼ਕੀਰੀਆ ਜੀ, ਛੋੜ ਦੇ...।" ਉਸ ਫ਼ਕੀਰੀਏ ਨੂੰ ਕਿਹਾ ਅਤੇ ਬਾਰੂ ਦਾ ਹੱਥ ਫੜਿਆ। "ਚਲੋ ਪ੍ਰਭੂ...।"

ਦੇਬੂ ਨੂੰ ਦੇਖ ਬਾਰੂ ਦੇ ਜਿਵੇਂ ਅਉਸਾਣ ਹੀ ਮਾਰੇ ਗਏ।

"ਤੂੰ? ਤੂੰ ਇਹਨਾਂ ਕੁੱਤਿਆਂ ਦੇ ਕਿਮੇਂ ਆ ਗਿਆ? ਸਾਲੇ ਥੁੱਕ ਕੇ ਚੱਟਣ ਆਲੇ...।"

"ਚਲੋ ਪ੍ਰਭੂ! ਬੋਲੋ ਨਹੀਂ...।" ਮਹੰਤ ਨੇ ਬਾਰੂ ਨੂੰ ਜਿਵੇਂ ਸੁਣਿਆ ਹੀ ਨਾ।

ਬਾਰੂ ਸੁੰਨ। ਕਿਸੇ ਸ਼ਕਤੀ ਦਾ ਕੀਲਿਆ, ਅੱਗੇ ਲੱਗ ਤੁਰਿਆ। ਗਲੀ 'ਚ ਖੜਿਆਂ ਦਾ ਝਾਉਲਾ ਦੇਖ ਚੀਕਿਆ।

"ਲੈ ਬਈ ਪਿੰਡਾ..." ਹਿੱਕ ਠੋਕ ਕੇ, "ਆਹ ਬਾਰੂ ਨੀ ਸੀ ਮਰਿਆ ਕਿਸੇ ਤੋਂ...। ਆਹ ਅੱਜ ਮਾਰ ਤਾ ਕੰਜਰ ਨੇ ਰੜੇ ਤੇ ਈ ਓਏ...।"

ਜਿਉਂ ਹੀ ਮਹੰਤ ਬਾਰੂ ਨੂੰ ਲੈ ਡੇਰੇ ਵੱਲ ਮੁੜਿਆ, ਮੁਰਾਦੀ ਪੱਦ ਅਤੇ ਪੀਤੂ ਕਬਾੜੀਆ, ਜੈਜੂ ਦੇ ਲਾਗ ਆ ਖੜ੍ਹੇ। ਉਹ ਬਾਰੂ ਦੇ ਅਜਬ ਸੁਭਾਅ ਨੂੰ, ਕੁੱਤੇ ਦੀ ਪੂਛ ਨਾਲ ਤੁਲਨਾ ਕੇ, ਬਾਰਾਂ ਸਾਲ ਵੰਝਲੀ 'ਚ ਪਾਈ ਰੱਖਣ 'ਤੇ ਵਿੰਗੀ ਰਹਿਣ ਵਾਲੀ ਹਿੜ ਬਾਰੇ ਦੱਸਣ ਲੱਗ ਪਏ।

ਕਿਰਪੀ ਬੁੜ੍ਹੀ ਸੱਤੀ ਦਾ ਕੋਮਲ ਹੱਥ ਆਪਣੀ ਢਿਲਕੀ ਛਾਤੀ ਤੇ ਰੱਖੀ ਕੰਬ ਰਹੀ ਸੀ।

"ਨੀ ਤੱਤੜੀਏ! ਕਾਲਜਾ ਦੇਖ ਮੇਰਾ, ਕਿਮੇ ਧੜਕਦੈ। ਆਹ ਦੇਖ।" ਉਸ ਦੋਵੇਂ ਹੱਥ ਪਹਿਲਾਂ ਛੂਹਿ ਅਤੇ ਫਿਰ ਕੰਨਾਂ ਨੂੰ ਲਾਏ। "ਮੈਂ ਤਾਂ ਇਹਨਾਂ ਦੀ ਕੌਮੋਂ ਦਾ ਸਿਰ ਫਿੜ ਵਾਂਗ ਰਿੜ੍ਹਦਾ ਦੇਖਿਐ...। ਇਸੇ ਬਿਹੜੇ 'ਚ, ...ਆਹ ਜਿੱਥੇ ਤੂੰ ਖੜ੍ਹੀ ਐਂ। ਤੇ ਇਹ ਬੇਲੀ, ਭੈਣ ਨੂੰ ਵੱਢ ਕੇ ਲਲਕਰੇ ਮਾਰਨੋਂ ਨਾ ਹਟੇ। ਨੀਂ ਕੁੜੇ ਮੈਂ ਤਾਂ ਜਦ ਦੇਖੀ ਕੁਹਾੜੀ, ਮੇਰੀ ਤਾਂ ਜਾਨ ਨਿਕਲ ਕੇ ਐਸ ਮੁੱਠੀ 'ਚ ਆ ਗਈ।" ਉਸ ਮੁੱਠੀ ਦਿਖਾਈ। "ਮੈਂ ਕਿਹਾ ਨੀ ਲੈ ਕਿਰਪੀਏ! ਕੁੜੀ ਤਾਂ ਗਈ।"

ਫਿਰ ਉਹ ਜੈਜ਼ਮ ਵੱਲ ਪਰਤੀ।

"ਥੇ ਮੂਰਖਾ! ਤੈਨੂੰ ਕੀ ਸੁੱਝੀ ਵਾੜ 'ਤੇ ਆਟਾ ਡੋਲ੍ਹਣ ਦੀ? ਚੰਗਾ ਭਲਾ ਦਫ਼ਾ ਸੀ ਡੇਰੇ 'ਤੇ...। ਨਾਲੇ ਹੁਣ ਕੀ ਸੁਧਰ ਜੂ ਜਦ ਮੜ੍ਹੀਆਂ 'ਚ ਲੱਤੈਂ। ਉੱਤੋਂ ਅੱਖ ਬਣਵਾ ਧਰੀ।"

"ਕੋਈ ਨਾ ਤਾਈ, ਜਾਉ ਤੁਸੀਂ।" ਜੈਜੂ ਹਉਕਾ ਲਿਆ।

ਸੱਤੀ ਭੈ-ਭੀਤ ਹੋਈ ਖੜ੍ਹੀ ਸੀ।

ਵੈਸੇ ਤਾਂ ਜੇਜ਼ਮ ਨੇ ਸੱਤੀ ਤੋਂ ਕੁਝ ਨਹੀਂ ਸੀ ਲਕੋਇਆ ਅਤੇ ਸੱਤੀ ਵੀ ਅੱਕ ਚੱਬਣ ਤੋਂ ਪਹਿਲਾਂ ਹਬੀ ਨਬੀ ਸੋਚ ਚੁੱਕੀ ਸੀ; ਪਰ ਅਜਿਹੇ ਨਿਰਾਦਰ ਲਈ ਤਾਂ ਉਹਨੇ ਸੁਪਨਾ ਵੀ ਨਹੀਂ ਸੀ ਲਿਆ। ਇਕ ਪਲ ਉਹ ਦੁਚਿੱਤੀ 'ਚ ਪੈ ਗਈ। ਉਹਨੇ ਮਾਪਿਆਂ ਦਾ ਤਿੱਖਾ ਵਿਰੋਧ ਸਹੇੜਿਆ ਸੀ। ਹਾਲਾਂ ਕੇ ਸੱਤੀ ਦੇ ਮਾਪੇ ਇਸ ਭਾਵੁਕ ਕਿਸਮ ਦੀ ਦੋਸਤੀ ਨੂੰ ਟਾਈਮ ਪਾਸ ਤੱਕ ਸੀਮਤ ਸਮਝ ਰਹੇ ਸਨ। ਕਿਤੇ ਉਹ ਅੰਗਿਆਰ ਤਾਂ ਨਹੀਂ ਸੀ ਫੱਕ ਰਹੀ। ਪਰ ਅੰਗਿਆਰ ਤਾਂ ਉਹ ਬਹੁਤ ਚਿਰ ਪਹਿਲਾਂ ਫੱਕ ਚੁੱਕੀ ਸੀ, ਜਦੋਂ ਉਹਨੇ ਜੇਜ਼ਮ ਨੂੰ ਮਨ, ਤਨ ਅਤੇ ਧਨ ਸਭ ਕੁਝ ਸੌਂਪ ਦਿੱਤਾ ਸੀ। ਇਸ ਹਾਲਤ ਵਿਚ ਪਿੱਛੇ ਮੁੜਨਾ ਸੰਭਵ ਹੀ ਨਹੀਂ ਸੀ।

ਉਹਨੇ ਜੇਜ਼ਮ ਦਾ ਹੱਥ ਫੜ ਘੁੱਟਿਆ। ਇਕ ਪਲ ਉਹ ਸਮਝ ਨਾ ਸਕੀ, ਉਹ ਹੌਸਲਾ ਦੇ ਰਹੀ ਸੀ ਜਾਂ ਖ਼ੁਦ ਬਟੋਰ ਰਹੀ ਸੀ।

ਐਲਨ ਅਤੇ ਫੀਰੂ ਢੱਠੇ ਮਨ ਮੰਜੀ 'ਤੇ ਬੈਠੇ ਸਨ। ਜਿਥੋਂ ਬਾਰੂ ਉੱਠ ਕੇ ਗਿਆ ਸੀ।

ਤਕਾਲਾਂ ਉੱਤਰ ਰਹੀਆਂ ਸਨ।

ਅਚਾਨਕ ਸੱਤੀ ਨੂੰ ਕਿਤੋਂ ਕੱਚਾ ਮਾਸ ਸੜਨ ਦੀ ਗੰਧ ਆਈ।

"ਐਨੀਂ ਜ਼ਹਿਰ... ਔਰ ਤੁਸੀਂ ਤੀਹ ਸਾਲ 'ਚ ਰੱਤੀ ਭਰ ਨੀਂ ਧੋ ਸੱਕੇ...!"

ਜੇਜ਼ਮ ਮਾਂ ਪਿਉ 'ਤੇ ਵਰ੍ਹ ਰਿਹਾ ਸੀ।

ਐਲਨ ਅਤੇ ਫੀਰੂ ਚੁੱਪ।

ਜੇਜ਼ਮ ਮੁਰਾਦੀ ਅਤੇ ਪੀਤੂ ਵੱਲ ਕੈੜਾ ਜਿਹਾ ਝਾਕਿਆ।

ਦੋਵੇਂ ਪੈਰ ਮਲਦੇ ਬਾਹਰ ਵੱਲ ਖਿਸਕੇ।

ਖੜ੍ਹੀ ਸੱਤੀ ਦੇ ਹੱਥਾਂ ਪੈਰਾਂ ਤੇ ਗੁੱਤੀ ਲੜੀ। ਉਹਨੇ ਪੈਰ ਅਤੇ ਕੱਛਾਂ ਤੱਕ ਨੰਗੀਆਂ ਬਾਹਾਂ ਪਲੋਸੀਆਂ। ਮਨ 'ਚ ਅਚਵੀ ਹੋਈ। ਉਹ ਮਾਸਿਕ ਧਰਮ ਦੀ ਗਰਿਫ਼ਤ ਵਿਚ ਸੀ। ਤਣਾਓ ਕਾਰਨ ਲੱਤਾਂ ਵਿਚ ਹੋਰ ਸਿੱਲ੍ਹ ਦਾ ਅਹਿਸਾਸ ਹੋਇਆ ਤਾਂ ਉਹਨੇ ਡੂੰਘਾ ਹਉਕਾ ਲਿਆ।

ਦਫ਼ ਫੱਟ ਸੱਤੀਏ! ਕਿਹੜੇ ਸੋਨਾ ਬਾਬ ਭਾਲਦੀ ਏਂ ਏਥੇ।

ਉਹਨੇ ਆਪਣੇ ਆਪ ਨੂੰ ਕਿਹਾ।

ਜੇਜ਼ਮ ਕਲਪ ਰਿਹਾ ਸੀ।

"ਰੱਬ ਦਾ ਵਾਸਤਾ ਉਹਨੂੰ ਘਰ ਲੈ ਕੇ ਆਉ ਕਿਸੇ ਵੀ ਕੀਮਤ 'ਤੇ...!"

ਫ਼ੀਰੂ ਮੁੱਠੀ ਦੀ ਬੁੱਘੀ ਬਣਾਈ ਬੀੜੀ ਦਾ ਸੂਟਾ ਖਿੱਚੀ ਗਿਆ।

ਬਾਪੂ ਦੇ ਧੂੰਏ 'ਚ ਲਿਪਟੇ ਚਿਹਰੇ ਤੋਂ ਜੇਜ਼ੂ ਨੂੰ ਡਰ ਲੱਗਿਆ। ਉਹ ਜਾਣਦਾ ਸੀ। ਬੀੜੀ ਦਾ ਸੂਟਾ ਮੁੱਕਣ ਤੇ ਉਹਨੂੰ ਖੰਘ ਛਿੜ ਜਾਣੀ ਸੀ, ਤੇ ਬਲਗਮ ਦਾ ਗੋਲਾ



ਛਾਤੀ ਵਿਚ ਇਉਂ ਖੜਕਣ ਲੱਗਣਾ ਸੀ, ਜਿਵੇਂ ਪੀਪੇ 'ਚ ਰੋੜ ਖੜਕਦੇ ਹੋਣ।

"ਸੱਤ ਤੂੰ ਵੀ ਤਾਂ ਕਹਿ ਯਾਰ! ਕਾਹਦੀ ਹੈਂਕੜ ਐ ਦੋਹਾਂ ਪਾਸੇ? ...ਮਾਂ ਤੂੰ ਤਾਂ ਸੋਚ ਕੁਸ਼...?"

ਐਲਨ ਮੂੰਹ 'ਚ ਚੁੰਨੀ ਲੈ ਡੁਸਕਣ ਲੱਗੀ।

ਜੇਜ਼ੂ ਹਉਕਾ ਲੈ ਗਲੀ 'ਚ ਆਇਆ। ਬਾਈਕ ਸਟਾਰਟ ਕੀਤਾ। ਗਲੀਆਂ ਦਾ ਚਿੱਕੜ ਮਿਧਦਾ ਇਤਨਾ ਗਵਾਚ ਗਿਆ ਕਿ ਯਾਦ ਹੀ ਨਾ ਰਿਹਾ; ਪਿੱਛੇ ਸੱਤ ਵੀ ਬੈਠੀ ਸੀ।

ਦ੍ਰਿਸ਼-3

ਦਿੱਤੂ ਪੁਰ ਸਚਮੁਚ ਪਹਿਲਾਂ ਵਰਗਾ ਨਹੀਂ ਸੀ ਰਿਹਾ। ਪਿਛਲੇ ਕੁਝ ਸਾਲਾਂ ਵਿਚ ਕਈ ਘਟਨਾਵਾਂ ਇਤਨੀਂ ਤੇਜ਼ੀ ਨਾਲ ਵਾਪਰੀਆਂ ਕਿ ਲੋਕਾਂ ਦੇ ਮੱਥੇ ਸਿਵੇ ਵਾਂਗ ਮੱਚਣ ਲੱਗੀਆਂ ਸਨ।

- ਪਿਛਲੀ ਸੌਣੀ ਸ਼ਿਵ ਦੁਆਲੇ ਦੀ ਧੂਫ ਬੱਤੀ ਕਰਦੇ, ਸਾਧੂ ਗੱਪੀ ਨੇ ਜਿਵੇਂ ਹੀ ਬੈਂਕ ਵੱਲੋਂ ਆਪਣੀ ਨੌਂ ਕਨਾਲਾਂ ਭੁਇੰ ਦੀ ਕੁਰਕੀ ਬਾਰੇ ਸੁਣਿਆ। ਉਹਨੇ ਧੂਫ ਵਾਲਾ ਕੜਛਾ ਤਲਾਅ 'ਚ ਵਗਾਹ ਮਾਰਿਆ। ਹਵਾ ਵਿਚ ਇਕ ਗਾਲ ਕੱਢੀ ਅਤੇ ਪੰਡਿਤ ਘੁੱਗੀ ਤੋਂ ਅੱਖ ਬਚਾਅ ਕੇ ਚੁਖੰਡੀ ਦੇ ਵੱਡੇ ਟੱਲ ਨਾਲ ਹੀ ਫਾਹਾ ਜਾ ਲਿਆ।
- ਰੇਸ਼ਮ ਸਿੰਹੁ, ਸਾਧੂ ਗੱਪੀ ਤੋਂ ਵੀ ਵੱਡਾ ਡਿਫਾਲਟਰ ਸੀ। ਸਾਧੂ ਗੱਪੀ ਨੂੰ ਦਾਗ ਦੇ ਕੇ ਉਹ ਆਪਣੇ ਖੇਤਾਂ ਵੱਲ ਤੁਰਿਆ ਆਇਆ। ਚੋਆ ਪੰਜ ਸੌ ਫੁੱਟ ਥੱਲੇ ਚਲੇ ਜਾਣ ਕਾਰਨ, ਕਈ ਦਿਨਾਂ ਤੋਂ ਬੰਬੀ ਬੰਦ ਪਈ ਸੀ। ਟੁੱਟ ਗਿਆ ਕਰਜਾ ਅਤੇ ਸੁੱਕ ਗਈ ਜੀਰੀ ਦੀ ਫ਼ਸਲ ਦੇਖ, ਉਹਦੇ ਸਿਰ ਨੂੰ ਘੁਮੇਰ ਚੜ੍ਹੀ। ਪਤਾ ਹੀ ਨਾ ਲੱਗਾ, ਕਦੋਂ ਬੋਰ ਵਾਲੀ ਕੋਠੜੀ 'ਚ ਵੜਿਆ। ਕਦੋਂ ਮਚੋਟ੍ਰੀ ਪੀਤੀ। ਤੇ ਕਦੋਂ ਸਿਵਿਆਂ ਵਿਚ ਮੱਚਣ ਲੱਗਾ।
- ਇਕ ਠੰਡੀ ਹਵਾ ਦਾ ਬੁੱਲਾ ਆਇਆ। ਮੰਗੂ ਰਵਿਦਾਸੀਏ ਦੀ ਤੀਵੀਂ, ਰੀਜ਼ਰਵ ਸੀਟ 'ਤੇ ਸਰਪੰਚ ਚੁਣ ਲਈ ਗਈ। ਠੱਠੀ 'ਚ ਦਾਰੂ ਉੱਡੀ। ਪਰ ਪਿੰਡ ਦੇ ਵੱਡੇ ਘਰਾਂ ਦੇ ਸਾਹਾਂ 'ਚ ਕੁਝ ਅਣਦਿਸਦੇ ਸਿਵੇ ਧੁਖਣ ਲੱਗੇ।
- ਇਕ ਖ਼ਬਰ ਛਪੀ, ਦਿਤੂਪੁਰ ਦੇ ਪਟਵਾਰੀ ਦੀ ਮੂੰਹ-ਬੋਲੀ ਧੀ ਸ਼ਹਿਰ ਦੇ ਇਕ ਲੱਗੇ ਚੁਬਾਰੇ 'ਚੋਂ ਨਿਰਵਸਤਰ ਮਿਲੀ।
- ਨਿੰਦਰ ਠਿੰਬੇ ਕੀ ਉਧਲ ਕੇ ਗਈ ਤੀਵੀਂ, ਲੁਧਿਆਣੇ ਇਕ ਡੀ.ਜੇ. ਪਾਰਟੀ ਦੀਆਂ ਨਾਚੀਆਂ ਵਿਚ ਦੇਖੀ ਗਈ।
- ਬਾਰੂ ਬਾਲਮੀਕੀਏ ਤੇ ਐਲਨ ਮਸੀਹ ਕਾ ਜੇਜ਼ੂ, ਜੀਹਨੂੰ ਬਚਪਨ 'ਚ ਬਾਰੂ ਚੁੱਕ ਕੇ ਡੇਰੇ ਲੈ ਗਿਆ ਸੀ। ਢਿੱਡ 'ਚ ਪਾਏ ਚਾਰ ਅੱਖਰ, ਸੁੱਖੇ ਮਿਸਤਰੀ ਦੀ ਹੱਲਾਸ਼ੇਰੀ, ਮਹੰਤ ਦੇਸ਼ੂ ਦੇ ਥਾਪੜੇ ਅਤੇ ਬਾਰੂ ਦੇ ਸੁਪਨੇ ਸਦਕਾ, ਮਿਹਨਤ ਮੁਸ਼ੱਕਤ ਅਤੇ ਦ੍ਰਿੜ

ਇਰਾਦੇ ਦੀ ਕੁਠਾਲੀ 'ਚੋਂ ਅਜਿਹਾ ਸੋਨਾ ਬਣ ਕੇ ਨਿਕਲਿਆ ਕਿ ਪੀ.ਸੀ. ਐੱਸ ਦੀ ਡਿਗਰੀ ਵੀ ਕੁੱਟ ਗਿਆ ਅਤੇ ਟਰੇਨਿੰਗ ਵੀ ਪਾਰ ਕਰ ਗਿਆ। ਜਿਸ ਦਿਨ ਉਹ ਜੇਲ੍ਹ ਤੋਂ ਜੈਜ਼ਮ ਅਤੇ ਕਰਨਪੁਰੀਆ ਦੀ ਸਤਵੰਤ ਦਾ ਸਾਥ ਲੈ ਪਿੜ ਪਰਤਿਆ, ਸਾਰਾ ਦਿੱਤੂਪੁਰ ਹੀ ਜਿਵੇਂ ਸਿਵੇ ਵਾਂਗ ਮੱਚਣ ਲੱਗਾ।

- ਪਰ ਦਿੱਤੂਪੁਰ ਲਈ ਇਤਨਾਂ ਹੀ ਕਾਫ਼ੀ ਨਹੀਂ ਸੀ। ਜੈਜ਼ਮ ਦੇ ਕਿਸੇ ਅਹੁਦੇ 'ਤੇ ਬੈਠਣ ਦੇ ਕਿਆਸ ਨੇ ਹੀ ਕਈਆਂ ਦੀ ਨੀਂਦ ਹਰਾਮ ਕਰ ਦਿੱਤੀ ਸੀ।
- ਬਾਰੂ ਦੀ ਅੱਖ ਬਣਵਾ ਕੇ ਤਾਂ ਉਹਨੇ ਬਲਦੀ ਤੇ ਤੇਲ ਹੀ ਸਿੱਟਿਆ ਸੀ। ਬਾਰੂ, ਜੋ ਦਿੱਤੂਪੁਰ ਲਈ ਸਧਾਰਨ ਬਾਰੂ ਨਹੀਂ ਸੀ।

## ਦ੍ਰਿਸ਼-4

ਬਾਰੂ ਜਦੋਂ ਹੋਸ਼ ਸੰਭਾਲੀ, ਸੰਤਾਲੀ ਦੇ ਜ਼ਖ਼ਮ ਅੱਲੇ ਸਨ। ਬਾਰੂ ਦੇ ਪੁਰਖੇ ਸਦੀਆਂ ਤੋਂ ਸਰਦੂਲੇ ਹਵੇਲੀ ਵਾਲਿਆਂ ਦਾ ਗੋਹਾ-ਕੂੜਾ ਕਰਦੇ ਆਏ ਸਨ। ਉਜਰਤ, ਹੱਥਾਂ 'ਤੇ ਟੁੱਕ। ਬੁੱਕ 'ਚ ਦਾਲ। ਘੁਰ ਬੰਲੇ ਕੰਮ। ਜੰਮਣਾ ਪਿੱਛੋਂ, ਮਰ ਪਹਿਲਾਂ ਜਾਣਾ।

ਬਾਰੂ ਵੀ ਆਪਣੇ ਪੁਰਖਿਆਂ ਦੀ ਰਿਵਾਇਤ ਲੈ ਕੇ ਜੰਮਿਆ। ਇਸੇ ਲਈ ਹਵੇਲੀ ਦੇ ਵੱਗ ਪਿੱਛੇ ਮੋੜੇ ਲਾਉਂਦਿਆਂ, ਉਹਦੇ ਬਚਪਨ ਦੇ ਤੋਤਲੇ ਵਰ੍ਹੇ, ਡੰਗਰਾਂ ਦੇ ਖੁਰਾਂ ਨਾਲ ਉੱਠੀ ਧੂੜ ਵਿਚ ਹੀ ਕਿਧਰੇ ਗੁਆਚ ਗਏ ਸਨ। ਹੱਥਾਂ 'ਚ ਗੋਹਾ ਮੁਸ਼ਕਦਾ। ਗਿੱਟਿਆਂ ਦੀਆਂ ਬਿਆਈਆਂ 'ਚੋਂ ਢਾਬ ਦਾ ਤ੍ਰੁੱਕਿਆ ਚਿੱਕੜ ਝਾਕਦਾ। ਮੁੜ੍ਹਕੇ 'ਚੋਂ ਮਰੇ ਥੋਕ ਜਿਹੀ ਡਾਫ਼ ਮਾਰਦੀ। ਸਾਹਾਂ 'ਚੋਂ ਗੁਰਬਤ ਦੀ ਗੰਧ ਆਉਂਦੀ।

ਕੇਰਾਂ ਸਰਦੂਲ ਸਿੰਹੁ ਬਾਹਰਲੀ ਹਵੇਲੀ ਦੇ ਵਾੜੇ 'ਚ ਬੋਤਲ ਖੋਲ੍ਹੀ ਬੈਠਾ ਸੀ। ਨਾਲ ਕਰਨਪੁਰੀਆ ਸਿੱਧੂ। ਮਹਾਰਾਜਾ ਪਟਿਆਲਾ ਦੇ ਡਿਉਢੀਏ ਦਾ ਪੁੱਤਰ। ਦੂਲਾ ਤਰਾਰੇ 'ਚ ਆਇਆ ਤਾਂ ਉਸ ਸਰਦਾਰੀ ਦਾ ਪ੍ਰਮਾਣ ਦੇਣ ਲਈ ਬੱਕਰਾ ਬੁਲਾਇਆ। ਬੁਲਬਲੀ ਮਾਰੀ। ਕੁੱਕੜ ਰਿੰਨ੍ਹਦੇ ਸੀਤੂ ਮਹਿਰੇ ਨੂੰ ਗਾਲ਼ ਕੱਢੀ। ਫਿਰ ਪੁਹਾੜੇ 'ਚ ਪੱਠੇ ਕੁਤਰਦੇ ਬਾਰੂ ਕੋਲ ਆਇਆ।

"ਕਿਮੇਂ ਕੁਤਰਦੈਂ ਉਏ ਡੰਡਲ੍ਹ ਜੇ... ਸਾਲਾ ਢੇਡ।"

ਬਾਰੂ ਉੱਠਿਆ। ਦੂਲੇ ਦੇ ਨੇੜੇ ਆਇਆ। ਟੋਕੇ ਦੇ ਦੰਦ ਅੱਗੋਂ ਉਂਗਲ ਅਤੇ ਅੰਗੂਠੇ ਦੀ ਚੂੰਢੀ ਨਾਲ ਹਰਾ ਸਾਫ਼ ਕੀਤਾ। ਅੱਖਾਂ 'ਚ ਸਿੱਧਾ ਝਾਕਿਆ।

"ਪੱਠੇ ਤਾਂ ਔਂ ਈ ਕੁਤਰੂੰ... ਬੰਦਾ ਕਹੋਂ ਬੋਟੀ ਬੋਟੀ ਵੱਢ੍ਹ ਦਿਨਾਂ।"

ਦੂਲਾ ਠਿਠਕਿਆ। ਉਹਨੇ ਪਹਿਲੀ ਵੇਰ ਬਾਰੂ ਵੱਲ ਧਿਆਨ ਨਾਲ ਦੇਖਿਆ। ਮੁੱਛੇ ਦੀ ਮੱਸ ਬਰੀਕ ਲੂੰਈਂ 'ਚ ਫੁੱਟ ਰਹੀ ਸੀ, ਅਤੇ ਮਟਿਆਲੀਆਂ ਅੱਖਾਂ ਵਿਚ ਕਿਸੇ ਹੋਣੀ ਦੀ ਚਿਣਗ ਸੀ।

ਬਾਰੂ ਨੇ ਬੋਲ ਭਾਵੇਂ ਬਹੁਤ ਹੌਲੀ ਕਹੇ ਸਨ। ਪਰ ਕਰਨਪੁਰੀਏ ਸਿੱਧੂ ਨੂੰ ਵੀ



ਸੁਣੇ। ਉਹਦੀ ਸਾਰੀ ਪੀਤੀ ਭੁਰਰ ਹੋ ਗਈ।

ਪਰ ਦੂਲੇ ਗੱਲ ਹਾਸੇ 'ਚ ਪਾ ਲਈ।

"ਸਾਲਾ ਬੇਰੜ ਜਾ... ਕਿਸੇ ਰੰਗੜ ਦਾ ਤੁਖ਼ਮ... ਤੂੰ ਪੈਗ ਪਾ ਜਾਰ।"

ਸਿੱਧੂ ਦੇ ਜਾਂਦੇ ਹੀ ਬਾਰੂ ਵਾੜੇ ਵਿਚ ਢਾਹ ਲਿਆ ਗਿਆ।

ਕੁੱਟ ਦਾ ਭੰਨਿਆ ਬਾਰੂ, ਤੜਕਾਲੀਂ ਸੁੱਖੇ ਮਿਸਤਰੀ ਕੋਲ ਜਾ ਖੜ੍ਹਾ।

ਸੁੱਖਾ ਹੈਰਾਨੀ ਨਾਲ ਬਾਰੂ ਵੱਲ ਝਾਕਿਆ। ਉਹ ਜਾਣਦਾ ਸੀ ਬਾਰੂ ਉਹਨੂੰ ਕਿਸੇ ਰੰਘੜ ਦਾ ਤੁਖ਼ਮ ਹੋਣ ਬਾਰੇ ਕਿਉਂ ਪੁੱਛ ਰਿਹਾ ਸੀ। ਤੁਖ਼ਮ ਦਾ ਮਤਲਬ ਬਿੰਦ। ਬਿੰਦ ਦਾ ਮਤਲਬ ਬੀਜ। ਕੁੱਖ 'ਚ ਬੀਜੇ ਜਾਣ ਵਾਲਾ।

"ਬੇਰੜ ਦਾ ਮਤਲਬ ਅਸ਼ੁਧ। ਦੋਗਲਾ। ਨਾ ਕਣਕ ਅਸਲੀ, ਨਾ ਛੋਲੇ।" ਪਰ ਇਹਨਾਂ ਗੱਲਾਂ ਦਾ ਮੇਰੇ ਨਾਲ ਕੀ ਮਤਲਬ? ਬਾਰੂ ਵਾਰ ਵਾਰ ਪੁੱਛਿਆ। ਫਿਰ ਸੁੱਖੇ ਮਿਸਤਰੀ, ਦੂਲੇ ਦੀ ਪਸ਼ੇਨਗੋਈ ਅਤੇ ਉਹਦੇ ਪਿੱਛੇ ਲੁੱਕੇ ਅਰਥਾਂ ਬਾਰੇ ਜੋ ਵੀ ਖੋਲ੍ਹ ਕੇ ਦੱਸਿਆ ਉਹ ਮਛੋਰ੍ਹ ਉਮਰ ਬਾਰੂ ਦੇ ਦੰਦ ਜੋੜਨ ਲਈ ਕਾਫ਼ੀ ਸੀ।

ਮੌਕਾ ਦੇਖ, ਸੁੱਖੇ ਨੇ ਹੋਰ ਕਿਹਾ।

"ਇਹ ਝਗੜੇ ਸਦੀਆਂ ਤੋਂ ਸਾਡੀ ਇੱਜ਼ਤ, ਆਬਰੂ ਅਤੇ ਮਾਸੂਮੀਅਤ ਨੂੰ ਆਪਣੀ ਹੀ ਮਲਕੀਅਤ ਸਮਝਦੇ ਰਹੇ ਅਤੇ ਸਾਨੂੰ ਆਪਣੀ ਹੀ ਅਯਾਸ਼ੀ ਦਾ ਕਚਰਾ। ਚਿੱਤ ਵੀ ਇਹਨਾਂ ਦੀ। ਪੱਟ ਵੀ ਇਹਨਾਂ ਦੀ। ਬੋਲਦੇ ਨਹੀਂ ਤਾਂ ਦਲਿਤ ਹਾਂ। ਵਿਚਾਰੇ ਹਾਂ। ਬੋਲਦੇ ਹਾਂ ਤਾਂ ਉਹਨਾਂ ਦਾ ਹੀ ਰੰਘੜਊ ਬੋਲਦੈ ਸਾਡੇ ਵਿਚ। ਬੱਸ ਹੁਣ ਹੋਰ ਨਹੀਂ। ਇਸ ਸਦੀ ਤੋਂ ਅੱਗੇ ਨਹੀਂ। ਇਹ ਜ਼ੁਲਮ ਅਤੇ ਧੱਕੇ ਦੀ ਆਖ਼ਰੀ ਸਦੀ ਏ ਜੁਆਨਾ। ਇਸ ਹੋਣੀ ਨੂੰ ਠੱਲ੍ਹ ਪਾ ਸਕਦੇ ਓ ਤੁਸੀਂ।"

'ਕਿਵੇਂ?' ਬਾਰੂ ਦਾ ਲਹੂ ਖੌਲਣ ਲੱਗਾ।

ਸੁੱਖੇ ਸੀਤਾ ਦੀ ਕਥਾ ਕਹੀ। ਕਿ ਕਿਵੇਂ ਸੀਤਾ ਨੇ ਕੁਸ਼ ਅਤੇ ਲਹੁ ਨੂੰ ਬਾਲਮੀਕੀ ਆਸ਼ਰਮ ਦੀ ਪੁੱਠ, ਸੁੱਚ ਅਤੇ ਸਿੱਖਿਆ ਦਿੱਤੀ ਅਤੇ ਧੱਕਾ ਕਰਨ ਵਾਲੀ ਧਿਰ ਦੇ ਵਿਰੁੱਧ ਪੁੱਤਾਂ ਨੂੰ ਹੀ ਖੜ੍ਹਾ ਕਰ ਦਿੱਤਾ।

ਬਾਰੂ ਨੇ ਸੁਣਿਆ। ਮਹਿਸੂਸ ਕੀਤਾ। ਉਸ ਦਿਨ ਤੋਂ ਬਾਅਦ ਜੀਵਨ ਵਿਚ ਤਾਂ ਕੋਈ ਬਦਲਾਓ ਨਾ ਆਇਆ। ਪਰ ਬਾਰੂ ਨੂੰ ਦੂਲਾ ਤੇ ਆਪਣਾ ਆਪ ਹੌਰੂ-ਹੌਰੂ ਦਿੱਸਣ ਲੱਗੇ।

## ਦ੍ਰਿਸ਼-5

ਇਕ ਦਿਨ ਬਾਰੂ ਲਈ ਫਿਰ ਸ਼ਾਮਤ ਦੀ ਘੜੀ ਆ ਗਈ। ਦੋਸ਼ ਸਜਾਇ ਮੌਤ ਜਿਹਾ ਸੀ।

ਇਸ ਵੇਰ ਬਾਰੂ ਅੰਦਰਲੀ ਹਵੇਲੀ ਦੇ ਦਲ੍ਹਾਨ 'ਚ ਕੋਹਿਆ ਗਿਆ। ਠੂਠੇ,

ਥੱਪੜ, ਬੈਂਤ ਵਰ੍ਹ ਤਾਂ ਰਹੇ ਸਨ; ਪਰ ਅੱਗੋਂ ਕੋਈ ਚੀਕ ਨਹੀਂ ਸੀ ਰਿਹਾ। ਦੂਲਾ ਤੜਪ ਉੱਠਿਆ। ਉਹ ਕੀਹਨੂੰ ਕੁੱਟ ਰਿਹਾ ਸੀ?

ਪੀੜ ਵਿਚ ਵਿੰਨ੍ਹੇ ਬਾਰੂ ਨੇ ਦੇਖਿਆ, ਬਹੁਤ ਵੱਡਾ ਕਮਰਾ ਸੀ। ਧਰਮਸ਼ਾਲਾ ਤੋਂ ਵੀ ਵੱਡਾ। ਉੱਚੀ ਛੱਤ। ਵੱਢੂ ਖਾਣਿਆਂ ਦੇ ਚੁਬਾਰੇ ਤੋਂ ਵੀ ਉੱਚੀ। ਉਨ੍ਹਾਂ ਜੇਡ ਬੂਹੇ। ਦਿਓ ਕੱਦ ਤਸਵੀਰਾਂ। ਬਾਰੂ ਸਾਮ੍ਹਣੀ ਕੰਧ ਦੇਖੀ। ਕਿਸੇ ਰਾਜੇ ਦੇ ਪੈਰੀਂ ਤੜਪਦੀ ਹਿਰਨੀ ਪਈ ਸੀ। ਬੇ-ਬਸ। ਲਾਚਾਰ। ਰਾਜਾ ਉਹਦੇ ਧੜ 'ਤੇ ਤਿੱਲੇ ਵਾਲੀ ਜੁੱਤੀ ਪਾਈ ਖੜ੍ਹਾ ਸੀ। ਹੱਥ 'ਚ ਰਫਲ। ਮੁੱਛ ਤੇ ਹੱਥ।

ਬਾਰੂ ਇਕ ਟੱਕ ਦੇਖੀ ਗਿਆ ਤਾਂ ਦੂਲਾ। ਡਰ ਕੇ ਪਰ੍ਹੇ ਜਾ ਖੜ੍ਹਾ। ਲੱਗਾ, ਜਿਵੇਂ ਕਿਸੇ ਕੰਧ ਨੂੰ ਕੁੱਟ ਕੇ ਹਟਿਆ ਸੀ।

ਪਰ ਬਾਰੂ ਕਿਤੇ ਹੋਰ ਈ ਸੀ...

ਬਾਰੂ ਸੋਚਿਆ, ਆਖ਼ਰ ਤਬੇਲੇ ਦੀ ਉਸ ਹਨੇਰੀ ਗੁੱਠ ਵਿਚ ਉਹਨੇ ਕੀ ਵੇਖਿਆ ਸੀ; ਯਾਦ ਆਇਆ। ਉਹਨੇ ਤਾਂ ਸਿਰਫ਼ ਤਬੇਲੇ ਦੀ ਹਨੇਰੀ ਗੁੱਠ ਵਿਚ ਆਪਣੀ ਕੰਮੋਂ ਭੈਣ ਦਾ ਨੰਗਾ ਹਾਸਾ, ਡੰਗਰਾਂ ਦਾ ਮਲ-ਮੂਤਰ ਤੇ ਦੂਲੇ ਦੀ ਲਿਸ਼ਕਦੀ ਐਚਕਨ ਦੇਖੀ ਸੀ। ਚੰਗਿਆੜੇ ਛੱਡਦੀ। ਅਗਲੇ ਹੀ ਪਲ ਉਹਨਾਂ ਚੰਗਿਆੜਿਆਂ ਵਿਚ ਉਹਦੀ ਭੈਣ ਦਾ ਜੋਬਨ ਅਤੇ ਉਹਦੇ ਸਾਹ ਮੱਚਣ ਲੱਗੇ ਸਨ। ਤੇ ਇਕ ਘੜੀ ਉਹ ਸਿਲ-ਪੱਥਰ ਹੋ ਗਿਆ ਸੀ। ਭੈਣ ਦੇ ਹਾਸੇ ਸਮੇਤ।

ਅਚਾਨਕ ਹਵੇਲੀ ਦਾ ਖਾਨਸਾਮਾ ਉਧਰ ਆ ਨਿਕਲਿਆ। ਉਹਨੂੰ ਲੱਗਾ ਬਾਰੂ ਨੇ ਜੋ ਕੁਝ ਵੇਖਿਆ ਸੀ। ਉਹਨੂੰ ਵੇਖਣਾ ਨਹੀਂ ਸੀ ਚਾਹੀਦਾ।

ਉਸ ਬਾਰੂ ਨੂੰ ਧੱਕਾ ਦੇ ਤਬੇਲੇ ਤੋਂ ਬਾਹਰ ਸਿੱਟਿਆ।

ਬਾਰੂ ਦੇ ਸਿਰ ਨੂੰ ਘੁਮੇਰ ਚੜ੍ਹੀ।

ਉਹ ਹਨੇਰੀ ਵਾਂਗ ਤਬੇਲੇ 'ਚ ਵੜਿਆ।

ਉਥੇ ਕੋਈ ਨਹੀਂ ਸੀ।

ਦੌੜ ਕੇ ਬਾਹਰ ਆਇਆ। ਦੂਲਾ ਪਾਣੀ ਦੀ ਟੈਂਕੀ ਕੋਲ ਖੜ੍ਹਾ ਸੀ।

ਕੰਮੋ ਕਿਤੇ ਨਹੀਂ ਸੀ...

ਬਾਰੂ ਮੱਚ ਰਿਹਾ ਸੀ।...

ਉਹ ਫਿਰ ਤਬੇਲੇ 'ਚ ਗਿਆ, ਤੇ ਘੋੜੀ ਦੇ ਇਕ ਬਲੂਣ ਵਛੇਰੇ ਨੂੰ ਬੇ-ਤਹਾਸ਼ਾ ਕੁੱਟਣ ਲੱਗਾ। ਜਦ ਤੱਕ ਉਹ ਮਰ ਨਾ ਗਿਆ।

ਵਛੇਰਾ ਦੂਲੇ ਦੇ ਪਿਉ ਨੇ ਨਾਭੇ ਵਾਲੇ ਰਾਜੇ ਤੋਂ ਸਿਉਨੇਂ ਨਾਲ ਤੋਲ ਕੇ ਲਿਆ ਸੀ।

ਬਾਰੂ ਦੀ ਇਹ ਵਹਿਸ਼ਤ ਤਬੇਲੇ ਦੇ ਹਨੇਰੇ ਅਤੇ ਮਲ-ਮੂਤਰ ਨੇ ਦੇਖੀ ਸੀ। ਪਰ ਦੂਲੇ ਦੀ ਵਹਿਸ਼ਤ ਸਾਰੇ ਪਿੰਡ ਨੇ ਦੇਖੀ।



ਲੋਕ ਬਾਰੂ ਨੂੰ ਮਰਿਆ ਕਿਆਸ ਰਹੇ ਸਨ। ਕਿਸੇ ਮਨੁੱਖੀ ਦੇਹ ਲਈ ਇਤਨੀ ਮਾਰ, ਕਾਂਬਾ ਛੇੜਦੀ ਸੀ। ਪਰ ਉਹਦਾ ਬੇ-ਜ਼ਬਾਨੇ ਪਸ਼ੂ ਨਾਲ ਕੀ ਵੈਰ ਸੀ? ਸਭ ਦੀ ਸਮਝ ਤੋਂ ਬਾਹਰ ਸੀ।

"ਹੱਦ ਹੋ ਗਈ ਯਾਰ! ਕਹਿੰਦੇ ਮਰੇ ਹੋਏ ਨੂੰ ਹੀ ਮਾਰੀ ਗਿਆ।"

"ਕੀ ਖੱਟ ਲਿਆ? ਹੱਡਾਂ 'ਚ ਪਾਣੀ ਪੁਆ ਲਿਆ। ਅਗਲਿਆਂ ਦਾ ਹਵਾਈ ਵਛੇਰਾ ਸੀ। ਗੁੱਸੇ 'ਚ ਆਏ ਭਮਾਂ ਸਾਰਾ ਪਿੰਡ ਫੂਕ ਦਿੰਦੇ।"

"ਕਹਿੰਦੇ ਵਲੈਤੋਂ ਲਿਆ ਕੇ ਲਿਆਂਦੀ ਘੋੜੀ। ਅਗਲੀ ਜਹਾਜ਼ 'ਚ ਗਈ। ਜਹਾਜ਼ 'ਚ ਆਈ।"

ਦੂਲਾ ਜਦੋਂ ਬਾਰੂ ਨੂੰ ਕੁੱਟਦਾ ਪਿੰਡ ਦੀ ਸੱਥ 'ਚ ਲੈ ਆਇਆ ਤਾਂ ਲੋਕ ਨਹੀਂ ਸੀ ਜਾਣਦੇ, ਉਹ ਲਹੂਉ ਲੁਹਾਣ ਕਿਸੇ ਹੋਣੀ ਨੂੰ ਦੇਖ ਰਹੇ ਸਨ।

ਦੂਲਾ ਚੀਕ ਰਿਹਾ ਸੀ।

"ਮੈਂ ਸਾਲੇ ਦੇ ਟੱਬਰ ਨੂੰ ਨੰਗਾ ਕਰੂ ਪਿੰਡ ਦੇ ਸਾਹਮਣੇ। ਸਮਝਿਆ ਕੀ ਐ ਇਹਨੇ...। ਕੰਜਰ ਨੇ ਲੱਖਾਂ ਦਾ ਵਛੇਰਾ ਮਾਰ ਤਾ... ਬਿਨਾਂ ਮਤਲਬ...।"

ਬਾਰੂ ਕੁਝ ਨਹੀਂ ਸੀ ਸੁਣ ਰਿਹਾ।

ਅਚਾਨਕ ਬਾਰੂ ਦੀ ਮਾਂ ਅਤੇ ਪਿਉ ਲਿਲ੍ਹਕੜੀਆਂ ਲੈਣ ਲੱਗੇ।

"ਰੱਬ ਦਾ ਵਾਸਤਾ ਦਾਤਿਆ... ਆਹ ਨੰਗਾ ਕਰਨ ਦਾ ਜ਼ੁਲਮ ਨਾ ਕਰੀਂ।"

ਉਹ ਦੂਲੇ ਦੇ ਪੈਰੀਂ ਵਿਛ ਗਏ।

ਬਾਰੂ ਅੱਖ ਪੱਟ ਕੇ ਦੇਖਿਆ। ਹਜੂਮ ਦੇਖ ਰਿਹਾ ਸੀ।

ਬਾਰੂ ਦੇ ਮੱਥੇ ਉਬਾਲ ਆਇਆ। ਉਹਨੇ ਬਿਨਾਂ ਸੋਚੇ, ਲਾਗਲੀ ਨਿੰਮ 'ਤੇ ਲੱਗੇ ਡੂਮਣੇ 'ਤੇ ਕੱਸ ਕੇ ਵੱਟਾ ਮਾਰਿਆ।

ਅੱਖ ਝਮਕਦੇ ਤਬਾਹੀ ਮੱਚ ਗਈ।

ਡੂਮਣੇ ਨੇ ਲੋਕ ਸੱਥ ਵਿਚ ਹੀ ਢਾਹ ਲਏ।

"ਫੜੋ ਸਾਲੇ ਨੂੰ..." ਲੋਕ ਗਾਲ੍ਹਾਂ ਕੱਢਣ ਲੱਗੇ।

ਪਰ ਬਾਰੂ... ਆਪਣੇ ਆਪ ਤੋਂ ਵੀ ਕਿਧਰੇ ਦੂਰ ਨੱਸ ਗਿਆ। ਕੁੱਟ ਨਾਲ ਉਹਦਾ ਪੋਰ ਪੋਰ ਭੰਨਿਆ ਪਿਆ ਸੀ। ਰਹਿ ਰਹਿ ਕੇ ਉਹਦੇ ਕੰਨਾਂ ਵਿਚ ਉਹਦੀ ਭੈਣ ਦਾ ਨੰਗਾ ਹਾਸਾ ਅਤੇ ਮਾਂ ਪਿਉ ਦੀਆਂ ਲਿਲ੍ਹਕੜੀਆਂ ਗੂੰਜਦੀਆਂ। ਉਹ ਕਿੱਧਰ ਜਾ ਰਿਹਾ ਸੀ, ਪਤਾ ਨਹੀਂ ਸੀ...

## ਦ੍ਰਿਸ਼-6

ਬਾਰੂ ਨੂੰ ਜਦੋਂ ਹੋਸ਼ ਆਈ ਉਹ ਕਿਸੇ ਅਜਨਬੀ ਦੀ ਬੁੱਕਲ ਵਿਚ ਸੀ। ਦੇਬੂ ਖ਼ੁਦ ਪੀੜ ਨਾਲ ਭਰਿਆ ਪਿਆ ਸੀ। ਬਾਰੂ ਦੀ ਹਾਲਤ ਵੇਖ ਤਰਸ ਆਇਆ। ਗਜੇ 'ਚ

ਮੰਗ ਕੇ ਲਿਆਂਦਾ ਅੱਗੇ ਧਰਿਆ। ਰੋੜਾ ਤਾਪ ਸੇਕ ਕੀਤਾ। ਅੱਗਾ-ਪਿੱਛਾ ਪੁੱਛਿਆ। ਬਾਰੂ ਚੁੱਪ। ਦੇਬੂ ਸਿਰ ਫੜ ਕੇ ਬੈਠ ਗਿਆ। ਉਹ ਤਾਂ ਖ਼ੁਦ ਮੁਸੀਬਤਾਂ ਨਾਲ ਘਿਰਿਆ ਪਿਆ ਸੀ, ਇਸ ਗੁੰਗੇ ਦਾ ਕੀ ਕਰੇਗਾ?

ਦੇਬੂ ਪਿਛਲੇ ਕੁਝ ਸਾਲਾਂ ਤੋਂ ਇਸ ਟਿੱਬੀ ਤੇ ਇਕੱਲਾ ਹੀ ਸੀ। ਰੁੱਖਾਂ ਦੀ ਝੰਗੀ 'ਚ ਹਵਾ ਸੀਟੀਆਂ ਮਾਰਦੀ ਤਾਂ ਦਿਨੇ ਡਰ ਲਗਦਾ। ਬਾਰੂ ਦੀ ਚੁੱਪ ਨੇ ਹੋਰ ਭੈ ਜ਼ੋਰ ਕਰ ਦਿੱਤਾ। ਦੇਬੂ ਹੋਰ ਦੁਖੀ ਹੋਇਆ ਜਦੋਂ ਉਸ ਦੇਖਿਆ, ਇਹ ਗੁੰਗਾ ਤਾਂ ਕਈ ਵੇਰ ਸੌਂਦਾ ਹੀ ਨਹੀਂ ਸੀ।

ਇਕ ਦਿਨ ਦੇਬੂ ਦੀ ਖਾਨਿਉਂ ਗਈ।

ਸਵੇਰੇ ਉੱਠਿਆ। ਧੂਣਾ ਖਿੜਿਆ ਪਿਆ ਸੀ। ਚਿਮਟਾ ਅਤੇ ਬੈਰਾਗਣ ਅੰਗਿਆਰਾਂ 'ਚ ਪਏ ਸਨ। ਦੇਬੂ ਦਹਿਲ ਗਿਆ। ਰਾਜਾ ਕਰਨ ਨਾ ਗਿਆ। ਤਕਾਲੀਂ ਬਾਰੂ ਕੋਲ ਆ ਬੈਠਾ।

"ਦੇਖ ਮੈਂ ਨੀ ਜਾਣਦਾ ਤੂੰ ਬੋਲ ਸਕਦੈਂ ਕੇ ਨਹੀਂ। ਪਰ ਇਸ ਟਿੱਬੀ ਦੀਆਂ ਸਮਾਧਾਂ 'ਤੇ ਬੈਠਾ ਮੈਂ ਹਿਦੂ ਨਹੀਂ। ਦਿਆਬੁਦੀਨ ਹਾਂ। ਸੁੰਨੀ ਮੁਸਲਮਾਨ।..."

ਬਾਰੂ ਤ੍ਰਭਕ ਕੇ ਦੇਬੂ ਦੀਆਂ ਅੱਖਾਂ 'ਚ ਝਾਕਿਆ।

"ਮੇਰੀ ਅੰਮੀ... ਅੱਬਾ, ਮੇਰਾ ਪੂਰਾ ਕੁਨਬਾ ਮਾਰ ਦਿੱਤਾ ਗਿਆ। ਹੌਲਿਆਂ 'ਚ...। ਮੇਰੀਆਂ ਭੈਣਾਂ, ਸ਼ਹਿਨਾਜ਼, ਬਾਨੋ ਤੇ ਰਜ਼ੀਆ...।"

ਦੇਬੂ ਧਾਹੀਂ ਰੋਣ ਲੱਗਾ।

"ਕਰਨਪੁਰੀਏ ਲੈ ਗਏ ਕੁੱਤੇ...। ਇੰਤਕਾਮ ਦੀ ਅੱਗ ਲਈ ਮੈਂ ਕਾਫ਼ਰਾਂ ਦੀਆਂ ਕਬਰਾਂ 'ਤੇ ਬੈਠਾਂ...। ਇਕ ਦਿਨ ਮਾਰ ਦਿਆਂਗਾ ਸਭ ਨੂੰ..."

ਬਾਰੂ ਉੱਠ ਕੇ ਦੇਬੂ ਨੂੰ ਜੱਫੀ ਪਾ ਲਈ।

"ਮੈਂ ਬਾਰੂ, ਬਾਲਮੀਕੀਆ... ਦਿੱੜ੍ਹਪੁਰੀਆ।"

ਦੇਬੂ ਹੈਰਾਨ। ਇਹ ਤਾਂ ਬੋਲ ਸਕਦਾ ਸੀ। ਉਸ ਦਿਨ ਤੋਂ ਬਾਦ ਦੋਹਾਂ ਦੀ ਅੰਦਰਲੀ ਅੱਗ ਸਾਂਝੀ ਹੋ ਗਈ।

ਦੇਬੂ ਸੱਚ ਬੋਲ ਰਿਹਾ ਸੀ। ਉਹ ਬਸ਼ੀਰ ਅਤੇ ਨਾਦਰਾ ਦਾ ਲਾਡਲਾ ਸੀ। ਜਿਸ ਦਿਨ ਉਹਦੇ ਕੁਨਬੇ ਦੀ ਬੇ-ਹੁਰਮਤੀ ਹੋਈ, ਉਹ ਕੋਟਲੇ ਆਪਣੇ ਨਾਨਕੇ ਸੀ। ਪਰਤਿਆ ਤਾਂ ਸਭ ਕੁਝ ਤਬਾਹ ਹੋ ਚੁੱਕਾ ਸੀ। ਮਾਮਿਆਂ ਨਾਨਕੇ ਪਰਤਣ ਲਈ ਕਿਹਾ। ਪਰ ਉਹ ਤਾਂ ਆਪ ਉਜਾੜੇ ਦੀ ਮਾਰ ਹੇਠ ਸਨ।

ਗਲੀਆਂ ਵਿਚ ਰੋਂਦੇ 'ਤੇ ਤਾਈ ਗੰਗੀ ਨੂੰ ਤਰਸ ਆਇਆ।

ਬੁੱਕਲ 'ਚ ਲਿਆ। ਦਿਲਾਸਾ ਦਿੱਤਾ। ਧੋਤੀ ਕੁਰਤਾ ਦਿੱਤਾ। ਮੱਥੇ ਤਿਲਕ ਲਾਇਆ।

"ਤੇਰੀਆਂ ਭੈਣਾਂ ਦੇ ਧਾੜਵੀ ਕਰਨਪੁਰੀਏ ਸੀ ਕੁੱਤੇ...। ਸੂਹ ਲੱਗੀ ਤਾਂ ਫ਼ੌਜੀ



ਕੈਂਪ ਨੂੰ ਖ਼ਬਰ ਕਰੀਂ। ਆਪਣੀ ਸੂਹ ਨਾ ਲੱਗਣ ਦੇਈਂ। ਨਾਂ ਰੱਖ ਲੈ ਨਕਲੀ... ਤੇ ਨਮਾਜ਼ ਭੁੱਲ ਜਾ ਹਾਲ ਦੀ ਘੜੀ।"

ਤੇ ਸੁੰਨੀ ਦਿਆਬੁਦੀਨ ਮੱਥੇ ਤਿਲਕ ਲਾਈ, ਇਸ ਟਿੱਬੀ ਵੱਲ ਆ ਨਿਕਲਿਆ। ਰੁੱਖਾਂ ਦੀ ਝੰਗੀ ਵਿਚ ਕੋਠੜੀ, ਧੂਹੀ ਅਤੇ ਸਮਾਧਾਂ ਦੀ ਛਤੋਂਤ ਸੁੰਨੀ ਪਈ ਸੀ। ਲੱਗਾ, ਅੱਲ੍ਹਾ ਪਾਕ ਨੇ ਇਹ ਥਾਂ ਉਸੇ ਲਈ ਬਣਾਈ ਸੀ। ਉਹਨੇ ਦਿਨਾਂ ਵਿਚ ਹੀ ਸਮਾਧਾਂ ਝਾੜ ਪੂੰਝ ਦਿੱਤੀਆਂ ਅਤੇ ਤਹੱਈਆ ਕੀਤਾ, ਕਿ ਰਾਜਾ ਕਰਨ ਦੇ ਪੰਜ ਉਹ ਭੈਣਾਂ ਦੀ ਸੂਹ ਕੱਢ ਲਵੇਗਾ।

ਇਕ ਦਿਨ ਉਸ ਸਮਾਧ ਦੀ ਪਿਛਲੀ ਕੰਧ ਵਿਚ ਲੱਗੀ ਸਿਲ ਦੇ ਅੱਖਰ ਉਠਾਲੇ। ਮਹੰਤ ਹਰੀ ਦਾਸ, ਸੰਮਤ 1783, ਸਕਨਾ ਹਮੀਰਪੁਰ ਤਹਿਸੀਲ ਪੱਟੀਵਾਲਾ।

ਇਸ ਤੋਂ ਬਾਅਦ ਦਾ ਇਤਿਹਾਸ ਦੇਬੂ ਤੇ ਬਾਰੂ ਦੇ ਅੰਦਰਲੀ ਅੱਗ ਦਾ ਇਤਿਹਾਸ ਸੀ; ਜੋ ਲਿਖਿਆ ਜਾਣਾ ਸੀ।

ਦੇਬੂ ਨੂੰ ਸੂਹ ਮਿਲੀ, ਕਰਨਪੁਰੀਆਂ ਉਹਦੀਆਂ ਭੈਣਾਂ, ਯੂ.ਪੀ. ਵੱਲ ਕਿਧਰੇ ਤੋਰ ਦਿੱਤੀਆਂ ਸਨ। ਪਰ ਗੱਡੀ ਵਿਚ ਰੇੜ ਪੈ ਜਾਣ ਕਾਰਨ ਕੁੜੀਆਂ ਪਾਕਿਸਤਾਨ ਭੇਜ ਦਿੱਤੀਆਂ ਗਈਆਂ। ਖ਼ਬਰ ਦੇਬੂ ਨੂੰ ਹੌਸਲਾ ਤਾਂ ਦਿੰਦੀ ਸੀ, ਯਕੀਨ ਨਹੀਂ ਸੀ ਦਿੰਦੀ। ਇਸ ਲਈ ਤਲਾਸ਼ ਉਹਦੀਆਂ ਅੱਖਾਂ 'ਚ ਆ ਕੇ ਕਿਧਰੇ ਅਟਕ ਗਈ।

ਇਕ ਦਿਨ ਬਾਰੂ ਕਿਤੇ ਛਪਣ ਹੋ ਗਿਆ।

ਦੂਜੇ ਦਿਨ ਬਾਰੂ ਦੀ ਭੈਣ ਕੰਮੋ, ਘਰ ਦੇ ਵਿਹੜੇ 'ਚ ਵੱਢੀ ਪਈ ਮਿਲੀ। ਕਾਰਾ ਬਾਰੂ ਦਾ ਸੀ। ਹਰ ਕੋਈ ਜਾਣਦਾ ਸੀ। ਪਰ ਕੋਈ ਚਸ਼ਮਦੀਦ ਨਹੀਂ ਸੀ। ਫਿਰ ਵੀ ਖ਼ਬਰ ਦੁਲੇ ਦੇ ਪਿੰਡਾਂ ਵਿਚ ਜੰਗਲ ਦੀ ਅੱਗ ਵਾਂਗ ਫੈਲੀ। ਦੂਲੇ ਦੀ ਦਹਿਸ਼ਤ ਕਾਰਨ, ਪਿੰਡ ਵਿਚ ਉਹਦੇ ਹੁਕਮਾਂ ਤੋਂ ਬਿਨਾਂ ਚਿੜੀ ਨਹੀਂ ਸੀ ਫਟਕਦੀ। ਦੂਲੇ ਨੂੰ ਲੱਗਾ, ਮੁੱਛ ਮੁੰਨੀ ਗਈ।

ਕਿਸੇ ਪੁਲਿਸ ਨੂੰ ਇਤਲਾਹ ਦੇਣ ਲਈ ਕਿਹਾ।

ਤਦ ਤੱਕ ਕੰਮੋ ਸਿਵਿਆਂ 'ਚ ਮੱਚ ਚੁੱਕੀ ਸੀ।

"ਨਹੀਂ... ਨਾ ਮੁੱਦਾ, ਨਾ ਗਵਾਹ। ਪੁਲਿਸ ਠੁੰਸ। ਮੈਂ ਦਊਂ ਸਜ਼ਾ ਸਾਲੇ ਨੂੰ...।"

ਉਧਰ ਬਿਹੜਾ ਸੱਥਰ 'ਤੇ ਬੈਠਿਆ। ਇਧਰ ਦੂਲਾ ਬਾਰੂ ਦੇ ਦੋਵੇਂ ਹੱਥ ਬਾਹੀ ਪਲੰਘ ਦੇ ਪਾਵਿਆਂ ਹੇਠ ਰਖਵਾ ਕੇ ਪਲੰਘ 'ਤੇ ਨੱਚਣ ਲੱਗਾ। ਪਾਗਲ ਹੋਇਆ।

ਏਧਰ ਤ੍ਰਕਾਲਾਂ ਉਤਰੀਆਂ, ਓਧਰ ਬਾਰੂ ਦੀਆਂ ਅੱਖਾਂ 'ਚ ਕੁਝ ਉੱਤਰਿਆ। ਪਹਿਲਾਂ ਤਾਂ ਲੱਗਾ ਸਿਰ ਤੋਂ ਵਗਦਾ ਲਹੂ ਹੀ ਅੱਖਾਂ 'ਚ ਪੈ ਰਿਹਾ ਸੀ। ਫਿਰ ਲੱਗਾ, ਨਹੀਂ। ਇਹ ਤਾਂ ਪਾਵਿਆਂ ਹੇਠ ਦਿੱਤੇ ਹੱਥਾਂ ਵਿਚਲੀ ਸੁੰਨ ਦਾ ਹਨੇਰ ਹੀ ਉਹਦੀਆਂ ਅੱਖਾਂ ਪਿੱਛੇ ਪੱਸਰ ਰਿਹਾ ਸੀ।

ਦ੍ਰਿਸ਼-7

ਬਾਰੂ ਦੁਬਾਰਾ ਡੇਰੇ ਆਇਆ ਤਾਂ ਸਹੀ; ਪਰ ਬਹੁਤਾ ਚਿਰ ਟਿਕਿਆ ਨਾ। ਸੁੱਖ ਮਿਸਤਰੀ ਦੇ ਹੱਥੇ ਜਾ ਚੜ੍ਹਿਆ। ਸੁੱਖਾ ਅਸਲ 'ਚ ਬਾਰੂ ਦੇ ਰੋਹ ਨੂੰ ਪਾਰਟੀ ਰੈਲੀਆਂ 'ਚ ਝੋਕਣਾ ਚਾਹੁੰਦਾ ਸੀ। ਉਸ ਬਾਰੂ ਨੂੰ ਸ਼ਹਿਰ ਦਿਹਾੜੀ ਲਈ ਰਾਜ਼ੀ ਕਰ ਲਿਆ।

ਵੇਖਣ ਸੁਣਨ ਨੂੰ ਠੀਕ; ਪਰ ਨੱਕ 'ਤੇ ਗੁੱਸਾ, ਜੀਭ 'ਤੇ ਜ਼ਹਿਰ ਦਿਹਾੜੀ ਨੂੰ ਰਾਸ ਨਹੀਂ ਸੀ ਆ ਰਹੀ। ਬਾਰੂ ਸੁੱਖੇ ਨਾਲ ਹੀ ਉਲਝ ਜਾਂਦਾ। ਕਿਤੇ ਭੁੱਲ ਕੇ ਸੁੱਖਾ ਛੇਤੀ ਆਉਣ ਲਈ ਹਾਕ ਮਾਰ ਲੈਂਦਾ ਤਾਂ ਬਾਰੂ ਜ਼ਹਿਰ ਉਗਲਦਾ।

"ਦੇਖ ਸੁੱਖਾ ਸਿਆਂ! ਜ਼ਿਆਦਾ ਬੁਕੇਂ ਗਾ ਤਾਂ ਓਨੀ ਦੇਰ ਲਾ ਕੇ ਆਊਂ। ਬਹੁਤੀ ਢਿੱਡ ਪੀੜ ਐ ਤਾਂ ਸੁਣ, ਜਿੰਨੀ ਵੇਰ ਮੈਂ ਭਾਰ ਚੁੱਕ ਕੇ ਪੌੜੀ 'ਤੇ ਚੜ੍ਹਦਾਂ, ਤੂੰ ਖਾਲੀ ਚੜ੍ਹ ਕੇ ਦਖਾ...। ਜੇ ਫੇ ਵੀ ਹਾਕ ਮਾਰੀ ਤਾਂ ਆਹ ਕਹੀ ਦੇਖੀ ਐ... ਇਕ ਟੱਕ ਨੀ ਸਹਿਣਾ ਧੌਣ ਨੇ...।"

ਸੁੱਖਾ ਬਜਿਦ ਸੀ। ਉਸ ਲਈ ਬਾਰੂ ਨੂੰ ਸਹਿਣਾ ਸੌਖਾ ਨਹੀਂ ਸੀ। ਉਹ ਬਾਰੂ 'ਚ ਕਿਸੇ ਵਿਦਰੋਹ ਦੀ ਚਿਣਗ ਦੇਖ ਰਿਹਾ ਸੀ। ਪਰ ਬਾਰੂ ਸੀ ਕਿ ਬੇ ਮਤਲਬ ਬਖੇੜਾ ਖੜ੍ਹਾ ਕਰੀ ਰੱਖਦਾ।

ਕਿਸੇ ਦਾ ਢਹਿ ਕੇ ਘਰ ਬਣ ਰਿਹਾ ਸੀ। ਘਰ ਦੀ ਸੁਆਣੀ ਨੇ ਬੋਤਲਾਂ 'ਚ ਮਨੀ ਪਲਾਂਟ ਦੀਆਂ ਵੇਲਾਂ ਲਾ ਰੱਖੀਆਂ ਸਨ। ਮੁਰਝਾਉਣ ਲੱਗੀਆਂ ਤਾਂ ਭਾਨ ਧੋ ਕੇ ਪਾਣੀ ਪਾਉਣ ਲੱਗੀ। ਸੁੱਕਣ ਲੱਗੀਆਂ ਤਾਂ ਏਧਰ ਓਧਰ ਰੱਖਣ ਲੱਗੀ।

ਇਕ ਦਿਨ ਬਾਰੂ ਨੇੜੇ ਜਾ ਖੜ੍ਹਿਆ।

"ਕੀ ਕਰਦੀ ਐਂ ਬੀਬੀ...?"

ਸੁਆਣੀ ਦੱਸਿਆ ਕਿ ਵੇਲ ਜਿਤਨੇ ਵੱਡੇ ਪੱਤੇ ਕੱਢੂ, ਓਨੇ ਵੱਡੇ ਨੋਟ ਘਰ 'ਚ ਆਉਣਗੇ।

"ਕਮਲੀ ਐਂ ਤੂੰ... ਆਹ ਜੀਹਦੇ ਘਰੇ ਮਿਸਤਰੀ ਵੜਗੇ, ਇਹ ਤਾਂ ਬੰਦੇ ਨੂੰ ਪੱਤਾ ਕੱਢਣ ਜੋਗਾ ਨੀ ਛੱਡਦੇ... ਇਹ ਬੇਲ ਸਾਲੀ ਕਿੱਥੋਂ ਪੱਤਾ ਕੱਢ ਜੂ...।"

ਸੁਆਣੀ ਬੁਰਾ ਮੰਨ ਗਈ।

ਥੋੜ੍ਹੀ ਦੇਰ ਬਾਅਦ ਸੁੱਖਾ ਬਾਹਰਲਾ ਗੇਟ ਫਿੱਟ ਕਰਨ ਲੱਗਾ। ਗੇਟ ਵਜ਼ਨੀ ਸੀ। ਤਦ ਨੂੰ ਘਰ ਦਾ ਮਾਲਕ ਵੀ ਨੇੜੇ ਆ ਖੜ੍ਹਾ। ਬਾਰੂ ਨੂੰ ਜਦੋਂ ਕਈ ਵੇਰ ਗੇਟ ਚੁੱਕ ਕੇ ਏਧਰ ਓਧਰ ਕਰਨਾ ਪਿਆ ਤਾਂ ਉਹ ਮਾਲਕ ਵੱਲ ਝਾਕਿਆ।

"ਗੱਲ ਸੁਣ... ਦਿਹਾੜੀਦਾਰਾਂ ਲਈ ਤਾਂ ਤੇਰੇ ਘਰੇ ਚਾਹ 'ਚ ਪਾਉਣ ਨੂੰ ਮਿੱਠਾ ਨੀ... ਆਹ ਬੂਹੇ ਤੇ ਐਨਾ ਲੋਹਾ ਥੋਪਿਐ, ਇਹਨੂੰ ਕੀ ਟੱਕਰ ਮਰਵਾਏਂਗਾ ਹਾਥੀ ਦੀ...?"

ਮਾਲਕ ਚਾਹੁੰਦਾ ਤਾਂ ਧੱਕੇ ਮਾਰ ਕੇ ਕੱਢ ਦਿੰਦਾ। ਪਰ ਉਹ ਸੁੱਖੇ ਦੇ ਮੂੰਹ ਨੂੰ ਚੁੱਪ ਰਿਹਾ। ਪਰ ਗੱਲ ਇਥੇ ਹੀ ਨਾ ਮੁੱਕੀ। ਇਕ ਦਿਨ ਦੁਪਹਿਰ ਛੁੱਟੀ ਵੇਲੇ ਬਾਰੂ ਨੇ



ਹਾਲੇ ਬੁਰਕੀ ਤੋੜੀ ਹੀ ਸੀ ਕਿ ਉਹਨੇ ਦੇਖਿਆ, ਨੇੜੇ ਹੀ ਲੱਗੇ ਸ਼ਮਿਆਨਿਆਂ ਪਿਛਵਾੜੇ, ਵਿਆਹ ਦੀ ਰੋਟੀ ਲਈ ਕੋਈ ਪੁਰਬੀਆ ਮੁਰਗੇ ਝਟਕਾਉਣ ਦੇ ਆਹਰ 'ਚ ਸੀ। ਬਾਰੂ ਉੱਠਿਆ, ਪੁਰਬੀਆ ਪਰ੍ਹਾਂ ਕੀਤਾ ਅਤੇ ਆਪ ਮੁਰਗੇ ਝਟਕਾਉਣ ਲੱਗਾ।

ਉਹ ਕਿਸੇ ਵਹਿਸ਼ੀ ਵਾਂਗ ਕੁੱਕੜ ਦੀ ਸਿਰੀ ਮਰੋੜ, ਇਕ ਨੂੰ ਗੋਡੇ ਹੇਠ ਰੱਖਦਾ, ਦੂਜੇ ਦੇ ਖੰਭ ਖੋਹਣ ਲੱਗਦਾ ਅਤੇ ਕਿਸੇ ਤੀਜੇ ਦੀ ਹੋਰ ਗਿੱਚੀ ਮਰੋੜ ਰਿਹਾ ਹੁੰਦਾ। ਹੱਥਾਂ ਅਤੇ ਮੂੰਹ 'ਤੇ ਲਹੂ ਦੇ ਛਿੱਟੇ ਅਤੇ ਖੰਭ ਚਿਪਕ ਜਾਣ ਕਾਰਨ ਉਹ ਡਰਾਉਣਾ ਦਿੱਸਣ ਲੱਗਾ, ਪਰ ਹਟਿਆ ਨਹੀਂ। ਲੀੜੇ ਲਹੂ ਲੁਹਾਣ ਅਤੇ ਹੱਥ ਥੱਕ ਜਾਣ ਤੇ ਉਹ ਦੁਬਾਰਾ ਕੰਮ 'ਤੇ ਲੱਗਣ ਦੀ ਥਾਂ... ਇਕ ਰੁੱਖ ਹੇਠ ਘੁਕ ਸੌਂ ਗਿਆ...।

ਸੁੱਖਾ ਜਾਣਦਾ ਸੀ, ਬਾਰੂ ਦੇ ਹੱਥ ਭਾਵੇਂ ਕੁੱਕੜ ਝਟਕਾ ਰਹੇ ਸਨ, ਪਰ ਜ਼ਿਹਨ ਵਿਚ ਵਧ੍ਹਿਆ ਕੋਈ ਹੋਰ ਜਾ ਰਿਹਾ ਸੀ। ਸੁੱਖਾ ਬਾਰੂ ਦੇ ਇਸ ਰੋਹ ਨੂੰ ਅਜਾਈਂ ਨਹੀਂ ਸੀ ਜਾਣ ਦੇਣਾ ਚਾਹੁੰਦਾ।

ਬੜੀ ਸੋਚ ਵਿਚਾਰ ਬਾਅਦ ਉਹਨੇ ਦੇਬੂ ਮਹੰਤ ਨੂੰ ਰਾਜ਼ਦਾਰ ਬਣਾਇਆ ਅਤੇ ਇਕ ਨਵਾਂ ਅਧਿਆਇ ਸ਼ੁਰੂ ਕਰਨ ਦਾ ਤਹੱਈਆ ਕੀਤਾ। ਉਹਦਾ ਤਰਕ ਸੀ ਕਿ ਬਾਰੂ ਦੀ ਮੁਕਤੀ ਦਾ ਸਿਰਫ਼ ਇਕੋ ਰਾਹ ਸੀ। ਬਦਲੇ ਦਾ ਤਿਆਗ। ਆਰਥਿਕ ਸੰਪਨਤਾ। ਆਉਣ ਵਾਲੀ ਨਸਲ ਦੇ ਢਿੱਡ 'ਚ ਪਾਏ ਚਾਰ ਅੱਖਰ, ਅਤੇ ਹੱਕਾਂ ਪ੍ਰਤੀ ਚੇਤਨਤਾ। ਇਸ ਲਈ ਬਾਰੂ ਦਾ ਘਰ ਵਸਾਉਣਾ ਜ਼ਰੂਰੀ ਸੀ। ਉਹਨੇ ਆਪਣੇ ਨਾਲ ਕੰਮ ਕਰਦੇ ਵਿਲੀਅਮ ਮਸੀਹ ਦੀ ਧੀ ਐਲਨ ਮਸੀਹ ਦੇ ਸਾਕ ਲਈ ਹਾਮੀ ਭਰੀ।

ਸੁੱਖਾ ਜਾਣਦਾ ਸੀ, ਇਸ ਰ੍ਰੋਮੇ ਨੂੰ ਮਿਸ਼ਰੀ 'ਚ ਬਦਲਣ ਦਾ ਕ੍ਰਿਸ਼ਮਾ ਦੇਬੂ ਕਰ ਸਕਦਾ ਸੀ...।

ਦ੍ਰਿਸ਼-8

ਆਸ ਤੋਂ ਘੱਟ ਔਖ ਪੇਸ਼ ਆਈ। ਬਾਰੂ ਐਲਨ ਵਿਆਹ ਲਿਆਇਆ। ਬਿਨਾਂ ਕਿਸੇ ਉਚੇਚ। ਬਾਰੂ ਨੂੰ ਯਾਦ ਸੀ, ਇਹ ਸਦੀ ਬਦਲੀ ਜਾ ਸਕਦੀ ਸੀ। ਬਿੰਦ ਸੁੱਚਾ ਰੱਖ ਕੇ। ਸੁੱਖਾ ਅਤੇ ਮਹੰਤ ਉਹਦੀ ਪਿੱਠ 'ਤੇ ਸਨ। ਐਲਨ ਵੀ ਆ ਰਲੀ...। ਇਹ ਸੁੱਖੇ ਦੀ ਹੀ ਬਦੌਲਤ ਸੀ ਕਿ ਬਾਰੂ ਸੱਜ-ਵਿਆਹੀ ਐਲਨ ਨਾਲ ਸ਼ਹਿਰ ਦੀ ਧੱਕਾ ਕਾਲੋਨੀ 'ਚ ਰਹਿਣ ਲੱਗਾ।

ਸਮਾਂ ਬੀਤ ਰਿਹਾ ਸੀ।...

ਇਹਨਾਂ ਹੀ ਦਿਨਾਂ ਵਿਚ ਬਾਰੂ ਦੇ ਮਾਪੇ ਚਲਦੇ ਬਣੇ ਅਤੇ ਐਲਨ ਦੀ ਕੁੱਖ 'ਚ ਜੌਲੂ ਆ ਟਿਕਿਆ। ਫ਼ਕੀਰੀਆ ਰਿਕਸ਼ਾ ਚਲਾਉਣ ਲੱਗਾ ਸੀ ਅਤੇ ਪਿੰਡ ਬਾਰੂ ਦੇ ਚੇਤੇ ਵਿਚੋਂ ਵਿੱਸਰ ਰਿਹਾ ਸੀ।

ਸਮੇਂ ਨੇ ਅਜਿਹੀ ਕਰਵਟ ਲਈ ਕਿ ਸੀਲਿੰਗ ਦੇ ਨਵੇਂ ਕਾਨੂੰਨ ਨੇ ਦੂਲੇ ਜਹੇ

ਕਈ ਸਰਦਾਰਾਂ ਦੇ ਬਾਈ ਕਿਲਿਆਂ ਦੀ ਮਾਲਕੀ ਤੱਕ ਹੱਥ ਵੱਢ ਦਿੱਤੇ ਅਤੇ ਹੁਣ ਜੱਟ ਜ਼ਿਮੀਦਾਰ, ਆੜ੍ਹਤ ਵਿਚ ਢੋਈ ਭਾਲ ਰਹੇ ਸਨ ਜਾਂ ਬੈਲਰਾਂ ਲਈ ਲੋਨ ਪਿੱਛੇ ਦਫਤਰਾਂ 'ਚ ਧੱਕੇ ਖਾ ਰਹੇ ਸਨ।

ਬਿਹੜੇ ਦੇ ਕੰਮੀ-ਕਮੀਣ, ਸ਼ਹਿਰ ਦਿਹਾੜੀ, ਡਰਾਈਵਰੀ ਜਾਂ ਰਿਕਸ਼ੇ ਚਲਾਉਣ ਜਾ ਲੱਗੇ ਸਨ। ਕਹਿਣ ਨੂੰ ਸਮਾਂ ਕਰਵਟ ਲੈ ਰਿਹਾ ਸੀ।...

## ਦ੍ਰਿਸ਼-9

ਸੁਥਰ ਜਿਹੀ ਐਲਨ ਬਾਰੂ ਨੂੰ ਪੂਰੀ ਤਰ੍ਹਾਂ ਨੱਥ ਲਿਆ ਸੀ। ਇਸ ਜਾਦੂ ਵਿਚ ਸੁੱਖੇ ਦਾ ਵੀ ਹੱਥ ਸੀ। ਉਹਨੇ ਬਾਰੂ ਵਿਚਲੇ ਰੋਹ ਦਾ ਬਿਦ, ਐਲਨ ਦੀ ਕੁੱਖ 'ਚ ਬੀਜਣ ਦਾ ਸੁਪਨਾ ਬੜਾ ਸੋਚ ਸਮਝ ਕੇ ਲਿਆ ਸੀ। ਐਲਨ ਵਿਲੀਅਮ ਦੀ ਤਦ ਦੀ ਸੰਤਾਨ ਸੀ ਜਦੋਂ ਇਸਾਈ ਬਣਿਆਂ ਉਹਨੂੰ 20 ਵਰ੍ਹੇ ਹੋ ਚੁੱਕੇ ਸਨ।

ਸੁੱਖੇ ਨੂੰ ਯਕੀਨ ਸੀ; ਬਾਰੂ ਦੀ ਆਉਣ ਵਾਲੀ ਨਸਲ ਯਕੀਨਨ ਬਾਰੂ ਤੋਂ ਵੱਖਰੀ ਹੋਵੇਗੀ। ਉਹ ਇਹ ਭਾਵਨਾਂ ਬਾਰੂ ਅਤੇ ਐਲਨ ਨਾਲ ਸਾਂਝੀ ਵੀ ਕਰਦਾ ਅਤੇ ਬਾਰੂ ਨੂੰ ਸ਼ਹਿਰ ਦੀ ਮਿੱਟੀ ਵਿਚ ਜੜ੍ਹਾਂ ਲਾਉਣ 'ਤੇ ਜ਼ੋਰ ਦਿੰਦਾ।

ਸਭ ਕੁਝ ਠੀਕ ਠਾਕ ਚੱਲ ਵੀ ਰਿਹਾ ਸੀ।

ਇਕ ਦਿਨ ਕਰਨਪੁਰੋਂ ਦੀਹਾੜੀ ਆਉਂਦੇ ਘੀਚਰ ਰਵਦਾਸੀਏ ਕਿਹਾ।

"ਤੇਰੇ ਦੇਬੂ ਨਾਲ ਤਾਂ ਬੁਰੀ ਹੋਈ ਬਈ। ਸਾਡੇ ਪਿੰਡ ਦਾ ਸੁੱਚਾ ਕਲਾਲ ਮਹੰਤ 'ਤੇ ਬਿਨਾਂ ਵਜ੍ਹਾ ਜਾ ਚੜ੍ਹਿਆ। ਕਹਿੰਦਾ, ਭੰਡਾਰੇ ਦਾ ਦੇਹ ਹਸਾਬ। ਮਹੰਤ ਬਿਚਾਰਾ ਤਰਲੇ ਲਵੇ... ਬਈ ਮੈਂ ਤਾਂ ਗਜਾ ਕਰਕੇ ਢਿੱਡ ਭਰਦਾਂ। ਲੋਕਾਂ ਰਾਸ਼ਨ ਲਿਆਂਦਾ, ਭੰਡਾਰਾ ਹੋ ਗਿਆ। ਹਸਾਬ ਕਿਹੜੇ ਪਿਉ ਦਾ?"

ਬਾਰੂ ਜਾਣਦਾ ਸੀ। ਲੋਕ ਸ਼ਰਧਾ ਵੱਸ ਸਮਾਧਾਂ 'ਤੇ ਰੁਪਈਆ ਧੇਲੀ ਮੱਥਾ ਟੇਕਦੇ; ਤੀਮੀਆਂ ਦਾਣਿਆਂ ਜਾਂ ਆਟੇ ਦੀ ਮੁੱਠੀ ਲਿਆ ਢੇਰੀ ਕਰਦੀਆਂ। ਚਾਹ ਪੱਤੀ ਦੀ ਦੇਣਦਾਰੀ ਭੁਗਤ ਜਾਂਦੀ ਜਾਂ ਕਦੇ ਕੋਈ ਲੀੜਾ ਕੱਪੜਾ ਸੀਂਪ ਜਾਂਦਾ।

ਪਰ ਸੁੱਚਾ ਬਜ਼ਿਦ। ਕਹਿੰਦਾ, ਇਹ ਸਮਾਧਾਂ ਉਹਦੇ ਬਡਾਰੂਆਂ ਦੀਐਂ। ਸਭ ਜਾਣਦੇ ਇਹ ਝੂਠ ਸੀ। ਪਰ ਕੌਣ ਆਖੇ ਰਾਣੀਏ ਅੱਗਾ ਢਕ।

ਕਚੀਰਾ ਕਈ ਦਿਨ ਚੱਲਿਆ ਤਾਂ ਇਕ ਦਿਨ ਦਿਹਾੜੀ ਮੁਕਾਅ ਬਾਰੂ ਡੇਰੇ ਆਇਆ। ਗਜੇ ਦਾ ਰੁੱਖਾ-ਮਿਸਾ ਛਕਿਆ। ਦੇਬੂ ਦੇ ਮੋਢੇ 'ਤੇ ਹੱਥ ਧਰਿਆ। ਸੋਤੇ ਪਏ ਕਰਨਪੁਰੀਏ ਸੁੱਚੇ ਕਲਾਲ ਮੂਹਰੇ ਜਾ ਖੜ੍ਹਿਆ।

ਸੁੱਚਾ ਦਾਰੂ ਨਾਲ ਡੱਕਿਆ, ਖੇਤੋਂ ਪਰਤ ਰਿਹਾ ਸੀ।

"ਕਿਮੇਂ ਐ ਸਦਾਰਾ?"

"ਮੌਜੇਂ... ਪਰ ਤੂੰ ਕਿਹੜੈਂ ਐਸ ਵੇਲੇ?" ਸੁੱਚੇ ਹਨੇਰੇ 'ਚ ਨੀਝ ਲਾਈ।



"ਮੈਂ ਬਾਰੂ..."

"ਛੱਜੂ ਖੱਬਤੀ ਕੇ ਲਾਣੇ 'ਚੋਂ?"

"ਨਹੀਂ... ਬਾਲਮੀਕੀਆਂ 'ਚੋਂ..."

"ਕਿਮੇਂ ਡਬੁਕਦੈ ਐਸ ਵੇਲੇ?" ਸੁੱਚਾ ਨਿਸ਼ਚਿਤ ਹੋ ਗਿਆ ਕਿ ਕੋਈ ਪੈਸੇ ਧੇਲੇ ਦਾ ਲੋੜਵੰਦ ਸੀ।

"ਬਸ... ਮੈਂ ਕਿਹਾ ਦਰਸ਼ਨ ਕਰ ਲਈਏ ਸਦਾਰ ਦੇ..."

"ਐਸ ਵੇਲੇ?" ਉਹ ਧੁੜ ਨਾਲ ਅਟੇ ਪਹੇ 'ਚ ਸਨ।

"ਮਖਿਆ ਜੇ ਬੈਠ ਜਾਂਦੇ ਕਿਤੇ..."

ਸੁੱਚੇ ਦਾ ਮੱਥਾ ਠਣਕਿਆ। ਹਨੇਰੇ 'ਚ ਨੀਝ ਲਾਈ।

"ਕਿਉਂ, ਤੂੰ ਮਹਾਰਾਜੇ ਪਟਿਆਲੇ ਦਾ ਸਾਂਢੂ ਐਂ ਬਈ ਤੇਰੇ ਨਾਲ ਬੈਠੂੰ ਮੈਂ...।"

"ਹਲਟੀ 'ਤੇ ਨਾ ਚੱਲੀਏ?" ਬਾਰੂ ਅਣਸੁਣਦੇ ਕਿਹਾ।

"ਕਿਉਂ ਹਲਟੀ 'ਤੇ ਕਿਉਂ?" ਸੁੱਚੇ ਹਨੇਰੇ ਵਿਚ ਕੋਈ ਖ਼ਤਰਾ ਭਾਂਪਦੇ ਗੁਪਤੀ ਵਿਚਲੀ ਕਿਰਚ ਮੁੱਠੀ 'ਚ ਘੁੱਟੀ।

"ਬਸ ਉਈਂ... ਮਖਿਆ ਸਾਹ ਲੈ ਲੇਂਗਾ ਦੋ ਘੜੀ।" ਬਾਰੂ ਇਤਨਾਂ ਸਹਿਜ ਕਿਹਾ ਕਿ ਸੁੱਚਾ ਫਿਰ ਬੇ-ਪ੍ਰਵਾਹ ਹੋ ਗਿਆ। ਪਰ ਅਗਲੇ ਪਲ ਕਿਹਾ।

"ਕਿਉਂ ਬਈ! ਤੂੰ ਦਿੜ੍ਹਪੁਰੀਏ ਦੂਲੇ ਨੂੰ ਛੱਡ, ਮੇਤੋਂ ਕੀ ਲੈਣ ਆ ਗਿਆ?"

"ਆਉਣੋ ਪੈਂਦੇ ਸਦਾਰ ਜੀ, ਜਦੋਂ ਪਾਣੀ ਸਿਰੋਂ ਲੰਘ ਜੇ।" ਸੁੱਚੇ ਨੂੰ ਪੱਕ ਹੋ ਗਿਆ ਕਿ ਇਹ ਕੋਈ ਗਰਜ਼ਮੰਦ ਹੀ ਸੀ। ਫਿਰ ਵੀ ਉਹ ਚੌਕਵੇਂ ਪੈਰੀਂ ਪਿਛ ਨੂੰ ਹੋ ਤੁਰਿਆ।

"ਭਲਾ ਕਿਹੜੇ ਬਾਲਮੀਕੀਏ ਦੈਂ ਤੂੰ?"

"ਕਿਸੇ ਦਾ ਹੋਇਆ... ਆਪਾਂ ਕੀ ਸੀਰ ਪਾਉਣੇ?"

"ਸਾਲਿਆ, ਤੂੰ ਬੋਲਦਾ ਕਿਮੇਂ ਐਂ?"

"ਤਾਂ ਇਹਦਾ ਮਤਲਬ ਤੂੰ ਹਲਟੀ ਤੱਕ ਜਾਂਦਾ ਨੀ..."

ਸੁੱਚਾ ਤ੍ਰਬਕ ਕੇ ਪਰੇ ਜਾ ਖੜ੍ਹਾ। ਲੱਗਾ ਹਨੇਰੇ 'ਚ ਖੜ੍ਹਾ ਕੋਈ ਸ਼ੇਰ ਹੱਥਾ ਨਹੀਂ ਸੀ। ਫਿਰ ਵੀ ਉਸ ਖ਼ਤਰੇ ਨੂੰ ਛੋਟਾ ਕਰਨ ਪੱਜ ਕਿਹਾ।

"ਓਏ ਤੇਰੀ ਤੀਮੀ ਤ੍ਰਮੀ ਤਾਂ ਨੀ ਨਿਕਲ ਗੀ ਕਿਸੇ ਨਾਲ ਜਿਹੜਾ ਤਪਿਆ ਫਿਰਦੈਂ...।"

"ਤੀਮੀਆਂ ਤਕੜਿਆਂ ਦੀਆਂ ਨਿਕਲਦੀਐਂ... ਸਦਾਰਾ! ਮਾੜਿਆਂ ਦੀਆਂ ਕਿੱਥੇ ਜਾਣਗੀਆਂ ਨਿਕਲ ਕੇ...।"

"ਤਾਂ ਦੱਸ ਕਿਹੜੀ ਮਾਰ 'ਤੇ ਆਇਐਂ ਐਸ ਵੇਲੇ।"

"ਦੇਬੂ ਮਹੰਤ ਕੰਨੀਉਂ ਆਇਆਂ ਮੈਂ..."

"ਕਿਉਂ ਓਹਨੂੰ ਕੀ ਹੋ ਗਿਆ ਸਾਲੇ ਨੂੰ ?"

"ਓਹਨੂੰ ਤਾਂ ਨੀਂ ਹੋਇਆ ਕਹਿੰਦੇ ਕੋਈ ਹਸਾਬ ਕਤਾਬ ਚਾਹੀਦੈ ਥੋਨੂੰ ?"

"ਹਾਂ ਚਾਹੀਦੇ... ਤੂੰ ਢੇਕਾ ਲਗਦਾਂ..."

"ਢੇਕਾ ਈ ਸਮਝ... ਪਰ ਤੈਨੂੰ ਕਦੇ ਪੈਹਾ ਧੇਲਾ ਦਿੰਦੇ ਤਾਂ ਦੇਖਿਆ ਨਹੀਂ ਭੋਰੇ 'ਤੇ।"

"ਦਿਆਂ, ਨਾ ਦਿਆਂ... ਤੂੰ ਕਿਧਰੋਂ ਆ ਗਿਆ ਓਹਦਾ ਹਮੈਤੀ... ਕਿਤੇ ਮਰਨ ਦਾ ਚਾਅ ਤਾਂ ਨੀ ਬਹੁਤਾ..."

"ਚਲ ਮਰਨਾ ਮਰਾਉਣਾ ਤਾਂ ਛੱਡ...। ਮੈਂ ਤਾਂ ਕਹਿਨਾ ਜਿਹੜਾ ਮੰਗ ਕੇ ਢਿੱਡ ਭਰਦੈਂ... ਹਸਾਬ ਕਿਹੜੇ ਪਿਉ ਦਾ ਦੇ ਦੂ ਤੈਨੂੰ।"

ਅਚਾਨਕ ਸੁੱਚੇ ਦੀ ਸਾਰੀ ਪੀਤੀ ਉੱਤਰ ਗਈ। ਲੱਗਾ ਅਗਲੇ ਪਲ ਕੁਝ ਵੀ ਹੋ ਸਕਦਾ ਸੀ। ਪਰ ਸਾਮ੍ਹਣੇ ਕੋਈ ਬਾਲਮੀਕੀਆਂ ਸੀ, ਤੇ ਕਿਸੇ ਕੰਮੀ-ਕਮੀਣ ਤੋਂ ਡਰ ਜਾਣ ਦਾ ਮਤਲਬ ਸੀ, ਮਰਨ ਤੋਂ ਪਹਿਲਾਂ ਮਰ ਜਾਣਾ।

"ਓਏ ਤੈਨੂੰ ਪਤੈ ਮੈਂ ਕੌਣ ਆਂ ?"

"ਖਰਾ...। ਰੇਸ਼ਮ ਗਿਰੜੇ ਦਾ ਪੁੱਤ ਔਂ...। ਜੀਹਨੇ ਦੋ ਕਿੱਲੇ ਪੋਹਲੀ 'ਤੇ ਨੰਗੇ ਪਿੰਡੇ ਲਿਟ ਕੇ ਮਹਾਰਾਜੇ ਪਟਿਆਲੇ ਤੋਂ ਲਿਆ ਮਰੱਬਾ...।"

"ਓਏ ਓਹਨੂੰ ਛੱਡ... ਇਹ ਪਤੈ ਨ ਮੇਰੀ ਥੋਧੀ ਨੀ ਛੁੱਟਦੀ ?"

"ਖਰੀ! ...ਪਰ ਸਦਾਰ ਜੀ ਦੇਬੂ ਪਿੰਡ ਦੀਆਂ ਮੜ੍ਹੀਆਂ 'ਤੇ ਬੈਠੇ... ਨੰਗੇ ਧੜ। ਢਿੱਡ ਲਈ ਹੰਦੇ ਮੰਗਦੈ...। ਤੂੰ ਹਸਾਬ ਮੰਗਣ ਬੈਠ ਗਿਆ।"

"ਹਸਾਬ ? ਮੈਂ ਤਾਂ ਸਾਲੇ ਦੇ ਛਿੱਤਰ ਮਾਰੂੰ ਚਾਰ... ਅਰ ਅੰਦਰ ਕਰਵਾਊਂ ਐਸਾ ਕਿ ਬੱਬਾ ਨੀ ਛੁੱਟੂ...।"

"ਕਾਹਦੇ 'ਚ ਕਰਵਾਏਂਗਾ ਅੰਦਰ ?"

"ਵਕੀਲ ਦਾ ਪਿਉ ਆਂ... ਮੈਂ ਤਾਂ ਖੜ੍ਹਾ ਕਰਦੂੰ ਧੂਏਂ ਦਾ ਧੌਲਰ... ਨਾਲੇ ਤੇਰਾ ਲੈ ਮੱਕੂ ਠੱਪਿਆ।"

"ਪਰ ਝੂਠਾ ਕਿਉਂ... ਤੂੰ ਸੱਚਾ ਕਰਵਾ ਅੰਦਰ...।"

"ਕਿਮੇ ?"

"ਤੂੰ ਉਂਗਲ ਲਾ ਆਪਣੀ ਲੱਤ 'ਤੇ, ਬਈ ਕਿਥੋਂ ਤੋੜਾਂ... ਲੈ ਕੱਲ੍ਹ ਨੂੰ ਭੰਨੀ ਹੋਈ... ਸਭ ਦੇ ਸਾਹਮਣੇ...।" ਬਾਰੂ ਰੋ 'ਚ ਸੀ।

"ਤੂੰ ਹੈ ਕੌਣ ਓਏ... ਜ਼ਰਾ ਚਲ ਤਾਂ ਚਾਨਣ 'ਚ... ਦੇਖਾਂ ਮੈਂ ਵੱਡੇ ਰਾਠ ਨੂੰ...।" ਸੁੱਚੇ ਦੀਆਂ ਲੱਤਾਂ ਕੰਬਣ ਲੱਗੀਆਂ।

ਦਸ ਕਦਮਾਂ 'ਤੇ ਇਕ ਥੰਂਰ ਦਾ ਚਾਨਣ ਕੱਚੇ ਪਹੇ ਵਿਚ ਵਿਛਿਆ ਪਿਆ ਸੀ। ਇਸ ਤੋਂ ਪਹਿਲਾਂ ਕਿ ਸੁੱਚਾ ਪਾਰ ਕਰਦਾ। ਇਕ ਲੱਲ੍ਹਕਰਾ ਉੱਚਾ ਹੋਇਆ।



"ਰੁਕ ਓਏ ਸਦਾਰਾ। ਇਕ ਤਾਂ ਮੂੰਹ ਦੇਖ ਲੈ ਮੇਰਾ... ਇਕ ਲੱਤ ਕਰ ਉਰ੍ਹਾਂ... ਗੱਲ੍ਹ ਕਿਹੜੇ ਪਿਉ ਦੀ ਐ ਓਏ...।"

ਸੁੱਚੇ ਨੂੰ ਪਤਾ ਹੀ ਨਾ ਲੱਗਾ, ਕਦੋਂ ਬਾਰੂ ਉਹਦੀ ਹਿੱਕ 'ਤੇ ਚੜ੍ਹਿਆ। ਕਦੋਂ ਲੱਤ 'ਤੇ ਪਰਨਾ ਲਪੇਟਿਆ। ਕਦੋਂ ਲੱਤ ਪੁਲੀ 'ਤੇ ਰੱਖੀ ਅਤੇ ਕਦੋਂ ਨੇੜੇ ਪਈ ਇੱਟ ਨਾਲ, ਲੱਤ ਚੂਰੇ ਵਾਂਗ ਕੁੱਟ ਕੇ ਅਹੁ ਗਿਆ... ਅਹੁ ਗਿਆ...।

## ਦ੍ਰਿਸ਼-10

ਬਾਰੂ ਖ਼ੁਦ ਕੁੱਟਾਂ ਖਾਣ ਲਈ ਜੰਮਿਆ ਸੀ। ਫਿਰ ਇਹ ਕੀ ਭਾਣਾ ਵਾਪਰ ਗਿਆ। ਨਾ ਹੀ ਉਹ ਇਹ ਕਾਰਾ ਸੋਚ ਕੇ ਤੁਰਿਆ ਸੀ। ਜੇ ਹੁਣ ਵਾਪਰ ਹੀ ਗਿਆ ਸੀ ਤਾਂ ਬਾਰੂ ਸੋਚਿਆ, ਕਿਉਂ ਨਾ ਸੁੱਚੇ ਦੇ ਵਕੀਲ ਪੁੱਤ ਦੀ ਵਕੀਲੀ ਵੀ ਕੁੱਟੀ ਜਾਵੇ।

ਬਿਨਾਂ ਇਕ ਪਲ ਸੋਚੇ ਉਹ ਸੈਣੀਆਂ ਕੇ ਟਿੱਬੇ ਵੱਲ ਨੂੰ ਹੋ ਤੁਰਿਆ। ਟਿੱਲਾ ਛਿੱਤਰ-ਪੋਹਲੀ ਨਾਲ ਅਟਿਆ ਪਿਆ ਸੀ। ਆਜੜੀ ਤਾਂ ਛੱਡ, ਚਿੜੀ ਜਨੌਰ ਵੀ ਟਿੱਬੇ ਵੱਲ ਪਰ ਨਾ ਫਟਕਦਾ। ਪਰ ਬਾਰੂ ਦੇ ਜ਼ਿਹਨ ਵਿਚ ਦੇਬੂ ਸੀ; ਜਿਸ ਉਹਨੂੰ ਪਨਾਹ ਦਿੱਤੀ...।

ਹਨੇਰਾ, ਟਿੱਬਾ ਅਤੇ ਘੱਗਰ ਉਹ ਹਨੇਰੀ ਵਾਂਗ ਪਾਰ ਕਰ ਗਿਆ। ਪੋਹਲੀ ਦੀ ਪੀੜ ਦਾ ਵਿੰਨ੍ਹਿਆ ਉਹ ਦਿੜ੍ਹਬੂਪੁਰ ਦੀ ਨਿਆਈਂ ਜਾ ਖੜ੍ਹਾ। ਕਿਸੇ ਦੇ ਚਰ੍ਹੀ ਦੇ ਟੱਕ ਅੱਗੋਂ ਦਾਤੀ ਚੁੱਕ ਖੱਬੀ ਗਿੱਚੀ 'ਤੇ ਫੇਰੀ ਅਤੇ ਸਫ਼ਾਖ਼ਾਨੇ ਦਾ ਕੁੰਡਾ ਜਾ ਖੜਕਾਇਆ।

ਸਫ਼ਾਖ਼ਾਨੇ 'ਚ ਪੇਂਡੂ ਗਰਭਵਤੀਆਂ ਲਈ ਡਾਕਟਰਨੀ ਤਾਇਨਾਤ ਸੀ। ਪਰ ਉਹ ਕਿਸੇ ਪ੍ਰਸੂਤਾ ਲਈ ਵੀ ਵੀਹ ਵੇਰੀਂ ਸੋਚ ਕੇ ਕੁੰਡਾ ਖੋਲ੍ਹਦੀ ਸੀ। ਖਿੜਕੀ ਤੋਂ ਬਾਹਰ ਪੀਲੀ ਰੋਸ਼ਨੀ 'ਚ ਹੱਥ ਤੋਂ ਲਹੂ ਵਗਦਾ ਦੇਖ ਪਸੀਜ ਗਈ।

ਅੰਦਰ ਉਹ ਰੇਡੀਉ 'ਤੇ ਖ਼ਬਰਾਂ ਸੁਣ ਰਹੀ ਸੀ। ਬਾਰੂ ਘੇਸਲ ਗਿਆ। ਸਮੇਂ ਦਾ ਪੱਕ ਕਰਨ ਲਈ ਉਸ ਕਿਹਾ।

"ਭੈਣੇ ਪਹਿਲਾਂ ਰੇਡੀਆ ਸੁਣ ਲਾ... ਫੇ ਲਾ ਦੀਂ ਫੰਬਾ।"

ਡਾਕਟਰ ਬਿਨਾਂ ਕੁਝ ਕਹੇ ਪੱਟੀ ਕਰਨ ਲੱਗੀ।

"ਸੁਣ ਲੈਂਦੀ ਭਾਈ। ਭਲਾ ਕੈ ਬਜ ਗੇ ਹੋਣਗੇ ?"

ਟਾਈਮ ਦੱਸਣ ਦੀ ਥਾਂ ਉਸ ਪੁੱਛਿਆ।

"ਕਿਵੇਂ ਵੱਢਿਆ ਗਿਆ ?"

"ਮਾੜੀ ਕਿਸਮਤ ਭਾਈ! ਚਰ੍ਹੀ ਵਢਦੇ ਰੋੜਾ ਆ ਗਿਆ ਦਾਤੀ ਮੂਹਰੇ।"

ਬਾਰੂ ਜਾਣਦਾ ਸੀ, ਵਾਰਦਾਤ ਮਗਰੋਂ ਰਾਹੇ ਰਾਹ ਆਉਂਦਾ ਤਾਂ ਦੋ ਪਹਿਰ ਲਗਦੇ। ਪੋਹਲੀ ਨੇ ਉਹਦੀਆਂ ਲੱਤਾਂ ਵਿੰਨ੍ਹ ਕੇ ਰੱਖ ਦਿੱਤੀਆਂ ਸਨ; ਪਰ ਦੇਬੂ ਲਈ ਇਹ ਪੀੜ ਕੁਝ ਵੀ ਨਹੀਂ ਸੀ।

ਬਾਰੂ ਇਹ ਵੀ ਜਾਣਦਾ ਸੀ। ਪੁਲਿਸ ਫੜ ਸਕਦੀ ਸੀ। ਸੁੱਚਾ ਵਾਹਰ ਲੈ ਕੇ ਆ ਸਕਦਾ ਸੀ। ਸੁੱਚੇ ਦਾ ਵਕੀਲ ਪੁੱਤ ਉਹਦੇ ਲਈ ਕੋਈ ਖੂਹ ਪੁੱਟ ਸਕਦਾ ਸੀ। ਪਰ ਜਿਸ ਹਨੇਰੇ, ਟਿੱਬੇ ਅਤੇ ਸੁਕਦੇ ਘੱਗਰ ਨੂੰ ਉਹਨੇ ਹਨੇਰੀ ਵਾਂਗ ਪਾਰ ਕੀਤਾ ਸੀ; ਉਹ ਉਸ ਦੁਆਲੇ ਖੰਜਰ ਕੋਟ ਉਸਾਰਨ ਲਈ ਕਾਫ਼ੀ ਸੀ।

ਉਹੋ ਗੱਲ ਹੋਈ। ਰਪਟ ਹੋਈ। ਪੁਲਿਸ ਆਈ। ਫੜ-ਫੜਾਈ ਵੀ ਹੋਈ, ਪਰ ਡਾਕਟਰ ਕੁੜੀ ਦਾ ਬਿਆਨ, ਕਿ ਜਿਸ ਵੇਲੇ ਬਾਰੂ ਦੇ ਕਰਨਪੁਰ ਵਿਚ ਵਾਰਦਾਤ ਕਰਨ ਬਾਰੇ ਕਿਹਾ ਜਾ ਰਿਹਾ ਸੀ, ਉਸ ਵੇਲੇ ਤਾਂ ਬਾਰੂ ਪੱਟੀ ਲੁਆ ਰਿਹਾ ਸੀ।

ਇਸ ਤੋਂ ਵੀ ਵੱਡੀ ਗੱਲ; ਮੁਆਇਨੇ ਵਿਚ ਇਹ ਸਾਬਤ ਹੀ ਨਹੀਂ ਸੀ ਹੋ ਸੱਕਿਆ ਕਿ ਸੱਟ ਕਿਸ ਚੀਜ਼ ਨਾਲ ਮਾਰੀ ਗਈ ਸੀ, ਲੱਤ ਤੇ ਕਿਸੇ ਸੱਟ ਦਾ ਜ਼ਖ਼ਮ ਤੱਕ ਨਹੀਂ ਸੀ।

ਸਭ ਜਾਣਦੇ ਸਨ, ਕਾਰਾ ਬਾਰੂ ਦਾ ਸੀ।

ਮਹੀਨੇ ਬਾਦ ਸੁੱਚੇ ਦੀ ਲੱਤ ਸੁੱਕਣੀ ਸ਼ੁਰੂ ਹੋ ਗਈ। ਛੇਵੇਂ ਮਹੀਨੇ ਤੋਰੀ ਵਾਂਗ ਲਟਕ ਗਈ...।

ਏਸ ਘਟਨਾ ਨੇ ਚੁਫ਼ੇਰੇ ਦੇ ਪਿੰਡਾਂ ਵਿਚ ਕਈ ਤਰ੍ਹਾਂ ਦੀ ਹਵਾ ਨੂੰ ਜਨਮ ਦਿੱਤਾ।

ਮਾੜੇ ਸਿਰ ਚੁੱਕਣ ਲੱਗੇ।

ਤਕੜਿਆਂ ਪੈਂਤੜੇ ਮੱਲ ਲਏ।

ਇਕ ਦਿਨ ਬਾਰੂ ਸੁਣਿਆ, ਸੁਚਾ ਫਿਰ ਡੇਰੇ 'ਤੇ ਕਬਜ਼ੇ ਲਈ ਕਿਸੇ ਨੂੰ ਉਕਸਾਅ ਰਿਹਾ ਸੀ।

ਅਗਲੇ ਦਿਨ ਬਾਰੂ ਸੁੱਚੇ ਦੇ ਘਰ ਹੀ ਚਲਿਆ ਗਿਆ।

ਜਾਂਦਾ ਕੁੰਜੇ ਬੈਠ ਗਿਆ।

ਸੁੱਚਾ ਮੱਚ ਉਠਿਆ।

"ਨਿਕਲ ਏਥੋਂ...।"

"ਖਰਾ! ਪਰ ਸਦਾਰਾ ਜੇ ਦੇਬੂ ਕੰਨੀ ਝਾਕਿਆ... ਦੂਜੀ ਫਹੁੜੀ ਹੁਣੇ ਬਣਵਾ ਲੈ...।"

ਦ੍ਰਿਸ਼-11

ਇਸ ਘਟਨਾ ਨੇ ਬਾਰੂ ਦੇ ਜ਼ਿਹਨ ਵਿਚ ਦੋ ਗਲਾਂ ਡੂੰਘੀਆਂ ਖੁਣ ਦਿੱਤੀਆਂ। ਬਾਲ ਉਮਰੇ ਬਾਰੂ ਨੂੰ ਕੁੱਟਦਾ ਦੂਲਾ ਜਦੋਂ ਹਫ਼ ਗਿਆ ਸੀ ਅਤੇ ਦੂਲੇ ਅੱਗੋਂ ਸੀ ਵੀ ਨਹੀਂ ਸੀ ਕੀਤੀ ਤਾਂ ਦੂਲਾ ਡਰ ਕੇ ਪਰ੍ਹੇ ਜਾ ਖਲੋਤਾ ਸੀ। ਭੈ-ਭੀਤ। ਕੰਬਦਾ ਹੋਇਆ।

ਸੁੱਚੇ ਕਲਾਲ ਨੂੰ ਜਦੋਂ ਉਸ ਦੂਹਰੀ ਵੇਰ ਲਲਕਾਰਿਆ ਸੀ ਤਾਂ ਪੀਲਾ ਵਸਾਰ ਹੋਇਆ ਸੁੱਚਾ ਲਮਕਦੀ ਲੱਤ ਅਤੇ ਕੰਬਦੀ ਵਸਾਖੀ ਨਾਲ ਉੱਠ ਕੇ ਅੰਦਰ ਚਲਿਆ ਗਿਆ ਸੀ। ਦੁਬਾਰਾ ਬਾਰੂ ਦੇ ਕਦੇ ਮੱਥੇ ਨਹੀਂ ਸੀ ਲੱਗਿਆ।



ਇਹਦਾ ਮਤਲਬ, ਤਕੜਿਆਂ ਨਾਲ ਮੱਥਾ ਲਾਇਆ ਜਾ ਸਕਦਾ ਸੀ।

ਇਸਦੇ ਉਲਟ ਘਰ 'ਚ ਬਾਰੂ ਐਲਨ ਤੋਂ ਹੀ ਡਰਨ ਲੱਗਾ ਸੀ। ਅਸਲ 'ਚ ਐਲਨ ਸ਼ਹਿਰ 'ਚੋਂ ਇਕੱਲੀ ਨਹੀਂ ਸੀ ਆਈ। ਕਈ ਅਕਾਂਖਿਆਵਾਂ ਵੀ ਨਾਲ ਲੈ ਕੇ ਆਈ ਸੀ। ਉਹਦੇ ਮਾਪੇ ਉਹਦੇ ਜਨਮ ਤੋਂ ਕਾਫ਼ੀ ਪਹਿਲਾਂ ਈਸਾਈ ਬਣੇ ਸਨ। ਇਸ ਕਾਰਨ ਸੰਕੀਰਨਤਾ ਅਤੇ ਆਤਮ ਗਿਲਾਨੀ ਉਹ ਤਿਆਗ ਚੁੱਕੇ ਸਨ। ਜਿਸਦਾ ਅਸਰ ਐਲਨ 'ਤੇ ਹੋਣਾ ਲਾਜ਼ਮੀ ਸੀ। ਸ਼ਾਇਦ ਇਹੋ ਕਾਰਨ ਸੀ ਕਿ ਐਲਨ ਦੀ ਅੱਥਰੀ ਜਵਾਨੀ ਲਈ ਬਾਰੂ ਦਾ ਨਿੱਕਾ ਜਿਹਾ ਵਿਹੜਾ ਅਤੇ ਗ਼ੁਰਬਤ ਦੀ ਠੰਡੀ ਬੁੱਕਲ ਕਾਫ਼ੀ ਨਹੀਂ ਸੀ।

ਫਿਰ ਵੀ ਉਹ ਨਿੱਕੀ ਜਿਹੀ ਕੋਠੜੀ ਅਤੇ ਆਪਣੀ ਸਾਂਵਲੀ ਦੇਹ ਨੂੰ ਸੰਵਾਰ-ਸੰਵਾਰ ਰੱਖਦੀ। ਬਾਰੂ ਨੂੰ ਵੀ ਮੌਜ ਜਿਉਣ ਲਈ ਕਲਪਦੀ। ਪਰ ਬਾਰੂ ਦੇ ਜੀਵਨ ਵਿਚ ਗ਼ੁਰਬਤ, ਅਤੇ ਨਿਰਾਦਰ ਦੀ ਸੀਤ ਤੋਂ ਬਿਨਾਂ ਕੁਝ ਨਹੀਂ ਸੀ। ਉਹ ਤਾਂ ਸਨੌਰੀ ਅੱਡੇ ਦੀ ਧੌਕਾ ਕਾਲੋਨੀ ਵਿਚ ਵੀ ਸੁੱਖੇ ਦੀ ਬਦੌਲਤ ਰਹਿ ਰਿਹਾ ਸੀ। ਐਲਨ ਨੂੰ ਲੱਗਦਾ ਉਹ ਧੌਕਾ ਕਾਲੋਨੀ ਦੀ ਸੜ੍ਹਿਹਾਂਦ ਵਿਚ ਤ੍ਰੱਕ ਰਹੀ ਸੀ। ਇਸ ਧੌਕਾ ਕਲੋਨੀ ਵਿਚ ਉਹਦੇ ਪੁੱਤ ਦਾ ਕੀ ਭਵਿੱਖ ਸੀ।

ਰੋਜ਼ ਦੀ ਕਲ੍ਹੇ ਤੋਂ ਅੱਕ, ਬਾਰੂ ਫਿਰ ਪਿੰਡ ਆ ਟਿਕਿਆ। ਇਥੇ ਫੀਰੂ ਵੀ ਸੀ; ਪਰ ਉਹਦਾ ਰਿਕਸ਼ਾ ਮਸਾ ਉਹਦਾ ਹੀ ਢਿੱਡ ਭਰਦਾ। ਨਿਕਾ ਜੇਲੂ ਰਿੜਨ ਲੱਗਾ ਸੀ। ਮੂੰਹ ਜ਼ੋਰ ਐਲਨ ਮਨ ਚਾਹੇ ਅਸਮਾਨ ਦੀ ਤਲਾਸ਼ ਲਈ ਬਿਹੜੇ ਦੀਆਂ ਦੂਜੀਆਂ ਤੀਵੀਆਂ ਨਾਲ ਦਿਹਾੜੀ ਕਰਨ ਜਾ ਲੱਗੀ ਸੀ।

ਆਖਣ ਨੂੰ ਉਹ ਪਿੰਡ ਵਿਚ ਦਿਹਾੜੀ ਕਰਦੀ। ਪਰ ਬਾਰੂ ਨੂੰ ਲਗਦਾ ਜਿਵੇਂ ਉਹ ਕਿਸੇ ਹੋਰ ਦੇਸ ਵੱਲ ਜਾ ਰਹੀ ਸੀ...।

ਬਾਰੂ ਸੁੱਖੇ ਕੋਲ ਢਿੱਡ ਫੋਲਦਾ। ਸੁੱਖਾ ਇਕੋ ਮੱਤ ਦਿੰਦਾ। "ਪੁੱਤ 'ਤੇ ਰੱਖ ਡੋਰੀ ਬਾਰਾ ਸਿਹਾਂ। ਜਿਵੇਂ ਸ਼ੇਰਨੀ ਦੇ ਦੁੱਧ ਲਈ ਸੋਨੇ ਦਾ ਭਾਂਡਾ ਚਾਹੀਦੈ ਨਾ... ਇਵੇਂ ਆਪਣੀ ਨਸਲ ਨੂੰ ਹਰ ਮੈਲ ਤੋਂ ਦੂਰ ਰੱਖ...। ਆਪਾਂ ਸਦੀ ਬਦਲਨੀ ਐ ਐਤਕੀਂ। ਬਹੁਤ ਹੋ ਗਿਆ ਧੌਕਾ। ਹੁਣ ਨੀ ਸੰਨ੍ਹ ਲੱਗਣ ਦੇਣੀ ਕਿਤੋਂ ਵੀ... ਫ਼ਿਕਰ ਨਾ ਕਰ। ਖੜ੍ਹਾਂਗੇ ਆਪਾਂ ਤਕੜਿਆਂ ਦੇ ਬਰਾਬਰ...। ਕੌਮ ਰਹਿ ਤੂੰ...। ਨਿਆਣਾ ਪਾਲ ਰੂਹ ਨਾਲ।"

ਪਰ ਬਾਰੂ ਦਾ ਇਹ ਸੁਪਨਾ ਪੂਰਾ ਨਹੀਂ ਸੀ ਹੁੰਦਾ ਦਿਸ ਰਿਹਾ। ਬਾਰੂ ਸ਼ਹਿਰ 'ਚੋਂ ਦਿਹਾੜੀ ਕਰ ਕੇ ਮੁੜ ਆਉਂਦਾ। ਐਲਨ ਪਿੰਡ ਦੇ ਖੇਤਾਂ 'ਚੋਂ ਨਾ ਮੁੜਦੀ। ਬਾਰੂ ਦੇਖਦਾ ਅਤੇ ਹਉਕਾ ਭਰ ਕੇ ਚੁੱਪ ਕਰ ਜਾਂਦਾ। ਉਹ ਤੀਵੀਂ ਤੇ ਧੌਪਾ ਧਰੋਲ ਵਾਲਿਆਂ ਵਿਚੋਂ ਨਹੀਂ ਸੀ।

ਇਕ ਦਿਨ ਅਚਾਨਕ ਸਮੇਂ ਤੋਂ ਪਹਿਲਾਂ ਮੁੜੇ ਬਾਰੂ ਨੇ ਦੇਖਿਆ, ਓਟੇ ਨਾਲ ਖੜ੍ਹੇ ਦੂਲੇ ਕੇ ਸ਼ਰੀਕੇ 'ਚੋਂ ਚੈਂਚਲ ਨਾਲ ਐਲਨ ਮੁਸਕੜੀਏ ਹੱਸ ਰਹੀ ਸੀ। ਐਲਨ ਦੇ ਪੈਰਾਂ 'ਚ ਤਾਜ਼ੇ ਪੁੱਟੇ ਆਲੂਆਂ ਦੀ ਨਿੱਕੀ ਗਠੜੀ ਪਈ ਸੀ। ਬਾਰੂ ਦਾ ਮੱਥਾ ਠਣਕਿਆ।

ਫਤਿਹ ਬੁਲਾਅ ਚੈਂਚਲ ਪੈਰੀਂ ਹੀ ਖਿਸਕ ਗਿਆ। ਬਾਰੂ ਲਈ ਵੀ ਗੱਲ ਹੌਲ੍ਹੇ ਪਰੇ ਹੋ ਗਈ।

ਇਕ ਦਿਨ ਫਿਰ ਬਾਰੂ ਦਿਨ ਢਲੇ ਮੁੜਿਆ। ਇਸ ਵੇਰ ਚੈਂਚਲ ਕੋਠੜੀ 'ਚ ਬੈਠਾ ਸੀ। ਮੰਜੇ 'ਤੇ। ਐਲਨ ਉਹਦੇ ਪੈਰਾਂ 'ਚ ਬੈਠੀ ਸਰਬਤ ਘੋਲ ਰਹੀ ਸੀ।

ਬਾਰੂ ਦੇ ਪੈਰਾਂ 'ਚੋਂ ਇਕ ਲੰਬ ਉੱਠ ਕੇ ਮੱਥੇ ਨੂੰ ਚੜ੍ਹਿਆ। ਬਾਰੂ ਬਾਰ 'ਚ ਬਾਹਾਂ ਫੈਲਾ ਖੜ੍ਹ ਗਿਆ।

"ਕਿਮੇਂ ਆਉਣੇ ਹੋਏ ਚੈਂਚਲ ਸਿਹਾਂ।"

"ਮੈਂ...ਮੈਂ ਚੋਣੀਆਂ ਲਈ ਕਹਿਣ ਆ ਗਿਆ।"

ਚੈਂਚਲ ਮੈਂ ਮੈਂ 'ਚ ਉਲਝ ਗਿਆ।

"ਦੇਖ, ਅੱਜ ਤਾਂ ਤੂੰ ਆ ਗਿਆ... ਮੁੜ ਕੇ ਨਾ ਆਈਂ ਭੁੱਲ ਕੇ ਵੀ...। ਜੇ ਫੇ ਵੀ ਨੀ ਹਟਣਾ ਤਾਂ ਉਂਗਲ ਰੱਖ ਆਪਣੀ ਘੰਡੀ 'ਤੇ... ਬਈ ਕਿਥੋਂ ਵੱਢਾਂ...।"

ਚੈਂਚਲ ਤਾਂ ਪਿੱਛੇ ਮੁੜਕੇ ਵੀ ਨਾ ਝਾਕਿਆ। ਪਰ ਐਲਨ ਛੱਤਣੀ ਜਾ ਚੜ੍ਹੀ। ਉਹ ਬਾਰੂ ਦੀ ਹਿਡ ਬਾਰੇ ਜਾਣਦੀ ਸੀ। ਫਿਰ ਵੀ ਪਰਤਣ ਦੀ ਥਾਂ, ਚੈਂਚਲ ਕੇ ਆਲੂ ਸਟੋਰ 'ਚ ਦਿਹਾੜੀ ਕਰਨ ਜਾ ਲੱਗੀ।

ਬਾਰੂ ਵਰਜਿਆ।

ਐਲਨ ਕੋਲ ਇਸ ਦੇ ਕਈ ਤਰਕ ਸਨ। "ਲੋੜਾਂ ਢਕ... ਮੈਂ ਦਿਹਾੜੀ 'ਤੇ ਥੁੱਕਦੀ ਵੀ ਨਹੀਂ।"

ਬਾਰੂ ਪਾਸ ਇਕੋ ਤਰਕ ਸੀ। ਚੁੱਪ, ਜਾਂ ਉਰਾਰ-ਪਾਰ। ਐਲਨ ਜਦੋਂ ਗਈ ਰਾਤ ਤੱਕ ਨਾ ਮੁੜਦੀ ਤੇ ਨਿੱਕਾ ਜੈਲੂ ਗੁਆਂਢੀ ਘਰਾਂ ਵਿਚ ਰੁਲਦਾ ਫਿਰਦਾ ਤਾਂ ਬਾਰੂ ਲਈ ਚੁੱਪ ਦਾ ਰਾਹ ਵੀ ਬੰਦ ਹੋ ਗਿਆ। ਉਹਨੂੰ ਧੱਕ ਹੋ ਗਈ ਕਿ ਸੰਨ੍ਹ ਲੱਗ ਚੁੱਕੀ ਸੀ।

ਭਰਿਆ ਪੀਤਾ, ਤਕਾਲੀਂ ਸ਼ੈਲਰ 'ਤੇ ਚਲਿਆ ਗਿਆ। ਪਤਾ ਲੱਗਾ, ਲੇਬਰ ਜਾ ਚੁੱਕੀ ਸੀ। ਐਲਨ ਸ਼ੈਲਰ 'ਤੇ ਹੀ ਸੀ। ਪੁਰਬੀਏ ਰੋਕਿਆ। ਬਾਰੂ ਧਾਹ ਕੇ ਅੰਦਰ ਗਿਆ। ਕਮਰਾ ਖਾਲੀ ਸੀ। ਪਿਛਲੇ ਹਿੱਸੇ 'ਚ ਗਿਆ। ਬੋਰੀਆਂ ਦੀ ਧਾਂਕ ਪਿੱਛੇ ਚੈਂਚਲ ਤੇ ਐਲਨ ਖੜ੍ਹੇ ਸਨ। ਹੱਥਾਂ 'ਚ ਹੱਥ। ਚੈਂਚਲ ਕੁਝ ਦੇ, ਅਤੇ ਐਲਨ ਕੁਝ ਲੈ ਰਹੀ ਸੀ।

"ਕਿਮੇਂ ਐਂ ਚੈਂਚਲ ਸਿਹਾਂ!" ਬਾਰੂ ਸਹਿਜ ਸੀ।

"ਬਾਰੂ ਸਿਹਾਂ ਤੂੰ? ਤੂੰ ਕਿਵੇਂ? ਚੈਂਚਲ ਦੀ ਖਾਨਿਉਂ ਗਈ।

"ਮਖਿਆ ਮੈਂ ਵੀ ਕਰ ਲਾਂ ਹਸਾਬ ਕਤਾਬ...।"

ਇਸ ਤੋਂ ਪਹਿਲਾਂ ਕਿ ਚੈਂਚਲ ਕੁਝ ਕਹਿੰਦਾ, ਜਾਂ ਖਿਸਕਦਾ। ਬਾਰੂ ਕਿਸੇ ਵਰੋਲੇ ਵਾਂਗ ਹਿੱਕ 'ਤੇ ਚੜ੍ਹਿਆ। ਕੱਛ 'ਚ ਲਿਆ ਦਾਤਰ ਕੱਢਿਆ ਅਤੇ ਸਿਰੋਂ ਵਲਾਅ ਕੇ ਚੈਂਚਲ ਦੀ ਵੀਣੀ 'ਤੇ ਟੱਕ ਮਾਰਿਆ। ਚੀਕਦੀ ਐਲਨ ਬਾਰੂ 'ਤੇ ਝਪਟੀ। ਪਤਾ ਹੀ ਨਾ ਲੱਗਾ ਕਦੋਂ ਬਾਰੂ ਦੇ ਜੱਫ 'ਚ ਆਈ ਅਤੇ ਕਦੋਂ ਉਹਦੇ ਖੱਬੇ ਗੁੱਟ ਦੀਆਂ ਚੂੜੀਆਂ ਵੀਣੀ ਤੋਂ ਲੱਥ, ਪੱਕੇ ਫ਼ਰਸ਼ 'ਤੇ ਚੂਰ ਹੋ ਗਈਆਂ।



ਸ਼ੈਲਰ 'ਚ ਕੰਨ ਪਾੜਵਾਂ ਅੜਾਟ ਅਤੇ ਗੁੱਟਾਂ ਤੋਂ ਵਗਦੇ ਲਹੂ ਦੀ ਦਹਿਸ਼ਤ ਸੀ। ਪਰ ਬਾਰੂ ਦੀ ਖੱਲ ਵਿਚ ਡਰ ਦਾ ਭੋਰਾ ਨਹੀਂ ਸੀ। ਵਢੇ ਗਏ ਗੁੱਟ ਪਰਨੇ 'ਚ ਲਪੇਟ, ਉਹ ਦਾਤਰ ਸਣੇ ਜੋਗੀਪੁਰ ਦੇ ਥਾਣੇ 'ਚ ਜਾ ਖੜ੍ਹਿਆ।

ਠਾਣੇਦਾਰ ਬੀਲ੍ਹਾ, ਬਾਰੂ ਬਾਰੇ ਪਹਿਲਾਂ ਹੀ ਬਹੁਤ ਕੁਝ ਸੁਣ ਚੁੱਕਾ ਸੀ। ਉਹ ਖੁਦ ਚੌਥੇ ਪੌੜੇ 'ਚੋਂ ਸੀ। ਫੌਜ ਵਿਚੋਂ ਭਗੌੜਾ ਪੁਲਿਸ ਵਿਚ ਆ ਭਰਤੀ ਹੋਇਆ ਸੀ। ਮੋੜੀ ਬੀੜ 'ਚ ਜੋਗੋ ਬਦਮਾਸ਼ ਨਾਲ ਮੁਕਾਬਲੇ 'ਚ ਇਕ ਸਟਾਰ ਵਾਲਾ ਬਣਿਆ। ਬਾਰੂ ਦਾ ਜੇਰਾ ਵੇਖ ਦੰਗ ਰਹਿ ਗਿਆ।

ਬਾਰੂ ਸਿਰਫ਼ ਇਤਨਾਂ ਕਿਹਾ।

"ਬੜਾ ਹਟਕਿਆ। ਬਈ ਕੁੱਤੇ ਬਿੱਲਿਆਂ ਵਾਂਗ ਜੁਆਕ ਜੰਮਣ ਲਈ ਅੱਕ ਨੀ ਚੱਬਿਆ ਮੈਂ। ਕਿਸਮਤ ਬਦਲਣੀ ਐ ਐਤਕੀਂ। ਸੁੱਖੇ ਕਾਮਰੇਡ ਕਿਹਾ, ਕੁੱਖ ਸੁੱਚੀ ਹੋਊ... ਤਾਂ ਬਦਲੂ ਗੀ ਕਿਸਮਤ... ਪਰ ਹਟੀ ਨਹੀਂ...।"

ਬੀਲ੍ਹੇ ਦਾ ਮਨ ਭਰ ਆਇਆ। ਕਿਹੋ ਜਿਹੀ ਨਿਰਛਲ ਰੂਹ ਸੀ। ਕਿਹੋ ਜਿਹਾ ਸੁਪਨਾਂ ਲਿਆ ਇਸ ਸਿੱਧੜ ਨੇ...? ਬਾਰੂ ਦੀ ਮਾਸੂਮੀਅਤ ਅਤੇ ਭਾਵਨਾ ਦੇਖ, ਬੀਲ੍ਹਾ ਪਸੀਜ ਗਿਆ।

ਉਸ ਬਾਰੂ ਦੀ ਪਿੱਠ ਥਾਪੜੀ।

"ਨਰ ਐਂ ਤੂੰ... ਕਾਸ਼ ਇਹ ਕਾਰਾ ਤੂੰ ਘਰੇ ਕੀਤਾ ਹੁੰਦਾ। ਫੁੱਲ ਦੀ ਨਾ ਲੱਗਣ ਦਿੰਦਾ। ਪਰ ਕੋਈ ਨਾ, ਹੌਂਸਲਾ ਰੱਖ। ਕਰਦਾਂ ਕੋਈ ਹੀਲਾ ਮੈਂ...।"

ਬੀਲ੍ਹੇ ਨੂੰ ਚੈਂਚਲ ਦਾ ਕੇਸ ਖ਼ਰਾਬ ਕਰਦਿਆਂ ਬਹੁਤੀ ਔਖ ਨਾ ਹੋਈ। ਦੂਲਾ, ਸ਼ਰੀਕ ਚੈਂਚਲ ਦੇ ਵਿਰੁੱਧ ਨਿੱਤਰ ਗਿਆ। ਉਹ ਬਾਰੂ ਦੀ ਮਦਦ ਕਰਕੇ ਅਤੇ ਚੈਂਚਲ ਨੂੰ ਠਿੱਬੀ ਲਾ ਕੇ ਦੂਹਰੀ ਬਾਜ਼ੀ ਜਿੱਤਣਾ ਚਾਹੁੰਦਾ ਸੀ। ਚੈਂਚਲ ਦੇ ਵਢੇ ਗੁੱਟ ਦੀ ਮੁੱਠੀ 'ਚ ਘੁਟਿਆ ਸੌ ਦਾ ਨੋਟ, ਬਰਾਬਰ ਵਢਿਆ ਐਲਨ ਦਾ ਗੁੱਟ ਅਤੇ ਦੂਲੇ ਦੇ ਥਾਪੜੇ ਨੇ ਬੀਲ੍ਹੇ ਲਈ ਸਾਰੇ ਰਾਹ ਸੌਖੇ ਕਰ ਦਿੱਤੇ। ਪੁਲਿਸ ਨੇ ਅਜਿਹੇ ਗੁਆਹ ਖੜ੍ਹੇ ਕੀਤੇ, ਨਾ ਰਿਮਾਂਡ ਦੀ ਲੋੜ ਪਈ, ਨਾ ਕਿਸੇ ਉਤਲੀ ਅਦਾਲਤ ਵਿਚ ਜਾਣ ਲਈ ਕੋਈ ਰਾਹ ਹੀ ਰਹਿਣ ਦਿੱਤਾ ਗਿਆ।

ਜਦ ਨੂੰ ਚੈਂਚਲ ਅਤੇ ਐਲਨ ਦੇ ਟੁੰਡ ਗੈਂਗਰੀਨ ਤੋਂ ਬੱਚੇ ਅਤੇ ਸ਼ੈਲਰ ਦੀ ਲੇਬਰ ਸਮੇਂ ਸਿਰ ਘਰ ਜਾਣ ਲੱਗੀ, ਤੀਜੀ ਚੌਥੀ ਤਾਰੀਖ਼ ਬਾਰੂ ਦੀ ਜ਼ਮਾਨਤ ਹੋ ਗਈ।

ਤਦ ਤੀਕ ਐਲਨ ਮਾਪਿਆਂ ਕੋਲ ਪਰਤ ਚੁੱਕੀ ਸੀ, ਅਤੇ ਦੋਹਾਂ ਵਿਚਾਲੇ ਦੂਰੀ ਇਤਨੀ ਵਧ ਚੁਕੀ ਸੀ ਕਿ ਸੁੱਖਾ ਮਿਸਤਰੀ ਵੀ ਹੱਥ ਖੜ੍ਹੇ ਕਰ ਗਿਆ।

ਬਾਰੂ ਸਮਝ ਚੁੱਕਿਆ ਸੀ ਕਿ ਸੁੱਖੇ ਦੀ ਭਾਖਿਆ ਝੂਠ ਸੀ, ਕਿ ਕਿਸਮਤ ਬਦਲੀ ਜਾ ਸਕਦੀ ਸੀ। ਬਾਰੂ ਨੂੰ ਇਹ ਕਦੇ ਸਮਝ ਨਹੀਂ ਸੀ ਆਈ ਕਿ ਕੰਮੋ ਤਬੇਲੋ ਅਤੇ ਐਲਨ ਆਲੂ ਸਟੋਰ ਵਿਚ ਆਪਣੀ ਮਰਜ਼ੀ ਨਾਲ ਕਿਉਂ ਗਈਆਂ? ਦੂਲੇ ਨੇ ਉਹਨੂੰ ਰੇਘੜ ਦਾ

ਤੁਖ਼ਮ ਕਿਉਂ ਕਿਹਾ...?

ਬਾਰੂ ਕੋਲ ਦੋ ਹੀ ਧਿਰਾਂ ਸਨ। ਦੇਬੂ ਮਹੰਤ ਜਾਂ ਸੁੱਖਾ ਕਾਮਰੇਡ, ਜਿਨ੍ਹਾਂ ਦੇ ਮੋਢੇ ਸਿਰ ਰੱਖ ਉਹ ਰੋ ਸਕਦਾ ਸੀ। ਪਰ ਰੋਣਾ ਉਹਨੇ ਸਿਖਿਆ ਨਹੀਂ ਸੀ। ਉਹਦੇ ਜ਼ਿਹਨ 'ਚ ਸੁੱਖੇ ਦੇ ਬੋਲ ਵਾਰ-ਵਾਰ ਗੂੰਜਦੇ। "ਪੁੱਤ ਤੇ ਛੋਰੀ ਰੱਖ ਬਾਰਾਂ ਸਿਹਾਂ। ਬੇਦਿਆਂ ਵਾਂਗ ਪਾਲ ਉਹਨੂੰ, ਤੇ ਚਾਰ ਅੱਖਰ ਪਾ ਉਹਦੇ ਢਿੱਡ 'ਚ। ਹੋਰ ਕੋਈ ਚਾਰਾ ਨਹੀਂ ਭਾਅ, ਕਿਸਮਤ ਬਦਲਣ ਦਾ...।"

ਇਕ ਦਿਨ ਬਾਰੂ ਵਿਲੀਅਮ ਮਸੀਹ ਸਾਹਵੇਂ ਜਾ ਖੜ੍ਹਿਆ। ਦੂਜੇ ਭੈਣ ਭਰਾਵਾਂ ਨਾਲ ਐਲਨ ਵੱਢੇ ਟੂਢ ਨਾਲ ਬੈਂਤ ਦੀਆਂ ਕੁਰਸੀਆਂ ਬੁਣ ਰਹੀ ਸੀ।

ਵਿਲੀਅਮ ਹੱਥ ਜੋੜਦਾ ਉੱਠ ਖੜ੍ਹਾ ਅਤੇ ਰੋਣ ਲੱਗਾ।

ਐਲਨ ਦੀ ਮਾਂ ਮੂਹੜਾ ਲੈ ਆਈ।

ਬਾਰੂ ਪਾਣੀ ਪੀਤਾ। ਐਲਨ ਵੱਲ ਝਾਕਿਆ। ਹਉਕਾ ਲਿਆ, ਅਤੇ ਨਿੱਕੇ ਜੈਲੂ ਨੂੰ ਮੋਢੇ ਲਾ ਡੇਰੇ 'ਚ ਆ ਰਿਹਾ...। ਉਹਨੂੰ ਰੋਕਣ ਦੀ ਕਿਸੇ ਵਿਚ ਹਿੰਮਤ ਨਹੀਂ ਸੀ।

ਬੀਲ੍ਹੇ ਨੇ ਬਾਰੂ ਦਾ ਡਟ ਕੇ ਸਾਥ ਦਿੱਤਾ ਸੀ। ਦੂਲੇ ਵੀ ਸ਼ਰੀਕ ਚੈਂਚਲ ਦੇ ਤੱਪੜ ਰੋਲਣ ਵਿਚ ਵਾਹ ਲਗਦਾ ਟਿੱਲ ਲਾਇਆ। ਪਰ ਚੈਂਚਲ ਦੇ ਭਣਵਈਏ ਅਤੇ ਮੁੱਚੇ ਕਲਾਲ ਦੇ ਵਕੀਲ ਪੁੱਤ ਦਾ ਜ਼ੋਰ ਚਜ਼ੁ ਗਿਆ ਅਤੇ ਉਹਨਾਂ ਵਾਰਦਾਤ ਵਿਚ ਦੇਬੂ ਮਹੰਤ ਅਤੇ ਫਕੀਰੀਏ ਦੀ ਸ਼ਮੂਲੀਅਤ ਸ਼ੱਕੀ ਸਾਬਤ ਕਰ, ਬਾਰੂ ਦਾ ਤਿੰਨ ਦਿਨਾਂ ਪੁਲਿਸ ਰੀਮਾਂਡ ਲੈ ਲਿਆ।

ਪਰ ਪੁਲਿਸ ਪਾਸ ਇਕਬਾਲੇ ਜ਼ੁਰਮ ਦਾ ਮੁੱਦਾ, ਅਤੇ ਬਾਰੂ ਦੇ ਕੁੱਟ ਜਰ ਜਾਣ ਕਾਰਨ ਦੇਬੂ ਅਤੇ ਫੀਰੂ ਕੁੱਟ ਤੋਂ ਤਾਂ ਬਚ ਰਹੇ, ਪਰ ਸੀ.ਏ. ਸਟਾਫ਼ ਦਾ ਬਾਰੂ ਨੂੰ ਦੋ ਪਹਿਰ ਪੁੱਠਾ ਲਟਕਾਈ ਰੱਖਣਾ ਬਾਰੂ ਨੂੰ ਬਹੁਤ ਮਹਿੰਗਾ ਪਿਆ।

ਜਦ ਨੂੰ ਬਾਰੂ ਦੇ ਬਰੀ ਹੋਣ ਦੇ ਆਰਡਰ ਹੋਏ। ਸਮਾਂ ਗੁਜ਼ਰ ਚੁੱਕਾ ਸੀ। ਦੂਲੇ ਦੀ ਕੁੱਟ ਅਤੇ ਪੁਲਿਸ ਦੀ ਕੁੱਟ ਬਾਰੂ ਦੀਆਂ ਅੱਖਾਂ ਵਿਚ ਇਸ ਕਦਰ ਹਨੇਰ ਬਣ ਕੇ ਉੱਤਰੀ ਕਿ ਉਹਨੂੰ ਆਪਣਾ ਹੱਥ ਵੀ ਦਿਸਣੋਂ, ਹਟਦਾ ਗਿਆ।

ਇਸ ਤੋਂ ਪਿੱਛੋਂ ਪੂਰੇ ਅਠਾਰਾਂ ਵਰ੍ਹਿਆਂ ਦਾ ਇਤਿਹਾਸ ਸੀ। ਜਿਸ ਵਿਚ ਐਲਨ ਦਾ ਪਛਤਾਵਾ ਅਤੇ ਬਿਨਾਂ ਇਕ ਪਲ ਦੇਰੀ ਕੀਤੇ ਘਰ ਆ ਬੈਠਣਾ। ਬਾਰੂ ਦਾ ਸਦਾ ਲਈ ਡੇਰੇ ਦਾ ਹੋ ਜਾਣਾ। ਫੀਰੂ ਦੀ ਐਲਨ 'ਤੇ ਚਾਦਰ ਪਾਉਣੀ। ਦੇਬੂ ਅਤੇ ਬਾਰੂ ਦੀ ਇਹ ਸਦੀ ਬਦਲਣ ਦੀ ਜ਼ਿਦ। ਜੈਲੂ ਦੀ ਸਿਰ ਤੋੜ ਮਿਹਨਤ। ਸੁੱਖੇ ਦੀ ਅਗਵਾਈ ਅਤੇ ਜੈਲੂ ਦਾ ਫੀਰੂ ਨੂੰ ਪਿਤਾ ਅਤੇ ਬਾਰੂ ਨੂੰ ਤਾਏ ਦੀ ਪਦਵੀ ਦੇਣ ਪਿੱਛੇ ਇਸ ਕਥਾ ਦੀਆਂ ਸਾਰੀਆਂ ਧਿਰਾਂ ਦੇ ਲਹੂ ਅਤੇ ਮਿਹਨਤ ਮੁਸ਼ਕਤ ਦੇ ਮੁੜ੍ਹਕੇ ਨਾਲ ਲਿਖੇ ਇਤਿਹਾਸ ਦੀ ਵਰਕਾ-ਵਰਕਾ ਵਿਥਿਆ ਸੀ। ਜਿਸ ਦੇ ਕਿਣਕਾ ਕਿਣਕਾ ਜੋੜ ਕੇ ਬਣਾਏ ਸੁਪਨਿਆਂ ਦੇ ਮਹਿਲ ਨੂੰ ਸੱਤੀ ਦੀ ਆਮਦ ਨੇ ਇਕ ਝਟਕੇ ਨਾਲ ਹੀ ਤਹਿਸ਼ ਨਹਿਸ਼ ਕਰ ਕੇ ਰੱਖ



ਦਿੱਤਾ ਸੀ। ਬਾਰੂ ਦੀ ਅੱਖ ਵਿਚ ਬਦਲੀ ਜਾਣ ਵਾਲੀ ਸਦੀ, ਸਹਿਕ ਰਹੀ ਸੀ...।

## ਦ੍ਰਿਸ਼-12

ਸੱਤੀ ਨਿਡਰ ਸੀ। ਉਹਨੂੰ ਦਲੇਰੀ ਮਾਂ ਸ਼ਾਮ ਕੁਰ ਤੋਂ ਮਿਲੀ ਸੀ। ਪਰ ਸ਼ਾਮ ਕੁਰ ਪਤਾ ਨਹੀਂ ਕੀ ਕੁੰਨ ਕੇ ਬੀਜਿਆ ਸੀ। ਉਮਰ ਦੇ ਪਹਿਲ ਪਹਿਰ ਹੀ ਸਿਰੋਂ ਨੰਗੀ ਹੋ ਗਈ। ਮਾਪੇ ਸ਼ੋਹਦੇ ਸਨ। ਉਹਨਾਂ ਵਿਧਵਾ ਧੀ ਕਰਨਪੁਰੀਏ ਨਾਜਰ ਸਿੱਧੂ ਦੇ ਲਿਆ ਬਿਠਾਈ।

ਕਰਨਪੁਰੀਆ ਸਿੱਧੂ ਜੀਹਦੀ ਵਿਆਂਹਦੜ ਦੋ ਸਾਲ ਪਹਿਲਾਂ ਉਹਦੀ ਅਯਾਸ਼ੀ ਤੋਂ ਤੰਗ, ਦੋ ਨੰਨ੍ਹੇ ਪੁੱਤਾਂ ਵੱਲ ਪਿੱਠ ਕਰ, ਤੇਲ ਪਾ ਕੇ ਸੜ ਮੋਈ ਸੀ। ਦੋ ਧੀਆਂ ਨਾਲ ਸ਼ਾਮ ਕੁਰ ਵੀ ਆ ਬੈਠੀ ਤਾਂ ਤੀਹ ਕਿੱਲਿਆਂ 'ਚੋਂ ਭਰਾ ਨੇ ਅੱਧ ਵੰਡਾ ਲਿਆ।

ਸੁਖਿਆਰਾ ਨਾਜਰ ਵਾਹੀ 'ਚ ਭਿੱਜ ਨਾ ਸਕਿਆ ਅਤੇ ਸਿਆੜਾਂ ਦੇ ਪਲਾਟ ਕੱਟਣ ਲੱਗਾ। ਪਲਾਟ ਅਯਾਸ਼ੀ 'ਚ ਖੁਰਨ ਲੱਗੇ।

ਸ਼ਾਮ ਕੁਰ ਸਿਰ ਫੜ ਕੇ ਬੈਠ ਗਈ। ਧੀਆਂ ਕੱਛ 'ਚ ਆਉਣ ਲੱਗੀਆਂ, ਤਾਂ ਉਹ ਪਤੀ ਅਤੇ ਪੁੱਤਾਂ ਤੋਂ ਹੀ ਡਰਨ ਲੱਗੀ। ਕਹਿਣ ਨੂੰ ਪਤੀ ਪ੍ਰਾਪਰਟੀ ਡੀਲਰ, ਧੰਦਾ ਸ਼ਰਾਬ, ਤੀਵੀਂ ਬਾਜ਼ੀ, ਜੂਆ, ਗੁੰਡਾ-ਗਰਦੀ...।

ਧੀਆਂ ਉਡਾਰ ਹੋਈਆਂ ਤਾਂ ਸ਼ਾਮ ਕੁਰ ਧੀਆਂ ਬੁੱਕਲ 'ਚ ਲੈ ਕਿਹਾ।

"ਮੇਰੀ ਕਿਸਮਤ ਤਾਂ ਗਈ... ਘਰ ਦੀ ਸੰਨ੍ਹ ਤੋਂ ਬਚਿਓ... ਚੰਗਾ-ਮੰਦ ਸੋਚੋ... ਤੇ ਪਾਰ ਜਾਓ ਇਥੋਂ... ਪਿੱਛੇ ਨੀ ਦੇਖਣਾ ਮੁੜਕੇ...।"

ਇਵੇਂ ਹੀ ਹੋਇਆ। ਸ਼ਾਮ ਕੁਰ ਦੇ ਗਹਿਣੇ ਗੱਟੇ ਨਾਲ ਤੁੱਲ ਕੇ ਵਿਦੇਸ਼ ਗਈ ਵੱਡੀ ਜੀਨੂੰ, ਕਿਸੇ ਨੀਗਰੋ ਨਾਲ ਸੈਟ ਹੋ ਕੇ ਉਥੇ ਹੀ ਟਿਕ ਗਈ। ਸੱਤੀ ਲਾਅ ਕਰ ਗਈ ਅਤੇ ਜੈਜਮ ਦੀ ਝੋਲੀ ਜਾ ਪਈ।

ਸੱਤੀ ਦੇ ਕਿਸੇ ਦਲਿਤ ਸਹਿਪਾਠੀ ਨਾਲ ਚਰਚੇ ਪਿਉ ਅਤੇ ਭਰਾਵਾਂ ਨੇ ਸੁਣੇ ਤਾਂ ਸਨ; ਪਰ ਨਿਆਣ ਉਮਰ ਦੀ ਭਾਵੁਕਤਾ ਜਾਣ ਚੁੱਪ ਰਹੇ।

ਸ਼ਾਮ ਕੁਰ ਨੂੰ ਸੂਹ ਮਿਲੀ ਤਾਂ ਉਹਦੀ ਖਾਨਿਉਂ ਗਈ। ਪਤੀ ਅਤੇ ਪੁੱਤ ਤਾਂ ਮਾਂ ਧੀ ਲਈ ਪਹਿਲਾਂ ਹੀ ਜ਼ਹਿਰ ਥੁੱਕਦੇ ਸਨ।

"ਮੂਰਖ ਸੀ ਪਿਉ ਸਾਡਾ... ਤੀਵੀਂ ਰਖਦਾ ਹਰ ਰਾਤ ਲਈ ਨਵੀਂ, ਹੁਣ ਪਾਲ ਰਿਹੇ ਟੱਬਰ... ਕੁੜੀਆਂ, ਤੀਵੀਂ, ਪੜ੍ਹਾਈ, ਕੱਪੜੇ... ਪਤਾ ਨੀਂ ਕਿੱਥੋਂ ਲਾ ਲੀ ਦੰਦ ਚੋਰੇ ਨੇ...।"

ਇਕ ਦਿਨ ਸ਼ਾਮ ਕੁਰ ਸੱਤੀ ਬੁੱਕਲ 'ਚ ਲਈ।

"ਧੀਏ! ਕਿੱਥੇ ਜਾ ਡਿੱਗੀ ਤੂੰ? ਹਰੀਜਨ ਕੌਹਨੂੰ ਹਜਮ ਹੋਣਗੇ?।"

"ਰਗੜ ਕੇ ਮੱਥੇ 'ਤੇ ਲਾਵਾਂ ਉੱਚੀ ਜਾਤ ਨੂੰ? ਕਿਤੇ ਬਾਹਰ ਨਿਕਲ ਕੇ ਦੇਖ ਉੱਚੀ ਜਾਤ ਵਾਲਿਆਂ ਦੇ ਤਮਾਸ਼ੇ... ਕੋਠੇ ਜਿੱਡੀਆਂ ਕਾਰਾਂ...ਬੀਅਰ, ਸਿਗਰਟਾਂ, ਭੁੱਕੀ,

ਸਮੈਕ... ਵਿਸਕੀ, ਸੋਢਾ...। ਮਹਿੰਗੀਆਂ ਪੁਸ਼ਾਕਾਂ... ਮਹਿੰਗੇ ਫੋਨ...। ਨਾਲ ਕੁੜੀਆਂ, ਅੱਜ ਹੋਰ, ਕੱਲ੍ਹ ਹੋਰ। ਇਹਨਾਂ ਨੂੰ ਕਹਿ, ਮਾਪਿਆਂ ਦੀ ਸ਼ਹਿ ਤੋਂ ਬਿਨਾਂ ਦਸ ਵੀਹ ਹਜ਼ਾਰ ਕਮਾ ਕੇ ਦਖਾਉਣ...। ਤੇ ਨੰਬਰ ? ਬੱਸ ਪਾਸ ਹੋਣ ਜਿਤਨੇਂ। ਇਹ ਜਾਤਾਂ ਜੁਤਾਂ ਬਹੁਤ ਪਿੱਛੇ ਰਹਿ ਗਈਆਂ ਮੰਮੀ... ਤੂੰ ਕੈਰੀਅਰ ਦੇਖ ਅਗਲੇ ਦਾ...।"

"ਮੈਂ ਤਾਂ ਕਹਿੰਦੀ ਆਂ ਲਿਆ ਕੋਈ ਉੱਚੀ ਜਾਤ ਵਾਲਾ, ਪੀ.ਸੀ. ਐਸ, ਆਈ.ਏ. ਐਸ.। ਮੇਰੀ ਡਿਗਰੀ, ਸੁਹੱਪਣ, ਤੇਰੀ ਜ਼ਾਤ ਤਾਂ ਰੱਖ ਇਕ ਪਾਸੇ, ਪੰਜਾਹ ਲੱਖ ਹੋਰ ਨਾ ਮੰਗੇ ਤਾਂ ਕਹੀਂ। ਇਕ ਉਹ ਐ... ਸੈਲਫ਼ ਮੇਡ...। ਟਵੀਸ਼ਨਾਂ ਕਰ ਕਰ ਪੜ੍ਹਿਆ... ਸਾਰੇ ਸੂਬੇ 'ਚੋਂ ਅੱਵਲ...। ਮੈਂ ਨੀ ਪਰਵਾਹ ਕਰਦੀ ਕਿਸੇ ਦੀ...।"

"ਵੱਡੇ ਘਰਾਂ ਦੀ ਤਾਂ ਘਰੋੜੀ ਨੀ ਮਾਣ ਧੀਏ...!"

"ਕਿਹੜੇ ਵੱਡੇ ਘਰ ? ਜੀਹਨਾਂ ਦੀ ਅਮੀਰੀ, ਸਿਆੜ ਵੱਢ-ਵੱਢ ਤੁਰਦੀ ਐ ? ਪੰਜਾਹ ਸਾਲ ਬਾਅਦ ਦੇਖੀਂ ਤੂੰ... ਜਦ ਪੀੜ੍ਹੀ ਦਰ ਪੀੜ੍ਹੀ ਵੰਡੇ ਗਏ ਸਿਆੜ ਭਾਜੀ ਤਰਕਾਰੀ ਲਈ ਵੀ ਨਾ ਰਹੇ। ਸਦੀ ਬਦਲ ਗਈ ਮੰਮੀਏ... ਹੋਸ਼ 'ਚ ਆ।"

ਪਰ ਉਹ ਆਪ ਹੋਸ਼ 'ਚ ਨਹੀਂ ਸੀ। ਪਿੰਡੋਂ ਪਰਤ ਉਹ ਪੈਰੋਂ ਹਿੱਲ ਗਈ ਸੀ। ਇਸ ਜਾਤੀ ਅਜੋੜ ਬਦਲੇ ਤਾਂ ਉਹਦੇ ਮਾਪੇ ਅੱਗ ਉਗਲਦੇ... ਪਰ, ਜੈਜ਼ਮ ਦਾ ਤਾਇਆ ਕਿਉਂ ਤੜਪਿਆ ?

ਜੈਜ਼ਮ ਲਈ ਤਾਂ ਖ਼ੁਦ ਝੰਜੋੜੇ ਜਾਣ ਵਾਲੀ ਗੱਲ ਸੀ। ਮਾਂ, ਤਾਇਆ, ਕਤਲ ਕਰ ਦਿੱਤੀ ਗਈ ਭੂਆ, ਦੂਲੇ ਸਰਦਾਰ ਦੀਆਂ ਜ਼ਿਆਦਤੀਆਂ ਅਤੇ ਜਾਤੀ ਵਿਵਸਥਾ ਦੇ ਨਿਰਾਦਰ ਤੋਂ ਉਹ ਭਲੀ-ਭਾਂਤ ਵਾਕਫ਼ ਸੀ। ਸੱਤੀ ਨਾਲ ਦੋਸਤੀ ਨੂੰ ਵੀ ਉਹ ਬਦਲੇ ਦੀ ਭਾਵਨਾ ਵਜੋਂ ਨਹੀਂ ਸੀ ਲੈਂਦਾ। ਪਰ ਤਾਏ ਦਾ ਵਿਰੋਧ ਉਸਦੀ ਸਮਝ ਵਿਚ ਨਹੀਂ ਸੀ ਆਇਆ।

ਸੱਤੀ ਲਈ ਫੈਸਲੇ ਦੀ ਘੜੀ ਸੀ। ਪਰ ਉਹ ਦ੍ਰਿੜ ਸੀ।

ਘਰ ਗਈ ਤਾਂ ਘਰ ਲਾਵੇ 'ਚ ਮੱਚ ਰਿਹਾ ਸੀ। ਮੁੰਡੇ ਕਿਰਪਾਨਾਂ ਅਤੇ ਦੂਲਾ ਪਿਸਤੌਲ ਲਈ ਬੈਠਾ ਸੀ। ਪਤਾ ਲੱਗਾ, ਦਿੱਤੂ ਪੁਰ ਤੋਂ ਦੂਲਾ ਅਣਖ ਨੂੰ ਅੱਗ ਲਾ ਕੇ ਗਿਆ ਸੀ; ਜਿਸਦੇ ਬਦਲੇ ਸੱਤੀ ਦੀ ਮਾਂ ਨੂੰ ਬੇਦਰਦੀ ਨਾਲ ਕੁੱਟਿਆ ਜਾ ਚੁੱਕਾ ਸੀ।

ਸ਼ਾਮ ਕੁਰ ਸੱਤੀ ਬੁੱਕਲ 'ਚ ਲਈ। ਦਿਲਾਸਾ ਦਿੱਤਾ। ਉਹਦਾ ਰੋਣ ਨਹੀਂ ਸੀ ਥੰਮ੍ਹਦਾ। ਗੁੱਸੇ ਨਾਲ ਭਰੀ ਸੱਤੀ ਪਿਤਾ ਮੂਹਰੇ ਜਾ ਖੜ੍ਹੀ।

"ਪਾਪਾ! ਮੈਂ ਇੱਜ਼ਤ ਕਰਦੀ ਆਂ ਥੋਡੀ... ਮਾਂ 'ਤੇ ਹੱਥ ਚੁੱਕਣ ਦਾ ਮਤਲਬ ?"

"ਹੁਣੇ ਇਸੇ ਵਕਤ, ਦੋਵੇਂ ਨਿਕਲੋ ਇਥੋਂ..."

"ਪਾਪਾ...!"

"ਖ਼ਬਰਦਾਰ, ਜੇ ਮੈਨੂੰ ਪਾਪਾ ਕਿਹਾ ਤਾਂ... ਪਤਾ ਨੀ ਕਿਹੜੇ ਕੰਜਰ ਦੀ ਜੂਠ ਐ ਤੂੰ ? ...ਤੈਨੂੰ ਪੜ੍ਹਾਇਆ ਲਿਖਾਇਆ ਬਈ ਮੇਰੇ ਈ ਮੂੰਹ 'ਤੇ ਕਾਲਖ਼ ਮਲੇਂ ਤੂੰ... ਇਕ



ਮਿੰਟ ਤੋਂ ਪਹਿਲੋਂ ਦਫ਼ਾ ਹੋ ਜੋ ਏਥੋਂ...!"

ਗੁੱਤੋਂ ਫੜ ਨਾਜਰ, ਸ਼ਾਮ ਕੁਰ ਬਾਹਰ ਵੱਲ ਧੱਕੀ ਤਾਂ ਸੱਤੀ ਭਾਂਬੜ ਵਾਂਗ ਮੱਚ ਉੱਠੀ।

"ਖ਼ਬਰਦਾਰ! ਜੇ ਹੱਥ ਲਾਇਆ...। ਹਿੰਮਤ ਹੈ ਤਾਂ ਕੱਢ ਕੇ ਦਖਾ...। ਜੇ ਏਸ ਵਕੀਲ ਨੇਂ ਅਦਾਲਤਾਂ 'ਚ ਤੇਰੀ ਘੀਸੀ ਨਾ ਕਰਵਾਈ ਤਾਂ...।"

ਵੱਡਾ ਭਰਾ ਧਾਹ ਕੇ ਅੱਗੇ ਵਧਿਆ।

"ਲਾ ਹੱਥ ਜੇ ਪਿਉ ਦੈਂ ਤਾਂ... ਤੇਰੀਆਂ ਅਯਾਸ਼ੀਆਂ ਤੇ ਦੋ ਨੰਬਰ ਦੇ ਧੰਦੇ ਸਭ ਮੇਰੇ ਦੋਸਤਾਂ ਦੀ ਟਿਪਸ 'ਤੇ ਨੇ। ਹੱਥ ਲਾ, ਦੇਖਦੀ ਆਂ ਮੈਂ ਕਿਵੇਂ ਮੀਂਢ੍ਹੀਆ ਛੁੱਟਦੇ ਤੇਨੂੰ...ਵੱਡੇ ਬਦਮਾਸ਼ ਨੂੰ!"

ਨਾਜਰ ਮਿੱਟੀ ਹੋ ਗਿਆ। ਉਹ ਭੁੱਲ ਚੁੱਕਾ ਸੀ ਕਿ ਕੁੜੀ ਵਕੀਲ ਸੀ ਤੇ ਹੱਥੋਂ ਲੰਘ ਚੁੱਕੀ ਸੀ। ਉਸ ਹੈਂਕੜ ਕਾਇਮ ਰੱਖਦੇ ਕਿਹਾ।

"ਕੁੱਤੀਏ! ਸ਼ਰਮ ਤਾਂ ਨੀ ਆਈ, ਗੰਦ 'ਤੇ ਡਿਗਦਿਆਂ।"

"ਨਹੀਂ ਡਿੱਗਦੀ... ਲਿਆ ਕਿਸੇ ਉੱਚੀ ਕੁੱਲ ਦਾ... ਮੇਰੇ ਬਰਾਬਰ ਪੜ੍ਹਿਆ ਲਿਖਿਆ। ਕਰ ਉਹਦਾ ਮੂੰਹ। ਮੈਂ ਪੁੱਛਦੀ ਆਂ ਜੇ ਆਪਣੇ ਕੱਖੀਂ ਆਪ ਸਜਨ ਦਾ ਮੈਂ ਰਾਹ ਲੱਭ ਲਿਆ ਤਾਂ ਉੱਚੀ ਜਾਤ ਨੂੰ ਵੱਟਾ ਲੱਗ ਗਿਆ ? ਪਾਪਾ! ਤੂੰ ਮੇਰੇ ਵੀਰਾਂ ਨੂੰ ਈ ਵਿਆਹ ਲੈ ਇਹੀ ਬਹੁਤ ਐ...!"

"ਤੈਨੂੰ ਪੁੱਛ ਕੇ ਬਿਆਹੂੰ ਮੈਂ... ਤੇਰੇ ਵਾਂਗ ਅੱਗ ਨੀ ਲੱਗੀ ਇਹਨਾਂ ਨੂੰ...।"

"ਰਹਿ ਗਏ ਦਸ ਪਲਾਟਾਂ ਤੋਂ ਬਾਅਦ ਅਸਮਾਨ ਬੇਚ ਕੇ ਬਿਆਹੇਂ ਗਾ ?"

"ਤਾਂ ਆਪਣੀ ਆਈ ਤੋਂ ਹਟਦੀ ਨਹੀਂ ਤੂੰ।"

"ਸਮਝੋ ਮਰ ਗਈ ਮੈਂ ਥੋਡੇ ਲਈ...।"

ਮੁੰਡਿਆਂ ਦੇ ਮੱਥੇ ਠਣਕੇ।

"ਤਾਂ ਇਹਦਾ ਮਤਲਬ ਤੂੰ ਸਾਥੋਂ ਮੰਗਦੀ ਨੀ ਕੁਝ ?"

"ਤੁਹਾਡੇ ਕੋਲ ਦੇਣ ਲਈ ਹੈ ਕੀ... ?

ਇਕ ਦਮ ਚੁੱਪ ਵਰਤ ਗਈ।

ਨਾਜਰ ਅਤੇ ਮੁੰਡੇ ਸੋਚ ਰਹੇ ਸਨ; ਨਹੀਂ ਹਟਦੀ ਤਾਂ ਘਰੋਂ ਬੇਦਖ਼ਲ ਕਰੋ...। ਸੈਟ ਹੋ ਗਈ ਤਾਂ ਸਾਰੀ ਉਮਰ ਪੀ.ਸੀ.ਐਸ. ਅਫ਼ਸਰ ਲੱਤ ਥੱਲੇ ਰਹੂ...।

ਸੱਤੀ ਸੋਚ ਰਹੀ ਸੀ। ਇਧਰੋਂ ਤਾਂ ਮੈਂ ਗਈ। ਜੇ ਜੈਜ਼ਮ ਵੀ ਯਰਕ ਗਿਆ... ?

## ਦ੍ਰਿਸ਼-13

ਬਾਰੂ ਡੇਰੇ ਪਰਤਿਆ ਤਾਂ ਸਹੀ; ਪਰ ਸਾਹਾਂ 'ਚ ਬਾਰੂਦ ਲਈ। ਬਾਰੂ ਨੂੰ ਸਭ ਕੁਝ ਹੱਥੋਂ ਕਿਰ ਗਿਆ ਲੱਗਾ। ਦੇਬੂ ਨੇ ਬਾਰੂ ਨੂੰ ਪਹਿਲੀ ਵਾਰ ਰੋਂਦੇ ਦੇਖਿਆ। ਦੇਬੂ

ਹਉਕਾ ਲਿਆ। ਪਰ ਜਿਉਂ ਹੀ ਬਾਰੂ ਨੇ ਗੁੱਸੇ ਨਾਲ ਛੰਨ 'ਚੋਂ ਦਾਤਰ ਧੂਹਿਆ ਅਤੇ ਪੁੱਤ ਨੂੰ ਗੰਦੀ ਗਾਲ੍ਹ ਕੱਢੀ। ਦੇਬੂ ਡਾਡ ਮਾਰੀ। ਡਾਡ ਬ੍ਰਹਿਮੰਡ ਵਿਚ ਗੂੰਜੀ।

ਪੁੱਤ ਕਿਸੇ ਉੱਚੀ ਜਾਤ ਨਾਲ ਸਿਰ ਜੋੜਨ ਲਈ ਦ੍ਰਿੜ ਸੀ

ਬਾਰੂ ਪੁੱਤ ਨੂੰ ਹੀ ਕਤਲ ਕਰਨ ਤੇ ਤੁੱਲ ਗਿਆ।

ਅਗਲੀ ਸਵੇਰ ਦਿੱਤੂਪੁਰ ਦੀ ਸਾਰੀ ਠੱਠੀ, ਡੇਰੇ 'ਚ ਆ ਖੜ੍ਹੀ।

ਸਮਾਧ ਦੀ ਚੁਥੌਂਡੀ 'ਚ ਬੈਠਾ ਬਾਰੂ ਚੁੱਪ।

ਕਿਸੇ ਦੀ ਹਿੰਮਤ ਨਹੀਂ ਸੀ ਪੈ ਰਹੀ ਗੱਲ ਕਰਨ ਦੀ।

ਸਭ ਨੇ ਮਾਸਟਰ ਜੱਗੀ ਵੱਲ ਦੇਖਿਆ।

ਮਾਸਟਰ ਹਿੰਮਤ ਬਟੋਰੀ।

"ਦੇਖ ਬਾਰਾ ਸਿਹਾਂ। ਬਹੁਤ ਹੋ ਗਈ ਮੂਰਖਤਾ। ਹੁਣ ਕੋਈ ਬਖੇੜਾ ਨਾ ਕਰੀਂ। ਤੈਨੂੰ ਤਾਂ ਖੁਸ਼ ਹੋਣਾ ਚਾਹੀਦੈ, ਬਈ ਪਿੰਡ ਤਕੜਿਆਂ ਨਾਲ ਜਾ ਲੱਗੀ ਪੁੱਤ ਦੀ। ਫਿਰ ਇਤਰਾਜ਼ ਤਾਂ ਉਹ ਕਰਨ ਜਿਨ੍ਹਾਂ ਦੀ ਧੀ ਨੀਵੇਂ ਥਾਂ ਆਊ, ਤੇਰੇ ਘਰੇ...। ਇਹ ਤਾਂ ਜਿੱਤ ਐ ਕਮਲਿਆ ਇਸ ਸਦੀ ਦੀ...।"

ਮਾਸਟਰ ਸਮਝ ਕੇ ਬੋਲਿਆ। ਹਜੂਮ ਖੁਸ਼। ਬਾਰੂ ਦਹਾੜਿਆ...।

"ਕਿਹੜੀ ਜਿੱਤ ਉਏ ਕੁੱਤਿਆ।" ਉਹਨੇ ਹੱਥੀਂ ਫੜਿਆ ਦਾਤਰ ਹਵਾ 'ਚ ਲਹਿਰਾਇਆ। ਇਹਨੂੰ ਜਿੱਤ ਕਹਿਨੈ ਤੂੰ ਕੰਜਰਾ। ...ਇਹ ਹਾਰ ਐ ਸਾਡੀ। ਮੈਂ ਪੁੱਤ ਪੜ੍ਹਾਇਆ, ਬਈ ਕਿਸਮਤ ਬਦਲੂ ਮੇਰੀ ਜ਼ੱਦ ਦੀ... ਮੇਰੀ ਕੌਮ ਦੀ...। ਪਰ ਉਹ ਕੁੱਤਾ, ਉਸ ਖੇਮੇ 'ਚ ਜਾ ਡਿੱਗਾ, ਜਿਨ੍ਹਾਂ ਨੂੰ ਪਹਿਲਾਂ ਸਾਡੀ ਇੱਜ਼ਤ ਚਾਹੀਦੀ ਸੀ... ਔਰ ਹੁਣ ਸਾਡੇ ਮੁੰਡੇ ਚਾਹੀਦੇ ਐ... ਪੜ੍ਹੇ ਲਿਖੇ...। ਚਿੱਤ ਵੀ ਉਹਨਾਂ ਦੀ, ਔਰ ਪੱਟ ਵੀ ਉਹਨਾਂ ਦੀ...? ਔਰ ਇਹਨੂੰ ਜਿੱਤ ਕਹਿਨੈ ਤੂੰ...। ਮੈਂ ਪੁੱਛਦਾਂ ਕਦ ਬਦਲੂ ਸਾਡੀਆਂ ਧੀਆਂ ਭੈਣਾਂ ਦੀ ਕਿਸਮਤ...। ਕਦ ਜੀਆਂ ਗੇ ਅਸੀਂ ਆਪਣੇ ਆਪ ਲਈ...।" ਬਾਰੂ ਫਿਰ ਦਹਾੜਿਆ, "ਹੈ ਕਿਸੇ 'ਚ ਅਣਖ ਤਾਂ ਆਓ ਅੱਗੇ... ਔਰ ਸਮਝਾਓ ਮੈਨੂੰ... ਕਦੋਂ ਮੁੱਕੂ ਗਾ ਇਹ ਸਿਲਸਿਲਾ...?"

ਬਾਰੂ ਨੇ ਬੋਲ ਨਹੀਂ, ਕੁਝ ਅੰਗਿਆਰ ਦਾਗੇ ਸਨ। ਜੋ ਹਜੂਮ ਨੂੰ ਲੂੰਹਦੇ, ਪਹਿਲਾਂ ਡੇਰਾ, ਫਿਰ ਰੁੱਖਾਂ ਦੀ ਝਿੜੀ, ਫਿਰ ਪੂਰੇ ਬ੍ਰਹਿਮੰਡ ਅਤੇ ਫਿਰ ਹਜੂਮ ਦੇ ਸਾਹਾਂ ਵਿਚ ਮੱਚਣ ਲੱਗੇ ਸਨ।

ਸਿੱਧੜ ਜਿਹੇ ਬਾਰੂ ਨੇ ਇਹ ਕੀ ਦਾਗ ਦਿੱਤਾ ਸੀ...?

ਇਸ ਬਦਲ ਰਹੀ ਸਦੀ ਦੇ ਸਿਲਸਿਲੇ ਨੂੰ ਨਵੇਂ ਕੋਨ ਤੋਂ ਵੇਖਣ ਵਾਲਾ...

ਪਰ ਇਹ ਨਵਾਂ ਕੋਨ, ਮਜਿਸਟ੍ਰੇਟ ਦੇ ਉਸ ਮੇਜ਼ ਦੇ ਨੇੜੇ-ਤੇੜੇ ਵੀ ਨਹੀਂ ਸੀ, ਜਿਸਦੇ ਸਾਮ੍ਹਣੇ ਖਲੋਤੇ ਸੱਤੀ ਅਤੇ ਜੈਜ਼ਮ ਆਪਣਾ ਵਿਆਹ ਰਜਿਸਟਰ ਕਰਵਾ ਰਹੇ ਸਨ...।

•



## ਸ਼ਰੇਆਮ



# ਮਿੱਟੀ ਦਾ ਮਾਧੋ

ਉਸ ਦਿਨ ਦਫ਼ਤਰ ਆਉਂਦੇ ਹੀ ਹੋਸ਼ ਜਾਂਦੀ ਰਹੀ।

ਲਿਬੋਟਰੀ ਦੇ ਥੜ੍ਹੇ 'ਤੇ ਛੱਜੂ ਚੌਂਕੀਦਾਰ ਮੋਇਆ ਪਿਆ ਸੀ। ਅੰਦਾਜ਼ਾ ਸੀ ਰਾਤ ਪਹਿਰਾ ਦਿੰਦੇ ਸੱਪ ਲੜਿਆ ਅਤੇ ਮਰ ਗਿਆ।...

ਅਧਿਆਪਕ ਅਮਲਾ ਅਤੇ ਸਾਇੰਸ ਫ਼ੈਕਲਟੀ ਦੇਰ ਨਾਲ ਆਉਂਦੀ ਸੀ। ਦਫ਼ਤਰੀ ਅਮਲਾ ਅਤੇ ਸੇਵਾਦਾਰ ਛੱਜੂ ਦਾ ਜਿਸਮ ਨੀਲਾ ਅਤੇ ਖੱਬੀ ਨਾਸ ਵਿਚੋਂ ਸਿੰਮੇ ਲਹੂ ਦੀ ਲਾਖੀ ਰੰਗਤ ਤੋਂ ਸੱਪ ਲੜਨ ਬਾਰੇ ਅੰਦਾਜ਼ਾ ਲਗਾ ਰਹੇ ਸਨ।

ਦੂਜੇ ਵਿਭਾਗਾਂ ਦੇ ਕਰਮਚਾਰੀ ਮੋਏ ਛੱਜੂ ਨੂੰ ਕਾਹਲੀ ਨਾਲ ਦੇਖਦੇ ਅਤੇ ਪਰਤ ਜਾਂਦੇ। ਕੁਝ ਸਮਾਂ ਪਹਿਲਾਂ ਹੀ ਚੀਫ਼ ਬਦਲਿਆ ਸੀ। ਉਸਦੇ ਸਖ਼ਤ ਰਵੱਈਏ ਨੇ ਹੇਠਲੇ ਤਬਕੇ ਦੇ ਕਰਮਚਾਰੀਆਂ ਦੇ ਨਾਸੀਂ ਸਮੇਂ ਸਿਰ ਆਉਣ ਦਾ ਧੂੰਆਂ ਦੇ ਰੱਖਿਆ ਸੀ। ਇਸ ਲਈ ਮਰਨ ਵਾਲਾ ਤਾਂ ਮਰ ਗਿਆ, ਆਪਾਂ ਕਿਉਂ ਮਰੀਏ ਸੋਚ, ਇੱਕ ਤਰ੍ਹਾਂ ਖਿਸਕ ਰਹੇ ਸਨ।

ਸਾਇੰਸ ਇੰਸਟੀਚਿਊਟ ਦਾ ਇਹ ਵੱਡਾ ਅਦਾਰਾ ਸੀ। ਅਨੇਕਾਂ ਲਿਬੋਰਟਰੀਆਂ, ਪ੍ਰਯੋਗਸ਼ਾਲਾਵਾਂ, ਖੋਜ-ਕੇਂਦਰ ਅਤੇ ਅਧਿਆਪਨ ਵਿਭਾਗ, ਗਿਆਨ-ਵਿਗਿਆਨ ਅਤੇ ਨਵੀਆਂ ਕਾਢਾਂ ਲਈ ਹਜ਼ਾਰਾਂ ਵਿਦਿਆਰਥੀ ਅਤੇ ਖੋਜੀ ਵਿੱਦਿਆ ਲਈ ਆਉਂਦੇ; ਉੱਚੀਆਂ ਡਿਗਰੀਆਂ ਲੈ ਕੇ ਮੁੜਦੇ। ਪ੍ਰਸਿੱਧ ਵਿਦਵਾਨ ਸਾਇੰਸਦਾਨ ਅਤੇ ਅਧਿਆਪਕ ਵਿੱਦਿਆ ਦਾ ਚਾਨਣ ਵੰਡਦੇ। ਹਜ਼ਾਰਾਂ ਕਰਮਚਾਰੀ ਕੰਮ ਕਰਦੇ, ਪੂਰੇ ਸੂਬੇ ਵਿਚ ਅਦਾਰੇ ਦਾ ਨਾਂ ਸੀ। ਗਿਆਨ ਦੇ ਪਸਾਰੇ ਵੱਜੋਂ ਵੀ ਅਤੇ ਸੁੰਦਰ ਦਿੱਖ ਵਜੋਂ ਵੀ। ਗਗਨ ਛੋਂਹਦੀਆਂ ਇਮਾਰਤਾਂ, ਸੁੰਦਰ ਫੁੱਲ ਬੂਟੇ, ਲਾਅਨ, ਅਦਭੁੱਤ ਦਿੱਖ ਵਾਲੇ ਰੁੱਖ, ਪਗਡੰਡੀਆਂ, ਗਿਆਨ ਮੀਮਾਂਸਾ ਦੇ ਅਖੁਟ ਭੰਡਾਰ, ਜਿਨ੍ਹਾਂ ਦੀ ਦੂਰ-ਦੂਰ ਤੱਕ ਪ੍ਰਸਿੱਧੀ ਅਤੇ ਕੀਰਤੀ ਸੀ।

ਕੁਝ ਸਮਾਂ ਪਹਿਲਾਂ ਹੀ ਮੈਨੂੰ ਅਦਾਰੇ 'ਚ ਆਰਟਿਸਟ ਦੀ ਮਾਮੂਲੀ ਨੌਕਰੀ ਮਿਲੀ ਸੀ। ਬੇਸ਼ਕ ਕਲਾ ਦੇ ਖੇਤਰ ਵਿਚ ਮੇਰਾ ਥੋੜ੍ਹਾ ਬਹੁਤ ਨਾਂ ਸੀ, ਪਰ ਨੌਕਰੀ ਦੇਣ ਸਮੇਂ ਹਿਦਾਇਤ ਕੀਤੀ ਗਈ ਸੀ,"ਮਿਸਟਰ ਵਿਰਦੀ ਟਿਕੇ ਰਹਿਣੈ ਤਾਂ ਕੰਮ, ਅਤੇ ਸਿਰਫ਼ ਕੰਮ, ਫਾਲਤੂ ਕੁੱਤੇ-ਝਾਕ ਬੰਦ, ਪੇਂਟਿੰਗਾਂ ਦੀਆਂ ਨੁਮਾਇਸ਼ਾਂ, ਮੀਡੀਏ 'ਚ ਜ਼ਿਕਰ, ਆਪਣੀ ਕਲਾ ਵਿਚ ਖਾਸ ਸ਼ੈਲੀ ਦਾ ਵਖਾਲਾ ਕੀਤਾ ਤਾਂ ਅਦਾਰੇ ਤੋਂ ਬਾਹਰ।"

ਮੈਨੂੰ ਥੜ੍ਹੇ ਲਾਗ ਖਲੋਤਾ ਦੇਖ ਜੋਸ਼ੀ ਸਾਹਿਬ ਕਾਰ ਤੋਂ ਉੱਤਰੇ। ਮੇਰੇ ਹਮਦਰਦ, ਜ਼ੁਆਲੋਜੀ ਦੇ ਮੁਖੀ ਅਤੇ ਪ੍ਰੋਫ਼ੈਸਰ ਸਨ।

"ਕੀ ਹੋਇਆ?"

"ਜੀ ਸ਼ਾਇਦ ਸੱਪ ਲੜ ਗਿਆ।"

"ਇਹ ਉਹੀ ਐ ਨਾ ਜਿਹੜਾ ਮਾਲੀਆਂ ਮੂਲੀਆਂ ਦੀ ਧਰਨ ਕੱਢਦਾ ਸੀ।"

"ਜੀ ਛੱਜੂ।"

"ਵਿਰਦੀ ਭਲਾ ਤੂੰ ਏਥੇ ਕਿਉਂ ਖੜ੍ਹੈਂ?"

"ਜੀ ਮੈਂ ਤਾਂ ਬੰਦੇ ਦੇਖ ਕੇ ਆ ਗਿਆ। ਪਰ ਇਹਨੂੰ ਕੋਈ ਚੁੱਕ ਹੀ ਨਹੀਂ ਰਿਹਾ।"

"ਇੰਜ ਕਿਵੇਂ ਚੱਕ ਲੈਣਗੇ, ਪੁਲਿਸ ਆਏਗੀ, ਮੁਆਇਨਾ ਹੋਏਗਾ।"

"ਕਿਸੇ ਨੂੰ ਦੱਸਾਂ ਜੀ?"

"ਤੂੰ ਹਾਜ਼ਰੀ ਲਗਾਈ?"

"ਜੀ ਨਹੀਂ।"

"ਹਾਜ਼ਰੀ ਲਗਾ ਭਾਈ...ਕਿਤੇ ਆਪਣੀ ਨਾ ਧਰਨ ਪੁਆ ਲਈ। ਹੁਣ ਤਾਂ ਇਹ ਧਰਨ ਕੱਢਣ ਵਾਲਾ ਵੀ ਨਹੀਂ ਰਿਹਾ।"

ਜੋਸ਼ੀ ਸਾਹਿਬ ਦਾ ਝਿੜਕਿਆ ਮੈਂ ਚਲਾ ਤਾਂ ਆਇਆ, ਪਰ ਕੰਮ ਵਿਚ ਦਿਲ ਨਾ ਲੱਗਾ। ਕੁਝ ਸਕੈੱਚ ਪੈਂਡਿੰਗ ਪਏ ਸਨ। ਲੱਗਾ, ਗ਼ਲਤ ਬਣ ਜਾਣਗੇ। ਟੇਬਲ ਤੋਂ ਉੱਠ ਮੈਂ ਆਫ਼ਿਸ ਵੱਲ ਚਲਾ ਆਇਆ। ਛੱਜੂ ਬਾਰੇ ਗੱਲ ਕੀਤੀ। ਦਫ਼ਤਰ ਲਈ ਆਮ ਜਿਹੀ ਘਟਨਾ ਸੀ।

ਸਟੈਨੋ ਚਾਵਲੀ ਕਿਹਾ, ਉਹਨੂੰ ਅਫ਼ਸੋਸ ਸੀ, ਉਹਦੀ ਨਵੀਂ ਸਾੜ੍ਹੀ ਦੀ ਚਰਚਾ, ਛੱਜੂ ਦੀ ਮੌਤ ਵਿਚ ਹੀ ਰੁਲ ਗਈ।

ਦੁਪਹਿਰੇ ਸੇਵਾਦਾਰ ਬੁਧੀਏ ਖ਼ਬਰ ਦਿੱਤੀ; ਲਾਸ਼ ਲੈ ਗਏ। ਕੱਚਾ ਸੀ, ਇਸ ਲਈ ਕੰਡੋਲੈਂਸ ਵਾਲੀ ਦੋ ਘੰਟੇ ਦੀ ਛੁੱਟੀ ਵੀ ਗਈ, "ਕੋਈ ਮਰੇ ਯਾਰ, ਛੁੱਟੀ ਤਾਂ ਹੋਣੀ ਚਾਹੀਦੀ ਐ।" ਛੁੱਟੀ ਨਾ ਹੋਣ ਦਾ ਸਭ ਨੂੰ ਦੁੱਖ ਹੋਇਆ। ਖਿਚ-ਖਿਚ ਉੱਚੀ ਹੋਈ ਤਾਂ ਹੈੱਡ ਸਾਹਿਬ ਤਲਖ਼ੀ ਨਾਲ ਬਾਹਰ ਆਏ।

"ਕੀ ਮਾਜਰੇ ਬਈ... ਜਿਆਦਾ ਹੇਜ ਐ, ਸ਼ਾਰਟਲੀਵ ਲਉ ਤੇ ਜਾਓ... ਚੌਕੀਦਾਰ ਹੀ ਮਰਿਐ, ਕੋਈ ਰੱਬ ਤਾਂ ਨਹੀਂ ਮਰ ਗਿਆ।"

ਘੁਰਕੀ ਨਾਲ ਜਿਵੇਂ ਹੀ ਚੁੱਪੀ ਛਾਈ, ਛੱਜੂ ਮੇਰੇ ਜ਼ਿਹਨ 'ਚ ਤੜਪਣ ਲੱਗਾ। ਸ਼ਾਮ ਦੀ ਛੁੱਟੀ ਵੇਲੇ ਮੈਂ ਸਭ ਤੋਂ ਪਿੱਛੋਂ ਨਿਕਲਦਾ ਸੀ; ਉਸ ਦਿਨ ਪਹਿਲੋਂ ਹੀ ਚਲਾ ਆਇਆ। ਘਰ ਆ ਕੇ ਵੀ ਛੱਜੂ ਭੁੱਲਿਆ ਨਹੀਂ ਤਾਂ ਮੈਂ ਇਹਦੇ ਕਾਰਨ ਤਲਾਸ਼ ਕਰਨ ਲੱਗਾ।

ਇਕ ਕਾਰਨ ਸ਼ਾਇਦ ਟਰੇਡ ਯੂਨੀਅਨਾਂ ਦੇ ਉਸ ਸਫ਼ਰ ਵਿਚ ਪਿਆ ਸੀ ਜਿਨ੍ਹਾਂ ਵਿਚ ਮੈਂ ਲੰਮਾ ਸਮਾਂ ਕੰਮ ਕੀਤਾ। ਅਦਾਰੇ ਦੀ ਵਰਕਰ ਯੂਨੀਅਨ ਨੂੰ ਹੁਣ ਵੀ ਭੁਲੇਖਾ



ਜੀ, ਸ਼ਾਇਦ ਮੈਂ ਹਾਲੇ ਵੀ ਜ਼ਿੰਦਾਬਾਦ ਮੁਰਦਾਬਾਦ ਨਾਲ ਵਾਬਸਤਾ ਹਾਂ; ਜਦਕਿ ਮੈਂ ਕਾਫ਼ੀ ਚਿਰ ਪਹਿਲਾਂ ਜਾਤੀ ਸੂਚਕ ਵਿਤਕਰੇ ਕਾਰਨ ਯੂਨੀਅਨ ਤਿਆਗ ਚੁੱਕਾ ਸਾਂ। ਫਿਰ ਵੀ ਕੁਝ ਦਿਨ ਪਹਿਲਾਂ ਇੱਕ ਗੇਟ-ਰੈਲੀ ਦੌਰਾਨ ਮੈਨੂੰ ਖੜੋਤਾ ਦੇਖ ਮੇਰੇ ਕੀਤੇ ਕਾਰਨਾਮਿਆਂ ਨੂੰ ਨੇਤਾਗਿਰੀ ਦੇ ਰੂਪ ਵਿਚ ਉਛਾਲਿਆ ਗਿਆ ਸੀ। ਸ਼ਾਇਦ ਇਸੇ ਕਾਰਨ ਛੱਜੂ ਮੇਰੇ ਜ਼ਿਹਨ ਵਿਚ ਸਿਰ ਚੁੱਕ ਰਿਹਾ ਸੀ।

ਅਗਲੇ ਦਿਨ ਪਤਾ ਲੱਗਾ, ਲਾਸ਼ ਬਿਨਾਂ ਕਿਸੇ ਕਾਰਵਾਈ ਵਾਰਸਾਂ ਹਵਾਲੇ ਕਰ ਦਿੱਤੀ ਗਈ ਸੀ। ਮੈਂ ਆਰਟ ਬਲਾਕ ਦੇ ਪੋਰਚ ਵਿਚ ਹੀ ਸਾਂ ਜਾਂ ਜੋਸ਼ੀ ਸਾਹਿਬ ਫਿਰ ਮਿਲੇ, ਮੈਨੂੰ ਉਦਾਸ ਦੇਖ ਪੁਛਿਆ ।

"ਕੀ ਗੱਲ ਵਿਰਦੀ ਅੱਜ ਆਪ ਸੱਪ ਲੜਾਈ ਫਿਰਦੈਂ।"

"ਨਹੀਂ ਸਰ! ਐਸੀ ਗੱਲ ਨਹੀਂ।"

"ਦੇਖ ਮੈਂ ਜਦ ਨਵਾਂ-ਨਵਾਂ ਆਇਆ ਸੀ ਤਾਂ ਤੇਰੇ ਵਾਂਗ ਹੀ ਸੋਚਦਾ ਸੀ। ਫਿਰ ਆਹਿਸਤਾ-ਆਹਿਸਤਾ ਸਭ ਭੁੱਲ ਗਿਆ।"

"ਸਰ ਮਰਨ ਤੋਂ ਬਾਦ ਨੌਕਰੀ ਵਾਲੇ ਦੇ ਪਰਿਵਾਰ ਨੂੰ ਕੁਝ ਮਿਲਦਾ ਨਹੀਂ?"

"ਕਿਉਂ ਨਹੀਂ... ਪਰ ਉਹਦੇ ਲਈ ਪੱਕੇ ਹੋਣਾ ਜ਼ਰੂਰੀ ਹੈ।"

"ਜੀ ਛੱਜੂ ਗਰੀਬ ਦਾ ਕੁਛ ਬਣੂ?"

"ਗੱਲ ਅਮੀਰ ਗ਼ਰੀਬ ਦੀ ਨਹੀਂ, ਕਾਨੂੰਨ ਦੀ ਐ; ਵਿਰਦੀ ਤੂੰ ਆਰਟਿਸਟ ਹੋ ਕੇ ਕਿਹੜੇ ਕੰਮਾਂ 'ਚ ਪੈ ਗਿਆ? ਭਵਿੱਖ ਵੱਲ ਦੇਖ ਤੂੰ...ਮੋਇਆਂ ਵੱਲ ਕਿਉਂ?"

"ਮੋਇਆ ਪਿੱਛਾ ਨਹੀਂ ਛੱਡ ਰਿਹਾ ਸਰ!" ਮੈਂ ਹਉਕਾ ਲਿਆ।

ਦੁਪਹਿਰੇ ਛੁੱਟੀ ਵੇਲੇ ਮੈਂ ਉਦਾਸ ਜਿਹੇ ਮਨ, ਕੈਂਨਟੀਨ ਦੇ ਪਿੱਛੇ ਤਾਸ਼ ਖੇਡਦੇ ਯੂਨੀਅਨ ਪ੍ਰਧਾਨ ਕੋਲ ਜਾ ਖੜ੍ਹਿਆ। ਛੱਜੂ ਬਾਰੇ ਕਿਹਾ ਤਾਂ ਪ੍ਰਧਾਨ ਤੜਪ ਉੱਠਿਆ।

"ਸਵਾਲ ਈ ਨੀ ਪੈਦਾ ਹੁੰਦਾ ਵਿਰਦੀ, ਬੱਚੈਂ ਤੂੰ?...ਕੀਹਦੀ ਵਕਾਲਤ ਕਰਨ ਆ ਗਿਆ? ਉਸ ਡੇਲੀਵੇਜਸ ਦੀ? ਦੇਖ, ਪਹਿਲੀ ਗੱਲ ਉਹ ਰੈਗੂਲਰ ਨਹੀਂ। ਦੂਜਾ, ਵਿਰੋਧੀ ਧੜੇ ਰਖਵਾਇਆ। ਤੀਜਾ, ਤੂੰ ਕੱਲ੍ਹ ਆਇਆ ਅੱਜ ਨੇਤਾਗਿਰੀ ਵੀ ਕਰਨ ਲੱਗ ਗਿਆ।"

"ਕੋਈ ਨੇਤਾਗਿਰੀ ਨਹੀਂ...ਮੈਂ ਤਾਂ ਵਰਕਰ ਨੂੰ ਜਾਣਦਾ ਵੀ ਨਹੀਂ। ਡਿਊਟੀ 'ਤੇ ਮਰਿਆ। ਸੋਚਿਆ, ਮਦਦ ਹੋਣੀ ਚਾਹੀਦੀ ਐ।"

"ਯੂਨੀਅਨ ਮੇਰੇ ਘਰ ਦੀ ਐ?" ਉਹ ਤੜਪ ਕੇ ਬੋਲਿਆ।

"ਚਲੋ ਠੀਕ ਐ, ਮੈਂ ਅਰਜ਼ੀ ਲਿਖ ਕੇ ਲਿਆਇਆਂ। ਤੁਸੀਂ ਉਸਤੇ ਲਿਖ ਦਿਉ, ਮਦਦ ਨਹੀਂ ਹੋ ਸਕਦੀ। ਕੋਈ ਹੋਰ ਉਪਾਅ...।"

"ਵੀਹ ਸਾਲ ਹੋ ਗਏ ਝੱਖ ਮਾਰਦਿਆਂ। ਘੀਸੀ ਕਰਕੇ ਅਪੜਿਆਂ ਇੱਥੇ। ਲਿਖ ਕੇ ਹੱਥ ਵੱਢ ਲਵਾਂ। ਕੱਲ੍ਹ ਨੂੰ ਉਸੇ ਧੜੇ ਦੀ ਲੋੜ ਪੈ ਗਈ ਫਿਰ?"

"ਕਮਾਲ ਐ ਵੀਰ ਜੀ; ਇਹ ਤਾਂ ਦੂਹਰੀ ਨੀਤੀ ਹੋਈ ਵਿਰ।"

"ਨੀਤੀ ਦੇਖਾਂ ਕਿ ਯੂਨੀਅਨ ਚਲਾਵਾਂ?"

"ਪਰ ਦੋਗਲੇ ਹੋਣਾ ਤਾਂ ਕਾਮਰੇਡੀ ਸਿਧਾਂਤ ਨਹੀਂ।"

"ਅਦਾਰੇ 'ਚ ਪਹਿਲਾਂ ਸਾਹ ਲੈਣਾ ਤਾਂ ਸਿੱਖ ਵਿਰਦੀ...ਫਿਰ ਸਿਧਾਂਤ ਵੀ ਸਿਖ ਲਈਂ।"

ਮੈਂ ਧੁਰ ਤੱਕ ਕੰਬ ਗਿਆ। ਯੂਨੀਅਨ 'ਚ ਕੰਮ ਕੀਤਾ। ਵੀਹ ਮੱਤਭੇਦ ਹੋਏ। ਹਾਰ ਜਿੱਤ ਵੀ ਹੋਈ। ਪਰ ਦੋਗਲੇ ਹੋਣਾ ਸਭ ਤੋਂ ਵੱਡੀ ਲਾਹਨਤ ਸਮਝੀ ਗਈ।

"ਪ੍ਰਧਾਨ ਜੀ ਦੁੱਖ ਹੋਇਆ, ਤੁਹਾਡੀ ਨੀਤੀ ਬਾਰੇ ਸੁਣ ਕੇ।"

"ਸਾਲ ਛੇ ਮਹੀਨੇ ਰੁਕ ਵਿਰਦੀ...ਫਿਰ ਕਰਾਂਗੇ ਗੱਲ।"

"ਫਿਰ ਕਿਉਂ?"

"ਤੇਰੇ ਵਰਗੀ ਨਵੀਂ ਬਹੂ ਸੱਸ ਨੂੰ ਕਹਿੰਦੀ, ਮਾਂ ਜੀ ਘਰ 'ਚ ਬੋਅ ਐ ਬਹੁਤ। ਕਹਿੰਦੀ ਤੂੰ ਆ ਗਈ ਪੁੱਤ! ਹੁਣ ਬੋਅ ਵੀ ਜਾਂਦੀ ਰਹੂ। ਸਾਲ ਬਾਦ ਖੁਦ ਆਦੀ ਹੋ ਗਈ। ਕਹਿੰਦੀ ਦੇਖਿਆ, ਚੱਕ ਦਿੱਤੀ ਨਾ ਬੋਅ।"

ਤਾਸ਼ ਵਾਲੀ ਮੰਡਲੀ ਜ਼ੋਰ ਨਾਲ ਹੱਸੀ।

ਅਗਲੇ ਦਿਨ ਹੋਰ ਉਦਾਸੀ ਵਾਲੀ ਖ਼ਬਰ ਮਿਲੀ। ਪਤਾ ਲੱਗਾ ਸਰੀਰ ਵਿਚ ਜ਼ਹਿਰ ਫੈਲ ਜਾਣ ਕਾਰਨ ਇਸ਼ਨਾਨ ਵੇਲੇ, ਛੱਜੂ ਦੀ ਚਮੜੀ ਉਤਰਨ ਲੱਗੀ। ਖੱਫ਼ਣ ਪਾਉਣ ਦੀ ਵੀ ਜਾਹ ਨਾ ਰਹੀ। ਪਿੰਡ ਨੇ ਫੱਟੇ ਸਮੇਤ ਹੀ ਫੂਕ ਦਿੱਤਾ। ਸੁਣ ਕੇ ਧੁਰ ਅੰਦਰ ਤੱਕ ਕਿਤੇ ਪੀੜ ਹੋਈ।

ਕੁਝ ਵੀ ਸੀ, ਹਉਕੇ ਤੋਂ ਵੱਧ ਮੇਰੇ ਕੋਲ ਕੁਝ ਵੀ ਨਹੀਂ ਸੀ। ਸ਼ੌਕੀਆ ਆਰਟ ਨੇ ਮੈਨੂੰ ਜਿਤਨਾ ਉਛਾਲਿਆ ਸੀ। ਘਰ ਦੀ ਹਾਲਤ ਉਤਨੀ ਹੀ ਖ਼ਸਤਾਹਾਲ ਰਹੀ ਸੀ। ਅਦਾਰੇ 'ਚ ਨੌਕਰੀ ਮਿਲਣ ਤੇ ਰਾਹਤ ਦੀ ਕੁਝ ਆਸ ਬੱਝੀ ਸੀ; ਪਰ ਕੱਚੇ ਹੋਣ ਨੇ ਮੈਨੂੰ ਵੀ ਛੱਜੂ ਦੀ ਥਾਵੇਂ ਲਿਆ ਖੜ੍ਹਾ ਕੀਤਾ ਸੀ। ਛੱਜੂ ਦੀ ਮੌਤ ਤੋਂ ਮੈਂ ਇਤਨਾ ਦਹਿਲ ਗਿਆ ਕਿ ਸਾਰਾ ਦਿਨ ਆਪਣੀ ਚਮੜੀ ਹੀ ਟੋਹ-ਟੋਹ ਦੇਖਦਾ ਰਿਹਾ।

ਸ਼ਾਮੀ ਗੇਟ 'ਤੇ ਵਿਦਿਆਰਥੀ ਛਬੀਲ ਦਾ ਸ਼ਰਬਤ ਪਿਆ ਰਹੇ ਸਨ। ਮੈਂ ਬਚ ਕੇ ਨਿਕਲਣ ਦਾ ਯਤਨ ਕੀਤਾ ਹੀ ਸੀ ਜਾਂ ਕਿਸੇ ਮੋਢੇ 'ਤੇ ਹੱਥ ਧਰਿਆ। ਸਾਬਕਾ ਯੂਨੀਅਨ ਪ੍ਰਧਾਨ ਸ਼ੇਰੀ ਸੀ।

"ਹੋਰ ਜੀ ਵਿਰਦੀ ਸਾਹਿਬ ਕਿਮੇਂ ਓਂ?" ਉਸ ਹੱਥ ਅੱਗੇ ਕੀਤਾ।

"ਜੀ ਮਿਹਰਬਾਨੀ।"

"ਆਇਆ ਨਹੀਂ ਪ੍ਰਧਾਨ ਲੱਤ ਹੇਠ?"

"ਕਿਸ ਮਾਮਲੇ 'ਚ?" ਮੈਨੂੰ ਬੁਰਾ ਲੱਗਿਆ।

"ਉਸ ਡੇਲੀ ਵੇਜਸ ਵਾਲੇ ਦੇ ਮਸਲੇ 'ਚ।"



"ਜੀ ਮੈਂ ਸਮਝਿਆ ਨਹੀਂ।"

"ਯਾਰ ਇਕ ਫੜਕ ਨਹੀਂ ਸੀ ਗਿਆ ਪਰਸੋਂ ਡੇਲੀ ਵੇਜਸ ਵਾਲਾ...ਜਿਸ ਬਾਰੇ ਪ੍ਰਧਾਨ ਨੂੰ ਮਿਲਿਆ ਤੂੰ।"

"ਹੱਛਾ! ਉਹ ਛੱਜੂ ਚੋਕੀਦਾਰ...।" ਮੈਂ ਹੈਰਾਨੀ ਦਾ ਵਖਾਲਾ ਕੀਤਾ ਅਤੇ ਸੋਚਿਆ, ਇਹਨੂੰ ਕਿਵੇਂ ਪਤਾ ਲੱਗਾ।

"ਨਾਂ ਨੂੰ ਛੱਡੋ ਜੀ; ਸੀ ਤਾਂ ਮਸਟਰੋਲ ਕੇਟਾਗਰੀ ਦਾ... ਵੈਸੇ ਉਹ ਯੂਨੀਅਨ ਏਜੰਡੇ 'ਚ ਤਾਂ ਨੀ ਆਉਂਦਾ, ਪਰ ਜੇ ਤੁਸੀਂ ਕਹੋ ਕਰ ਦੇਨੇ ਆਂ ਮੰਜੀ ਖੜ੍ਹੀ।"

"ਕੀਹਦੀ ਮੰਜੀ?"

"ਵੀਹ ਸਾਲ ਪ੍ਰਧਾਨਗੀ ਕੀਤੀ ਐ ਵਿਰਦੀ ਸਾਬ੍ਹ। ਹਿੱਕ ਠੋਕ ਕੇ। ਬਾਂਸਲ ਵਾਂਗ ਲੱਤਾਂ 'ਚ ਪੂਛ ਲੈ ਕੇ ਨਹੀਂ। ਤੁਸੀਂ ਔਧੇ ਮੂੰਹ ਸਾਡੇ ਖੇਮੇ ਵੱਲ ਆਓ, ਆਪਾਂ ਸਵੇਰੇ ਚੱਕ ਦੇਨੇ ਆਂ ਗੇਟ ਰੈਲੀ।"

"ਕੀ ਮਦਦ ਹੋਏਗੀ ਛੱਜੂ ਦੀ?"

"ਮਦਦ ਮੁਦਦ ਨੂੰ ਛੱਡੋ ਜੀ...ਮਰੇ ਦੀ ਕੀ ਮਦਦ? ਪਰ ਮੁੱਦਾ ਛੱਜੂ ਦਾ ਹੀ ਹੋਏਗਾ।"

"ਮੈਂ ਸਮਝਿਆ ਨਹੀਂ।"

"ਦੇਖੋ, ਆਪਾਂ ਰਖਾਂਗੇ ਸਾਫ਼ ਸਫ਼ਾਈ ਦਾ ਮੁੱਦਾ। ਬਈ ਘਾਹ ਫੂਸ ਕਾਰਨ ਸੱਪ ਲੜਿਆ। ਆਪਣੀ ਹੋਏਗੀ ਦਸ ਵਰਕਰ ਹੋਰ ਰੱਖਣ ਦੀ ਡੀਮਾਂਡ। ਅਥਾਰਟੀ ਦਸ ਰੱਖਦੀ ਐ ਤਾਂ ਦੋ ਤੁਹਾਡੇ। ਪੰਜ ਰੱਖਦੀ ਐ ਤਾਂ ਤੁਹਾਡਾ ਇਕ, ਬਾਕੀ ਸਾਡੇ। ਪਰ ਇੱਕ ਗੱਲ ਪਹਿਲਾਂ, ਵੱਖਰੀ ਪਾਲੇਟਿਕਸ ਨਹੀਂ।"

"ਇਸ ਨਾਲ ਛੱਜੂ ਨੂੰ ਕੀ ਮਿਲਿਆ?"

"ਮਿਲਿਆ ਕਿਉਂ ਨਹੀਂ। ਜਿਸਨੂੰ ਨੌਕਰੀ ਮਿਲੂ, ਕੁਝ ਤਾਂ ਝੜੂ ਹੀ। ਥੋੜ੍ਹਾ ਯੂਨੀਅਨ ਫੰਡ, ਬਾਕੀ ਛੱਜੂ ਦੇ ਪਰਿਵਾਰ ਨੂੰ।"

"ਜੇ ਆਪਾਂ ਸਿਰਫ਼ ਛੱਜੂ 'ਤੇ ਫੋਕਸ ਕਰੀਏ।"

"ਵਿਰਦੀ ਸਾਹਿਬ ਕਿਹੜੀ ਯੂਨੀਅਨ ਵਿਚ ਰਹੇ ਤੁਸੀਂ? ਏਥੇ ਜਿਉਂਦਿਆਂ ਨਾਲ ਨੀ ਖੜ੍ਹਦਾ ਕੋਈ, ਤੁਸੀਂ ਮੋਏ ਦੀ ਡੌਂਫਲੀ ਚੱਕੀ ਫਿਰਦੇ ਓਂ। ਅਦਾਰੇ 'ਚ ਟਿਕਣੈ ਤਾਂ ਆਦਰਸ਼ਵਾਦ ਦਾ ਖਹਿੜਾ ਛੱਡੋ ਮਹਾਂਰਾਜ।"

ਮੈਨੂੰ ਅੱਗ ਲੱਗ ਗਈ। ਮੈਂ ਬਿਨਾਂ ਵਜਾਹ ਸ਼ਰਬਤ ਦੇ ਕਈ ਗਿਲਾਸ ਪੀਤੇ ਅਤੇ ਚੁਲਾ ਆਇਆ।

ਅਦਾਰੇ ਬਾਰੇ ਮੈਂ ਜੋ ਕੁਝ ਸੁਣ ਰੱਖਿਆ ਸੀ; ਸਭ ਉਸ ਤੋਂ ਉਲਟ ਦਿੱਸ ਰਿਹਾ ਸੀ। ਸੁਣਿਆ ਸੀ ਅਧਿਆਪਕ ਅਤੇ ਕਰਮਚਾਰੀ ਬਹੁਤੇ ਕਿਊਮਨਿਸਟ ਵਿਚਾਰਧਾਰਾ ਦੇ ਮੁਦੱਈ ਸਨ। ਅਦਾਰਾ ਉਨ੍ਹਾਂ ਦਾ ਗੜ੍ਹ ਸੀ। ਛੱਜੂ ਦੀ ਮੌਤ ਨੇ ਇਕ ਤਰ੍ਹਾਂ ਮੇਰਾ ਭਰਮ

ਤੋੜ ਕੇ ਰੱਖ ਦਿੱਤਾ ਸੀ।

ਸੋਚਿਆ ਕਿਉਂ ਨਾ ਅਧਿਆਪਕਾਂ ਨਾਲ ਗੱਲ ਕੀਤੀ ਜਾਵੇ। ਗੱਲ ਕੀਤੀ ਤਾਂ ਹੋਰ ਨਿਰਾਸ਼ਾ ਹੋਈ। ਅਧਿਆਪਕ ਚਾਰ ਗਰੁੱਪਾਂ ਵਿਚ ਵੰਡੇ ਹੋਏ ਸਨ। ਸੱਜੇ ਪੱਖੀ, ਖੱਬੇ ਪੱਖੀ, ਗਰਮ ਖਿਆਲੀਏ ਅਤੇ ਦਲਿਤ। ਆਪਣੇ ਕਿਸੇ ਵਿਦਿਆਰਥੀ ਨੂੰ ਵੀ ਦੂਜੀ ਵਿਚਾਰਧਾਰਾ ਵਾਲੇ ਕੋਲ ਖੜ੍ਹਨਾ ਹੇਠੀ ਸਮਝਦੇ ਸਨ। ਮੈਨੂੰ ਵੀ ਸਿੱਧਾ ਕਿਹਾ।

"ਸੌ ਪ੍ਰਸੈਂਟ ਮਦਦ ਕਰਾਂਗੇ ਵਿਰਦੀ, ਪਰ ਕੁਝ-ਕੁਝ ਕਿਤੇ ਆਂਡੇ ਕਿਤੇ ਵਾਲਾ ਫਾਰਮੂਲਾ ਨਹੀਂ ਚੱਲਣਾ।"

ਮਨ ਖੱਟਾ ਹੋ ਗਿਆ। ਕਿਹੜੇ ਪੜ੍ਹੇ ਲਿਖੇ ਲੋਕਾਂ 'ਚ ਫਸ ਗਿਆ? ਇਤਨੀ ਸੰਕੀਰਨਤਾ ਤਾਂ ਅਨਪੜ੍ਹ ਲੋਕਾਂ ਵਿਚ ਵੀ ਨਹੀਂ ਸੀ।

ਦੂਜੇ ਦਿਨ ਇਕ ਘਟਨਾ ਹੋਰ ਆ ਰਲੀ...ਚੰਡੀਗੜ੍ਹ ਪੜ੍ਹਦੀ ਮੇਰੀ ਮਸੇਰ ਭੈਣ ਰਿੰਪੀ, ਦੋ ਸਹੇਲੀਆਂ ਨਾਲ ਮਿਲਣ ਆ ਗਈ। ਅਸੀਂ ਕਾਫ਼ੀ ਹਾਊਸ ਚਲੇ ਆਏ।

ਮੈਂ ਰਸਤੇ 'ਚ ਕੁਝ ਵਿਥ 'ਤੇ ਪਿੱਛੇ ਤੁਰੀਆਂ ਆਉਂਦੀਆਂ ਕੁੜੀਆਂ ਦੀ ਗੱਲਬਾਤ ਸੁਣੀ। ਇਕ ਨੇ ਦੂਜੀ ਨੂੰ ਕਿਹਾ।

"ਕੱਲ੍ਹ ਤੂੰ ਸਤਾਰਾਂ 'ਚ ਕਿੰਨਾ ਫਾਰਸ ਹੱਸੀ।"

"ਹੋਰ ਕੀ ਕਰਦੀ, ਉਹਨੇ ਗੱਲ ਹੀ ਐਸੀ ਕਹੀ।"

"ਪਰ ਇਹ ਕੋਈ ਹੱਸਣ ਦਾ ਢੰਗ ਸੀ?..."

"ਕੀ ਕਰਦੀ?"

"ਪਾਗਲੇ ਤੂੰ ਉਹਨੂੰ ਮਿਸਟਿਕ ਜਿਹੀ ਸਮਾਈਲ ਦੇਂਦੀ ਬੱਸ।"

ਸੁਣ ਕੇ ਮੈਂ ਸੁੰਨ ਰਹਿ ਗਿਆ। ਮੇਰੇ ਲਈ ਹੱਸਣਾ ਅਦਾਕਾਰੀ ਨਹੀਂ ਸੀ। ਮੈਨੂੰ ਭਰਤਮੁਨੀ ਦਾ ਨਟ ਸ਼ਾਸਤ੍ਰ ਯਾਦ ਆਇਆ। ਸੋਚਿਆ, ਵਿਦਿਅਕ ਅਦਾਰਿਆਂ ਦੀ ਪੜ੍ਹਾਈ ਕੀ ਮਹਿਜ਼ ਅਦਾਕਾਰੀ ਦੀ ਸਿਖਲਾਈ ਸੀ।

ਮੈਂ ਆਰਟ ਕਾਲਜ ਵਿਚ ਪੜ੍ਹਿਆ। ਕਲਾ ਦੇ ਖੇਤਰ ਵਿਚ ਕੁਝ ਨਾਂ ਵੀ ਹੋਇਆ। ਅਜਿਹੀ ਗਿਣਤੀ ਮਿਣਤੀ ਤਾਂ ਕਿਤੇ ਵੀ ਨਹੀਂ ਸੀ। ਮਨ 'ਚ ਚਿੰਤਾ ਬੈਠ ਗਈ। ਐਸੀ ਚਿੰਤਾ, ਜਿਸ ਵਿਚ ਮੈਂ ਅਦਾਰੇ ਬਾਰੇ ਸੋਚਦਾ ਥੱਕ ਜਾਂਦਾ। ਕਿਤੇ ਸਿਧਾਂਤ ਖੇਮਿਆਂ ਵਿਚ ਵੰਡੇ ਹੋਏ ਸਨ। ਕਿਤੇ ਹੱਸਣਾ-ਰੋਣਾ, ਤੋਲ ਕੇ ਸਿਖਿਆ ਜਾ ਰਿਹਾ ਸੀ। ਚਿੰਤਾ ਵਧਦੀ ਚਲੀ ਗਈ ਤਾਂ ਮੈਂ ਸੰਕੀਰਨਤਾ ਅਤੇ ਸਿਧਾਂਤਿਕ ਗਰੁੱਪਾਂ ਦੇ ਖੇਮਿਆਂ ਵਿਚ ਵੰਡੇ ਹੋਣ ਦੇ ਅੰਦਰੂਨੀ ਕਾਰਨ, ਅਦਾਰੇ ਦੀ ਬਣਤਰ, ਵਿਉਂਤ ਅਤੇ ਚੁਗਿਰਦੇ 'ਚੋਂ ਤਲਾਸ਼ ਕਰਨ ਲੱਗਾ।...

ਮੈਂ ਜਿਵੇਂ ਹੀ ਅਦਾਰੇ ਨੂੰ ਧਿਆਨ ਨਾਲ ਦੇਖਿਆ, ਮੇਰੇ ਸਾਮ੍ਹਣੇ ਅਦਾਰੇ ਵਿਚਲੇ ਗਰੁੱਪਾਂ, ਲੋਕਾਂ ਅਤੇ ਸਿਧਾਂਤਾਂ ਦੇ ਖੇਮਿਆਂ 'ਚ ਵੰਡੇ ਹੋਣ ਦੇ ਸਾਰੇ ਰਹੱਸ ਹੀ ਖੁੱਲ੍ਹਦੇ ਚਲੇ ਗਏ। ਮੇਰਾ ਸਿਰ ਚਕਰਾਉਣ ਲੱਗਾ।



ਮੈਂ ਦੇਖਿਆ, ਅਦਾਰੇ 'ਚ ਜਿਤਨੇ ਵੀ ਰੁੱਖ ਲਗਾਏ ਗਏ ਸਨ; ਸਭ ਪੌਦੀ ਸਨ। ਦੋਗਲੀ ਨਸਲ ਦੇ, ਫੁੱਲ ਬੂਟੇ ਵੀ। ਸੋਚਿਆ, ਜੇਕਰ ਚੁਗਿਰਦਾ ਦੋਗਲੀ ਕਿਸਮ ਦਾ ਸੀ ਤਾਂ ਬੰਦਿਆਂ ਦਾ ਹੋਣਾ ਤਾਂ ਬਹੁਤ ਸੁਭਾਵਿਕ ਸੀ। ਕਿਦਵੰਤੀ ਯਾਦ ਆਈ। 'ਜੈਸੀ ਵਾਸੀ ਤੈਸੀ ਘਾਸੀ।' ਇਮਾਰਤਾਂ ਤੱਕ ਗਰੁੱਪਾਂ ਵਿਚ ਵੰਡੀਆਂ ਹੋਈਆਂ ਸਨ। ਇਕ ਪਾਸੇ ਆਰਟਸ ਬਲਾਕ, ਦੂਜੇ ਬੰਨੇ ਸਾਇੰਸ ਬਲਾਕ। ਹੋਰ ਤਾਂ ਹੋਰ ਰੁੱਖਾਂ ਦੀਆਂ ਕਿਸਮਾਂ ਵੀ ਵੱਖ-ਵੱਖ ਵਿਉਂਤੀਆਂ ਗਈਆਂ ਸਨ। ਕਿਧਰੇ ਅੰਮਲਤਾਸ, ਕਿਤੇ ਬਾਟਲਬ੍ਰਸ਼। ਕਿਧਰੇ ਅਸ਼ੋਕਾ, ਕਿਤੇ ਸੱਤ ਪੱਤਰੀ। ਕਿਧਰੇ ਗੋਲਡਨਸ਼ਾਵਰ, ਕਿਧਰੇ ਬੁਗਨਵਿਲੀਆ, ਕਿਤੇ ਇਸ਼ਕਪੇਚਾ ਅਤੇ ਝੁਮਕਾ। ਹਰ ਵੇਲ ਦੇ ਵੱਖਰੇ ਝੁੰਡ ਸਨ। ਹਰ ਚੀਜ਼ ਵੱਖਰੀ। ਇਨ੍ਹਾਂ ਪੌਦੀ ਰੁੱਖਾਂ ਦੀ ਇਕ ਹੋਰ ਖਾਸੀਅਤ ਸੀ ਇਨ੍ਹਾਂ ਰੁੱਖਾਂ ਦੀਆਂ ਟਾਹਣੀਆਂ ਦੀ ਦੁਸਾਂਘ ਨਹੀਂ ਸੀ ਫੁੱਟਦੀ, ਇਸ ਲਈ ਇਨ੍ਹਾਂ 'ਤੇ ਜਾਨਵਰ ਆਲ੍ਹਣਾ ਨਹੀਂ ਸਨ ਪਾ ਸਕਦੇ।

ਰਾਜਨੀਤੀ, ਧਰਮ ਅਤੇ ਤੁਅੱਸੁਬ ਤਾਂ ਵੰਡੇ ਹੋਏ ਸੁਣੇ ਸਨ; ਸਾਇੰਸ, ਵਿਦਿਅਕ ਅਦਾਰੇ, ਇਮਾਰਤਾਂ ਅਤੇ ਵਿਉਂਤ ਵੀ ਵੰਡੀ ਹੋ ਸਕਦੀ ਸੀ, ਪਹਿਲੀ ਵੇਰ ਪਤਾ ਲੱਗਾ। ਮੇਰੇ ਲਈ ਇਹ ਰਹੱਸ ਅਤੇ ਵਰਤਾਰਾ ਬੇਹੱਦ ਪੀੜ ਭਰਿਆ ਸੀ।

ਉਸ ਦਿਨ ਤੋਂ ਬਾਦ ਮੈਂ ਅਦਾਰੇ ਨਾਲ ਜੁੜੀ ਕਿਸੇ ਵੀ ਘਟਨਾ ਨੂੰ ਛੱਜੂ ਦੀ ਮੌਤ ਅਤੇ ਚੁਗਿਰਦੇ ਦੇ ਪ੍ਰਤੀਕਾਂ 'ਚੋਂ ਦੇਖਣ ਲੱਗਾ। ਧਿਆਨ ਨਾਲ ਦੇਖਿਆ ਤਾਂ ਪਤਾ ਲੱਗਾ, ਹਰ ਵਿਭਾਗ ਦਾ ਮੁੱਖ ਦੁਆਰ, ਬਾਹਰ ਲੰਘਦੇ ਸ਼ਾਹ-ਰਾਹ ਤੋਂ ਉਲਟ ਦਿਸ਼ਾ ਵਿਚ ਸੀ। ਵਿੰਗ-ਵਲੇਵੇਂ ਦੀਆਂ ਸੜਕਾਂ ਰਾਹੀਂ ਹੀ ਕਿਸੇ ਵਿਭਾਗ ਵਿਚ ਜਾਇਆ ਜਾ ਸਕਦਾ ਸੀ। ਲੱਗਾ, ਜਿਵੇਂ ਇਥੇ ਆਉਣ ਵਾਲੇ ਵਿਦਿਆਰਥੀ, ਅਧਿਆਪਕ ਅਤੇ ਕਰਮਚਾਰੀ ਇਕ ਖਾਸ ਵਿਧੀ-ਵਿਧਾਨ ਦੀ ਯੋਗਤਾ ਦੇ ਆਧਾਰ ਤੇ ਹੀ ਪ੍ਰਵੇਸ਼ ਪਾ ਸਕਦੇ ਸਨ। ਮਾਮੂਲੀ ਨੌਕਰੀ ਮਿਲਣ ਤੱਕ ਮੈਂ ਵੀ ਜਾਣ ਚੁੱਕਾ ਸਾਂ, ਇਹ ਵਿਧੀ ਵਿਧਾਨ ਭਾਵੇਂ ਵਿਦਿਅਕ ਡਿਗਰੀਆਂ 'ਤੇ ਅਧਾਰਿਤ ਸੀ; ਪਰ ਘੀਸੀ ਕਰਾਉਣ ਦੇ ਤੁੱਲ ਸੀ।

ਮਨ 'ਚ ਆਈ ਜੇਕਰ ਅਦਾਰੇ ਦੇ ਗੈਰ ਮਾਨਵ-ਹਤੈਸ਼ੀ ਰਵੱਈਏ ਅਤੇ ਵਰਤਾਰੇ ਨੂੰ ਇਕ ਪੇਂਟਿੰਗ ਰਾਹੀਂ ਦਰਸਾਉਣਾ ਹੋਇਆ ਤਾਂ ਇੱਕੋ ਸਮੇਂ ਕਿਊਮਨਿਸਟ ਵਿਚਾਰਧਾਰਾ, ਗਿਆਨ-ਵਿਗਿਆਨ, ਇਮਾਰਤਾਂ ਦੀ ਬੁਲੰਦੀ, ਸਿਧਾਂਤਾਂ ਦੀ ਦੋਗਲੀ ਨੀਤੀ ਅਤੇ ਖੁਦਗਰਜ਼ੀ ਦੀ ਭਾਵਨਾ ਨੂੰ ਕਲਾ ਦੀ ਕਿਹੜੀ ਸ਼ੈਲੀ ਵਿਚ ਚਿਤਰਨਾ ਹੋਵੇਗਾ।

ਮੇਰੇ ਸਾਮ੍ਹਣੇ ਇਕ ਵਰਕਰ ਦੀ ਮੌਤ ਮਾਮੂਲੀ ਹਲਚਲ ਵੀ ਨਹੀਂ ਸੀ ਪੈਦਾ ਕਰ ਸਕੀ। ਹਾਲਾਂ ਕਿ ਅਦਾਰੇ ਦੀ ਪੂਰੀ ਫ਼ਿਜ਼ਾ ਵਿਚ ਕਿਊਮਨਿਸਟ ਵਿਚਾਰਧਾਰਾ ਦੀ ਹਨੇਰੀ ਸੀ।

ਮੇਰੀ ਇਹ ਪਰੇਸ਼ਾਨੀ ਪਤਾ ਨਹੀਂ ਕਿਵੇਂ ਜੋਸ਼ੀ ਸਾਹਿਬ ਭਾਂਪ ਗਏ।

"ਵਿਰਦੀ ਕਈ ਦਿਨਾਂ ਤੋਂ ਦੇਖ ਰਿਹਾ ਮੈਂ...ਕੰਮ 'ਚ ਧਿਆਨ ਨਹੀਂ ਦੇਵੇਂਗਾ

ਤਾਂ ਨੌਕਰੀ ਤੋਂ ਜਾਵੇਂਗਾ।"

"ਸਰ ਮੇਰੇ ਸਾਮ੍ਹਣੇ ਛੱਜੂ ਨਹੀਂ, ਇਨਸਾਫ਼ ਮੋਇਆ ਹੈ।"

"ਵਿਰਦੀ ਹੋਰਨਾਂ ਦੀ ਛੱਡ ਤੇ ਆਪਣੀ ਸੋਚ...।"

"ਘਟਨਾ ਪਿੱਛਾ ਨਹੀਂ ਛੱਡ ਰਹੀ ਸਰ!"

"ਫਿਰ ਕੀ ਚਾਹੁੰਨੇ ਤੂੰ?"

"ਪਤਾ ਨਹੀਂ, ਪਰ ਛੱਜੂ ਦੀ ਮੌਤ ਨਾਲ ਖੜ੍ਹਾਂ ਮੈਂ।"

"ਫੇਕਾ?"

"ਜੀ ਤੁਸੀਂ ਦੱਸੋ, ਕੀ ਵੱਸ ਐ ਮੇਰੇ?"

"ਫਿਰ ਤੇਰੇ ਤੇ ਅਖਾਉਤੀ ਹਮਦਰਦੀ 'ਚ ਫ਼ਰਕ ਕੀ ਹੋਇਆ।"

"ਸਰ, ਨਹੀਂ ਜਾਣਦਾ..."

"ਜਾਹ ਬਿਨਾਂ ਕਿਸੇ ਨੂੰ ਦੱਸੇ, ਛੱਜੂ ਦੇ ਟੱਬਰ ਬਾਰੇ ਡੀਟੇਲ ਪਤਾ ਕਰ।"

ਮੈਂ ਹੈਰਾਨੀ ਨਾਲ ਜੋਸ਼ੀ ਸਾਹਿਬ ਵੱਲ ਦੇਖਿਆ। ਉਹ ਮੁਸਕਾਅ ਰਹੇ ਸਨ।

ਮੈਨੂੰ ਚਾਅ ਚੜ੍ਹ ਗਿਆ।

ਉਸੇ ਸ਼ਾਮ ਮੈਂ ਪੁੱਛ ਕੇ ਛੱਜੂ ਦੇ ਪਿੰਡ ਗਿਆ। ਵਿਹੜੇ ਦੇ ਇਕ ਕੋਨੇ ਛੱਪੜ ਲਾਗੇ ਖ਼ਸਤਾਹਾਲ ਕੋਠੜੀ। ਘਰ 'ਚ ਛੱਜੂ ਦੀ ਪਤਨੀ ਰੁੱਕੋ, ਤਿੰਨ ਧੀਆਂ ਤੇ ਪਿੱਦਣੀ ਤੋਂ ਲੱਤ ਤੁੜਾਅ ਕੇ ਥੋੜ੍ਹੀ ਟੇਢ੍ਹੀ ਜੁੜ ਜਾਣ ਕਾਰਨ ਡਰਾਈਵਰੀ ਛੱਡ ਚੁੱਕਾ ਪਿਤਾ ਮਾਧੋ।

ਜੋਸ਼ੀ ਸਾਹਿਬ ਕਮਿਸਟਰੀ ਵਿਭਾਗ ਦੇ ਮੁਖੀ ਅਤੇ ਚੀਫ਼ ਤੱਕ ਪਹੁੰਚ ਵਾਲੇ ਸਨ। ਅੰਦਰਖਾਤੇ ਉਹ ਕੋਈ ਢਾਹ-ਭੰਨ ਕਰ ਚੁੱਕੇ ਸਨ। ਮੈਨੂੰ ਉਦੋਂ ਪਤਾ ਲੱਗਾ, ਜਦੋਂ ਉਹਨਾਂ ਤਰਸ ਦੇ ਆਧਾਰ 'ਤੇ ਮਾਧੋ ਲਈ ਸੇਵਾਦਾਰ ਦੀ ਨੌਕਰੀ ਪੱਕੀ ਕਰਵਾ ਲਈ। ਉਜਰਤ ਭਾਵੇਂ ਮਸਟਰੋਲ ਦੇ ਦਰਾਂ ਅਨੁਸਾਰ ਸੀ ਪਰ ਉਮਰ ਦੀ ਹੱਦ ਤੋਂ ਪਹਿਲਾਂ ਕੱਢੇ ਜਾਣ ਤੋਂ ਮੁਕਤ ਸੀ। ਮੈਨੂੰ ਖ਼ੁਸ਼ੀ ਹੋਈ। ਮੈਂ ਜੋਸ਼ੀ ਸਾਹਿਬ ਦੇ ਪੈਰੀਂ ਹੱਥ ਲਾਏ।

ਖ਼ਬਰ ਫ਼ੈਲਦੇ ਯੂਨੀਅਨ ਹੱਥ ਚੱਬਣ ਲੱਗੀ।

ਦੂਜੇ ਦਿਨ ਪ੍ਰਧਾਨ ਆ ਖੜ੍ਹਿਆ।

"ਨਹੀਂ ਹਟਿਆ ਵਿਰਦੀ...ਤੈਨੂੰ ਕਿਹਾ ਸੀ ਉਤੋਂ ਦੀ ਵਾਰ ਨਾ ਕਰੀਂ।"

ਮੈਂ ਹੱਥ ਜੋੜੇ। "ਰੱਬ ਦਾ ਵਾਸਤਾ ਮੈਂ ਕੁਝ ਨਹੀਂ ਕੀਤਾ।"

"ਛੱਜੂ ਭੂਆ ਦਾ ਪੁੱਤ ਐ ਜੋਸ਼ੀ ਦਾ? ਤੂੰ ਕੀ ਸਮਝਦੈਂ ਤੇਰੇ ਜਿਹੇ ਟਟਪੂੰਜੀਏ ਨੂੰ ਕਰਨ ਦਿਆਂਗੇ ਪਾਲੇਟਿਕਸ?" ਉਹ ਹੜਿਆ ਪਿਆ ਸੀ।

ਮੇਰੀ ਹਰ ਮਿੰਨਤ ਨੂੰ ਮਿੱਧਦਾ ਉਹ ਖ਼ਮਿਆਜ਼ਾ ਭੁਗਤਣ ਲਈ ਆਖ ਚਲਾ ਗਿਆ।

ਉਧਰ ਜਿਤਨੀ ਵਾਰ ਮੈਂ ਛੱਜੂ ਦੇ ਪਿੰਡ ਕਾਗਜ਼ ਪੱਤਰ ਲੈ ਕੇ ਗਿਆ। ਮਾਧੋ



ਬਾਰ ਮੂਹਰੇ ਬੈਠਾ ਮਿਲਿਆ। ਮੈਲੇ ਕੱਪੜੇ। ਉਲਝੀ ਦਾੜ੍ਹੀ। ਬੁਝੇਰੇ ਮੱਖੀਆਂ ਦਾ ਝੁੰਮਣਾ। ਬੀੜੀ ਦੇ ਧੂੰਏ ਨਾਲ ਧੁੰਆਂਖੀਆਂ ਮੁੱਛਾਂ। ਉਦਾਸ ਮੂੰਹ ਅਤੇ ਖ਼ਲਾਅ 'ਚ ਝਾਕਦੀਆਂ ਅੱਖਾਂ। ਕੱਚੀ ਕੋਠੜੀ ਨੇੜਿਉਂ ਛੱਪੜ ਦੀ ਸਿੱਲ੍ਹ ਅਤੇ ਕੱਲਰ ਦੀ ਹਮ੍ਹਾਂਕ ਨੱਕ ਨੂੰ ਚੜ੍ਹਦੀ।

ਦੇਖਦੇ ਹੀ ਮਾਧੋ ਮੇਰੇ ਪੈਰਾਂ ਵੱਲ ਨੂੰ ਲਪਕਦਾ। ਮੈਂ ਕਾਹਲੀ ਨਾਲ ਪਿਛਾਂਹ ਹਟਦਾ। ਟੁੱਟੇ ਮੰਜਿਆਂ ਵੱਲ ਇਸ਼ਾਰਾ ਕਰਦਾ ਝੁਰਨ ਲੱਗਦਾ।

"ਜੀ ਕਿੱਥੇ ਬਿਠਾਮਾਂ... ਤੁਸੀਂ ਧਰਮਸ਼ਾਲਾ ਦੇ ਥੜ੍ਹੇ 'ਤੇ ਚੱਲੋ... ਮੈਂ ਉਥੇ ਈ ਆਉਨਾ।"

"ਕਿਤੇ ਨੀ ਜਾਣਾ ਬਾਬਾ ਜੀ, ਐਥੇ ਈ ਬੈਠੂੰ ਮੈਂ।"

ਮੈਨੂੰ ਭੁੰਜੇ ਬੈਠਣ ਤੋਂ ਰੋਕਦਾ ਤਰਲੇ ਲੈਣ ਲੱਗਦਾ।

ਪਤਾ ਲੱਗਾ ਘਰ 'ਚ ਰੁੱਕੋ ਹੀ ਸੀ, ਜੋ ਗੋਹੇ-ਕੂੜੇ ਜਾਂ ਦਿਹਾੜੀ ਆਸਰੇ ਡੰਗ ਤੋਰਦੀ ਸੀ।

"ਇਹਨਾਂ ਕੰਜਕਾਂ ਦਾ ਕੀ ਬਣੂ ਸਾਊ?" ਘੱਟੇ 'ਚ ਖੇਡ੍ਹਦੀਆਂ ਬਾਲੜੀਆਂ ਵੱਲ ਹੱਥ ਕਰਦਾ ਮਾਧੋ ਲੇਰ ਮਾਰਦਾ। ਫਿਰ ਅਸਮਾਨ ਵੱਲ ਹੱਥ ਜੋੜ ਆਖਦਾ। "ਇਹਨਾਂ ਦਾ ਬੁਰਾ ਦੇਖਣ ਤੋਂ ਪਹਿਲਾਂ ਹੀ ਚੱਕ ਲਈ ਓਏ ਦਾਤਿਆ ਜੇ ਕਿਤੇ ਹੈਗੇਂ ਤਾਂ...।"

ਮਾਧੋ ਦੀ ਲੇਰ ਮੇਰਾ ਗੱਚ ਭਰ ਦਿੰਦੀ। ਅੰਦਰ ਵਾਢ੍ਹ ਪੈਂਦੀ। ਉਥੇ ਭੰਜਣ ਦੀ ਕਰਦਾ। ਵਿਹੜੇ ਦੇ ਲੋਕ ਮੈਨੂੰ ਸ਼ੱਕ ਨਾਲ ਦੇਖਦੇ। ਇਕ ਦਿਨ ਤਾਂ ਕਿਸੇ ਨੇ ਪੁੱਛ ਹੀ ਲਿਆ।

"ਬਾਈ ਜੀ! ਪੈਸਾ ਪੁਸਾ ਮਿਲੂ ਛੱਜੂ ਦਾ?"

"ਨਹੀਂ।"

"ਫਿਰ ਤੂੰ ਕੀ ਐਥੇ ਕਰਦੇਂ ਤੀਏ ਦਿਨ?"

ਜਿਸ ਦਿਨ ਨੌਕਰੀ ਦਾ ਪਰਵਾਨਗੀ ਪੱਤਰ ਲੈ ਕੇ ਮੈਂ ਤੇ ਜੋਸ਼ੀ ਸਾਹਿਬ ਛੱਜੂ ਦੇ ਪਿੰਡ ਗਏ; ਮੇਰਾ ਚਾਅ ਠੱਲ੍ਹਿਆ ਨਹੀਂ ਸੀ ਜਾਂਦਾ। ਵਿਹੜੇ ਦੇ ਬੰਦੇ ਤੀਵੀਆਂ, ਮੱਖੀਆਂ ਵਾਂਗ ਇੱਕਠੇ ਹੋ ਗਏ।

"ਐਮੇਂ ਤਾਂ ਨਹੀ ਕਹਿੰਦੇ ਸਰਕਾਰੂ ਬੰਦਾ ਮੋਇਆ ਸਵਾ ਲੱਖ ਦਾ।"

ਲੋਕ ਭਾਂਤੇ-ਭਾਂਤ ਦੀਆਂ ਛੱਡ ਰਹੇ ਸਨ। ਮੇਰੇ ਮਨੋਂ ਜਿਵੇਂ ਸੈਂਕੜੇ ਮਣ ਬੋਝ ਉੱਤਰ ਰਿਹਾ ਸੀ।

ਮਾਧੋ ਫਿਰ ਗ਼ੁਰਬਤ ਬਾਰੇ ਰੋਣ ਲੱਗਾ ਤਾਂ ਜੋਸ਼ੀ ਸਾਹਬ ਕਿਹਾ।

"ਫ਼ਿਕਰ ਨਾ ਕਰੋ ਬਾਬਾ ਜੀ, ਤੁਸੀਂ ਇਹ ਦੱਸੋ ਸੇਵਾਦਾਰ ਦੀ ਨੌਕਰੀ ਤਾਂ ਕਰ ਲਉਗੇ ਨਾ...।"

"ਕਿਉਂ ਨੀ ਸਾਊ...ਸਾਡੀਆਂ ਤਾਂ ਪੀੜ੍ਹੀਆਂ ਨੰਘ ਗਈਆਂ ਸੇਵਾ ਕਰਦਿਆਂ।" ਮਾਧੋ ਹੱਥ ਜੋੜੇ।

"ਨਹੀਂ, ਮੇਰਾ ਮਤਲਬ ਦਫ਼ਤਰ ਦੀ ਸਮਝਦਾਰੀ ਤੋਂ ਸੀ।"

ਇੱਕ ਛਿਣ ਮਾਧੋ ਦੀਆਂ ਪਲਕਾਂ ਉੱਠੀਆਂ। ਉਪਰਲੇ ਬੁੱਲ੍ਹ ਦਾ ਕੋਰ ਕੰਬਿਆ। ਦੇਹ 'ਚ ਧੁਰਧੁਰੀ ਆਈ ਅਤੇ ਸਿਰ ਝਟਕਦੇ ਕਿਹਾ।

"ਮੰਨਿਆ ਕੰਮੀ-ਕਮੀਣ ਆਂ ਸਾਊ! ਕੰਨ 'ਚ ਤਾਂ ਗਰਾਹੀ ਨੀ ਪਾਉਂਦੇ। ਤੇ ਗੱਲ ਸੁਣ। ਚੌਤੀ ਸਾਲ ਕੀਤੀ ਐ ਡਰਾਈਵਰੀ...ਟੈਰ ਨੂੰ ਲਹੂ ਨੀ ਲੱਗਣ ਦਿੱਤਾ। ਸਮਝਦਾਰੀ ਪੁੱਛਦੇ। ਸਮਝਦਾਰੀ ਕੀ ਜਗੀਰ ਐ ਕਿਸੇ ਦੀ?"

ਮੈਂ ਤੇ ਜੋਸ਼ੀ ਸਾਹਬ ਤ੍ਰੱਬਕ ਕੇ ਇਕ ਦੂਜੇ ਵੱਲ ਝਾਕੇ।

ਮੈਂ ਅੰਦਰੇ ਅੰਦਰ ਡਰਿਆ। ਮਾਧੋ ਦਾ ਇਹ ਰੂਪ ਮੈਂ ਪਹਿਲੀ ਵਾਰ ਦੇਖਿਆ। ਸੋਚਿਆ, ਜਿਹੜਾ ਜੋਸ਼ੀ ਸਾਹਿਬ ਨੂੰ ਇਤਨਾ ਪੁੱਠਾ ਅਤੇ ਰੁੱਖਾ ਬੋਲ ਸਕਦਾ ਸੀ। ਚਪੜਾਸ ਉਸ ਲਈ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਸੀ।

ਉਹ ਉਸੇ ਤਲਖ਼ੀ 'ਚ ਬੋਲ ਰਿਹਾ ਸੀ।

"ਦੇਖ ਸਾਊ, ਭੁੱਖੇ ਆਂ, ਗਰੀਬ ਆਂ... ਸੋਲਾਂ ਆਨੇ ਸੱਚ। ਇਹ ਤਾਂ ਸਾਲਾ ਰੱਬ ਦੇ ਗਿਆ ਧੋਖਾ, ਨਹੀਂ...।" ਅੱਗੋਂ ਉਹਦਾ ਰੋਣ ਨਿਕਲ ਆਇਆ।

ਮੈਨੂੰ ਸੋਚੀਂ ਪਿਆ ਦੇਖ, ਜੋਸ਼ੀ ਸਾਹਬ ਮੈਨੂੰ ਪਰ੍ਹਾਂ ਲੈ ਗਏ ਅਤੇ ਬੋਲੇ।

"ਕੀ ਹੋਇਆ?"

"ਸਰ ਇਹਦੀ ਬੋਲ-ਬਾਣੀ..."

"ਮੈਂ ਸਮਝ ਸਕਦਾਂ ਇਹਦੀ ਤਲਖ਼ੀ। ਕੋਈ ਨਾ, ਦੇਖਦੇ ਆਂ।"

ਅਗਲੇ ਦਿਨ ਸਮੇਂ ਸਿਰ ਆਉਣ ਲਈ ਆਖ ਤੁਰਨ ਲੱਗੇ ਤਾਂ ਮਾਧੋ ਕਿਹਾ।

"ਨਹੀਂ ਸਾਊ, ਆ ਨੀ ਹੋਣਾ।"

"ਕਿਉਂ?"

"ਕੁੜੀ ਕਿਤੋਂ ਚਾਰ ਛਿੱਲੜ ਲਿਆਊ, ਸ਼ੈਕਲ ਠੀਕ ਕਰਾਊਂ, ਤਾਂਹੀ ਆਊਂ।"

ਸਾਡਾ ਗੱਚ ਭਰ ਆਇਆ। ਇਤਨੇ ਬੇਬਾਕ ਲੋਕ ਕਿੱਥੇ ਸਨ?

ਜੋਸ਼ੀ ਸਾਹਿਬ ਕੁਝ ਪੈਸੇ ਦਿੱਤੇ ਤੇ ਕਿਹਾ। "ਸਾਈਕਲ ਠੀਕ ਕਰਾਓ ਤੇ ਕੱਲ੍ਹ ਨੂੰ ਕੰਮ 'ਤੇ ਆਓ।"

ਰਾਹ ਵਿਚ ਜੋਸ਼ੀ ਸਾਹਿਬ ਕਿਹਾ।

"ਮੈਨੂੰ ਇਹ ਫ਼ਿਕਰ ਨਹੀਂ ਇਹ ਬੋਲਦਾ ਕਿਵੇਂ ਐ। ਫ਼ਿਕਰ ਇਹ ਐ, ਇਤਨਾਂ ਮੂੰਹ-ਫੱਟ ਇਸ ਝੂਠ ਦੇ ਅਡੰਬਰ ਵਿਚ ਰਚ ਸਕੇਗਾ ਕਿ ਨਹੀਂ।"

ਅਗਲੇ ਦਿਨ ਹਾਜ਼ਰ ਹੋਣ ਤੇ ਮਾਧੋ ਬੌਟਨੀ ਵਿਭਾਗ 'ਚ ਭੇਜ ਦਿੱਤਾ ਗਿਆ।

ਮੈਂ ਹਾਲੇ ਸ਼ੁਕਰ ਹੀ ਕੀਤਾ ਸੀ ਕਿ ਵਿਭਾਗ ਨੇ ਵਾਪਸ ਭੇਜ ਦਿੱਤਾ। ਪਤਾ ਕੀਤਾ, ਕਹਿੰਦੇ ਕਿਸੇ ਪਾਣੀ ਮੰਗ ਲਿਆ। ਕਹਿੰਦਾ, "ਦੇਖ ਲਉ ਭਾਈ, ਮੈਂ ਬਾਲਮੀਕੀਆਂ 'ਚੋਂ ਆਂ ਸਾਊ।" ਕਮਾਲ ਦਾ ਆਦਮੀ ਸੀ। ਦਫ਼ਤਰ 'ਚ ਜਾਤੀ ਸੂਚਕ ਸ਼ਬਦ ਬੋਲ ਰਿਹਾ



ਸੀ। ਯੂਨੀਅਨ ਦੇ ਸੂਹੀਏ ਪਿੱਛੇ ਪਿੱਛੇ ਸਨ। ਉਹਨਾਂ ਰਹਿੰਦਾ ਸੀਖ ਦਿੱਤਾ। "ਦਫ਼ਾ ਕਰ ਜੀ ਐਹਾ ਜੇ ਨੂੰ।"

ਘਾਬਰ ਕੇ ਮੈਂ ਜੋਸ਼ੀ ਸਾਹਿਬ ਵੱਲ ਗਿਆ। ਉਨ੍ਹਾਂ ਤਹੱਮਲ ਤੋਂ ਕੰਮ ਲਿਆ ਅਤੇ ਪ੍ਰਬੰਧਕੀ ਅਮਲੇ ਨੂੰ ਆਖ ਸਾਡੇ ਵਾਲੇ ਦਫ਼ਤਰ ਵਿਚ ਹੀ ਮਾਧੋ ਦੀ ਡਿਊਟੀ ਲਗਵਾ ਦਿੱਤੀ। ਮੈਂ ਸੁਖ ਦਾ ਸਾਹ ਲਿਆ। ਜੋਸ਼ੀ ਸਾਹਿਬ ਸਾਡੇ ਦਫ਼ਤਰੀ ਅਮਲੇ ਨੂੰ ਲੈ ਕੇ ਮਾਧੋ ਨੂੰ ਕੰਮ ਸਮਝਾਇਆ।

"ਸਵੇਰੇ ਮੇਜ਼ ਕੁਰਸੀਆਂ ਦੀ ਝਾੜ-ਪੂੰਝ। ਦੋ ਟਾਈਮ ਚਾਹ ਪਾਣੀ। ਕਾਗਜ਼ ਪੱਤਰ ਦੀ ਏਧਰ ਓਧਰ ਪਹੁੰਚ। ਕੁਝ ਵੀ ਹੋਵੇ ਜਾਤ ਬਿਰਾਦਰੀ ਦੀ ਗੱਲ ਨਹੀਂ ਕਰਨੀ। ਨਾਗਾ ਨਹੀਂ ਪਾਉਣਾ। ਲੇਟ ਨਹੀਂ ਹੋਣਾ। ਦਫ਼ਤਰ ਦੇ ਸਾਰੇ ਕਰਮਚਾਰੀ ਪਰਿਵਾਰ ਐ ਤੁਹਾਡਾ। ਸਭ ਦਾ ਆਦਰ ਕਰਨਾ। ਉੱਚਾ ਨੀਵਾਂ ਤੇ ਰੁੱਖਾ ਨਹੀਂ ਬੋਲਣਾ। ਲੀੜੇ ਧੋਤੇ ਪਾ ਕੇ ਆਉਣੇ।"

ਫਿਰ ਜੋਸ਼ੀ ਸਾਹਬ ਦਫ਼ਤਰੀ ਅਮਲੇ ਨੂੰ ਹੱਥ ਜੋੜੇ ਤਾਂ ਕਰਮਚਾਰੀ ਖੜ੍ਹੇ ਹੋ ਗਏ। ਇਤਨੇ ਉੱਚੇ ਰੁਤਬੇ ਵਾਲਾ, ਮਾਮੂਲੀ ਸੇਵਾਦਾਰ ਲਈ ਹੱਥ ਜੋੜ ਰਿਹਾ ਸੀ। "ਸਰ ਹੱਥ ਨਾ ਜੋੜੋ, ਅਡਜਸਟ ਕਰਾਂਗੇ ਅਸੀਂ।" ਇਕ ਤਰ੍ਹਾਂ ਸਭ ਨੇ ਕਿਹਾ।

ਮੇਰੀ ਜਾਨ 'ਚ ਜਾਨ ਆਈ। ਛੱਜੂ ਨੂੰ ਕੁਝ ਤਾਂ ਇਨਸਾਫ਼ ਮਿਲਿਆ। ਪਰ ਤਕਾਲੀਂ ਫਿਰ ਮਨ ਬੁਝ ਗਿਆ।

ਯੂਨੀਅਨ ਲਿਖ ਕੇ ਦੇ ਦਿੱਤਾ, ਮਾਧੋ ਦੀ ਨਿਯੁਕਤੀ ਨਿਯਮਾਂ ਤੋਂ ਬਾਹਰੀ ਹੋਈ। ਪਰ ਮਸਟਰੋਲ ਵਿਚਾਲੇ ਕਾਰਨ ਇਤਰਾਜ਼ ਠੁੱਸ ਹੋ ਗਿਆ। ਯੂਨੀਅਨ ਹੇਠੀ ਮੰਨ ਗਈ।

ਮਾਧੋ ਲਈ ਡਿਊਟੀ ਦਾ ਮਤਲਬ ਨੌਂ ਤੋਂ ਪੰਜ ਨਹੀਂ ਸੀ। ਸਵੇਰ ਤੋਂ ਸ਼ਾਮ ਤੱਕ ਸੀ। ਉਸ ਲਈ ਰਜਿਸਟਰ ਦੇ ਨਿਕੇ ਖਾਨੇ ਵਿਚ ਹਾਜ਼ਰੀ ਲਾਉਣ ਦਾ ਮਤਲਬ ਵੀ ਵੱਡਾ ਸਾਰਾ ਮੰਮਾ ਅੱਖਰ ਲਿਖਣਾ ਹੀ ਸੀ। ਫਿਰ ਵੀ ਉਸ ਹਫ਼ਤੇ ਵਿਚ ਦਫ਼ਤਰ ਦੀ ਕਾਇਆ ਹੀ ਪਲਟ ਦਿੱਤੀ। ਫਾਈਲਾਂ ਨਾਲ ਭਰੀਆਂ ਅਲਮਾਰੀਆਂ ਕੰਧਾਂ ਨਾਲੋਂ ਖਿੱਚ ਪਿੱਛੋਂ ਜਾਲੇ ਲਾਹ, ਛੱਤ ਦੇ ਪੱਖੇ ਝਾੜ, ਕੋਨੇ ਵਿਚ ਪਏ ਹੀਟਰ ਦੁਆਲੇ ਡੁੱਲ੍ਹੀ ਚਾਹ ਦੀ ਕਾਈ ਤੋਂ ਲੈ ਕੇ ਕੰਧਾਂ ਅਤੇ ਬਾਹਰਲੇ ਫ਼ਰਸ਼ ਤੱਕ ਸਭ ਕੁਝ ਲਿਸ਼ਕਾ ਕੇ ਰੱਖ ਦਿੱਤਾ।

ਜਦ ਨੂੰ ਸਟਾਫ਼ ਆਉਂਦਾ, ਕੁਰਸੀਆਂ ਮੇਜ਼ ਸਾਫ਼। ਕੂਲਰਾਂ 'ਚ ਪਾਣੀ ਅਤੇ ਅਗਰਬੱਤੀਆਂ ਧੁਖ਼ ਰਹੀਆਂ ਹੁੰਦੀਆਂ। ਸਟੇਨੋ ਚਾਰਵੀ ਕਿਹਾ ਵੀ, "ਬਾਬਾ ਜੀ ਫ਼ਰਸ਼ਾਂ ਦੀ ਸਫ਼ਾਈ ਸਵੀਪਰਾਂ ਦਾ ਕੰਮ ਐ, ਤੁਸੀਂ ਕਿਉਂ ਮੱਥਾ ਮਾਰਦੇ ਓ?"

"ਕੋਈ ਨਾ ਸਾਊ! ਉਹ ਬੀ ਤਾਂ ਮੇਰੇ ਅਰਗੇ ਐ।"

ਇਸਦੇ ਬਾਵਜੂਦ ਇਕ ਦਿਨ ਹੈੱਡ ਸਾਹਿਬ ਤਲਖ਼ ਹੋ ਗਏ।

"ਟੇਬਲ 'ਤੇ ਪਾਣੀ ਦਾ ਗਿਲਾਸ ਕਿਉਂ ਨਹੀਂ ਭਰ ਕੇ ਰੱਖਦਾ।"

"ਤੋਂ ਬਹਿਆ ਜ਼ਰੂਰ ਪੀਣੈ? ਤੂੰ ਬੀਹ ਬੇਰੀ ਮੰਗ,...ਪਾਣੀ ਸਹੁਰੇ ਦਾ ਕੀ ਐ...

ਮੈਂ ਤਾਂ ਰਾਹ ਜਾਂਦੇ ਨੂੰ ਪਿਆ ਦਿਆਂ।"

ਹੈੱਡ ਸਾਹਿਬ ਅਤੇ ਦਫ਼ਤਰੀ ਅਮਲਾ ਮਾਧੋ ਦੇ ਮੂੰਹ ਵੱਲ ਦੇਖਦਾ ਰਹਿ ਗਿਆ। ਸਟੈਨੋ ਚਾਰਵੀ ਨੂੰ ਹੁਕਮ ਹੋਇਆ।

"ਰਜਿਸਟਰਾਰ ਨੂੰ ਤੁਰੰਤ ਇਹਦੀ ਬਦਲੀ ਲਈ ਲਿਖੋ। ਅਫ਼ਸਰ ਨੂੰ ਸਭ ਦੇ ਸਾਮ੍ਹਣੇ ਤੂੰ ਆਖ ਸੰਬੋਧਨ ਕੀਤਾ। ਔਰ ਇਤਰਾਜ਼ ਦਸਤੀ ਲੈ ਕੇ ਜਾਓ।"

ਜਿਵੇਂ ਹੀ ਮੈਨੂੰ ਅਤੇ ਜੋਸ਼ੀ ਸਾਹਿਬ ਨੂੰ ਪਤਾ ਲੱਗਾ। ਅਸੀਂ ਸਿਰ ਫੜ ਕੇ ਬੈਠ ਗਏ। ਜਦ ਤਕ ਅਸੀਂ ਹੈੱਡ ਸਾਹਬ ਦਾ ਤਰਲਾ ਮਿੰਨਤ ਕਰਦੇ। ਰਜਿਸਟਰਾਰ ਸਾਹਬ ਮਾਧੋ ਤਲਬ ਕਰ ਲਿਆ। ਮੈਂ ਤੇ ਜੋਸ਼ੀ ਸਾਹਿਬ ਰਜਿਸਟਰਾਰ ਆਫ਼ਿਸ ਵੱਲ ਦੌੜੇ। ਜਦ ਨੂੰ ਅਸੀ ਪੁੱਜੇ, ਮਾਧੋ ਉਡੀਕ ਕਮਰੇ 'ਚ ਭੁੰਜੇ ਬੈਠਾ ਸੀ।

"ਹੱਦ ਹੋ ਗਈ, ਭੁੰਜੇ ਕਿਉਂ ਬੈਠ ਗਏ? ਉਠੋ ਸੋਫ਼ੇ ਤੇ ਬੈਠੋ।"

ਜੋਸ਼ੀ ਸਾਹਿਬ ਕਿਹਾ।

"ਬੈਠਾਂ ਗੇ ਸਾਊ! ਜਿੱਦੇਂ ਰੱਬ ਬਿਠਾਊ, ਹਾਲੇ ਤਾਂ ਕਹਿੰਦੇ ਝਿੜਕ-ਝੁੜਕ ਲਈ ਸੱਦਿਆ ਸਾਹਬ ਨੇ।" ਤਦੇ ਅੰਦਰ ਆਉਣ ਲਈ ਹਾਕ ਪੈ ਗਈ।

ਸਾਹਬ ਕਿਸੇ ਫਾਈਲ 'ਤੇ ਝੁਕੇ ਹੋਏ ਸਨ। ਉਪਰ ਝਾਕੇ ਤੇ ਬੋਲੇ।

"ਜੋਸ਼ੀ ਆਹ ਤੇਰੇ ਬਾਬੇ ਨੇ ਕੀ ਪੰਗਾ ਖੜ੍ਹਾ ਕਰ ਲਿਆ? ਮੁਖੀ ਨੂੰ ਤੂੰ-ਤੂੰ ਕਰਕੇ ਈ ਬੋਲੀ ਜਾਂਦੈ। ਸਮਝਾ ਇਹਨੂੰ।"

"ਜੀ ਸਰ!"

"ਇਸ ਵਾਰ ਵਾਰਨਿੰਗ ਐ...ਅਗਲੀ ਵਾਰ ਨਹੀਂ।"

"ਚਲੋ ਮਾਧੋ ਜੀ!" ਜੋਸ਼ੀ ਸਾਹਿਬ ਮੋਢ੍ਹਾ ਫੜਦਿਆਂ ਕਿਹਾ।

"ਬੱਸ ਐਨੀ ਗੱਲ ਸੀ?" ਮਾਧੋ ਗੱਡਿਆ ਖੜ੍ਹਾ ਸੀ।

"ਹਾਂ ਆਹੀ ਗੱਲ ਸੀ...ਚਲੋ ਤੁਸੀਂ।"

ਰਜਿਸਟਰਾਰ ਤਲਖ਼ ਜਿਹਾ ਮਾਧੋ ਵੱਲ ਝਾਕੇ।

"ਹੋ ਗਿਆ ਨਬੇੜਾ ਮਾਧੋ ਜੀ, ਚੱਲੋ ਤੁਸੀਂ...।" ਜੋਸ਼ੀ ਸਾਹਿਬ ਮਾਧੋ ਨੂੰ ਕਾਹਲੀ ਨਾਲ ਧੱਕ ਰਹੇ ਸਨ।

ਤਦੇ ਰਜਿਸਟਰਾਰ ਸਾਹਬ ਕੁਰਸੀ ਤੋਂ ਉੱਠੇ। ਨੇੜੇ ਆਏ, ਨਰਮੀਂ ਨਾਲ ਮਾਧੋ ਦੇ ਮੋਢੇ 'ਤੇ ਹੱਥ ਰੱਖਿਆ ਅਤੇ ਕਿਹਾ।

"ਸ਼ਿਕਾਇਤ ਆਈ ਐ ਬਾਬਾ ਤੇਰੇ ਖਿਲਾਫ਼।"

"ਕਾਸਦੀ?" ਮਾਧੋ ਹੈਰਾਨ ਸੀ।

"ਬਈ ਤੂੰ ਮੁਖੀ ਸਾਹਿਬ ਨੂੰ ਪਾਣੀ ਬਦਲੇ ਤੂੰ ਕਰਕੇ ਬੋਲਿਆ।"

"ਮਾਧੋ ਜੀ ਸਾਹਬ ਕਹਿੰਦੇ ਦਫ਼ਤਰਾਂ 'ਚ ਵੱਡੇ ਅਫ਼ਸਰਾਂ ਨੂੰ ਤੂੰ-ਤੂੰ ਨਹੀਂ ਆਖੀਦਾ।" ਜੋਸ਼ੀ ਸਾਹਿਬ ਜ਼ੋਰ ਦੇ ਕੇ ਕਿਹਾ।



"ਹੋਰ ਕੀ ਕਹਾਂ? ਸੋਡੇ ਲਈ ਹੋਊ ਅਫ਼ਸਰ, ਮੇਰਾ ਤਾਂ ਦਾਤੈ। ਸਿਰ ਦਾ ਸਾਈਂ ਐ। ਰੱਬ ਐ ਭਾਈ! ਆਪਾਂ ਤਾਂ ਰੱਬ ਨੂੰ ਬੀ ਤੂੰ ਹੀ ਕਹੀਦੈ। ਬਈ ਤੂੰ ਹੀ ਐਂ ਦਾਤਿਆ! ਤੇਰਾ ਈ ਆਸਰੈ। ਮੈਂ ਤਾਂ ਸਾਊ ਰੱਬ ਸਮਝ ਕੇ ਕਿਹਾ। ਅੱਗੋਂ ਨਾ ਸਹੀ।"

ਖੜ੍ਹਾ ਹੋਇਆ ਮਾਧੋ ਬਾਹਰ ਜਾਣ ਲਈ ਪਰਤਿਆ ਅਤੇ ਬੁੜਬੜਾਇਆ। "ਆਹੀ ਗੱਲ ਸੀ ਤਾਂ ਉਥੇ ਈ ਪੁੱਛ ਲੈਂਦਾ, ਸਹੁਰੇ ਨੇ ਊਈਂ ਪਹਾੜ ਬਣਾ ਲਿਆ।"

ਕਮਰੇ 'ਚ ਏ.ਸੀ. ਚੱਲ ਰਿਹਾ ਸੀ। ਅੱਖ ਝਪਕਦੇ ਹਵਾ ਬੋਝਲ ਹੋ ਗਈ। ਹੈਰਾਨੀ ਵਿਚ ਅਸੀਂ ਇੱਕ ਦੂਜੇ ਵੱਲ ਝਾਕੇ। ਰਜਿਸਟਰਾਰ ਸਾਹਿਬ ਦੀ ਸਿਆਣਪ ਇਕ ਦਮ ਜੰਗਲੀ ਅਤੇ ਮਾਧੋ ਮੂਹਰੇ ਹੁੰਦੇ ਬੋਲੇ।

"ਪਰ ਬਾਬਾ ਦਫ਼ਤਰਾਂ ਦੇ ਅਫ਼ਸਰ ਰੱਬ ਨਹੀਂ ਹੁੰਦੇ।"

"ਹੁੰਦੇ ਕਿਉਂ ਨਹੀਂ? ਰੋਟੀ ਨੀ ਖਾਂਦੇ ਅਸੀਂ ਉਹਨਾਂ ਸਿਰੋਂ। ਮੇਰੇ ਲਈ ਤਾਂ ਤੂੰ ਬੀ ਰੱਬ ਐਂ ਸਾਊ! ਅਰ ਆਹ ਬਾਊ ਜੀ।" ਉਹਨੇ ਜੋਸ਼ੀ ਸਾਹਿਬ ਵੱਲ ਇਸ਼ਾਰਾ ਕੀਤਾ। "ਇਹ ਤਾਂ ਸਾਰਿਆਂ ਤੋਂ ਉੱਤੇ ਐ, ਜੀਹਨੇਂ ਬਾਂਹ ਫੜੀ ਗ਼ਰੀਬ ਦੀ...।"

ਜੋਸ਼ੀ ਸਾਹਿਬ ਨੂੰ ਸ਼ਰਮ ਆਈ। ਪਾਗਲ ਅਫ਼ਸਰ ਸਾਮ੍ਹਣੇ ਉਹਦੀ ਤਾਰੀਫ਼ ਕਰ ਰਿਹਾ ਸੀ।

ਸਭ ਮਾਧੋ ਦੀ ਮਾਸੂਮੀਅਤ 'ਤੇ ਤਰਸ ਨਾਲ ਭਰ ਗਏ ਅਤੇ ਚਿਹਰਿਆਂ 'ਤੇ ਮੁਸਕਾਨ ਖਿੱਲਰ ਗਈ। ਕੈਸਾ ਆਦਮੀ ਸੀ? ਅਫ਼ਸਰਾਂ ਨੂੰ ਰੱਬ ਸਮਝ ਰਿਹਾ ਸੀ।

ਰਜਿਸਟਰਾਰ ਸਾਹਿਬ ਨੇ ਸਭ ਨੂੰ ਬੈਠਣ ਲਈ ਕਿਹਾ ਅਤੇ ਘੰਟੀ ਵਜਾਈ।

"ਬਦਰੀ ਚਾਹ ਪਿਆ ਬਈ ਸਾਰਿਆਂ ਨੂੰ।"

ਅਸੀਂ ਕੁਰਸੀਆਂ 'ਤੇ ਬੈਠ ਗਏ ਤਾਂ ਮਾਧੋ ਦਰਵਾਜ਼ੇ ਲਾਗ ਜਾ ਕੇ ਫਿਰ ਭੁੰਜੇ ਬੈਠਣ ਲੱਗਾ। ਮੈਂ ਕਿਹਾ।

"ਮਾਧੋ ਜੀ ਭੁੰਜੇ ਨਹੀਂ...ਕੁਰਸੀ 'ਤੇ।"

"ਬੈਠਾਂਗੇ ਸਾਊ... ਜਿੱਦੇਂ ਓਹਨੇ ਬਿਠਾਇਆ।" ਉਹਨੇ ਉੱਪਰ ਵੱਲ ਉਂਗਲ ਕੀਤੀ। "ਬੰਦੇ ਸਹੁਰੇ ਦਾ ਕੀ ਐ? ਘੜੀ 'ਚ ਕਹੂ ਬੈਠ ਜਾ, ਘੜੀ 'ਚ ਕਹੂ ਉੱਠ ਖੜ੍ਹ।"

ਜੋਸ਼ੀ ਸਾਹਿਬ ਨੂੰ ਲੱਗਾ, ਮਾਧੋ ਕੁਝ ਵੀ ਆਖ ਕੇ ਬਣੀ ਬਣਾਈ ਵਿਗਾੜ ਸਕਦਾ ਸੀ। ਉਹਨਾਂ ਮੁਆਫ਼ੀ ਮੰਗਦੇ ਕਿਹਾ।

"ਸਰ ਚਾਹ ਫ਼ਿਰ ਕਦੇ...ਅੱਜ ਛੁੱਟੀ ਦਿਉ।"

ਅਸੀਂ ਸ਼ੁਕਰ-ਸ਼ੁਕਰ ਕਰਦੇ ਚਲੇ ਆਏ।

ਬਾਦ 'ਚ ਪਤਾ ਲੱਗਾ, ਰਜਿਸਟਰ ਸਾਹਿਬ ਨੇ ਸ਼ਿਕਾਇਤ 'ਤੇ ਜੋ ਨੋਟ ਲਿਖਿਆ, ਉਹ ਹੈਰਾਨ ਕਰਨ ਵਾਲਾ ਸੀ।

'ਉਪਰੋਕਤ ਦੇ ਸੰਬੰਧ ਵਿਚ ਮੁਖੀ ਪ੍ਰਤੀ ਸੇਵਾਦਾਰ ਮਾਧੋਰਾਮ ਦੁਆਰਾ ਪ੍ਰਗਟ ਕੀਤੀ ਇੱਜ਼ਤ ਅਤੇ ਅਕੀਦਤ ਟਾਕਰੇ, ਸ਼ਿਕਾਇਤ ਨਿਰਮੂਲ ਹੈ।'

ਇਸ ਖ਼ਬਰ ਨੇ ਪੂਰੇ ਅਦਾਰੇ ਦੀ ਦਫ਼ਤਰੀ ਫ਼ਿਜ਼ਾ ਨੂੰ ਝੰਜੋੜ ਕੇ ਰੱਖ ਦਿੱਤਾ। ਸਭ ਤੋਂ ਵੱਧ ਤਕਲੀਫ਼ ਯੂਨੀਅਨ ਨੂੰ ਹੋਈ। ਉਸੇ ਸ਼ਾਮ ਵੱਖ-ਵੱਖ ਥਾਈਂ ਟੀਚਰ ਅਤੇ ਕਰਮਚਾਰੀ ਯੂਨੀਅਨਾਂ ਦੀਆਂ ਗੁਪਤ ਮੀਟਿੰਗਾਂ ਵਿਚ ਰਜਿਸਟਰਾਰ ਖ਼ਿਲਾਫ਼ ਇਸ ਮੁੱਦੇ ਨੂੰ ਉਛਾਲਿਆ ਗਿਆ ਕਿ ਅਫ਼ਸਰ ਨੂੰ ਮਤਾਹਿਤ ਵੱਲੋਂ ਤੂੰ ਸੰਬੋਧਨ ਨੂੰ ਪ੍ਰਵਾਨਗੀ, ਬੇਹੱਦ ਖ਼ਤਰਨਾਕ ਸਾਬਤ ਹੋ ਸਕਦੀ ਸੀ। ਮਤੇ ਪਾਸ ਕੀਤੇ ਗਏ, ਅਜਿਹੇ ਨਿਪਟਾਰੇ ਪ੍ਰੋਟੋਕੋਲ ਅਤੇ ਅਨੁਸ਼ਾਸਨ ਦੀਆਂ ਧੱਜੀਆਂ ਉਡਾਉਣ ਦੇ ਤੁੱਲ ਸਨ।

ਮੈਂ ਫ਼ਿਕਰ ਨਾਲ ਭਰ ਗਿਆ।

ਜੋਸ਼ੀ ਸਾਹਿਬ ਕਿਹਾ।

"ਵਿਰਦੀ ਗਲਤ ਜਗ੍ਹਾ ਆ ਗਿਆ ਇਹ ਬੰਦਾ। ਇਹਦਾ ਖਿਆਲ ਰੱਖ।"

ਉਹੋ ਗੱਲ ਹੋਈ।

ਇਕ ਦਿਨ ਮਾਧੋ ਦੇਰ ਨਾਲ ਆਇਆ। ਨਾ ਛੁੱਟੀ ਨਾ ਇਤਲਾਹ।

ਸਟੈਨੋ ਚਾਰਵੀ ਪ੍ਰਸੂਤਾ ਛੁੱਟੀ 'ਤੇ ਸੀ। ਪਤਾ ਨਹੀਂ ਮਾਧੋ ਨੇ ਕਿੱਥੋਂ ਸੁਣਿਆ। ਚਾਰਵੀ ਨੂੰ ਵੱਡੇ ਅਪਰੇਸ਼ਨ ਨਾਲ ਬੱਚਾ ਪੈਦਾ ਹੋਇਆ। ਪਹਿਲਾਂ ਤਾਂ ਮਾਂ ਨੂੰ ਦੁੱਧ ਨਾ ਉਤਰਿਆ, ਉੱਤੋਂ ਬੱਚਾ ਪੀਲੀਏ ਦਾ ਗਰਿਫ਼ਤ ਵਿਚ ਆ ਗਿਆ।

ਉਹ ਲੇਟ ਆਇਆ ਤਾਂ ਮੈਂ ਖੜਾ ਹੋਇਆ।

"ਹੱਦ ਹੋ ਗਈ। ਕੱਲ੍ਹ ਬਾਦ ਦੁਪਹਿਰ ਤੋਂ ਹੈ ਨਹੀਂ ਤੂੰ, ਸ਼ਾਮੀ ਮੈਨੂੰ ਦਫ਼ਤਰ ਬੰਦ ਕਰਨਾ ਪਿਆ। ਸਵੇਰੇ ਖੋਲ੍ਹਿਆ।"

"ਤਾਂ ਕੀ ਕੰਢਾ ਭੁਰ ਗਿਆ ਤੇਰਾ?" ਉਹ ਉੱਖੜ ਕੇ ਬੋਲਿਆ।

ਦਫ਼ਤਰ ਦੇ ਲੋਕ ਉਸ ਵੱਲ ਹਕਾਰਤ ਨਾਲ ਝਾਕੇ।

"ਜਾਣਾ ਸੀ ਤਾਂ ਛੁੱਟੀ ਲੈਂਦਾ, ਦੱਸ ਕੇ ਜਾਂਦਾ।"

"ਕੀਹਨੂੰ?"

"ਦਫ਼ਤਰ ਨੂੰ, ਹੋਰ ਕੀਹਨੂੰ?"

"ਬਾਹ ਓਏ ਤੇਰੇ, ਉਧਰ ਭੇਰਾ ਭਰ ਜੁਆਕੜੀ ਢਿੱਡ ਪੜਵਾਈ ਬੈਠੀ ਐ। ਜੁਆਕ ਪੀਲੀਏ ਨਾਲ ਮਰਨ ਡਿਹਾ। ਮੈਂ ਕੰਧਾਂ ਨੂੰ ਪੁੱਛੀ ਜਾਂਦਾ, ਪਈ ਜਾਵਾਂ ਕਿ ਨਾ।"

"ਤੁਸੀਂ ਚਾਰਵੀ ਵੱਲ ਗਏ?" ਮੈਂ ਇਕ ਦਮ ਆਦਰ ਨਾਲ ਕਿਹਾ।

"ਕਾਹਨੂੰ ਸਾਊ! ਪਹਿਲਾਂ ਨੌਂ ਗਜ਼ੇ ਪੀਰ ਵਾਲੇ ਸਾਈਂ ਤੋਂ ਪੀਲੀਏ ਦਾ ਧਾਗਾ ਕਰਵਾਇਆ। ਸਵੇਰੇ ਦੇਣ ਗਿਆ। ਸਹੁਰਾ ਘਰ ਈ ਨਾ ਲੱਭੇ। ਲੱਭਿਆ ਤਾਂ ਪਤਾ ਲੱਗਾ ਜੁਆਕੜੀ ਨੂੰ ਅੰਮ੍ਰਿਤ ਨੀ ਉੱਤਰਿਆ। ਸਾਊ! ਮੈਂ ਤਾਂ ਫਿਰ ਪਿੰਡ ਆਇਆ। ਗਡਰੀਆਂ ਘਰੋਂ ਬੱਕਰੀ ਦਾ ਦੁੱਧ ਲਿਆ। ਜੁਆਕ ਤਾਂ ਸਹੁਰਾ ਝੱਪ-ਝੱਪ ਕਰਕੇ ਪੀ ਗਿਆ। ਮੈਂ ਖਿਆ ਤਕੜਾ ਹੋ ਪੁੱਤਰਾ, ਪੀ ਕਿੰਨਾ ਕੁ ਪੀਨਾਂ ਐਂ। ਤੁਸੀਂ ਦੱਸੋ, ਪਹਿਲਾਂ ਚਾਹ ਪਿਆਵਾਂ ਹੁਣ ਸਭ ਨੂੰ?"



ਦਫ਼ਤਰ ਨੇ ਸਾਹ ਰੋਕ ਕੇ ਇਹ ਸਭ ਸੁਣਿਆ ਅਤੇ ਇਕ ਦੂਜੇ ਵੱਲ ਇਸ ਸ਼ਰਮ ਨਾਲ ਝਾਕਿਆ, ਇਹ ਮਾਧੋ ਕਿਸ ਮਿੱਟੀ ਦਾ ਸੀ? ਉਸ ਬਾਰੇ ਕੁਝ ਵੀ ਸੋਚਿਆ ਗ਼ਲਤ ਹੋ ਨਿੱਬੜਦਾ ਸੀ।

ਇਹ ਖ਼ਬਰ ਅੱਗ ਦੀ ਤਰ੍ਹਾਂ ਪਹਿਲਾਂ ਪੂਰੀ ਬਿਲਡਿੰਗ ਵਿਚ ਫ਼ੈਲੀ। ਫਿਰ ਚੁਆਤੀ ਬਣ ਕੇ ਯੂਨੀਅਨ ਦੇ ਕੱਖਾਂ ਵਿਚ ਜਾ ਡਿੱਗੀ।

ਪ੍ਰਧਾਨ ਤੜਪ ਉੱਠਿਆ।

"ਬੱਕਰੀ ਦੇ ਦੁੱਧ ਨੇ ਖਾਪੀ ਕੜ੍ਹੀ। ਇਹ ਟੁਣੇ ਟੋਜਰ ਵਾਲਾ ਕੁੱਤ-ਖਾਨਾਂ ਨਹੀਂ ਚੱਲਣ ਦੇਣਾ ਅਸੀਂ।"

ਅਗਲੀ ਸਵੇਰ ਦੁੱਧ ਲੈ ਕੇ ਮਾਧੋ ਫਿਰ ਚਾਰਵੀ ਦੇ ਜਾ ਖੜ੍ਹਾ। ਚਾਰਵੀ ਦੇ ਪਤੀ ਕਿਹਾ। "ਤੁਸੀਂ ਖੇਚਲ ਨਹੀਂ ਕਰਨੀ ਬਾਬਾ ਜੀ, ਮੈਂ ਲੈ ਕੇ ਆਊਂ ਆਪੇ।"

"ਪਹਿਲਾਂ ਕਿੱਥੇ ਗਿਆ ਸੀ ਤੂੰ? ਹੁਣ ਮੈਂ ਲਿਆਊਂ ਆਪੇ। ਲੱਖ ਵੇਰ ਲਿਆ ਸਾਊ! ਪਰ ਮੇਰੇ ਪਿੱਛੋਂ ਤਾਂ ਮੈਂ ਈ ਲਿਆਊਂ।"

ਮਾਧੋ ਅੜ ਗਿਆ।

ਦਫ਼ਤਰ ਮਾਧੋ ਲਈ ਇਸ ਗੱਲੋਂ ਕਿਰਤੱਗ ਸੀ। ਮੀਲਾਂ ਦਾ ਪੈਂਡਾ ਝਾਘ ਕੇ ਪਹਿਲਾਂ ਚਾਰਵੀ ਕੇ ਜਾਂਦਾ। ਫਿਰ ਟਾਈਮ ਸਿਰ ਦਫ਼ਤਰ ਆਉਂਦਾ। ਇਕ ਦਿਨ ਚੋੜ ਨਾਲ ਮਿਸਜ਼ ਬਾਸੂ ਕਿਹਾ।

"ਮਾਧਵ ਜੀ! ਜਬ ਮੇਰੇ ਲਰਕਾ ਹੂਆ ਤਬ ਬੀ ਆਉਗੇ?"

"ਤੋਂ ਪੀਲੀਏ ਆਲਾ ਜੁਆਕ ਜੰਮਣੈ?" ਗੱਲ ਹਾਸੇ 'ਚ ਪੈ ਗਈ। ਫਿਰ ਵੀ ਮੈਨੂੰ ਅੰਦਰ ਖਾਤੇ ਪਛਤਾਵਾ ਹੋਇਆ। ਖਾਹ-ਮਖਾਹ ਮਾਧੋ ਦੀ ਦੱਦ ਲਾ ਲਈ।

ਹੈੱਡ ਸਾਹਿਬ ਨੂੰ ਮਾਧੋ ਨੇ ਭਾਵੇਂ ਰੱਬ ਦਾ ਦਰਜਾ ਦੇ ਕੇ ਸਦਾ ਲਈ ਮੁੱਲ ਲੈ ਲਿਆ ਸੀ; ਪਰ ਅੰਦਰੇ ਅੰਦਰ ਮਾਧੋ ਤੋਂ ਮੱਚੇ ਪਏ ਸਨ।

ਇਕ ਦਿਨ ਉਹਨਾਂ ਆਉਂਦੇ ਹੀ ਮਾਧੋ ਨੂੰ ਆਪਣੇ ਦਰਵਾਜ਼ੇ ਤੋਂ ਹਟ ਕੇ ਬੈਠਣ ਲਈ ਕਿਹਾ। ਇਤਰਾਜ਼ ਸੀ, ਬੇਵਜਾ ਨੱਕ ਸਿਣਕ ਕੇ ਕੰਧਾਂ ਲਿੱਪਣ ਦੀ ਕੀ ਤੁਕ। ਮਾਧੋ ਹਟ ਕੇ ਬੈਠਣ ਲੱਗਾ।

ਇਸਦੇ ਬਾਵਜੂਦ ਮੈਨੂੰ ਹਮੇਸ਼ਾਂ ਡਰ ਰਹਿੰਦਾ, ਮਾਧੋ ਕਦੇ ਵੀ ਕੋਈ ਮੁਸ਼ਕਿਲ ਖੜ੍ਹੀ ਕਰ ਸਕਦਾ ਸੀ। ਹਾਲਾਂ ਕਿ ਦਫ਼ਤਰ ਦੀਆਂ ਮੇਡਮਾਂ ਮਾਧੋ ਦੇ ਵਿਵਹਾਰ ਤੋਂ ਸੁਆਦ ਲੈਣ ਲੱਗੀਆਂ ਸਨ। ਸਭ ਮਾਧੋ ਦਾ ਕੁਝ ਨਾ ਕੁਝ ਸੁਣਨ ਨੂੰ ਲੋਚਦੇ। ਸਭ ਤੋਂ ਵੱਧ ਸਾਂਤੀ ਅਰੋੜਾ ਸੀ। ਦੂਜੇ ਤਲਾਕ ਤੋਂ ਬਾਦ ਛੜੀ ਸੀ। ਜਿਵੇਂ ਹੀ ਮਾਧੋ ਵਿਹਲਾ ਦੇਖਦੀ ਆਖਦੀ।

"ਬਾਬਾ ਜੀ ਸੁਣਾਓ ਕੋਈ ਭੋਲੇ ਸ਼ੰਕਰ ਦੀ।"

ਮਾਧੋ ਅਕਸਰ ਚੁੱਪ ਰਹਿੰਦਾ। ਬਹੁਤਾ ਜ਼ਿੱਦ ਕਰਦੀ ਤਾਂ ਆਖਦਾ।

"ਭੋਲੇ ਦੇ ਚਾਅ 'ਚ ਉਈਂ ਨਾ ਟੰਗ ਲੀ ਖੁੰਗਾਂ ਨਾਲ ਢੋਲਕੀ। ਦੇਵੀ ਦੇਵਤੇ

ਤਾਂ ਦੂਰ ਈ ਭਲੇ ਸਾਊ।"

ਮੈਡਮਾਂ ਅਕਸਰ ਆਉਣ ਸਾਰ ਬੈਠਦੇ ਹੀ ਪਾਣੀ ਮੰਗਦੀਆਂ। ਮਾਧੋ ਪਹਿਲਾਂ ਹੀ ਜੱਗ ਭਰ ਕੇ ਰੱਖਦਾ। ਇਕ ਦਿਨ ਸ਼ਾਂਤੀ ਨੇ ਤੀਜੀ ਵਾਰ ਮੰਗ ਲਿਆ।

"ਕੀ ਗੱਲ ਘਰੋਂ ਨੀ ਪੀ ਕੇ ਆਈ।" ਮਾਧੋ ਸੁਭਾਵਕ ਕਿਹਾ।

ਸ਼ਾਂਤੀ ਵੱਟ ਖਾ ਗਈ। ਪਰ ਉਸ ਦਿਨ ਤੋਂ ਬਾਦ ਪਾਣੀ ਮੰਗਣੋ ਹਟ ਗਈ। ਇਕ ਦਿਨ ਸਰਦੀਆਂ 'ਚ ਸੁਪਰਡੈਂਟ ਮੈਡਮ ਨੇ ਕੋਸਾ ਪਾਣੀ ਮੰਗ ਲਿਆ। ਜ਼ਿਆਦਾ ਗਰਮ ਹੋਣ ਤੇ ਥੋੜ੍ਹਾ ਠੰਡਾ ਪਾਉਣ ਨੂੰ ਕਿਹਾ। ਵਧੇਰੇ ਪੈ ਗਿਆ ਤਾਂ ਫਿਰ ਗਰਮ ਕਰਨ ਨੂੰ ਕਿਹਾ। ਮਾਧੋ ਤਮਕਿਆ।

"ਓ ਭਾਈ ਘਰੇ ਬੀ ਐਂ ਈ ਕੱਢਦੀ ਐਂ ਨਘੋਚਾਂ ਕਿ ਮੈਂ ਈ ਲੱਭ ਲਿਆ ਤੈਂ।" ਗੁੱਸੇ 'ਚ ਮੈਡਮ ਗਲਾਸ ਫ਼ਰਸ਼ 'ਤੇ ਵਗਾਹ ਮਾਰਿਆ।

ਇੱਥੇ ਹੀ ਬੱਸ ਨਹੀਂ ਸੀ। ਦੁਪਹਿਰੇ ਰੋਟੀ ਖਾਂਦੇ ਨੂੰ ਕੋਈ ਕੰਮ ਆਖ ਦਿੰਦਾ ਤਾਂ ਮਾਧੋ ਤੜਪ ਉੱਠਦਾ।

"ਕੀ ਗੱਲ ਤੇਰੇ ਪਾਂ ਪਈ ਐ? ਓ ਭਾਈ! ਢਿੱਡ 'ਚ ਜਾਂਦੇ ਅੰਨ ਦੀ ਕਦਰ ਤਾਂ ਕਰੇ।"

ਹਾਸੀ ਮਜ਼ਾਕ, ਉੱਚਾ ਨੀਵਾਂ ਬੋਲਿਆ ਸਭ ਠੀਕ, ਪਰ ਸੇਵਾਦਾਰ ਚਾਰੇ ਖੁਰ ਚੁੱਕ ਕੇ ਪਵੇ। ਇਹ ਬਰਦਾਸ਼ਤ ਨਹੀਂ ਸੀ। ਦਫ਼ਤਰ ਨੇ ਮਤਾ ਪਕਾਇਆ ਮਾਧੋ ਦੀ ਗੈਰ-ਸਭਿਅਕ ਭਾਸ਼ਾ ਬਾਰੇ ਹੈੱਡ ਤੋਂ ਚਿੱਠੀ ਪਾਸ ਕਰਵਾ ਕੇ ਰਜਿਸਟਰਾਰ ਆਫ਼ਿਸ ਨੂੰ ਮਾਧੋ ਦੀ ਬਦਲੀ ਲਈ ਲਿਖਿਆ ਜਾਵੇ।

ਤਦੇ ਇਕ ਘਟਨਾ ਨੇ ਸਭ ਕੁਝ ਨੂੰਸ ਕਰ ਕੇ ਰੱਖ ਦਿੱਤਾ।

ਮੁਖੀ ਸਾਹਿਬ ਦੀ ਪਤਨੀ ਬਿਮਾਰ ਹੋ ਗਈ। ਬਹੁਤਿਆਂ ਨਾਲ ਮੁਖੀ ਦੀ ਬਣਦੀ ਨਹੀਂ ਸੀ, ਪਰ ਮਾਧੋ ਨੂੰ ਕੀਹ? ਉਸ ਲਈ ਤਾਂ ਮੁਖੀ ਰੱਬ ਸੀ।

ਪਿੰਡ 'ਚੋਂ ਦੁੱਧ ਦਾ ਡੋਲੂ ਭਰ ਕੇ ਮਾਧੋ ਹਸਪਤਾਲ ਜਾ ਖੜ੍ਹਦਾ। ਖੇਖਿਆਂ 'ਚ ਪਿੰਡ ਦੇ ਨਾਈਆਂ ਦਾ ਵੀ ਖੇਖਾ ਸੀ। ਫਿਰ ਕੀ ਸੀ? ਜ਼ੀਮਾਰਦਾਰੀ ਲਈ ਆਏ ਗਏ ਲਈ ਮਾਧੋ ਚਾਹ ਪਾਣੀ ਦਾ ਤਾਂਤਾ ਬੰਨ੍ਹੀ ਰੱਖਦਾ।

ਮੁਖੀ ਸਾਹਿਬ ਝਿੜਕਿਆ।

"ਮਾਧੋ ਰਾਮ ਚਾਹ ਪਾਣੀ ਦੀ ਲੋੜ ਨਹੀਂ, ਤੂੰ ਜਾਹ ਦਫ਼ਤਰ..."

"ਐਂ ਕਿਮੇਂ ਬਗ ਜੂੰ! ਤੂੰ ਇੱਥੇ ਕੱਲਾ, ਮੈਂ ਧਾਰ ਕਢਾਉਣੀ ਐ ਦਫ਼ਤਰ ਤੋਂ?"

"ਓ ਭਾਈ ਤੇਰੀ ਨੌਕਰੀ ਚਲੀ ਜਾਊ।" ਮੁਖੀ ਤਰਲਾ ਲਿਆ।

"ਜਾਂਦੀ ਰਹੇ, ਮੈਂ ਤਾਂ ਬੀਬੀ ਦੇ ਜਾਣ ਤੱਕ ਹਿੱਲਦਾ ਨਹੀਂ ਭੋਰਾ।"

ਇਸ ਹਿੰਡ ਨੇ ਮੁਖੀ ਦਾ ਰੋਣ ਕੱਢ ਦਿੱਤਾ।

ਘੁਖਦੀ-ਘੁਖਦੀ ਗੱਲ ਬਾਹਰ ਨਿਕਲੀ ਤਾਂ ਮਾਧੋ ਦੀ ਅੱਖੜਤਾ, ਬੇਬਾਕੀ,



ਮੂਰਖਤਾ, ਮਾਸੂਮੀਅਤ ਅਤੇ ਸਾਦਗੀ ਨੇ ਅਦਾਰੇ ਦੀ ਫਿਜ਼ਾ ਵਿਚ ਅਣਚਾਹਿਆ ਅਤੇ ਅਣਕਿਆਸਿਆ ਰੰਗ ਘੋਲ ਦਿੱਤਾ। ਪਰ ਇਹ ਰੰਗ ਛੇਤੀ ਹੀ ਖੁਰ ਗਿਆ।

ਜਿਵੇਂ ਕਿ ਅਕਸਰ ਹੁੰਦਾ ਹੈ। ਸਮਾਂ ਤੇਜ਼ੀ ਨਾਲ ਗੁਜ਼ਰਿਆ ਅਤੇ ਭੁੱਲਣ ਦੇ ਆਦੀ ਲੋਕ ਭੁੱਲ ਹੀ ਗਏ ਕਿ ਕਿਸੇ ਹੋਰ ਮਿੱਟੀ ਦਾ ਇੱਕ ਜੀਵ ਮਾਧੋ ਵੀ ਅਦਾਰੇ ਦੀ ਚਾਰ ਦਿਵਾਰੀ ਵਿਚ ਤੁਰਿਆ ਫਿਰਦਾ ਸੀ।...

ਮੈਂ ਖ਼ੁਦ ਮਾਧੋ ਨੂੰ ਭੁੱਲ ਰਿਹਾ ਸਾਂ। ਪਰ ਨਾ ਚਾਹੁੰਣ ਦੇ ਬਾਵਜੂਦ ਮਾਧੋ ਬਾਰੇ ਕੁਝ ਨਾ ਕੁਝ ਸੁਣਨ ਨੂੰ ਮਿਲਦਾ। ਕਿਸੇ ਦੱਸਿਆ, ਮਾਧੋ ਛੁੱਟੀ ਵਾਲੇ ਦਿਨ ਵੀ ਕਲਰਕਾਂ ਅਫ਼ਸਰਾਂ ਅਤੇ ਮਾਲੀਆਂ ਦੀਆਂ ਬੁੱਤੀਆਂ ਕਰੀ ਜਾਂਦਾ ਹੈ। ਬਿਨਾਂ ਕਿਸੇ ਲਬ-ਲਾਲਚ।

ਇਕ ਦਿਨ ਮੈਂ ਟੋਕਿਆ।

"ਕਿਉਂ ਹੱਡ ਗਾਲਦੇ ਓ ਮਾਧੋ ਰਾਮ। ਘਰ ਬੈਠਿਆ ਕਰੋ ਰਾਮ ਨਾਲ।"

"ਘਰ ਬੈਠਣ ਨੂੰ ਤੇਰੇ ਜਿਹੇ ਥੋੜ੍ਹੇ ਐ। ਜਿੰਦੇ ਹੱਡ-ਰੱਖ ਹੋ ਗਏ ਨਾ ਕੰਮੀ-ਕਮੀਣ, ਭੁਤਨੀ ਭੁੱਲ ਜੂ ਤੇਰੇ ਅਰਗਿਆਂ ਦੀ। ਅਖੇ ਘਰ ਬੈਠਿਆ ਕਰ।"

ਮਾਧੋ ਅਨਪੜ੍ਹ ਸੀ। ਪਰ ਲਗਦਾ, ਜ਼ਿੰਦਗੀ ਨੂੰ ਬਾਖ਼ੂਬੀ ਪੜ੍ਹਨ ਜਾਣਦਾ ਸੀ। ਉਸ ਤੋੜਾ ਝਾੜਿਆ। "ਹੱਡ ਤਾਂ ਫ਼ੂਸ ਆਂਗ ਮੱਚਣਗੇ ਸਾਊ, ਜਿੱਦੇ ਲਾਂਬੂ ਲੱਗਿਆ।"

ਮੈਂ ਸੋਚਿਆ, ਕੁਝ ਵੀ ਸੀ। ਮਾਧੋ ਇਸ ਜ਼ਮਾਨੇ ਦੇ ਫਿੱਟ ਨਹੀਂ ਸੀ। ਇਕੋ ਸਮੇਂ ਉਸ ਵਿਚ ਹੀਣਤਾ ਭਾਵ ਅਤੇ ਜ਼ਹਿਰ ਭਰੀ ਪਈ ਸੀ। ਕਿਹੜਾ ਰੂਪ ਕਦੋਂ ਬਾਹਰ ਆ ਜਾਵੇ, ਪਤਾ ਨਹੀਂ ਸੀ। ਡਰਦਿਆਂ ਅਤੇ ਵਾਹ ਲਗਦੇ ਮੈਂ ਮਾਧੋ ਤੋਂ ਦੂਰ ਰਹਿਣ ਵਿਚ ਹੀ ਭਲਾ ਸਮਝਦਾ।

ਅਚਾਨਕ ਸਰਕਾਰ ਨੇ ਡੇਲੀਵੇਜਸ ਦੀ ਉਜਰਤ ਦੂਣੀ ਕਰ ਦਿੱਤੀ ਤਾਂ ਮਾਧੋ ਫਿਰ ਮੇਰੇ ਸਾਮ੍ਹਣੇ ਆ ਖੜ੍ਹਿਆ। ਇਕ ਦਿਨ ਮੈਂ ਫਿਰ ਉਹਦੇ ਪਿੰਡ ਚਲਿਆ ਗਿਆ।

ਮੈਨੂੰ ਦੇਖਦਿਆਂ ਹੀ ਰੁੱਕੋ ਮੇਰੇ ਪੈਰਾਂ ਵੱਲ ਨੂੰ ਲਪਕੀ। ਮੈਂ ਰੋਕਿਆ ਤਾਂ ਬੁਰਾ ਮੰਨ ਗਈ।

"ਤੁਸੀਂ ਮਾਂ ਪਿਉ ਤੋਂ ਵੱਧ ਕੀਤੀ; ਮੱਥਾ ਤਾਂ ਟੇਕੂੰਗੀ।"

ਮੈਂ ਘਰ ਦੇ ਗੁਜ਼ਾਰੇ ਬਾਰੇ ਪੁੱਛਿਆ ਤਾਂ ਅੱਖਾਂ ਭਰ ਆਈ।

"ਢਿੱਡ ਭੁਲਕਣ ਦਾ ਕੀ ਐ ਜੀ! ਜਦ ਸਿਰ ਨੰਗਾ ਹੋ ਗਿਆ।"

"ਹੁਣ ਕੰਮ ਤਾਂ ਨੀ ਕਰਦੇ ਤੁਸੀਂ" ਮੈਂ ਗੱਲ ਟਾਲੀ।

"ਕਿਉਂ ਜੀ! ਕੰਮ ਕਿਉਂ ਨਾ ਕਰੂੰ। ਅੱਜ ਮੈਂ ਨਹੀਂ ਕਰੂੰਗੀ। ਕੱਲ੍ਹ ਨੂੰ ਕੁੜੀਆਂ ਨੀ ਕਰਨਗੀਆਂ।"

ਮੈਂ ਦੇਖਿਆ ਉਹਦੇ ਸਿਰ ਦੇ ਵਾਲ ਰੁੱਖੇ, ਉਲਝੇ ਹੋਏ, ਚਮੜੀ ਖੁਸ਼ਕ ਅਤੇ ਲਾਖੀ ਸੀ। ਉਮਰ ਦੇ ਹਿਸਾਬ ਉਹਦੇ ਚਿਹਰੇ 'ਤੇ ਵਿਧਵਾ ਹੋਣ ਦਾ ਝੋਰਾ ਸਾਫ਼ ਝਲਕਦਾ ਸੀ। ਹਾਲਾਂ ਕਿ ਮੰਜੇ ਨਵੇਂ ਵਾਣ ਨਾਲ ਉਣੇ ਦਿਸਦੇ ਸਨ। ਵਿਹੜੇ ਵਿਚ ਕੁੱਤਾ-ਨਲਕਾ

ਲੱਗ ਚੁੱਕਾ ਸੀ ਅਤੇ ਬਾਲੜੀਆਂ ਦੇ ਲੀੜਿਆਂ 'ਚੋਂ ਸੜੇ ਮਾਰਕੀਟ ਸਾਫ਼ ਦਿੱਸ ਰਹੀ ਸੀ। ਫਿਰ ਵੀ ਕੁਝ ਸੀ, ਜਿਸਤੋਂ ਮੈਨੂੰ ਅਚਵੀ ਹੋਈ। ਮੈਂ ਗੱਲ ਬਦਲੀ।

"ਉਥੇ ਤਾਂ ਮਾਧੋ ਜੀ ਨੇ ਸਭ ਦਾ ਦਿਲ ਜਿੱਤ ਲਿਆ। ਖੁਸ਼ ਨੇ ਬਹੁਤ।"

"ਕਾਹਨੂੰ ਜੀ, ਭੋਰਾ ਨੀ।"

"ਕਿਉਂ? ਹੁਣ ਤਾਂ ਪੈਸੇ ਵੀ ਵਧ ਗਏ।"

"ਇਕ ਦਿਨ ਛੋਟੀ ਨੂੰ ਚਪੇੜ ਕੱਢ ਮਾਰੀ। ਪਿੱਛੋਂ ਰੋਈ ਗਏ। ਕਹਿੰਦੇ ਨਮੋਹੇ ਲੋਕਾਂ 'ਚ ਰਹਿਣਾ ਬਹੁ, ਤਾਂ ਹੱਥ ਚੋਕਿਆ ਗਿਆ। ਅਸੀਂ ਕਿਹਾ, ਉਥੇ ਤਾਂ ਪੜ੍ਹੇ ਲਿਖੇ ਆ। ਕਹਿੰਦੇ ਚੁੱਪ ਭਲੀ ਸਾਊ! ਕੁੜੀਆਂ ਦੀ ਸੰਘੀ ਘੁੱਟ ਦੀਂ, ਪਰ ਉਥੇ ਨਾ ਪੈਰ ਪਾਣ ਦਈਂ।"

ਮੈਂ ਰੁੱਕੋ ਦੇ ਤਣੇ ਮੱਥੇ ਵੱਲ ਦੇਖਿਆ ਅਤੇ ਨੀਵੀਂ ਪਾ ਲਈ।

ਮਾਧੋ ਕਿਸ ਅੱਖ ਨਾਲ ਅਦਾਰਾ ਦੇਖ ਰਿਹਾ ਸੀ,ਇਹ ਸੋਚ ਭੈਅ ਆਇਆ। ਉਸ ਦਿਨ ਤੋਂ ਬਾਦ ਮੈਂ ਨਾ ਚਾਹੁੰਣ ਤੇ ਵੀ ਮਾਧੋ ਤੋਂ ਪਾਸਾ ਵੱਟ ਲਿਆ। ਪਰ ਇਹ ਮੇਰੀ ਹੋਣੀ ਨਹੀਂ ਸੀ। ਇਕ ਦਿਨ ਪ੍ਰਸ਼ਨ ਬਣ ਕੇ ਮਾਧੋ ਫਿਰ ਆ ਖੜ੍ਹਾ।

"ਪੀਅਨ ਕੀ ਹੁੰਦੇ ਸਾਊ?"

"ਕਿਉਂ?"

"ਕਿਉਂ ਨੂੰ ਛੱਡ। ਨਹੀਂ ਪਤਾ ਤੁਰਦਾ ਹੋ, ਮੈ ਕਿਸੇ ਹੋਰ ਨੂੰ ਪੁੱਛ ਲਊਂ।"

"ਬੰਦਾ ਹੁੰਦੈ, ਹੋਰ ਕੀ?"

"ਝੂਠ।" ਉਸ ਮੱਥਾ ਤਣਿਆ। ਹੱਥ ਝਟਕੇ।

"ਕਿਵੇਂ?"

ਅੱਗੋਂ ਉਸ ਜੋ ਕਹਾਣੀ ਸੁਣਾਈ, ਉਹ ਮੇਰੇ ਦੰਦ ਜੋੜਨ ਲਈ ਕਾਫ਼ੀ ਸੀ।

ਵਿਭਾਗ ਦੇ ਬਾਹਰ ਵੱਡੇ ਲਾਅਨ ਦੀਆਂ ਨੁੱਕਰਾਂ ਪੁਰ ਬੁਗਨਵਿਲੀਆ ਦੀਆਂ ਵੇਲਾਂ ਦੇ ਵੱਡੇ ਝੁੰਡ ਸਨ। ਉਪਰੋਂ ਫੈਲੇ ਹੋਏ,ਮੁੱਢਾਂ ਵੱਲੋਂ ਖਾਲੀ, ਭਰ ਗਰਮੀ ਅਤੇ ਲੂਆਂ ਵਿਚ ਅਕਸਰ ਪੜ੍ਹਨ ਵਾਲੇ ਮੁੰਡੇ ਕੁੜੀਆਂ ਪੜ੍ਹਨ ਬਹਾਨੇ ਉਹਨਾਂ ਹੇਠ ਜਾ ਬੈਠਦੇ। ਚੋਹਲ-ਮੋਹਲ ਕਰਦੇ। ਇਕ ਦਿਨ ਮਾਧੋ ਜਾ ਬੈਠਾ। ਥੋੜ੍ਹੀ ਵਿੱਥ ਤੇ ਮੁੰਡਾ-ਕੁੜੀ ਬੈਠੇ ਸਨ। ਮੁੰਡਾ ਕੁਝ ਅੱਗੇ ਵਧਣ ਲੱਗਾ ਤਾਂ ਕੁੜੀ ਟੋਕਿਆ।

"ਊਂ ਹੂੰ! ਦਿਸਦਾ ਨਹੀਂ ਭਾਈ ਬੈਠੇ।"

"ਛੱਡ ਯਾਰ, ਪੀਔਨ ਐ ਵਿਚਾਰਾ।"

ਮੈਂ ਲੱਖ ਦਲੀਲਾਂ ਦਿੱਤੀਆਂ। ਹੱਥ ਜੋੜੇ, ਮੁੰਡੇ ਦੀ ਮੂਰਖਤਾ ਅਤੇ ਬੇਸ਼ਰਮੀ ਦਾ ਵਾਸਤਾ ਦਿੱਤਾ। ਪਰ ਮਾਧੋ ਨਹੀਂ ਮੰਨਿਆ।

"ਝੂਠ! ਬੰਦਾ ਹੁੰਦਾ, ਮੁੰਡਾ ਮੇਰੀ ਕਾਣ ਨਾ ਮੰਨਦਾ। ਕੋਈ ਨੀਂ ਕਿਸੇ ਵੱਡੇ ਬਾਊ ਤੋਂ ਪੁੱਛੂੰ।"

ਮੈਂ ਜਾਣਦਾ ਸਾਂ ਅਦਾਰੇ ਦੇ ਪ੍ਰਬੰਧ ਵਿਚ ਪੀਔਨ, ਅਜਿਹੇ ਬੰਦਿਆਂ ਦੀ ਕੋਟੀ



ਵਿਚ ਨਹੀਂ ਸਨ ਆਉਂਦੇ, ਜਿਨ੍ਹਾਂ ਦੀ ਕਾਣ ਮੰਨੀ ਜਾਵੇ। ਪਰ ਮਾਧੋ ਜਿਹੇ ਸੱਚੇ ਸੁੱਚੇ ਬੰਦੇ ਦੇ ਮਨ ਵਿਚ ਇਹ ਭਾਵਨਾ ਪਨਪ ਜਾਣੀ ਖ਼ਤਰਨਾਕ ਸੀ।

ਅਚਾਨਕ ਰਾਜਨੀਤਿਕ ਉਥਲ-ਪੁਥਲ ਹੋਈ ਅਤੇ ਅਦਾਰੇ ਦਾ ਚੀਫ਼ ਬਦਲ ਦਿੱਤਾ ਗਿਆ। ਦੇਖਦੇ ਹੀ ਦੇਖਦੇ ਉਹ ਕਹਾਵਤ ਤਾਂਡਵ ਨੱਚਣ ਲੱਗੀ, ਜਿਸ ਵਿਚ ਕਿਹਾ ਜਾਂਦਾ ਹੈ, ਹਵਾ ਵਗੇ ਤਾਂ ਚੂਹੇ ਦੀ ਖੁੱਡ ਵਿਚ ਵੀ ਲੱਗਦੀ ਹੈ। ਚੀਫ਼ ਸਫ਼ਾਈ ਪਸੰਦ ਅਤੇ ਸਖ਼ਤ ਸੁਭਾਅ ਸੀ। ਅਫ਼ਸਰਸ਼ਾਹੀ ਤੋਂ ਸਵੀਪਰਾਂ ਤੱਕ ਦੀ ਸ਼ਾਮਤ ਆ ਗਈ। ਦਫ਼ਤਰਾਂ ਦੀ ਰੱਦੀ, ਟੁੱਟਾ-ਭੱਜਾ ਫਰਨੀਚਰ, ਕਮਰਿਆਂ ਵਿਚ ਬਣੀਆਂ ਕਿਚਨਾਂ ਵਿਚ ਚਾਹ ਨਾਲ ਪੈਣ ਵਾਲਾ ਗੰਦ ਆਦਿ ਚੌਕ ਕੀਤਾ ਜਾਣਾ ਲੱਗਾ। ਮਾਧੋ ਖੁਸ਼ ਹੋਇਆ। ਦਫ਼ਤਰ ਜਿਹੜਾ ਉਹਨੂੰ ਸਫ਼ਾਈ ਕਰਦੇ ਨੂੰ ਦੇਖ ਟਿੱਚਰਾਂ ਕਰਦਾ ਸੀ, ਇਕ ਦੂਜੇ ਵੱਲ ਦੇਖਣ ਲੱਗਾ।

ਅਚਾਨਕ ਇਕ ਗਸ਼ਤੀ ਚਿੱਠੀ ਨੇ ਮਾਧੋ ਉਦਾਸ ਕਰ ਦਿੱਤਾ।

ਅਦਾਰੇ ਵਿਚਲੀ ਰਿਹਾਇਸ਼ ਵਾਲਿਆਂ ਲਈ ਆਦੇਸ਼ ਸੀ; ਰਾਖਵੇਂ ਕੁੱਤੇ ਬੰਨ੍ਹ ਲਏ ਜਾਣ। ਬਾਕੀਆਂ ਨੂੰ ਮਿਉਨਸਪੈਲਟੀ ਵਾਲੇ ਕੁਚਲੇ ਪਾ ਦੇਣਗੇ।

ਮਾਧੋ ਲਈ ਮਰਨ ਹੋ ਗਿਆ।

ਕਈ ਦਿਨ ਉਹ ਹਰ ਕਿਸੇ ਨੂੰ ਪੁੱਛਦਾ ਰਿਹਾ।

"ਕੀ ਕਰਨਗੇ ਦਰਵੇਸ਼ਾਂ ਦਾ?" ਜਦੋਂ ਪਤਾ ਲੱਗਦਾ ਹੈ ਸਕਦੇ ਮਾਰ ਦੇਣ, ਤਾਂ ਅਗੋਂ ਪੁੱਛਦਾ। " ਸਾਊ ਕਿਉਂ ਵੈਰ ਪੈ ਗਏ ਇਨ੍ਹਾਂ ਦੇ?"

ਇਸਦਾ ਕਿਸੇ ਕੋਲ ਉੱਤਰ ਨਹੀਂ ਸੀ। ਅਦਾਰੇ ਦੇ ਕਈ ਗੇਟ ਸਨ। ਪਤਾ ਨਹੀਂ ਕਿੱਥੋਂ ਆ ਵੜਦੇ ਸਨ? ਕੋਈ ਉੱਤਰ ਨਾ ਮਿਲਿਆ ਤਾਂ ਮਾਧੋ ਕਰਮਚਾਰੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਪੈਰੀਂ ਲਿਟਣ ਲੱਗਿਆ।

"ਰੱਬ ਦਾ ਵਾਸਤੇ ਦਰਵੇਸ਼ਾਂ ਦੀ ਜਾਨ ਨਾ ਲਉ ਉਏ ਸਾਊ!..."

ਜੋਸ਼ੀ ਸਾਹਿਬ ਤੇ ਮੈਂ, ਸਭ ਨੇ ਕਿਹਾ। "ਮਾਧੋ ਜੀ ਉਪਰੋਂ ਹੁਕਮ ਐਂ।"

ਅਗਲੇ ਭਲਕ ਜੋ ਨਹੀਂ ਸੀ ਹੋਣਾ ਚਾਹੀਦਾ, ਉਹੋ ਵਾਪਰ ਗਿਆ। ਮਾਧੋ ਚੀਫ਼ ਸਾਮ੍ਹਣੇ ਜਾ ਖੜ੍ਹਾ।

ਚੀਫ਼ ਤੱਕ ਪਹੁੰਚਣਾ ਬਹੁਤ ਮੁਸ਼ਕਿਲ ਸੀ। ਸਕਿਉਰਟੀ ਦੇ ਕਈ ਪੜਾਓ ਸਨ। ਕੰਮ ਦੱਸੋ। ਚਿੱਟ ਭੇਜੋ। ਟਾਈਮ ਲਵੋ। ਸੈਕਟਰੀ ਨੂੰ ਮਿਲੋ। ਫਿਰ ਵੀ ਵਾਰੀ ਸਿਰ ਆਉ।

ਮਾਧੋ ਅੱਗਾ ਦੇਖਿਆ ਨਾ ਪਿੱਛਾ। ਘੁਸ ਦਿੱਤੀ, ਤੇ ਅੰਦਰ। ਹੋ ਸਕਦੈ ਸਕਿਉਰਟੀ ਵਾਲਿਆਂ ਸਵੀਪਰ ਆਦਿ ਸਮਝ ਕੇ ਨਾ ਗੌਲਿਆ ਹੋਵੇ। ਇਸੇ ਦੌਰਾਨ ਉਸ ਤੋਂ ਕਈ ਭੁੱਲਾਂ ਹੋ ਗਈਆਂ।

ਦਰਵਾਜ਼ੇ ਤੋਂ ਬਾਹਰ ਬੈਠੇ ਚਪੜਾਸੀ ਨੂੰ ਧੱਕਣਾ। ਬਿਨਾਂ ਇਜਾਜ਼ਤ ਚਲਦੀ ਮੀਟਿੰਗ 'ਚ ਦਾਖ਼ਲ ਹੋਣਾ। ਪਰਨਾ ਗਲ ਵਿਚ ਪਾ ਕੇ ਭੁੰਇ ਨਮਸ਼ਕਾਰਦੇ ਹੋਏ ਜ਼ਮੀਨ

'ਤੇ ਜਾ ਬੈਠਣਾ।

ਚਪੜਾਸੀ ਮਗਰੇ ਦੌੜਦਾ ਅੰਦਰ ਆਇਆ।

ਮੀਟਿੰਗ 'ਚ ਸੁੰਨ ਵਰਤ ਗਈ।

"ਕੌਣ ਐ ਇਹ?" ਚੀਫ਼ ਕੜਕਿਆ।

"ਜੀ!" ਦਰਬਾਨ ਦੀ ਘਿੱਗੀ ਬੱਝ ਗਈ।

ਮਾਧੋ ਉੱਠਿਆ ਅਤੇ ਨੀਵੀਂ ਪਾਈ ਬੋਲਿਆ।

"ਸਾਹਬ ਜੀ ਤਖ਼ਤਾਂ ਆਲੇ ਓ ਤੁਸੀਂ...ਦਾਤੇ ਉਂ ਸਾਡੇ...ਆਹ ਹੱਥ ਜੋੜੇ ਐ ਮੇਰੇ। ਕਹਿੰਦੇ ਥੇੜੇ 'ਚੋਂ ਦਰਵੇਸ਼ਾਂ ਦਾ ਰੱਬ ਬਣ ਗਿਆ ਕੋਈ। ਸਾਹਬ ਜੀ ਹੱਥ ਜੋੜੇ ਐ ਮੇਰੇ, ਰੱਬ ਨਾ ਬਣੋ ਸਾਊ!"

ਮਾਧੋ ਇਕੋ ਸਮੇਂ ਤਰਲੇ, ਮਿੰਨਤ ਅਤੇ ਜਬ੍ਹੇ ਨਾਲ ਕਿਹਾ।

ਮੀਟਿੰਗ ਵਿਚ ਬੈਠੇ ਸਭ ਇਕ ਦੂਜੇ ਵੱਲ ਝਾਕੇ।

ਚੀਫ਼ ਅਣਜਾਣ ਬਣਦੇ ਚਪੜਾਸੀ ਨੂੰ ਕੜਕਿਆ।

"ਸਕਿਊਰਟੀ ਕਿੱਥੇ ਐ? ਕੱਢ ਬਾਹਰ ਇਹਨੂੰ।"

ਤਦੇ ਕੋਈ ਮੈਂਬਰ ਕੁਰਸੀ ਤੋਂ ਉੱਠ, ਮਾਧੋ ਨੇੜੇ ਆਇਆ।

"ਬਾਬਾ ਜੀ ਅਰਾਮ ਨਾਲ ਦੱਸੋ ਕੀ ਹੋਇਆ। ਕੌਣ ਬਣ ਗਿਆ ਰੱਬ?"

"ਜੱਗੋਂ ਤੇਰ੍ਹਵੀਂ ਹੋ ਗੀ ਸਾਊ! ਬਰਾਬਰ ਦੇ ਨੂੰ ਮਾਰ ਦਿਊ। ਕੋਈ ਹਰਜ਼ ਨੀ। ਆਹ ਬੇ-ਜ਼ਬਾਨਾਂ ਤੇ ਈ ਧਰ ਲਿਆ ਬਾਢ੍ਹਾ।"

"ਗੱਲ ਸਿੱਧੀ ਕਰੋ ਬਾਬਾ ਜੀ, ਸਮਝ ਨਹੀਂ ਆਈ।"

ਮਾਧੋ ਤਮਕਿਆ। "ਸਿੱਧੀ ਨੂੰ ਫ਼ਾਰਸੀ ਬੋਲਦਾਂ ਮੈਂ। ਅਖੇ ਬਾਗਲ 'ਚ ਕਤੀੜ੍ਹ ਫਿਰਦੀ ਐ। ਅਖੇ ਮਾਰ ਦਿਊ। ਰੁੱਖੀ ਮਿੱਸੀ ਖਾਂਦੇ ਐ ਤਾਂ? ਚਲੋ ਮੰਨਿਆ ਮਾਰ ਦਿਊ। ਆਹ ਜਿਹੜੇ ਬੰਦੇ ਫਿਰਦੇ ਐ ਕਤੀੜ੍ਹ ਅਰਗੇ, ਉਹਨਾਂ ਨੂੰ ਵੀ ਮਾਰੋ। ਨਹੀਂ ਲਾ ਲੋ ਜ਼ੋਰ...ਮੈਂ ਨੀ ਮਾਰਨ ਦਿੰਦਾ।"

ਮਾਧੋ ਗੁੱਸੇ 'ਚ ਪਰਨਾ ਛੰਡਦਾ ਬਾਹਰ ਨਿਕਲ ਗਿਆ। ਮੀਟਿੰਗ 'ਚ ਖਲਬਲੀ ਮੱਚ ਗਈ। ਗੱਲ ਸਾਫ਼ ਹੋਈ ਤਾਂ ਮੈਂਬਰਾਂ ਵੱਲੋਂ ਹੀ ਗਸ਼ਤੀ ਚਿੱਠੀ ਦਾ ਵਿਰੋਧ ਹੋਣ ਲੱਗਾ। ਐਨੀਮਲ ਐਕਟ ਦੀ ਚਰਚਾ ਉੱਚੀ ਹੋਈ। ਕੁਝ ਮੈਂਬਰ ਚੀਫ਼ ਨੂੰ ਹਾਲੇ ਡਰਾ ਹੀ ਰਹੇ ਸਨ ਕਿ ਚੀਫ਼ ਦੇ ਸੁਹੀਏ ਚੀਫ਼ ਦੇ ਕੰਨ 'ਚ ਖ਼ਬਰ ਦਿੱਤੀ, ਕੋਈ ਬਜ਼ੁਰਗ ਕੋਨੇ 'ਚ ਪਏ ਕਿਸੇ ਸਵੀਪਰ ਦੇ ਝਾੜੂ ਵਿਚਲੀ ਡਾਂਗ ਕੱਢ ਕੇ ਹੱਥ 'ਚ ਫੜ੍ਹੀ ਬਾਹਰ ਖੜ੍ਹਾ ਸੀ।

ਇਸ ਤੋਂ ਪਹਿਲਾਂ ਕਿ ਚੀਫ਼ ਕੱਪੜਿਆਂ ਤੋਂ ਬਾਹਰ ਹੁੰਦਾ ਅਤੇ ਹੋਈ ਹੇਠੀ ਦਾ ਮੁੱਲ ਪਾਉਂਦਾ। ਕਿਸੇ ਮੈਂਬਰ ਸਿਆਣਪ ਤੋਂ ਕੰਮ ਲੈਂਦੇ ਮਸਲੇ ਦਾ ਜ਼ਿੰਮਾ ਆਪਣੇ ਸਿਰ ਲੈ ਲਿਆ ਅਤੇ ਬਾਹਰ ਆ, ਮਾਧੋ ਲਾਗ ਆ ਖੜ੍ਹਿਆ।

"ਤੁਸੀਂ ਠੀਕ ਕਿਹਾ ਬਾਬਾ ਜੀ! ਆਪਾਂ ਨੂੰ ਰੱਬ ਨਹੀਂ ਬਣਨਾ ਚਾਹੀਦਾ। ਚਲੋ



ਤੁਸੀਂ ਦੱਸੋ, ਇਨ੍ਹਾਂ ਅਵਾਰਾ ਦਰਵੇਸ਼ਾਂ ਦਾ ਕੀ ਕਰੀਏ? ਆਪਾਂ ਨੂੰ ਚਾਰ ਦਿਵਾਰੀ ਅੰਦਰ ਨਹੀਂ ਚਾਹੀਦੇ ਇਹ।"

ਮਾਧੋ ਸੋਚੀਂ ਪੈ ਗਿਆ।

"ਰੱਬ ਦਾ ਵਾਸਤਾ ਮਾਰੋ ਨਾ...ਮੈਂ ਛੱਡ ਆਊਂ ਕਿਤੇ ਇਕ-ਇਕ ਕਰਕੇ।"

"ਬਿਲਕੁਲ ਠੀਕ। ਚਲੋ ਹਫ਼ਤਾ ਦਿੱਤਾ, ਪਰ ਕੁੱਤਾ ਨਾ ਦਿਸੇ ਅੰਦਰ ਅਵਾਰਾ।"

"ਹਫ਼ਤੇ 'ਚ ਤਾਂ ਸੱਤ ਛੱਡ ਕੇ ਆਊਂ, ਜੇ ਵੱਧ ਹੋਏ?"

"ਚਲੋ ਮਹੀਨਾ ਦਿੱਤਾ...ਠੀਕ ਐ, ਖ਼ੁਸ਼?"

"ਜਿਊਂਦਾ ਰਹਿ ਸਾਊ!" ਮਾਧੋ ਉਸ ਸੱਜਣ ਦੇ ਪੈਰ ਛੂਹੇ, ਪਰਤਣ ਲੱਗੇ ਹੱਥ ਜੋੜੇ। ਭਰੇ ਗਲੇ ਨਾਲ ਕਿਹਾ।

"ਭਾਗ ਲੱਗਣਗੇ ਭਾਈ ਸਭ ਨੂੰ। ਰੱਬ ਸਿੱਧਾ ਦੀਹਦੈ ਇਨ੍ਹਾਂ ਨੂੰ। ਕੁਰਸੀਆਂ ਕੈਮ ਰੱਖੂ ਦਾਤਾ। ਸੀਸਾਂ ਦੇਣਗੇ ਦਰਵੇਸ਼। ਕਿਸੇ ਦੀ ਜਾਨ ਲਏ ਸਰਦਾ ਹੋਊ, ਮੇਰੀ ਲੈ ਲਿਊ ਸਾਊ!"

ਇਸਤੋਂ ਅਗਲਾ ਅਦਾਰੇ ਵਿਚਲਾ ਦ੍ਰਿਸ਼, ਇਕੋ ਸਮੇਂ ਦੁਖਦਾਈ ਅਤੇ ਪੀੜ ਭਰਿਆ ਸੀ। ਗਸ਼ਤੀ ਚਿੱਠੀ ਦੀ ਭਿਣਕ ਅਤੇ ਮਾਧੋ ਦੀ ਹਰਕਤ ਕਿਸੇ ਅਖ਼ਬਾਰ ਦੇ ਚੋਹੇ ਚੜ੍ਹ ਗਈ। ਫਿਰ ਕੀ? ਕਈ ਤਾਂ ਮਾਧੋ ਨੂੰ ਉਚੇਚਾ ਦੇਖਣ ਚਲੇ ਆਏ।

ਚੀਫ਼ ਹੇਠੀ 'ਚ ਵਿੱਸ ਘੋਲਣ ਲੱਗਾ।

ਮਾਧੋ ਹਰ ਸ਼ਾਮ ਛੁੱਟੀ ਮਗਰੋਂ ਬੜੀ ਮੁਸ਼ਕਲ ਨਾਲ ਇਕ ਕੁੱਤਾ ਫੜਦਾ, ਬੋਰੀ 'ਚ ਪਾ ਸਾਈਕਲ ਦੇ ਕੈਰੀਅਰ 'ਤੇ ਲੱਦਦਾ ਅਤੇ ਹਨੇਰੇ ਪਏ ਕਿਤੇ ਦੂਰ ਜਾ ਕੇ ਦੁਪਹਿਰ ਦੀ ਰੋਟੀ ਵਿਚੋਂ ਬਚਾਈ ਬੁਰਕੀ ਪਾਉਂਦਾ, 'ਤੇ ਆਖਦਾ। "ਲੈ ਭਾਈ, ਪਤਾ ਨੀ ਤੇਰਾ ਐਥੇ ਈ ਕਿਤੇ ਲਿਖਤਾ ਦਾਣਾ-ਪਾਣੀ ਦਾਤੇ ਨੇ।"

ਕਰਮਚਾਰੀ ਟਿੱਚਰਾਂ ਕਰਦੇ। ਜੁਮਲੇ ਕੱਸਦੇ। ਉਹਦੀ ਅੱਲ ਕੁੱਤਿਆਂ ਵਾਲੇ ਮਾਧੋ ਦੀ ਪੈ ਰਹੀ ਸੀ। ਯੂਨੀਅਨ ਪ੍ਰਧਾਨ ਹੱਥ ਚੱਬ ਰਿਹਾ ਸੀ। ਮਾਧੋ ਹੱਸ ਕੇ ਟਾਲ ਦਿੰਦਾ। ਉਹਦੀ ਖਾਨਿਉਂ ਜਾਂਦੀ ਜਦੋਂ ਰਾਤ ਨੂੰ ਦੂਰ ਛੱਡਿਆ ਕੁੱਤਾ, ਸਵੇਰੇ ਫਿਰ ਅਦਾਰੇ 'ਚ ਉਹਦੇ ਪੈਰ ਚੱਟ ਰਿਹਾ ਹੁੰਦਾ।

ਕਿਸੇ ਕਿਹਾ, ਕੁੱਤੇ ਸੁੰਘ ਕੇ ਰਾਹ ਲੱਭ ਲੈਂਦੇ ਐ। ਪਾਣੀ ਤੋਂ ਪਾਰ ਛੱਡ ਦਿਉ ਤਾਂ ਸੁੰਘਣਾ ਕੰਮ ਨਹੀਂ ਕਰਦਾ। ਮਾਧੋ ਨਹਿਰੋਂ ਪਾਰ ਜਾ ਕੇ ਛੱਡਣ ਲੱਗਾ।

ਕੁਝ ਵੀ ਸੀ, ਮਾਧੋ ਹਾਰ ਨਹੀਂ ਸੀ ਮੰਨ ਰਿਹਾ। ਆਇਸਤਾ-ਆਇਸਤਾ ਲੋਕ ਉਸ 'ਤੇ ਤਰਸ ਖਾਣ ਲੱਗੇ ਸਨ। ਅਖ਼ਬਾਰੀ ਖ਼ਬਰ ਦਾ ਐਸਾ ਅਸਰ ਹੋਇਆ ਕੋਈ ਜਾਨਵਰਾਂ ਦੀ ਰਾਖੀ ਵੱਜੋਂ ਕੰਮ ਕਰਦੀ ਸੰਸਥਾ ਅੱਗੇ ਆਈ ਅਤੇ ਕਤੀੜ੍ਹ ਤਾਂ ਚੱਕ ਹੀ ਲਈ, ਮਾਧੋ ਵੀ ਸਨਮਾਨ ਦਿੱਤਾ। ਸਨਮਾਨ ਕੀ ਦਿੱਤਾ, ਗਸ਼ਤੀ ਚਿੱਠੀ ਚੀਫ਼ ਦੇ ਗਲੇ ਵਿਚ ਰੱਸੀ ਬਣ ਕੇ ਕੱਸੀ ਗਈ।

ਮਾਧੋ ਲਈ ਰਹਿੰਦੇ ਵੀ ਕੰਡੇ ਬੀਜੇ ਗਏ। ਇਸ ਘਟਨਾ ਨੇ ਅਧਿਆਪਕਾਂ ਅਤੇ ਕਰਮਚਾਰੀ ਯੂਨੀਅਨਾਂ ਦੀ ਮਿੱਟੀ ਪਲੀਤ ਕਰਕੇ ਰੱਖ ਦਿੱਤੀ ਸੀ। ਜਿਸ ਨਵੇਂ ਚੀਫ਼ ਦੇ ਨੇੜੇ ਜਾਣ ਦੀ ਕੋਈ ਹਿੰਮਤ ਨਹੀਂ ਸੀ ਕਰਦਾ ਅਤੇ ਵਫ਼ਦ ਮਿਲਣ ਲਈ ਤਰਸਦੇ ਸਨ; ਮਾਮੂਲੀ ਮਾਧੋ ਨੇ ਉਸ ਦਹਿਸ਼ਤ ਦੀਆਂ ਧੱਜੀਆਂ ਉਡਾਅ ਕੇ ਰੱਖ ਦਿੱਤੀਆਂ ਸਨ।

ਕਈ ਖ਼ੁਦਗਰਜ਼ ਚੀਫ਼ ਦੇ ਪੈਰੋਂ ਮਿੱਟੀ ਕੱਢ ਰਹੇ ਸਨ। ਮਾਮੂਲੀ ਬੰਦਾ ਸਿਰ 'ਚ ਛੇਕ ਕਰ ਗਿਆ। "ਸਰ ਕੋਈ ਐਲੀਗੇਸ਼ਨ ਲਗਾਓ ਤੇ ਚਲਦਾ ਕਰੋ। ਪਰ ਦਲਿਤ ਕੈਟਾਗਰੀ ਦੀਆਂ ਛਿੱਟਾਂ ਤੋਂ ਬਚ ਕੇ।" ਕਈਆਂ ਮੈਨੂੰ ਅਤੇ ਜੋਸ਼ੀ ਸਾਹਿਬ ਨੂੰ ਵੀ ਵਿੱਚੇ ਲਪੇਟਣ ਦੀ ਸਲਾਹ ਦਿੱਤੀ।

ਚੀਫ਼ ਜਾਣਦਾ ਸੀ, ਕੁੱਤਿਆਂ ਦੇ ਮੁਆਮਲੇ 'ਚ ਮਾਧੋ ਕਈ ਸੰਸਥਾਵਾਂ ਦੀ ਅੱਖ ਵਿਚ ਸੀ। ਸੰਭਲ ਕੇ ਚੱਲਣ ਦੀ ਲੋੜ ਸੀ।

ਕੁਝ ਮਹੀਨੇ ਹੀ ਗੁਜ਼ਰੇ ਜਾਂ ਸੰਭਲਣ ਦੀ ਲੋੜ ਹੀ ਨਾ ਪਈ। ਮਾਧੋ ਖ਼ੁਦ ਹੀ ਬਲਦੀ ਦੇ ਮੂੰਹ ਵਿਚ ਜਾ ਪਿਆ।

ਸੂਬੇ 'ਚ ਨਵੀਂ ਸਰਕਾਰ ਬਣ ਜਾਣ ਕਾਰਨ ਜਿੱਥੇ ਚੀਫ਼ ਬਦਲਿਆ ਸੀ ਉੱਥੇ ਕਈ ਤਰ੍ਹਾਂ ਦੀ ਰਾਜਨੀਤਿਕ ਉਥਲ-ਪੁਥਲ ਵੀ ਹੋ ਰਹੀ ਸੀ। ਖ਼ੁਫ਼ੀਆ ਏਜੰਸੀਆਂ ਨੇ ਸੂਹ ਦਿੱਤੀ; ਗਰਮਖਿਆਲੀਆ ਅਨਸਰ ਸਿਰ ਚੁੱਕ ਸਕਦਾ ਸੀ, ਜਿਸ ਕਾਰਨ ਲੋੜੀਂਦੇ ਇੰਤਜ਼ਾਮ ਵਿੱਢ ਲਏ ਗਏ ਸਨ। ਸਰਕਾਰਾਂ ਜਾਣਦੀਆਂ ਸਨ, ਅਜਿਹੇ ਅਨਸਰ ਵਿਦਿਅਕ ਅਦਾਰਿਆਂ ਵਿਚ ਵਧੇਰੇ ਪਨਪਦੇ ਸਨ। ਇਸੇ ਲੜੀ ਅਧੀਨ ਪੂਰੇ ਸੂਬੇ ਵਿਚ ਕਾਰਵਾਈ ਹੋਈ ਤਾਂ ਇਹ ਸਾਇੰਸ ਅਦਾਰਾ ਵੀ ਉਹਦੀ ਲਪੇਟ ਵਿਚ ਆ ਗਿਆ। ਅਦਾਰੇ ਵਿਚ ਲੁੱਕਵੀਆਂ ਥਾਵਾਂ ਦੀ ਨਿਸ਼ਾਨਦਹੀ ਕੀਤੀ ਗਈ।

ਅਦਾਰੇ ਦੀ ਮੋਕਲੀ ਚਾਰ ਦਿਵਾਰੀ ਵਿਚ ਜ਼ਮੀਨ ਦਾ ਕਾਫ਼ੀ ਰਕਬਾ ਬੇ-ਅਬਾਦ ਪਿਆ ਸੀ। ਜਿਸ ਵਿਚ ਘਾਹ ਫੂਸ; ਵੱਡੇ ਅਤੇ ਘਣੇ ਰੁੱਖ ਸਨ।

ਚੀਫ਼ ਨੂੰ ਲੱਗਾ, ਅਦਾਰੇ ਦਾ ਇਹ ਹਿੱਸਾ ਤਾਂ ਬੜਾ ਖ਼ਤਰਨਾਕ ਸੀ। ਸ਼ਾਇਦ ਇਸ ਥਾਂ ਕਦੇ ਭੱਠਾ ਲਗਾਇਆ ਗਿਆ ਸੀ। ਭੋਂਇ ਉਬੜ-ਖਾਬੜ ਅਤੇ ਉੱਚੀ ਨੀਵੀਂ ਸੀ। ਇਸ ਬੇ-ਅਬਾਦ ਥਾਂ ਵੱਲ ਹੀ ਚੌਕੀਦਾਰਾਂ, ਸਵੀਪਰਾਂ ਅਤੇ ਗਾਰਡਾਂ ਦੇ ਕੁਆਟਰ ਸਨ। ਸੰਘਣੇ ਰੁੱਖਾਂ ਦੀ ਇਸ ਵੱਡੀ ਝਿੜੀ ਵਿਚ ਸੰਜੋਗ-ਵਸ ਤ੍ਰਿਵੇਣੀ ਦਾ ਇਕ ਵੱਡਾ ਰੁੱਖ ਵੀ ਸੀ। ਪਿੱਪਲ ਨਿੰਮ ਅਤੇ ਬੋਹੜ ਇੱਕ ਥਾਂ ਉੱਗੇ ਹੋਏ।

ਤ੍ਰਿਵੇਣੀ ਦਾ ਰੁੱਖ ਭਾਵੇਂ ਸੰਘਣੇ ਰੁੱਖਾਂ ਵਿਚ ਘਿਰਿਆ ਹੋਇਆ ਸੀ; ਪਰ ਕੁਆਟਰਾਂ 'ਚ ਰਹਿੰਦੇ ਟੱਬਰ ਤਿੱਥ-ਤਿਉਹਾਰ ਵਾਲੇ ਦਿਨ ਤ੍ਰਿਵੇਣੀ ਦੀ ਪੂਜਾ ਕਰਦੇ। ਮੱਥਾ ਟੇਕਦੇ ਅਤੇ ਆਸਥਾ ਪ੍ਰਗਟ ਰੱਖਦੇ।

ਸਭ ਤੋਂ ਨੇੜੇ ਸੰਜੂ ਯਾਦਵ ਦਾ ਕੁਆਟਰ ਸੀ। ਰੁੱਖ ਵੱਢਣ ਦੀ ਗੱਲ ਚੱਲੀ ਤਾਂ ਕਾਮਾਂ ਸ਼੍ਰੇਣੀ ਦੇ ਘਰੀਂ ਸੋਗ ਪੱਸਰ ਗਿਆ। ਬਹੁਤੇ ਘਰਾਂ ਦਾ ਚੁੱਲ੍ਹਾ, ਇਨ੍ਹਾਂ ਰੁੱਖਾਂ



ਤੋਂ ਲੱਥੇ ਬਾਲਣ ਆਸਰੇ ਮੱਚਦਾ ਸੀ। ਪਰ ਚੁੱਲ੍ਹਾ ਨਾ ਮੱਚੇ; ਕੋਈ ਗੱਲ ਨਹੀਂ, ਆਸਥਾ ਦਾ ਕੀ ਮੁੱਲ ਸੀ...?

ਕੁਝ ਲੋਕ ਇੱਕਠੇ ਹੋ ਕੇ ਪ੍ਰਧਾਨ ਬਾਂਸਲ ਨੂੰ ਮਿਲੇ ਤਾਂ ਉਹ ਅੱਗੋਂ ਚਾਰੇ ਖੁਰ ਚੁੱਕ ਕੇ ਪੈ ਗਿਆ।

"ਬੇਵਕੂਫ਼ ਓ ਤੁਸੀਂ? ਮੁੱਕਣ ਦਿਉ ਗੰਦ, ਧੀਆਂ ਭੈਣਾਂ ਵਾਲੇ ਓ...ਕੱਲ੍ਹ ਨੂੰ ਗੁੰਡਾ ਅਨਸਰ ਲੁਕਣ-ਛਿਪਣ ਲੱਗ ਗਿਆ ਤਾਂ ਕਿੱਧਰ ਜਾਉਗੇ?"

ਕਈਆਂ ਨੂੰ ਲੱਗਾ, ਗੱਲ ਤਾਂ ਠੀਕ ਸੀ।

ਪਰ ਸਾਬਕਾ ਪ੍ਰਧਾਨ ਸ਼ੇਰੀ ਨੂੰ ਲੱਗਾ, ਇਹ ਠੀਕ ਨਹੀਂ ਸੀ। ਹੁਣ ਵਕਤ ਸੀ ਉਹ ਬਾਂਸਲ ਦੀ ਮਿੱਟੀ ਪਲੀਤ ਕਰ ਸਕਦਾ ਸੀ। ਉਹਨੇ ਇਕ ਤੀਰ ਨਾਲ ਕਈ ਨਿਸ਼ਾਨੇ ਫੁੰਡਣ ਦੀ ਸਾਜ਼ਸ਼ ਅਧੀਨ ਸੰਜੂ ਯਾਦਵ ਰਾਹੀਂ ਮਾਧੋ ਦੀ ਮਾਸੂਮੀਅਤ ਨੂੰ ਮਾਰੂ ਹਥਿਆਰ ਬਣਾ ਕੇ ਵਰਤਣ ਦੀ ਸੋਚੀ। ਆਸਥਾ ਦੇ ਨਾਂ 'ਤੇ ਪਹਿਲਾਂ ਉਸ ਸੰਜੂ ਦੇ ਕੰਨ ਹੀ ਭਰੇ, ਅਤੇ ਸੰਜੂ ਰਾਹੀਂ ਮਾਧੋ ਨੂੰ ਸੀਖਿਆ।

ਸੰਜੂ ਯਾਦਵ ਮਾਧੋ ਦਾ ਕੁਝ ਵੀ ਨਹੀਂ ਸੀ। ਕੁੱਤੇ ਫੜਨ ਵੇਲੇ ਬੋਰੀ 'ਚ ਪਾਉਣ ਅਤੇ ਕਿਤੇ ਦੂਰ ਛੱਡ ਕੇ ਆਉਣ ਦੇ ਪੁੰਨ ਵੇਲੇ ਦਾ ਸਾਥੀ ਸੀ। ਗੱਲ ਮਾਧੋ ਕੋਲ ਆਈ ਤਾਂ ਭਾਂਬੜ ਬਣ ਕੇ ਮੱਚ ਉੱਠੀ। ਸੁਣ ਕੇ ਮਾਧੋ ਦੇ ਮੱਥੇ ਚੋਂ ਗੁੱਸੇ ਦੀ ਇੱਕ ਕਾਂਗ ਉੱਠੀ ਅਤੇ ਦੇਹ ਦੇ ਪੋਰਾਂ ਵਿਚ ਆ ਕੇ ਅਟਕ ਗਈ। ਇਸ ਵਾਰ ਮਾਧੋ ਨੂੰ ਕੁੱਤੇ ਮਾਰਨ ਤੋਂ ਵੀ ਵੱਧ ਪੀੜ ਹੋਈ। ਸ਼ੇਰੀ ਕਿਹਾ, ਕੁੱਤੇ ਤਾਂ ਜੀਵ-ਜੰਤੂ ਸਨ। ਤ੍ਰਿਵੇਣੀ ਤਾਂ ਸਿੱਧਾ ਦੇਵੀ ਦੇਵਤੇ ਐ। ਐਂ ਦੇਵੀ ਦੇਵਤੇ ਕਿਵੇਂ ਵੱਢ ਦੇਣਗੇ। ਮਾਧੋ ਰਹਿ ਰਹਿ ਕੇ ਇਨ੍ਹਾਂ ਪੜ੍ਹੇ ਲਿਖੇ ਲੋਕਾਂ ਤੇ ਖਿਝਣ ਲੱਗਾ।

ਇਸ ਤੋਂ ਪਹਿਲਾਂ ਕਿ ਮਾਲੀ ਚਪੜਾਸੀ ਸਵੀਪਰ ਅਤੇ ਸਕਿਊਰਟੀ ਵਾਲੇ ਬਾਂਸਲ ਕੋਲ ਦੁਬਾਰਾ ਅਰਜ਼ੋਈ ਕਰਦੇ। ਮਾਧੋ ਹਰ ਰੋਜ਼ ਸਵੇਰੇ ਗਲ ਵਿਚ ਪਰਨਾ ਪਾਈ ਮੇਨਗੇਟ ਤੇ ਜਾ ਖੜ੍ਹਦਾ।

ਵਿਦਿਆਰਥੀਆਂ, ਅਧਿਆਪਕਾਂ ਅਤੇ ਕਰਮਚਾਰੀਆਂ ਮੂਹਰੇ ਹੱਥ ਜੋੜ-ਜੋੜ ਤਰਲੇ ਲੈਣ ਲੱਗਦਾ।

"ਓ ਸਾਊ! ਰੱਬ ਦਾ ਵਾਸਤੇ ਕੋਈ ਸੁਣੋ ਗਰੀਬ ਦੀ। ਨਰਕ ਹੋ ਜੂ ਭਾਈ ਦੇਵਤਿਆਂ ਨੂੰ ਵੱਢ ਕੇ। ਤ੍ਰਿਵੇਣੀ ਐ ਭਾਈ, ਕੋਈ ਹਾਂਈ-ਮਾਈਂ ਨੀਂ। ਕੰਡੇ ਬੀਜ ਲਉ ਸਾਹਬ...ਕੋਈ ਸਮਝਾਓ ਸਾਊ ਉਹਨੂੰ।"

ਕੰਡੇ ਵਾਲੇ ਜ਼ਿਕਰੇ ਤੋਂ ਸਕਿਊਰਟੀ ਚੁਕੰਨੀ ਹੋਈ ਅਤੇ ਮਾਧੋ ਦੇ ਤਰਲੇ ਮਿੰਨਤਾਂ, ਉਹਦੀ ਮੂਰਖਤਾ ਬਣ ਕੇ ਗੂੰਜਣ ਲੱਗੇ।

ਯੂਨੀਅਨ ਵੱਕਾਰ ਖੜ੍ਹਾ ਕਰ ਲਿਆ। "ਪਾਗਲ ਸਾਲਾ! ਕਦੇ ਕੁੱਤੇ ਕਦੇ ਰੁੱਖ...ਕਿੱਥੇ ਦੰਦ ਲਾ ਤੀ ਜੋਸ਼ੀ ਨੇ।"

ਅਧਿਆਪਕਾਂ ਇਹਦਾ ਗੰਭੀਰ ਨੋਟਸ ਲਿਆ ਅਤੇ ਕੈਂਨਟੀਨ 'ਚ ਇਕੱਠੇ ਹੋਏ। ਗੱਲ ਮਾਮੂਲੀ ਨਹੀਂ। ਅਦਾਰੇ 'ਚ ਧਰਮ ਦੇ ਦਖ਼ਲ ਦੀ ਸੀ। ਮਾਰਕਸੀ ਵਿਚਾਰਧਾਰਾ ਨੂੰ ਵਧੇਰੇ ਤਕਲੀਫ਼ ਹੋਈ। ਕਈਆਂ ਚੀਫ਼ ਦੇ ਕੰਨ ਸੇਕੇ।

"ਸਰ! ਦੁੱਕੀ ਦਾ ਬੰਦਾ, ਜਨਾਬ ਨੂੰ ਚੈਲੰਜ ਕਰੇ, ਸਾਡੇ ਲਈ ਤਾਂ ਮਰ ਜਾਣ ਵਾਲੀ ਗੱਲ ਐ!..."

ਸਭ ਤੋਂ ਵੱਧ ਕਮਿਸਟਰੀ ਦੇ ਹੈੱਡ ਪ੍ਰੋਫੈਸਰ ਝਾਅ ਨੂੰ ਤਕਲੀਫ਼ ਹੋਈ। "ਚਿੰਗਾਰੀ ਹੈ ਬਈ...। ਬੁਝਾ ਮੱਤ ਸਮਝ ਲੈਨਾ ਉਸੇ। ਏਕ ਤੋ ਚਪੜਾਸੀ ਉਪਰ ਸੇ ਦਲਿਤ। ਸਟੂਡੈਂਟ ਨੇ ਉਠਾ ਲੀਆ ਤੋਂ ਆਜ ਤ੍ਰਵੇਨੀ ਕੱਲ੍ਹ ਮੰਦਰ, ਪਰਸੋਂ ਗੁਰਦੁਆਰਾ, ਔਰ ਤਰਸੋਂ ਮਸਜਿਦ...ਔਰ ਫਿਰ ਰੁਕੇ ਗਾ ਕਿਆ? ਜਰਾ ਸੋਚੋ ਬੰਧੂ! ਯਹ ਗਿਆਨ ਵਿਗਿਆਨ ਘੁਸੜ ਜਾਏਗਾ ਜਹਾਂ ਸੇ ਨਿਕਲਾ ਹੈ।"

"ਸੌਲਾ ਆਨੇ ਝਾਅ, ਪਰ ਉਹ ਸਾਲੀ ਤ੍ਰਵੇਣੀ ਹੈ ਕਿੱਥੇ? ਇਹ ਤਾਂ ਦੱਸੋ।" ਬੇਦੀ ਨੂੰ ਮੁੱਦੇ ਦਾ ਹੀ ਪਤਾ ਨਹੀਂ ਸੀ। ਬੇਦੀ ਨੂੰ ਕੀ, ਬਹੁਤਿਆਂ ਨੂੰ ਪਤਾ ਨਹੀਂ ਸੀ। ਕਿਸੇ ਮਾਲੀ ਨੇ ਪਤਾ ਨਹੀਂ ਕਦੋਂ ਅਤੇ ਕਿਉਂ? ਨਿੱਕੇ-ਨਿੱਕੇ ਰੁੱਖ ਲਾਏ ਸਨ ਜੋ ਹੁਣ ਧਰਮ ਦੀ ਆਸਥਾ ਅਤੇ ਪਿੰਡ ਦੀ ਰੜਕ ਬਣੇ ਖੜ੍ਹੇ ਸਨ।

ਦੂਜੇ ਤੀਜੇ ਕੁਝ ਪ੍ਰੋਫੈਸਰ ਟਹਿਲਣ ਦੇ ਪੱਜ ਭੱਠੇ ਵੱਲ ਗਏ ਅਤੇ ਤ੍ਰਵੇਣੀ ਦੀ ਥਾਂ ਕੋਈ ਵੱਡਾ ਮਸਲਾ ਦੇਖ ਕੇ ਪਰਤ ਆਏ। ਆਉਂਦਿਆਂ ਹੀ ਅਣਖ, ਸਿਧਾਂਤ ਅਤੇ ਪਿੰਡ ਵਾਲੇ ਅਨੇਕਾਂ ਸਿਰ ਜੁੜ ਗਏ। ਮਤਾ ਪਾਸ ਹੋਇਆ ਇਸ ਤੋਂ ਪਹਿਲਾਂ ਕਿ ਮਾਮੂਲੀ ਚੁਆਤੀ ਭਾਂਬੜ ਬਣ ਕੇ ਕਿਤਾਬੀ ਸਿਧਾਂਤਾਂ ਨੂੰ ਲੂਹ ਕੇ ਰੱਖ ਦੇਵੇ। ਵਿਗਿਆਨਕ ਅਦਾਰੇ 'ਚ ਧਾਰਮਿਕ ਜ਼ਹਿਰ ਫੈਲਾਉਣ ਦੇ ਵਿਰੋਧ ਵਿਚ ਕਈ ਤਰ੍ਹਾਂ ਦੇ ਪੈਂਤੜੇ ਮੱਲ ਲਏ ਗਏ।

ਚੀਫ਼ 'ਤੇ ਰੁੱਖਾਂ ਦੀ ਛੇਤੀ ਵਢਾਈ ਬਾਰੇ ਦਬਾਅ ਪਾਇਆ ਗਿਆ ਅਤੇ ਮਾਧੋ ਦੀ ਛੁੱਟੀ।

ਚੀਫ਼ ਪਹਿਲਾਂ ਹੀ ਮਾਧੋ ਤੇ ਹੱਥ ਚੱਬਦਾ ਸੀ। ਉਸ ਸਾਡੇ ਮੁਖੀ ਨੂੰ ਮਾਧੋ ਖਿਲਾਫ਼ ਕੋਈ ਚਾਰਜਸ਼ੀਟ ਤਿਆਰ ਕਰਨ ਨੂੰ ਕਿਹਾ। ਮੁਖੀ ਨੂੰ ਮਾਧੋ ਫੁੱਟੀ ਅੱਖ ਨਹੀਂ ਸੀ ਭਾਉਂਦਾ। ਇਸ ਮਾਮਲੇ 'ਚ ਮੁਖੀ ਛੁੱਟੀ ਲੈ ਕੇ ਘਰ ਬੈਠ ਗਿਆ।

ਫਿਰ ਵੀ ਅਦਾਰੇ ਦੇ ਪ੍ਰਬੰਧਕੀ ਬਲਾਕ ਵਿਚੋਂ ਦੋ ਫਾਈਲਾਂ ਤੁਰੀਆਂ। ਦਰਖ਼ਤਾਂ ਦੀ ਵਢਾਈ ਲਈ ਟੈਂਡਰ ਅਤੇ ਮਾਧੋ ਦੀ ਤੁਰੰਤ ਵਿਦਾਈ।

ਚੀਫ਼ ਨਾਲ ਹੋਈ ਗੁਪਤ ਮੀਟਿੰਗ ਅਨੁਸਾਰ, ਬਾਂਸਲ ਨੇ ਪੰਪ ਓਪਰੇਟਰ ਸੰਜੂ ਜਾਦਵ ਨੂੰ ਹੀ ਇਸ ਮੁੱਦੇ ਅਧੀਨ ਭੁੱਖ ਹੜਤਾਲ ਤੇ ਬਿਠਾਅ ਦਿੱਤਾ ਕਿ ਮਾਧੋ ਨੇ ਫੋਰਥ ਕਲਾਸ ਵਰਕਰਾਂ ਨੂੰ ਚੀਫ਼ ਖਿਲਾਫ਼ ਭੜਕਾ ਕੇ ਗੁਮਰਾਹ ਕੀਤਾ। ਸੰਜੂ ਨੂੰ ਲਾਲਚ ਦਿੱਤਾ ਗਿਆ ਕਿ ਉਸ ਨੂੰ ਟੈਂਪਰੇਰੀ ਤੋਂ ਪੱਕਾ ਕਰ ਦਿੱਤਾ ਜਾਵੇਗਾ।

ਮਾਧੋ ਨੂੰ ਸੰਜੂ ਦੀ ਭੁੱਖ ਹੜਤਾਲ ਬਾਰੇ ਪਤਾ ਲੱਗਾ, ਤਾਂ ਮਾਧੋ ਵੀ ਸੰਜੂ ਨਾਲ



ਦਰੀ ਤੇ ਜਾ ਬੈਠਾ।

ਸੰਜੂ ਕਿਹਾ, ਕੀ ਕਰਦੇਂ ਬਾਬੇ! ਮੇਰੀ ਤਾਂ ਮਜਬੂਰੀ ਐ ਤਾਂ ਤੇਰੇ ਖਿਲਾਫ਼ ਭੁੱਖ ਹੜਤਾਲ 'ਤੇ ਬੈਠਾਂ.... ਤੂੰ ਕਿਉਂ ਆ ਕੇ ਬੈਠ ਗਿਆ।

"ਬਾਹ ਉਏ ਸਾਊ: ਤੈਨੂੰ ਕੱਲੇ ਨੂੰ ਛੱਡ ਕੇ ਐਂ ਕਿਮੇਂ ਪਿੰਡ ਬਗ ਜਾਂ। ਤੂੰ ਜਾਹ ਬਾਲ ਬੱਚੇ ਕੋਲ, ਮੈਂ ਬੈਠਦਾਂ ਤੇਰੀ ਥਾਂ।"

ਥੋੜ੍ਹੀ ਦੂਰ ਖੜ੍ਹੇ, ਯੂਨੀਅਨ ਦੇ ਵਰਕਰਾਂ ਨੇ ਇਹ ਸਭ ਕੁਝ ਸੁਣਿਆ ਅਤੇ ਦੰਗ ਰਹਿ ਗਏ। ਲੱਗਾ ਮਾਧੋ ਕੋਈ ਫਰਿਸ਼ਤਾ ਸੀ ਜਿਸਦਾ ਸਾਮ੍ਹਣਾ ਕਰਨਾ ਔਖਾ ਸੀ।

ਦਰੀ ਤੇ ਆਪਦੇ ਹੀ ਖਿਲਾਫ਼ ਮਾਧੋ ਪਿਆ ਸੀ। ਭੁੱਖਾ-ਭਾਣਾ, ਬੇਫਿਕਰ, ਬੇਪ੍ਰਵਾਹ। ਯੂਨੀਅਨ ਵਰਕਰਾਂ ਕਿਹਾ, ਨਹੀਂ ਸਾਥੀ, ਮਾਧੋ ਖਿਲਾਫ਼ ਨਹੀਂ। ਸਭ ਹੱਥ ਖੜ੍ਹੇ ਕਰ ਗਏ।

ਪਤਾ ਹੀ ਨਾ ਲੱਗਾ ਕਦੋਂ ਅੱਧੀ ਰਾਤ ਮਾਧੋ ਨੂੰ ਸੁੱਤਾ ਛੱਡ, ਭੁੱਖ ਹੜਤਾਲੀਏ ਦਰੀ ਵੀ ਸਮੇਟ ਕੇ ਲੈ ਗਏ।

ਫ਼ੈਸਲਾ ਹੋਇਆ, ਚੁੱਪ-ਚੁਪੀਤੇ ਤ੍ਰਵੇਣੀ ਵੱਢ ਕੇ ਰਸਤਾ ਚੌੜਿਆ ਜਾਵੇ। ਵਰਕਰਾਂ ਦਾ ਧਿਆਨ ਦੂਜੇ ਪਾਸੇ ਲਾਉਣ ਅਤੇ ਮਾਧੋ ਖਿਲਾਫ਼ ਹਵਾ ਬਣਾਉਣ ਲਈ ਬਾਂਸਲ ਵੱਲੋਂ ਚੀਫ਼ ਦੇ ਦਫ਼ਤਰ ਬਾਹਰ ਇੱਕ ਵੱਡੀ ਰੈਲੀ ਕੀਤੀ ਗਈ। ਧੂਆਂਧਾਰ ਭਾਸ਼ਨ ਹੋਏ। ਨਾਅਰੇ ਲਾਏ ਗਏ ਅਤੇ ਅੰਤ ਵਿਚ ਕਿਹਾ ਗਿਆ।

"ਸਾਥੀਓ! ਜਦੋਂ ਭੇਡਾਂ ਦਾ ਨੱਕ ਵੱਢਣ, ਅਤੇ ਕੀੜੀਆਂ ਦੇ ਸੁਰਮਾਂ ਪਾਉਣ ਦੀ ਨੌਬਤ ਆ ਜਾਵੇ ਤਾਂ ਮਾਧੋ ਜਿਹੇ ਨਾਇਕ ਪੈਦਾ ਹੁੰਦੇ ਐ। ਲਉ ਸੁਣੋ।"

"ਕਹਿੰਦੇ ਕੋਈ ਮਾਧੋ ਜਿਹਾ ਹੀਰੋ ਤੁਰਿਆ ਆਉਂਦਾ ਸੀ। ਅੱਗੇ ਪਿੰਡ ਇੱਕਠਾ ਹੋਇਆ ਸੀ। ਕਹਿੰਦਾ, ਕੀ ਹੋਇਆ? ਲੋਕਾਂ ਕਿਹਾ, ਬਾਂਦਰ ਐ ਇਕ, ਸਾਰੇ ਪਿੰਡ ਨੂੰ ਸੂੱਕਣੇ ਪਾਇਆ ਓਸ। ਕਹਿੰਦਾ ਕਿੱਥੇ ਐ ਬਾਂਦਰ? ਲੋਕਾਂ ਕਿਹਾ ਅਹੁ ਬੋੜ੍ਹ 'ਤੇ ਚੜ੍ਹਿਐ। ਕਹਿੰਦਾ ਪਿੰਡ ਕਿਉਂ ਇਕੱਠਾ ਹੋਇਐ? ਲੋਕਾਂ ਕਿਹਾ, ਪਕੜ ਕੇ ਮਾਰਾਂਗੇ, ਜਿਉਣਾ ਹਰਾਮ ਕਰ ਰੱਖਿਐ ਸਾਲੇ ਨੇ। ਕਹਿੰਦਾ ਐਨੇ ਬੰਦਿਆਂ ਸਾਮ੍ਹਣੇ ਬਾਂਦਰ ਇੱਕਲੈ? ਲੋਕਾਂ ਕਿਹਾ, ਹਾਂ ਇੱਕਲੈ। ਚੱਕ ਕੇ ਡਾਂਗ, ਕਹਿੰਦਾ ਲੈ ਫਿਰ ਮੈਂ ਆਂ ਬਾਂਦਰ ਕੰਨੀ, ਆਓ ਕਿਹੜਾ ਆਉਂਦੈ।"

ਹਾਸੜ ਨਾਲ ਅਸਮਾਨ ਗੂੰਜਿਆ ਅਤੇ ਗੱਲ ਆਈ-ਗਈ ਹੋ ਗਈ। ਪਰ ਅੰਦਰ ਖਾਤੇ ਯੂਨੀਅਨ ਲਈ ਮਰਨ ਸੀ। ਦੁੱਕੀ ਤਿੱਕੀ ਬੰਦਾ ਸਾਲਾ ਗਾਂਧੀ ਬਣਿਆ ਫਿਰਦੈ।

ਸ਼ਾਮੀ ਪਿੰਡ ਜਾਣ ਲੱਗੇ ਮਾਧੋ ਨੂੰ ਗੇਟ ਤੇ ਬੁੜ੍ਹਾ ਬਿਉਰ ਤੇ ਨਿੰਮਾ ਸੈਣੀ ਮਿਲੇ। ਦੋਵੇਂ ਮਾਧੋ ਦੀ ਡਰਾਈਵਰੀ ਵੇਲੇ ਦੇ ਵਾਕਿਫ਼ ਸਨ। "ਸਾਊ ਤੁਸੀਂ ਕਿਮੇਂ?" ਮਾਧੋ ਪੁੱਛਿਆ। ਉਹਨਾਂ ਦੱਸਿਆ, ਅੱਜ ਕੱਲ੍ਹ ਉਹ ਲੱਕੜੀ ਦੇ ਠੇਕੇਦਾਰ ਭੰਗੂ ਕੋਲ ਵਾਢ੍ਹਿਆਂ ਦਾ ਕੰਮ ਕਰਦੇ ਸਨ। ਇਹ ਵੀ ਦੱਸਿਆ ਕੱਲ੍ਹ ਅਦਾਰੇ ਦੀ ਪਿਛਲੀ ਝੰਘੀ 'ਚ ਲਾਉਣਗੇ ਵਾਢ੍ਹ।

ਮਾਧੋ ਖੜ੍ਹਾ-ਖੜ੍ਹੋਤਾ ਕੰਬਿਆ ਅਤੇ ਬੈਠ ਗਿਆ। ਪਾਣੀ ਦੀ ਤਲਬ ਮਹਿਸੂਸ ਹੋਈ। ਮੇਨਗੇਟ ਤੋਂ ਕੁਝ ਹਟਵੇਂ ਉਹਨੂੰ ਭੁੰਞ 'ਤੇ ਬੈਠੇ ਕਈਆਂ ਨੇ ਦੇਖਿਆ, ਪਰ ਗੌਲਿਆ ਨਾ। ਉਹਤੋਂ ਸਾਈਕਲ ਖੜ੍ਹਾ ਕਰਨ ਦੀ ਹਿੰਮਤ ਵੀ ਨਹੀਂ ਸੀ ਹੋਈ।

ਸੋਚਿਆ ਐਨੇ ਦਿਨ ਹੋ ਗਏ ਮਿੰਨਤਾਂ ਕਰਦਿਆਂ, ਲਿਲ੍ਹਕੜੀਆਂ ਕੱਢਦਿਆਂ। ਫਿਰ ਵੀ ਦੇਵਤਿਆਂ ਨੂੰ ਵੱਢ ਦੇਣਗੇ? ਉਹਨੇ ਲੱਕ ਟੁੱਟਿਆ ਮਹਿਸੂਸ ਕੀਤਾ ਅਤੇ ਅੱਖਾਂ ਵਿਚ ਅੱਥਰੂ ਭਰ ਆਇਆ। ਉਹਦਾ ਪਿੰਡ ਇਕ ਤਰ੍ਹਾਂ ਅਦਾਰੇ ਦੇ ਪੈਰਾਂ ਵਿਚ ਸੀ। ਉਸ ਦਿਨ ਲੱਗਾ, ਬਹੁਤ ਦੂਰ ਸੀ। ਉਹ ਡਿੱਗਦਾ ਢਹਿੰਦਾ ਘਰ ਗਿਆ ਤਾਂ ਅੱਕੋ ਪੁੱਛਿਆ।

"ਕੀ ਹੋਇਆ?"

"ਨਰਥ ਹੋ ਗਿਆ ਸਾਊ! ਦੇਵਤੇ ਵਢ੍ਹੇ ਗਏ ਅੱਖਾਂ ਦੇ ਸਾਮ੍ਹਣੇ!"

ਅੱਕੋ ਜਾਣਦੀ ਸੀ। ਬਾਪੂ ਨਿੱਕੀ ਨਿੱਕੀ ਗੱਲ ਦਿਲ ਤੇ ਲਾ ਬੈਠਦਾ ਸੀ। ਉਸ ਢਾਰਸ ਦਿੱਤੀ।

"ਰਾਮ-ਰਾਮ ਕਰ ਜੀ! ਐਂ ਕਿਤੇ ਦਿਉਤੇ ਮਰਦੇ ਐ!"

"ਕਲਜੁਗ ਐ ਸਾਊ! ਇਹਦੇ 'ਚ ਤਾਂ ਦਿਉਤੇ ਈ ਮਰਦੇ ਐ।"

ਰੋਟੀ ਖਾਣ ਲੱਗਾ ਤਾਂ ਬੁਰਕੀ ਅੰਦਰ ਨਾ ਲੰਘੀ। ਕੋਠੇ 'ਤੇ ਜਾ ਕੇ ਪੈ ਗਿਆ। ਜੀਅ 'ਚ ਆਈ, ਕਿੰਨੀ ਭੁੱਲ ਹੋਈ; ਇਕ ਵੇਰ ਦਿਉਤਿਆਂ ਨੂੰ ਮੱਥਾ ਟੇਕ ਕੇ ਭੁੱਲ ਬਖਸ਼ਾਅ ਲੈਂਦਾ ਤਾਂ ਪਾਪ ਨਾ ਲੱਗਦਾ। ਮੂੰਹ ਚੁੱਕ ਕੇ ਚਲਾ ਆਇਆ। ਮਨ ਪਛਤਾਵੇ ਨਾਲ ਭਰ ਗਿਆ। ਉੱਠ ਕੇ ਬੈਠ ਗਿਆ, ਜਿਵੇਂ ਡਰ ਲੱਗਿਆ ਹੋਵੇ। ਦਿਲ ਦਹਿਲ ਗਿਆ। ਅੱਕੋ ਵਿਹੜੇ 'ਚ ਭਾਂਡੇ ਟੀਂਡਰ ਦੇ ਆਹਰ 'ਚ ਸੀ।

ਉਹ ਤਾਅ ਖਾ ਕੇ ਉੱਠਿਆ, ਮਲਕੜੇ ਜਿਹੇ ਨਿੰਮ ਥੱਲਿਓਂ ਸਾਈਕਲ ਚੁੱਕਿਆ। ਪਹੀ ਪੈਂਦਾ ਸਕੂਲ ਵਾਲਾ ਮੋੜ ਪਰਤ ਗਿਆ। ਪਹਿਲਾਂ ਬੀਰ ਜੁਲਾਹੇ ਕੇ ਜਾ ਖੜ੍ਹਿਆ। ਫਿਰ ਤਾਰੇ ਘੁਮਾਰ ਦੇ ਘਰ ਮੂਹਰੇ। ਇਸ ਤੋਂ ਬਾਦ ਕੀ ਹੋਇਆ, ਉਹਨੂੰ ਯਾਦ ਨਹੀਂ।

ਹਰ ਰੋਜ਼ ਵਾਂਗ ਦਿਨ ਚੜ੍ਹਿਆ। ਸੂਰਜ ਧਰਤੀ 'ਤੇ ਉੱਤਰਿਆ ਇਸ ਤੋਂ ਪਹਿਲਾਂ ਕਿ ਅਦਾਰੇ ਵਿਚ ਕਰਮਚਾਰੀਆਂ ਦਾ ਹਜੂਮ ਵੜਦਾ, ਵਾਢਿਆਂ ਨੂੰ ਹਦਾਇਤ ਸੀ ਤਦ ਤੱਕ ਤ੍ਰਵੇਣੀ ਦਾ ਨਾਂ-ਨਿਸ਼ਾਨ ਨਹੀਂ ਰਹਿਣਾ ਚਾਹੀਦਾ।

ਵਾਢ੍ਹੇ ਸੰਦਾਂ ਨਾਲ ਧਾਹ ਕੇ ਤ੍ਰਵੇਣੀ ਵੱਲ ਆਏ। ਕਾਹਲੀ ਨਾਲ ਰੁੱਖਾਂ ਦੀ ਝਿੜੀ 'ਚੋਂ ਤ੍ਰਵੇਣੀ ਦਾ ਰੁੱਖ ਲੱਭਿਆ। ਨੇੜੇ ਆਏ ਤਾਂ ਠਿਠਕ ਗਏ। ਡਰ ਕੇ ਦੂਰ ਜਾ ਖੜ੍ਹੇ। ਹੱਥ ਜੋੜ ਮੱਥਾ ਟੇਕਿਆ ਅਤੇ ਮੂੰਹ ਵਿਚ ਰੱਬ ਧਿਆਇਆ। ਸ਼ੁਕਰ ਕੀਤਾ ਪਾਪ ਹੋਣ ਬਚ ਗਿਆ।

ਤ੍ਰਵੇਣੀ ਦੁਆਲੇ ਕੱਚੇ ਸੂਤ ਦੀ ਪੂਰੀ ਅੱਟੀ ਦੇ ਤੰਦ ਲਪੇਟੇ ਪਏ ਸਨ। ਰੁੱਖ ਦੇ ਮੁੱਢ ਨੂੰ ਦੇਵਤਿਆਂ ਦੇ ਪੈਰ ਸਮਝ ਕੇ ਧੋਤਾ ਗਿਆ ਸੀ। ਤ੍ਰਵੇਣੀ ਦੇ ਮੁੱਢ ਨੇੜੇ, ਗਲ ਨਾਲ ਮੌਲੀ ਬੱਝੀ ਕੋਰਾ ਕੁੱਜਾ ਪਾਣੀ ਦਾ ਭਰਿਆ ਇੱਟਾਂ 'ਤੇ ਪਿਆ ਸੀ, ਅਤੇ ਥੋੜ੍ਹੀ ਦੂਰ



ਮਾਧੋ ਘੂਕ ਸੁੱਤਾ ਪਿਆ ਸੀ।...

ਵਾਢਿਆਂ ਨੂੰ ਝੰਗੀ ਵੱਲ ਜਾਂਦੇ ਦੇਖ ਕੁਆਟਰਾਂ ਦੇ ਇੱਕ ਦੋ ਲੋਕ ਵੀ ਪਿੱਛੇ ਪਿੱਛੇ ਚਲੇ ਆਏ ਸਨ। ਉਹ ਵੀ ਤ੍ਰਵੇਣੀ ਦਾ ਨਵਾਂ ਰੂਪ ਦੇਖ, ਕਾਹਲੀ ਨਾਲ ਪਰਤੇ ਅਤੇ ਕੁਆਟਰਾਂ 'ਚ ਜਾ ਕੇ ਰੌਲਾ ਚੱਕ ਦਿੱਤਾ।

ਜਦ ਤੱਕ ਅਫ਼ਸਰਾਂ ਅਤੇ ਚੀਫ਼ ਤੱਕ ਗੱਲ ਅੱਪੜੀ ਕੁਆਟਰਾਂ ਵਾਲਿਆਂ ਵਿਚੋਂ ਕਿਸੇ ਨੇ ਅਗਰਬੱਤੀਆਂ ਦੀ ਪੂਰੀ ਡੱਬੀ ਲਿਆ ਧੁਖਾਈ ਅਤੇ ਪ੍ਰਧਾਨ ਸ਼ੇਰੀ

ਨੇ ਸੰਧੂਰ ਦਾ ਵੱਡਾ ਥਾਪਾ ਲਾ ਦਿੱਤਾ।

ਮੈਂ ਦੇਖਿਆ, ਕਈ ਅੰਦਾਜ਼ਾ ਲਗਾ ਰਹੇ ਸਨ। ਛੁੱਟੀ ਮਗਰੋਂ ਤਾਂ ਮਾਧੋ ਪਿੰਡ ਚਲਿਆ ਗਿਆ ਸੀ। ਕਦੋਂ ਉਹ ਵਾਪਸ ਆਇਆ? ਕਿਵੇਂ ਉਹ ਉੱਚੀ ਦੀਵਾਰ ਟੱਪ ਕੇ ਅੰਦਰ ਵੜਿਆ ਅਤੇ ਕਦੋਂ ਦੇਵਤੇ ਮਣਸ ਕੇ ਸੌਂ ਗਿਆ।

ਰੌਲਾ ਸੁਣ ਕੇ ਮਾਧੋ ਉੱਠ ਖੜ੍ਹਿਆ। ਇੱਕਠ ਦੇਖ ਉਹਦਾ ਦਿਲ ਦਹਿਲ ਗਿਆ। ਉਹਨੂੰ ਲੱਗਾ ਕੋਈ ਬਹੁਤ ਵੱਡੀ ਭੁੱਲ ਹੋ ਗਈ। ਉਸ ਮਨ ਹੀ ਮਨ ਦੇਵਤੇ ਧਿਆਏ ਅਤੇ ਆਪਣੇ ਆਪ ਨੂੰ ਹਰ ਸਜ਼ਾ ਲਈ ਤਿਆਰ ਕਰਦੇ ਹੋਏ ਹੱਥ ਜੋੜ ਲਏ।

ਅਦਾਰੇ ਦੀ ਹਵਾ ਵਿਚ ਜਿਵੇਂ ਮਹਾਂ ਖਤਰੇ ਦਾ ਹੂਟਰ ਵੱਜਿਆ। ਰਜਿਸਟਰਾਰ, ਚੀਫ਼, ਯੂਨੀਅਨ ਨੇਤਾ, ਅਧਿਆਪਕ ਅਤੇ ਸਕਿਉਰਟੀ ਗਾਰਡ ਹਨੇਰੀ ਵਾਂਗ ਦੌੜਦੇ ਆਏ। ਪੂਰਾ ਹਜੂਮ।

ਹਰ ਕੋਈ ਆਉਂਦਾ... ਇੱਕ ਦੂਜੇ ਵੱਲ ਵੇਖਦਾ ਅਤੇ ਚੁੱਪ ਕਰਕੇ ਦੂਰ ਜਾ ਖੜ੍ਹਦਾ। ਸਭ ਦਾ ਅੰਦਰੇ ਅੰਦਰ ਲਹੂ ਖੌਲਣ ਲੱਗਦਾ।

ਏਧਰ ਸਭ ਅੱਵਾਕ, ਅਤੇ ਸਾਮ੍ਹਣੇ ਹੱਥ ਜੋੜੀ ਖੜ੍ਹਾ ਮਾਧੋ।

ਮਾਮੂਲੀ ਜਿਹੇ ਆਦਮੀ ਸਾਮ੍ਹਣੇ ਅਫ਼ਸਰਸ਼ਾਹੀ, ਯੂਨੀਅਨਾਂ, ਸਿਧਾਂਤ ਅਤੇ ਗਿਆਨ-ਵਿਗਿਆਨ ਸਭ ਮਿੱਟੀ ਹੋਏ ਪਏ ਸਨ। ਤ੍ਰਵੇਣੀ ਨੂੰ ਟੱਕ ਲਾਉਣਾ ਤਾਂ ਦੂਰ, ਢੁਡੇਰੇ ਵਲੇ ਹੋਏ ਕੱਚੇ ਤੰਦ ਨੂੰ ਤੋੜਨ ਦੀ ਕਿਸੇ ਦੀ ਹਿੰਮਤ ਨਹੀਂ ਸੀ।...

ਅਚਾਨਕ ਲੋਕਾਂ ਦੇਖਿਆ, ਕੁਆਟਰਾਂ ਵੱਲੋਂ ਕੁਝ ਔਰਤਾਂ ਥਾਲੀਆਂ ਚੁੱਕੀ ਆ ਰਹੀਆਂ ਸਨ। ਇਸ ਤੋਂ ਪਹਿਲਾਂ ਕਿ ਕੁਝ ਹੋਰ ਵਾਪਰਦਾ; ਗੁੱਸੇ ਨਾਲ ਚੀਫ਼ ਮੁੜਿਆ। ਹਕਾਰਤ ਨਾਲ ਜ਼ਮੀਨ 'ਤੇ ਥੁੱਕਿਆ ਅਤੇ ਫ਼ੈਸਲਾ ਕੀਤਾ, ਹੁਣੇ ਇਸ ਮਾਧੋ ਦਾ ਫ਼ਸਤਾ ਵੱਢੂੰਗਾ।

ਜਿਵੇਂ ਹੀ ਉਹ ਦੋ ਕਦਮ ਤੁਰਿਆ। ਲੱਗਾ, ਉਹ ਸਿਰਫ਼ ਇਸ ਪੀਅਨ ਮਾਧੋ ਨੂੰ ਕੱਢ ਸਕਦਾ ਸੀ। ਤ੍ਰਵੇਣੀ ਦੇ ਪੱਤੇ-ਪੱਤੇ ਵਿਚ ਜਾ ਬੈਠੇ ਨੂੰ ਕਿਵੇਂ ਕੱਢੇਗਾ? ਉਹਨੇ ਪਰਤ ਕੇ ਇਕ ਵੇਰੀ ਫ਼ਿਰ ਉਵੇਂ ਹੱਥ ਜੋੜ੍ਹੀ ਖੜ੍ਹੇ ਮਾਧੋ ਨੂੰ ਨਫ਼ਰਤ ਨਾਲ ਦੇਖਿਆ। ਅਗਲੇ ਪਲ ਲੱਗਾ, ਉਹ ਕਿਸੇ ਅਜਿਹੀ ਚੱਟਾਨ ਨੂੰ ਦੇਖ ਰਿਹਾ ਸੀ... ਜਿਸਦੀਆਂ ਜੜ੍ਹਾਂ ਅੱਜ ਦੇ ਯੁੱਗ ਵਿਚ ਵੀ ਬਹੁਤ ਡੂੰਘੇ ਪਤਾਲ ਵਿਚ ਸਨ।...

•

# ਉਡੀਕ

ਮੌਤ ਗੁਰੋ ਦੇ ਇਰਦ-ਗਿਰਦ ਸੀ ਪਰ ਦਿੱਸ ਨਹੀਂ ਸੀ ਰਹੀ।

ਟੱਬਰ ਉਸ ਘੜੀ ਨੂੰ ਸਹਿਕ ਰਿਹਾ ਸੀ।...

ਘਰ ਦੇ ਸਾਰੇ ਕੰਮ-ਕਾਜ ਅਟਕੇ ਪਏ ਸਨ। ਹਰ ਕੋਈ ਸਾਹ ਸੂਤੀ ਖੜ੍ਹਾ ਸੀ।

"ਮਰਨਾਂ ਕੀਹਨੇ ਨਹੀਂ? ਵਕਤ ਆ ਗਿਆ ਤਾਂ ਬੰਦਾ ਤੁਰਦਾ ਹੋਵੇ। ਉਡੀਕ ਕੀਹਦੀ? ਚੁਟਕੀ 'ਚ ਭੁੜਕਦੇ ਕੋਈ ਕਰਮਾਂ ਵਾਲਾ। ਰੀਂਘ ਕੇ ਮਰਨਾਂ ਕੋਈ ਮਰਨੈ?"

ਖ਼ਬਰ ਲੈਣ ਆਏ ਗੱਲਾਂ ਕਰਦੇ।

"ਮਰੀ ਤਾਂ ਕੇਸਰੋ। ਦੇਵਤਿਆਂ ਦੀ ਮੌਤ। ਜਾਂ ਕੰਬੋਆਂ ਕਾ ਸੁੰਦਰ ਸਿਹੁੰ। ਇਕ ਰਾਤ ਟੱਬਰ ਉਠਾਇਆ। ਹੱਥ ਜੋੜੇ। ਚੰਗਾ ਭਾਈ ਸਭ ਨੂੰ ਸੱਸਰੀਕਾਲ। ਨਦੀ ਨਾਮ ਸੰਜੋਗੀ ਮੇਲੇ...। ਟੱਬਰ ਕਿਹਾ, ਦੇਖ ਕੀ ਝੱਲ ਖਲਾਰਦੀ ਐ ਅੱਧੀ ਰਾਤ। ਸਵੇਰੇ ਉਠੇ ਤਾਂ ਦੇਖਣ। ਉੱਡ ਗਿਆ ਭੌਰ। ਤੇ ਸੁੰਦਰ ਸਿਹੁੰ, ਰੱਜ ਕੇ ਕੁੱਤਾ ਬੰਦਾ। ਬਾਹਰੋਂ ਆਇਆ। ਬਹੂ ਨੂੰ ਕਹਿੰਦਾ, ਪੁੱਤ ਕੜਾਹ ਮਿਲੂ ਭੋਰਾ? ਬਹੂ ਕਿਹਾ, ਨਾ ਤਿੱਥ ਨਾ ਤਿਉਹਾਰ... ਬਾਪੂ ਜੀ ਕਮਲੇ ਤਾਂ ਨਹੀਂ ਹੋ ਗਏ? ਕਹਿੰਦਾ, ਚਲੋ ਫਿਰ ਮਰੇ 'ਤੇ ਹੀ ਖਾ ਲਿਉ। ਉਹੋ ਗੱਲ ਹੋਈ। ਵੱਡਾ ਕੀਤਾ। ਪੂਰੀ ਬਿਰਾਦਰੀ ਨੇ ਛਕਿਆ। ਸਹੁਰੀਏ! ਕੁਣਕਾ ਈ ਸੀ, ਸੁਰ੍ਹਾ ਤਾਂ ਨਾ ਭਟਕਣ ਦਿੰਦੀ ਵਿਚਾਰੇ ਦੀ...।" ਲੋਕ ਕਹਾਣੀਆਂ ਛੋਹ ਲੈਂਦੇ।

"ਸੁੱਚਾ ਸਿਹਾਂ! ਸੋ ਨੂੰ ਤਾਂ ਟੱਪ ਗਈ ਹੋਊ ਬੇਬੇ।" ਕੋਈ ਪੁੱਛਦਾ।

"ਕਾਹਨੂੰ ਪਲੇਗ ਪੈਣ ਵੇਲੇ ਦੀ ਐ। ਸਾਲ ਤਾਂ ਪਤਾ ਨਹੀਂ।"

ਸੁੱਚਾ ਸਿਹੁੰ ਨੂੰ ਵੀ ਮਾਂ ਨੇ ਹੀ ਦੱਸਿਆ ਸੀ। "ਉਸ ਸਾਲ ਚੂਹਿਆਂ ਤੋਂ ਪਈ ਬਮਾਰੀ। ਬੰਦਾ ਤੁਰਿਆ ਜਾਂਦਾ ਮੁੱਕ ਜਾਂਦਾ। ਮੈਨੂੰ ਨਕਰਮੀ ਨੂੰ ਰੱਬ ਰੱਖ ਲਿਆ। ਤਾਂ ਹੀ ਤਾਂ ਨਾਂ ਪਿਆ ਗੁਰਾਂਦੇਈ।"

ਰੱਬ ਦੇ ਰੱਖ ਲੈਣ ਵਾਲੀ ਗੱਲ ਸੱਚੀ ਸੀ। ਗੁਰਾਂ ਨੂੰ ਹਰ ਦਿਨ ਨਵਾਂ ਵਾਰ ਆਇਆ। ਜਵਾਨ ਹੋਈ। ਉੱਚਾ ਲੰਮਾ ਕੱਦ। ਭਰਵੀਂ ਡੌਲ-ਡੌਲ। ਲਹਿਣਾ ਸਿਹੁੰ ਨਾਲ ਵਿਆਹੀ ਗਈ। ਬਾਰਾਂ ਵਿਚ ਮੁਰੱਬੇ ਅਲਾਟ ਹੋਏ ਤਾਂ ਸਾਂਦਲ ਬਾਰ ਜਾ ਕੇ ਵੱਸ ਗਏ।

ਜੜ੍ਹਾਂ ਵੀ ਨਹੀਂ ਸੀ ਲੱਗੀਆਂ ਕਿ ਹੱਲੇ ਪੈ ਗਏ।

ਹੱਲੇ ਕੀ ਪਏ... ਪਰਲੋ ਆ ਗਈ...। ਪਤੀ ਤੇ ਮਾਪੇ ਹੱਲੇ ਨਿਗਲ ਗਏ। ਦੋ



ਪੁੱਤਾਂ ਨੂੰ ਖੰਭਾਂ ਹੇਠ ਲਈ ਏਧਰ ਆ ਗਈ।

ਇਕੱਲੀ ਕਾਰੀ ਤੀਵੀਂ ਤੇ ਹੋਣੀ ਨਾਲ ਮੱਥਾ। ਦੋ ਪੁੱਤਾਂ ਨਾਲ ਲੱਕ ਬੰਨ੍ਹ ਲਿਆ ਗੁਰਾਂਦੇਈ। ਉਹ ਦਿਨ ਯਾਦ ਕਰਦਿਆਂ ਅੱਜ ਵੀ ਸੁੱਚਾ ਤੇ ਨੰਜਾ ਅੱਖਾਂ ਭਰ ਲੈਂਦੇ। ਕੋਈ ਕਿਵੇਂ ਸ਼ਰੀਕਾਂ ਹੇਠੋਂ ਸਿਆੜ ਕਢਾਏ। ਦਿਨ ਰਾਤ ਇਕ ਕੀਤਾ। ਮੁੜ੍ਹਕਾ ਡੋਲ੍ਹਿਆ। ਗਲ ਲਈ। ਪੰਚਾਇਤਾਂ ਵਿਚ ਬੈਠੀ। ਠਾਣੇ-ਠਪਾਣੇ ਗਈ। ਸ਼ਰਾਬ ਕੱਢੀ। ਪਿਆਈ। ਵੇਚੀ। ਹਿੱਕ ਠੋਕ ਕੇ। ਜਬ੍ਹਾ ਕਾਇਮ ਕੀਤਾ। ਪੁੱਤ ਵਿਆਹੇ। ਸੁੱਚੇ ਲਈ ਚੱਠਿਆਂ ਤੋਂ ਚਿੱਤ ਕੁਰ ਤੇ ਨੰਜੇ ਲਈ ਵਿਰਕਾਂ ਕੀ ਰਾਜਵੰਤ ਵਿਆਹ ਕੇ ਲਿਆਂਦੀ।

ਪੁੱਤਾਂ ਨੂੰਹਾਂ ਵੀ ਰੱਖ ਵਿਖਾਈ। ਸੁੱਚੇ ਵਾਹੀ ਓਟ ਲਈ। ਨੰਜੇ ਆੜ੍ਹਤ। ਦੌਲਤ ਪੈਰਾਂ ਨਾਲ ਆਈ। ਵੇਲ ਵਧੀ। ਅੱਜ ਸੁੱਚੇ ਦੇ ਨੀਤੂ ਤੇ ਗੁੱਲੂ ਸਨ। ਨੰਜੇ ਦੀਆਂ ਲਾਲ਼ੀ ਤੇ ਰਿੰਪੀ ਧੀਆਂ ਤੇ ਪੁੱਤ ਬੌਬੂ। ਸਭ ਕਾਲਜਾਂ ਵਿਚ ਪੜ੍ਹਦੇ। ਪੁੱਜਦਾ ਘਰ। ਕੋਈ ਚਿੜੀਆਂ ਦਾ ਦੁੱਧ ਮੰਗਦਾ, ਹਾਜ਼ਰ ਕਰਨ ਦੇ ਸਮਰੱਥ।

ਅਚਾਨਕ ਗੁਰਾਂਦੇਈ ਦੀ ਲਟਕੀ ਮੌਤ ਨੇ ਸਭ ਜਾੜ੍ਹ ਕਰਕੇ ਰੱਖ ਦਿੱਤਾ।

ਹਵਾ, ਸਾਹ, ਧੜਕਨ, ਗੁਰੋ ਦਾ ਨਹੀਂ, ਟੱਬਰ ਦਾ ਰੁਕਿਆ ਖੜ੍ਹਾ ਸੀ। ਉੱਚੀ ਹੱਸਣਾ ਨਹੀਂ, ਕੀ ਪਤਾ ਕਦੋਂ ਕੋਈ ਖ਼ਬਰ ਲੈਣ ਆ ਜਾਵੇ। ਆਏ ਨੂੰ ਉਦਾਸ ਮਿਲੋ। ਹਉਕਾ ਲਵੋ। ਹੌਲੀ ਬੋਲੋ। ਕਹਾਣੀਆਂ ਸ਼ੁਰੂ। ਕਦੋਂ ਬੋਲੀ। ਕੀ ਖਾਧਾ? ਕਦੋਂ ਖਾਧਾ? ਪਛਾਣਦੀ ਐ ਕਿ ਨਹੀਂ? ਹੱਥ ਪੈਰ ਕਿਵੇਂ ਨੇ? ਠੰਡੇ ਕਿ ਗਰਮ? ਦਵਾਦਾਰੂ ਚਲਦੇ ਕਿ ਬੰਦ? ਆਪਦੀ ਕਿਰਿਆ ਕਿਉਂਦੀ ਏ ਕਿ ਨਹੀਂ? ਜੇ ਨਹੀਂ ਤਾਂ ਕੌਣ ਕਰਦੇ ਸੇਵਾ? ਚਿੱਤਕੁਰ ਜਾਂ ਰਾਜਵੰਤ?

ਨਸੀਹਤਾਂ ਦਾ ਮੀਂਹ ਵਰ੍ਹਦਾ।

"ਮਰਦੇ ਦੀ ਸੇਵਾ ਤੁਰੰਤ ਮਿਲਦੇ ਮੇਵਾ ਭਾਈ। ਗੰਗਾ ਜਲ ਮੰਗਵਾ ਲਿਆ? ਤੁਰੰਤ ਨਹੀਂ ਲੱਭਦਾ ਕੁਝ। ਗੁਟਕੇ ਮੰਗਵਾਉ ਪੰਜ ਸੱਤ। ਜਿਵੇਂ ਘੋਰੜੂ ਵੱਜੇ, ਬਾਣੀ ਪੜ੍ਹੋ ਕੰਨਾਂ 'ਚ। ਭੁੱਲ ਕੇ ਸਰ੍ਹਾਣੇ ਨਾ ਖੜ੍ਹੋ। ਮਰਦੇ ਦੀ ਸੁਰ੍ਹਾ ਜਾਂਦੀ ਐ ਖੜ੍ਹੇ ਬੰਦੇ 'ਚ...।"

ਮੌਤ ਲਟਕ ਗਈ ਤਾਂ ਨਸੀਹਤਾਂ ਬਦਲੀਆਂ।

"ਚਾਕੂ ਛੁਰੀ ਤਾਂ ਨਹੀਂ ਪਈ ਮੰਜੇ 'ਤੇ? ਲੋਹੇ ਤੋਂ ਬਹੁਤ ਡਰਦੇ ਐ ਫਰੇਸਤੇ। ਐਵੇਂ ਲਟਕਿਆ ਰਹਿੰਦੇ ਬੰਦਾ। ਕਿਸੇ ਨੂੰ ਮਿਲਣ ਦੀ ਭਾਖਿਆ ਤਾਂ ਨਹੀਂ ਕੱਢੀ ਮੂੰਹੋ? ਕੱਢੀ ਐ ਤਾਂ ਤੁਰੰਤ ਬੁਲਾਓ ਬੰਦਾ। ਐਹਾ ਜਹੇ ਦੀ ਵਾਜ ਕੰਨੀ ਪਈ ਨਹੀਂ ਤੇ ਜਾਨ ਨਿਕਲੀ ਨਹੀਂ। ਬੂਹੇ ਨਾ ਬੰਦ ਕਰਿਉ ਭੁੱਲ ਕੇ ਵੀ... ਦੂਹੋ-ਦੂਹ ਆਉਂਦੇ ਐ ਜਮਦੂਤ..."

ਜਿੰਨੇ ਮੂੰਹ ਓਨੀਆਂ ਗੱਲਾਂ। ਸੁਣ ਸੁਣ ਟੱਬਰ ਕੰਬਦਾ।

ਪੁੱਤਰ ਬਾਹਰ ਗਏ ਬਿੰਦੇ-ਬਿੰਦੇ ਗੇੜਾ ਮਾਰਦੇ। ਨੇ ਜਾਣੀਏਂ ਕਦ ਲੋੜ ਪੈ ਜਾਵੇ। ਨੰਜੇ ਯੂ.ਪੀ. ਤੋਂ ਬੀਅ ਲੈਣ ਜਾਣਾ ਸੀ। ਸੁੱਚੇ ਨੀਤੂ ਦਾ ਸਾਹਾ ਕਢਾਉਣਾ ਸੀ;

ਨਹੀਂ ਗਏ। ਟੱਬਰ ਸੁੱਤਾ ਪਿਆ ਵੀ ਜਾਗਦਾ ਰਹਿੰਦਾ। ਨੂੰਹਾਂ ਤਾਂ ਜਾਗਣ ਦੀ ਵਾਰੀ ਬੰਨ੍ਹ ਲਈ।

ਮੌਤ ਸੀ ਕਿ ਦਸਤਕ ਹੀ ਨਹੀਂ ਸੀ ਦੇ ਰਹੀ।...

ਸਭ ਤੋਂ ਵੱਡੀ ਚਿੰਤਾ ਗੁਰੋ ਦੇ ਹਾਲ-ਪਾਰ੍ਹਿਆ ਨਾ ਕਰਨ ਦੀ ਸੀ। ਗੁੰਮਸੁੰਮ ਪਈ ਸੀ। ਕਦੇ ਹਾਜਤ ਵੇਲੇ ਅੱਖ ਪੱਟਦੀ। ਸਹਾਰੇ ਨਾਲ ਬੈਠਦੀ। ਅੱਖਾਂ ਦੇ ਡੂੰਘੇ ਕੋਇਆਂ ਵਿਚੋਂ ਗਰਕੀ ਵੱਲ ਝਾਕਦੀ। ਮਦਦ ਨਾਲ ਕਿਰਿਆ ਸਾਧਦੀ ਤੇ ਮੰਜੀ 'ਤੇ ਪੈਂਦੀ ਗੁੰਮ। ਕੋਈ ਦੋ ਚਮਚ ਦਲੀਆ ਅੰਦਰ ਲੰਘਾਉਂਦਾ ਤਾਂ ਨਿਗਲਦੀ; ਨਹੀਂ ਦਾਣਾ-ਪਾਣੀ ਖ਼ਤਮ।

ਡਰ ਉਦੋਂ ਲਗਦਾ ਜਦੋਂ ਅੱਖਾਂ ਦੇ ਡੂੰਘੇ ਕੋਇਆਂ ਵਿਚੋਂ ਅਪਲਕ ਝਾਕਦੀ। ਲਗਾਤਾਰ। ਸੂਏ ਚੁਭਣ ਲੱਗਦੇ। ਅੱਖਾਂ ਸੁੰਗੜਦੀਆਂ ਤਾਂ ਲਗਦਾ, ਗਈ। ਅਚਾਨਕ ਹੱਥ ਕੰਬਦੇ। ਬੁੱਲ੍ਹ ਫਰਕਦੇ। ਬੁੱਲ੍ਹਾਂ ਵਿਚ ਤੜਫਦੇ ਬੋਲ, ਪਹਿਲਾਂ ਸਹਿਕਦੇ, ਫਿਰ ਮਰਦੇ, ਹਿਰਦੇ ਵਾਢ੍ਹ ਪਾਉਂਦੇ।

ਇਹ ਉਹੋ ਗੁਰੋ ਸੀ ਜੀਹਦੇ ਬੋਲ ਮਿਰਦੰਗ ਵਾਂਗ ਗੂੰਜਦੇ ਸਨ।

ਟੱਬਰ ਜਾਦੇ ਇਹਦੀ ਉਹ ਆਪ ਜ਼ਿੰਮੇਵਾਰ ਸੀ...।

ਸਭ ਨੇ ਹੱਥ ਜੋੜੇ। ਤਰਲੇ ਲਏ। ਮਿੰਨਤਾਂ ਕੀਤੀਆਂ। ਵਾਸਤੇ ਦਿੱਤੇ। ਬਈ ਰੱਬ ਦਾ ਵਾਸਤਾ ਜਦ ਵੀਹ ਸਾਲਾਂ ਤੋਂ ਪੁੱਤਾਂ ਘਰ ਦਾ ਸੀਧਾ ਚੱਕ ਲਿਆ ਤਾਂ ਨਿੱਕੀ-ਨਿੱਕੀ ਗੱਲ ਵਿਚ ਦਖ਼ਲ-ਅੰਦਾਜ਼ੀ ਕਿਉਂ?... ਜ਼ਮਾਨਾ ਬਦਲ ਗਿਆ। ਉਮਰ ਨੱਬਿਆਂ ਨੂੰ ਜਾ ਢੁੱਕੀ। ਹੁਣ ਡੰਗੋਰੀ ਫੜੋ ਤੇ ਅਗਲਿਆਂ ਨਾਲ ਕਰੋ ਗੱਲਾਂ। ਛੱਡੋ ਮੋਹ-ਮਾਇਆ। ਪਰ ਬੇਬੇ ਡੰਗੋਰੀ ਫੜਨ ਲਈ ਤਿਆਰ ਹੀ ਨਹੀਂ ਸੀ।

"ਜਦ ਨੈਣ-ਪ੍ਰਾਣ ਚਲਦੇ ਐ ਤਾਂ ਡੰਗੋਰੀ ਦੀ ਮੁਹਤਾਜੀ ਕਿਉਂ?"

ਏਧਰ ਆ ਕੇ ਗੁਰੋ ਨੇ ਵੀਹ ਸਾਲ ਫ਼ਸਲ ਬੀਜੀ। ਵੱਢੀ। ਗਾਹੀ। ਵੇਚੀ। ਲਿਆਰੀਆਂ ਨਾਲ ਖੁਰਲੀਆਂ ਭਰ ਦਿੱਤੀਆਂ। ਅਨਾਜ ਨਾਲ ਭੜੋਲੇ ਤੁਸ ਦਿੱਤੇ। ਹੁਣ ਜਿਹੜਾ ਟੱਬਰ ਡਾਲਡਾ ਤੇ ਸਬਜ਼ੀ ਮੁੱਲ ਲੈ ਕੇ ਖਾਂਦਾ ਸੀ, ਉਹ ਮੌਤਾਂ ਦੇ ਰਿਹਾ ਸੀ।

ਪੋਤੇ ਪੋਤੀਆਂ ਨੂੰ ਲੱਗਦਾ, ਸਮਾਂ ਉੱਡ ਰਿਹਾ ਸੀ; ਦਾਦੀ ਰੀਂਘ ਰਹੀ ਸੀ।

ਫ਼ਰਕ ਦਿਨ ਰਾਤ ਦਾ ਸੀ। ਪੁੱਤਾਂ ਲਈ ਇਕੋ ਰਾਹ ਸੀ ਬੇਬੇ ਨੂੰ ਬੂਹੇ ਦੀ ਚੌਧਰ ਦਿਉ, ਤੇ ਟੋਕਾ-ਟਕਾਈ ਦਾ ਫਸਤਾ ਵੱਢੋ।

ਗੁਰਾਂ ਦੇਈ ਭਾਂਪ ਗਈ। ਘਰ ਵਿਚ ਹੁਣ ਉਹਦੇ ਲਈ ਕੋਈ ਥਾਂ ਨਹੀਂ ਸੀ। ਉਹ ਨਾ ਰੋਈ। ਨਾ ਬਖੇੜਾ ਕੀਤਾ। ਬੱਸ ਇਸ ਅਹਿਸਾਸ ਨਾਲ, ਉਹਨੇ ਸਾਰੀ ਸੱਤਿਆ ਦੇਹ ਵਿਚੋਂ ਰੱਤ ਮੁੱਕਣ ਵਾਂਗ ਕਤਰਾ-ਕਤਰਾ ਮੁੱਕਦੀ ਵੇਖੀ, ਮਹਿਸੂਸ ਕੀਤੀ ਅਤੇ ਕੁਝ ਦਿਨਾਂ ਵਿਚ ਹੀ ਕਈ ਵਰ੍ਹਿਆਂ ਦੀ ਅਉਧ ਹੰਢਾ ਕੇ ਬਿਰਧ ਹੋ ਗਈ।...



ਕਈ ਦਿਨ ਮੰਜੇ ਤੋਂ ਹੀ ਨਾ ਉੱਠੀ। ਮੋਇਆਂ ਹਾਰ ਪਈ ਰਹੀ। ਸਵੇਰੇ ਸ਼ਾਮ ਮੰਜੇ 'ਤੇ ਹੀ ਰੋਟੀ-ਪਾਣੀ ਮਿਲਣ ਲੱਗਾ। ਜੀਆਂ ਨਾਲ ਗੱਲ ਕਰਨ ਤੋਂ ਵੀ ਤਰਸ ਗਈ ਤਾਂ ਉਸ ਮੰਨ ਹੀ ਲਿਆ ਕਿ ਮੌਤ ਉਸਤੋਂ ਬਹੁਤੀ ਦੂਰ ਨਹੀਂ ਸੀ।

ਫਿਰ ਵੀ ਉਹ ਹੌਸਲੇ ਵਿਚ ਸੀ। ਡਿਉਢੀ ਵਿਚ ਮੰਜੇ 'ਤੇ ਪਈ ਹਰ ਅੰਦਰ ਬਾਹਰ ਵੜਦੇ ਲਈ ਅਸੀਸਾਂ ਦੀ ਝੜੀ ਲਾਈ ਰੱਖਦੀ। ਹਨੇਰ ਸਵੇਰ ਟੱਬਰ ਲਈ ਸੁੱਖਣਾ ਸੁੱਖਦੀ ਕੀੜੀਆਂ ਦੀਆਂ ਖੁੱਡਾਂ 'ਤੇ ਆਟਾ ਧੂੜਦੀ, ਕੀੜੀਆਂ ਨਾਲ ਹੀ ਗੱਲਾਂ ਕਰੀ ਜਾਂਦੀ। ਜਾਂ ਅਸਮਾਨ ਵੱਲ ਹੱਥ ਫੈਲਾਅ ਕੇ ਪਤਾ ਨਹੀਂ ਕੀ-ਕੀ ਮੰਗਦੀ ਰਹਿੰਦੀ।...

ਪੋਤੇ ਪੋਤੀਆਂ ਟਿੱਚਰਾਂ ਕਰਦੇ।

"ਦਾਦੀ ਦੀਆਂ ਸਿੱਧੀਆਂ ਗੱਲੈਂ ਰੱਬ ਨਾਲ।" ਨੀਤੂ ਆਖਦੀ।

"ਮੈਂ ਤਾਂ ਇੰਗਲੈਂਡ ਦਾ ਵੀਜ਼ਾ ਲਵਾਊਂ ਰੱਬ ਤੋਂ, ਦਾਦੀ ਦੀ ਸਿਫ਼ਾਰਸ਼ ਨਾਲ।" ਰਿੰਪੀ ਆਖਦੀ।

ਸੁੱਚਾ ਤੇ ਨੰਜਾ ਵੱਖ ਬੇਬੇ ਨੂੰ ਹਟਕਦੇ। "ਬੇਬੇ ਰੰਗ ਤਾਂ ਲੱਗੇ ਪਏ ਐ, ਹੋਰ ਕੀ ਚਾਹੀਦੈ ਜਿਹੜਾ ਆਟਾ ਡੋਲ੍ਹਦੀ ਫਿਰਦੀ ਐਂ ਖੁੱਡਾਂ 'ਤੇ..."

ਗੁਰੋ ਨਾ ਹਟਣਾ ਸੀ, ਨਾ ਹਟੀ...। ਇਕ ਦਿਨ ਟਿੱਬੀ ਤੋਂ ਤਿਲਕ, ਕੰਗਰੋੜ ਦੇ ਮਣਕੇ ਹਿਲਾਅ ਕੇ ਮਹੀਨਿਆਂ ਲਈ ਤਖ਼ਤਪੋਸ਼ 'ਤੇ ਆ ਪਈ। ਜੀਹਦਾ ਡਰ ਸੀ ਉਹੋ ਹੋਇਆ। ਗਿੱਲਾ ਪੀਹਣਾ ਪੈ ਗਿਆ।

ਬੜੇ ਇਲਾਜ ਕਰਾਏ। ਕਦੇ ਹੇਠਲਾ ਹਿੱਸਾ ਸੁੰਨ। ਕਦੇ ਉਤਲਾ। ਕਦੇ ਗੁੰਮ ਹੋ ਜਾਂਦੀ। ਕਦੇ ਉੱਠ ਕੇ ਬੈਠ ਜਾਂਦੀ। ਕਦੇ ਮੱਖੀ ਦੀ ਵੀ ਕਾਣਤ ਮੰਨਦੀ। ਕਦੇ ਪਿਸ਼ਾਬ ਨਾਲ ਬਿਸਤਰ ਭਿੱਜ ਜਾਂਦਾ।

ਇਕ ਦਿਨ ਤਪੀ ਹੋਈ ਨੀਤੂ ਆਈ।

"ਦਾਦੀ ਆਪਦੇ ਰੱਬ ਨੂੰ ਕਹਿ ਲੈ ਕੇ ਤੁਰਦਾ ਹੋਵੇ। ਤੇਰੇ ਲਈ ਨਹੀਂ ਰਿਹਾ ਕੋਈ ਨਰਕ ਸਵਰਗ?"

ਨੀਤੂ ਇਕ ਤਰ੍ਹਾਂ ਚੀਕੀ ਸੀ। ਗੁਰੋ ਅੱਖਾਂ ਤਾਂ ਪੱਟੀਆਂ। ਬੁੱਲ੍ਹ ਵੀ ਹਿੱਲੇ... ਪਰ ਕੁਝ ਕਹਿ ਨਾ ਸਕੀ।

ਉਸੇ ਤ੍ਰਕਾਲ ਗੁਰੋ ਦੀਆਂ ਅੱਖਾਂ ਤਾੜੇ ਲੱਗ ਗਈਆਂ।

ਟੱਬਰ ਦੀ ਭੁੱਬ ਨਿਕਲ ਗਈ।

"ਸ਼ਰਮ ਨਹੀਂ ਆਈ ਇਤਨੀ ਗੱਲ ਆਖਦੇ?" ਮਾਂ ਕਲਪੀ।

"ਮੇਰੇ ਕਹੇ ਮਰ ਤਾਂ ਨਹੀਂ ਗਈ। ਬਹੁਤਾ ਹੇਜ ਐ ਤਾਂ ਮੰਮੀ ਬਣਾ ਕੇ ਰੱਖ ਲਿਉ ਘਰੇ।" ਨੀਤੂ ਦਾ ਸਬਰ ਟੁੱਟ ਗਿਆ। ਅਸਲ 'ਚ ਗੁਰੋ ਦੇ ਸਾਹਾਂ 'ਚ ਨੀਤੂ ਦੇ ਵਿਆਹ ਦਾ ਸਾਹਾ ਅਟਕਿਆ ਪਿਆ ਸੀ।

ਇਕ ਦਿਨ ਗੁੱਲੂ ਕਿਹਾ। "ਮੈਂ ਤਾਂ ਕਹਿੰਨਾ ਹਸਪਤਾਲ ਦਾਖ਼ਲ ਕਰਾਓ ਪਰ੍ਹਾਂ।

ਨਾਲੇ ਲੋਕ ਨਹੀਂ ਕਹਿਣਗੇ, ਦਵਾਈ ਤੋਂ ਮਾਰਤੀ ਬੁੜ੍ਹੀ।"

ਸੁੱਚਾ ਤੇ ਨੰਜਾ ਹਸਤਪਤਾਲ ਲਈ ਤਾਂ ਰਾਜ਼ੀ ਨਾ ਹੋਏ। ਅਵੇਸਲੇ ਜ਼ਰੂਰ ਹੋ ਗਏ।

ਅਵੇਸਲੇ ਹੋਣ ਦਾ ਇਕ ਕਾਰਨ ਇਹ ਵੀ ਸੀ ਕਿ ਪਿਛਲੇ ਦਿਨਾਂ ਵਿਚ ਜਿਤਨੀ ਵੇਰੀਂ ਬੇਬੇ ਹੋਸ਼ ਵਿਚ ਆਈ। ਨਾ ਉਸ ਹਾਲ-ਪਾਰ੍ਹਿਆ ਕੀਤੀ। ਨਾ ਕੁਛ ਮੰਗਿਆ। ਬਸ ਅਪਲਕ ਦੇਖਦੀ ਰਹਿੰਦੀ। ਅੱਖਾਂ ਵਿਚ ਅੱਥਰੂ ਭਰਦੀ। ਬੁੱਲ੍ਹਾਂ ਵਿਚ ਕੁਝ ਬੁਦਬੁਦਾਉਂਦੀ ਅਤੇ ਇਸ ਤਰ੍ਹਾਂ ਮੱਥਾ ਤਣਦੀ ਜਿਵੇਂ ਕਿਸੇ ਅ-ਕਹਿ ਪੀੜ ਵਿਚੋਂ ਲੰਘ ਰਹੀ ਹੋਵੇ। ਹੁਣ ਅਜਿਹੀ ਗੱਲ ਦਾ ਕੋਈ ਕੀ ਫ਼ਿਕਰ ਕਰੇ?... ਵੱਧ ਤੋਂ ਵੱਧ ਬੁੱਲ੍ਹ ਫ਼ਰਕਦੇ। ਅੱਖਾਂ 'ਚ ਪਾਣੀ ਸਿੰਮਦਾ। ਅਪਲਕ ਦੇਖੀ ਜਾਣਾ। ਭਾਵਹੀਣ। ਨਿਰਛਲ। ਨਿਰ-ਵਿਕਾਰ।

ਇਸ ਲਈ ਕਈ ਦਿਨਾਂ ਤੋਂ ਟੱਬਰ ਬੇ-ਫ਼ਿਕਰ ਸੋ ਰਿਹਾ ਸੀ। ਕੋਈ ਪਹਿਲਾਂ ਉਠਣ ਵਾਲਾ ਨਬਜ਼ ਟੋਂਹਦਾ। ਨੱਕ ਦੇ ਸਵੇਰ ਤੋਂ ਤਸੱਲੀ ਕਰਦਾ। 'ਹੈਗੀ ਐ' ਕਹਿ ਕੇ ਕੰਮੇ ਲੱਗ ਜਾਂਦਾ।

ਅਚਾਨਕ ਗਜ਼ਬ ਹੋ ਗਿਆ।

ਇਕ ਸਵੇਰ ਗੁਰੋ ਦੇਖਦੇ ਚੀਕ ਮਾਰੀ। ਬੇਬੇ ਮੰਜੇ ਤੋਂ ਡਿੱਗੀ ਪਈ ਸੀ।

ਖੇਲ੍ਹ ਖ਼ਤਮ। ਅੱਖ ਦੇ ਫੋਰ 'ਚ ਟੱਬਰ ਉੱਠ ਖੜ੍ਹਿਆ।

ਨੂੰਹਾਂ ਰੋਣ ਲੱਗੀਆਂ ਤਾਂ ਸੁੱਚੇ ਹਟਕਿਆ।

"ਰੁਕੋ। ਪਹਿਲਾਂ ਟਾਈਮ ਦੇਖੋ ਕੀ ਐ?"

"ਚਾਰ।" ਕਿਸੇ ਕਿਹਾ।

"ਪਹਿਲਾਂ ਬਿਸਤਰ ਬਦਲੋ ਛੇਤੀ... ਨਾਲ ਬੇਬੇ ਦੇ ਕੱਪੜੇ ਵੀ।" ਉਸ ਪਤਨੀ ਨੂੰ ਕਿਹਾ। "ਰਾਜਵੰਤ ਨੂੰ ਬੇਬੇ ਕੋਲ ਬਿਠਾਅ। ਕੁੜੀਆਂ ਨੂੰ ਚਾਹ ਪਾਣੀ ਪਿਆ ਤੇ ਬਿਸਤਰੇ ਚੁੱਕ ਸਾਰੇ। ਤੁਸੀਂ ਨਾਲ ਚੱਲੋ ਮੇਰੇ।" ਉਹਨੇ ਨੰਜੇ ਗੁੱਲੂ ਤੇ ਬੱਬੂ ਨੂੰ ਕਿਹਾ।

ਉਹ ਸੁਫ਼ੇ 'ਚ ਆ ਰਹੇ।

"ਤੂੰ ਮੰਡੀ ਨੂੰ ਕਰ ਖਿੱਟ, ਲੱਕੜ ਬਾਲਣ ਦਾ ਕਰ ਇੰਤਜ਼ਾਮ।" ਉਸ ਨੰਜੇ ਨੂੰ ਕਿਹਾ। "ਤੂੰ ਸਮੱਗਰੀ ਲਿਖ ਸਾਰੀ। ਖੱਫਣ, ਚੰਦਨ, ਘਿਉ, ਬਾਕੀ ਨਿਕ-ਸੁੱਕ।

ਅਚਾਨਕ ਚਿੰਤਕੁਰ ਆ ਖੜ੍ਹੀ। "ਕੌਣ ਜਾਊ ਮੰਡੀ?"

"ਕਿਉਂ?"

"ਬੇਬੇ ਲਈ ਚੁੰਨੀ ਚਾਹੀਦੀ ਐ ਚਿੱਟੀ, ਵਧੀਆ। ਇਕ ਵੱਖਰੀ ਮੇਰੇ ਲਈ ਵੀ...।"

"ਦੇਖੋ ਇਹਦੀ ਅਕਲ... ਪਹਿਲਾਂ ਤੈਨੂੰ ਹੀ ਨਾ ਫੂਕ ਲਈਏ? ਖੱਫਣ ਨਾਲ ਘਰ ਦਾ ਕੱਪੜ ਵੀ ਖਰੀਦੇਂਗੀ?"

"ਮੇਰੇ ਕੋਲ ਹੈ ਨਹੀਂ ਕੋਈ ਚੱਜ ਦੀ..."



"ਓ ਜਾਹ ਤੂੰ ਕੰਮ ਕਰ ਮੂਰਖ ਕਿਸੇ ਥਾਂ ਦੀ...। ਹਾਂ ਤਾਂ ਬੱਬੂ ਤੂੰ ਜਾਹ ਪੁੱਤ ਆਪਣੇ ਤੇ ਗੁੱਲੂ ਦੇ ਨਾਨਕੇ। ਬਾਦ ਦੁਪਹਿਰ ਦਾ ਕਹਿ ਸਸਕਾਰ ਦਾ... ਗੁੱਲੂ ਤੂੰ ਸਮਾਨ ਲਿਖ...।"

"ਦੱਸੋ ਤੁਸੀਂ, ਲਿਖਣ ਨੂੰ ਕੀ ਐ।"

"ਭਾਈ ਨੂੰ ਅਰਦਾਸ ਲਈ ਕਹਿਣੈ। ਪਾਣੀ ਦਾ ਟੱਪ ਵਿਹੜੇ ਵਿਚ ਤੇ ਵੀਹ ਕਿਲੋ ਦੁੱਧ ਛੇਅਰੀ ਤੋਂ। ਧੀਰੂ ਨੂੰ ਕਹਿਣੈ, ਚਾਹ ਬਣਦੀ ਰਹੇ। ਨੰਜਾ ਸਿਹਾਂ ਇਕ ਗੱਲ ਤਾਂ ਭੁੱਲ ਹੀ ਗਿਆ। ਬਬਾਣ ਸਜਾਉਣ ਲਈ ਕਾਗਜ਼ੀ ਫੁੱਲ, ਲੜੀਆਂ, ਭੁਕਾਨੇ। ਪਤਾਸੇ, ਮੂੰਗਫਲੀਆਂ, ਸਿੱਕਿਆਂ 'ਚ ਵੰਡਣ ਲਈ।"

"ਪੈਸੇ ਬਦਾਮ ਛੁਹਾਰੇ ਨਹੀਂ ਸਿੱਟਾਂਗੇ ਬਬਾਣ ਤੋਂ?" ਬੱਬੂ ਯਾਦ ਕਰਵਾਇਆ।

"ਓ ਹਾਂ, ਇਹ ਤਾਂ ਭੁੱਲ ਹੀ ਗਏ। ਹੋਰ ਕਰੋ ਯਾਦ। ਦੇਖਿਆ ਨਹੀਂ ਸੀ, ਦੁਆਬੀਆਂ ਕੀ ਬੁੜ੍ਹੀ ਵੇਲੇ ਕੀ ਜਲੂਸ ਨਿਕਲਿਆ।"

ਚਿੰਤਕੁਰ ਫਿਰ ਆ ਖੜ੍ਹੀ। "ਨੀਤੂ ਕੇ ਸਹੁਰਿਆਂ ਨੂੰ ਸੱਦਣੈ?"

"ਦੇਖੋ ਇਸ ਤੀਵੀਂ ਦੀ ਮੱਤ? ਕੱਚੇ ਕੁਆਰੇ ਸਾਕਾਂ ਨੂੰ ਮਰਗਦ 'ਤੇ ਸੱਦੇਂਗੀ?"

"ਮੈਂ ਕਿਹਾ ਬੇਬੇ ਨੂੰ ਚਾਅ ਬੜਾ ਸੀ ਨੀਤੂ ਦੇ ਵਿਆਹ ਦਾ।"

ਚਿੰਤਕੁਰ ਅੱਖਾਂ ਭਰ ਆਈ।

"ਭੁੱਲਾਂ ਦਾ ਵੀ ਹੁਣੇ ਸੋਚ ਲਉ।" ਨੰਜਾ ਆਖ ਰਿਹਾ ਸੀ।

"ਅੱਜ ਫੂਕਾਂ ਗੇ ਤਾਂ ਕੱਲ੍ਹ ਹੀ ਚੁੱਗਾਂ ਗੇ। ਹਾਂ ਇਕ ਗੱਲ, ਆਪਣੇ ਲਾਗੀ ਨੂੰ ਕਿਹੋ ਸਸਕਾਰ ਵੇਲੇ ਨੇੜੇ ਰਹੇ। ਲੋਈਆਂ, ਦੁਸ਼ਾਲੇ ਉਹਨੂੰ ਚੁਕਾਊ ਗ਼ਰੀਬ ਨੂੰ।"

"ਮੂੰਗਫਲੀ ਪਤਾਸੇ ਲਫ਼ਾਫ਼ਿਆਂ ਵਿਚ ਦੇਈਏ ਕੇ ਖੁੱਲ੍ਹੇ?"

"ਖੁੱਲ੍ਹੇ ਦਿਉ ਬੁੱਕ-ਬੁੱਕ।"

"ਮੂੰਗਫਲੀਆਂ 'ਚ ਪਤਾਸੇ ਪਾਈਏ ਕੇ ਬਦਾਨਾ?" ਬੱਬੂ ਕਿਹਾ।

"ਨਾ, ਨਾ, ਬਦਾਨਾਂ ਤਾਂ ਦਿੱਸਣਾ ਨਹੀਂ।"

"ਦੇਖੋ, ਮੈਂ ਬੈਠਦਾਂ ਬੇਬੇ ਕੋਲ। ਗੁੱਲੂ ਲਿਆਊ ਦਰੀਆਂ ਗੁਰਦੁਆਰਿਉਂ।"

ਸਭ ਨੂੰ ਤੋਰ ਕੇ ਸੁੱਚਾ ਸਿਹੁੰ ਇਕ ਵੇਰ ਘਰ ਵਿਚ ਫਿਰ ਕੇ ਚੁਫ਼ੇਰੇ ਤਰਦੀ ਜਿਹੀ ਨਿਗਾਹ ਮਾਰੀ। ਸਭ ਕੁਝ ਥਾਂ ਸਿਰ ਸੀ। ਹਨੇਰੇ ਵਿਚ ਚਾਨਣ ਦੀਆਂ ਪਰਤਾਂ ਘੁਲ ਰਹੀਆਂ ਸਨ। ਰਾਜਵੰਤ ਉਵੇਂ ਬੇਬੇ ਦੀ ਪੁਆਂਦੀ ਉਂਧੀ ਪਾਈ ਬੈਠੀ ਸੀ। ਸੋਚ ਰਹੀ ਸੀ। ਸੱਸ ਨੇ ਧੀਆਂ ਤੋਂ ਵੱਧ ਰੱਖਿਆ ਅੱਜ ਸਾਥ ਛੱਡ ਗਈ।

ਸੁੱਚੇ ਕੁੜੀਆਂ ਨੂੰ ਬਾਹਰ ਬੈਠਕ 'ਚ ਜਾਣ ਨੂੰ ਕਿਹਾ। ਰਾਜਵੰਤ ਨੂੰ ਵੀ ਕਿਹਾ, ਉਹ ਜਾਵੇ ਅਤੇ ਭੁੰਜੇ ਵਿਛਾਉਣ ਲਈ ਕੁਝ ਲਿਆਵੇ। ਆਪ ਬੇਬੇ ਦੀ ਪੁਆਂਦੀ ਬੈਠ ਗਿਆ।

ਬੇਬੇ ਨਾਲ ਅੱਧੀ ਸਦੀ ਦਾ ਸਾਥ ਸੀ। ਮਨ ਅੰਦਰ ਖੋਹ ਪਈ। ਇਕੋ ਦੁੱਖ

ਹੋਇਆ। ਪੋਤੇ ਪੋਤੀਆਂ ਨੂੰ ਬੇਬੇ ਰਾਸ ਕਿਉਂ ਨਾ ਆਈ।

ਦਿਲ ਕੀਤਾ, ਜਾਂਦੀ ਵਾਰ ਮਾਂ ਦਾ ਮੂੰਹ ਦੇਖ ਲਵੇ। ਜਿਵੇਂ ਹੀ ਉਹ ਉੱਠਿਆ ਡਾਡ ਮਾਰ ਕੇ ਡਿਗਦਾ ਡਿਗਦਾ ਬਚਿਆ। ਵਿਹੜੇ 'ਚ ਖੜ੍ਹ ਕੇ ਉੱਚੀ ਪੁੱਛਿਆ।

"ਬੇਬੇ ਦਾ ਪਾਸਾ ਕਿਸ ਪਰਤਿਆ?"

"ਕਿਸੇ ਨਹੀਂ।" ਸਭ ਅਵਾਕ ਖੜ੍ਹੇ ਸਨ।

"ਰੋਕੋ ਸਭ ਨੂੰ...। ਉਹ ਹਨੇਰੀ ਵਾਂਗ ਅੰਦਰ ਗਿਆ ਤੇ ਬੇਬੇ ਨੂੰ ਝੰਜੋੜਿਆ।

"ਬੇਬੇ...ਬੇਬੇ...।" ਕੋਈ ਹਰਕਤ ਨਹੀਂ। ਹੱਥ ਫੜਿਆ। ਸੀਤ ਸੀ। ਨੱਕ ਅੱਗੇ ਹੱਥ ਕੀਤਾ। ਕੋਈ ਸਾਹ ਨਹੀਂ ਸੀ। ਫੜਿਆ ਹੱਥ ਛੱਡਣ ਹੀ ਲੱਗਾ ਸੀ ਕਿ ਅਚਾਨਕ ਫੜੇ ਹੱਥ ਵਿਚ ਥਰਥਰਾਹਟ ਹੋਈ। ਸੁੱਚਾ ਕੰਬਿਆ।

"ਬੇਬੇ...ਬੇਬੇ..." ਲੱਗਾ ਉਹ ਖੁਦ ਮਰ ਰਿਹਾ ਸੀ।

ਉਹ ਫਿਰ ਬੇਬੇ ਦੇ ਚਿਹਰੇ ਲਾਗ ਨਿਵਿਆ। ਉਡੀਕਿਆ। ਬਹੁਤ ਦੇਰ ਬਾਦ ਬੇਬੇ ਦੇ ਕੋਇਆਂ ਤੋਂ ਪਲਕਾਂ ਸਰਕੀਆਂ। ਬੁੱਲ੍ਹ ਕੰਬੇ। ਹੱਥ ਵਿਚੋਂ ਕੰਬਣੀ ਲੰਘੀ...

ਸੁੱਚੇ ਦੀ ਭੁੱਬ ਨਿਕਲ ਗਈ।

ਇਕਾਇਕ ਸਾਰੇ ਟੱਬਰ ਦਾ ਹੀ ਅੜਾਟ ਉੱਚਾ ਹੋਇਆ।

ਟੱਬਰ ਭੁੱਲ ਹੀ ਗਿਆ। ਲੋਕ ਮੌਤ 'ਤੇ ਰੋਂਦੇ ਸਨ। ਉਹ ਮਾਂ ਦੇ ਜਿਉਂਦੇ ਹੋਣ ਤੇ ਰੋ ਰਹੇ ਸਨ।...

•



## ਚਿਤਰ-ਗੁਪਤ

ਅੱਡੇ ਵਿਚ ਬੱਸ ਲੱਭਦੇ ਜਿਵੇਂ ਉਹਦੀ ਘੀਸੀ ਹੋਈ ਅਤੇ ਲੰਮੇ ਰੂਟ ਦੇ ਕੰਡਕਟਰਾਂ ਉਹਨੂੰ ਥੱਲੇ ਲਾਹਿਆ, ਇਕ ਵੇਰ ਤਾਂ ਜੀ 'ਚ ਆਈ ਉਹ ਪਰਤ ਹੀ ਜਾਵੇ; ਪਰ ਅਚਾਨਕ ਬੱਸ ਮਿਲਣ 'ਤੇ ਗੁਰੀਏ ਸੁਖ ਦਾ ਸਾਹ ਲਿਆ। ਇਕੋ ਚਿੰਤਾ ਹੋਈ, ਉਹ ਕਿਸੇ ਤਰ੍ਹਾਂ ਉੱਡ ਕੇ ਪਹੁੰਚ ਜਾਵੇ।

ਬੱਸ ਜਿਵੇਂ ਰੀਂਘ ਰਹੀ ਸੀ। ਉਕਤਾਅ ਕੇ ਬਾਹਰ ਦੇਖਣ ਲੱਗਾ। ਤਿੰਨ ਸਾਲ ਉਹਨੇਂ ਹਸਨਪੁਰ ਦਾ ਇਹ ਰਾਹ ਗਾਹਿਆ ਸੀ। ਕੋਈ ਪਹਿਚਾਣ ਸਕਦੇ ਸੋਚ, ਉਹ ਗਰਮ ਸੂਟ, ਉਨਾਬੀ ਪੱਗ ਤੇ ਚੌੜੀ ਟਾਈ ਨਾਲ ਆਇਆ ਸੀ। ਕਿਸੇ ਝਾਕਿਆ ਹੀ ਨਾ ਤਾਂ ਉਹ ਬੁਝ ਜਿਹਾ ਗਿਆ। ਨਾਲ ਕੋਈ ਬਜ਼ੁਰਗ ਬੈਠਾ ਸੀ। ਨਜ਼ਰ ਬਚਾਅ ਉਹਨੇ ਟਾਈ ਦੀ ਨਾਟ ਠੀਕ ਕੀਤੀ। ਸੁਨਹਿਰੀ ਘੜੀ ਅਤੇ ਸੋਨੇ ਦਾ ਕੜਾ ਕੋਟ ਦੀ ਬਾਂਹ ਹੇਠੋਂ ਬਾਹਰ ਕਢਿਆ ਤੇ ਠੋਡੀ ਦੀ ਦਾੜ੍ਹੀ ਹੇਠਲੀ ਗੁੱਟੀ ਨੂੰ ਅੰਗੂਠੇ ਨਾਲ ਘੁੱਟਦਾ ਸੁੰਗੜ ਕੇ ਬੈਠ ਗਿਆ।

ਮਿਥੀ ਸਕੀਮ ਅਨੁਸਾਰ ਉਹਨੇ ਨੀਲੂ ਨੂੰ ਭੇਜਣਾ ਸੀ। ਅਚਾਨਕ ਪੈਂਤੜਾ ਬਦਲਣਾ ਪਿਆ। ਹਸਨਪੁਰ, ਗੁਰੀਏ ਦਾ ਸਹੁਰਾ ਤੇ ਨੀਲੂ ਦਾ ਪੇਕਾ ਪਿੰਡ ਸੀ। ਸੋਚਿਆ ਨਹੀਂ ਸੀ ਕਿ ਇਤਨੀ ਤਲਖ਼-ਕਲਾਮੀ ਤੋਂ ਚਾਰ ਸਾਲ ਬਾਦ ਦੁਬਾਰਾ ਆਉਣਾ ਪਵੇਗਾ। ਪਰ ਜਿਸ ਮਨਸੂਬੇ ਤਹਿਤ ਉਹ ਸਾਜਸ਼ ਨੂੰ ਘੜ ਰਿਹਾ ਸੀ, ਉਸ ਕਾਜ ਲਈ ਥੁੱਕ ਕੇ ਚੱਟਣ ਦੇ ਕੋਈ ਮਾਅਨੇ ਨਹੀਂ ਸਨ।...

ਸੱਤ ਸਾਲ ਪਹਿਲਾਂ ਜਦੋਂ ਉਹ ਪ੍ਰਾਇਮਰੀ ਟੀਚਰ ਬਣ ਕੇ ਹਸਨਪੁਰ ਆਇਆ ਸੀ ਤਾਂ ਉਹਦੇ ਸੁਪਨੇ ਅੰਬਰ ਤੋਂ ਵੀ ਉੱਚੇ ਸਨ। ਸੋਚਿਆ ਵੀ ਨਹੀਂ ਸੀ ਕਿ ਨੀਲੂ ਜੋ ਪੰਚਾਇਤ ਵੱਲੋਂ ਆਰਜ਼ੀ ਟੀਚਰ ਲਾਈ ਗਈ ਸੀ, ਉਹਦੇ ਅੰਬਰ ਜੇਡ ਉੱਚੇ ਸੁਪਨੇ ਨੂੰ ਮੁੱਠੀ ਵਿਚ ਘੁੱਟੀ ਫਿਰੇਗੀ।

ਸਕੂਲ ਵਿਚ ਉਹ ਦੋਵੇਂ ਸਨ। ਬੱਚੇ ਸਨ। ਸੁਪਨੇ ਸਨ। ਕਲਾਸਾਂ ਮਨੀਟਰਾਂ ਹਵਾਲੇ ਕਰ, ਉਹ ਜਾਗਦਿਆਂ ਵੀ ਸੁਪਨਿਆਂ ਦੇ ਆਦੀ ਹੁੰਦੇ ਚਲੇ ਗਏ।...

ਇਸਦੇ ਬਾਵਜੂਦ ਕਿ ਦੋਹਾਂ ਦੀ ਨੀਂਦਰ ਵਿਚ ਢੇਰ ਅੰਤਰ ਸੀ।

ਗੁਰੀਆ ਇਕ ਦਮ ਮਾਡਰਨ। ਗਿੱਚੀ ਤੱਕ ਲਟਕਦੇ ਛੱਤੇ। ਚਨਾਨਾ ਕੱਪੜੇ ਦੀ ਟੀ-ਸ਼ਰਟ। ਤੇੜ ਜੀਨ। ਗਿੱਟਿਆਂ ਤੱਕ ਬੂਟ। ਅੱਖਾਂ ਸ਼ਾਤਰ। ਹਰਕਤਾਂ ਫ਼ਿਲਮੀ। ਰੰਗ

ਕੱਕਾ। ਸ਼ੇਖੀ ਝੂਠ ਤੋਂ ਵੀ ਵੱਡੀ।

ਨੀਲੂ ਉਲਟ ਸੀ। ਸਾਦਾ ਲਿਬਾਸ। ਧੀਮੇਂ ਬੋਲ। ਤਰਾਸ਼ੇ ਨਕਸ਼। ਛੀਂਟਕਾ ਬਦਨ। ਰੰਗ, ਦੁੱਧ ਵਿਚ ਘੁਲਿਆ ਸੰਧੂਰ। ਹਰਕਤਾਂ ਛੂਈ-ਮੁਈ। ਹਾਸਾ ਮਕਈ ਦੇ ਫੁੱਲਿਆਂ ਜਿਹਾ।...

ਹੋਰ ਵੀ ਕਈ ਅੰਤਰ ਸਨ। ਗੁਰੀਆ ਐਮ.ਏ., ਬੀ.ਐਡ.। ਨੀਲੂ ਖਿੱਚ-ਧੂਹ ਕੇ ਬੀ.ਏ.। ਗੁਰੀਆ ਸ਼ਹਿਰੀ (ਜੱਦੀ) ਮਕਾਨ ਦਾ ਮਾਲਕ। ਸਵਰਗਵਾਸੀ ਪੁਲਸੀਏ ਪਿਉ ਦਾ ਇਕਲੌਤਾ। ਸੱਕੀ ਤੇ ਮਤੇਈ ਮਾਂ ਦੇ ਨਿਧਨ ਮਗਰੋਂ ਦੋਹਾਂ ਤੋਂ ਸੁਰਖ਼ਰੂ। ਨਾ ਫ਼ਿਕਰ ਨਾ ਫ਼ਾਕਾ। ਰੰਡੀਬਾਜ਼ੀ ਦਾ ਠਰਕ। ਦੂਜੇ ਚੋਥੇ ਕਬਾਬ ਤੇ ਵਿਸਕੀ ਦੀ ਲਤ।

ਨੀਲੂ ਵਿਧਵਾ ਮਾਂ, ਸੱਤੀ, ਬੀਰੋ ਤੇ ਰੱਜੀ ਭੈਣਾਂ ਤੋਂ ਵੱਡੀ। ਭੁੰਏ ਨਾ ਭਾਂਡਾ। ਸਿਰ 'ਤੇ ਖ਼ਸਤਾ ਹਾਲ ਛੱਤ। ਚੁੱਲ੍ਹਾ, ਮਾਂ ਦੀ ਸਿਲਾਈ 'ਤੇ ਨਿਰਭਰ। ਪਿਤਾ ਗੁਰਦੁਆਰੇ ਦਾ ਗ੍ਰੰਥੀ, ਪਰ ਕਈ ਸਾਲ ਪਹਿਲਾਂ ਹਜ਼ੂਰ ਸਾਹਿਬ ਗਿਆ ਲਾ-ਪਤਾ।

ਗੁਰੀਏ ਪਤਾ ਨਹੀਂ ਕੀ ਭੁੰਨ ਕੇ ਬੀਜਿਆ ਸੀ; ਮਿਡਲ ਜਾਂ ਹਾਈ ਸਕੂਲ ਵਿਚ ਬਦਲੀ ਦੇ ਆਰਡਰ ਹੱਥ ਆਉਣ ਤੋਂ ਪਹਿਲਾਂ ਨੀਲੂ ਉਹਦੇ ਹੱਥ ਆ ਗਈ।

ਫਿਰ ਵੀ ਕਈ ਮੁਸ਼ਕਲਾਂ ਸਨ ਜੋ ਵਿਚਾਲੇ ਖਾਈ ਵਾਂਗ ਸਨ। ਗੁਰੀਏ ਲਈ ਉਹਨਾਂ ਦਾ ਇਕੋ ਹੱਲ ਸੀ। ਬਿਸਤਰ। ਨੀਲੂ ਦੀ ਸੰਜੀਦਗੀ ਹੀਆ ਨਾ ਪੈਣ ਦਿੰਦੀ। ਆਖ਼ਰ ਜਦੋਂ ਹੱਥ ਫੜਨ ਅਤੇ ਚੁੰਮਣ ਤੱਕ ਦੇ ਸਾਰੇ ਹਰਬੇ ਨੁੱਸ ਹੋ ਗਏ ਤਾਂ ਉਹ ਬਦੀ 'ਤੇ ਉੱਤਰ ਆਇਆ। ਨੀਲੂ ਦੀ ਰਿਪੋਰਟ ਖ਼ਰਾਬ ਕਰਨ ਦੀ ਸੋਚ ਲਈ ਅਤੇ ਰੋਸ ਵਜੋਂ ਪਾਸਾ ਵੱਟ ਲਿਆ।

ਇਕ ਦਿਨ ਰੁੱਸੇ ਜਿਹੇ ਮਨ ਧੁੱਪੇ ਖੜ੍ਹਾ ਸੀ ਜਾਂ ਉਸ ਪਿੱਠ ਪਿੱਛੋਂ ਸੁਣਿਆ।

"ਸਰ ! ਜੇ ਬੁਰਾ ਨਾ ਮੰਨੋ ਤਾਂ ਇਕ ਗੱਲ ਕਹਾਂ ?" ਨੀਲੂ ਕਿਹਾ।

"ਹਾਂ ਦੱਸ..." ਗੁਰੀਏ ਖਿਝ ਨਾਲ ਕਿਹਾ।

"ਵਿਆਹ ਕਰੋਗੇ ਮੇਰੇ ਨਾਲ ?..."

ਗੁਰੀਆ ਸੁੰਨ ਰਹਿ ਗਿਆ। ਉਹ ਕੀ ਸੁਣ ਰਿਹਾ ਸੀ ? ਕੰਨਾਂ ਵਿਚ ਸਾਂ-ਸਾਂ ਹੋਣ ਲੱਗੀ।

"ਕੀ ਕਿਹਾ ?" ਉਹਦਾ ਦਿਲ ਬੈਠਣ ਲੱਗਾ।

"ਜੋ ਸੁਣਿਆ..." ਨੀਲੂ ਨੀਵੀਂ ਪਾਈ ਖੜ੍ਹੀ ਸੀ।

"ਨੀਲੂ ਤੈਨੂੰ ਪਤੈ ਮੈਨੂੰ ਮਜ਼ਾਕ ਪਸੰਦ ਨਹੀਂ।"

ਗੁਰੀਏ ਨੂੰ ਲੱਗਾ, ਇਹ ਠੀਕ ਉੱਤਰ ਨਹੀਂ ਸੀ।

"ਸਰ ! ਮੈਂ ਸਿਆਣੀ ਨਹੀਂ। ਪਰ ਬਦਕਾਰ ਨਹੀਂ ਹਾਂ। ਤੁਹਾਨੂੰ ਪਤੈ, ਪਿਤਾ ਸਿਰ 'ਤੇ ਨਹੀਂ। ਨਿੱਕੀ ਜਿਹੀ ਭੁੱਲ ਤੇ ਟੱਬਰ ਮਿੱਟੀ। ਗ੍ਰੰਥੀ ਸੀ ਪਿਤਾ। ਵੱਟਾ ਲੱਗੇਗਾ ਗੁਰੂ-ਘਰ ਤੇ ਉਹਨਾਂ ਘਰਾਂ ਨੂੰ ਜਿਨ੍ਹਾਂ 'ਚੋਂ ਹੰਦੇ ਮੰਗ ਕੇ ਅਸੀਂ ਅੰਨ ਖਾਧਾ। ਸਰ !



ਰੱਬ ਦਾ ਵਾਸਤਾ, ਰਿਪੋਟ ਖ਼ਰਾਬ ਨਾ ਕਰਿਉ।"

ਗੁਰੀਆ ਮਿੱਟੀ ਹੋ ਗਿਆ। ਉਹਨੇਂ ਤਾਂ ਰਿਪੋਟ ਬਾਰੇ ਹਾਲੇ ਸੋਚਿਆ ਹੀ ਸੀ। ਇਹਨੂੰ ਕਿਵੇਂ ਪਤਾ ਲੱਗਿਆ।

"ਤੈਨੂੰ ਕਿਸ ਕਿਹਾ ਰਿਪੋਟ ਬਾਰੇ ?..."

"ਮਾਂ ਨੇ..."

"ਮਾਂ ਨੇ ?" ਗੁਰੀਏ 'ਤੇ ਜਿਵੇਂ ਬੰਬ ਡਿੱਗਾ।

"ਕਹਿੰਦੀ ਸਕੂਲ ਛੱਡ ਦੇ... ਜਾਂ ਸਿੱਧੀ ਗੱਲ ਕਰ। ਉਰਾਰ ਜਾਂ ਪਾਰ।"

"ਮੈਂ ਹੈਰਾਨ ਆਂ... ਏਨਾ ਵੱਡਾ ਫ਼ੈਸਲਾ, ਜਦ ਕੇ ਕੋਈ ਗੱਲ ਹੀ ਨਹੀਂ। ਤੇਰੀ ਮਾਂ ਜਾਸੂਸ ਐ ?"

"ਪਤਾ ਨਹੀਂ, ਪਰ ਜਿਤਨੀ ਵਾਰ ਤੁਸੀਂ ਘਰ ਆਏ, ਜਾਂ ਮਾਂ ਸਕੂਲ ਆਈ, ਪਤਾ ਨਹੀਂ ਉਹਨੇ ਕੀ ਦੇਖਿਆ। ਹਮੇਸ਼ਾ ਕਿਹਾ, ਕੁੜੀਏ ਸੰਭਲ ਕੇ... ਕੋਈ ਬਿਜ ਡਿੱਗੂ ਤੇਰੇ ਸਿਰ।"

"ਮੈਂ ਰਿਪੋਟ ਬਾਰੇ ਪੁੱਛ ਰਿਹਾਂ ! ਉਹ ਕਿਸ ਬਿਹਾਫ਼ 'ਤੇ ਕਿਹਾ।"

ਗੁਰੀਆ ਆਪਦੀ ਚਤੁਰਾਈ 'ਤੇ ਸੰਨ੍ਹ ਲੱਗਣ ਤੋਂ ਹਫ਼ਿਆ ਖੜ੍ਹਾ ਸੀ।

"ਪਤਾ ਨਹੀਂ, ਪਰ ਮਾਂ ਤਾਂ ਮੇਰੇ ਰੋਟੀ ਵਾਲੇ ਡੱਬੇ ਨੂੰ ਹੀ ਦੇਖ ਕੇ ਲੱਖਣ ਲਾ ਲੈਂਦੀ ਹੈ, ਤੁਸੀਂ ਗੁੱਸੇ ਹੋ ਕੇ ਨਹੀਂ। ਫਿਰ ਉਹ ਤਾਂ ਇਹ ਵੀ ਜਾਣਦੀ ਹੈ ਕਿ ਤੁਹਾਡੇ ਦਸਤਖ਼ਤਾਂ ਬਾਦ ਹੀ ਤਨਖ਼ਾਹ ਮਿਲੂ ਮੈਨੂੰ..."

"ਫਿਰ ?" ਗੁਰੀਆ ਨੰਗਾ ਹੋਇਆ ਕਾਹਲਾ ਪੈ ਗਿਆ।

"ਕਹਿੰਦੀ, ਮੁੰਡਾ ਹੋਛੈ... ਕੱਲ੍ਹ ਤੋਂ ਸਕੂਲ ਨਾ ਜਾਈਂ।"

ਗੁਰੀਏ ਨੂੰ ਹੋਛਾ ਸ਼ਬਦ ਵਿੰਨ੍ਹ ਕੇ ਰੱਖ ਗਿਆ, ਪਰ ਉਹਦਾ ਸ਼ਾਤਰ ਮਨ; ਸਭ ਕੁਝ ਭੁੱਲ, ਨੀਲੂ ਨੂੰ ਸਾਖ਼ਸ਼ਾਤ ਨਿਰ-ਵਸਤਰ ਦੇਖ ਰਿਹਾ ਸੀ।

"ਤੇ ਜਾਤ-ਪਾਤ ਵਾਲਾ ਮਸਲਾ..." ਗੁਰੀਏ ਫਾਲ ਸੁੱਟੀ।

"ਮੈਂ ਇਹ ਵੀ ਕਿਹਾ। ਮਾਂ ਕਹਿੰਦੀ ਜੇ ਰੱਬ ਦੀ ਜਾਤ ਨਹੀਂ ਤਾਂ ਸਾਡੀ ਕਿਉਂ ?"

"ਪਰ ਮੇਰਾ ਤਾਂ ਹੁਲੀਆ ਹੀ ਪਸੰਦ ਨਹੀਂ ਕਿਸੇ ਨੂੰ।" ਉਸ ਆਖ਼ਰੀ ਨਰਦ ਸੁੱਟੀ।

"ਫ਼ੈਸਲਾ ਸਾਡੇ ਵਿਚ ਹੈ। ਕੱਪੜਿਆਂ ਵਿਚ ਨਹੀਂ।"

ਇਕ ਵੇਰ ਲੱਗਾ, ਉਹ ਆਪਣੇ ਹੀ ਜਾਲ ਵਿਚ ਘਿਰ ਗਿਆ। ਫਿਰ ਜਕੋ-ਤਕੇ 'ਚ ਕਿਹਾ।

"ਸੋਚ ਲੈ... ਮੈਨੂੰ ਕੋਈ ਇਤਰਾਜ਼ ਨਹੀਂ।"

"ਸੋਚ ਲਿਆ, ਮੈਂ ਕੱਲ੍ਹ ਤੋਂ ਸਕੂਲ ਨਹੀਂ ਆ ਰਹੀ। ਜੇ ਤੁਹਾਡੀ ਹਾਂ ਹੋਈ ਤਾਂ ਇਕੋ ਸ਼ਰਤ ਐ।"

"ਕੀ ?"

"ਸਾਡੇ ਰਿਸ਼ਤੇ 'ਚ ਦਾਜ-ਦਹੇਜ ਨਹੀਂ ਆਏਗਾ।"

ਗੁਰੀਏ ਨੀਲੂ ਦੀ ਮਾਂ ਬਾਰੇ ਸੁਣਿਆ ਤਾਂ ਸੀ। ਜਾਣ ਵੀ ਲਿਆ। ਦਲੇਰ ਅਤੇ ਖੁੱਦਾਰ ਔਰਤ ਸੀ, ਜੋ ਨੰਗੇ ਧੜ ਚਾਰ ਧੀਆਂ ਨੂੰ ਬੁੱਕਲ ਹੇਠ ਲਕੋਈ ਬੈਠੀ ਸੀ।

ਗੁਰੀਏ ਲਈ ਬਦੀ ਦੀ ਨੌਬਤ ਹੀ ਨਾ ਆਈ ਤੀਜੇ ਦਿਨ ਉਹਦੀ ਬਦਲੀ ਸ਼ਹਿਰ ਦੀ ਦਾਣਾ-ਮੰਡੀ ਸਕੂਲ ਵਿਚ ਹੋ ਗਈ।

ਉਹਨੂੰ ਖੁਸ਼ ਹੋਣਾ ਚਾਹੀਦਾ ਸੀ; ਪਰ ਉਹ ਉਦਾਸ ਹੋ ਗਿਆ।

ਸਟਾਫ਼ ਵਿਚ ਕਈ ਮੈਡਮਾਂ ਸਨ। ਸਭ ਜੀਵਨ ਦਾ ਭਾਰ ਢੋਂਦੀਆਂ। ਨੀਰਸ। ਸੂਟਾਂ ਅਤੇ ਪਰਸਾਂ ਦੇ ਨਮੂਨਿਆਂ ਵਿਚ ਉਲਝੀਆਂ। ਗੱਲ-ਗੱਲ ਵਿਚ ਹਉਮੈ ਅਤੇ ਸ਼ਿਕਵੇ। ਟੀਚਰ ਸਾਥੀ ਵੀ ਤਰੱਕੀਆਂ ਅਤੇ ਗਰੁੱਪਾਂ ਦੀ ਰਾਜਨੀਤੀ ਵਿਚ ਫਸੇ ਹੋਏ। ਇਕ ਦੂਜੇ ਨੂੰ ਪਛਾੜਨ ਦੇ ਗੁਰ ਭਾਲਦੇ...

ਅਜਿਹੀ ਹਾਲਤ ਵਿਚ ਦਿਨ ਤਾਂ ਨਿਕਲ ਜਾਂਦਾ। ਰਾਤ ਨੂੰ ਨੀਲੂ ਦੀ ਤੜਪ ਇਸ ਕਦਰ ਸਾਹ ਘੋਟ ਦਿੰਦੀ ਕਿ ਨੀਲੂ ਦਾ ਨਿਰ-ਵਸਤਰ ਅਹਿਸਾਸ, ਕਾਮੁਕ ਮਨ ਦੀਆਂ ਮਮਟੀਆਂ ਤੇ ਜਾ ਬੈਠਦਾ।

ਪਰੇਸ਼ਾਨ ਰਹਿਣ ਲੱਗਾ ਤਾਂ ਇਕ ਦਿਨ ਸ਼ਰਾਬ ਦੀ ਮਹਿਫ਼ਲ ਵਿਚ ਆਪਣੇ ਇਕ ਡਾਕਟਰ ਦੋਸਤ ਅੱਗੇ ਰੋ ਪਿਆ। ਡਾਕਟਰ ਸਿਆਣਾ ਸੀ। ਉਹ ਕਿਹਾ।

"ਤੁਰੰਤ ਵਿਆਹ ਕਰ ਲੈ।"

ਙਙਙ

ਬੱਸ ਮਾਜਰੀ ਅੱਡੇ 'ਤੇ ਰੁਕੀ ਤਾਂ ਅੱਧੀ ਖਾਲੀ ਹੋ ਗਈ।

ਯਾਦ ਆਇਆ, ਇਸੇ ਪਿੰਡ ਦੀ ਰੱਖੀ 'ਸੇਵਾਦਾਰਨੀ' ਸੀ। ਜਿਸ ਦੀ ਧੀ ਲੱਖੋ, ਕੁਝ ਦਿਨ ਮਾਂ ਦੀ ਥਾਂ ਆਈ ਸੀ। ਉਫ਼ ! ਕੀ ਰੂਪ ਸੀ ਓਹਦਾ। ਜਿਤਨੇ ਦਿਨ ਆਈ। ਉਹ ਸਕੂਟਰ ਤੇ ਬਿਠਾ ਕੇ ਲਿਆਉਂਦਾ ਰਿਹਾ ਸੀ।

ਯਾਦ ਆਇਆ, ਨੀਲੂ ਨਾਲ ਵਿਆਹ ਤਾਂ ਅੱਖ ਦੇ ਫੋਰ ਵਿਚ ਹੋ ਗਿਆ ਸੀ। ਦਿੱਕਤ ਉਦੋਂ ਆਈ ਜਦੋਂ ਉਹ ਨੀਲੂ ਨੂੰ ਵਿਆਹ ਤੋਂ ਬਾਦ ਪਹਿਲੇ ਫੇਰੇ ਲੈਣ ਆਇਆ।

ਉਹਦਾ ਕਾਰ 'ਤੇ ਲੈ ਕੇ ਆਉਣ ਦਾ ਮਨ ਸੀ। ਸਕੂਲ ਤੋਂ ਸਿੱਧਾ ਹੀ ਝੋਲਾ ਗਲ 'ਚ ਪਾਈ ਆ ਗਿਆ। ਉਹੋ ਹਿੱਪੀ ਕੱਟ ਬਾਣਾ।

ਅੱਡੇ 'ਤੇ ਉਤਰਿਆ ਤਾਂ ਖੁੰਢਾਂ ਤੇ ਬੈਠੇ ਦੋ ਬੁੜ੍ਹਿਆਂ ਵਾਜ ਮਾਰੀ। ਨੇੜੇ ਗਿਆ ਤਾਂ ਬੁੜ੍ਹੇ ਸ਼ਰਮਿੰਦਾ ਹੋਏ।

"ਓ ਨਹੀਂ ਭਾਈ ! ਮਖਿਆ ਕੋਈ ਬਲਦਾਂ ਦੀਆਂ ਪੂਛਾਂ ਮੁਨਣ ਆਲੇ।"

"ਬਜ਼ੁਰਗੋ ! ਮਾਸਟਰ ਆਂ ਗੁਰਿੰਦਰ ਸਿੰਘ।"



"ਹੱਛਾ-ਹੱਛਾ ! ਆਹ ਸਹੁਰਾ ਹੁਲੀਏ ਤੋਂ ਟਪਲਾ ਲੱਗ ਗਿਆ।"

ਬੋੜ੍ਹਾਂ ਥੱਲੇ ਮੁਢੀਰ ਬੈਠੀ ਸੀ। ਇਸ ਤੋਂ ਪਹਿਲਾਂ ਕੇ ਨੇੜੇ ਜਾਂਦਾ। ਕੁੱਤਿਆਂ ਦੀ ਇਕ ਹੇੜ ਕੋਈ ਓਪਰਾ ਜਾਣ ਉਸ ਵੱਲ ਲਪਕੀ। ਉਸ ਝੋਲਾ ਘੁਮਾਇਆ ਅਤੇ ਹੋਠੀ ਮਹਿਸੂਸੀ। ਤਾਸ਼ ਕੁੱਟਦਿਆਂ 'ਚੋਂ ਕਿਸੇ ਕਿਹਾ।

"ਸਾਲਿਓ ! ਤਕਾਵੀਆਂ ਆਲੇ ਓਏ !..." ਦੋ ਤਿੰਨ ਖੇਡ ਵਿਚੇ ਛੱਡ ਕੇ ਖਿਸਕ ਗਏ।...

ਜਵਾਈ ਨੂੰ ਅਚਾਨਕ ਆਇਆ ਦੇਖ ਟੱਬਰ ਦੀ ਖਾਨਿਉਂ ਗਈ। ਜੀਵੀ ਨੂੰ ਚਾਅ ਚੜ੍ਹ ਗਿਆ। ਉਸ ਅਸੀਸਾਂ ਦੀ ਝੜੀ ਲਾਈ। ਕੁੜੀਆਂ ਦਾ ਚਾਅ ਠੱਲ੍ਹਿਆ ਨਹੀਂ ਸੀ ਜਾ ਰਿਹਾ।

ਵਿਆਹ ਬਹੁਤ ਸਾਦੇ ਢੰਗ ਨਾਲ ਹੋਇਆ ਸੀ। ਗੁਰੀਏ ਦੇ ਦੋ ਚਾਰ ਯਾਰ ਦੋਸਤ ਹੀ ਆਏ। ਫੇਰੇ ਹੋਏ। ਰੋਟੀ ਖਾਧੀ ਤੇ ਨੀਲੂ ਨੂੰ ਲੈ ਕੇ ਤੁਰਦੇ ਬਣੇ। ਹਾਸੇ-ਠੱਠੇ ਦਾ ਕੋਈ ਸਬਬ ਹੀ ਨਹੀਂ ਸੀ ਬਣਿਆ।

ਇਸ ਵਾਰ ਗੁਰੀਏ ਸੱਤੀ, ਬੀਰ੍ਹੋ ਤੇ ਰਾਜੀ ਗੌਰ ਨਾਲ ਦੇਖੀਆਂ। ਲੱਗਾ ਅੱਗ ਦੇ ਅੰਗਿਆਰ ਸਨ, ਜੋ ਸ਼ਰਮ ਹਯਾ ਵਿਚ ਲਿਪਟੇ ਤੁਰ ਫਿਰ ਰਹੇ ਸਨ।

ਜੀ ਕੀਤਾ ਰਾਤ ਰਹੇ; ਪਰ ਉਹ ਨੀਲੂ ਲਈ ਤੜਪਿਆ ਪਿਆ ਸੀ। ਸ਼ਾਮ ਦੀ ਬੱਸ ਪਰਤਣ ਵਜੋਂ ਨੀਲੂ ਕੱਪੜਾ-ਲੀੜਾ ਸਮੇਟ ਰਹੀ ਸੀ।

ਜਦ ਨੂੰ ਰੋਟੀ ਟੁੱਕ ਪੱਕਿਆ, ਗੁਰੀਆ ਬੀਰ੍ਹੀ ਤੇ ਰੱਜੀ ਤੋਂ ਵੱਧ ਸੱਤੀ ਨਾਲ ਖੁੱਲ੍ਹ ਚੁੱਕਾ ਸੀ। ਤੁਰਨ ਦੀ ਕਾਹਲੀ ਹੋਈ ਤਾਂ ਖੋਹ ਪਈ। ਕਾਸ਼ ਉਹ ਸੱਤੀ ਨਾਲ ਕੁਝ ਪਲ ਹੋਰ ਗੁਜ਼ਾਰ ਸਕਦਾ।

ਸੱਤੀ ਵੀ ਆਖ ਰਹੀ ਸੀ।

"ਜੀਜਾ ਜੀ ਅੱਜ ਨਹੀਂ... ਕੱਲ੍ਹ ਜਾਇਓ...!"

ਸੱਤੀ ਆਖ ਨਹੀਂ ਸੀ ਰਹੀ; ਬਰਛੀ ਵਾਂਗ ਅੰਦਰ ਕਿਧਰੇ ਖੁੱਭ ਰਹੀ ਸੀ।

ਉਹ ਰੁਕਣ ਬਾਰੇ ਹਾਲੇ ਦੁਬਿਧਾ ਵਿਚ ਹੀ ਸੀ ਕਿ ਹਾਸੇ ਦਾ ਮੜ੍ਹਾਸਾ ਹੋ ਗਿਆ।

ਮਸ਼ਕੂਲੇ ਵਜੋਂ ਬੀਰ੍ਹੀ ਨੇ ਇਕ ਪਰੌਂਠੇ ਦੇ ਆਟੇ ਵਿਚ ਰੂੰਈ ਗੁੰਨ ਕੇ ਪਕਾ ਦਿੱਤੀ ਸੀ, ਤੇ ਸ਼ੱਕਰ ਵਿਚ ਘਿਉ ਦੀ ਥਾਂ ਪਾਣੀ ਪਾ ਦਿੱਤਾ।

ਗਰਾਹੀ ਸੰਘ ਵਿਚ ਹੀ ਫਸ ਗਈ ਅਤੇ ਸ਼ੱਕਰ ਸ਼ਰਬਤ ਵਾਂਗ ਘੁੱਲ ਗਈ। ਗੁਰੀਆ ਮੱਚ ਉੱਠਿਆ। ਲੰਬ ਉਹਦੇ ਸਿਰ ਨੂੰ ਚੜ੍ਹਿਆ।

ਕੁੜੀਆਂ ਹੱਸ-ਹੱਸ ਦੂਹਰੀਆਂ ਹੋ ਰਹੀਆਂ ਸਨ।

"ਕੀ ਬਕਵਾਸ ਐ ਇਹ ?..." ਗੁਰੀਏ ਚੀਕ ਕੇ ਥਾਲੀ ਪਰੇ ਵਗਾਹ ਮਾਰੀ।

"ਜੀ ਇਹ ਤਾਂ ਕੁਝ ਵੀ ਨਹੀਂ... ਇਹ ਤਾਂ ਮੰਜੇ ਤੋਂ ਡੇਗਣ ਨੂੰ ਫਿਰਦੀਆਂ ਸੀ।" ਨੀਲੂ ਹੋਰ ਲਾਚੜ ਗਈ।

"ਤਾਂ ਮੈਂ ਐਹੋ ਜਿਹੇ ਜਾਹਲ ਲੋਕਾਂ 'ਚ ਫਸ ਗਿਆਂ?" ਗੁਰੀਆ ਹੋਰ ਤਪ ਗਿਆ।

"ਜੀ ਇਹ ਤਾਂ ਰਿਵਾਜ ਨੇ ਸਾਡੇ..."

"ਜੁੱਤੀ 'ਤੇ ਮਾਰਦਾਂ ਮੈਂ ਇਹੋ ਜਿਹੇ ਰਿਵਾਜਾਂ ਤੇ ਬੰਦਿਆਂ ਨੂੰ..."

ਉਹ ਬਿਨਾਂ ਰੋਟੀ ਖਾਧੇ ਉੱਠ ਖੜ੍ਹਾ।

ਕੁੜੀਆਂ ਔਖਾਂ ਭਰ ਆਈਆਂ। ਜੀਵੀ ਹੱਥ ਜੋੜੇ। ਤਦੇ ਬਲਦੀ 'ਤੇ ਤੇਲ ਪੈ ਗਿਆ।

ਅੱਖਾਂ ਦੇ ਛੱਪਰ 'ਤੇ ਹੱਥ ਰੱਖੀ, ਸੋਟੀ ਟੇਕਦੀ ਹਰਦੇਈ ਆ ਖੜ੍ਹੀ।

"ਨੀ ਕੁੜੀਉ ਆਪਣੇ ਭਲਾ ਡਾਕਦਾਰਨੀ ਆਈ ਐ ਸਫ਼ਾਖਾਨਿਉਂ..."

ਸੱਤੀ ਕਾਹਲੀ ਨਾਲ ਹਰਦੇਈ ਨੂੰ ਧੱਕਿਆ।

"ਕੀ ਕਰਦੀ ਐਂ ਤਾਈ, ਪਰਾਹੁਣੈ ਦੀਦੀ ਦਾ..."

ਹੁਣ ਸਭ ਬਰਦਾਸ਼ਤ ਤੋਂ ਬਾਹਰ ਸੀ। ਗੁਰੀਆ ਗੁੱਸੇ 'ਚ ਕੰਬਣ ਲੱਗਾ।

ਜੀਵੀ ਕੁਝ ਕੱਪੜਾ-ਲੀੜਾ ਤੇ ਘਿਉ ਦੀ ਪੀਪੀ ਦਰਾਂ 'ਤੇ ਖੜ੍ਹੀ ਨੀਲੂ ਵੱਲ ਕੀਤੀ। ਇਸਤੋਂ ਪਹਿਲਾਂ ਕਿ ਨੀਲੂ ਫੜਦੀ, ਗੁਰੀਏ ਵਗਾਹ ਕੇ ਓਟੇ ਨਾਲ ਮਾਰੀ। ਮਾਮੂਲੀ ਖੜਕਾ ਹੋਇਆ, ਪਰ ਉਹਦੀ ਗੂੰਜ ਸਾਰੇ ਪਿੰਡ 'ਚ ਸੁਣੀ।

ਉਹ ਦਿਨ ਤੇ ਆਹ ਦਿਨ... ਚਾਰ ਸਾਲ ਬਾਦ ਉਹ ਫਿਰ ਆ ਰਿਹਾ ਸੀ...

***

ਬੱਸ ਨਹਿਰਾਂ ਟੱਪ ਰਹੀ ਸੀ...

ਸ਼ਾਨ ਨਾਲ ਉਹ ਅੱਡੇ 'ਚ ਉੱਤਰਿਆ। ਉਸ ਚਾਹਿਆ, ਕੋਈ ਇਸ ਬਾਣੇ ਵਿਚ ਵੀ ਉਹਨੂੰ ਦੇਖੇ ਅਤੇ ਪਹਿਚਾਣੇ।...

ਕਈ ਕੁਝ ਬਦਲਿਆ ਹੋਇਆ ਸੀ। ਛੱਪੜ ਕੰਢੇ ਕੰਧ ਕਰ ਦਿੱਤੀ ਗਈ ਸੀ। ਬੋੜ੍ਹ ਵਾਲਾ ਥੜ੍ਹਾ ਖਾਲੀ ਸੀ ਤੇ ਸਕੂਲ ਦੀ ਚਾਰ ਦਿਵਾਰੀ 'ਤੇ ਕਈ ਲੋਗੋ ਲਿਖ ਦਿੱਤੇ ਗਏ ਸਨ।

ਬੀਹੀ ਵਿਚ ਇਕ ਦੋ ਬੁੜ੍ਹੀਆਂ ਅੱਗੇ ਸਿਰ ਨਿਵਾਉਂਦਾ ਉਹ ਨੀਲੂ ਕੇ ਵਿਹੜੇ ਵਿਚ ਜਾ ਖੜ੍ਹਾ। ਇੱਥੇ ਵੀ ਕਈ ਕੁਝ ਬਦਲਿਆ ਪਿਆ ਸੀ। ਚੌਕੇ ਵਿਚਲਾ ਓਟਾ ਪੱਕਾ ਕਰ ਦਿੱਤਾ ਗਿਆ ਸੀ ਅਤੇ ਵਿਹੜਾ ਸੱਜਰਾ ਲਿੱਪਿਆ ਗਿਆ ਸੀ। ਇਹਦਾ ਮਤਲਬ ਉਹਦੇ ਆਉਣ ਦੀ ਖ਼ਬਰ ਕਰ ਦਿੱਤੀ ਗਈ ਸੀ।

ਜੀਵੀ ਸੰਗਦੇ ਜਿਹੇ ਸਿਰ ਪਲੋਸਿਆ ਅਤੇ ਕੁੜੀਆਂ ਦੂਰੋਂ ਹੀ ਹੱਥ ਜੋੜ ਠਿਠਕ ਗਈਆਂ। ਚਾਹ ਫੜਾਉਂਦੇ ਜੀਵੀ ਸਰਸਰੀ ਸੁੱਖ-ਸਾਂਦ ਪੁੱਛੀ ਤਾਂ ਲੱਗਾ, ਹਰ ਕੋਈ ਸਹਿਮਿਆ ਪਿਆ ਸੀ।

ਕੁੜੀਆਂ ਲੁੱਕ ਕੇ ਗੁਰੀਆ ਦੇਖਿਆ।



"ਨੀ ਕੁੱਤੀਏ ਇਹ ਤਾਂ ਜਮਾ ਸਿੱਖ ਬਣਿਆ ਫਿਰਦੈ..." ਸੱਤ ਕਿਹਾ।

"ਬਹੁਤੀ ਚੌੜੀ ਨਾ ਹੋ... ਖੇਖਣਹਾਰੇ ਪੂਰਾ..." ਬੀਰ੍ਹੀ ਮੱਚੀ ਪਈ ਸੀ।

"ਵਿਚਾਰੀ ਦੀਦੀ !" ਰਾਜੀ ਹਉਕਾ ਲਿਆ।

ਜੀਵੀ ਮਸ਼ੀਨ ਅੱਗੋਂ ਕੱਪੜੇ ਸਮੇਟੇ ਅਤੇ ਕੁੜੀਆਂ ਨਾਲ ਰੋਟੀ ਆਹਰੇ ਜਾ ਲੱਗੀ।

ਗੁਰੀਆ ਦਲ੍ਹਾਨ 'ਚ ਬੈਠਾ ਸੀ। ਇਕ ਦੋ ਵਾਰ ਕੁੜੀਆਂ ਅੰਦਰ ਆਈਆਂ ਵੀ, ਹਨੇਰੀ ਵਾਂਗ ਪਰਤ ਗਈਆਂ। ਦਿਲ ਕੀਤਾ ਉਹ ਕੁੜੀਆਂ ਨਾਲ ਕੋਈ ਗੱਲ ਕਰੇ। ਹੋਰ ਨਹੀਂ ਤਾਂ ਹਾਸਾ-ਠੱਠਾ ਹੀ।

ਉਕਤਾਅ ਕੇ ਬਾਹਰ ਆ ਗਿਆ। ਦੇਖਿਆ, ਸੱਤੀ ਟੋਕਾ-ਮਸ਼ੀਨ 'ਤੇ ਪੱਠੇ ਕੁਤਰ ਰਹੀ ਸੀ। ਉਹਨੇ ਇਕ ਨਜ਼ਰ ਗਲਮੇ ਤੋਂ ਬਾਹਰ ਸੱਤੀ ਦਾ ਡੁੱਲ੍ਹਦਾ ਜੋਬਨ ਦੇਖਿਆ। ਹਉਕਾ ਲਿਆ ਅਤੇ ਨੇੜੇ ਆਇਆ।

"ਲਿਆਓ ਮੈਂ ਕਰਾਵਾਂ ਮਦਦ..."

"ਨਾ ਜੀਜਾ ਜੀ ! ਕੱਪੜੇ ਗੰਦੇ ਕਰ ਲਉਂ ਗੇ।" ਸੱਤੀ ਕਿਹਾ।

ਅਚਾਨਕ ਖਿਆਲ ਆਇਆ, ਉਹ ਕੋਟ ਪੈਂਟ ਅਤੇ ਟਾਈ ਵਿਚ ਸੀ। ਸੱਤੀ ਕੁਤਰਿਆ ਬਰਸੀਮ ਗਾਂ ਦੀ ਖੁਰਲੀ 'ਚ ਪਾਉਣ ਖਿਸਕ ਗਈ। ਉਹ ਟਹਿਲਦਾ ਫਿਰਨੀ ਵੱਲ ਨਿਕਲ ਆਇਆ। ਇਸ ਵਾਰ ਉਸ ਪੱਕੀ ਧਾਰ ਲਈ ਕਿ ਕੋਈ ਗ਼ਲਤੀ ਨਹੀਂ ਕਰੇਗਾ।

ਖਾਸ ਕਰ ਘਰ ਆਈ ਸੱਸ ਨਾਲ ਬਦ-ਕਲਾਮੀ ਵਰਗੀ।...

ਉਹਨੂੰ ਯਾਦ ਆਇਆ ਵਿਆਹ ਨੂੰ ਦੂਜਾ ਸਾਲ ਤੇ ਨੀਲੂ ਨੂੰ ਚੌਥਾ ਮਹੀਨਾ ਸੀ। ਹਸਨਪੁਰ ਆਉਂਦੀ ਬੱਸ ਕਿਸੇ ਕਾਰਨ ਬੰਦ ਹੋ ਗਈ ਤਾਂ ਬੀਰ੍ਹੀ ਦਾ ਕਾਲਜ ਜਾਣਾ ਮੁਸ਼ਕਿਲ ਹੋ ਗਿਆ।

ਜੀ ਬਿਆਣੀ ਜੀਵੀ, ਧੀ ਜਵਾਈ ਦੇ ਦਰੀਂ ਜਾ ਖੜ੍ਹੀ ਅਤੇ ਕਿਹਾ।

"ਜਿਵੇਂ ਜਾਣੋ... ਕੁੜੀ ਦੇ ਇਮਤਿਹਾਨਾਂ ਤੱਕ ਦੇ ਦਿਨ ਕਟਾਓ...।"

ਗੁਰੀਆ ਨੀਲੂ ਦੇ ਹਮਲ ਤੋਂ ਪਹਿਲਾਂ ਹੀ ਦੁਖੀ ਸੀ। ਚੌਕਸੀ ਦੇ ਬਾਵਜੂਦ ਹੇਠ ਉੱਤੇ ਗਿਰਾਏ ਦੋ ਹਮਲਾਂ ਤੋਂ ਬਾਦ ਵੀ ਦਿਨ ਚੜ੍ਹ ਜਾਣ ਨੇ ਸਭ ਕੁਝ ਉਲਟ-ਪੁਲਟ ਕਰਕੇ ਰੱਖ ਦਿੱਤਾ ਸੀ। ਉੱਤੋਂ ਸੱਸ ਮੁਸੀਬਤ ਬਣ ਕੇ ਆ ਖੜ੍ਹੀ। ਉਸਦਾ ਚੱਬਤ ਜਾਂਦਾ ਰਿਹਾ।

"ਹੱਦ ਹੋ ਗਈ... ਤੁਹਾਡੀ ਕੁੜੀ ਨਾਲ ਵਿਆਹ ਕਰਾਉਣ ਦਾ ਮਤਲਬ, ਸਾਰੇ ਟੱਬਰ ਦਾ ਠੇਕਾ ਲੈ ਲਿਆ ਮੈਂ?"

ਜੀਵੀ ਪਰਤ ਤਾਂ ਗਈ। ਗੁਰੀਆ ਸਿਰ ਫੜ ਕੇ ਬੈਠ ਗਿਆ।

ਜਵਾਨ ਕੁੜੀ ਨੂੰ ਘਰ 'ਚ ਆਉਣੋ ਰੋਕ ਦਿੱਤਾ; ਪਰ ਤੀਰ ਹੱਥੋਂ ਨਿਕਲ ਕੇ

ਉਹਨੂੰ ਆਪ ਨੂੰ ਹੀ ਵਿੰਨ੍ਹ ਗਿਆ ਸੀ। ਗੁਰੀਆ ਪਛਤਾਵੇ ਨਾਲ ਭਰ ਗਿਆ, ਕਮਾਲ ਦੀ ਗੱਲ ਇਹ, ਉਹਦੇ ਸ਼ਾਤਰ ਮਨ ਨੇ ਨੀਲੂ ਨੂੰ ਆਪਣੀ ਗਲੀਜ਼ ਇੱਛਾ ਦੀ ਭਿਣਕ ਤੱਕ ਨਾ ਸੀ ਪੈਣ ਦਿੱਤੀ।

ਫਿਰ ਪਿੰਕੀ ਹਾਲੇ ਜਨਮੀ ਨਹੀਂ ਸੀ ਕਿ ਗੁਰੀਏ ਦਾ ਜੀਵਨ ਹੀ ਬਦਲ ਗਿਆ। ਨੀਲੂ ਹਮਲ ਦੌਰਾਨ ਬਿਮਾਰ ਰਹਿਣ ਲੱਗੀ ਸੀ।

ਲਗਾਤਾਰ ਕਈ ਟੈਸਟਾਂ ਤੋਂ ਬਾਦ ਡਾਕਟਰ ਸ਼ਾਲਿਨੀ ਨੇ ਗੁਰੀਏ ਨੂੰ ਪਾਸੇ ਲੈ ਜਾ ਕੇ ਕਿਹਾ ਸੀ।

"ਮੁਸ਼ਕਲ ਹੈ ਮਾਂ ਤੇ ਬੱਚੇ ਦਾ ਬਚਣਾ। ਬੱਚਾ ਹੋ ਵੀ ਗਿਆ ਤਾਂ ਪਾਲੇ ਗਾ ਕੌਣ ?"

"ਕਿਉਂ ?"

"ਇਹ ਬਹੁਤੇ ਦਿਨ ਨਹੀਂ।" ਉਹਦਾ ਇਸ਼ਾਰਾ ਨੀਲੂ ਵੱਲ ਸੀ।

"ਕਾਰਨ ?"

"ਕੈਂਸਰ ਦੀ ਲੇਟਰ ਸਟੇਜ..."

"ਨੀਲੂ ਨੂੰ ਪਤੈ ?"

"ਨਹੀਂ!... ਪਤਾ ਲੱਗਾ ਤਾਂ ਸਮਝ ਗਈ। ਬਿਹਤਰ ਹੈ ਬੱਚਾ ਨਾ ਲਵੇ। ਇਹਦੀ ਸੇਵਾ ਕਰੋ, ਜੇ ਕਰ ਸਕਦੇ ਓ ਤਾਂ।"

ਬੱਸ ਉਸੇ ਦਿਨ ਤੋਂ ਗੁਰੀਏ ਦਾ ਸ਼ਾਤਰ ਮਨ, ਸਾਜਿਸ਼ਾਂ ਦੀ ਜੂਨੇ ਪੈ ਗਿਆ। ਪਤਾ ਹੀ ਨਾ ਲੱਗਾ ਕਦੋਂ ਅੰਮ੍ਰਿਤ ਛਕ ਲਿਆ। ਕੇਸ ਰੱਖ ਲਏ, ਪੂਜਾ ਪਾਠ ਵਿਚ ਖਚਿਤ ਹੋਇਆ ਆਉਣ ਵਾਲੇ ਬੱਚੇ ਨੂੰ ਸੱਤੀ ਤੱਕ ਪੁੱਜਣ ਦੀ ਪੌੜੀ ਸਮਝਣ ਲੱਗਾ।

ਨੀਲੂ ਦੀ ਗੋਦ 'ਚ ਪਿੰਕੀ ਆਈ ਤਾਂ ਲੱਗਾ ਹੁਣ ਸੱਤੀ ਉਸ ਤੋਂ ਬਹੁਤੀ ਦੂਰ ਨਹੀਂ ਸੀ। ਨੀਲੂ ਦਿਨ-ਬਦਿਨ ਡਿੱਗ ਰਹੀ ਸੀ। ਗੁਰੀਆ ਹੌਸਲੇ 'ਚ ਸੀ। ਨੀਲੂ ਗੁਰੀਏ ਦੇ ਰਵੱਈਏ ਨੂੰ ਸੰਜੀਦਗੀ ਨਾਲ ਦੇਖਦੀ ਅਤੇ ਮਹਿਸੂਸਦੀ ਕਿ ਹਰ ਦਿਨ ਉਸ 'ਚੋਂ ਕੁਝ ਮਰ ਰਿਹਾ ਸੀ।

"ਤੇਰਾ ਵਹਿਮ ਐ...।" ਗੁਰੀਆ ਆਖਦਾ।

ਨੀਲੂ ਹੱਸ ਛੱਡਦੀ।

ਗੁਰੀਆ ਨੀਲੂ ਨੂੰ ਹਰ ਭਿਣਕ ਤੋਂ ਦੂਰ ਰੱਖ ਰਿਹਾ ਸੀ। ਗੁਰੀਆ ਜਾਣਦਾ ਸੀ। ਕੁੜੀਆਂ ਜੀਵੀ ਦੇ ਗਲ ਚੜ੍ਹੀਆਂ ਖੜ੍ਹੀਆਂ ਸਨ। ਗੁਜ਼ਾਰਾ ਮਹਿਜ਼ ਮਸ਼ੀਨ ਦੀ ਸਿਲਾਈ 'ਤੇ ਸੀ। ਗਰਮ ਲੋਹੇ 'ਤੇ ਇਕ ਸੱਟ, ਤੇ ਪਾਰ। ਆਖ਼ਰੀ ਹਥਿਆਰ ਪਿੰਕੀ ਸੀ, ਜਿਸਨੂੰ ਪਾਲਣ ਲਈ ਸੱਤੀ ਤੋਂ ਵੱਧ ਕਿਹੜਾ ਹੋ ਸਕਦਾ ਸੀ।

ਇਸ ਵੇਰ ਰਿਪੋਰਟਾਂ ਆਈਆਂ ਤਾਂ ਗੁਰੀਏ ਦੀਆਂ ਚੜ੍ਹ ਮੱਚੀਆਂ। ਪਿੰਕੀ ਦਾ ਦੁੱਧ ਛੁਡਾਉਣ ਲਈ ਸਖ਼ਤ ਹਦਾਇਤ ਸੀ ਤੇ ਨੀਲੂ ਲਈ ਵੱਧ ਤੋਂ ਵੱਧ ਤਿੰਨ ਮਹੀਨੇ



ਹੋਰ ਉਮੀਦ ਕੀਤੀ ਗਈ ਸੀ।

ਗੁਰੀਏ ਜ਼ੇਰਾ ਹੋਰ ਪੱਕਾ ਕੀਤਾ ਤੇ ਨੀਲੂ ਨੂੰ ਬੁੱਕਲ 'ਚ ਲਿਆ।

"ਪਿਛਲੀ ਵੇਰ ਬੜੀ ਭੁੱਲ ਹੋਈ, ਮੇਰੀ ਮੂਰਖ਼ਤਾ ਕਾਰਨ ਬੀਰ੍ਹੀ ਦਾ ਕਾਲਜ ਛੁੱਟ ਗਿਆ। ਇਸ ਵਾਰ ਬਾਜਾਂ ਵਾਲੇ ਤੋਂ ਭੁੱਲ ਬਖ਼ਸ਼ਾਈਏ ਤੇ ਸੱਤੀ ਨੂੰ ਬੀ.ਏ. ਕਰਵਾਈਏ। ਹੋ ਸਕੇ ਤਾਂ ਉਹਦੇ ਵਿਆਹ ਦਾ ਜੁਗਾੜ ਵੀ ਕਰੀਏ ਕਿਤੇ।" ਗੁਰੀਏ ਫ਼ਿਕਰਾ ਤੜਫ਼ਦਾ ਛੱਡ ਦਿੱਤਾ।

ਨੀਲੂ ਅੱਖਾਂ ਭਰ ਆਈ।

"ਜਿਵੇਂ ਮਰਜ਼ੀ...।" ਉਹਤੋਂ ਗੱਲ ਪੂਰੀ ਨਾ ਹੋਈ।

"ਨਾਲੇ ਪਿੰਕੀ ਦਾ ਦਿਲ ਲੱਗਾ ਰਹੂ... ਤੂੰ ਮਾਂ ਨਾਲ ਗੱਲ ਕਰ।"

"ਮੈਥੋਂ ਨਹੀਂ ਹੋਣੀ... ਮੈਂ ਤਾਂ ਚਾਰ ਸਾਲਾਂ ਤੋਂ ਨਹੀਂ ਕੀਤੀ ਗੱਲ।"

"ਹੁਣ ਮੈਂ ਕਹਿ ਰਿਹਾਂ ਨਾ... ਤੂੰ ਬੇਸ਼ਕ ਵਿਆਹ ਦਾ ਵੀ ਖ਼ਰਚਾ ਓਟ ਲੈ ਉਹਦਾ...।"

ਨੀਲੂ ਤ੍ਰਭਕ ਕੇ ਪਤੀ ਵੱਲ ਦੇਖਿਆ। ਉਹ ਕੀ ਸੁਣ ਰਹੀ ਸੀ।

"ਦੇਖ ਆਪਾਂ ਵੀ ਬੱਚੇ ਹਾਂ ਉਹਨਾਂ ਦੇ... ਕੁਝ ਤਾਂ ਭਾਰ ਹਲਕਾ ਕਰੀਏ ਤੇਰੀ ਮਾਂ ਦਾ...।"

"ਠੀਕ ਐ... ਕੱਲ੍ਹ ਦੇਖਾਂਗੀ।" ਨੀਲੂ ਕਿਹਾ।

ਗੁਰੀਆ ਮਨ ਹੀ ਮਨ ਝੂੰਮਣ ਲੱਗਾ।

ਅਗਲੇ ਦਿਨ ਨੀਲੂ ਕਿਹਾ, "ਜਾਉ ਲੈ ਆਓ ਸੱਤੀ ਨੂੰ।"

ਇਸੇ ਮਨਸੂਬੇ ਅਧੀਨ ਉਹ ਸਹੁਰੇ ਘਰ ਆਇਆ ਖੜ੍ਹਾ ਸੀ...

ਬਾਹਰੋਂ ਮੁੜਦਾ ਉਹ ਸਿੱਧਾ ਜੀਵੀ ਲਾਗ ਆ ਖੜ੍ਹਾ। ਜੀਵੀ ਕਿਸੇ ਜ਼ੇਰਾ 'ਚ ਮੰਜੇ ਤੇ ਬੈਠੀ ਸੀ।

"ਜੀ ਮੈਂ ਗੱਲ ਕਰਨੀ ਸੀ ਬਹੁਤ ਜ਼ਰੂਰੀ।" ਉਸ ਮੁੱਛ ਥੰਨ੍ਹਦੇ ਕਿਹਾ।

ਜੀਵੀ ਚੁੱਪ।

"ਨੀਲੂ ਨੇ ਕਿਹਾ ਹੋਊ ਕੁਛ..."

"ਹਾਂ ਕਿਹਾ !"

"ਕੀ ?"

"ਇਹੋ ਬਈ ਸੱਤੀ ਨੂੰ ਬੀ.ਏ. ਕਰਵਾਏਂਗਾ। ਪਹਿਲਾਂ ਭੁੱਲ ਹੋਈ। ਪਿੰਕੀ ਦਾ ਦਿਲ ਲੱਗੇਗਾ। ਵਿਆਹ ਦਾ ਵੀ ਖਰਚਾ ਓਟੇਂਗਾ।"

"ਦਰਅਸਲ ਉਦੋਂ ਬੀਰ੍ਹੀ ਲਈ ਤੁਸੀਂ ਕਿਹਾ, ਮੈਥੋਂ ਨਾਂਹ ਹੋ ਗਈ। ਪਛਤਾਵੈ ਤਾਂ ਕਹਿ ਰਿਹਾਂ। ਪਲੀਜ਼ ਬੀ ਜੀ ਨਾਂਹ ਨਾ ਕਰਿਉ।"

ਗੁਰੀਏ ਹੱਥ ਜੋੜੇ।

"ਸੋਚਦਾਂ ਪੰਜ ਵਾਲੀ ਬੱਸ ਪਰਤ ਜਾਵਾਂ।"
"ਠੀਕ ਐ... ਜਿਵੇਂ ਤੇਰੀ ਮਰਜ਼ੀ।" ਜੀਵੀ ਹਾਲੇ ਵੀ ਜੱਬਤ ਵਿਚ ਸੀ।
"ਫਿਰ ਸੱਤ ਨੂੰ ਕਹੋ ਤਿਆਰ ਹੋਵੇ।" ਗੁਰੀਆ ਚਹਿਕਿਆ।
"ਕਿਉਂ?"
"ਜੀ ਨਾਲ ਜਾਣ ਲਈ..."
"ਕੀਹਦੇ?"
"ਮੇਰੇ ਨਾਲ, ਹੋਰ ਕੀਹਦੇ?" ਗੁਰੀਆ ਹੈਰਾਨ ਸੀ।
"ਨਹੀਂ ਭਾਈ! ਕੁੜੀ ਨਹੀਂ ਭੇਜਣੀ ਮੈਂ..."
"ਪਰ ਕਿਉਂ?"
"ਇਕ ਭੇਜ ਤਾਂ ਦਿੱਤੀ..."
"ਬੀ ਜੀ ਮੈਂ ਸੱਤੀ ਲਈ ਕਹਿ ਰਿਹਾਂ।"
"ਸੁਣ ਲਿਆ, ਪਰ ਕੁੜੀ ਲਈ ਨਾਂਹ ਐ।"
"ਤੁਹਾਨੂੰ ਕਿਸੇ ਕਿਹੈ ਕੁਝ?" ਗੁਰੀਆ ਤਲਖ਼ੀ ਨਾਲ ਬੋਲਿਆ।
"ਹਾਂ ਕਿਹੈ।"
"ਕੀਹਨੇ?" ਗੁਰੀਆ ਹੈਰਾਨ ਸੀ।
"ਹੈ ਕੋਈ?"
"ਕੌਣ?"

"ਇਕ ਵੇਰ ਮਾਂ ਤੇ ਧੀ ਤੁਰੀਆਂ ਜਾਂਦੀਆਂ ਸੀ। ਕੁੜੀ ਥੱਕ ਗਈ। ਪਿੱਛੋਂ ਕੋਈ ਘੋੜੇ ਤੇ ਚੜ੍ਹਿਆ ਆ ਗਿਆ। ਮਾਂ ਨੇ ਘੋੜੇ ਵਾਲੇ ਨੂੰ ਕਿਹਾ, ਪੁੱਤ ਮੇਰੀ ਧੀ ਨੂੰ ਵੀ ਬਿਠਾ ਲੈ। ਘੋੜੇ ਵਾਲੇ ਕਿਹਾ, ਬੁੜ੍ਹੀਏ ਮੈਂ ਘੋੜੇ 'ਤੇ, ਤੂੰ ਪੈਦਲ...। ਪਹਿਲਾਂ ਲੰਘ ਗਿਆ। ਫਿਰ ਖੜ੍ਹ ਗਿਆ। ਕਹਿੰਦਾ ਚਲ ਬਿਠਾ ਦੇ। ਪਤੈ ਮਾਂ ਨੇ ਕੀ ਕਿਹਾ? ਕਹਿੰਦੀ ਜਿਹੜੇ ਦਿਲ ਨੇ ਤੈਨੂੰ ਕਿਹੈ ਨ ਬਿਠਾ ਲੈ, ਮੇਰੇ ਦਿਲ ਨੇ ਮੈਨੂੰ ਕਹਿ ਦਿੱਤੈ ਹੁਣ ਨਾ ਬਿਠਾਈਂ।"

"ਤੁਸੀਂ ਸਿੱਧਾ ਦੱਸੋ, ਮੈਂ ਨੀਲੂ ਨੂੰ ਕੀ ਕਹਾਂ..." ਗੁਰੀਏ ਦਾ ਬੰਨ੍ਹ ਟੁੱਟ ਗਿਆ। ਇਕ ਜਲਜ਼ਲਾ ਤੇ ਗੁਰੀਏ ਦੇ ਕੰਨ ਸਾਂ-ਸਾਂ ਕਰਨ ਲੱਗੇ।

"ਕੁੱਤਿਆ ਕੀ ਕਹੇਂਗਾ ਉਹਨੂੰ... ਕਿੰਨੇ ਦਿਨ ਦੀ ਪ੍ਰਾਹੁਣੀ ਐ ਉਹ... ਪਹਿਲਾਂ ਤੂੰ ਉਹਨੂੰ ਮਰਨ ਲਈ ਤਿਆਰ ਕੀਤਾ। ਫੇ ਨਿਆਣਾ ਜੰਮਿਆ। ਥਈ ਕੁੜੀ ਦਾ ਵਾਸਤਾ ਪਾ ਕੇ ਦੂਜੀ ਤੀਕ ਅਪੜੇਂ ਗਾ। ਤੂੰ ਕੀ ਸਮਝਦੈਂ ਸਾਨੂੰ ਪਤਾ ਨਹੀਂ।"

ਗੁਰੀਆ ਥਰ-ਥਰ ਕੰਬਣ ਲੱਗਾ। ਹੈਰਾਨੀ 'ਚ ਕਿਹਾ।
"ਪਰ ਇਸ ਗੱਲ ਦਾ ਤਾਂ ਨੀਲੂ ਨੂੰ ਵੀ..."
ਮੱਚਦੀ ਜੀਵੀ ਨੇ ਬਾਂਹ ਵਧਾ ਕੇ ਗੁਰੀਏ ਦਾ ਮੋਢਾ ਛੋਹਿਆ।



"ਕੁੱਤਿਆ! ਹਰ ਬੰਦੇ ਦੇ ਐਥੇ ਬੈਠੇ ਹੁੰਦੇ ਐ ਜਮ। ਚਿਤਰ ਤੇ ਗੁਪਤ। ਜਿਹੜੇ ਪਾਪ ਲਿਖਦੇ ਐ ਬੰਦੇ ਦੇ। ਪਰ ਮਾਂ ਦੇ ਮੋਢਿਆਂ ਤੇ ਨਹੀਂ ਬੈਠਦੇ। ਨਾਲ-ਨਾਲ ਰਹਿੰਦੇ ਐ ਹਵਾ 'ਚ। ਪਲ-ਪਲ ਦੀ ਖ਼ਬਰ ਦਿੰਦੇ ਐ ਮਾਂ ਦੀ ਆਂਦਰ ਨੂੰ... ਲਿਆ ਕੁੜੀਏ ਦਿਖਾ ਇਸ ਕੁੱਤੇ ਨੂੰ, ਕੀ ਜਾਣਦੀ ਆਂ ਮੈਂ...

ਸੱਤ ਨੇ ਕੁਝ ਕੱਪੜੇ ਅਤੇ ਪੈਸੇ ਲਿਆ ਕੇ ਗੁਰੀਏ ਦੇ ਪੈਰਾਂ 'ਚ ਵਗਾਹ ਮਾਰੇ।

"ਪਤੈ ਕੀ ਐ? ਖੱਫਣ ਐ ਮੇਰੀ ਧੀ ਦਾ... ਜੀਹਦੇ ਪਲ-ਪਲ ਦਾ ਪਤੈ ਸਾਨੂੰ ਮਰਨ ਦਾ... ਤੇ ਐਹ ਪੈਸੇ, ਸਿੜ੍ਹੀ ਦੇ ਲੱਕੜ-ਕਾਠ ਲਈ। ਹੁਣੇ ਦਿਆਂ...? ਬੰਦੇ ਦਾ ਪੁੱਤ ਐਂ ਤਾਂ ਨਿਕਲ ਏਥੋਂ..."

ਬਰਛੀ ਵਾਂਗ ਤਣ ਗਈ ਜੀਵੀ ਦੀ ਉਂਗਲ।
ਗੁਰੀਆ ਖੜ੍ਹਾ ਖੜੋਤਾ ਮਿੱਟੀ ਸੀ...

ਚਿਤਰ ਤੇ ਗੁਪਤ ਗੁਰੀਏ ਦੇਖੇ ਨਹੀਂ ਸਨ ਪਰ ਲੱਗਾ, ਜੇ ਕੋਈ ਸਨ ਤਾਂ ਜੀਵੀ ਜਹੇ ਹੀ ਸਨ, ਜੋ ਮੋਢਿਆਂ ਤੇ ਬੈਠੀ ਉਹਦੇ ਪਾਪ ਲਿਖ ਰਹੀ ਸੀ।...

•

# ਹਾਰ ਜਿੱਤ

ਪਾਸ਼ ਨੂੰ ਲੱਗਾ ਰਿਸ਼ਤਿਆਂ ਦੀ ਸ਼ਤਰੰਜ ਵਿਚ ਉਹ ਇਸ ਕਦਰ ਹਾਰ ਚੁੱਕੀ ਸੀ ਦੁਬਾਰਾ ਬਿਸਾਤ ਵਿੱਛਣ ਦੀ ਗੁੰਜਾਇਸ਼ ਹੀ ਨਹੀਂ ਸੀ ਰਹੀ।

ਅੱਖਾਂ 'ਤੇ ਹੱਥ ਦੇ ਛੱਪਰ ਦੀ ਛਾਂ ਕੀਤੀ ਸੋਟੀ ਟੇਕਦੀ ਕਿਰਪੀ ਬੁੜ੍ਹੀ ਕੀ ਆਈ, ਸਾਰੀ ਖੇਡ ਹੀ ਚੌਪਟ ਕਰ ਕੇ ਤੁਰਦੀ ਬਣੀ। ਕਿਰਪੀ ਜੋ ਪਾਸ਼ ਦੇ ਸਹੁਰੇ ਪਿੰਡੋਂ ਸੀ।

ਪਾਸ਼ ਨਿੰਮ ਦੀ ਛਾਵੇਂ ਬੈਠੀ ਸੀ। ਕਿਰਪੀ ਦੇ ਬੋਲਾਂ ਨਾਲ ਝੜਦੇ ਪੱਤੇ ਅੰਗਿਆਰਾਂ ਵਾਂਗ ਡਿੱਗੇ। ਤੜਪ ਕੇ ਉਸ ਧੀ ਹਿੱਕ ਨਾਲ ਘੁੱਟੀ। ਰੋਣ ਨਿਕਲ ਆਇਆ। ਪਾਣੀ ਦੀ ਤਲਬ ਹੋਈ। ਸਾਮ੍ਹਣੇ ਨਲਕਾ ਸੀ। ਉੱਠਣ ਦੀ ਹਿੰਮਤ ਨਾ ਪਈ। ਹਉਕਾ ਲੈ ਬੈਠ ਗਈ।

ਸੋਚਾਂ ਸਰਪਟ ਦੌੜਨ ਲੱਗੀਆਂ।

ਕਿਰਪੀ ਦੇ ਬੋਲ ਸੁਣੇ।...

"ਕੁੜੇ ਗਜ਼ਬ ਹੋ ਗਿਆ ਭਾਈ ! ਵੇਲਣ ਸੁਰਜੀ ਆ ਬੈਠੀ ਤੇਰੇ ਘਰੇ। ਕਹਿੰਦੀ ਮੈਂ ਜ਼ਮਾਨਤ ਕਰਾਊਂ ਜੋਰੇ ਦੀ। ਮੈਂ ਲੜੂੰ ਮੁਕਦਮਾਂ। ਕੁੱਤੀ ਨੇ ਜਿੰਦਾ ਤੋੜਿਆ। ਘਰ ਤਾਂ ਬਣ ਗਿਆ ਕੋਠਾ। ਦੂਹੋ-ਦੂਹ ਹੋ ਗਈ ਥਹੁ। ਅਗੋਂ ਆਪਦਾ ਪੜ੍ਹਿਆ ਵਾਚ।..."

ਕਿਰਪੀ ਚਲੀ ਤਾਂ ਗਈ। ਕਈ ਜ਼ਖ਼ਮ ਉਚੇੜ ਗਈ।...

ਜ਼ਖ਼ਮ ਜੋ ਬਹੁਤ ਡੂੰਘੇ ਸਨ।

ਜਦੋਂ ਉਹਦੇ ਪਿਉ ਨੂੰ ਸਾਰੇ ਪਿੰਡ ਨੇ ਹਟਕਿਆ ਸੀ...

"ਅੱਡੀਆਂ ਚੁੱਕ ਕੇ ਫਾਹ ਨਾ ਲੈ ਰੁਲਦਾ ਸਿਹਾਂ। ਪਹਿਲਾਂ ਧੀ ਦਾ ਸੋਚ...। ਪਰ ਤੋਂ ਤਾਂ ਪੁੱਤ ਦਾ ਹੀ ਫੜ ਲਿਆ ਰੁਪਈਆ। ਉਤੋਂ ਟਰੈਕਟਰ ਦਾ ਅੱਕ ਚੱਬ ਲਿਆ। ਧੀਮਾਂ ਚੱਲ ਭਾਊ..."

"ਕਿਵੇਂ ਚੱਲਾਂ ?" ਰੁਲਦੇ ਆਪਣੇ ਆਪ ਨੂੰ ਕਿਹਾ। "ਬਰਾੜਾਂ ਵੱਲੋਂ ਸ਼ਰੀਕਾਂ ਤੋਂ ਚੜ੍ਹ ਕੇ ਆਇਐ ਸਾਕ ਕਰਤਾਰੇ ਨੂੰ। ਸ਼ਰੀਕ ਬਾਈਲਾਰਸ ਤੇ ਤਿੰਨ ਬੰਬੀਆਂ ਦੇ ਮਾਲਕ, ਤੇ ਏਧਰ ਮੇਰੀ ਦੋ ਬਲਦਾਂ ਦੀ ਵਾਹੀ। ਸੋਭਾ ਦਿਊ ਕੁੜਮਾਚਾਰੀ 'ਚ...।"

"ਕੁੜੀ ਗਲ ਚੜ੍ਹੀ ਆਉਂਦੀ ਐ ਤਾਰੇ ਦੇ ਬਾਪੂ ! ਸੋਚ ਕੇ ਅੰਗਿਆਰ ਫੱਕ।" ਪਾਸ਼ ਦੀ ਮਾਂ ਕਿਹਾ ਸੀ।

"ਗੱਲ ਮੁੱਛ ਦੀ ਐ ਰਤਨੀਏ ! ਬਖ਼ਤਾਵਰਾਂ ਨਾਲ ਪਿੱਠ ਜਾ ਲੱਗੀ ਤਾਂ ਪਾਸੋ



ਨੂੰ ਵੀਹ ਸਾਕ। ਤੂੰ ਨਿਕਲਣ ਦੇ ਗੱਡ ਚਿੱਕੜ 'ਚੋਂ...।"

ਪਰ ਗੱਡ ਐਸੀ ਫਸੀ ਕਿ ਪਹਿਲਾਂ ਨਵੇਂ ਬੋਰ ਦੀ ਕੈਪਟੀ ਬੈਠ ਗਈ, ਉਤੋਂ ਟਰੈਕਟਰ ਦੇ ਬੰਬੂ 'ਚ ਕਿਸੇ ਰੇਤੇ ਦੀ ਮੁੱਠੀ ਜਾ ਸਿੱਟੀ। ਧੂੰਆਂ ਰੁਲਦੇ ਦੇ ਸਿਵੇ 'ਚੋਂ ਉਠਿਆ। ਜੀਹਨੇ ਟੱਬਰ ਤਾਂ ਭੁਲਸਿਆ ਹੀ ਡੂਢ ਕਿੱਲੇ ਨੂੰ ਬੈਂਕ ਦਾ ਕਰਜ਼ਾ ਵੀ ਲੂਹ ਗਿਆ।

ਬੱਸ ਇਕ ਬਰਾੜ ਗੁਲਜ਼ਾਰੋ ਦਾ ਸਾਕ ਕਰਨ 'ਤੇ ਕਾਇਮ ਰਹੇ।

ਪਾਸ਼ ਵੱਲ ਕਿਸੇ ਝਾਕਿਆ ਵੀ ਨਾ।...

ਇਸ ਦਾ ਇਕ ਕਾਰਨ ਗੁਲਜ਼ਾਰੋ ਵੀ ਸੀ। ਉਹ ਨਹੀਂ ਸੀ ਚਾਹੁੰਦੀ ਪਾਸ਼ ਕਿਸੇ ਪੁੱਜਦੇ ਘਰ ਜਾਏ ਤੇ ਦਾਜ ਦੇ ਨਾਂ 'ਤੇ ਅੱਧਾ ਘਰ ਹੂੰਝ ਕੇ ਤੁਰਦੀ ਬਣੇ। ਚੰਗਾ ਹੈ ਕੋਈ ਆਪ ਹੀ ਗਿਆ-ਗੁਜ਼ਰਿਆ ਸਹੇੜ ਲਵੇ।

ਉਹੋ ਗੱਲ ਹੋਈ।...

ਪਿਤਾ ਦੀ ਦੂਜੀ ਬਰਸੀ, ਤੇ ਬੀ.ਏ. ਦਾ ਤੀਜਾ ਸਾਲ। ਪਾਸ਼ ਜੋਰੇ ਦੀ ਅੱਖ ਨੂੰ ਭਾਅ ਗਈ। ਜੋਰਾ ਕਿਤਾਬਾਂ ਵੱਲੋਂ ਕੋਰਾ, ਪਰ ਮਾਰਖੋਰਾ। ਕਿਸੇ ਚੱਜ ਦੀ ਕੁੜੀ ਨੇ ਕਦੇ ਝਾਕਿਆ ਹੀ ਨਹੀਂ ਸੀ। ਇਹ ਸਬੱਬ ਹੀ ਸੀ ਕਿ ਬੱਸਾਂ ਦੀ ਹੜਤਾਲ ਕਾਰਨ ਇਕ ਦਿਨ ਉਹ ਪਾਸ਼ ਤੇ ਉਹਦੀ ਸਹੇਲੀ ਨੂੰ ਉਹਨਾਂ ਦੇ ਪਿੰਡ ਛੱਡਣ ਆ ਗਿਆ। ਬੁਲਿਟ 'ਤੇ। ਪਾਸ਼ ਨੂੰ ਲੱਗਾ ਜੋਰੇ ਵਿਚ ਖਿੱਚ ਸੀ। ਜਬ੍ਹਾ ਸੀ। ਖ਼ਤਰੇ ਦੀਆਂ ਅੱਖਾਂ 'ਚ ਸਿੱਧਾ ਝਾਕਣ ਦੀ ਜੁਅੱਰਤ ਸੀ।

ਗੁਲਜ਼ਾਰੋ ਨੂੰ ਜੋਰੇ ਦੀ ਇਹ ਆਦਤ ਬੁਰੀ ਲੱਗੀ। ਇਹ ਮੁੰਡਾ ਘਰ 'ਚ ਵੜ ਗਿਆ ਤਾਂ ਮੇਰੀ ਸਰਦਾਰੀ ਗਈ। ਉਸ ਕਰਤਾਰਾ ਸੀਖਿਆ।

"ਦੇਖ ਕੁੜੀਏ ! ਕਾਲੇ ਚੋਰ ਨਾਲ ਆ, ਪਰ ਇਸ ਜੋਰੇ ਨਾਲ ਨਹੀਂ।" ਕਰਤਾਰੇ ਇਕ ਟੁੱਕ ਕਿਹਾ।

ਜੋਰੇ ਕਿਹਾ, ਪਾਸ਼ ਤਾਂ ਬਣੀ ਹੀ ਉਹਦੇ ਲਈ ਸੀ।

ਪਰ ਹੋਣੀ ਕੁਝ ਹੋਰ ਹੀ ਸੋਚਦੀ ਸੀ...

ਪਾਸ਼ ਐਮ.ਏ. 'ਚ ਜਾ ਦਾਖ਼ਲ ਹੋਈ; ਜੋਰਾ ਫੇਲ੍ਹ ਹੋ ਗਿਆ।

ਇਕ ਦਿਨ ਕੰਨਟੀਨ ਵਿਚ ਬੈਠੀ ਕੋਲ ਜੋਰਾ ਆਇਆ।

"ਤੈਨੂੰ ਪਤੈ ਮੈਂ ਹਰੂੱਤ ਆਂ..."

ਪਾਸ਼ ਦਾ ਹਾਸਾ ਨਿਕਲ ਗਿਆ।

"ਹੱਸ ਨਾ... ਸੀਰੀਅਸ ਆਂ ਮੈਂ... ਤੈਨੂੰ ਪਤੈ ਹਰੂੱਤ ਦਾ ?"

ਪਾਸ਼ ਨਾਂਹ ਵਿਚ ਸਿਰ ਹਿਲਾਇਆ।

"ਮੇਰੀ ਮਾਂ ਦਾ ਜਿਹੜਾ ਹੁਣ ਖਸਮ ਐ... ਮੇਰਾ ਤੇ ਮੇਰੀਆਂ ਦੋ ਭੈਣਾਂ ਦਾ ਪਿਉ ਨਹੀਂ। ਅਸੀਂ ਮਾਂ ਦੇ ਪਹਿਲੇ ਖਸਮ 'ਚੋਂ ਹਾਂ।"

ਪਾਸ਼ ਨੇ ਦੇਖਿਆ, ਜੋਰੇ ਦਾ ਮੱਥਾ ਪੀੜ ਨਾਲ ਤਣ ਗਿਆ ਸੀ। ਅੱਖਾਂ ਦੇ ਡੋਰੇ ਸੁਰਖ਼ ਹੋ ਰਹੇ ਸਨ। ਉਹ ਛਲਕ ਸਕਦਾ ਸੀ। ਪਾਸ਼ ਨੇ ਜੋਰੇ ਦਾ ਮੇਜ਼ 'ਤੇ ਰਖਿਆ ਹੱਥ ਮੋਹ ਨਾਲ ਘੁਟਿਆ ਤੇ ਹਉਕਾ ਲਿਆ।

"ਪਾਸ਼ ! ਮੈਂ ਤੇਰੇ ਲਾਇਕ ਨਹੀਂ, ਮੈਥੋਂ ਦੂਰ ਰਹਿ। ਮੈਂ ਮਰ ਜਾਣਾ ਛੇਤੀ। ਪਰ ਮੈਂ ਮੌਤ ਨੂੰ ਜਿੱਤ ਸਕਦਾਂ, ਜੇ ਤੂੰ ਸਾਥ ਦੇਵੇਂ ਵੈਸੇ ਮੈਂ ਚੰਗਾ ਆਦਮੀ ਨਹੀਂ। ਮੈਂ ਕਿਸੇ ਨੂੰ ਵੀ ਪਸੰਦ ਨਹੀਂ। ਬੱਸ ਮੈਂ ਮਰ ਜਾਣਾ ਛੇਤੀ।"

ਪਾਸ਼ ਨੂੰ ਸ਼ੱਕ ਹੋਇਆ। ਉਹ ਸ਼ਰਾਬੀ ਸੀ।

ਕਈ ਦਿਨ ਜੋਰਾ ਕਾਲਜ ਨਾ ਆਇਆ ਤਾਂ ਪਾਸ਼ ਉਦਾਸ ਹੋ ਗਈ।

ਕਿਉਂ ਉਦਾਸ ਹੋਈ ? ਉਹਨੂੰ ਸਮਝ ਨਹੀਂ ਸੀ ਆ ਰਹੀ।

ਕਿਸੇ ਦੱਸਿਆ, ਪਿਉ ਨਾਲ ਲੜ ਕੇ ਜੋਰੇ, ਵੀਣੀ ਦੀ ਨਸ ਕੱਟ ਲਈ ਸੀ। ਹੁਣ ਹਸਤਪਤਾਲ ਸੀ।

ਘਰ ਆ ਕੇ ਪਾਸ਼ ਬਹੁਤ ਰੋਈ। ਕੀ ਲੱਗਦਾ ਸੀ ਉਹਦਾ ਜੋਰਾ ? ਕੁਝ ਵੀ ਤਾਂ ਨਹੀਂ। ਮਾਂ ਨੂੰ ਕਿਹਾ। "ਉਹ ਬਹੁਤ ਇਕੱਲਾ ਏ ਮਾਂ।"

ਮਾਂ ਮੂੰਹ 'ਤੇ ਉਂਗਲ ਰੱਖ, ਅੱਖਾਂ ਭਰ ਆਈ। ਪਾਸ਼ ਜਾਣਦੀ ਸੀ। ਮਾਂ ਬੇ-ਵੱਸ ਸੀ। ਭਾਬੀ ਕੁੰਜੀਬਰਦਾਰ ਸੀ ਤੇ ਭਰਾ ਤੀਵੀਂ ਤੋਂ ਡਰਦਾ ਲੱਤਾਂ 'ਚ ਪੂਛ ਲਈ ਫਿਰਦਾ ਸੀ।

ਫਿਰ ਵੀ ਉਹ ਜੋਰੇ ਨੂੰ ਹਸਤਪਤਾਲ ਜਾ ਮਿਲੀ।

ਕਰਤਾਰਾ ਮੱਚ ਉੱਠਿਆ। ਇੱਕੋ ਚਾਰਾ ਸੀ, ਪਾਸ਼ ਦਾ ਕਾਲਜ ਬੰਦ।

ਪਾਸ਼ ਨੇ ਕਦੇ ਸੋਚਿਆ ਨਹੀਂ ਸੀ, ਉਹ ਜੋਰੇ ਜਿਹੇ ਸਧਾਰਨ ਨੈਣ-ਨਕਸ਼ ਵਾਲੇ ਮੁੰਡੇ ਨੂੰ ਚਾਹੇਗੀ। ਉਹ ਖ਼ੁਦ ਜਵਾਨ, ਸੋਹਣੀ ਅਤੇ ਮੂੰਹ-ਮੱਥੇ ਲਗਦੀ ਸੀ। ਤਿੱਖੇ ਨੈਣ-ਨਕਸ਼ ਅਤੇ ਭਰਵਾਂ ਜਿਸਮ। ਪਰ ਜੋਰੇ ਲਈ ਉਹ ਤੜਪ ਉੱਠੀ।

ਇਕ ਦਿਨ ਉਹ ਉਠੀ। ਨਾਤ੍ਹੀ। ਕੱਪੜੇ ਬਦਲੇ ਅਤੇ ਸ਼ਹਿਰ ਗਈ ਪਰਤੀ ਹੀ ਨਾ। ਪਹਿਲਾਂ ਤਾਂ ਕਰਤਾਰੇ ਸੋਚਿਆ ਕਾਲਜ ਬੰਦ ਹੈ। ਕਿਸੇ ਸਹੇਲੀ ਵੱਲ ਹੋਏਗੀ। ਪਰ ਤੀਜੀ ਰਾਤ ਕੱਟਣੀ ਔਖੀ ਹੋ ਗਈ।

ਅਗਲੀ ਸਵੇਰ ਕਰਤਾਰਾ ਪਰ੍ਹੇ ਲੈਕੇ ਜੋਰੇ ਦੀ ਦਰੀਂ ਜਾ ਖੜ੍ਹਿਆ।

ਅੱਗੇ ਪਾਸ਼ ਚੂੜਾ ਪਾਈ ਬੈਠੀ ਸੀ।

ਕਰਤਾਰਾ ਮਿੱਟੀ ਹੋ ਗਿਆ। ਇਸ ਤੋਂ ਪਹਿਲਾਂ ਕਿ ਪੰਚਾਇਤੀ ਮੋਹਤਬਿਰ ਕੋਈ ਗੱਲ ਕਹਿੰਦੇ, ਪਾਸ਼ ਕਰਤਾਰੇ ਵੱਲ ਉਂਗਲ ਕਰਦੇ ਕਿਹਾ।

"ਕੌਣ ਐ ਇਹ ? ਮੈਂ ਤਾਂ ਨਹੀਂ ਜਾਣਦੀ ਇਹਨੂੰ.."

ਸੁਣਦਿਆਂ ਪਰ੍ਹੇ ਮਿੱਟੀ ਹੋ ਗਈ।

ਗੁੱਸੇ, ਖਿਝ ਅਤੇ ਰੋਸ ਵਿਚ ਪਾਸ਼ ਸਾਰੀਆ ਹੱਦਾਂ ਟੱਪ ਗਈ। ਉਹ ਨਹੀਂ ਸੀ



ਜਾਣਦੀ ਉਹਨੇ ਸਮੁੰਦਰੀ ਜਹਾਜ ਦੇ ਪੰਛੀ ਜਿਹੀ ਹੋਣੀ ਵਿਆਜ੍ਹ ਲਈ ਸੀ, ਜਿਹੜਾ ਬਾਦਬਾਨ ਤੋਂ ਬਿਨਾਂ ਕਿਧਰੇ ਹੋਰ ਬੈਠਣ ਜੋਗਾ ਹੀ ਨਹੀਂ ਰਹਿੰਦਾ।

ਕੁਝ ਵੀ ਸੀ, ਪਾਸ਼ ਸੋਚ ਲਿਆ, ਉਹ ਜੋਰੇ ਨੂੰ ਮਰਨ ਨਹੀਂ ਦੇਵੇਗੀ।

ਵਿਆਹ ਦੇ ਨਾਂ ਨੂੰ ਉਹਨਾਂ ਇਕ ਦੂਜੇ ਦੇ ਗਲ ਵਿਚ ਹਾਰ ਪਾਏ ਅਤੇ ਨਵੇਂ ਸਿਰਿਉਂ ਜ਼ਿੰਦਗੀ ਸ਼ੁਰੂ ਕਰਨ ਦਾ ਸੰਕਲਪ ਲਿਆ, ਇਹ ਇਤਨਾਂ ਸੌਖਾ ਨਹੀਂ ਸੀ।

ਜੋਰੇ ਦੇ ਘਰ ਦੀ ਹਾਲਤ ਇਤਨੀਂ ਨਿੱਘਰ ਚੁੱਕੀ ਸੀ ਕਿ ਰੋਟੀ ਦੇ ਲਾਲੇ ਪਏ ਹੋਏ ਸਨ। ਪਾਸ਼ ਇਕ ਗੁਲਜ਼ਾਰੋ ਛੱਡ ਕੇ ਆਈ ਸੀ। ਅੱਗੇ ਦੋ ਸਨ।

ਪਾਸ਼ ਦੇ ਫ਼ੈਸਲੇ ਨੇ ਜਿੱਥੇ ਕਰਤਾਰੇ ਅਤੇ ਮਾਂ ਦਾ ਲੱਕ ਤੋੜ ਦਿੱਤਾ ਸੀ; ਓਥੇ ਜੋਰੇ ਦੀਆਂ ਭੈਣਾਂ ਦੀਆਂ ਚੜ੍ਹ ਮੱਚੀਆਂ ਸਨ।

ਜੋਰੇ ਦਾ ਮਤੇਆ ਪਿਉ, ਮੁਅੱਤਲ ਹੌਲਦਾਰ ਸੀ। ਨਿਰਮਲ ਸਿੰਘ। ਜਿਤਨਾਂ ਚਿਰ ਜੋਰੇ ਦੀ ਮਾਂ ਜਿਉਂਦੀ ਰਹੀ, ਇਸ ਲਈ ਖਫ਼ਾ ਰਿਹਾ ਕਿ ਕਰੇਵਾ ਕਰਨ ਸਮੇਂ; ਜੋਰੇ ਦੀ ਮਾਂ ਪਿਛਲੇ ਤਿੰਨ ਜਵਾਕ ਪਹਿਲੇ ਪਤੀ ਦੇ ਪੇਟੇ ਪਾਉਣ ਦਾ ਵਾਅਦਾ ਕਰਕੇ ਆਈ ਸੀ। ਪੈਰ ਧਰਾਵਾ ਹੁੰਦੇ, ਜਵਾਕ ਵੀ ਤੁਰੇ ਆਏ ਅਤੇ ਹੌਲਦਾਰ ਦੇ ਨਾਸੀਂ ਧੂੰ ਦੇਣ ਲੱਗੇ। ਖਰਚੇ ਵਧੇ ਤਾਂ ਹੌਲਦਾਰ ਰਿਸ਼ਵਤਬਾਜ਼ੀ ਦੇ ਧੱਕੇ ਜਾ ਚੜ੍ਹਿਆ। ਕਿਸੇ ਮੁਖ਼ਬਰੀ ਕੀਤੀ ਤਾਂ ਮੁਅੱਤਲ ਹੋ ਕੇ ਘਰ ਆ ਬੈਠਾ। ਇਹ ਤਾਂ ਸ਼ੁਕਰ ਕਿਤੇ ਭਲੇ ਵੇਲਿਆਂ ਵਿਚ ਉਸ ਥਾਈਂ ਕਿੱਲੇ ਗਹਿਣੇ ਲਏ ਹੋਏ ਸਨ। ਉਸਨੇ ਪੈਲੀ ਬੈਅ ਕਰਵਾ ਲਈ ਅਤੇ ਪਲਾਟ ਕੱਟ ਕੇ ਦਾਰੂ ਡੀਕਣ ਲੱਗਾ।...

ਇਕ ਵੇਰ ਤਾਂ ਲੱਗਾ, ਪਾਸ਼ ਨਰਕ ਵਿਚ ਆ ਡਿੱਗੀ; ਪਰ ਉਹ ਤਾਂ ਵਾਪਸੀ ਦੇ ਰਾਹ ਵੀ ਬੰਦ ਕਰ ਚੁੱਕੀ ਸੀ। ਉਸ ਲਈ ਇਕੋ ਰਾਹ ਸੀ, ਬੱਸ ਜਿੱਤਣ ਦੀ ਠਾਣ ਲਵੇ।

ਸਭ ਤੋਂ ਵੱਡਾ ਵਾਢ੍ਹਾ, ਹੌਲਦਾਰ ਲਾ ਰੱਖਿਆ ਸੀ। ਉਸ ਸਹੁਰੇ ਅੱਗੇ ਹੱਥ ਜੋੜੇ। ਕੁੜੀਆਂ ਨੂੰ ਤੋਰਨ ਦਾ ਵਾਸਤਾ ਪਾਇਆ। ਅਧੀਆ ਦਾਰੂ ਤੇ ਮੱਛੀ ਰੋਜ਼ ਲਈ ਪੱਕੀ ਬੰਨ੍ਹ ਦਿੱਤੀ। ਪਲਾਟ ਵੇਚਣ ਖਰੀਦਣ ਦੀ ਜ਼ਿੰਮੇਵਾਰੀ ਜੋਰੇ ਦੀ ਤੇ ਘਰ ਦੇ ਖਰਚੇ ਦੀ ਵਿਉਂਤਬੰਦੀ, ਕੁੜੀਆਂ ਜ਼ਿੰਮੇ।...

ਪਾਸ਼ ਨੂੰ ਲੱਗਾ ਉਹ ਗੱਡੀ ਲੀਹੇ ਤੋਰ ਲਵੇਗੀ। ਸਾਲ ਵੀ ਨਾ ਬੀਤਿਆ ਕਿ ਪਾਸ਼ ਹਾਮਲਾ ਹੋ ਗਈ। ਪੈਸੇ ਧੇਲੇ ਦੀ ਖੁੱਲ੍ਹ ਨੇ ਕੁੜੀਆਂ ਨੂੰ ਅਜਿਹੇ ਰਾਹ ਪਾਇਆ ਕਿ ਵੱਡੀ ਇਕ ਦਿਨ ਕਿਸੇ ਦਾ ਹਰਾਮ ਚੁੱਕ ਕੇ ਪਾਸ਼ ਅੱਗੇ ਵਿੱਸ ਪਈ।

ਇਸ ਤੋਂ ਪਹਿਲਾਂ ਪਾਸ਼ ਮਰ ਜਾਂਦੀ ਤਾਂ ਬਿਹਤਰ ਸੀ।

ਜੋਰਾ ਤਾਂ ਟੱਬਰ ਹੀ ਮਾਰ ਸੁੱਟੇਗਾ। ਬਚਣ ਦਾ ਇਕੋ ਰਾਹ ਸੀ। ਕੁੜੀ ਆਸ਼ਨਾਈ ਵਾਲੇ ਮੁੰਡੇ ਨੂੰ ਰਾਜ਼ੀ ਕਰੇ ਤੇ ਰਾਤੋ-ਰਾਤ ਦਫ਼ਾ ਹੋਵੇ।

ਇਹੋ ਹੋਇਆ। ਘਰ ਵਿਚ ਕੁਹਰਾਮ ਅਤੇ ਇਲਾਕੇ ਵਿਚ ਬੱਵਾਲ ਉਠ ਖੜ੍ਹਿਆ। ਗੱਲਾਂ ਤੁਰੀਆਂ ਤਾਂ ਹੌਲਦਾਰ ਦੀ ਬਕੜਵਾਹ ਤੋਂ ਡਰਦੇ ਸਭ ਕਾਸੇ ਤੇ ਮਿੱਟੀ ਪੈ ਗਈ।

ਜ਼ੋਰਾ ਤੜਫਿਆ ਤਾਂ ਨਿੱਕੀ ਸਿੱਧੀ ਹੋ ਤੁਰੀ।

"ਕੀ ਮਾੜਾ ਕੀਤਾ? ਘਰ 'ਚ ਬੈਠੀ ਬੁੱਢੀ ਹੋ ਜਾਂਦੀ? ਸ਼ਰਮ ਨਹੀਂ ਆਉਂਦੀ ਇਸ ਚੌਰੇ ਨੂੰ ਸ਼ਰਾਬ ਪੀਂਦੇ। ਮਤੇਈਆਂ ਸਹੀ, ਧੀਆਂ ਤਾਂ ਹਾਂ ਨਾ...। ਤੇ ਤੂੰ? ਤੂੰ ਕੀ ਕੀਤਾ ਸਾਡੇ ਲਈ?..."

ਜ਼ੋਰੇ ਕੋਲ ਕੋਈ ਉੱਤਰ ਨਹੀਂ ਸੀ।

ਉਸ ਕੋਲ ਤਾਂ ਪਾਸ਼ ਦੇ ਜਣੇਪੇ ਲਈ ਵੀ ਧੇਲਾ ਨਹੀਂ ਸੀ।

ਜ਼ੋਰਾ ਹਥਿਆਰ ਸਿੱਟ ਗਿਆ।

ਵੀਹ ਦਿਨ ਵੀ ਨਾ ਪਏ ਕਿ ਛੋਟੀ ਕਿਧਰੇ ਮੂੰਹ ਕਰ ਗਈ। ਉਹ ਕਿਸੇ ਪਹਿਲ ਨੂੰ ਉਡੀਕ ਰਹੀ ਸੀ। ਜੇ ਭਰਾ ਦੀ ਤੀਵੀਂ ਘਰ ਛੱਡ ਕੇ ਆ ਸਕਦੀ ਹੈ ਤਾਂ ਉਹ ਕਿਉਂ ਨਹੀਂ ਜਾ ਸਕਦੀ।

ਪਾਸ਼ ਦੀ ਗੋਦੀ ਸ਼ਿਫਟੀ ਆਈ ਤਾਂ ਅਹਿਸਾਸ ਹੋਇਆ ਮਰਿਆਦਾ ਅਤੇ ਮਾਪਿਆਂ ਨੂੰ ਤਿਆਗ ਕੇ ਕਿੰਨੀ ਵੱਡੀ ਭੁੱਲ ਕੀਤੀ; ਪਰ ਜਿੱਤਣ ਲਈ ਪਿੱਛੇ ਦੇਖਣਾ ਹਾਰ ਸੀ। ਉਸ ਹਰ ਲੜਾਈ ਲਈ ਆਪੇ ਨੂੰ ਸੂਤ ਲਿਆ। ਇਹਦੀ ਲੋੜ ਹੀ ਨਾ ਪਈ। ਸ਼ਰਾਬੀ ਹੌਲਦਾਰ ਜਿਤਨਾਂ ਧੀਆਂ ਵੱਲੋਂ ਬੇ-ਪ੍ਰਵਾਹ ਸੀ। ਓਨੀ ਜ਼ਿਆਦਾ ਪ੍ਰਵਾਹ, ਪਾਸ਼ ਦੀ ਕਰਨ ਲੱਗ ਪਿਆ। ਜ਼ੋਰਾ ਜੋ ਪਿਉ ਨੂੰ ਗਾਲ੍ਹਾਂ ਕੱਢਦਾ ਨਹੀਂ ਸੀ ਥੱਕਦਾ, ਪਿਉ ਦੇ ਬਰਾਬਰ ਬਹਿ ਕੇ ਪੀਣ ਲੱਗਾ।

ਪਾਸ਼ ਲਈ ਹਨੇਰ ਪੱਸਰ ਗਿਆ। ਕੀ ਕਰੇ? ਕਿਧਰ ਜਾਏ?

ਹੌਲਦਾਰ ਜਾਣਦਾ ਸੀ, ਪਾਸ਼ ਨਿਆਸਰੀ ਸੀ। ਬੇ-ਸਹਾਰਾ ਅਤੇ ਨਿਹੱਥੀ ਸੀ। ਸ਼ਰਾਬੀ ਹੋਇਆ ਇਕ ਦਿਨ ਹੱਦ ਟੱਪ ਗਿਆ।...

ਜ਼ੋਰਾ ਘਰ ਆਇਆ ਤਾਂ ਪਾਸ਼ ਪਾਣੀ ਦੀ ਚੁਲੀ ਲਈ ਖੜ੍ਹੀ ਸੀ।

"ਕੀ ਐ ਇਹ?"

"ਨੱਕ ਡੋਬ ਕੇ ਮਰ ਜਾਂ ਪਿਉ ਕੰਜਰ ਦੀ ਘੰਡੀ ਵੱਢ੍ਹ।"

"ਕਿਉਂ?"

"ਉਹਨੂੰ ਪੁੱਛ... ਰੰਨ ਤੇਰੀ ਆਂ ਕਿ ਉਹਦੀ?..."

ਜ਼ੋਰਾ ਪਹਿਲਾਂ ਹੀ ਤਪਿਆ ਫ਼ਿਰਦਾ ਸੀ। ਸਾਰੇ ਦਾ ਸਾਰਾ ਹਰਖ ਗਿਆ।

ਉਹਨੂੰ ਲਗਦਾ ਭੈਣਾਂ ਦਾ ਕਲੰਕ ਪਾਸ਼ ਦੀ ਸ਼ਹਿ 'ਤੇ ਲੱਗਾ। ਕੁੜੀ ਜੰਮਣ ਦੀ ਕਾਹਲ ਪਾਸ਼ ਨੇ ਕੀਤੀ। ਘਰ ਛੱਡ ਕੇ ਕਰਤਾਰੇ ਨਾਲ ਦੁਸ਼ਮਣੀ ਉਹਨੇ ਵਿੱਢੀ। ਇਕ ਪਿਉ ਸੀ, ਉਹਦੀ ਵੀ ਦਾੜ੍ਹੀ ਨੂੰ ਜਾ ਪਈ। ਬਚਿਆ ਕੀ? ਉਸ ਪਿਉ ਵਾਲੀ ਰਫ਼ਲ ਕੱਢ



ਲਈ।

ਪਾਸ਼ ਦੀ ਖਾਨਿਉਂ ਗਈ। ਉਸਨੇ ਤਾਂ ਪਿਉ ਦੀ ਕੇਵਲ ਲਾਹ-ਪਾਹ ਬਾਰੇ ਸੋਚਿਆ ਸੀ। ਇਹ ਆਈ 'ਤੇ ਉੱਤਰ ਆਇਆ। ਇਸ ਤੋਂ ਪਹਿਲਾਂ ਕਿ ਜਾਹ-ਜਾਂਦੀਏ ਹੋ ਜਾਂਦੀ, ਉਹ ਸਹੁਰੇ ਨੂੰ ਬਚਾਉਂਦੀ ਮੂਹਰੇ ਜਾ ਖੜ੍ਹੀ। ਗੋਲੀ ਉਹਦੀ ਵੱਖੀ ਚੀਰਦੀ ਲੰਘ ਗਈ।...

ਜਦ ਨੂੰ ਹੋਸ਼ ਆਈ। ਪਾਸ਼ ਹਸਤਪਤਾਲ ਸੀ।

ਪੁਲਿਸ ਆ ਗਈ।

"ਸਭ ਸੁਭਾਵਕ ਹੋਇਆ...। ਕਿਸੇ ਦਾ ਕੋਈ ਕਸੂਰ ਨਹੀਂ।" ਪਾਸ਼ ਕਿਹਾ।

ਠਾਣੇਦਾਰ ਮੁਸਕਾਇਆ। "ਕੀਹਨੂੰ ਬਚਾਉਣ ਡਹੀਂ ਏਂ? ਜੀਹਨੇ ਬਿਆਨ ਦਿੱਤੇ ਕਿ ਗੋਲੀ ਉਹਨੇਂ ਤੈਨੂੰ ਮਾਰਨ ਲਈ ਚਲਾਈ।"

"ਗ਼ਲਤ! ਇਹ ਹੋ ਈ ਨਹੀਂ ਸਕਦਾ।" ਪਾਸ਼ ਕਿਹਾ।

"ਲੈ ਪੜ੍ਹ!" ਠਾਣੇਦਾਰ ਕਾਗ਼ਜ਼ ਅੱਗੇ ਕੀਤਾ।

ਪਾਸ਼ ਕਾਗ਼ਜ਼ ਵੱਲ ਦੇਖਿਆ ਵੀ ਨਾ...। ਸੋਚੀ ਗਈ, ਕੀ ਸਚਮੁਚ ਜ਼ੋਰੇ ਉਹਦੇ ਤੇ ਗੋਲੀ ਚਲਾਈ?...

ਠਾਣੇਦਾਰ ਦੱਸ ਰਿਹਾ ਸੀ। "ਕਹਿੰਦਾ ਇਸ ਔਰਤ ਨੇ ਮੇਰਾ ਘਰ ਬਰਬਾਦ ਕੀਤਾ। ਮੇਰੀਆਂ ਭੈਣਾਂ ਨੂੰ ਬਦੀ ਲਈ ਸ਼ਹਿ ਦਿੱਤੀ। ਹੁਣ ਪਿਉ ਦੀ ਦਾੜ੍ਹੀ ਨੂੰ ਜਾ ਹੱਥ ਪਾਇਆ। ਅੱਜ ਬੱਚ ਗਈ। ਜਿੱਦੋਂ ਬਾਹਰ ਆਇਆ, ਸਿੱਧੀ ਹਿੱਕ 'ਚ ਠੋਕਾਂ ਗਾ..."

ਪਾਸ਼ ਲਈ ਜੱਗ ਸੁੰਨਾ ਹੋ ਚੁੱਕਾ ਸੀ। ਅੱਲੇ ਜ਼ਖ਼ਮਾਂ ਨਾਲ ਨੰਨ੍ਹੀ ਜਿਹੀ ਧੀ ਚੁੱਕੀ ਮਾਂ ਦੇ ਦਰੀਂ ਆ ਖੜ੍ਹੀ।

ਕਰਤਾਰਾ ਆਕੜ ਕੇ ਦਰਾਂ 'ਚ ਖੜ੍ਹ ਗਿਆ।

"ਖ਼ਬਰਦਾਰ ਜੇ ਅੰਦਰ ਪੈਰ ਪਾਇਆ।"

ਪਾਸ਼ ਧੱਕਾ ਦਿੱਤਾ ਤੇ ਅੰਦਰ ਲੰਘ ਗਈ। ਖ਼ਬਰ ਅੱਗ ਵਾਂਗ ਪਿੰਡ 'ਚ ਫ਼ੈਲੀ।

"ਜ਼ਿਆਦਾ ਚੂੰ-ਚਰੱਕ ਕੀਤੀ, ਤਿੰਨ ਹਿੱਸੇ ਹੋਣ ਗੇ ਘਰ ਦੇ... ਆਪਣੀ ਤੀਵੀਂ ਨੂੰ ਕਹੀਂ, ਔਕਾਤ 'ਚ ਰਹੇ।" ਪਾਸ਼ ਬੋਲੀ।

ਕਰਤਾਰੇ, ਗੁਲਜ਼ਾਰੋ ਤੇ ਮਾਂ ਲਈ ਪਾਸ਼ ਦਾ ਇਹ ਰੂਪ ਨਵਾਂ ਸੀ।

ਇਰਾਦਾ ਕਤਲ ਤੇ ਜ਼ੋਰੇ ਦਾ ਇਕਬਾਲੀਆ ਬਿਆਨ; ਫ਼ੈਸਲਾ ਸਾਫ਼ ਸੀ। ਇਹਦੇ ਲਈ ਭਾਵੇਂ ਕਰਤਾਰੇ ਨੂੰ ਕੋਈ ਵੱਡਾ ਵਕੀਲ ਨਹੀਂ ਸੀ ਕਰਨਾ ਪਿਆ; ਪਾਸ਼ ਨੂੰ ਘਰ ਵਾੜ ਕੇ ਗੁਲਜ਼ਾਰੋ ਦੀ ਅੱਖ ਵਿਚ ਉਹਦੀ ਕੌਡੀ ਕੁੱਕਤ ਨਹੀਂ ਸੀ ਰਹੀ। ਪਰ ਪਿੰਡ ਪਾਸ਼ ਦੇ ਨਾਲ ਸੀ। ਇਸ ਲਈ ਕਰਤਾਰੇ ਦਾ ਪਾਸ਼ ਨਾਲ ਸਿੱਧਾ ਵਿਰੋਧ ਜਾਂਦਾ ਰਿਹਾ।

ਇਹਦੇ ਹੋਰ ਵੀ ਕਾਰਨ ਸਨ।

ਗੁਲਜ਼ਾਰੋ ਦੀ ਖ਼ੁਦ ਮਾਂ ਬਣਨ ਵਿਚ ਦੇਰੀ। ਪਾਸ਼ ਦੀ ਨੰਨ੍ਹੀ ਸ਼ਿਫ਼ਟੀ ਦਾ, ਰਾਹ

ਲੰਘਦੇ ਰਾਹੀਆਂ ਨੂੰ ਵਾਜਾਂ ਮਾਰਨਾਂ ਤੇ ਕਰਤਾਰੇ ਦੀ ਗੱਦੀ ਵੱਲ ਉੱਲਰਨਾ। ਸਾਲ ਰੋਂਘ ਕੇ ਬੀਤਿਆ ਸੀ। ਪਾਸ਼ ਦੇ ਮਨ ਵਿਚ ਜੋਰੇ ਲਈ ਭੋਰਾ ਰਹਿਮ ਨਹੀਂ ਸੀ ਆਇਆ। ਉਹਨੂੰ ਰਹਿ-ਰਹਿ ਕੇ ਗੁੱਸਾ ਆਉਂਦਾ ਕਿ ਪਿਉ ਦੇ ਚਾਰ ਛਿੱਲੜਾਂ ਬਦਲੇ ਵਿਕ ਗਿਆ। ਪਿਉ, ਜਿਹੜਾ ਜੋਰੇ ਨੂੰ ਹਥਕੜੀ ਲੱਗਣ ਦੀ ਨਮੋਸ਼ੀ ਵਿਚ ਹੀ ਸ਼ਰਾਬ ਪੀ ਕੇ ਤੁਰਦਾ ਬਣਿਆ।

ਕਰਤਾਰੇ ਦਾ ਪਾਸ਼ ਪ੍ਰਤੀ ਸਿਰਫ਼ ਦਿਖਾਵੇ ਦਾ ਮਨ-ਮੁਟਾਵ ਸੀ। ਆਖ਼ਰ ਭੈਣ ਸੀ। ਤਾਰੀਕ ਤੇ ਗਿਆ ਭਾਵੇਂ ਉਹ ਬਹੁਤਾ ਸ਼ਿਫ਼ਟੀ ਨਾਲ ਹੀ ਬੋਲਦਾ। ਅੰਦਰੋ ਉਹ ਚਾਹੁੰਦਾ, ਕੁਝ ਵੀ ਹੋਵੇ, ਉਹ ਜੋਰੇ ਨੂੰ ਫਾਂਸੀ ਚੜ੍ਹਾ ਕੇ ਦਮ ਲਵੇਗਾ। ਪਰ ਉਹ ਨਹੀਂ ਸੀ ਜਾਣਦਾ ਕਿਰਪੀ ਪਾਸ਼ ਦੇ ਖਲੋਤੇ ਪਾਣੀਆਂ ਵਿਚ ਅਜਿਹੇ ਜਵਾਰਭਾਟੇ ਛੁਕ ਕੇ ਗਈ ਸੀ ਕਿ ਲਪਟਾਂ ਕੱਢੇ ਲੂਹਣ ਲੱਗੀਆਂ ਸਨ।...

ਮਾਂ ਨੂੰ ਖੁੜਕ ਗਈ।

"ਦੇਖ ਕੁੜੀਏ। ਕਿਤੇ ਨਵੇਂ ਕੰਡੇ ਨਾ ਬੀਜ ਲਈਂ ਸਾਡੇ ਵਾਸਤੇ... ਤੇਰੇ ਤੌਰ ਤਰੀਕੇ ਹੋਰੂੰ ਲਗਦੇ ਐ ਮੈਨੂੰ...।"

ਪਾਸ਼ ਸੱਚਮੁੱਚ ਤਪੀ ਪਈ ਸੀ।

"ਤੌਰ ਤਰੀਕੇ ਦਿੱਸਣ ਕਿਉਂ ਨਾ ਮਾਂ। ਜੋਰੇ ਕਿਹਾ ਸੀ, ਮੈਂ ਚੰਗਾ ਆਦਮੀ ਨਹੀਂ। ਮੈਂ ਫਿਰ ਵੀ ਉਹਨੂੰ ਹੀ ਚੁਣਿਆ। ਹੁਣ ਸਮਝ ਆਈ ਉਹਨੇ ਗੋਲੀ ਮੇਰੇ 'ਤੇ ਨਹੀਂ... ਆਪਣੀ ਬੇ-ਬਸੀ 'ਤੇ ਚਲਾਈ। ਓਸ ਕਿਹਾ ਮੈਂ ਛੇਤੀ ਮਰ ਜਾਣਾ... ਮੈਂ ਸੱਚਮੁੱਚ ਹੀ ਉਹਨੂੰ ਮਰਨ ਲਈ ਛੱਡ ਆਈ। ਇੰਜ ਤਾਂ ਮਾਂ, ਉਹ ਵੀ ਹਾਰ ਗਿਆ ਤੇ ਮੈਂ ਵੀ...। ਇਹੋ ਜਿਹੀ ਕਿਹੜੀ ਖੇਡ ਏ ਦੁਨੀਆਂ ਤੇ, ਜੀਹਦੇ ਵਿਚ ਦੋਵੇਂ ਹੀ ਹਾਰ ਜਾਣ।"

ਮਾਂ ਕੋਠੇ ਚੜ੍ਹ ਦੁਹੱਥੜੀ ਪਿੱਟਣ ਲੱਗੀ।

ਗਲੀ-ਗੁਆਂਢ ਵਿਹੜੇ ਵਿਚ ਟੁੱਟ ਪਿਆ।

ਪਿੰਡ ਵਾਲਿਆਂ ਨੂੰ ਕਿਰਪੀ ਦੇ ਆਉਣ ਦੀ ਭਿਣਕ ਪਈ ਤਾਂ ਉਹਨਾਂ ਕਰਤਾਰਾ ਘੇਰ ਲਿਆ।

"ਦੇਖ ਉਏ ਕਰਤਾਰਿਆ! ਕੁੜੀ ਕਹਿੰਦੇ ਥੁੱਕ ਕੇ ਚੱਟਣ ਨੂੰ ਫਿਰਦੀ ਐ? ਜੇ ਓਸ ਪਿੰਡ ਦੀ ਪੱਗ ਰੋਲੀ... ਓਸ ਕੰਜਰ ਨੇ ਤਾਂ ਮਰਨੋਂ ਛੱਡ ਦਿੱਤੀ... ਸਾਥੋਂ ਨਹੀਂ ਸਹਿ ਹੋਣਾ।"

ਕਰਤਾਰੇ ਕਿਰਪਾਨ ਧੂਹ ਲਈ।

"ਮੈਂ ਜੋਰੇ ਨੂੰ ਨਫ਼ਰਤ ਕੀਤੀ... ਘਰ ਨੂੰ ਨਹੀਂ।" ਪਾਸ਼ ਪੁੱਠਾ ਬੋਲੀ।

"ਫਿਰ ਇਥੇ ਕਿਉਂ ਆਈ?"

"ਗਲਤੀ ਹੋਈ। ਮੈਨੂੰ ਲੜਨਾ ਚਾਹੀਦਾ ਸੀ। ਮੈਂ ਪਿੱਠ ਦਿਖਾ ਕੇ ਚਲੀ ਆਈ।"

ਅਗਲੀ ਸਵੇਰ ਕਰਤਾਰੇ ਪਰ੍ਹੇ ਜੋੜ ਲਈ। ਪਿੰਡ ਮਰ ਮਿਟਣ ਲਈ ਤਿਆਰ ਹੋ



ਗਿਆ।

ਪਾਸ਼ ਧੀ ਨੂੰ ਚੁੱਕੀ ਦਰਾਂ 'ਚ ਖੜ੍ਹੀ ਸੀ। ਪਰ੍ਹੇ ਰੋਕਿਆ।

"ਦੇਖ ਕੁੜੀਏ। ਜਾਂ ਤਾਂ ਪਹਿਲਾਂ ਘਰੋਂ ਪੈਰ ਨਾ ਪੱਟਦੀ। ਹੁਣ ਪਿੰਡ ਨੂੰ ਮਿੱਧ ਕੇ ਕਿਵੇਂ ਚਲੀ ਜਾਏਂਗੀ ਤੂੰ...। ਜਦ ਕਿ ਮੁਕੱਦਮਾਂ ਜਿੱਤੀ ਖੜ੍ਹੀ ਏਂ ਤੂੰ। ਭੋਰਾ ਸਬਰ ਨਹੀਂ ਹੁੰਦਾ ਤੈਥੋਂ...।"

ਪਾਸ਼ ਦੇ ਕਦਮ ਮੁੜੇ। ਪਰ੍ਹੇ ਕੋਲ ਗਈ ਤੇ ਕਿਹਾ।

"ਮੁਕੱਦਮਾਂ ਜਿੱਤ ਕੇ ਕੀ ਕਰਾਂਗੀ?... ਜ਼ਿੰਦਗੀ ਦੀ ਖੇਡ ਤਾਂ ਹਾਰ ਗਈ ਮੈਂ...।"

"ਇਹ ਪਹਿਲਾਂ ਸੋਚਦੀ..."

"ਤਾਂ ਕੀ ਐ, ਮੈਂ ਹੁਣ ਸੋਚ ਲਿਆ।"

ਫਿਰ ਪਾਸ਼ ਉਂਗਲ ਖੜ੍ਹੀ ਕਰਦੇ ਕਿਹਾ।

"ਮੈਂ ਮੁਕੱਦਮਾਂ ਹਾਰ ਸਕਦੀ ਆਂ ਅੰਕਲ। ਜ਼ਿੰਦਗੀ ਨਹੀਂ। ਤੁਸੀਂ ਨਹੀਂ ਚਾਹੁੰਦੇ ਤੁਹਾਡੀ ਧੀ ਜਿੱਤੇ?"

ਪਰ੍ਹੇ ਚੁੱਪ ਖੜ੍ਹੀ ਸੀ।

ਕਰਤਾਰੇ ਹੱਥ ਚੱਬੇ।

ਮਾਂ ਹੁਬਕੀਂ ਰੋਈ।

ਪਾਸ਼ ਜਾ ਰਹੀ ਸੀ। ਜਿਵੇਂ ਜਿੱਤਣ ਲਈ ਉਹਨੂੰ ਹੁਣ ਕਿਸੇ ਸ਼ਤਰੰਜ ਜਾਂ ਬਿਸਾਤ ਦੀ ਲੋੜ ਨਹੀਂ ਸੀ।...

•

# ਆਪਣੇ ਆਪਣੇ ਸੂਰਜ

ਮਾਨਾਂ ਦੀ ਹਵੇਲੀ ਵਿੱਚ ਪੈਰ ਰੱਖਣ ਦੀ ਥਾਂ ਨਹੀਂ ਸੀ। ਕੁੱਤੇ ਛੱਤ ਉੱਤੇ ਡੱਕ ਦਿੱਤੇ ਗਏ ਸਨ, ਜੋ ਓਪਰੇ ਲੋਕਾਂ ਨੂੰ ਦੇਖ-ਦੇਖ ਹਾਲੇ ਵੀ ਭੌਂਕ ਰਹੇ ਸਨ। ਅੰਦਰ ਤੀਵੀਆਂ ਦਾ ਕੁਰਲਾਹਟ ਹਿਰਦਾ ਚੀਰਦਾ ਸੀ। ਕਿਸੇ ਪਿੱਟਦੀ ਤੀਵੀਂ ਨੂੰ ਵੰਦਣ ਪੈਂਦੀ ਤਾਂ ਕੁਰਲਾਹਟ ਹੋਰ ਉੱਚਾ ਹੁੰਦਾ। ਵਾਰ-ਵਾਰ ਮਿੰਨਤਾਂ ਤਰਲਿਆਂ ਮਗਰੋਂ ਵੀ ਉਹ ਚੁੱਪ ਨਹੀਂ ਸਨ ਹੋ ਰਹੀਆਂ।

ਬਾਹਰ ਬੰਦਿਆਂ ਦਾ ਵੱਡਾ ਹਜੂਮ ਸੀ। ਜਿਵੇਂ ਲਾਗਲੇ ਪਿੰਡਾਂ ਤੋਂ ਵੀ ਲੋਕ ਆ ਗਏ ਹੋਣ। ਖ਼ਬਰ ਹੀ ਅਜਿਹੀ ਸੀ। ਪਹਿਲਾਂ ਮੰਨਣ ਵਿਚ ਨਾ ਆਉਂਦੀ। ਫਿਰ ਝੰਜੋੜ ਕੇ ਰੱਖ ਦਿੰਦੀ।

ਖ਼ਬਰ ਇਤਨੀ ਸੀ ਕਿ ਬੂਰੇ ਦੀ ਸ਼ਹਿਰ ਪੜ੍ਹਦੀ ਧੀ ਰਾਣੋ ਨੂੰ ਕਿਸੇ ਗੋਲੀ ਮਾਰ ਦਿੱਤੀ ਸੀ। ਕਿਸ ਮਾਰੀ ? ਕਿਉਂ ਮਾਰੀ ? ਪਤਾ ਨਹੀਂ ਸੀ। ਸੋਗ ਵਿਚ ਡੁੱਬੇ ਲੋਕ ਮੂੰਹ ਜੋੜ-ਜੋੜ ਗੱਲਾਂ ਕਰਦੇ; ਹਵਾ 'ਚੋਂ ਕਿਆਫ਼ੇ ਫੜਦੇ ਤੇ ਆਖ਼ਿਰ ਹਉਕਾ ਭਰ ਕੇ ਚੁੱਪ ਕਰ ਜਾਂਦੇ। ਸਾਹ ਰੋਕੀ ਲੋਕ ਲਾਸ਼ ਉਡੀਕ ਰਹੇ ਸਨ।...

ਬੂਰਾ ਸਿੰਘ ਮਾਨ ਰਾਮਗੜ੍ਹ ਦਾ ਵੱਡਾ ਆਲਾਟੀ ਸੀ। ਪਾਕਿਸਤਾਨੋਂ ਉੱਜੜ ਕੇ ਆਇਆ ਤਾਂ ਇਸੇ ਪਿੰਡ ਜ਼ਮੀਨ ਅਲਾਟ ਹੋਈ। ਉਜਾੜੇ ਤੋਂ ਵਸੇਬੇ ਤੱਕ ਜਿਤਨੀ ਨੇਕੀ ਕਮਾਈ ਜਾ ਸਕਦੀ ਸੀ, ਬੂਰਾ ਸਿਹੁੰ ਨੇ ਕਮਾਈ। ਅੱਜ ਰੱਜੇ-ਪੁੱਜੇ ਉਹਦੀ ਧਿਰ ਸਨ ਤੇ ਗਰੀਬ-ਗੁਰਬੇ ਤਾਕਤ।

ਬੂਰਾ ਸਿੰਘ ਤਿੰਨ ਭਰਾ ਸਨ। ਦੂਜੇ ਦੂਲਾ ਸਿਹੁੰ ਤੇ ਤਰਲੋਚਨ। ਤਿੰਨੇ ਇਕ ਮੁੱਠ। ਤਿੰਨੇ ਸਖੀ ਸੁਭਾਅ। ਬੂਰਾ ਖੇਤੀ ਕਰਦਾ, ਦੂਲਾ ਡੇਅਰੀ ਚਲਾਉਂਦਾ ਅਤੇ ਤੋਚੀ ਆੜ੍ਹਤ। ਤਿੰਨੇ ਵਿਆਹੇ-ਵਰ੍ਹੇ। ਮਾਪੇ ਹੌਲਿਆਂ ਵਿਚ ਚੱਲ ਵੱਸੇ। ਬੂਰੇ ਹੀ ਦੋਹਾਂ ਭਰਾਵਾਂ ਨੂੰ ਪਿਉਂ ਵਾਂਗ ਪਾਲਿਆ। ਸੰਜੋਗ ਵੱਸ ਬੂਰੇ ਅਤੇ ਦੂਲੇ ਦੀਆਂ ਪਤਨੀਆਂ ਸੱਕੀਆਂ ਭੈਣਾਂ ਸਨ। ਤੋਚੀ ਗਰੇਵਾਲਾਂ ਵੱਲ ਵਿਆਹਿਆ ਹੋਇਆ ਸੀ। ਕਿਸੇ ਚੀਜ਼ ਦੀ ਘਾਟ ਨਹੀਂ ਸੀ। ਨਾ ਦੌਲਤ ਦੀ ਨਾ ਸ਼ੋਹਰਤ ਦੀ।

ਬੂਰੇ ਦੀਆਂ ਦੋ ਧੀਆਂ ਸਨ। ਗੁਰਮੀਤ ਅਤੇ ਰਾਣੋ। ਦੂਲੇ ਅਤੇ ਤੋਚੀ ਦਾ ਇੱਕ-ਇੱਕ ਪੁੱਤਰ ਸੀ। ਗੁਰਮੀਤ ਵਿਆਹੀ ਹੋਈ ਅਤੇ ਰਾਣੋ ਕਾਲਜ ਵਿਚ ਪੜ੍ਹਦੀ। ਦੂਲੇ ਦਾ ਪ੍ਰਤਾਪ ਅਤੇ ਤੋਚੀ ਦਾ ਹਸਮੁਖ ਦੋਵੇਂ ਛੋਟੇ ਸਨ।



ਬਟਵਾਰੇ ਨੂੰ ਹਾਲੇ ਦੋ ਦਹਾਕੇ ਹੀ ਬੀਤੇ ਸਨ ਕਿ ਜ਼ਮਾਨਾ ਕਰਵਟ ਲੈ ਰਿਹਾ ਸੀ। ਅਜ਼ਾਦ ਹਵਾ ਵਿਚ ਸਾਂਝੇ ਪਰਿਵਾਰ ਘੁਟਨ ਮਹਿਸੂਸ ਕਰ ਰਹੇ ਸਨ। ਬੂਰਾ ਇਸ ਸਥਿਤੀ ਲਈ ਪਹਿਲਾਂ ਹੀ ਫ਼ਿਕਰਮੰਦ ਸੀ। ਉਸ ਹਵੇਲੀ ਬਣਵਾਈ ਤਾਂ ਅੰਦਰੂਨੀ ਤਿੰਨ ਹਿੱਸੇ ਇੱਕੋ ਜਿਹੇ। ਆਪਣੀ ਕਮਾਈ, ਆਪਣੀ ਅਜ਼ਾਦੀ।

ਭਰਾਵਾਂ ਇਕ ਚੁੱਲ੍ਹੇ 'ਤੇ ਰਹਿਣ ਦੀ ਜ਼ਿਦ ਕੀਤੀ ਤਾਂ ਬੂਰੇ ਇਹ ਆਖ ਨਾਂਹ ਕਰ ਦਿੱਤੀ, ਮੇਰੀਆਂ ਦੋ ਧੀਆਂ ਕਾਰਨ ਖਰਚਾ ਵੱਧ ਹੋਏਗਾ। ਫਿੱਕ ਪਵੇਗੀ। ਬੂਰਾ ਵੈਸੇ ਵੀ ਸਾਧ ਬਿਰਤੀ ਦਾ ਸੀ। ਉਸ ਵਿੱਚ ਆਪਣੇ ਪਿਉ ਵਾਲੀਆਂ ਖਸਲਤਾਂ ਸਨ। ਪਾਕਿਸਤਾਨ ਵਿਚ ਉਹ ਮਾਨਾਂ ਵਾਲੀ ਪਿੰਡ ਦੇ ਮੋਢੀ ਸਨ। ਕਿਸੇ ਲੋੜਵੰਦ ਨੂੰ ਖਾਲੀ ਨਾ ਮੋੜਨਾ। ਕੰਮੀ ਨੂੰ ਟੱਕ ਅੱਗੋਂ ਪੱਠੇ ਵੱਢਦਿਆਂ ਦੇਖ ਜਾਂ ਕਿਸੇ ਲੋੜਵੰਦ ਨੂੰ ਪੈਲੀ 'ਚੋਂ ਸਾਗ ਪੱਠਾ ਲੈਂਦਿਆਂ ਦੇਖ, ਦੂਰੋਂ ਲੰਘ ਜਾਣਾ। ਇਸੇ ਲਈ ਇਸ ਘਟਨਾ ਨਾਲ ਸਭ ਸੁਤੇ ਗਏ ਸਨ।

ਬੂਰੇ ਦੀਆਂ ਦੋ ਧੀਆਂ ਅਤੇ ਜ਼ਮੀਨ ਜਾਇਦਾਦ ਦੇਖ ਕੇ ਲੋਕ ਸੋਚਦੇ, ਕਰੋੜਾਂ ਦੀ ਜਾਇਦਾਦ ਬੂਰੇ ਦੇ ਜਵਾਈ ਹੀ ਲੈ ਜਾਣਗੇ। ਸ਼ੁਰੂ ਵਿੱਚ ਤਾਂ ਬੂਰੇ ਨੂੰ ਪੁੱਤਰ ਦੀ ਸਿੱਕ ਰੜਕੀ; ਅੰਗਾਂ-ਸਾਕਾਂ ਬੱਚਾ ਗੋਦ ਲੈਣ ਲਈ ਉਕਸਾਇਆ। ਪਤਨੀ ਦੂਜਾ ਵਿਆਹ ਕਰਾਉਣ ਲਈ ਵੀ ਕਿਹਾ। ਪਰ ਬੂਰੇ ਏਧਰ ਮੂੰਹ ਹੀ ਨਾ ਕੀਤਾ। ਉੱਤੋਂ ਗੁਰਮੀਤ ਪੜ੍ਹਾਈ 'ਚ ਅਵੱਲ। ਜੇਕਰ ਅਜ਼ਾਦ ਦੇਸ ਵਿਚ ਕੁੜੀਆਂ ਅਫ਼ਸਰ ਬਣ ਰਹੀਆਂ ਸਨ ਤਾਂ ਉਹਦੀਆਂ ਧੀਆਂ ਕਿਉਂ ਨਹੀਂ ਸਨ ਬਣ ਸਕਦੀਆਂ।

ਗੁਰਮੀਤ ਬੀ.ਏ. ਕਰ ਗਈ ਤਾਂ ਅੰਗਾਂ-ਸਾਕਾਂ ਵਿੱਚ ਕੁੜੀ ਦੇ ਵਿਆਹ ਲਈ ਗੱਲਾਂ ਤੁਰੀਆਂ। ਗੁਰਮੀਤ ਐਮ.ਏ. ਲਈ ਕਾਲਜ ਤਲਾਸ਼ ਕਰ ਰਹੀ ਸੀ ਕਿ ਜਵੰਦਾ ਸਿੰਘ ਵਿਰਕ ਦੇ ਘਰੋਂ ਗੁਰਮੀਤ ਲਈ ਸਾਕ ਆ ਗਿਆ। ਪਾਕਿਸਤਾਨ ਬਣਨ ਤੋਂ ਪਹਿਲਾਂ ਬੂਰਾ ਸਿੰਘ ਮਾਨ ਅਤੇ ਜਵੰਦਾ ਸਿਹੁੰ ਵਿਰਕ ਗੰਜੀ ਬਾਰ ਵਿਚ ਇਕੱਠੇ ਰਹੇ ਸਨ।

ਜਵੰਦੇ ਦੇ ਦੋ ਪੁੱਤਰ ਅਤੇ ਦੋ ਧੀਆਂ ਸਨ। ਵੱਡਾ ਦਿਲਬਾਗ, ਉਸਤੋਂ ਛੋਟੀਆਂ ਦੋ ਧੀਆਂ, ਸਭ ਤੋਂ ਛੋਟਾ ਬਖ਼ਸ਼ੀਸ਼ ਉਰਫ਼ ਸ਼ੀਸ਼ੂ।

ਰਿਸ਼ਤੇ ਦੀ ਗੱਲ ਤੁਰੀ ਤਾਂ ਵਿਚੋਲੇ ਦੋਹਾਂ ਕੁੜੀਆਂ ਲਈ ਝੋਲੀ ਅੱਡ ਲਈ। ਬਾਗੇ ਲਈ ਗੁਰਮੀਤ ਤੇ ਸ਼ੀਸ਼ੂ ਲਈ ਰਾਣੋ। ਦੋਹਾਂ ਦੀ ਉਮਰ ਮੇਲ ਖਾਂਦੀ ਸੀ।

ਰਿਸ਼ਤਾ ਪੁੱਜਦੇ ਘਰੋਂ ਆਇਆ ਸੀ। ਫਿਰ ਵੀ ਵੱਡੀ ਅੜਚਨ ਸੀ। ਗੁਰਮੀਤ ਬੀ.ਏ.। ਦਿਲਬਾਗ ਮਸਾਂ ਸਕੂਲ ਤੱਕ। ਪਰ ਖੁੱਲ੍ਹੀ ਜ਼ਮੀਨ ਜਾਇਦਾਦ, ਸਰਕਾਰੇ ਦਰਬਾਰੇ ਪਹੁੰਚ ਅਤੇ ਇਲਾਕੇ ਵਿਚ ਦਬਦਬੇ ਨੇ ਗੁਰਮੀਤੋ ਦੇ ਚਾਰ ਅੱਖਰ ਅਤੇ ਸੁਪਨੇ ਜੱਟ ਹੈਂਕੜ ਵਿਚ ਹੀ ਰੋਲ ਦਿੱਤੇ। ਸਭ ਨੂੰ ਇੱਕੋ ਤਸੱਲੀ ਸੀ ਗੁਰਮੀਤੋ ਅੰਨ੍ਹੇ ਰਿਜ਼ਕ ਵਾਲੇ ਘਰ ਜਾ ਰਹੀ ਸੀ। ਇਲਾਕੇ ਵਿਚ ਜਵੰਦੇ ਦੀ ਤੂਤੀ ਬੋਲਦੀ ਸੀ।

ਬਾਗੇ ਦੇ ਵਿਆਹ ਵਿਚ ਆਤਸ਼ਬਾਜ਼ੀ ਤੋਂ ਵੱਧ, ਰਫ਼ਲਾਂ ਪਸਤੌਲਾਂ ਦੇ ਫ਼ਾਇਰਾਂ ਨੇ, ਵਿਆਹ ਦੀ ਧੁੰਮ ਪਾ ਦਿੱਤੀ।

ਬਿਲਕੁਲ ਇਵੇਂ, ਜਿਵੇਂ ਰਾਣੋ ਦੇ ਕਤਲ ਨੇ ਪਾ ਦਿੱਤੀ ਸੀ...

ਗੁਰਮੀਤ ਲਈ ਸਹੁਰੇ ਘਰ ਸਭ ਕੁਝ ਹੈਰਾਨ ਕਰਨ ਵਾਲਾ ਸੀ। ਜਿਥੇ ਚਾਰ ਜੀਅ ਬੈਠਦੇ ਕਤਲਾਂ ਅਤੇ ਮੁਕੱਦਮਿਆਂ ਦੀਆਂ ਗੱਲਾਂ ਹੁੰਦੀਆਂ। ਪਾਕਿਸਤਾਨ 'ਚ ਕਿਵੇਂ ਉਹ ਡੰਗਰਾਂ ਦੀ ਚੋਰੀ ਕਰਦੇ ਅਤੇ ਫੜੇ ਵੀ ਨਾ ਜਾਂਦੇ। ਕਿਵੇਂ ਇੱਕ ਵੱਡੀ ਚੋਰੀ ਬਦਲੇ ਪੁਲਿਸ ਦੀ ਕੁੱਟ ਮਗਰੋਂ ਬਾਗੇ ਦੇ ਦਾਦੇ ਨੇ ਹਾਕਮ ਨੂੰ ਚਾਦਰ ਚੁੱਕ ਕੇ ਵਿਖਾ ਦਿੱਤੀ ਸੀ।

ਗੁਰਮੀਤ ਸੁਣਦੀ, ਡਰਦੀ ਅਤੇ ਹੈਰਾਨ ਹੁੰਦੀ। ਕਦੇ ਬਾਗੇ ਨੂੰ ਪੁੱਛਦੀ ਤਾਂ ਉਹ ਅੱਗੋਂ ਹੱਸ ਕੇ ਆਖਦਾ, ਜਿਸ ਵਿਰਕ ਦੀ ਪੁਲਿਸ, ਕਚਹਿਰੀ ਅਤੇ ਸਰਕਾਰੇ ਦਰਬਾਰੇ ਪੁੱਛ ਨਹੀਂ, ਉਹ ਵਿਰਕਾਂ ਦੇ ਘਰ ਜੰਮਿਆ ਹੀ ਨਹੀਂ। ਉਹ ਸ਼ੀਸ਼ੂ ਬਾਰੇ ਵੀ ਅਜਿਹੀਆਂ ਅਫ਼ਵਾਈਆਂ ਸੁਣਦੀ ਕਿ ਮਾਰ-ਕੁਟਾਈ ਸ਼ਰਾਬਨੋਸ਼ੀ ਅਤੇ ਬਦਮਾਸ਼ੀ ਉਹਦੇ ਹੱਡਾਂ 'ਚ ਸੀ। ਉੱਤੋਂ ਜਵੰਦਾ ਸ਼ਹਿ ਦਿੰਦਾ।

"ਪੁੱਤਰੋ ! ਬੰਦਾ ਮਾਰਨਾਂ ਪਵੇ, ਪਾਧਾ ਨਾ ਪੁੱਛਿਓ। ਨਾ ਕੰਡ ਲੱਗੇ, ਨਾ ਮੁੱਛ ਨੀਵੀਂ ਹੋਵੇ।"

ਗੁਰਮੀਤੋ ਆਪਣਾ ਮਨ ਹੋਰਥੇ ਲਾਉਣ ਲਈ ਅੱਗੋਂ ਪੜ੍ਹਨ ਦਾ ਸੋਚਿਆ। ਬਾਗੇ ਨੂੰ ਪੁੱਛਿਆ ਤਾਂ ਉਹ ਕਿਹਾ। ਭਾਈਏ ਨੂੰ ਪੁੱਛ।

ਜਵੰਦੇ ਨੂੰ ਭਿਣਕ ਪਈ। ਉਸ ਉਂਗਲ ਖੜ੍ਹੀ ਕੀਤੀ।

"ਵੇਖ ਧੀਏ ! ਪਿੱਛੋ ਜੋ ਪੜ੍ਹ ਲਿਆ ਵਾਹ ਭਲਾ। ਹੁਣ ਤੂੰ ਨੌਕਰ ਰੱਖਣ ਵਾਲਿਆਂ 'ਚੋਂ ਏਂ। ਨੌਕਰੀ ਕਰਨ ਵਾਲਿਆਂ 'ਚੋਂ ਨਹੀਂ।"

ਮਨ ਦੀਆਂ ਮਨ ਵਿੱਚ ਹੀ ਰਹਿ ਗਈਆਂ। ਉਹ ਹੈਰਾਨ ਸੀ। ਕੋਈ ਉਹਦੇ ਸਹੁਰੇ ਅੱਗੇ ਘਰ 'ਚ ਉਭਾਸਰਦਾ ਨਹੀਂ ਸੀ।

ਜਵੰਦੇ ਬਾਰੇ ਇਕ ਵੇਰ ਦੂਲੇ ਨੇ ਵੀ ਦੱਸ ਕੇ ਹੈਰਾਨ ਕਰ ਦਿੱਤਾ ਸੀ। ਉਹ ਸੁਭਾਵਕ ਹੀ ਗੁਰਮੀਤ ਨੂੰ ਮਿਲਣ ਆ ਗਿਆ ਸੀ। ਅਗੇ ਜਵੰਦਾ ਤਖ਼ਤਪੋਸ਼ 'ਤੇ ਬੈਠਾ ਸੀ। ਉਸ ਨੌਕਰਾਂ ਨੂੰ ਚਾਹ ਪਾਣੀ ਲਿਆਉਣ ਨੂੰ ਕਿਹਾ।

ਤਦੇ ਪਿੰਡ 'ਚੋਂ ਕੋਈ ਬੰਦਾ ਘੋੜੀ ਲਵਾਉਣ ਲਈ ਵਛੇਰਾ ਮੰਗਣ ਆ ਗਿਆ। ਦੂਲੇ ਨੂੰ ਲੱਗਾ ਜਵੰਦਾ ਨਾਂਹ ਕਰ ਦੇਵੇਗਾ। ਜਵੰਦੇ ਕਿਹਾ, ਲੈ ਜਾ। ਥੋੜ੍ਹੀ ਦੇਰ ਬਾਦ ਉਹ ਬੰਦਾ ਮੂੰਹ ਲਟਕਾਈ ਆ ਖੜ੍ਹਿਆ।

"ਕੀ ਹੋਇਆ ?" ਜਵੰਦੇ ਪੁੱਛਿਆ।

ਆਇਆ ਬੰਦਾ ਪੈਰਾਂ 'ਤੇ ਡਿੱਗ ਕੇ ਰੋਣ ਲੱਗਾ।

ਜਵੰਦੇ ਫਿਰ ਪੁੱਛਿਆ। ਉਸ ਕਿਹਾ। "ਅੱਥਰੀ ਘੋੜੀ ਪਛੰਡਾ ਮਾਰ ਵਛੇਰਾ



ਐਸਾ ਸਿੱਟਿਆ ਵੱਖੀ 'ਚ ਕਿੱਲਾ ਵੱਜਣ ਕਾਰਨ ਵਛੇਰਾ ਚੱਲ ਵੱਸਿਆ।"

ਜਵੰਦੇ ਇਕ ਪਲ ਸੋਚਿਆ ਤੇ ਕਿਹਾ,

"ਘੋੜੀ ਸੌਰ ਗਈ ਕਿ ਨਹੀਂ ?

"ਜੀ ਸੌਰ ਗਈ..."

"ਸੌਰ ਗਈ ਤਾਂ ਜਾਹ। ਲਾਜ ਲਵਾ ਕੇ ਨਹੀਂ ਮਰਿਆ।"

ਦੂਲੇ ਇਹ ਗੱਲ ਕਈਆਂ ਨੂੰ ਦੱਸੀ।

ਕਿਹੋ ਜਿਹਾ ਸੁਭਾਅ ਸੀ ?...

ਹੱਦ ਤਾਂ ਉਦੋਂ ਹੋ ਗਈ ਜਦੋਂ ਇਕ ਦਿਨ ਟੱਬਰ ਲਈ ਪਰਲੋ ਆ ਗਈ। ਬਾਗਾ ਕਿਸੇ ਕਬਜ਼ੇ ਵਾਲੀ ਵਾਹਰ 'ਚ ਗਿਆ ਲਾਸ਼ ਬਣ ਕੇ ਘਰ ਆ ਗਿਆ।... ਜਵਾਨ ਪੁੱਤ ਦੀ ਮੌਤ ਨਾਲ ਹੇਠਲੀ ਉੱਤੇ ਹੋ ਜਾਣੀ ਚਾਹੀਦੀ ਸੀ। ਜਵੰਦਾ ਤਖ਼ਤਪੋਸ਼ 'ਤੇ ਬੈਠਾ ਸੀ। ਉਹ ਨਾ ਰੋਇਆ ਨਾ ਧਾਹ ਮਾਰੀ। ਪੁੱਤਰ ਦੀ ਲਾਸ਼ ਤੋਂ ਕੱਪੜਾ ਚੁਕਿਆ। ਵੇਖਿਆ। ਕਿਤੇ ਬਾਗਾ ਪਿੱਠ ਤੇ ਗੋਲੀ ਜਾਂ ਕਿਰਪਾਨ ਦਾ ਵਾਰ 'ਤੇ ਨਹੀਂ ਸੀ ਖਾ ਕੇ ਆਇਆ। ਜਵੰਦੇ ਨੂੰ ਲੱਗਾ, ਬਾਗੇ ਵਿਰਕਾਂ ਦੀ ਰੱਖ ਵਿਖਾਈ ਸੀ। ਉਸ ਪੁੱਤਰ ਨੂੰ ਦਾਗ ਦੇਣ ਤੱਕ ਅੱਥਰ ਨਾ ਕੇਰੀ। ਓਨਾਂ ਚਿਰ ਬਾਗੇ ਦੀਆਂ ਅਸਥੀਆਂ ਨਹੀਂ ਚੁੱਕੀਆਂ ਜਿਤਨਾਂ ਚਿਰ ਸੰਗਵਾਂ ਦੁਸ਼ਮਣ ਦਾ ਬੰਦਾ ਵੱਢ ਨਹੀਂ ਲਿਆ। ਬੂਰਾ ਜਵੰਦੇ ਦਾ ਇਹ ਵਰਤਾਰਾ ਦੇਖ ਅੰਦਰ ਤੱਕ ਦਹਿਲ ਗਿਆ ਸੀ। ਉਹ ਖ਼ੁਦ ਜੱਟ ਸੀ। ਮਾਨਾਂ ਦੇ ਕੁਨਬੇ ਵਿਚੋਂ ਸੀ। ਅਨੇਕਾਂ ਦੁਸ਼ਮਣੀਆਂ ਸਹੇੜੀਆਂ ਅਤੇ ਨਜਿੱਠੀਆਂ ਸਨ। ਪਰ ਕੋਈ ਪਿਉ, ਪੁੱਤ ਨੂੰ ਮਾਰ-ਧਾੜ ਦੀ ਪੱਟੀ ਪੜ੍ਹਾਵੇ; ਇਹ ਉਸ ਪਹਿਲੀ ਵਾਰ ਦੇਖਿਆ।

ਗੁਰਮੀਤ ਬਾਰੇ ਫ਼ਿਕਰ ਨਾਲ ਬੂਰਾ ਪਹਿਲਾਂ ਹੀ ਤਣਾਓ ਵਿਚ ਸੀ, ਹੋਰ ਸਹਿਮ ਗਿਆ। ਸਹਿਮ ਤਾਂ ਉਦੋਂ ਵੀ ਗਿਆ ਸੀ ਜਦੋਂ ਅਚਾਨਕ ਉਹ ਗੁਰਮੀਤ ਨੂੰ ਮਿਲਣ ਗਿਆ ਤਾਂ ਅੱਗੇ ਗੁਰਮੀਤ ਸੰਣ ਦੀ ਝੜੀ ਵਿਚ ਗੋਡੇ-ਗੋਡੇ ਗੋਹੇ 'ਚ ਬੈਠੀ ਮਹਿੰ ਚੋਅ ਰਹੀ ਸੀ। ਕਈ ਦਿਨ ਬੂਰੇ ਨੂੰ ਨੀਂਦ ਨਹੀਂ ਸੀ ਆਈ। ਉਹਨੇ ਝਕਦੇ ਜਿਹੇ ਜਵੰਦੇ ਨੂੰ ਕਿਹਾ।

"ਭਾਈਆ! ਕੁੜੀ ਪੜ੍ਹੀ ਲਿਖੀ ਏ; ਇਹ ਕੰਮ ਤਾਂ ਨੌਕਰਾਂ ਦੇ ਨੇ।"

"ਬੂਰਾ ਸਿਹਾਂ! ਵਿਰਕਾਂ ਦੀ ਨੂੰਹ ਏ ਤੇਰੀ ਧੀ, ਕੋਈ ਹਾਥੀ-ਮਾਈ ਨਹੀਂ। ਮੱਝਾਂ ਚੋਣੀਆਂ। ਕਿਹੜੀ ਨਵੇਂ ਦੁੱਧ ਏ, ਕਿਹੜੀ ਥਾਖੜ ਏ। ਕੀਹਨੂੰ ਪੇੜਾ ਦੇਣਾ ਏ, ਕਿਹੜੀ ਜਾਅ ਨਹੀਂ ਪੈਣ ਦੇਂਦੀ। ਕਿਹੜੀ ਹਰ-ਵਗ੍ਹਿਆਈ ਏ। ਇਹ ਵੇਖਣਾ ਜਨਾਨੀਆਂ ਦੀ ਦੇਖ-ਰੇਖ ਹੇਠ ਏ। ਕਿਹੜੇ ਮੁਕੱਦਮੇ ਦੀ ਕਿਹੜੀ ਤਰੀਕ ਏ, ਕਿਹੜਾ ਵਕੀਲ ਕਰਨਾ ਏ। ਕਿਹੜਾ ਗਵਾਹ ਭੁਗਤਾਉਣਾ ਏ, ਕਿਹੜਾ ਥਾਪੜਨਾ ਏ, ਸਾਡੇ ਜ਼ੁੰਮੇ। ਹਾਂ ਜੇ ਟੂੰਬ ਛੱਲੇ, ਜਾਂ ਕੱਪੜੇ ਲੀੜੇ ਦੀ ਕੋਈ ਤੰਗੀ ਏ ਤਾਂ ਦੱਸੋ।"

ਹੁਣ ਜਦ ਸਿਰ ਦਾ ਸਾਈਂ ਹੀ ਨਹੀਂ ਸੀ ਰਿਹਾ ਤਾਂ ਸਿਰੋਂ ਨੰਗੀ ਧੀ ਦਾ ਉਥੇ

ਕੀ ਕੰਮ ? ਉੱਤੋਂ ਗੁਰਮੀਤ ਲਿਲ੍ਹਕੜੀਆਂ ਲੈਂਦੀ ਕਿ ਉਹਨੂੰ ਕਿਸੇ ਵੀ ਤਰ੍ਹਾਂ ਇਸ ਨਰਕ ਚੋਂ ਕੱਢੋ।

ਭੂਰਾ ਪਰ੍ਹੇ ਲੈ ਗਿਆ।

ਜਵੰਦਾ ਹੈਰਾਨ। ਉਹ ਤਾਂ ਤੜਫ਼ ਉੱਠਿਆ।

"ਕਮਲੈਂ ਭੂਰਾ ਸਿਹਾਂ ! ਨੂੰਹ ਰਾਣੀ ਦੀ ਕੁੱਖ 'ਚ ਅੰਸ਼ ਏ ਮੇਰੇ ਪੁੱਤਰ ਦੀ; ਘਰ 'ਚ ਚਾਦਰ ਪਾਉਣ ਲਈ ਦਿਉਰ ਏ... ਤੂੰ ਕਿਵੇਂ ਸੋਚ ਲਿਆ ਬਈ ਧੀ ਸਿਰਫ਼ ਤੇਰੀ ਏ... ਮੇਰੀ ਨਹੀਂ। ਉਹ ਇੱਜ਼ਤ ਏ ਸਾਡੀ। ਅੱਧ ਦੀ ਮਾਲਕ ਏ ਘਰ 'ਚੋਂ, ਤੂੰ ਕਿਵੇਂ ਸੋਚ ਲਿਆ ਬਈ ਕੁੜੀ ਨੂੰ ਘਰ ਰੱਖ ਲਏਂਗਾ ਤੂੰ...। ਜੇ ਏਸ ਕੰਮ ਆਇਐਂ ਤਾਂ ਵਗ ਜਾਹ।" ਜਵੰਦੇ ਦਾ ਫ਼ੈਸਲਾ ਅਟੱਲ ਸੀ।

ਗੁਰਮੀਤ ਦੇ ਹਾਮਲਾ ਹੋਣ ਨੇ ਭੂਰੇ ਦੇ ਹੱਥ ਬੰਨ੍ਹ ਕੇ ਰੱਖ ਦਿੱਤੇ ਸਨ। ਤੋੜ-ਵਿਛੋੜਾ ਕਰਦੇ ਸਨ ਤਦ ਵੀ ਕਾਨੂੰਨ ਨੇ ਉਹਨਾਂ ਦੇ ਹੀ ਬੱਚੇ ਨੂੰ ਪਾਲਣ ਵੱਲ ਡੱਕਾ ਸਿੱਟਣਾ ਸੀ।

ਭੂਰਾ ਨਾ ਚਾਹੁਣ ਤੇ ਵੀ ਨੀਵੀਂ ਸਿੱਟ ਗਿਆ।

ਜਵੰਦੇ, ਪੁੱਤਰ ਦੇ ਇਵਜ਼ ਵਿਚ ਕੀਤਾ ਕਤਲ ਕਿਸੇ ਆਬੜੀ 'ਤੇ ਪੁਆ ਦਿੱਤਾ ਅਤੇ ਬਿਰਾਦਰੀ ਇਕੱਠੀ ਕਰਕੇ ਗੁਰਮੀਤ ਦੀ ਛੋਟੇ ਪੁੱਤਰ ਸ਼ੀਸ਼ੂ 'ਤੇ ਚਾਦਰ ਪੁਆ ਦਿੱਤੀ।

ਕੁਝ ਮਹੀਨਿਆਂ ਬਾਦ ਗੁਰਮੀਤੋ ਬਾਗੋ ਦਾ ਮੁੰਡਾ ਜੰਮਿਆ ਤਾਂ ਮੋਏ ਬਾਗੇ ਦੇ ਜ਼ਖ਼ਮ ਭਰ ਗਏ। ਪਰ ਗੁਰਮੀਤ ਲਈ ਹਰ ਦਿਨ ਜ਼ਖ਼ਮ ਹਰੇ ਹੋਣ ਲੱਗੇ।

ਸ਼ੀਸ਼ੂ ਦੀਆਂ ਆਪ-ਹੁਦਰੀਆਂ ਨਾ ਸਹਿਣਯੋਗ ਸਨ।

ਸ਼ੀਸ਼ੂ ਨੂੰ ਘਰ ਨਾਲੋਂ ਵੱਧ ਡੱਬ 'ਚ ਲਾਇਸੈਂਸੀ ਪਸਤੌਲ ਪਾ ਕੇ ਫਿਰਨਾਂ 'ਤੇ ਪੰਜ ਸੱਤ ਲਾਕੜੀ ਨਾਲ ਲੈ ਕੇ ਵੈਲਪੁਣਾ ਵਧੇਰੇ ਚੰਗਾ ਲੱਗਦਾ। ਗੁਰਮੀਤ ਕਲਪਦੀ ਤਾਂ ਉਹ ਇਕੋ ਚਿਤਾਵਨੀ ਦਿੰਦਾ।

"ਇਕ ਵੇਰ ਭਾਈਏ ਦੇ ਕਹੇ ਤੈਨੂੰ ਓਟ ਲਿਆ, ਤਾਂ ਓਟ ਲਿਆ। ਹੁਣ ਅੱਖ 'ਚ ਪਾਈ ਨਾ ਰੜਕੀਂ। ਨਾ ਮੈਨੂੰ ਮੱਤ ਦਈਂ।"

ਗੁਰਮੀਤ ਦੀ ਉਦੋਂ ਖਾਨਿਉਂ ਗਈ, ਜਦੋਂ ਉਹ ਸ਼ੀਸ਼ੂ ਤੋਂ ਹਾਮਲਾ ਹੋਈ। ਸ਼ੀਸ਼ੂ ਮੱਚ ਉੱਠਿਆ।

"ਦਫ਼ਾ ਕਰ ਇਸ ਝੰਜਟ ਨੂੰ।"

"ਕਿਉਂ ?"

"ਤੂੰ ਕੀ ਸਮਝਦੀ ਏਂ ? ਮੈਂ ਤੇਰੇ ਨਾਲ ਜ਼ਿੰਦਗੀ ਕੱਟਾਂਗਾ ਸਾਰੀ।"

"ਕੀ ਕਰੋ ਗੇ ?"

"ਕੁਝ ਵੀ ਕਰਾਂ ਤੂੰ ਪਹਿਲਾਂ ਬੱਚਾ ਗਿਰਾ।"

"ਪਰ ਕਿਉਂ ?"



"ਤੇਰੀ ਭੈਣ ਨਾਲ ਕਰੂੰਗਾ ਵਿਆਹ।"

"ਕੀ ਕਹਿ ਰਹੇ ਹੋ ਤੁਸੀਂ।"

"ਜੋ ਸੁਣਿਆ ਤੂੰ।"

"ਫਿਰ ਮੈਨੂੰ ਕਿਉਂ ਬਰਬਾਦ ਕੀਤਾ ?"

"ਇਸੇ ਲਈ ਕਿਹੈ... ਬੱਚਾ ਬੁੱਚਾ ਨਹੀਂ ਚਾਹੀਦਾ ਮੈਨੂੰ।"

"ਨਹੀਂ; ਮੈਂ ਰਾਣੋ ਨਹੀਂ ਬਰਬਾਦ ਹੋਣ ਦੇਣੀ।"

ਗੁਰਮੀਤ ਦੇ ਪੇਕੇ ਵੀ ਰਾਣੋ ਵਾਲਾ ਬੰਬ ਛਿਗਿਆ ਤਾਂ ਸਾਰਾ ਟੱਬਰ ਦਹਿਲ ਗਿਆ। ਟੱਬਰ ਤਾਂ ਪਹਿਲਾਂ ਹੀ ਸੂਲੀ 'ਤੇ ਸੀ।

ਇਹ ਭਿਣਕ ਜਵੰਦੇ ਦੇ ਕੰਨੀ ਪਈ ਤਾਂ ਉਹਦੇ ਪੈਰੋਂ ਭੁੰਇ ਖਿਸਕ ਗਈ।

ਉਸ ਸ਼ੀਸ਼ੂ ਸੱਦਿਆ।

"ਕਿਉਂ ਉਏ, ਕੀ ਸੁਣਨ ਡਿਹਾਂ ਮੈਂ ?"

"ਕਿਸ ਬਾਰੇ ?"

"ਸੁਣਿਆ ਵਹੁਟੀ ਆਸ ਵਿਚ ਏ।"

"ਪਤਾ ਨਹੀਂ।"

"ਸੁਣਿਆ ਭੂਰੇ ਦੀ ਛੋਟੀ ਧੀ ਬਾਰੇ ਅਬਾ-ਤਬਾ ਬੋਲਿਆ ਤੂੰ।"

"ਬੋਲਾਂ ਨਾ, ਭਰਾ ਦੀ ਵਿਆਂਹਦੜ ਗਲ਼ ਮੜ੍ਹ ਦਿੱਤੀ ਮੇਰੇ। ਮੇਰੇ ਕੋਈ ਚਾਅ ਨਹੀਂ।"

"ਵੇਖ ਓਏ ! ਚਾਅ ਰੱਖ ਇਕ ਪਾਸੇ, ਤੇ ਗੱਲ ਸੁਣ ਕੰਨ ਖੋਲ੍ਹ ਕੇ; ਪਹਿਲਾਂ ਉਸ ਵੇਲ ਤੇਰੀ ਬਾਗੇ ਦੀ... ਹੁਣ ਤੇਰੀ। ਇਹ ਨਾ ਸਮਝੀਂ ਉਹ ਸਿਰਫ਼ ਭੂਰੇ ਦੀ ਧੀ ਏ। ਅੱਜ ਤੱਕ ਅੱਖ ਵਿਚ ਪਾਇਆਂ ਨਹੀਂ ਰੜਕੀ। ਮੈਂ ਅੱਧੇ ਮੂੰਹ ਕਿਹਾ, ਪੁੱਤਰ ਨੌਕਰੀ ਨਹੀਂ ਕਰਨੀ; ਉਹਨੇਂ ਉਫ਼ ਤੱਕ ਨਹੀਂ ਕੀਤੀ। ਹੁਣ ਦੋ ਸਾਲਾਂ ਬਾਦ ਤੈਨੂੰ ਕੋਈ ਹੋਰ ਦਿੱਸਣ ਲੱਗ ਪਈ।"

"ਹੋਰ ਕਿਹੜੀ ? ਭੈਣ ਏ ਇਹਦੀ। ਦੋਵੇਂ ਭੈਣਾਂ ਰਹਿਣਗੀਆਂ ਇਕੱਠੀਆਂ।"

"ਉਏ ਕੁੱਤਿਆ ! ਸ਼ਰਮ ਹੈ ਵੀ ਪੱਲੇ ਕੇ ਨਹੀਂ ?"

"ਭਾਈਆ। ਤੈਨੂੰ ਸਿਰਫ਼ ਸ਼ਰਮ ਦਿੱਸਦੀ ਏ, ਮੈਨੂੰ ਉਹਦੇ ਪਿਉ ਦੀ ਸਾਰੀ ਜਾਇਦਾਦ ਦਿਸਦੀ ਏ।"

"ਆਪਣੀ ਨਹੀਂ ਦਿਸਦੀ ! ਏਦੂੰ ਤਾਂ ਕੰਜਰਾ ਵਿਸ਼ਟਾ ਖਾ ਲੈ।"

"ਕੁਝ ਆਖ, ਪਰ ਏਸ ਕੰਮ ਤੋਂ ਨਾ ਡੱਕੀਂ ਮੈਨੂੰ।"

"ਤੂੰ ਡੱਕਣ ਦੀ ਗੱਲ ਕਰਦੈਂ, ਮੈਂ ਪੈਰ ਨਹੀਂ ਪੱਟਣ ਦਿੰਦਾ। ਜੇ ਫ਼ਿਰ ਵੀ ਤੂੰ ਬਦੀ ਤੇ ਆਇਆ ਤਾਂ ਮੈਂ ਉਸੇ ਵੇਲੇ ਤੇਰਾ ਤੇ ਬਾਗੇ ਦਾ ਹਿੱਸਾ ਨੂੰਹ ਦੇ ਨਾਂ ਲੁਆ ਦੇਣਾ ਏ, ਤੇ ਭੂਰਾ ਸਿੰਘ ਨੂੰ ਮਰਲਾ ਨਹੀਂ ਦੇਣ ਦਿੰਦਾ ਧੀਆਂ ਨੂੰ।" ਜਵੰਦੇ ਲੀਕ ਖਿੱਚੀ।

ਸ਼ੀਸ਼ੂ ਸਚਮੁਚ ਬਦੀ 'ਤੇ ਸੀ।

ਅਗਲੀ ਸਵੇਰ ਉਸ ਪਿਸਤੌਲ ਡੱਬ ਵਿੱਚ ਟੁੰਗਿਆ ਤੇ ਬੁਲਿਟ ਪਿੱਛੇ ਨਾਈਆਂ ਦਾ ਸੁਰਜਾ ਬਿਠਾਇਆ ਅਤੇ ਲੱਭਦੇ ਲਭਾਉਂਦੇ ਰਾਣੋ ਦੇ ਕਾਲਜ ਜਾ ਖੜ੍ਹੇ। ਇਤਨਾ ਤਾਂ ਸ਼ੀਸ਼ੂ ਜਾਣਦਾ ਹੀ ਸੀ ਕਿ ਰਾਣੋ ਕਾਨੂੰਨ ਪੜ੍ਹ ਰਹੀ ਸੀ। ਛੇਤੀ ਹੀ ਪਤਾ ਲੱਗ ਗਿਆ, ਕਿਸੇ ਕੁੜੀ ਨਾਲ ਕਿਰਾਏ ਤੇ ਮਕਾਨ ਲੈ ਕੇ ਉੱਚੀ ਬਸਤੀ ਵਿਚ ਰਹਿੰਦੀ ਸੀ।

ਸ਼ੀਸ਼ੂ ਜਾ ਦਰ ਖੜਕਾਏ।

ਰਾਣੋ ਜੀਜੇ ਨੂੰ ਦੇਖ ਹੈਰਾਨ ਰਹਿ ਗਈ। ਉਸ ਆਦਰਮਾਨ ਕੀਤਾ। ਚਾਹ ਪਾਣੀ ਪੁੱਛਿਆ। ਕੀ ਪਤਾ ਕੋਈ ਕੰਮ ਹੋਵੇ। ਰਾਣੋ ਜਕੋ ਤਕੇ ਵਿਚ ਸੀ ਕਿ ਸ਼ੀਸ਼ੂ ਕਿਹਾ।

"ਮੈਨੂੰ ਵਲ-ਵਿੰਗ ਨਹੀਂ ਪਾਣਾ ਆਉਂਦਾ। ਗੱਲ ਕਰਨ ਆਇਆਂ ਸਿੱਧੀ।"

"ਦੱਸੋ।"

"ਦੇਖ ਤੇਰੀ ਭੈਣ 'ਤੇ ਚਾਦਰ ਪਾਈ ਮੈਂ ਪਿਉ ਦੇ ਕਹਿਣ 'ਤੇ। ਬਿਰਾਦਰੀ ਕਿਹਾ। ਟੱਬਰ ਕਿਹਾ। ਹੁਣ ਆਪਣੀ ਇੱਛਾ ਦੇ ਮੇਰੀ। ਉਹਦੇ ਲਈ ਤੂੰ ਚਾਹੀਦੀ ਏਂ।"

"ਜੀਜਾ ਜੀ ਹੋਸ਼ ਕਰੋ, ਕੀ ਕਹਿ ਰਹੇ ਹੋ ਤੁਸੀਂ। ਮੈਨੂੰ ਤਾਂ ਦੀਦੀ ਦੇ ਪ੍ਰੇਗਨੈਂਟ ਹੋਣ ਬਾਰੇ ਵੀ ਪਤਾ ਲੱਗਾ। ਔਰ ਤੁਸੀਂ...? ਪਲੀਜ਼ ਜਾਓ ਤੁਸੀਂ।..."

"ਉਹ ਲੱਖ ਵੇਰ ਬਣੇ ਮਾਂ, ਤੂੰ ਆਪਣੀ ਗੱਲ ਕਰ।"

"ਜੀਜਾ ਜੀ ! ਮੈਂ ਹੱਥ ਜੋੜਦੀ ਆਂ, ਤੁਸੀਂ ਘਰ ਜਾਓ ਬਸ।"

"ਦੇਖ ਨਾਂਹ ਮੈਂ ਸੁਣਨੀ ਨਹੀਂ। ਹਾਂ ਤੋਂ ਬਿਨਾਂ ਜਾਣਾ ਨਹੀਂ।"

ਰਾਣੋ ਅੰਦਰ ਤੱਕ ਕੰਬ ਗਈ। ਉਹ ਸ਼ੀਸ਼ੂ ਦੇ ਵੈਲਪੁਣੇ ਬਾਰੇ ਦੀਦੀ ਤੋਂ ਸੁਣ ਚੁੱਕੀ ਸੀ। ਉਸ ਟਾਲਣ ਪੱਜ ਕਿਹਾ।

"ਇਹੋ ਜਿਹੀਆਂ ਗੱਲਾਂ ਵੱਡਿਆਂ ਨੂੰ ਕਰਨ ਦਿਉ। ਸਾਨੂੰ ਨਹੀਂ ਸ਼ੋਭਦੀਆਂ।"

"ਦੇਖ ਜ਼ਿਆਦਾ ਵੇਰ ਨਹੀਂ, ਹਾਂ ਜਾਂ ਨਾਂਹ।"

ਸ਼ੀਸ਼ੂ ਡੱਬ ਵਿੱਚੋਂ ਪਿਸਤੌਲ ਕੱਢ ਕੇ ਹੱਥ 'ਚ ਫੜ ਲਿਆ। ਰਾਣੋ ਨੂੰ ਜਿਵੇਂ ਅੱਗ ਲੱਗ ਗਈ। ਇਹ ਕਿਧਰ ਦੀ ਰਿਸ਼ਤੇਦਾਰੀ ਸੀ। ਉਹ ਹੈਰਾਨ ਹੋਈ, ਦੀਦੀ ਅਜਿਹੇ ਬੇਵਕੂਫ਼ ਆਦਮੀ ਨਾਲ ਕਿਵੇਂ ਕੱਟ ਰਹੀ?

"ਜੀਜਾ ਜੀ ਮੈਂ ਹੱਥ ਜੋੜਦੀ ਆਂ ਪਲੀਜ਼ ਜਾਓ ਤੁਸੀਂ।" ਹੱਥ ਜੋੜਦੇ ਰਾਣੋ ਮੁੜੀ।

"ਹਾਂ ਜਾਂ ਨਾਂਹ?" ਸ਼ੀਸ਼ੂ ਚੀਕਿਆ।

"ਨਾਂਹ, ਨਾਂਹ, ਨਾਂਹ...।" ਚੀਕਦੀ ਹੋਈ ਜਿਵੇਂ ਹੀ ਰਾਣੋ ਪਰਤੀ ਅਤੇ ਜਿਵੇਂ ਹੀ ਸੁਰਜੇ ਨੇ ਸ਼ੀਸ਼ੂ ਦਾ ਜੱਫ਼ਾ ਭਰਿਆ।

ਗੋਲੀ ਚੱਲ ਕੇ ਰਾਣੋ ਦੀ ਦੇਹ ਵਿਚ ਸੀਤ ਹੋ ਗਈ।...

ਪੂਰੇ ਇਲਾਕੇ ਵਿਚ ਕਹਿਰਾਮ ਮੱਚ ਉੱਠਿਆ। ਸਭ ਤੋਂ ਪਹਿਲਾਂ ਜਵੰਦੇ ਨੂੰ ਹੀ



ਪਤਾ ਲੱਗਾ। ਉਸ ਉਸੇ ਵੇਲੇ ਵਕੀਲ ਸੱਦਿਆ। ਬਾਗੇ ਅਤੇ ਸ਼ੀਸ਼ੂ ਦਾ ਹਿੱਸਾ ਗੁਰਮੀਤ ਦੇ ਨਾਂ ਕਰ ਦਿੱਤਾ। ਆਪ ਉਸੇ ਵੇਲੇ ਠਾਣੇ ਨੂੰ ਹੋ ਤੁਰਿਆ।

ਦੋਵੇਂ ਘਰ ਬਰਬਾਦ ਹੋ ਚੁੱਕੇ ਸਨ।

ਸਭ ਨੂੰ ਪਤਾ ਸੀ ਕਤਲ ਸ਼ੀਸ਼ੂ ਕੀਤਾ। ਪਰ ਬੂਰੇ ਕੇ ਟੱਬਰ ਲਾਸ਼ ਬਰਾਮਦ ਕਰਨ ਤੱਕ ਕਿਸੇ ਦਾ ਨਾਂ ਨਹੀਂ ਸੀ ਲਿਆ। ਉਹ ਕਿਸੇ ਵੱਡੇ ਦਾਈਏ ਤੇ ਸਨ।...

ਬੂਰੇ ਕੇ ਟੱਬਰ ਜਦੋਂ ਸ਼ੀਸ਼ੂ ਦਾ ਨਾਂ ਹੀ ਨਾ ਧਰਿਆ ਤਾਂ ਜਵੰਦਾ ਸਿਰ ਫੜ ਕੇ ਬੈਠ ਗਿਆ। ਉਹਨੂੰ ਪੱਕ ਹੋ ਗਿਆ ਕਿ ਮਾਨ ਖ਼ੈਰ-ਹੱਥੇ ਨਹੀਂ ਸਨ।

ਪੁਲਿਸ ਜਦੋਂ ਕਾਰਵਾਈ ਲਿਖ ਰਹੀ ਸੀ ਤਾਂ ਜਵੰਦਾ ਕੋਲ ਹੀ ਸੀ, ਉਸ ਵਾਰ-ਵਾਰ ਕਿਹਾ, ਕਤਲ ਸ਼ੀਸ਼ੂ ਕੀਤਾ ਸੀ ਤੇ ਉਹ ਸ਼ੀਸ਼ੂ ਨੂੰ ਪੇਸ਼ ਕਰਕੇ ਰਹੇਗਾ।

ਪਰ ਬੂਰਾ ਸਿਹੁੰ ਜਿਵੇਂ ਬੋਲਣਾ ਹੀ ਨਹੀਂ ਸੀ ਜਾਣਦਾ। ਲੋਕ ਸੋਚ ਰਹੇ ਸਨ। ਕਤਲ ਵਿਚੋਂ ਤਾਂ ਜਵੰਦਾ ਪੁੱਤ ਨੂੰ ਬਚਾਅ ਲਵੇਗਾ, ਮਾਨਾਂ ਤੋਂ ਕੌਣ ਬਚਾਏਗਾ।...

ਓਧਰ ਜੋ ਵੀ ਸੁਣਦਾ, ਹਬਲਾ ਕੰਮ ਥਾਏ ਛੱਡ ਬੂਰੇ ਕੀ ਹਵੇਲੀ ਨੱਠ ਤੁਰਦਾ। ਜਦੋਂ ਬੂਰੇ ਦੇ ਨੌਕਰ ਛੱਜੂ ਨੇ ਸੁਣਿਆ ਤਾਂ ਉਹ ਇਕ ਬਲਦ ਵਾਲੀ ਬੁੱਘੀ ਤੇ ਪੱਠੇ ਲੱਦੀ ਆ ਰਿਹਾ ਸੀ। ਸੁਣਦੇ ਉਹਨੂੰ ਬੁੱਘੀ 'ਤੇ ਬੈਠੇ ਹੀ ਗਸ਼ੀ ਪੈ ਗਈ। ਇਹ ਤਾਂ ਬਲਦ ਸੀਲ ਸੀ ਜਿਹੜਾ ਵਾੜੇ ਵੱਲ ਤੁਰਿਆ ਆਇਆ।

ਕਿਸੇ ਦੇਖਿਆ, ਛੱਜੂ ਬੇਹੋਸ਼ ਪਿਆ ਸੀ। ਦੰਦਣ ਭੰਨੀ। ਪਾਣੀ ਦੇ ਛਿੱਟੇ ਮਾਰੇ। ਬੁੱਘੀ ਤੋਂ ਥੱਲੇ ਲਾਹਿਆ।

ਹੋਸ਼ ਆਈ ਤਾਂ ਫਿਰ ਧਾਹੀਂ ਮਾਰਨ ਲੱਗਾ। ਛੱਜੂ ਦੀਆਂ ਖ਼ੁਦ ਚਾਰ ਧੀਆਂ ਸਨ। ਰਾਣੋ ਉਹਨੂੰ ਆਪਣੀਆਂ ਤੋਂ ਵੀ ਵੱਧ ਪਿਆਰੀ ਸੀ। ਜਦੋਂ ਆਉਂਦੀ ਤਾਇਆ-ਤਾਇਆ ਕਹਿੰਦੀ ਦਾ ਮੂੰਹ ਨਾ ਥੱਕਦਾ। ਛੱਜੂ ਪਿਛਲੇ ਪੰਦਰਾਂ ਸਾਲਾਂ ਤੋਂ ਬੂਰਾ ਸਿੰਘ ਦਾ ਹੀ ਆਥੜੀ ਸੀ। ਵਾਹੀ ਖੇਤੀ ਲਈ ਹੋਰ ਵੀ ਕਈ ਕਾਮੇ ਸਨ, ਪਰ ਛੱਜੂ ਘਰ ਦੇ ਜੀਅ ਵਰਗਾ ਨੌਕਰ ਸੀ। ਇਹ ਰਾਣੋ ਹੀ ਸੀ ਜੋ ਵਰ੍ਹੇ ਛ-ਮਾਹੀਂ ਲੈਣ-ਦੇਣ ਦਾ ਹਿਸਾਬ ਕਰਦੀ ਨਿੱਕੇ ਮੋਟੇ ਪੈਸਿਆਂ 'ਤੇ ਲੀਕ ਫੇਰ ਦਿੰਦੀ ਸੀ।

ਅੱਜ ਉਹੋ ਨਹੀਂ ਸੀ ਰਹੀ। ਛੱਜੂ ਲਈ ਤਾਂ ਰੱਬ ਹੀ ਮਰ ਗਿਆ। ਛੱਜੂ ਦਾ ਰੋਣਾ ਥਮ ਨਹੀਂ ਸੀ ਰਿਹਾ। ਰਹਿ-ਰਹਿ ਕੇ ਉਸਨੂੰ ਡੋਬੂ ਪੈਂਦੇ। ਉਹ ਜ਼ਿੱਦ ਕਰ ਰਿਹਾ ਸੀ, ਕੁਝ ਵੀ ਹੋਵੇ; ਉਹ ਰਾਣੋ ਨਾਲ ਹੀ ਸੜ ਮਰੇਗਾ। ਰਾਣੋ ਨਹੀਂ ਤਾਂ ਉਹ ਵੀ ਨਹੀਂ।

ਛੱਜੂ ਦੀ ਤੀਵੀਂ ਅਤੇ ਕੁੜੀਆਂ ਤੀਵੀਆਂ 'ਚ ਬੈਠੀਆਂ ਰੋ ਰਹੀਆਂ ਸਨ। ਉਹਨਾਂ ਵੀ ਛੱਜੂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ; ਪਰ ਛੱਜੂ ਬੰਦਿਆਂ ਦਾ ਜੱਫਾ ਛੁਡਾਅ ਸਿਵਿਆਂ ਨੂੰ ਨੱਠ ਤੁਰਿਆ ਸੀ।

ਲਾਸ਼ ਹਵੇਲੀ 'ਚ ਆਈ ਤਾਂ ਲਗਭਗ ਸੌ ਬੰਦਾ ਹੋਰ ਆ ਰਲਿਆ। ਹਰ ਕੋਈ ਤ੍ਰਾਹ-ਤ੍ਰਾਹ ਕਰਨ ਲੱਗਾ। ਪਹਿਲਾਂ ਹੀ ਹਜੂਮ ਉਡੀਕ ਕੇ ਥੱਕ ਚੁੱਕਾ ਸੀ ਰਾਣੋ ਦਾ ਦੇਹ

ਇਸ਼ਨਾਨ ਹੋਣ ਲੱਗਾ ਤਾਂ ਰਾਣੋ ਦੀ ਮਾਂ ਰਾਣੋ ਦੇ ਦਾਜ ਲਈ ਜੋੜਿਆ ਕੱਪੜਾ ਲੀੜਾ, ਪੇਟੀ 'ਚੋਂ ਬਾਹਰ ਕੱਢ-ਕੱਢ ਸਿੱਟਣ ਲੱਗੀ। ਉਹ ਵੈਣ ਪਾ ਰਹੀ ਸੀ, ਜੇ ਧੀ ਨਹੀਂ ਤਾਂ ਦਾਜ ਕਿਸ ਕੰਮ।...

ਸਿਆਣੀਆਂ ਤੀਵੀਆਂ ਇਕ ਦਮ ਹਰਕਤ ਵਿਚ ਆਈਆਂ। ਫ਼ੈਸਲਾ ਕੀਤਾ, ਕੱਪੜ ਨਹੀਂ ਰੱਖਣਾ ਨਾ ਰੱਖੇ। ਇਕ ਸੂਟ ਨਾਲ ਰਾਣੋ ਸ਼ਿੰਗਾਰ ਲਵੇ। ਬਾਕੀ ਕੱਪੜੇ ਅਰਥੀ ਨਾਲ ਨਾ ਲੱਗਣ ਦੇਵੇ।

ਉਵੇਂ ਹੋਇਆ। ਰਾਣੋ ਦੀ ਮਾਂ ਜੋ ਸੁੱਟੀ ਗਈ। ਕਿਸੇ ਰੋਕਿਆ ਨਹੀਂ। ਦੂਰ ਪਿਆ ਰਹਿਣ ਦਿੱਤਾ। ਆਖ਼ਿਰ ਸਿੱਟ-ਸਿੱਟ ਹਫ਼ ਗਈ ਤਾਂ ਕੁਆਰੀ ਕੁੜੀ ਦੀ ਹਰ ਰੀਤ ਪੂਰੀ ਕਰਦਿਆਂ। ਸਿੜ੍ਹੀ ਸਿਵਿਆਂ 'ਚ ਲਿਆ ਰੱਖੀ।

ਜਿਤਨਾਂ ਚਿਰ ਦਾਗ਼ ਨਾ ਦਿੱਤਾ ਗਿਆ ਅਤੇ ਚਿਖ਼ਾ ਅਗਨੀਂ ਨਾ ਫੜੀ। ਛੱਜੂ ਦਾ ਰੋਣ ਨਾ ਰੁਕਿਆ। ਕਿਰਿਆ ਸੰਪੰਨ ਹੋਈ ਤਾਂ ਲੋਕ ਅਫ਼ਸੋਸ ਕਰਦੇ ਘਰਾਂ ਨੂੰ ਜਾਣ ਲੱਗੇ। ਸਭ ਨੇ ਅਸਥੀਆਂ ਬਾਰੇ ਪੁੱਛਿਆ ਤਾਂ ਬੂਰੇ ਸਿਰਫ਼ ਇਤਨਾਂ ਕਿਹਾ, "ਦਸਾਂਗੇ।"

ਟੱਬਰ ਹਵੇਲੀ ਪਰਤ ਆਇਆ। ਸਾਹ-ਸਤਹੀਣ ਅਫ਼ਸੋਸ ਵਿਚ ਡੁੱਬਿਆ। ਜਿਵੇਂ ਹੀ ਬੂਰਾ ਸਿੰਘ ਅੰਦਰ ਗਿਆ। ਕੱਪੜਿਆਂ ਦਾ ਢੇਰ ਦੇਖ ਛੱਜੂ ਨੂੰ ਅਵਾਜ਼ ਮਾਰੀ। ਨਿਮੋਝੂਣਾ ਛੱਜੂ ਹਾਜ਼ਰ ਹੋਇਆ।

"ਆਹ ਲੀੜੇ ਲੈ ਜਾ, ਤੇਰੀਆਂ ਕੁੜੀਆਂ ਦੇ ਕੰਮ ਆ ਜਾਣਗੇ।"

ਛੱਜੂ ਦੀ ਭੁੱਬ ਨਿਕਲ ਗਈ। ਉਹ ਤਾਂ ਆਪਣੇ ਆਪ ਨੂੰ ਘਰ ਦਾ ਜੀਅ ਹੀ ਸਮਝ ਰਿਹਾ ਸੀ। ਬੂਰੇ ਕੀ ਸੋਚ ਉਹਨੂੰ ਕੱਪੜੇ ਚੁੱਕਣ ਨੂੰ ਕਿਹਾ? ਛੇਤੀ ਹੀ ਹੋਸ਼ ਪਰਤਣ 'ਤੇ ਲੱਗਾ ਬੂਰਾ ਠੀਕ ਕਹਿ ਰਿਹਾ ਸੀ। ਉਹ ਘਰ ਦਾ ਕਾਮਾ ਹੀ ਸੀ। ਉਹਦੀ ਬਾਟੀ ਅਤੇ ਗਿਲਾਸ ਕੁੱਕੜਾਂ ਦੇ ਖੁੱਡੇ 'ਤੇ ਪਿਆ ਸੀ ਤੇ ਉਹਦੀਆਂ ਧੀਆਂ ਬੂਰੇ ਦੀਆਂ ਉਸ ਰੂਪ ਵਿਚ ਧੀਆਂ ਨਹੀਂ ਸਨ ਜਿਵੇਂ ਰਾਣੋ ਸੀ।...

ਉਹ ਜਕੋ ਤਕੇ 'ਚ ਪੰਡ ਬੰਨ੍ਹਣ ਲੱਗਾ। ਇਕ, ਦੋ, ਤਿੰਨ, ਚਾਰ...। ਪਹਿਲਾਂ ਸਹਿਜ ਨਾਲ ਫਿਰ ਤੇਜ਼-ਤੇਜ਼, ਉਸ ਬੁੱਘੀ ਜੋੜ ਬੂਹੇ ਨੇੜੇ ਲੈ ਆਂਦੀ। ਪੰਡਾਂ ਲੱਦ ਵੀ ਲਈਆਂ...। ਅਚਾਨਕ ਖ਼ਿਆਲ ਆਇਆ। ਇੰਜ ਤਾਂ ਪਿੰਡ 'ਚੋਂ ਲੰਘਦਿਆਂ ਲੋਕ ਦੇਖਣਗੇ।

ਉਹ ਹਨੇਰਾ ਪੈਣ ਦੀ ਉਡੀਕ ਕਰਨ ਲੱਗਾ। ਪਰੇ ਦਲਾਨ੍ਹ ਵਿਚ ਬੈਠੀਆਂ ਤੀਵੀਆਂ ਹਾਲੇ ਵੀ ਰੋ ਰਹੀਆਂ ਸਨ। ਅੰਬਾਂ ਥੱਲੇ ਫੂਹੜੀ ਤੇ ਵੀ ਕਈ ਬੈਠੇ ਸਨ। ਅਚਾਨਕ ਛੱਜੂ ਕਾਹਲਾ ਪੈਣ ਲੱਗਾ। ਸੂਰਜ ਕਿਉਂ ਨਹੀਂ ਸੀ ਛਿਪ ਰਿਹਾ। ਉਹ ਭੁੱਲ ਹੀ ਗਿਆ ਕਿ ਕੁਝ ਦੇਰ ਪਹਿਲਾਂ ਉਹ ਰਾਣੋ ਨਾਲ ਹੀ ਮਰਨ ਨੂੰ ਫਿਰਦਾ ਸੀ।

ਛੱਜੂ ਮਨ ਹੀ ਮਨ ਜੋੜ ਜਮ੍ਹਾਂ ਕਰਨ ਲੱਗਾ। ਇਤਨਾਂ ਕੱਪੜ ਤਾਂ ਉਹਦੀਆਂ ਬੁੰਡੀ ਤੇ ਗੋਗੀ ਦੇ ਵਿਆਹਾਂ ਲਈ ਵਾਧੂ ਹੋਏਗਾ। ਕਿਸੇ ਤਰ੍ਹਾਂ ਜੇ ਬੂਰਾ ਕੁਝ ਹੋਰ ਮਦਦ



ਕਰ ਦੇਵੇ ਤਾਂ ਉਹ ਨਿੱਕੀ ਨੂੰ ਵੀ ਇਸੇ ਸਾਲ ਤੋਰ ਸਕਦਾ ਹੈ। ਪਤਾ ਨਹੀਂ ਕਿਉਂ? ਉਸਨੂੰ ਜਿਤਨੀ ਸੂਰਜ ਛੇਤੀ ਨਾ ਛਿਪਣ ਦੀ ਖਿਝ ਸੀ ਉਸ ਤੋਂ ਵਧੇਰੇ ਖਿਝ ਉਹਨੂੰ ਅੰਦਰ ਰੋਂਦੀਆਂ ਤੀਵੀਆਂ ਤੇ ਆਉਣ ਲੱਗੀ। ਉਸਦਾ ਜੀ ਕੀਤਾ, ਜਾ ਕੇ ਕਹੇ, ਰੋਂਦਿਆਂ ਮੁੜ ਆਉਗੀ? ਜਦ ਉਹਦੀ ਲਿਖੀ ਹੀ ਏਨੀ ਸੀ। ਫਿਰ ਭਾਈ! ਤੁਸੀਂ ਕਿਹੜਾ ਮਰਨਾ ਨਹੀਂ? ਛੱਜੂ ਨੂੰ ਲੱਗਾ, ਤੀਵੀਆਂ ਜਿਤਨਾ ਰੋਣਗੀਆਂ ਇਹ ਕੱਪੜੇ ਉਤਨੇ ਪਲੀਤ ਹੁੰਦੇ ਜਾਣਗੇ। ਫਿਰ ਉਹ ਬੁੱਘੀ ਤੇ ਲੱਦੀਆਂ ਪੰਡਾਂ ਦੀਆਂ ਚੁੰਡਾਂ ਵਿਚੋਂ ਬਾਹਰ ਝਾਕਦੇ ਲੀੜੇ ਅੰਦਰ ਕੁੰਜਣ ਲੱਗਾ। ਪੰਡਾਂ ਤੇ ਇਕ ਮੈਲੀ ਜਿਹੀ ਪੱਲੀ ਸਿੱਟ ਕੇ ਬਲਦ ਨੂੰ ਪਰੇ ਬੰਨ੍ਹ ਦਿੱਤਾ ਅਤੇ ਡੰਗਰ ਵੱਛੇ ਦੇ ਨਿੱਕੇ-ਮੋਟੇ ਕੰਮ ਕਰਨ ਲੱਗਾ। ਉਹਨੂੰ ਪਤਨੀ ਤੇਜਾਂ ਦੀ ਲੋੜ ਮਹਿਸੂਸ ਹੋਈ। ਜਿਵੇਂ ਹੀ ਘਰ ਜਾ ਕੇ ਉਸ ਬੁੱਘੀ ਤੋਂ ਲੀੜਿਆਂ ਦੀਆਂ ਪੰਡਾਂ ਲਾਹੀਆਂ, ਤੇਜਾਂ 'ਤੇ ਕੁੜੀਆਂ ਹੈਰਾਨ ਰਹਿ ਗਈਆਂ। ਉਹ ਇਕ ਕੱਪੜਾ ਫੜਦੀਆਂ ਦੂਜਾ ਛੱਡਦੀਆਂ। ਉਹ ਮਨ ਅੰਦਰਲੇ ਚਾਅ ਰੋਕ ਰੋਕ ਰੱਖ ਰਹੀਆਂ ਸਨ।

ਅਚਾਨਕ ਛੱਜੂ ਦੇ ਟੱਬਰ ਨੂੰ ਫ਼ਿਕਰ ਹੋਇਆ ਉਹ ਇਤਨਾਂ ਕੱਪੜ ਰੱਖਣਗੇ ਕਿੱਥੇ? ਫਿਰ ਖ਼ਿਆਲ ਆਇਆ, ਬੂਰੇ ਕੇ ਤੂੜੀ ਵਾਲੇ ਕੋਠੇ 'ਚ ਇਕ ਵੱਡੀ ਪੇਟੀ ਵਾਧੂ ਪਈ ਸੀ। ਕਿਉਂ ਨਾ ਉਹ ਮੰਗ ਲਈ ਜਾਵੇ। ਫਿਰ ਸੋਚਿਆ ਗਾਂ ਵੇਚ ਕੇ ਪੇਟੀ ਲੈ ਲਈ ਜਾਵੇ।... ਪਤਾ ਹੀ ਨਾ ਲੱਗਾ ਕਦੋਂ ਰਾਤ ਬੀਤ ਗਈ। ਸਵੇਰੇ ਉੱਠੇ ਤਾਂ ਪਤਾ ਲੱਗਾ ਉਹ ਕੱਪੜਿਆਂ ਦੀਆਂ ਪੰਡਾਂ ਲਾਗੇ ਬੈਠੇ ਹੀ ਸੌਂ ਗਏ ਸਨ।...

ਕਾਹਲੀ ਨਾਲ ਉੱਠ ਛੱਜੂ ਹਵੇਲੀ ਵੱਲ ਗਿਆ। ਸੋਚਿਆ ਰੋਣਾ-ਧੋਣਾ ਮੁੱਕ ਗਿਆ ਹੋਵੇਗਾ। ਉਹ ਮੌਕਾ ਦੇਖ ਪੇਟੀ ਬਾਰੇ ਗੱਲ ਕਰੇਗਾ। ਉਹ ਹੈਰਾਨ ਰਹਿ ਗਿਆ, ਹਵੇਲੀ ਫਿਰ ਲੋਕਾਂ ਨਾਲ ਭਰੀ ਹੋਈ ਸੀ।...

ਪਤਾ ਲੱਗਾ, ਜਵੰਦੇ ਜਦੋਂ ਬਾਗੇ ਅਤੇ ਸ਼ੀਸ਼ੂ ਦਾ ਹਿੱਸਾ ਗੁਰਮੀਤ ਦੇ ਨਾਂ ਲਵਾ ਕੇ, ਪੁਲਿਸ ਦੇ ਪੇਸ਼ ਕਰਨ ਲਈ ਸ਼ੀਸ਼ੂ ਨੂੰ ਲੱਭਣ ਲਈ ਬੰਦੇ ਤੋਰੇ ਤਾਂ ਅੱਧੀ ਰਾਤ ਕਿਸੇ ਨੇ ਆ ਕੇ ਖ਼ਬਰ ਦਿੱਤੀ।

ਸ਼ੀਸ਼ੂ ਨਹਿਰਾਂ ਦੇ ਪੁਲਾਂ ਤੇ ਵੱਢਿਆ ਪਿਆ ਸੀ...

ਹਵੇਲੀ ਵਿਚ ਰਾਣੋ ਦੀਆਂ ਅਸਥੀਆਂ ਚੁੱਗਣ ਲਈ ਵੱਡਾ ਇਕੱਠ ਸੀ। ਰੋਣਾ ਥਮ ਗਿਆ ਸੀ। ਛੱਜੂ ਡੋਰ-ਭੋਰ ਖੜ੍ਹਾ ਸੀ। ਬੂਰਾ ਅਸਥੀਆਂ ਚੁੱਗਣ ਲਈ ਛੱਜੂ ਨੂੰ ਦੁੱਧ, ਪਾਣੀ ਵਾਲੀ ਬਾਲਟੀ ਅਤੇ ਹੋਰ ਨਿਕ-ਸੁੱਕ ਚੁੱਕ ਸਿਵਿਆਂ ਵੱਲ ਚੱਲਣ ਨੂੰ ਆਖ ਜਿਵੇਂ ਹੀ ਛੱਜੂ ਤੋਂ ਓਹਲ ਹੋਇਆ।

ਛੱਜੂ ਅਸਥੀਆਂ ਭੁੱਲ ਅੱਖ ਬਚਾ ਕੇ ਤੂੜੀ ਵਾਲੇ ਕੋਠੇ 'ਚ ਪਈ ਪੇਟੀ ਖੋਲ੍ਹ ਕੇ ਦੇਖਣ ਲੱਗਾ...

•

## ਪਿਆਦੇ

ਮੂੰਹ ਹਨੇਰੇ ਸੁੱਚਾ ਨਚਾਰ ਉੱਠਿਆ। ਟਰੰਕੀ 'ਚੋਂ ਸੁਰਖ਼ੀ ਬਿੰਦੀ, ਘੁੰਗਰੂ, ਲੀਰਾਂ ਨਾਲ ਪੁਰ ਅੰਗੀ ਅਤੇ ਸ਼ੀਸ਼ਾ ਲਿਆ। ਪੀਰ ਦੀ ਮਜ਼ਾਰ 'ਤੇ ਗਿਆ। ਮੱਥਾ ਟੇਕਿਆ। ਪ੍ਰਕਰਮਾਂ ਕੀਤੀ। ਇਸਤਰੀ ਵੇਸ ਧਾਰਨ ਕੀਤਾ ਅਤੇ ਨੱਚਣਾ ਸ਼ੁਰੂ ਕੀਤਾ। ਹਫ਼ ਕੇ ਡਿੱਗ ਪਿਆ। ਹੋਸ਼ ਆਈ ਤਾਂ ਫਿਰ ਨੱਚਣ ਲੱਗਾ। ਜਦ ਨੂੰ ਮਜ਼ਾਰ ਦਾ ਖ਼ਾਦਮ ਆਇਆ, ਸੁੱਚਾ ਨੱਚ ਰਿਹਾ ਸੀ।...

ਸੁੱਚਾ ਧਰਮੇਂ ਰੰਗੜ ਦਾ ਪੁੱਤ ਸੀ। ਬੇ-ਜ਼ਮੀਨਾਂ। ਧਰਮੇ ਰੰਗੜ ਪਹਿਲਾਂ ਆਪਣੇ ਵਿਆਹ ਤੇ ਢਾਈ ਕਿੱਲੇ ਫੂਕੇ। ਕੁਝ ਸ਼ਰਾਬ ਡੀਕ ਗਈ। ਰਹਿੰਦੇ ਸੁੱਚਾ ਵਿਆਹੁਣ ਦੇ ਲੇਖੇ ਲੱਗ ਗਏ। ਹੱਥਲ ਹੋ ਕੇ ਘਰ ਬੈਠ ਗਿਆ। 'ਰੰਗੜ' ਧਰਮੇਂ ਦੀ ਅੱਲ ਸੀ। ਉਹ ਆਪ ਤਾਂ ਰੰਗੜਊ ਵਿਚ ਮਰਿਆ ਹੀ; ਪਿੱਛੇ ਸੁੱਚੇ ਲਈ ਕੰਡੇ ਬੀਜ ਗਿਆ।

ਸੁੱਚਾ ਹਿੱਸੇ-ਠੇਕੇ ਦੀ ਵਾਹੀ ਕਰਦਾ; ਪਰ ਗ਼ੈਰ-ਜ਼ਮੀਨਾਂ ਹੋਣ ਦੀ ਹੀਣਤਾ 'ਚੋਂ ਨਿਕਲਣ ਲਈ ਇਹ ਕਾਫ਼ੀ ਨਹੀਂ ਸੀ। ਉੱਤੋਂ ਗੁਲਜ਼ਾਰੇ ਨੇ ਪਹਿਲੇ ਵਰ੍ਹੇ ਹੀ ਮੁੰਡਾ ਜੰਮ ਕੇ ਲੋੜਾਂ ਨੂੰ ਹੋਰ ਜਰਬ ਦੇ ਦਿੱਤੀ ਸੀ।

ਸੁੱਖਾ ਖ਼ੁਦ ਲਾਡ ਨਾਲ ਪਲਿਆ ਸੀ। ਲੰਡੇ-ਡੰਗ ਵਾਹੀ 'ਚ ਉਹਦਾ ਦਿਲ ਨਾ ਭਿੱਜਦਾ। ਬੇ-ਜ਼ਮੀਨਾਂ ਹੋਣ ਦੀ ਤ੍ਰਿਸਕਾਰਤਾ ਅਤੇ ਸਾਧਨ-ਹੀਣਤਾ ਉਹਦਾ ਪਿੱਛਾ ਨਾ ਛੱਡਦੀ। ਉਹਨੂੰ ਲੱਗਦਾ, ਉਹਦਾ ਪਿਉ ਸ਼ਰੀਕਾਂ ਦੀ ਚੁੱਕ 'ਤੇ ਡੁੱਬਿਆ। ਬੈਠਾ-ਬੈਠਾ ਉਹ ਸ਼ਰੀਕਾਂ 'ਤੇ ਹੀ ਬੋਲੀਆਂ ਜੋੜੀ ਜਾਂਦਾ। ਅੱਖਰ ਉਠਾਲਣੇ ਨਹੀਂ ਸੀ ਜਾਣਦਾ; ਸਾਮ੍ਹਣੇ ਖਲੋਤੇ ਸ਼ਰੀਕ 'ਤੇ ਬੋਲੀ ਜੋੜ ਦਿੰਦਾ। ਸ਼ਰੀਕ ਦੇਖਦੇ ਹੀ ਉਹਦੇ ਅੰਦਰ ਕੁਝ ਮੱਚਣ ਲਗਦਾ। ਕੇਰਾਂ ਅਮਰਗੜ੍ਹੀਏ ਬਰਾੜਾਂ 'ਤੇ ਜੋੜ ਦਿੱਤੀ। ਬਰਾੜ ਬੁਰਾ ਮੰਨ ਗਏ। ਡਾਂਗ ਸੋਟੇ 'ਤੇ ਉੱਤਰ ਆਏ। ਗੱਲ ਮਰਨ-ਮਾਰਨ ਤੇ ਆ ਗਈ।

ਸਭ ਨੇ ਬਹੁਤ ਹਟਕਿਆ।

"ਸੁੱਚਿਆ ਕਿਹੜੀ ਤੇਰੀ ਉਮਰ ਤੇ ਕਿਹੜੇ ਤੇਰੇ ਕੰਮ? ਜੱਟਾਂ ਨੂੰ ਸ਼ੋਭਦੈ ਟੋਟਕੇ ਜੋੜਨ ਦਾ ਮਿਰਾਸਪੁਣਾ?"

ਗੁਲਜ਼ਾਰੋ ਵੀ ਤਰਲਾ ਲਿਆ।

"ਰੁੱਖੀ-ਮਿੱਸੀ ਖਾ ਲਾਂ ਗੇ... ਤੂੰ ਮਿਹਨਤ ਮਜ਼ੂਰੀ ਦਾ ਸੋਚ।"

ਸੁੱਚੇ ਨੂੰ ਲੱਗਾ, ਸਭ ਤਕੜਿਆਂ ਵੱਲ ਡੱਕਾ ਸਿੱਟ ਰਹੇ ਸਨ।



ਸੁੱਚਾ ਲਟਬੌਰਾ ਸੀ। ਲਟਬੌਰਾ ਰਿਹਾ। ਚੁੱਪ ਰਹਿੰਦਾ, ਜਾਂ ਗਲੀਆਂ ਵਿਚ ਹੀਰ ਗਾਉਂਦਾ ਕਿਸੇ ਹੋਰ ਹੀ ਦੁਨੀਆਂ ਵਿਚ ਫਿਰਦਾ। ਖੇਤੀ ਖਸਮਾਂ ਸੇਤੀ। ਜਿਹੜੀ ਸ਼ਾਮਲਾਟ ਉਹ ਹਿੱਸੇ-ਠੇਕੇ ਤੇ ਵਾਹੁੰਦਾ ਸੀ; ਬੇ-ਰੌਂਗੀ ਤੋਂ ਅਗਲੇ ਤਿੰਨਾਂ ਸਾਲਾਂ ਲਈ ਬਾਲਮੀਕੀਆਂ ਆਪਣੇ ਨਾਂ ਤੋੜ ਲਈ... ਸੁੱਚੇ ਲਈ ਹੋਰ ਮੁਸ਼ਕਲ ਆ ਬਣੀ।

ਉਸ ਸਾਲ ਪੀਰ ਦੀ ਮਜ਼ਾਰ 'ਤੇ ਮੇਲਾ ਲੱਗਿਆ। ਦੂਰੋਂ-ਦੂਰੋਂ ਕੱਵਾਲ ਅਤੇ ਨਚਾਰ ਆਏ। ਲੋਕ ਕੱਵਾਲੀਆਂ ਵੀ ਸੁਣਦੇ; ਪਰ ਜਦੋਂ ਨਚਾਰ ਨੱਚਦੇ, ਰੁਪਈਏ ਮੀਂਹ ਵਾਂਗ ਵਰ੍ਹਦੇ। ਭੀੜ ਨੂੰ ਬੈਠਣ ਲਈ ਥਾਂ ਨਾ ਲੱਭਦੀ।

ਨਚਾਰ ਤਿੰਨ ਦਿਨ ਪਿੰਡ ਵਿਚ ਰਹੇ। ਸੁੱਚਾ ਤਿੰਨ ਦਿਨ ਘਰ ਹੀ ਨਾ ਗਿਆ।

"ਆਪਾਂ ਕੀਹਨਾਂ 'ਚੋਂ ਆਂ ਬਾਈ ਜੀ!" ਨਚਾਰਾਂ ਦੇ ਮੁਖੀਏ ਪੁੱਛਿਆ।

"ਕੀਹਨਾਂ ਤੋਂ ਮਤਲਬ?" ਸੁੱਚੇ ਕਿਹਾ।

"ਮੇਰਾ ਮਤਲਬ ਜਾਤ ਬਿਰਾਦਰੀ..."

"ਮੈਂ ਤਾਂ ਸੁਣਿਆ ਕਲਾਕਾਰ ਦੀ ਜਾਤ ਨਹੀਂ ਹੁੰਦੀ।"

"ਹੁੰਦੀ ਕਿਉਂ ਨਹੀਂ? ਸਭ ਕਹਿਣ ਦੀਆਂ ਗੱਲੇਂ...।"

"ਤਾਂ ਮੈਂ ਧਰਮ ਸਿਹੁੰ ਜੱਟ ਦਾ ਪੁੱਤ, ਸੁੱਚਾ ਸਿਹੁੰ। ਘਰੇ ਤੀਵੀਂ 'ਤੇ ਪੁੱਤ ਐ।"

"ਫੇ ਐਥੋਂ ਕੀ ਭਾਲਦੇਂ?"

"ਚਰਨਾਂ 'ਚ ਥਾਂ ਦਿਉ... ਹੋਰ ਕੀ?"

"ਨਾ ਭਾਈ! ਬਿਲਕੁਲ ਨਹੀਂ।"

"ਕਿਉਂ?"

"ਓ ਨਹੀਂ ਭਾਈ, ਅਸੀਂ ਚੌਥੇ ਪੌੜੇ ਦੇ... ਤੂੰ ਜੱਟ ਜ਼ਿਮੀਦਾਰ। ਅਸੀਂ ਅੱਜ ਐਸ ਪਿੰਡ, ਕੱਲ੍ਹ ਔਸ, ਤੇਰਾ ਸਾਡਾ ਕੀ ਸਾਥ?"

"ਜੱਟ ਨਾਉਂ ਐਂ ਜ਼ਮੀਨ ਦਾ, ਮੇਰੇ ਕੋਲ ਤਾਂ ਖੁੱਡ ਨਹੀਂ।"

"ਫਿਰ ਵੀ... ਤੇਰੇ ਟੱਬਰ ਦਾ ਸਰਾਪ ਨਹੀਂ ਲੈ ਸਕਦੇ।"

ਅਗਲੇ ਦਿਨ ਨਚਾਰ ਕੋਟਲੇ ਤੋਂ ਅੱਧੀ ਰਾਤ ਗੱਡੀ ਚੜ੍ਹੇ। ਤੀਜੇ ਦਿਨ ਉਹਨਾਂ ਗੁੱਗੇ ਦੇ ਮੇਲੇ ਰਾਜਸਥਾਨ ਜਾਣਾ ਸੀ। ਮੁਖੀਏ ਦੇਖਿਆ, ਡੱਬੇ ਵਿੱਚ ਸੁੱਚਾ ਵੀ ਸੀ। ਮੁਖੀਏ ਗਹੁ ਨਾਲ ਦੇਖਿਆ। ਘਣੇ ਕੇਸ, ਲੰਮਾ ਕੱਦ, ਲੱਕ ਸੁਤਵਾਂ, ਰੰਗ ਗੰਦਮੀ, ਅੱਖਾਂ ਹਰਨੋਟੀਆਂ। ਉਹਨਾਂ ਸੁੱਚਾ ਨਾਈ ਦੀ ਦੁਕਾਨ 'ਤੇ ਜਾ ਬਿਠਾਇਆ।...

ਅਗਲੀ ਸ਼ਾਮ ਸੁਰਮੇਂ ਦੀ ਖਿੱਚਵੀਂ ਧਾਰੀ, ਬੁੱਲ੍ਹਾਂ ਦੀ ਸੁਰਖ਼ੀ। ਨਕਲੀ ਛਾਤੀਆਂ ਅਤੇ ਸਾਟਨ ਦੇ ਸੂਟ ਨਾਲ ਸੁੱਚਾ ਜਦੋਂ ਸਾਜ਼ਿੰਦਿਆਂ ਦੇ ਪਿੱਛੇ ਜਾ ਕੇ ਬੈਠਿਆ ਤਾਂ ਦਰਸ਼ਕਾਂ 'ਚ ਚੀਕਾਂ ਵੱਜੀਆਂ।

ਇਨ੍ਹਾਂ ਚੀਕਾਂ ਦੀ ਗੂੰਜ ਸੁੱਚੇ ਦੇ ਪਿੰਡ ਵੀ ਸੁਣੀ।

ਬਿਰਾਦਰੀ ਥੂਹ-ਥੂਹ ਕੀਤੀ ਤਾਂ ਥੁੱਕਾਂ ਗੁਲਜ਼ਾਰੋ ਦੇ ਮੂੰਹ 'ਤੇ ਵੀ ਪਈਆਂ। ਨਿਰਾਸ਼ ਹੋਈ ਪੇਕੇ ਜਾ ਖੜ੍ਹੀ। ਪੇਕੇ ਸ਼ੋਹਦੇ ਸਨ। ਨਾ ਗੁਲਜ਼ਾਰੋ ਓਟ ਸਕਦੇ ਸਨ, ਨਾ ਸੁੱਚਾ ਹਟਕ ਸਕਦੇ ਸਨ। ਆਖ਼ਿਰ ਆਪਣੀ ਹੀ ਅੱਖ ਵਿਚ ਨਮੋਸ਼ੀ ਦੀ ਬੋਹਰ ਲਈ ਪਰਤ ਆਈ। ਦਰਸ਼ੂ ਪਾਲੀ ਰਲਾਅ ਦਿੱਤਾ। ਆਪ ਲੋਕਾਂ ਦਾ ਗੋਲਾ-ਧੰਦਾ ਕਰਨ ਲੱਗੀ।

ਦਸ ਵਰ੍ਹੇ...

ਅਚਾਨਕ ਸੁੱਚਾ ਪਰਤ ਆਇਆ। ਪੰਡ ਰੁਪਈਆਂ ਦੀ ਲੈ ਕੇ।

ਉਸ ਪੁੱਤ ਹਿੱਕ ਨਾਲ ਘੁੱਟਿਆ ਅਤੇ ਗੁਲਜ਼ਾਰੋ ਦੇ ਪੈਰੀਂ ਜਾ ਬੈਠਾ।

"ਤੇਰਾ ਦੇਣਦਾਰ ਹਾਂ ਜ਼ਾਰੋ ! ਹੋਰ ਕੁਝ ਸੁੱਝਿਆ ਨਹੀਂ।"

ਗੁਲਜ਼ਾਰੋ ਸ਼ੁਕਰ ਕੀਤਾ। ਸਵੇਰ ਦਾ ਭੁੱਲਾ ਸ਼ਾਮੀ ਪਰਤ ਆਇਆ।

ਸੁੱਚੇ ਦਰਸ਼ੂ ਨੂੰ ਸੀਰ ਤੋਂ ਹਟਕ ਲਿਆ ਅਤੇ ਮਹੀਆਂ ਖ਼ਰੀਦ ਕੇ ਡੇਅਰੀ ਪੇਲ੍ਹ ਦਿੱਤੀ। ਕੱਚਾ ਘਰ ਢਾਹ ਕੇ ਨਵਾਂ ਬਣਾਇਆ। ਸ਼ਰੀਕਾਂ ਤੋਂ ਵੀ ਚੱਕਵਾਂ। ਸ਼ਰੀਕ ਮੂੰਹ ਜੋੜ-ਜੋੜ ਗੱਲਾਂ ਕਰਦੇ।

"ਘੁੰਗਰੂ ਛਣਕਦੇ ਐ ਭਾਈ ! ਸਭ ਸੁਰਖ਼ੀ ਬਿੰਦੀ ਦਾ ਕਮਾਲ ਐ।"

ਕੁਝ ਵੀ ਸੀ, ਇਕ ਵੇਰ ਸੁੱਚਾ ਪਿਛਲੇ ਸਭ ਧੋਣੇ ਧੋ ਰਿਹਾ ਸੀ।...

ਉਸ ਗੁਲਜ਼ਾਰੋ ਲਈ ਟੂੰਬਾਂ ਬਣਵਾਈਆਂ ਅਤੇ ਦਰਸ਼ੂ ਲਈ ਬੁਲਿਟ ਖ਼ਰੀਦਿਆ।

ਫਿਰ ਵੀ ਕੋਈ ਵਿੱਥ ਸੀ ਜੋ ਸੁੱਚੇ ਨੂੰ ਆਪਣੇ ਅਤੇ ਲੋਕਾਂ ਵਿਚਾਲੇ ਦਿਸਦੀ ਸੀ। ਉਹ ਚਾਰ ਬੰਦਿਆਂ ਵਿੱਚ ਜਿਉਂ ਹੀ ਜਾ ਖਲੋਂਦਾ। ਲੋਕ ਪੰਜੀਂ-ਪੰਜੀਂ ਖਿਸਕਣ ਲਗਦੇ। ਤੀਵੀਆਂ ਦੇਖਦੇ ਹੀ ਮੁਸਕੜੀਏ ਹੱਸਣ ਲੱਗਦੀਆਂ। ਲੋਕ ਉਹਦੇ ਨੱਚਣ ਨੂੰ ਕਿਸ ਕਦਰ ਨਫ਼ਰਤ ਕਰਦੇ ਸਨ, ਇਹਦਾ ਪਤਾ ਉਦੋਂ ਲੱਗਾ ਜਦੋਂ ਗੁਰਦੁਆਰੇ ਦੀ ਉਸਾਰੀ ਵੇਲੇ ਯਾਰਾਂ ਸੌ ਦਾਨ ਕਰਨ ਵਾਲੇ ਦਾ ਪੱਥਰ 'ਤੇ ਨਾਂ ਲਿਖਦੇ ਸੀ। ਗੁਲਜ਼ਾਰੋ ਇੱਕੀ ਸੌ ਲੈ ਕੇ ਗਈ।

"ਨਾ ਭਾਈ, ਦਸਾਂ ਨਹੁੰਆਂ ਦੀ ਹੁੰਦੀ ਤਾਂ ਸਿਰ-ਮੱਥੇ। ਕੰਜਰਖਾਨੇ ਦਾ ਨਾਉਂ ਨਹੀਂ ਲਿਖਣਾ ਅਸਾਂ।"

ਸੁੱਚੇ ਨੂੰ ਸੁਣਦਿਆਂ ਪੀੜ ਹੋਈ। ਜਿਸ ਕਲਾ ਨੂੰ ਦੇਖਣ ਲਈ ਲੋਕ ਲੂਹਰੀਆਂ ਲੈਂਦੇ ਸਨ, ਉਹ ਕੰਜਰਖਾਨਾ ਕਿਵੇਂ ਹੋ ਗਿਆ? ਜਿਸ ਪਿੰਡ ਵਿਚ ਜੰਮਿਆ, ਵੱਡਾ ਹੋਇਆ, ਨੱਚਣ ਨਾਲ ਹੀ ਓਪਰਾ ਹੋ ਗਿਆ। ਆਖ਼ਿਰ ਸੁੱਚੇ ਮੰਨ ਹੀ ਲਿਆ ਕਿ ਇਸ ਨਫ਼ਰਤ ਦਾ ਇਕੋ-ਇੱਕ ਹੱਲ ਸੀ। ਭੁੰਏਂ ਦੀ ਮਾਲਕੀ ਅਤੇ ਦਰਸ਼ੂ ਦਾ ਵਿਆਹ...

ਇਕ ਸਵੇਰ ਸੁੱਚਾ ਫਿਰ ਆਪਣੇ ਮੰਜੇ 'ਤੇ ਨਹੀਂ ਸੀ।...

ਗੁਲਜ਼ਾਰੋ ਲਈ ਮਰਨ ਸੀ। ਇਸ ਵੇਰ ਉਹ ਧੁਰ ਅੰਦਰ ਤੱਕ ਟੁੱਟ ਗਈ। ਉਹਨੂੰ ਉਮੀਦ ਨਹੀਂ ਸੀ, ਸੁੱਚਾ ਫਿਰ ਕੰਡਿਆਂ 'ਤੇ ਲਿਟਦਾ ਕਰ ਜਾਊਗਾ।

ਇਸ ਵਾਰ ਸੁੱਚਾ ਕਿਸੇ ਅੰਨ੍ਹੇ ਜੋਸ਼ ਨਾਲ ਘਰੋਂ ਤੁਰਿਆ ਅਤੇ ਕਿਸੇ ਵੱਡੇ



ਇਰਾਦੇ ਨਾਲ ਨਚਾਰ ਪਾਰਟੀ 'ਚ ਪਰਤਿਆ। ਥੋੜ੍ਹੇ ਦਿਨ ਪਹਿਲਾਂ ਨਚਾਰ ਪਾਰਟੀ 'ਚ ਲੇਰਾ ਜਿਹਾ ਨੀਲੂ ਸ਼ਰਾਬ ਲੜ ਕੇ ਮਰ ਗਿਆ ਸੀ। ਗਜ਼ਬ ਦਾ ਨਚਾਰ ਸੀ। ਸੁੱਚੇ ਉਹਦੀ ਜਗ੍ਹਾ ਲੈ ਲਈ। ਉਸਤਾਦ ਦੇ ਪੈਰੀਂ ਹੱਥ ਲਾਉਂਦਾ ਸੁੱਚਾ ਫਿੱਸ ਪਿਆ। ਰੋਣਾ ਥੰਮ੍ਹਿਆ ਤਾਂ ਉਸਤਾਦ ਪੁੱਛਿਆ। ਕੀ ਗੱਲ?

ਸੁੱਚੇ ਸ਼ਰੀਕੇ ਵੱਲੋਂ ਹੁੰਦੇ ਨਿਰਾਦਰ ਦੀ ਪੀੜਾ ਦੱਸੀ।

"ਤੈਨੂੰ ਤਾਂ ਪਹਿਲਾਂ ਕਿਹਾ ਸੀ।"

"ਮੈਨੂੰ ਕੰਮ 'ਚ ਕੋਹ ਦਿਉ। ਪਿੰਡ ਵਿਚ ਭੋਇੰ ਦੀ ਮਾਲਕੀ ਚਾਹੀਦੀ ਐ?"

ਉਸਤਾਦ ਪਿੱਠ ਥਾਪੜੀ। ਹੌਸਲਾ ਦਿੱਤਾ।

ਨਚਾਰ ਮੰਡਲੀ ਭਬੂਕੇ ਵਾਂਗ ਉੱਠ ਖੜ੍ਹੀ। ਦੁਗਣੇ ਪ੍ਰੋਗਰਾਮ ਕਰਨ ਲੱਗੀ। ਛਰਫਰਾ ਬਦਨ, ਗੰਦਮੀ ਰੰਗ, ਪਤਲੇ ਬੁੱਲ੍ਹ, ਸੁਰਖ਼ੀ, ਕੱਜਲ ਅਤੇ ਵੱਜਦੇ ਤਰਾਨੇ ਦੀ ਗੜਗੜਾਹਟ ਨਾਲ ਉੱਚੀ ਛਾਲ ਸਮੇਤ ਸੁੱਚਾ ਅਖਾੜੇ 'ਚ ਉੱਤਰਦਾ ਤਾਂ ਸਾਜ਼ਿੰਦੇ ਲੂਹਰੀਆਂ ਲੈਣ ਲੱਗਦੇ। ਸੁੱਚਾ ਹਫ਼ ਕੇ ਡਿਗ ਪੈਣ ਵਾਂਗ ਨੱਚਦਾ। ਸਾਜ਼ਿੰਦੇ ਥੱਕ ਜਾਂਦੇ। ਦਰਸ਼ਕ ਅੱਕ ਜਾਂਦੇ। ਸੁੱਚਾ ਨੱਚਣੋਂ ਨਾ ਹਟਦਾ। ਕੋਈ ਨਹੀਂ ਸੀ ਜਾਣਦਾ; ਸੁੱਚਾ ਇਕ-ਇਕ ਸਿਆੜ ਲਈ ਦੇਹ ਨੂੰ ਤੋੜ ਰਿਹਾ ਸੀ।...

ਸੁੱਚੇ ਨੱਚਦੇ ਹੋਏ ਕਦੇ ਭੁੰਜੇ ਡਿੱਗਾ ਪੈਸਾ ਨਹੀਂ ਸੀ ਚੁੱਕਿਆ। ਮੂੰਹ 'ਚ ਦੱਬਿਆ ਨੋਟ ਨਹੀਂ ਸੀ ਫੜਿਆ। ਨਾ ਕਿਸੇ ਬਖ਼ਸ਼ੀਸ਼ ਬਦਲੇ ਦਰਸ਼ਕ ਦੀ ਗੋਦੀ 'ਚ ਬੈਠਾ ਸੀ। ਇਸ ਵਾਰ ਉਹ ਕੁਝ ਵੀ ਕਰਨ ਨੂੰ ਤਿਆਰ ਸੀ। ਜੋਸ਼ ਵਿੱਚ ਉਹ ਹਵਾ ਨੂੰ ਚੱਕ ਵੱਢ ਰਿਹਾ ਸੀ। ਉਹਦਾ ਟੀਚਾ ਹਵਾ ਨੂੰ ਗੰਢ ਮਾਰਨ ਦਾ ਸੀ। ਉਹਨੂੰ ਜਦੋਂ ਵੀ ਮੌਕਾ ਮਿਲਦਾ, ਪਿੰਡ ਵਿਚ ਵਿਕਾਊ ਜ਼ਮੀਨ ਟਟੋਲਦਾ।

ਦਸ ਵਰ੍ਹੇ ਹੋਰ। ਸੁੱਚੇ ਨੂੰ ਪਤਾ ਹੀ ਨਾ ਲੱਗਾ ਕਦੋਂ ਹੱਥਾਂ 'ਚੋਂ ਤਿਲਕ ਗਏ।

ਸਮਾਂ ਤੇਜ਼ੀ ਨਾਲ ਬਦਲਿਆ। ਕਿੱਤੇ ਨੂੰ ਢਾਹ ਲੱਗਣੀ ਸ਼ੁਰੂ ਹੋਈ। ਕਈ ਨਚਾਰ ਪਾਰਟੀਆਂ 'ਚ ਅਸਲੀ ਕੁੜੀਆਂ ਨੱਚਣ ਲੱਗੀਆਂ ਸਨ। ਸੁੱਚਾ ਇਸ ਅਧੋਗਤੀ ਲਈ ਪਹਿਲਾਂ ਹੀ ਤਿਆਰ ਸੀ। ਉਸ ਉਸਤਾਦ ਦੇ ਪੈਰੀਂ ਹੱਥ ਲਾਏ ਅਤੇ ਹਮੇਸ਼ਾ ਲਈ ਆਗਿਆ ਮੰਗੀ।...

ਜਿਸ ਦਿਨ ਸੁੱਚੇ ਦੁਬਾਰਾ ਪਿੰਡ 'ਚ ਪੈਰ ਧਰਿਆ। ਚਾਰ ਕਿੱਲੇ ਬੈਅ ਉਹਦੇ ਨਾਂ ਬੋਲਦੀ ਸੀ। ਦਰਸ਼ੂ ਬਾਘੀਆਂ ਪਾਉਣ ਲੱਗਾ। ਗੁਲਜ਼ਾਰੋ ਦੇਖਦੀ ਰਹਿ ਗਈ।

ਸੁੱਚੇ ਲਈ ਇੱਕੋ ਮੁਹਿੰਮ ਬਾਕੀ ਸੀ। ਦਰਸ਼ੂ ਦਾ ਵਿਆਹ...

ਜਦੋਂ ਚਾਰ ਕਿੱਲੇ ਬੈਅ ਅਤੇ ਡੇਅਰੀ ਨੂੰ ਵੀ ਕੋਈ ਸਾਕ ਦੇਹਲੀ ਨਾ ਚੜ੍ਹਿਆ ਤਾਂ ਸੁੱਚੇ ਨੂੰ ਫ਼ਿਕਰ ਹੋਈ। ਸ਼ਰੀਕੇ ਦੀ ਚੁੱਪ ਵੀ ਸਮਝ ਆਉਣ ਲੱਗੀ। ਨੱਚਣ ਦੇ ਕਲੰਕ ਬਾਰੇ ਵੀ ਕੋਈ ਸੰਸਾ ਨਾ ਰਿਹਾ।

ਕਿਸੇ ਕਿਹਾ, ਦਰਸ਼ੂ ਦੇ ਸਾਕ ਵਾਲੀ ਘੁੰਡੀ, ਬਿੰਦਰੋ ਕੱਢ ਸਕਦੀ ਸੀ।

ਇਹ ਬਿੰਦਰੋ ਕੌਣ ਸੀ? ਸੁੱਚੇ ਸੂਹ ਲਈ।

ਦੁਆਬੇ ਵੱਲ ਦੇ ਕਿਸੇ ਪਿੰਡੋਂ ਮਹਿਰਿਆਂ ਦੀ ਧੀ ਸੀ।

ਐਸੇ ਰਾਹ ਪਈ ਕਿ ਵਿਕਦੀ-ਵਿਕਾਂਦੀ ਕਲਕਤੇ ਦੀ ਸੋਨਾਗਾਚੀ ਪਹੁੰਚ ਗਈ। ਉਥੋਂ ਫ਼ੌਜੀ ਤਲੰਗੇ ਨਾਲ ਮੁੱਚੇ ਕੇ ਪਿੰਡ ਆ ਗਈ।

ਫ਼ੌਜੀ ਤਲੰਗੇ ਦੇ ਮਾਪੇ ਨਹੀਂ ਸਨ। ਫ਼ੌਜ ਵਿਚ ਜਾ ਭਰਤੀ ਹੋਇਆ। ਇਕ ਦਿਨ ਹਾਸੇ-ਠੱਠੇ 'ਚ ਉਹਦੇ ਇਕ ਦੋਸਤ ਲਾਂਸ-ਨਾਇਕ ਤੋਂ ਗੋਲੀ ਚੱਲ ਕੇ ਫ਼ੌਜੀ ਦਾ ਪੱਟ ਵਿੰਨ੍ਹ ਗਈ। ਗੈਂਗਰੀਨ ਹੋ ਗਈ ਤਾਂ ਲੱਤ ਵੱਢ੍ਹ ਦਿੱਤੀ। ਨਕਾਰਾ ਫ਼ੌਜੀ ਘਰ ਤੋਰ ਦਿੱਤਾ ਗਿਆ। ਮੁਅੱਤਲ ਲਾਂਸ-ਨਾਇਕ ਜਾਣਦਾ ਸੀ, ਫ਼ੌਜੀ ਦੇ ਰੋਟੀ-ਟੁੱਕ ਵਾਲਾ ਕੋਈ ਨਹੀਂ ਸੀ। ਪ੍ਰਾਸ਼ਚਿਤ ਅਤੇ ਰਾਜ਼ੀਨਾਵੇਂ ਤਹਿਤ ਉਸ ਇਕ ਕੋਠੇ ਤੋਂ ਮੁੱਲ ਤਾਰ ਕੇ ਬਿੰਦਰੋ ਫ਼ੌਜੀ ਨਾਲ ਤੋਰ ਦਿੱਤੀ।

ਇਸ ਤੋਂ ਪਹਿਲਾਂ ਕਿ ਸਰਕਾਰ ਫ਼ੌਜੀ ਦੀ ਪੈਨਸ਼ਨ ਵਾਲੀ ਫਾਈਲ ਤੋਰਦੀ; ਜਿਸਮ ਵਿੱਚ ਫੈਲੀ ਗੈਂਗਰੀਨ ਫ਼ੌਜੀ ਹੀ ਲੈ ਕੇ ਤੁਰਦੀ ਬਣੀ।...

ਨਿਆਸਰੀ ਬਿੰਦਰੋ ਫ਼ੌਜੀ ਦਾ ਕੱਚਾ ਕੋਠਾ ਹੀ ਨਸੀਬ ਮੰਨ ਲਿਆ।

ਪਿੰਡ ਦੀ ਮੁਢੀਰ ਤਾਂ ਬਾਘੀਆਂ ਪਾਉਣ ਲੱਗੀ। ਇਕੱਲੀ ਤੀਵੀਂ। ਉਤੋਂ ਵਿਧਵਾ। ਜਵਾਨ। ਮੁਢੀਰ ਦੂਜੇ-ਚੌਥੇ ਹੀ ਦਰ ਜਾ ਖੜਕਾਏ।

ਬਿੰਦਰੋ ਥਾਣੇ ਜਾ ਖੜ੍ਹੀ।

"ਜੀ ਇਕ ਇਤਲਾਹ ਕਰਨੀਂ ਸੀ।"

"ਕੈਸੀ ਇਤਲਾਹ?" ਮੁਣਸ਼ੀ ਕੌੜ ਅੱਖ ਝਾਕਿਆ।

"ਜੀ ਮੈਂ ਬਿੰਦਰੋ, ਸੰਮਸਪੁਰੇ ਤੋਂ ਫ਼ੌਜੀ ਤਲੰਗੇ ਦੀ ਵਿਧਵਾ... ਕੁਝ ਕੁੱਤਿਆਂ ਦੀ ਨੀਤ ਠੀਕ ਨਹੀਂ ਮੇਰੇ ਬਾਰੇ। ਕਹੋ ਤਾਂ ਨਾਂ ਦੱਸਾਂ?"

"ਕਮਾਲ ਐ ! ਲੀੜਿਆਂ 'ਚ ਅੱਗ ਵੀ ਲਈ ਫਿਰਦੀ ਐ ਅਰ ਕਹਿੰਨੀ ਏ ਸੇਕ ਤੋਂ ਵੀ ਬਚੋ।"

"ਚੱਲ ਤੇਰੀ ਮਰਜ਼ੀ... ਮੈਂ ਕਿਹਾ ਦੱਸ ਦਿਆਂ... ਫੇ ਨਾ ਕਹੀਂ ਕਿਸੇ ਦੀ ਘੰਡੀ ਵੱਢ੍ਹੀ ਗਈ।"

ਮੁੜੀ ਤਾਂ ਪਿੱਛੇ ਥਾਣੇਦਾਰ ਖੜ੍ਹਾ ਸੀ।

"ਕਿਹੜੀ ਐ ਉਏ ਤੂੰ ਘੰਡੀ ਵੱਢਣ ਵਾਲੀ। ਨਿਕਲਦੀ ਐਂ ਐਥੋਂ ਕਿ ਕਰਾਵਾਂ ਘੀਸੀ?"

ਬਿੰਦਰੋ ਹਉਕਾ ਲਿਆ। ਦੋ ਕਦਮ ਤੁਰੀ। ਫਿਰ ਵਾਪਿਸ ਆਈ। ਥਾਣੇਦਾਰ ਦੀਆਂ ਅੱਖਾਂ 'ਚ ਸਿੱਧਾ ਝਾਕੀ।

"ਘੀਸੀ ਕਰਨੀਂ ਹੋਈ ਤਾਂ ਤੇਰੇ ਤੋਂ ਉੱਤੇ ਵਾਲੇ ਦੀ ਕਰੂੰਗੀ, ਤੇਰੀ ਕਿਉਂ?"

ਥਾਣੇਦਾਰ ਤ੍ਰਭਕਿਆ। ਲੱਗਾ, ਤੀਵੀਂ ਖ਼ੈਰ-ਹੱਥੀ ਨਹੀਂ ਸੀ।



ਉਹ ਦਿਨ ਤੇ ਆਹ ਦਿਨ। ਬਿੰਦਰੋ ਵੱਲ ਕਿਸੇ ਅੱਖ ਪੁੱਟ ਕੇ ਨਹੀਂ ਸੀ ਝਾਕਿਆ। ਉਸ ਜਵਾਨੀ ਭੱਠੀ 'ਚ ਝੋਕ ਦਿੱਤੀ ਸੀ। ਉਹ ਹਰ ਕਿਸੇ ਲਈ ਬਿੰਦਰੋ ਮਾਸੀ ਸੀ। ਲੋਕ ਉਹਦੀ ਕਦਰ ਕਰਦੇ। ਇਸ ਕਰਕੇ ਨਹੀਂ ਕਿ ਉਹ ਦਾਣੇ ਭੁੰਨ ਕੇ ਢਿੱਡ ਤੋਰਦੀ ਸੀ। ਉਸਦਾ ਇਕ ਜਥ੍ਹਾ ਸੀ। ਪਿੰਡ ਵਿਚ ਕੋਈ ਵੀ ਅੜਿਆ ਕੰਮ ਬਿੰਦਰੋ ਲਈ ਚੁਟਕੀ ਦੀ ਖੇਡ ਸੀ। ਰਿਸ਼ਤਾ, ਲੜਾਈ, ਰਾਜ਼ੀਨਾਮਾ, ਤਲਾਕ, ਪੁਲਿਸ, ਪੰਚਾਇਤ ਸਭ ਥਾਂ ਉਹਦੀ ਸਾਖ ਸੀ।

ਬਿੰਦਰੋ ਦੇ ਕੁਝ ਅਸੂਲ ਸਨ। ਉਹ ਹੱਕ ਦੀ ਖਾਣ ਵਾਲਿਆਂ 'ਚੋਂ ਸੀ। ਝੂਠ, ਧੋਖਾ ਫ਼ਰੇਬ ਅਤੇ ਚੁਗਲੀਬਾਜ਼ੀ ਲਈ ਉਹਦੇ ਕੋਲ ਥਾਂ ਨਹੀਂ ਸੀ। ਮੁਫ਼ਤ ਵਿਚ ਉਹ ਚਪੇੜ ਵੀ ਨਹੀਂ ਸੀ ਮਾਰਦੀ। ਹਰਾਮ ਦੀ ਕੌਡੀ ਵੀ ਨਹੀਂ ਸੀ ਲੈਂਦੀ। ਵਾਧੂ ਪੈਸਾ ਲੋੜਵੰਦਾਂ 'ਤੇ ਰੋੜ੍ਹਦੀ। ਪੁਲਿਸ ਪੁੱਛ ਕੇ ਖੰਘਦੀ।

ਇਸ ਤੋਂ ਪਹਿਲਾਂ ਕਿ ਸੁੱਚੇ ਦਾ ਹੀਆ ਪੈਂਦਾ। ਗੁਲਜ਼ਾਰੋ ਹੀ ਦਰਸ਼ੂ ਦੇ ਸਾਕ ਬਦਲੇ ਬਿੰਦਰੋ ਮੂਹਰੇ ਵਿੱਸ ਪਈ।...

ਅਗਲੀ ਰਾਤ ਬਿੰਦਰੋ ਦਰਸ਼ੂ ਸਰ੍ਹਾਣੇ ਜਾ ਖੜ੍ਹੀ।

"ਲੰਮੀਆਂ ਤਾਣੀ ਪਿਐਂ, ਹੋਸ਼ ਹੈ ਕਿ ਨਹੀਂ?"

"ਮਾਸੀ ਤੂੰ? ਐਸ ਵੇਲੇ?" ਦਰਸ਼ੂ ਦੀ ਖਾਨਿਉਂ ਗਈ।

"ਤੇਰੇ ਪਿਉ ਕੰਜਰ ਤਾਂ ਘੁੰਗਰੀ ਪਾ ਕੇ ਨੱਚ ਲਿਆ। ਤੂੰ ਕੀਹਦੀ ਆਸ 'ਤੇ ਬੈਠੈਂ?"

"ਕਾਹਦੀ ਆਸ ਮਾਸੀ, ਜਦ ਉਮਰਾ ਬੀਤ ਗਈ।" ਦਰਸ਼ੂ ਹਉਕਾ ਲਿਆ।

"ਹੈ ਕਮਲਾ ! ਆਹੀ ਤਾਂ ਉਮਰ ਐ ਪੀਂਘ ਝੂਟਣ ਦੀ, ਤੂੰ ਊਂ ਈ ਭੁੰਜੇ ਲਹਿ ਗਿਆ।"

ਦਰਸ਼ੂ ਹਨੇਰੇ 'ਚ ਝਾਕਣ ਲੱਗਾ। ਅੰਦਰ ਝਰਨਾਹਟ ਫਿਰੀ। "ਸੱਚੀਂ ਮਾਸੀ?"

"ਤੂੰ ਹਾਮੀ ਭਰ। ਜੇ ਹੈ ਹੱਡੀ 'ਚ ਤੰਤ ਤਾਂ ਲਾਵਾਂ ਰੱਬ ਦੀ ਧੂੰਨੀ ਨੂੰ ਜੀਭ..."

"ਬਾਪੂ ਮੰਨ ਜੂ?"

"ਮੰਨੂ ਕਿਉਂ ਨਹੀਂ। ਜੇ ਕੱਲ੍ਹ ਨੂੰ ਬੁੜੀ ਦਾ ਵੱਜ ਗਿਆ ਘੋਰੜੂ... ਵੇ ਕੀ ਛੈਣੇ ਵਜਾਊ ਚੁੱਲ੍ਹੇ ਮੂਹਰੇ?"

"ਮੈਂ ਤਾਂ ਰਾਜ਼ੀ ਆਂ ਮਾਸੀ।"

ਰਿਸ਼ਤੇ ਦਾ ਢਾਹ-ਭੰਨ ਬਿੰਦਰੋ ਲਈ ਚੁਟਕੀ ਦੀ ਖੇਡ ਸੀ।

ਪੰਦਰਾਂ ਦਿਨਾਂ 'ਚ ਦਰਸ਼ੂ ਦਾ ਵਿਆਹ ਹੋ ਗਿਆ।

ਸ਼ਰੀਕਾਂ ਦੀ ਹਿੱਕ 'ਤੇ ਮੂੰਗ ਦਲੀ ਗਈ।

ਸੁੱਚਾ ਅਤੇ ਗੁਲਜ਼ਾਰੋ ਭਾਵੇਂ ਰੁਪੈ ਪੈਸੇ ਵੱਲੋਂ ਹੱਥਲ ਹੋ ਚੁੱਕੇ ਸਨ, ਪਰ ਪੁੱਤਰ ਦਾ ਵਿਆਹ ਹੋ ਜਾਣ ਕਾਰਨ ਹੌਸਲੇ 'ਚ ਸਨ। ਪਹਿਲਾਂ ਸ਼ਰੀਕ ਸੁੱਚੇ ਤੋਂ ਪਾਸਾ ਵੱਟਦੇ ਸਨ; ਹੁਣ

ਸੁੱਚਾ ਪਾਸਾ ਵੱਟਣ ਲੱਗਾ। ਗੁਲਜ਼ਾਰੋ ਤੀਵੀਆਂ 'ਚ ਬੈਠੀ ਨੱਕ 'ਚੋਂ ਠੂੰਹੇ ਸਿੱਟਦੀ। ਨਚਾਰ ਹੋਣ ਦਾ ਕਲੰਕ ਸੁੱਚੇ ਧੋ ਕੇ ਰੱਖ ਦਿੱਤਾ ਸੀ।...

ਮਹੀਨਾਂ ਵੀ ਨਹੀਂ ਸੀ ਲੰਘਿਆ ਕਿ ਇਕ ਰਾਤ ਕੋਠੇ 'ਤੇ ਸੁੱਤਾ ਪਿਆ ਸੁੱਚਾ, ਗੁਲਜ਼ਾਰੋ ਝੂਣਿਆ।

"ਕੀ ਹੋਇਆ?" ਸੁੱਚਾ ਘਾਬਰ ਕੇ ਉੱਠਿਆ।

"ਦਰਸ਼ੂ ਦੇ ਬਾਪੂ ਮਨ ਨਹੀਂ ਖੜ੍ਹ ਰਿਹਾ।" ਗੁਲਜ਼ਾਰੋ ਅੱਖਾਂ ਭਰ ਆਈ।

"ਹੈ ਕਮਲੀ! ਪੁੱਤ ਵਿਆਹਿਆ ਗਿਆ। ਸਿਆੜ ਬਣ ਗਏ। ਹੋਰ ਕੀ ਸੰਸੇ?"

"ਸੰਸਾ ਕੋਈ ਨਹੀਂ, ਪਰ ਲਗਦੈ ਕੁਝ ਗ਼ਲਤ ਹੋ ਗਿਐ।"

"ਗ਼ਲਤ ਹੋ ਗਿਆ? ਕੀ?" ਸੁੱਚਾ ਹੈਰਾਨ ਸੀ।

"ਕੱਲ੍ਹ ਬਹੁਤ ਡਰ ਲੱਗਿਆ ਦਰਸ਼ੂ ਦੇ ਬਾਪੂ।" ਗੁਲਜ਼ਾਰੋ ਦੇਰ ਬਾਦ ਬੋਲੀ।

"ਕਿਉਂ?"

"ਬਹੂ ਕਬਰਾਂ ਫਰੋਲਣ ਬੈਠ ਗਈ।"

"ਕੀਹਦੀਆਂ ਕਬਰਾਂ?" ਸੁੱਚੇ ਦੀ ਸਾਰੀ ਨੀਂਦ ਜਾਂਦੀ ਰਹੀ।

"ਕਹਿੰਦੀ, ਮਾਂ ਜੀ ਤੈਂ ਦੇਖਿਐ ਬਾਪੂ ਜੀ ਤੀਮੀ ਬਣ ਕੇ ਨੱਚਦਾ?"

"ਤੈਂ ਕੀ ਕਿਹਾ?" ਸੁੱਚੇ ਦਾ ਅੰਦਰ ਕੰਬਿਆ।

"ਮੈਂ ਕੀ ਕਹਿੰਦੀ... ਉਹੋ ਬੋਲੀ ਗਈ। ਕਹਿੰਦੀ, ਘਰੇ ਆ ਕੇ ਬੰਦਾ ਕਿਮੇਂ ਬਣਦਾ ਸੀ।"

"ਚਲ ਛੱਡ, ਨਿਆਣੀ ਮੱਤ ਐ।" ਸੁੱਚੇ ਬੁਝੇ ਮਨ ਕਿਹਾ।

"ਨਿਆਣੀ ਐਂ? ਜਿਹੜੀ ਉੱਘ ਦੀਆਂ ਪੁੱਛਦੀ ਐ।"

"ਹੋਰ ਕੀ ਪੁੱਛਿਆ?"

"ਕਹਿੰਦੀ, ਨਚਾਰਾਂ 'ਚ ਜਾਣ ਤੋਂ ਬਾਦ ਕੋਈ ਜੁਆਕ ਕਿਉਂ ਨਹੀਂ ਜੰਮਿਆ?"

ਸੁੱਚੇ ਦਾ ਮੱਥਾ ਠਣਕਿਆ। ਇਨ੍ਹਾਂ ਪੁੱਛਾਂ ਦਾ ਕੀ ਮਤਲਬ? ਮੱਥੇ ਵਿਚ ਭੈਅ ਦੀ ਇਕ ਕਾਂਗ ਉੱਠੀ। ਮੋਈ ਜਿਹੀ ਅਵਾਜ਼ 'ਚ ਕਿਹਾ।

"ਕੋਈ ਨਾ... ਤੂੰ ਸੌਂ ਜਾ ਕੇ।"

"ਏਨਾਂ ਕੁਝ ਸੁਣ ਕੇ ਨੀਂਦ ਆ ਜੂ ਕਿਸੇ ਨੂੰ?"

"ਚੱਲ, ਮਿੱਟੀ ਪਾ ਤੂੰ...।"

"ਕੀਹਦੇ ਕੀਹਦੇ 'ਤੇ ਪਾਵਾਂ ਮਿੱਟੀ?"

"ਹੋਰ ਕੀ ਹੋਇਆ?" ਸੁੱਚੇ ਦੀ ਘਿੱਗੀ ਬੈਠ ਰਹੀ ਸੀ।

"ਕੱਲ੍ਹ ਆਈ ਮੈਂ ਬਾਹਰੋਂ। ਅਗੇ ਬਹੂ ਤੇਰੀ ਟਰੰਕੀ 'ਚੋਂ ਸੂਟ 'ਤੇ ਘੱਗਰਾ ਪਾਈ ਖੜ੍ਹੀ। ਮੈਂ ਤਾਂ ਥਾਏਂ ਮਿੱਟੀ ਹੋ ਗਈ।"

"ਉਹਦੇ ਤਾਂ ਜਿੰਦਾ ਮਾਰਿਆ ਸੀ ਮੈਂ..."



"ਕੀ ਪਤਾ ਕਿਮੇਂ ਤੋੜਿਆ। ਭੋਰਾ ਸ਼ਰਮ ਨਹੀਂ ਮੰਨੀ ਮੇਰੀ। ਮੇਰੇ ਸਾਮ੍ਹਣੇ ਸੁਰਖ਼ੀ ਬਿੰਦੀ ਲਾ ਕੇ ਸ਼ੀਸ਼ੇ ਮੂਹਰੇ ਜਾ ਖੜ੍ਹੀ। ਤੇਰੀ ਲੀਰਾਂ ਭਰ ਕੇ ਸਿਊਂਤੀ ਅੰਗੀ ਲਹਿਰਾ ਕੇ ਕਹਿੰਦੀ, ਮਾਂ ਜੀ ਐਹਨੂੰ ਕਿਵੇਂ ਪਾਵਾਂ? ਜੇ ਕਹੋਂ ਤਾਂ ਬਾਪੂ ਜੀ ਨੂੰ ਪੁੱਛਾਂ?"

ਸੁੱਚੇ ਡੂੰਘਾ ਹਉਕਾ ਲਿਆ। ਵੀਹ ਸਾਲ ਉਹ ਜੱਗ-ਜਹਾਨ ਤੇ ਤੀਵੀਂ ਬਣ ਕੇ ਨੱਚਿਆ। ਅਸ਼ਲੀਲ ਗੱਲਾਂ ਸੁਣੀਆਂ। ਲੱਚਰ ਹਰਕਤਾਂ ਕੀਤੀਆਂ। ਕਦੇ ਇਤਨਾਂ ਬੁਰਾ ਨਹੀਂ ਸੀ ਲੱਗਿਆ। ਨਾ ਪੀੜ ਹੋਈ। ਗੁਲਜ਼ਾਰੋ ਕਦੋਂ ਉੱਠ ਕੇ ਚਲੀ ਗਈ, ਪਤਾ ਹੀ ਨਾ ਲੱਗਿਆ। ਹਨੇਰੇ 'ਚ ਦੇਖਦੇ ਸੁੱਚੇ ਨੂੰ ਲੱਗਿਆ ਜਿਵੇਂ ਅਸਮਾਨ ਤੋਂ ਟੁੱਟ-ਟੁੱਟ ਤਾਰੇ ਉਹਦੀ ਛਾਤੀ 'ਚ ਕੱਠੇ ਹੋ ਰਹੇ ਹੋਣ।...

ਇਹ ਕਿਹਾ ਕਲੰਕ ਸੀ? ਜੋ ਸੁੱਚੇ ਦਾ ਹਰ ਦਿਨ ਗ੍ਰਹਿਣ ਰਿਹਾ ਸੀ। ਇਸਦਾ ਅੰਤ ਕੀ ਸੀ? ਨਾ ਚਾਹੁੰਦੇ ਹੋਏ ਵੀ ਉਹ ਦੋਵੇਂ ਨੂੰਹ ਪੁੱਤ ਦੇ ਰਿਸ਼ਤੇ ਬਾਰੇ ਫ਼ਿਕਰਮੰਦ ਹੋ ਗਏ। ਜਿਵੇਂ ਹਰ ਪੀੜਾ ਜਰ ਜਾਣ ਦੇ ਆਦੀ ਸਨ। ਇਹ ਪੀੜਾ ਵੀ ਜਰ ਗਏ। ਪਰ ਕਿਸੇ ਭੈਅ ਵਿਚ ਨੂੰਹ ਪੁੱਤ ਦੀ ਬਿੜਕ ਰੱਖਣ ਲੱਗੇ।

ਉਹੋ ਗੱਲ ਹੋਈ।...

ਇਕ ਰਾਤ ਉਹਨਾਂ ਦਰਸ਼ੂ ਅਤੇ ਰੱਤੋ ਵਿਚ ਤੂੰ-ਤੂੰ, ਮੈਂ-ਮੈਂ ਸੁਣੀ।

"ਮੇਰੇ ਬਾਰੇ ਜਾਣਨੈ ਕੁਝ?" ਰੱਤੋ ਦਰਸ਼ੂ ਨੂੰ ਪੁੱਛ ਰਹੀ ਸੀ।

"ਬਹੁਤਾ ਨਹੀਂ... ਬਸ ਜਿਤਨਾਂ ਬਿੰਦਰੋ ਮਾਸੀ ਦੱਸਿਆ।"

"ਬਿੰਦਰੋ ਨੂੰ ਤਾਂ ਮੇਰੇ ਬਾਰੇ ਕੁਝ ਵੀ ਪਤਾ ਨਹੀਂ।"

"ਕਿਉਂ?"

"ਨਾ ਉਸ ਪੁੱਛਿਆ, ਨਾ ਮੈਂ ਦੱਸਿਆ।"

"ਫਿਰ ਵੀ..."

"ਤੂੰ ਕੀ ਸਮਝਦੈਂ ਮੈਂ ਹੀਜੜਾ ਬਣ ਕੇ ਨੱਚਣ ਵਾਲੇ ਦੇ ਮੁੰਡੇ ਨਾਲ ਚਾਰ ਮਹੀਆਂ ਕਰਕੇ ਆ ਗਈ?"

"ਪਰ ਰਿਸ਼ਤਾ ਤਾਂ ਤੇਰੀ ਮਰਜ਼ੀ ਨਾਲ ਹੋਇਆ।"

"ਕੀਹਦੀ ਮਰਜ਼ੀ? ਮੇਰੀ ਮਤੇਈ ਮਾਂ ਦੀ? ਜੀਹਨੇਂ ਮੁੱਲ ਵੱਟ ਲਿਆ।"

"ਤੂੰ ਨਾਂਹ ਕਰ ਦਿੰਦੀ।"

"ਨਹੀਂ ਸੀ ਕਰ ਸਕਦੀ।..."

"ਕਿਉਂ?"

"ਮੇਰੀ ਕੁੱਖ ਵਿੱਚ ਬੱਚਾ ਸੀ ਤਿੰਨ ਮਹੀਨੇ ਦਾ...।"

ਦਰਸ਼ੂ ਦੇ ਸਿਰ 'ਤੇ ਜਿਵੇਂ ਬੰਬ ਡਿੱਗਿਆ। ਚੱਕਰ ਆਇਆ। ਲੱਤਾਂ ਕੰਬੀਆਂ। ਹੋਸ਼ ਆਈ ਤਾਂ ਕਿਹਾ।

"ਮੈਂ ਨਹੀਂ ਮੰਨਦਾ... ਜੇ ਸੱਚ ਐ ਤਾਂ ਮੈਨੂੰ ਕਿਉਂ ਦੱਸ ਰਹੀ ਏਂ?"

"ਦੱਸਣ ਦੀ ਲੋੜ ਹੀ ਨਹੀਂ ਸੀ ਪੈਣੀ। ਦੋ ਦਿਨ ਪਹਿਲਾਂ ਮੈਂ ਖਿਸਕ ਜਾਣਾ ਸੀ। ਤੇਰੀ ਮਾਂ ਨਾਲ ਮੈਂ ਬਦਤਮੀਜ਼ੀ ਕੀਤੀ। ਜ਼ਾਹਿਰ ਹੈ ਉਹਨੇ ਤੇਰੇ ਪਿਉ ਨੂੰ ਵੀ ਦੱਸਿਆ ਹੋਊ। ਹਫ਼ਤਾ ਬੀਤ ਗਿਆ। ਕੋਈ ਵਿਸਫੋਟ ਨਹੀਂ ਹੋਇਆ। ਫਿਰ ਨਵੇਂ ਸਿਰੇ ਤੋਂ ਸੋਚਿਆ, ਕਿ ਇੱਥੇ ਤਾਂ ਮੈਂ ਸਭ ਤੋਂ ਵੱਧ ਸੁਰੱਖਿਅਤ ਹਾਂ। ਮੈਂ ਕਿਉਂ ਦੌੜਾਂ..."

"ਕੀ ਬਕ ਰਹੀ ਏਂ ਤੂੰ, ਮੈਂ ਨਹੀਂ ਸਮਝ ਰਿਹਾ।"

"ਦੇਖ, ਬੜੀ ਸਿੱਧੀ ਗੱਲ ਐ... ਤੂੰ ਚਾਹੁੰਨੈਂ ਤੇਰੀ ਤੇ ਤੇਰੇ ਪਿਉ ਦੀ ਪਿੰਡ ਵਿਚ ਇੱਜ਼ਤ ਬਣੀ ਰਹੇ, ਤਾਂ ਮੇਰੀ ਇਕ ਸ਼ਰਤ ਹੈ।"

"ਕੀ ?"

"ਇਸ ਬੱਚੇ ਬਾਰੇ ਨਹੀਂ ਪੁੱਛੇਂਗਾ ਤੇ ਅਗੋਂ ਵੀ ਮੇਰੇ ਸੰਬੰਧ ਬਰਦਾਸ਼ਤ ਕਰੇਂਗਾ।"

ਦਰਸ਼ੂ ਨੂੰ ਲੱਗਾ, ਉਹਦੇ ਕੰਨਾਂ ਵਿੱਚ ਸਿੱਕਾ ਢਲ ਰਿਹਾ ਸੀ।

ਅਗਲੀ ਸਵੇਰ ਉਹ ਬਿੰਦਰੋ ਮਾਸੀ ਕੋਲ ਵਿਲਕ ਪਿਆ।

ਬਿੰਦਰੋ ਸੁਣਦੇ ਮਿੱਟੀ ਹੋ ਗਈ। ਦੂਜੇ ਦਿਨ ਉਹ ਸੁੱਚੇ ਅਤੇ ਗੁਲਜ਼ਾਰੇ ਕੋਲ ਆਈ ਅਤੇ ਕਿਹਾ।

"ਧੋਖਾ ਹੋ ਗਿਆ ਭਾਈਆ ! ਤੇਰੇ ਪੁੱਤ ਨਾਲ। ਉਹ ਵੀ ਮੇਰੇ ਰਾਹੀਂ। ਸਭ ਨੂੰ ਪਤੈ ਮੈਂ ਹਰਾਮ ਦੀ ਕੌਡੀ ਨਹੀਂ ਲੈਂਦੀ। ਹੁਣ ਵਿਚੋਲਗਿਰੀ ਦੀ ਮੁੰਦਰੀ ਤੇ ਝੋਟੀ 'ਤੇ ਮੇਰਾ ਕੋਈ ਹੱਕ ਨਹੀਂ। ਅੱਜ ਤੋਂ ਬਾਦ ਤੁਸੀਂ ਸੁਰਖ਼ਰੂ। ਇਸ ਧੋਖੇ ਨਾਲ ਹੁਣ ਮੈਂ ਨਿਪਟੂੰਗੀ।"

ਗੁਲਜ਼ਾਰੇ ਅਤੇ ਸੁੱਚਾ ਪਹਿਲਾਂ ਹੀ ਡਰੇ ਹੋਏ ਸਨ। ਹੋਰ ਸਹਿਮ ਗਏ।...

ਰੱਤੋ ਨੂੰ ਉਮੀਦ ਸੀ ਵੱਡਾ ਹੰਗਾਮਾ ਹੋਏਗਾ। ਜਦੋਂ ਭੋਰਾ ਵੀ ਧੂੰਆ ਨਾ ਨਿਕਲਿਆ ਤਾਂ ਉਸ ਵੱਡਾ ਦਾਈਆ ਮਿਥ ਲਿਆ। ਰੱਤੋਂ ਜਾਣ ਗਈ ਕਿ ਸੁੱਚਾ ਅਤੇ ਗੁਲਜ਼ਾਰੋ ਦਰਸ਼ੂ ਦੇ ਵਿਆਹ ਨੂੰ ਲੈ ਕੇ ਕਿਤਨੇ ਉਲਾਰ ਸਨ। ਪਿੰਡ ਵਾਲੇ ਸੁੱਚੇ ਨੂੰ ਨਫ਼ਰਤ ਕਰਦੇ। ਨਚਾਰ ਹੋਣ ਦੇ ਕਲੰਕ ਨੂੰ ਹੀ ਰੱਤੋ ਹਥਿਆਰ ਵਜੋਂ ਵਰਤਣ ਦਾ ਮਨ ਬਣਾ ਲਿਆ।

ਰੱਤੋ ਦੀ ਮਸੇਰ ਭਰਾ ਰਾਜਨ ਨਾਲ ਆਸ਼ਨਾਈ ਸੀ। ਰੱਤੋ ਦੇ ਮਾਂ ਪਿਉ ਨਹੀਂ ਸਨ। ਮਤੇਈ ਮਾਂ ਸੀ। ਉਸ ਰੱਤੋ ਦਾ ਜੋ ਵੱਟ ਸਕਦੀ ਸੀ ਵੱਟ ਲਿਆ। ਰੱਤੋ ਜਦੋਂ ਰਾਜਨ ਤੋਂ ਹਾਮਲਾ ਹੋ ਗਈ ਤਾਂ ਰੱਤੋ ਸੋਚਿਆ ਜਿਤਨੀ ਛੇਤੀ ਹੋ ਸਕੇ ਕਿਸੇ ਨਾਲ ਵੀ ਵਿਆਹ ਕਰ ਲਿਆ ਜਾਵੇ। ਰਾਜਨ ਰੱਤੋ ਤੋਂ ਕਈ ਵਰ੍ਹੇ ਵੱਡਾ, ਮੁਟਿਆਰ ਧੀ ਦਾ ਪਿਉ ਅਤੇ ਨੌਕਰੀ ਤੋਂ ਬਰਖ਼ਾਸਤ ਪਟਵਾਰੀ ਸੀ। ਇਸੇ ਦੌਰਾਨ ਬਿੰਦਰੋ ਆਈ ਤਾਂ ਰੱਤੋ ਦਰਸ਼ੂ ਲਈ ਹਾਂ ਕਰ ਦਿੱਤੀ।

ਪਹਿਲਾਂ ਤਾਂ ਰਾਜਨ ਅਤੇ ਰੱਤੋ ਨੇ ਸੋਚਿਆ, ਜੋ ਹੱਥ ਲੱਗੇ ਲੈ ਕੇ ਖਿਸਕਿਆ ਜਾਵੇ। ਫਿਰ ਰੱਤੋ ਨੇ ਦੇਖਿਆ ਕਿ ਦਰਸ਼ੂ ਕਾ ਟੱਬਰ ਤਾਂ ਹੌਜਲਿਆਂ ਜਿਹਾ ਸੀ। ਸੋਚਿਆ, ਕਿਉਂ ਨਾ ਪੱਤੇ ਦਿਖਾ ਕੇ ਬਾਜ਼ੀ ਖੇਡੀ ਜਾਵੇ।



ਸਿੱਧੀ ਪੈ ਗਈ ਤਾਂ ਸਾਰੀ ਉਮਰ ਇਸ਼ਕ ਵੀ ਚੱਲੇਗਾ ਤੇ ਐਸ਼ ਵੀ।...

ਸਭ ਕੁਝ ਰੱਤੋ ਮੁਤਾਬਿਕ ਹੋ ਰਿਹਾ ਸੀ। ਉਹ ਹਿੱਕ ਠੋਕ ਕੇ ਹਰਾਮ ਦਾ ਜਵਾਕ ਜੰਮ ਰਹੀ ਸੀ। ਉਹ ਨਹੀਂ ਸੀ ਜਾਣਦੀ, ਉਸਦਾ ਪਰਪੰਚ ਸੁੱਚਾ ਅਤੇ ਗੁਲਜ਼ਾਰੋ ਵੀ ਜਾਣ ਚੁੱਕੇ ਸਨ। ਪਰ ਚੁੱਪ ਸਨ। ਰੱਤੋ ਚਾਹੁੰਦੀ ਸੀ ਕਿਸੇ ਤਰ੍ਹਾਂ ਰਾਜਨ ਨੂੰ ਘਰ ਵਾੜ ਕੇ ਰਿਸ਼ਤੇ ਨੂੰ ਸੰਨ੍ਹ ਲਾਈ ਜਾ ਸਕੇ। ਉਸ ਛੇਤੀ ਹੀ ਮੌਕਾ ਤਲਾਸ਼ ਕਰ ਲਿਆ।

ਇਕ ਦਿਨ ਰੱਤੋ ਦਰਸ਼ੂ ਨੂੰ ਕਿਹਾ, ਉਹ ਜਣੇਪੇ ਦੌਰਾਨ ਰਾਜਨ ਦੀ ਧੀ ਚਾਰੂ ਨੂੰ ਆਪਣੇ ਕੋਲ ਰੱਖਣਾ ਚਾਹੁੰਦੀ ਹੈ।

"ਮੈਨੂੰ ਕੀ ਇਤਰਾਜ਼ ਹੈ।" ਦਰਸ਼ੂ ਕਿਹਾ।

ਰੱਤੋ ਨੂੰ ਖ਼ੁਸ਼ੀ ਹੋਈ। ਸੋਚਿਆ, ਚਾਰੂ ਆ ਗਈ ਤਾਂ ਰਾਜਨ ਦੇ ਆਉਣ ਦਾ ਰਾਹ ਵੀ ਖੁੱਲ੍ਹ ਜਾਵੇਗਾ।

ਰੱਤੋ ਭੁੱਲ ਹੀ ਗਈ ਕਿ ਚਾਰੂ ਬਾਰੇ ਕੁਝ ਦਿਨ ਪਹਿਲਾਂ ਬਿੰਦਰੋ ਨੇ ਹੀ ਮਿਲ ਕੇ ਰੱਤੋ ਨੂੰ ਉਕਸਾਇਆ ਸੀ। ਚਾਰੂ ਕਾਲਜ ਤੋਂ ਬਾਦ ਪਿੰਡ ਆ ਜਾਂਦੀ। ਸਵੇਰੇ ਕਾਲਜ ਚਲੀ ਜਾਂਦੀ। ਰੱਤੋ ਨੂੰ ਉਮੀਦ ਨਹੀਂ ਸੀ, ਚਾਰੂ ਉਸਦੀ ਤੀਮਾਰਦਾਰੀ ਲਈ ਇਤਨੀ ਛੇਤੀ ਮੰਨ ਜਾਵੇਗੀ। ਰੱਤੋ ਇਹ ਵੀ ਨਹੀਂ ਸੀ ਜਾਣਦੀ, ਇਸ ਪਿੱਛੇ ਵੀ ਬਿੰਦਰੋ ਦਾ ਹੀ ਹੱਥ ਸੀ। ਬਿੰਦਰੋ ਅਤੇ ਦਰਸ਼ੂ ਚਾਰੂ ਨੂੰ ਮਿਲ ਚੁੱਕੇ ਸਨ।

"ਤੈਨੂੰ ਤੇਰੇ ਪਿਉ ਤੇ ਤੇਰੀ ਭੂਆ ਰੱਤੋ ਦੇ ਸੰਬੰਧਾਂ ਬਾਰੇ ਕੁਝ ਪਤੈ ?" ਬਿੰਦਰੋ ਨਿਸ਼ੰਗ ਚਾਰੂ ਨੂੰ ਪੁੱਛਿਆ ਸੀ।

"ਹਾਂ ਪਤਾ ਹੈ।" ਚਾਰੂ ਬੇ-ਝਿਜਕ ਕਿਹਾ ਸੀ।

"ਤੂੰ ਰੋਕਦੀ ਕਿਉਂ ਨਹੀਂ ?"

"ਕਿਵੇਂ ਰੋਕਾਂ ? ਇਹਨਾਂ ਤੋਂ ਸੜੀ ਹੋਈ ਮੇਰੀ ਮਾਂ ਮਰ ਗਈ। ਮੈਂ ਖ਼ੁਦ ਕਈ ਵੇਰ ਮਰਨ ਬਾਰੇ ਸੋਚਿਆ, ਪਰ ਮਰ ਨਹੀਂ ਸਕੀ।"

ਚਾਰੂ ਰੋਣ ਲੱਗੀ।

"ਤੂੰ ਚਾਹੁੰਦੀ ਏਂ... ਇਹ ਕੰਜਰਖਾਨਾ ਰੁਕੇ...!"

"ਬਿਲਕੁਲ !"

"ਸਾਥ ਦੇਵੇਂਗੀ ?"

"ਹਰ ਹਾਲਤ ਵਿੱਚ..."

"ਤਾਂ ਠੀਕ ਐ...!" ਉਹਨਾਂ ਕੁਝ ਮਸ਼ਵਰੇ ਕੀਤੇ ਅਤੇ ਵੱਖ ਹੋ ਗਏ।

ਇਸੇ ਆਸ਼ੇ ਅਧੀਨ ਚਾਰੂ ਰੱਤੋ ਦੀ ਤੀਮਾਰਦਾਰੀ ਲਈ ਆਈ।

ਰੱਤੋ ਮੁੰਡਾ ਜੰਮਿਆ। ਘਰ ਵਿਚ ਖ਼ੁਸ਼ੀ ਹੋਈ। ਰੱਤੋ ਲਈ ਸਭ ਤੋਂ ਵੱਡੀ ਖ਼ੁਸ਼ੀ ਇਹ ਸੀ ਕਿ ਜਣੇਪੇ ਦੌਰਾਨ ਰਾਜਨ ਘਰ 'ਚ ਆਉਣ ਜਾਣ ਲੱਗਾ ਸੀ। ਬੱਸ ਇਕੋ ਗੱਲ ਸੀ ਜੋ ਰੱਤੋ ਨੂੰ ਹਜ਼ਮ ਨਹੀਂ ਸੀ ਹੋ ਰਹੀ।

ਜਣੇਪਾ ਮੁੱਕ ਚੁੱਕਾ ਸੀ। ਚਾਰੂ ਦੇ ਇਮਤਿਹਾਨ ਸਿਰ 'ਤੇ ਸਨ। ਚਾਰੂ ਵਾਪਿਸ ਜਾਣ ਦਾ ਨਾਂ ਨਹੀਂ ਸੀ ਲੈ ਰਹੀ। ਇਕ ਸ਼ਾਮ ਰੱਤੋ ਫ਼ਿਕਰ ਨਾਲ ਪੁੱਛਿਆ।

"ਚਾਰੂ ਤੂੰ ਕਈ ਮਹੀਨਿਆਂ ਤੋਂ ਮੇਰੇ ਕੋਲ ਏਂ।"

"ਹੂੰ !"

"ਮੈਂ ਕਦੇ ਤੇਰੇ ਫੁੱਲਾਂ ਦੇ ਦਿਨ ਨਹੀਂ ਦੇਖੇ।"

"ਕੀ ਕਰੇਂਗੀ ਦੇਖ ਕੇ?" ਚਾਰੂ ਤਲਖ਼ੀ ਨਾਲ ਕਿਹਾ।

"ਤੇਰੀ ਮਾਂ ਵਰਗੀ ਹਾਂ, ਤਾਂ ਪੁੱਛਿਆ।"

"ਉਹ ਨਹੀਂ ਦਿੱਸਣੇ...।"

"ਕਿਉਂ?" ਰੱਤੋ ਹੈਰਾਨੀ ਨਾਲ ਕਿਹਾ।

"ਬੀਜ ਪੈ ਗਿਆ ਫੁੱਲਾਂ ਵਿੱਚ...।" ਚਾਰੂ ਬੇ-ਫ਼ਿਕਰੀ ਨਾਲ ਕਿਹਾ।

"ਕੀ ਕਿਹਾ?" ਰੱਤੋ ਦੇ ਸਿਰ 'ਚ ਕੁਝ ਵੱਜਿਆ।

"ਕਿਉਂ? ਝਟਕਾ ਲੱਗਿਆ?"

"ਹਰਾਮਜ਼ਾਦੀਏ ! ਪਤੈ ਕੀ ਕਹਿ ਰਹੀ ਏਂ ਤੂੰ?" ਰੱਤੋ ਚੀਕੀ

"ਕਿਉਂ? ਬੱਚੀ ਹਾਂ ਮੈਂ...।"

"ਕੁੱਤੀਏ ! ਕਿਤੇ ਸੱਚੀਂ-ਮੁੱਚੀਂ ਤਾਂ ਨਹੀਂ ਡੁੱਬ ਗਈ?" ਰੱਤੋ ਦਾ ਇਕ ਤਰ੍ਹਾਂ ਰੋਣਾਂ ਨਿਕਲਿਆ।

"ਕਿਉਂ? ਮੈਂ ਕਿਉਂ ਡੁਬੂੰਗੀ?"

"ਕੰਜਰੀਏ ! ਪਤੈ ਪਿਉ ਦਾ? ਕੀ ਹਸ਼ਰ ਕਰੂ ਤੇਰਾ?"

"ਕਿਹੜਾ ਪਿਉ? ਜਿਹੜਾ ਤੀਵੀਂ ਮਾਰ ਕੇ ਤੇਰੇ ਤਲੂਏ ਚੱਟਦੇ?"

ਰੱਤੋ ਇਕਾ ਇਕ ਕਿਸੇ ਭਾਂਬੜ ਵਿਚ ਘਿਰੀ। ਕੀ ਇਸ ਕੁੜੀ ਨੂੰ ਵੀ ਪਤੈ? ਉਸ ਉਖੜੇ ਸਾਹਾਂ ਨਾਲ ਕਿਹਾ।

"ਕੰਜਰੀਏ ! ਜੇ ਅੱਗ ਫੱਕੀ ਉ ਤਾਂ ਪਿਉ ਦੇ ਆਉਣ ਤੋਂ ਪਹਿਲਾਂ ਬਕ... ਮੈਂ ਵੱਢ੍ਹਾਂ ਉਹਦਾ ਡਸਤਾ...।"

"ਵਾਹ ਭੂਆ ! ਅੱਗ ਮੈਂ ਫੱਕੀ, ਭਾਂਬੜ ਤੇਰੇ ਮੱਚ ਗਿਆ?"

"ਕੁੱਤੀਏ ਤੂੰ ਪਹਿਲਾਂ ਦੱਸ, ਹਰਾਮ ਕੀਹਦਾ ਚੱਕਿਆ?"

"ਵਾਹ ਭੂਆ ਵਾਹ ! ਤੂੰ ਹਰਾਮ ਚੱਕੇਂ ਤਾਂ ਠੀਕ। ਦੂਜਾ ਚੱਕੇ ਤਾਂ ਗ਼ਲਤ।"

ਗੁੱਸੇ ਵਿੱਚ ਉਬਲਦੀ ਰੱਤੋ ਡੰਡਾ ਚੁੱਕ ਕੇ ਮਾਰਨ ਲਈ ਦੌੜੀ।

"ਹਰਾਮਜ਼ਾਦੀਏ ! ਪਹਿਲਾਂ ਦੱਸ ਤੇਰੇ 'ਚ ਬੋਲਦਾ ਕੌਣ ਐ?"

ਜਿਉਂ ਹੀ ਅੱਗੇ ਆਈ, ਬਿੰਦਰੋ 'ਤੇ ਦਰਸ਼ੂ ਖੜ੍ਹੇ ਸਨ।

ਉਹਦੇ ਪੈਰ ਪਥਰਾ ਗਏ। ਉਹ ਥਾਏਂ ਸੁੰਨ ਹੋ ਗਈ।

"ਕਿਉਂ? ਤੂੰ ਕੀ ਸਮਝਦੀ ਏਂ ਤੂੰ ਹੀ ਖੇਡ ਸਕਦੀ ਏਂ ਖੇਡ? ਤੂੰ ਮੇਰੇ ਨਾਲ



ਧੋਖਾ ਕੀਤਾ, ਮੈਂ ਜਰ ਗਈ। ਤੂੰ ਦਰਸ਼ੂ ਜਿਹੇ ਦਰਵੇਸ਼ ਨੂੰ ਨਹੀਂ ਬਖ਼ਸ਼ਿਆ? ਲੈ ਹੁਣ ਆਹ ਖੜ੍ਹਾ ਈ ਦਰਸ਼ਾ ਸਿਹੁੰ। ਤੇ ਐਹ ਖੜ੍ਹੀ ਉ ਚਾਰੂ... ਪੰਜ ਮਹੀਨਿਆਂ ਦਾ ਹਰਾਮ ਚੱਕੀ...। ਹੁਣ ਇਕੋ ਰਾਹ ਐ ਤੇਰੇ ਲਈ। ਪਹਿਲਾਂ ਆਪਣੇ ਚਿੱਤੜ ਤੋਂ ਪੱਲਾ ਚੱਕ 'ਤੇ ਅੱਗੋਂ ਲਈ ਤੌਬਾ ਕਰ...। ਫੇ ਕੁੜੀ ਚੱਕੂ। ਨਹੀਂ ਦੋਵੇਂ ਖੜ੍ਹੇ ਐ ਤੇਰੇ ਸਾਮ੍ਹਣੇ... ਕਰ ਇਨ੍ਹਾਂ ਦਾ ਕੀ ਕਰਦੀ ਐਂ...।" ਬਿੰਦਰੋ ਚੀਕ ਰਹੀ ਸੀ।

ਰੱਤੋ ਅੱਵਾਕ ਖੜ੍ਹੀ ਸੀ।

ਬਿੰਦਰੋ ਜਦੋਂ ਚੀਕ ਰਹੀ ਸੀ, ਕੰਧ ਦੇ ਪਾਰ ਖੜ੍ਹਾ ਸੁੱਚਾ ਵੀ ਸੁਣ ਰਿਹਾ ਸੀ। ਅਗਲੀ ਸਵੇਰ ਪਿੰਡ ਵਿਚ ਤਿੰਨ ਘਟਨਾਵਾਂ ਵਾਪਰੀਆਂ।

ਸੁੱਚਾ ਨੱਚ ਰਿਹਾ ਸੀ...

ਰੱਤੋ ਅੱਗੋਂ ਲਈ ਤੌਬਾ ਕਰ ਰਹੀ ਸੀ।...

ਦਰਸ਼ੂ ਬਿੰਦਰੋ ਅਤੇ ਚਾਰੂ ਉਡੀਕ ਵਿਚ ਸਨ, ਕਦੋਂ ਸੁੱਚਾ ਨੱਚਣੋ ਹਟੇ ਅਤੇ ਕਦੋਂ ਬਿੰਦਰੋ, ਚਾਰੂ ਦੇ ਹਾਮਲਾ ਵਾਲੇ ਰਹੱਸ ਤੋਂ ਪਰਦਾ ਚੁੱਕੇ...

•

# ਚਿੱਬ

ਪਹਿਲੀ ਵਾਰ ਮਾਸਟਰ ਦੀਨਾਂ ਨਾਥ ਨਾ ਜੋਗੀਪੁਰ ਲਈ ਹਉਕਾ ਭਰਿਆ ਨਾ ਆਪਣੀ ਕਿਸੇ ਪੀੜ ਨਾਲ ਗੱਲ ਕੀਤੀ ਜਿਨ੍ਹਾਂ ਨਾਲ ਪਿਛਲੇ ਚਾਰ ਸਾਲ ਉਹਨੇ ਰੱਜ ਮਿਹਣੇ ਭਿੜੇ...

ਧਾਲੀਵਾਲ ਫਾਰਮ ਤੋਂ ਤੁਰਦੇ ਉਹਨੇ ਸਕੂਲ ਵੱਲ ਵੇਖ ਜ਼ਰੂਰ ਹਉਕਾ ਲਿਆ ਅਤੇ ਬੰਬੀ ਲਾਗ ਕੁੱਤਾ ਬੈਠਾ ਦੇਖ, ਕਿਹਾ।

"ਬੈਠੋਂ ਲੱਤਾਂ 'ਚ ਪੂਛ ਲਈ... ਸਹੁਰਿਆ ਲੱਤ ਪਾੜ ਕਿਸੇ ਦੀ... ਕੁੱਤੋਂ ਤਾਂ ਕੀ ਹੋਇਆ... ਮੇਰੇ ਵੱਲ ਦੇਖ, ਮੈਂ ਵੀ ਤਾਂ ਕੱਚ ਲਈ।"

ਕੁੱਤਾ ਬੈਠਾ-ਬੈਠਾ ਪੂਛ ਹਿਲਾਈ ਗਿਆ ਤਾਂ ਮਨ 'ਚ ਆਈ। ਉਹ ਵੀ ਤਾਂ ਇਸੇ ਵਰਗਾ ਹੀ ਸੀ, ਕੀ ਹੋਇਆ ਜੇ ਅੱਜ ਹੌਸਲੇ ਵਿਚ ਹੈ ਤਾਂ। ਫਿਰ ਉਸ ਅੱਖਾਂ ਦੇ ਕੋਇਆਂ 'ਚ ਉੱਤਰ ਆਈ ਨਮੀ ਪੱਗ ਦੇ ਲੜ ਨਾਲ ਸੋਖੀ ਅਤੇ ਆਪਣੇ ਆਪ ਨੂੰ ਕਿਹਾ। "ਸਹੁਰੇ ਨਰਕ ਸੁਰਗ ਦੇ, ਸਭ ਮਾਰਦੇ ਐ ਭਕਾਈ। ਅਈਥੇ ਈ ਐ ਸਭ।"

ਮੱਘਰ ਕੁੱਪ ਨਾਲ ਢੋਅ ਲਾਈ ਬੈਠਾ ਸੀ। ਉਸ ਬੰਬੀ 'ਚੋ ਡਿਗਦੇ ਪਾਣੀ ਦੇ ਸ਼ੋਰ 'ਚ ਮਾਸਟਰ ਦੇ ਟੁੱਟਵੇਂ ਬੋਲ ਸੁਣੇ। ਲਗਾਤਾਰ ਡਿਗਦੇ ਪਾਣੀ ਨੂੰ ਦੇਖ ਸੋਚ ਰਿਹਾ ਸੀ; ਜ਼ਿੰਦਗੀ ਤਾਂ ਵਿਹਾਅ ਗਈ ਮਨਾਂ।

ਉਸ ਅਕਾਰਥ ਹੀ ਮਾਸਟਰ ਨੂੰ ਮੋੜਾ ਦਿੱਤਾ।

"ਅਈਥੇ ਸੁਣਦੇ ਕੋਈ? ਆਪਾਂ ਤਾਂ ਅਗਲਿਆਂ ਨਾਲ ਕਰੀਏ ਗੱਲਾਂ ਹੁਣ...।"

"ਕੋਈ ਅੱਗੇ ਉੱਗੇ ਨਈਂ ਮੱਘਰ ਸਿਹਾਂ! ਸਭ ਡਫਾਂਗ ਐਂ ਲੋਕਾਂ ਦੇ।"

ਮੱਘਰ ਉੱਖੜ ਕੇ ਮਾਸਟਰ ਦੇਖਿਆ। ਮਾਸਟਰ ਤਾਂ ਕਦੇ ਤਲਖ਼ ਬੋਲਦਾ ਨਹੀਂ ਸੀ। ਅੱਜ ਕਿਉਂ? ਮੈਲਾ ਕੁਰਤਾ ਪਜਾਮਾਂ। ਮੈਲੀ ਨਹਿਰੂ ਜਾਕਟ। ਲੜ ਛੱਡ ਕੇ ਬੰਨ੍ਹੀ ਪਗੜੀ। ਅੱਧ ਤੋਂ ਪਿੱਛੇ ਘਸੀ ਚੱਪਲ। ਪਾਟੀਆਂ ਬਿਆਈਆਂ। ਉਹਨੂੰ ਮਾਸਟਰ 'ਤੇ ਤਰਸ ਆਇਆ। ਇਹ ਉਹੋ ਦੀਨਾਂ ਨਾਥ ਸੀ ਜੀਹਦੀ ਕਦੇ ਘੁਗੀ ਬੋਲਦੀ ਸੀ। ਹੁਣ ਬੇ-ਜਾਨ ਚੀਜ਼ਾਂ ਨਾਲ ਹੀ ਗੱਲਾਂ ਕਰੀ ਜਾਂਦਾ। ਬੇ-ਮਤਲਬ। ਪਾਗਲਾਂ ਵਾਂਗ। ਲੋਕ ਆਖਦੇ, ਜੈਲੋ ਦਿਮਾਗ਼ ਹਿਲਾ ਦਿੱਤਾ।

ਢੋਕ ਨਾਲ ਸਾਈਕਲ ਟੇਕ ਮਾਸਟਰ ਮੱਘਰ ਲਾਗ ਆ ਖੜ੍ਹਾ।

"ਲੈ ਮੱਘਰ ਸਿਹਾਂ! ਪਤਾ ਨਹੀਂ ਤੇਰਾ ਦੇਣਾ ਸੀ ਕਿ ਲੈਣਾ। ਜਣੀ ਅੱਗੋਂ ਲਈ



ਨਵੀ ਨਾਮ ਸੰਜੋਗੀ ਮੇਲੇ।"

"ਕਿਉਂ ਕੀ ਹੋਇਆ?"

"ਹੋਣਾ ਕੀ ਐ... ਦੋ ਦੂਣੀ ਸਿਫ਼ਰ ਤਾਂ ਹੋ ਗਈ।"

"ਲੈ, ਮਖਿਆ ਪਤਾ ਨਹੀਂ ਕਿਹੜੀ ਗਾਂ ਕੋਠੇ 'ਤੇ ਚੜ੍ਹ ਗਈ। ਮਾਸਟਰ ਜੀ ਕੁੱਛ ਹੋ ਜੇ, ਟੱਬਰ ਟੀਰ ਦਾ ਕਦੇ ਮੁੱਕਿਆ ਕੁੱਤਖਾਨਾ?"

"ਮੈਂ ਤਾਂ ਮੁਕਾਅ ਦਿੱਤਾ ਵੇ...।" ਮਾਸਟਰ ਠੋਕ ਕੇ ਕਿਹਾ।

"ਨਹੀਂ ਮੁੱਕਦਾ, ਧੀਆਂ ਪੁੱਤ ਤਾਂ ਸਾਲੇ ਨਿਤ ਚਾੜ੍ਹਦੇ ਐ ਸੂਲੀ।"

"ਮੇਰੇ ਜਿਹੇ ਮੂਰਖਾਂ ਨੂੰ... ਜਿਨ੍ਹਾਂ ਹੱਥ ਵੱਢ੍ਹ ਲਏ।"

"ਸੁਆਹ ਤੇ ਖੇਹ... ਅੱਧੀ ਰਾਤ ਦਾ ਬੈਠਾ ਰੱਕੜਾਂ 'ਚ, ਹੱਥਾਂ ਵਾਲਾ... ਢੇਰੀ ਦਾ ਮਾਲਕ। ਤੇਰੇ ਅੱਗੇ-ਅੱਗੇ ਆਈ ਐ ਚਾਹ ਦੀ ਛਿੱਟ।"

"ਚਲ ਆ ਤਾਂ ਗਈ... ਜੇ ਆਵੇ ਈ ਨਾ...?"

"ਕੀ ਗੱਲ ਝਗੜਾ ਹੋ ਗਿਆ ਮੁੰਡੇ ਨਾਲ?"

"ਰੰਨ ਮੁਰੀਦ ਨਾਲ? ਮੈਂ ਤਾਂ ਪਰਛਾਵਾਂ ਨਾ ਟੱਪਾਂ। ਹਾਂ ਕਰਾਂਗੇ ਝਗੜੇ, ਜੇ ਝਗੜੇ ਆਲਾ ਟੱਕਰਿਆ ਤਾਂ।"

"ਔਹਾ ਜਾ ਕਿਹੜੈ?" ਮੱਘਰ ਹੈਰਾਨ ਸੀ।

"ਭਗਵਾਨ ਭਗਵੂਨ। ਜਿਹੜਾ ਮੁਰਲੀ ਚੱਕੀ ਫਿਰਦੈ।"

"ਓ ਕਾਹਨੂੰ ਟੱਕਰਦੈ ਪਤੰਦਰ ਮਾੜ੍ਹਰਾਂ ਨੂੰ..."

"ਕਿਸੇ ਦਾ ਪਤਾ ਨਈਂ... ਮੇਰੀ ਤਾਂ ਨਿਹਚੈ ਬਈ ਟੱਕਰੂ।"

"ਰੱਖ ਨਿਹਚਾ... ਪਰ ਕੇਰਾਂ ਕਥਾ ਸੁਣਾਈ ਸੰਤਾਂ। ਕਹਿੰਦੇ ਭਗਤ ਕਬੀਰ ਲੰਘਦਾ ਸੀ ਕਿਸੇ ਰਾਹ। ਕਿਸੇ ਮਾੜ੍ਹਰ ਨੂੰ ਕਹਿੰਦਾ, ਨਾਮ ਜਪਿਆ ਕਰ। ਬੰਦਾ ਕਹਿੰਦਾ, ਜੁਆਕ ਜੱਲੋ ਤਾਂ ਜੰਮ ਲਾਂ। ਫਿਰ ਪੁੱਤ ਪੋਤੇ ਹੋ ਗਏ। ਕਬੀਰ ਕਹਿੰਦਾ, ਹੁਣ? ਕਹਿੰਦਾ ਹੁਣ ਤਾਂ ਜਮਾਂ ਨੀ। ਕੇਰਾਂ ਕਬੀਰ ਫਿਰ ਲੰਘਿਆ। ਗਾਹਾਂ ਬੰਦਾ ਹੈ ਨਾ। ਪੁੱਤਾਂ ਕਿਹਾ, ਜੀ ਬਾਪੂ ਤਾਂ ਚੜ੍ਹਾਈ ਕਰ ਗਿਆ। ਗਾਹਾਂ ਕਬੀਰ ਜਾਨੀਜਾਣ। ਅੱਖਾਂ ਮੀਚੀਆਂ। ਬੰਦਾ ਗਊ ਦੇ ਗਰਭ 'ਚ। ਮਰਦੇ ਬਖ਼ਤ ਸਹੁਰੇ ਦੀ ਸੁਰ੍ਹਾ ਚਲੀ ਗਈ ਗਊ 'ਚ। ਸੋਚਣ ਲੱਗਿਆ ਜੇ ਸਹੁਰੀ ਐਦਕੀਂ ਵੱਛਾ ਦੇ ਦਿੰਦੀ। ਲੈ ਜੀ ਜੰਮ ਗਿਆ ਵੱਛਾ ਬਣ ਕੇ। ਪੁੱਤਾਂ ਘਰ ਦਾ ਬੈਲ ਸਮਝ ਕੇ ਪਾਲਿਆ ਰੀਝ ਨਾਲ। ਦੱਬ ਵਾਹਿਆ। ਬੁੱਢਾ ਹੋ ਗਿਆ ਤਾਂ ਤੇਲੀ ਨੂੰ ਵੇਚ ਦਿੱਤਾ। ਤੇਲੀ ਵਾਹਿਆ। ਤੇਲੀ ਅੱਗੋਂ ਕਸਾਈ ਨੂੰ ਵੇਚ ਦਿੱਤਾ। ਕਸਾਈ ਚਮੜਾ ਲਾਹ ਕੇ ਨਗਾਰੇ ਵਾਲੇ ਨੂੰ ਵੇਚ ਦਿੱਤਾ। ਹੁਣ ਰੋਜ਼ ਪੈਂਦੇ ਐ ਸਾਲੇ 'ਤੇ ਡੰਡੇ। ਸੋ ਮਾੜ੍ਹਰਾਂ ਤਾਂ ਐਂ ਈ ਕੁਟਾਉਣੋ ਛੂਹਾ।"

"ਲੇ ਜੇ ਸੁਰ੍ਹਾ 'ਤੇ ਆ ਗਈ ਮੈਂ ਤਾਂ ਨੀ ਭਟਕਣ ਦਿੰਦਾ।"

"ਚਲ ਮੰਨਿਆ। ਕੀ ਸੋਚੇਂਗਾ ਮਰਨ ਵੇਲੇ।"

"ਵੈਸੇ ਤਾਂ ਛਵਾਂਗ ਐ ਸਭ... ਪਰ ਜੇ ਸੱਚ ਹੋਇਆ ਤਾਂ ਕਹੂੰਗਾ ਮੇਰੇ ਦੋਨਾਂ ਨੂੰ ਮੇਰੇ ਵਾਲੇ ਬੁਢਾਪੇ ਦੀ ਜੂੰਨੇ ਜ਼ਰੂਰ ਪਾਈਂ।"

"ਓ ਤੇਰੀ", ਮੱਘਰ ਤ੍ਰੱਭਕ ਕੇ ਮਾਸਟਰ ਤੱਕਿਆ। "ਤੈਂ ਤਾਂ ਜਮਾਂ ਈ ਸਿਰੇ ਲਾ ਤੀ ਪਤੰਦਰਾ।"

"ਹਾਲੇ ਕੀ ? ਸਿਰੇ ਤਾਂ ਲੱਗੂ।" ਮਾਸਟਰ ਸਿਰ ਝਟਕਿਆ।

"ਦੇਖੀਂ... ਕਿਤੇ ਐਮੇਂ ਨਾ ਚਕਾਅ ਲਵੀਂ ਜੁੱਲੀਆਂ, ਸਮਾਂ ਮਾੜੈ ਭਾਈ।"

ਮੱਘਰ ਉੱਚੀ ਬੋਲਿਆ ਮੱਘਰ ਘੜੀ ਪਹਿਲਾਂ ਮਾਸਟਰ ਲਈ ਸਾਗ ਤੋੜ ਕੇ ਹਟਿਆ ਸੀ। ਮਾਸਟਰ ਗੰਦਲਾਂ ਵੱਲ ਝਾਕਿਆ ਹੀ ਨਾ ਤਾਂ ਮੱਘਰ ਕਿਹਾ।

"ਮਾਸਟਰ ਜੀ ਸਾਗ।"

ਤਦ ਤਕ ਮਾਸਟਰ ਸਾਈਕਲ ਲਾਗ ਚਲਾ ਗਿਆ ਸੀ। ਦੂਰੋਂ ਕਿਹਾ।

"ਮੁਕਾਅ ਤੇ ਟੰਟੇ ਸਭ...।"

ਮਾਸਟਰ ਮੁੜ ਕੇ ਵੀ ਨਾ ਦੇਖਿਆ ਤਾਂ ਮੱਘਰ ਨੂੰ ਲੱਗਾ, ਮਾਸਟਰ ਕਿਸੇ ਵਜਦ ਵਿਚ ਸੀ। ਨਹੀਂ ਸਾਗ ਸਬਜ਼ੀ ਛੱਡ ਕੇ ਜਾਣਾ ਤਾਂ ਉਹਦੇ ਵੱਸ ਵਿਚ ਹੀ ਨਹੀਂ ਸੀ। ਰਿਟਾਇਰਮੈਂਟ ਤੋਂ ਬਾਦ ਤਾਂ ਉਹ ਪਿੰਡ ਸਿਰਫ਼ ਸਬਜ਼ੀ ਭਾਜੀ ਲੈਣ ਹੀ ਤਾਂ ਆਉਂਦਾ ਸੀ। ਅੱਖਾਂ ਤੋਂ ਓਝਲ ਹੋ ਗਿਆ ਤਾਂ ਮੱਘਰ ਸੋਚਣ ਲੱਗਾ, ਜੇ ਪਤੰਦਰ ਨੇ ਸਾਗ ਛੱਡ ਹੀ ਜਾਣਾ ਸੀ ਤਾਂ ਆਇਆ ਕਿਉਂ ?

ਮਾਸਟਰ ਪਿੱਛੇ ਮੁੜ ਕੇ ਹੀ ਨਹੀਂ ਸੀ ਦੇਖਿਆ। ਅਸਲ ਵਿਚ ਉਹ ਪਿੱਛੇ ਮੁੜ ਕੇ ਦੇਖਣ ਲਈ ਆਇਆ ਹੀ ਨਹੀਂ ਸੀ। ਅੱਜ ਦਾ ਆਉਣਾ ਤਾਂ ਮਹਿਜ਼ ਘਰੋਂ ਨਿਕਲਣ ਦਾ ਪੱਜ ਸੀ।

ਹੋਰ ਕੋਈ ਵੇਲਾ ਹੁੰਦਾ ਤਾਂ ਉਹ ਸਾਈਕਲ ਤੇ ਚੜ੍ਹ ਕੇ ਜਾਂਦਾ। ਤਦ ਉਹ ਸਾਈਕਲ ਰੇੜ੍ਹ ਵੱਡੀ ਪਹੀ ਰਾਹ, ਨਿਆਈਆਂ ਨੇੜਲੇ ਤਕੀਏ ਕੋਲ ਆ ਖੜ੍ਹਾ। ਉਹਦੀ ਤੋਰ ਵਿਚ ਕਾਹਲੀ ਅਤੇ ਮੱਥੇ ਹੇਠ ਤਣਾਓ ਸੀ।

ਉਹਨੇ ਇਕ ਵਾਰ ਫਿਰ ਸਕੂਲ ਵੱਲ ਦੇਖਦੇ ਮਨ ਤਕੜਾ ਕੀਤਾ। ਫਿਰ ਕਾਹਲੀ ਨਾਲ ਗੁਹਾਰਿਆਂ ਦੀ ਓਟ ਵਿਚੋਂ ਲੰਘਦਾ ਹਰੀਜਨਾਂ ਕੀ ਧਰਮਸ਼ਾਲਾ ਪਿੱਛੋਂ ਡਿੱਗੀ ਹੋਈ ਕੰਧ ਟੱਪ, ਸਕੂਲ ਦੇ ਹਾਤੇ 'ਚ ਜਾ ਖੜ੍ਹਾ।

ਉਸ ਦੇਖਿਆ, ਛੁੱਟੀਆਂ ਕਾਰਨ ਸਕੂਲ ਵੀਰਾਨ ਪਿਆ ਸੀ। ਪਿੰਡੋਂ ਹਟਵਾਂ ਹੋਣ ਕਾਰਨ ਲੋਕ ਏਧਰ ਘੱਟ ਹੀ ਨਿਕਲਦੇ ਸਨ। ਰਿਟਾਇਰਮੈਂਟ ਤੋਂ ਬਾਦ ਮਾਸਟਰ ਖ਼ੁਦ ਪਹਿਲੀ ਵੇਰ ਆਇਆ ਸੀ। ਕੁਝ ਵੀ ਨਹੀਂ ਸੀ ਬਦਲਿਆ। ਕੋਈ ਹੋਰ ਵੇਲਾ ਹੁੰਦਾ ਤਾਂ ਉਹ ਇਕ-ਇਕ ਚੀਜ਼ ਨਿਹਾਰਦਾ। ਤਦ ਉਹਨੇ ਕਾਹਲੀ ਨਾਲ ਹੈਡਮਾਸਟਰਨੀ ਦੇ ਦਫ਼ਤਰ ਪਿਛਵਾੜੇ ਅਤੇ ਚਾਰਦਿਵਾਰੀ ਦੇ ਸੰਨ੍ਹ ਵਿਚਾਲੇ ਪਿਆ ਛੀਖਰ ਹਟਾਇਆ। ਉਹ ਜਾਣਦਾ ਸੀ ਪਿਛਲੀ ਤਾਕੀ ਦਾ ਟੁੱਟਾ ਸ਼ੀਸ਼ਾ ਕਿਸੇ ਨਹੀਂ ਪੁਆਇਆ ਹੋਵੇਗਾ। ਉਸ ਸ਼ੀਸ਼ੇ



ਦੀ ਥਾਂ ਲਾਏ ਗੱਤੇ ਨੂੰ ਹਟਾਇਆ। ਹੱਥ ਵਧਾਅ ਚਿਟਕਨੀ ਖੋਲ੍ਹੀ ਅਤੇ ਤਾਕੀ ਰਾਹ ਅੰਦਰ ਲੰਘ ਗਿਆ। ਚੋਰਾਂ ਵਾਂਗ। ਉਹਦੀ ਇੱਛਾ ਸਕੂਲ ਲੱਗੇ ਤੋਂ ਆਉਣ ਦੀ ਸੀ। ਅਚਾਨਕ ਫ਼ੈਸਲਾ ਬਦਲਣਾ ਪਿਆ ਅਤੇ ਦਿਲ ਦੀਆਂ ਦਿਲ ਵਿਚ ਹੀ ਰਹਿ ਗਈਆਂ।

ਇਕ ਪਲ ਦੇਹ 'ਚ ਕੰਬਣੀ ਛਿੜੀ। ਲੱਤਾਂ ਕੰਬੀਆਂ। ਪਰ ਉਸ ਮਨ ਥਾਏਂ ਕਰ ਲਿਆ।

ਇਕ ਨਜ਼ਰ ਕਮਰਾ ਨਿਹਾਰਿਆ। ਸਭ ਕੁਝ ਧੂੜ ਨਾਲ ਅਟਿਆ ਪਿਆ ਸੀ। ਇਹ ਉਹੋ ਕਮਰਾ ਸੀ, ਜਿਥੇ ਉਸ ਵਰ੍ਹੇ ਬਿਤਾਏ। ਉਸ ਜੀ ਕਰੜਾ ਕੀਤਾ ਅਤੇ ਵੱਡਾ ਮੇਜ਼ ਕੰਧ ਵੱਲ ਧੱਕਿਆ। ਸਟੂਲ ਆਸਰੇ ਮੇਜ਼ 'ਤੇ ਚੜ੍ਹਿਆ ਅਤੇ ਕਿਸੇ ਰੋਹ ਵਿਚ ਕੰਧ 'ਤੇ ਲੱਗੀ ਆਪਣੀ ਸ਼ੀਸ਼ੇ ਜੜੀ ਤਸਵੀਰ ਧੂਹ ਲਈ। ਹਿਰਦਾ ਫਿਰ ਕੰਬਿਆ। ਦਿਲ 'ਤੇ ਹੱਥ ਰੱਖਿਆ। ਧੁਰ ਅੰਦਰ ਕਿਤੇ ਖ਼ੁਸ਼ੀ ਹੋਈ। ਪਿਛਲੇ ਚਹੁੰ ਸਾਲਾਂ ਤੋਂ ਉਹ ਇਸੇ ਪਲ ਲਈ ਤੜਪ ਰਿਹਾ ਸੀ।

ਮੇਜ਼ ਥਾਂ ਸਿਰ ਕਰਦਾ ਜਿਵੇਂ ਹੀ ਉਹ ਪਰਤਿਆ, ਤਸਵੀਰਾਂ ਦੀ ਕਤਾਰ ਵਿਚ ਥੋੜੀ ਹੋ ਗਈ ਥਾਂ ਦੇਖੀ। ਜਾਣ ਲਈ ਮੁੜਿਆ ਹੀ ਸੀ ਜਾਂ ਪਤਾ ਨਹੀਂ ਕੀ ? ਅਤੇ ਕਿਵੇਂ ਹੋਇਆ ? ਕਦੋਂ ਉਹ ਫਿਰ ਮੇਜ਼ 'ਤੇ ਚੜ੍ਹਿਆ। ਕਦੋਂ ਉਸ ਭਗਤ ਸਿੰਘ ਤੇ ਕ੍ਰਿਸ਼ਨ ਦੀਆਂ ਤਸਵੀਰਾਂ ਲਾਹੀਆਂ ਅਤੇ ਕਦੋਂ ਮੇਜ਼ ਦੀ ਦਰਾਜ਼ 'ਚੋਂ ਕਾਗਜ਼ ਕੱਢ ਲਿਖਿਆ। 'ਇਹ ਮੇਰੀਆਂ ਸਨ। ਲੈ ਕੇ ਜਾ ਰਿਹਾਂ।' ਦੀਨਾਂ ਨਾਥ।

ਜਾਣ ਤੋਂ ਪਹਿਲਾਂ ਉਸ ਫਿਰ ਤਸਵੀਰਾਂ ਵਾਲੀ ਖਾਲੀ ਥਾਂ ਦੇਖੀ। ਪਿੱਛੇ ਦੋ ਹੀ ਸਨ। ਜੈਲੇ ਚੱਕ-ਵੱਢੂ ਤੇ ਹੈਡ ਮਾਸਟਰਨੀ ਸਰੋਜ ਸ਼ਰਮਾ ਦੀਆਂ। ਜਿਹੜੀ ਦੋ ਸਾਲ ਪਹਿਲਾਂ ਗੰਦ ਪਾਉਣ 'ਤੇ ਬਦਲ ਦਿੱਤੀ ਗਈ ਸੀ। ਜੀ ਕੀਤਾ, ਲਿਖਿਆ ਕਾਗਜ਼ ਤਸਵੀਰਾਂ ਵਾਲੀ ਥਾਂ ਚਿਪਕਾਵੇ। ਪਰ ਉਹ ਮੇਜ਼ ਤੇ ਹੀ ਰੱਖ ਪਰਤ ਆਇਆ।

ਮੁੜਿਆ ਤਾਂ ਸਾਹੋ ਸਾਹ ਸੀ। ਥੋੜ੍ਹਾ ਚਿਰ ਪਹਿਲਾਂ ਡਰ ਸੀ, ਕੋਈ ਦੇਖੇ ਨਾ। ਹੁਣ ਚਾਹਿਆ, ਪੂਰਾ ਪਿੰਡ ਦੇਖ ਲਵੇ। ਦੀਨਾਂ ਨਾਥ ਤੇ ਉਹਦੇ ਸਾਥੀ, ਇਨ੍ਹਾਂ ਕੁੱਤੇ ਲੋਕਾਂ ਵਿਚ ਨਹੀਂ ਸਨ। ਉਸ ਨਿਗ੍ਹਾ ਦੌੜਾਈ, ਦੂਰ-ਦੂਰ ਤੱਕ ਕੋਈ ਨਹੀਂ ਸੀ। ਕੁਝ ਦੂਰ ਖੇਤਾਂ ਵਿਚ ਕਾਮੇਂ ਸ਼ਾਇਦ ਖਾਦ ਖਲਾਰ ਰਹੇ ਸਨ। ਦਿੱਸਣ ਪੱਜ ਓਧਰ ਨੂੰ ਤੁਰਿਆ ਗਿਆ। ਨੇੜੇ ਆ ਟੱਲੀ ਵਜਾਈ। ਕਾਮਿਆਂ ਦੂਰੋਂ ਕਿਹਾ। "ਮਹਾਂਰਾਜ ਕੋਈ ਸੇਵਾ।" ਮਾਸਟਰ ਨਾਂਹ 'ਚ ਹੱਥ ਹਿਲਾਇਆ ਅਤੇ ਮਨ ਹੀ ਮਨ ਖ਼ੁਸ਼ ਹੋਇਆ। ਉਹ ਲੁੱਕ ਛਿਪ ਕੇ ਨਹੀਂ ਸੀ ਜਾ ਰਿਹਾ।

ਤਸੱਲੀ ਸੀ ਤਾਂ ਮਨ ਸ਼ਾਂਤ ਹੋ ਜਾਣਾ ਚਾਹੀਦਾ ਸੀ। ਪਰ ਉਹ ਨਹਿਰ ਦੀ ਪੁਲੀ ਤੀਕ ਆਉਂਦਾ, ਉਦਾਸ ਹੋ ਗਿਆ।

ਇਹ ਉਹੋ ਪੁਲੀ ਸੀ ਜਿਥੇ ਤਿੰਨ ਪਿੰਡਾਂ ਦੇ ਰਾਹ ਰਲਦੇ ਸਨ। ਪੁਲੀ ਤੋਂ ਥੋੜ੍ਹੀ ਦੂਰ ਵੱਡੀ ਸੜਕ ਸੀ, ਜੋ ਸ਼ਹਿਰ ਨੂੰ ਜਾਂਦੀ। ਆਉਣ ਵਾਲੇ ਰਾਹ ਜੋਗੀਪੁਰ, ਪੰਜੋਲਾ ਤੇ

ਰਾਮਪੁਰ ਦੇ ਸਨ। ਪਿਛਲੇ ਤੀਹ ਸਾਲ ਮਾਸਟਰ ਇਹ ਰਾਹ ਪੈਰਾਂ ਹੇਠ ਗਾਹੇ ਸਨ। ਪਰ ਹੁਣ ਓਪਰੇ ਲੱਗਦੇ। ਪੁਲੀ ਨਹਿਰ ਦੀ ਵੱਡੀ ਝਾਲ ਉੱਤੇ ਸੀ। ਉਰਲੇ ਪਾਰ ਜੋਗੀਪੁਰ ਦੇ ਵੱਡੇ ਪਹੇ 'ਤੇ ਹਰੀਜਨਾਂ ਦੇ ਸਿਵੇ ਸਨ। ਜਿਸਦੀ ਨੁੱਕਰ ਉਤਲੇ ਵੱਡੇ ਪਿੱਪਲ ਦੁਆਲੇ ਪਿੰਡਾਂ ਵਿਚੋਂ ਆਉਂਦੀ ਬੱਸ ਉਡੀਕਣ ਵਾਲੇ ਮੁਸਾਫ਼ਰਾਂ ਦੇ ਬੈਠਣ ਲਈ ਥੜ੍ਹਾ ਬਣਵਾਇਆ ਗਿਆ ਸੀ। ਪਰ ਕੋਈ ਬੈਠਦਾ ਨਹੀਂ ਸੀ। ਕਿਉਂਕਿ ਜਿੱਦ 'ਚ ਜੈਲੇ ਚੱਕ-ਵੱਢ ਵੱਖਰਾ ਅਤੇ ਛੱਤਵਾਂ ਅੱਡਾ ਬਣਵਾਇਆ ਸੀ, ਜੋ ਮੁੱਢ ਤੋਂ ਵੀਰਾਨ ਪਿਆ ਸੀ। ਇਕ ਤਾਂ ਅੱਡਾ ਪੁਲੀ ਤੋਂ ਹਟਵਾਂ ਸੀ, ਦੂਜਾ ਪਹੀ ਦਾ ਕੂਹਣੀ ਮੋੜ ਹੋਣ ਕਾਰਨ ਬੱਸ ਔਧਾ ਕੀਲਾ ਪਹਿਲਾਂ ਹੀ ਮੁੜ ਜਾਂਦੀ। ਮਾਸਟਰ ਅੱਡੇ ਵੱਲ ਦੇਖ ਗੁੱਸੇ ਨਾਲ ਥੁੱਕਿਆ ਅਤੇ ਬੜੇ ਇਤਮੀਨਾਨ ਨਾਲ ਬਾਲਮੀਕੀਆਂ ਦੇ ਥੜ੍ਹੇ 'ਤੇ ਜਾ ਬੈਠਾ।

ਫਿਰ ਕੁਝ ਯਾਦ ਆ ਜਾਣ ਵਾਂਗ ਕਾਹਲੀ ਨਾਲ ਉੱਠ, ਕੈਰੀਅਰ ਤੋਂ ਤਸਵੀਰਾਂ ਲਾਹੀਆਂ। ਪਟੜੀ ਤੇ ਗਿਆ। ਪਹਿਲਾਂ ਆਪਣੀ, ਫਿਰ ਭਗਤ ਸਿੰਘ ਵਾਲੀ, ਝਾਲ ਦੇ ਤਿੜਕੇ ਜਾ ਰਹੇ ਡੂੰਘੇ ਪਾਣੀ ਵਿਚ ਵਗਾਹ ਮਾਰੀਆਂ।

ਇਕਾਇਕ ਮਨ ਭਰ ਆਇਆ। ਜਿਸ ਨਾਂ ਅਤੇ ਪਹਿਚਾਣ ਲਈ ਉਹ ਉਮਰ ਭਰ ਲੜਿਆ। ਉਹਦਾ ਇਹ ਹਸ਼ਰ ਸੀ?... ਹੱਥ ਵਿਚ ਕ੍ਰਿਸ਼ਨ ਦੀ ਤਸਵੀਰ ਸੀ। ਕ੍ਰਿਸ਼ਨ ਮੁਸਕਾ ਰਹੇ ਸਨ। ਮਾਸਟਰ ਨੂੰ ਗੁੱਸਾ ਆਇਆ। ਕਿਸ ਗੱਲ ਦਾ ਹਾਸਾ? ਦੁਨੀਆਂ ਗਰਕ ਗਈ, ਤੂੰ ਹੱਸ ਰਿਹੈਂ। ਉਸ ਤਸਵੀਰ ਕੈਰੀਅਰ ਤੇ ਲਿਆ ਟਿਕਾਈ, ਆਪ ਥੜ੍ਹੇ ਤੇ ਬੈਠ ਫੋਟੋ ਨਿਹਾਰੀ। ਯਾਦ ਆਇਆ, ਪਹਿਲੋਂ ਪਹਿਲ ਉਸ ਭਗਤ ਸਿੰਘ ਦੀ ਤਸਵੀਰ ਕਮਰੇ 'ਚ ਲਗਾਈ ਸੀ, ਪਰ ਜੈਲੇ ਚੱਕ-ਵੱਢੂ ਐਸਾ ਜਿਉਣਾ ਹਰਾਮ ਕੀਤਾ ਕਿ ਹਾਰ ਦਰ ਹਾਰ ਘੀਸੀ ਹੋ ਗਈ।...

ਜੈਲਾ ਵੱਡਾ ਅਲਾਟੀ ਸੀ। ਪੰਜੋਲਾ ਅਤੇ ਰਾਮਪੁਰ ਉਹਦੀ ਜੁੱਤੀ ਹੇਠ ਸਨ। ਵੰਡ ਵੇਲੇ ਇਨ੍ਹਾਂ ਪਿੰਡਾਂ ਦੇ ਲੋਕ ਹਿਜਰਤ ਕਰ ਗਏ ਤਾਂ ਜਿਹੜੇ ਅਲਾਟੀ ਆਏ, ਸਭ ਨਿੱਕੀਆਂ ਢੇਰੀਆਂ ਦੇ ਮਾਲਕ ਸਨ। ਜੈਲਾ ਹੀ ਵੱਡਾ ਅਲਾਟੀ ਸੀ। ਉੱਤੋਂ ਅੱਠ ਭਰਾ। ਪਿੰਡ ਬੰਦਿਆਂ ਦਾ। ਹੈਂਕੜ ਸੱਤੀਂ ਵੀਹੀਂ ਸੌ ਵਾਲੀ। ਕੇਰਾਂ ਇਕ ਠਾਣੇਦਾਰ ਜੈਲੇ ਦੀ ਬਾਂਹ ਫੜ ਲਈ। ਜੈਲੇ ਬਾਂਹ ਛੱਡਣ ਨੂੰ ਕਿਹਾ। ਠਾਣੇਦਾਰ ਵੇਹਰ ਗਿਆ। ਜੈਲੇ ਉਹਦੀ ਵੀਣੀ 'ਤੇ ਚੱਕ ਹੀ ਵੱਢ ਦਿੱਤਾ। ਤਦ ਤੋਂ ਚੱਕ-ਵੱਢੂ ਉਹਦੀ ਅੱਲ ਪੈ ਗਈ।

ਠਾਣੇਦਾਰ ਨੂੰ ਤਾਂ ਜੈਲੇ ਇਕ ਵੇਰ ਚੱਕ ਵੱਢਿਆ। ਪਰ ਦੀਨਾ ਨਾਥ ਤੀਹ ਸਾਲ ਜੈਲੇ ਦੇ ਦੰਦਾਂ ਹੇਠ ਰਿਹਾ। ਸਕੂਲ ਇਕ ਢੱਠੀ ਹੋਈ ਮਸੀਤ ਵਿਚ ਸੀ। ਵਕਫ਼ ਬੋਰਡ ਦੀ ਜ਼ਮੀਨ ਹਥਿਆਉਣ ਬਦਲੇ ਜੈਲੇ ਕਈ ਸਾਲ ਸਕੂਲ ਹੀ ਮਿਡਲ ਨਾ ਬਣਨ ਦਿੱਤਾ। ਬਣਿਆ ਤਾਂ ਜੈਲੇ ਆਪਣੀਆਂ ਧੀਆਂ ਹੀ ਟੀਚਰ ਲਗਵਾ ਲਈਆਂ। ਜਿਨ੍ਹਾਂ ਜੁਆਕ ਘੱਟ ਤੇ ਦੀਨਾ ਨਾਥ ਵੱਧ ਪੜ੍ਹਾਇਆ।

ਮਾੜੇ ਜਿਹੇ ਟੀਰ ਕਾਰਨ ਕਿਸੇ ਹਾਸੇ ਵਾਲੀ ਗੱਲ ਤੇ ਮਾਸਟਰ ਦੀਨਾ ਨਾਥ ਦੀ



ਸੱਜੀ ਅੱਖ ਝਪਕੀ ਜਾਂਦੀ ਸੀ। ਬੱਸ ਇਸੇ ਬਾਤ ਦਾ ਬਤੰਗੜ ਬਣਾ ਕੁੜੀਆਂ ਮਾਸਟਰ ਬੱਦੂ ਕਰ ਦਿੱਤਾ। ਹਾਰ ਕੇ ਬਦਲੀ ਲਈ ਟਿੱਲ ਲਾਇਆ। ਜੈਲੇ, ਨਾ ਜਾਣ ਦਿੱਤਾ, ਨਾ ਜਿਉਣ ਦਿੱਤਾ।

ਇਸੇ ਪੀੜ ਨੂੰ ਮੱਥੇ 'ਚ ਲਈ ਮਾਸਟਰ ਕ੍ਰਿਸ਼ਨ ਦੀ ਤਸਵੀਰ ਘੂਰੀ। ਪਿਉ ਪੁਜਾਰੀ ਸੀ। ਦੀਨਾਂ ਨਾਥ ਲੋਕਾਂ ਦੇ ਹੱਦੇ ਖਾ ਕੇ ਪਲਿਆ ਸੀ। ਅੱਖਰ ਢਿੱਡ 'ਚ ਪਾਏ ਤਾਂ ਸੋਝੀ ਆਈ। ਮਾਸਟਰ ਬਣਿਆ ਤਾਂ ਸੁਪਨੇ ਦੇਖ ਲਏ। ਅੱਗੋਂ ਜੈਲਾ ਟੱਕਰ ਗਿਆ ਤਾਂ ਸੁਪਨੇ ਠੁੱਸ। ਪਹਿਲੋਂ ਪਹਿਲ ਭਗਤ ਸਿੰਘ 'ਤੇ ਟੇਕ ਰੱਖੀ ਤਾਂ ਉਹਦੀ ਤਸਵੀਰ ਕਮਰੇ 'ਚ ਲਿਆ ਲਾਈ। ਗੱਲ ਨਾ ਬਣੀ ਤਾਂ ਕ੍ਰਿਸ਼ਨ ਨੂੰ ਬੇੜਾ ਪਾਰ ਕਰਨ ਲਈ ਕਿਹਾ। ਮੁਰਾਰੀ ਵੀ ਬਾਂਹ ਨਾ ਫੜੀ ਤਾਂ ਹਥਿਆਰ ਸਿੱਟ ਦਿੱਤੇ।

ਮੌਤ ਉਦੋਂ ਹੋਈ ਜਦੋਂ ਸੇਵਾ ਮੁਕਤੀ ਤੋਂ ਬਾਦ ਜੈਲੇ, ਕ੍ਰਿਸ਼ਨ ਜੀ, ਭਗਤ ਸਿੰਘ ਤੇ ਆਪਣੇ ਵਿਚਾਲੇ ਦੀਨਾਂ ਨਾਥ ਨੂੰ ਜੜ ਦਿੱਤਾ। ਸਭ ਕੁਝ ਬਰਦਾਸ਼ਤ ਸੀ, ਪਰ ਉਹਨੂੰ ਇਹ ਵਧੀਕੀ ਬਰਦਾਸ਼ਤ ਨਹੀਂ ਸੀ।

ਵੈਸੇ ਤਾਂ ਪੁੱਤਾਂ ਦੀ ਵਧੀਕੀ ਵੀ ਬਰਦਾਸ਼ਤ ਨਹੀਂ ਸੀ, ਪਰ ਘਰ ਦੇ ਦੁਸ਼ਮਣਾਂ ਨਾਲ ਕਿਵੇਂ ਲੜੇ। ਇਹੋ ਪੀੜ ਸੀ ਜਿਸ ਕਾਰਨ ਮਾਸਟਰ ਬੇਜਾਨ ਚੀਜ਼ਾਂ ਨਾਲ ਗੱਲੀਂ ਪਿਆ ਰਹਿੰਦਾ। ਲੋਕ ਆਖਦੇ, ਦਿਮਾਗ ਹਿੱਲ ਗਿਆ। ਪਰ ਜੇ ਕੋਈ ਸੁਣੇ ਹੀ ਨਾ, ਤਾਂ ਬੰਦਾ ਕਿੱਥੇ ਮਰੇ? ਪਰ ਰੱਬ ਨਾਲ ਤਾਂ ਲੜਿਆ ਜਾ ਸਕਦਾ ਸੀ, ਜੇ ਸਚਮੁਚ ਰੱਬ ਹੋ ਸੀ ਤਾਂ।

ਮਾਸਟਰ ਤਸਵੀਰ ਨੂੰ ਮੁਖ਼ਾਤਬ ਸੀ...

"ਪਛਾਣਿਆ ਮੁਰਲੀ ਆਲਿਆ? ਮੈਂ ਦੀਨਾ ਨਾਥ, ਵਲਦ ਬੱਦਰੀ ਨਾਥ। ਤੇਰਾ ਬੰਦਾ, ਵੈਸੇ ਤੂੰ ਹੈਗਾ ਵੀ ਏਂ ਕ ਨਿਰਾ ਹਊਆ ਈ ਐ ਤੇਰਾ? ਜੇ ਹੈਗੇਂ ਤਾਂ ਕਰ ਹੇਠਲੀ ਉੱਤੇ। ਦੇਖਦਾ ਕੀ ਐਂ? ਆਹ ਗਰਕ ਗਈ ਤੇਰੀ ਦੁਨੀਆਂ। ਪੂਰੇ ਤੀਹ ਸਾਲ, ਸਿਰਫ਼ ਅੱਖਰਾਂ ਦਾ ਵਣਜ ਕੀਤਾ ਮੈਂ। ਸਿੱਟਾ ਕੀ? ਜਿਨ੍ਹੂੰ ਗਿਆਨ ਸਮਝਿਆ ਉਹ ਹਉਮੈਂ ਦਾ ਅੰਧਕਾਰ ਨਿਕਲਿਆ?"

"ਤੇ ਪੁੱਤਰ... ਜਿਨ੍ਹਾਂ ਨੂੰ ਮੈਂ ਪੜ੍ਹਾਇਆ, ਲਿਖਾਇਆ, ਵਿਆਹਿਆ। ਸਹੁਰੇ ਓਨਾਂ ਚਿਰ ਇਕ ਚੁੱਲ੍ਹੇ 'ਤੇ ਰਹੇ ਜਿੰਨਾਂ ਚਿਰ ਨੌਕਰੀ ਦੇ ਪੈਸੇ ਨਹੀਂ ਮਿਲੇ ਮੈਨੂੰ? ਪੈਸੇ ਕੀ ਮਿਲੇ, ਦਾੜ੍ਹੀ ਪੁਟਣ ਤੀਕ ਗਏ ਕੰਜਰ। ਕਹਿੰਦੇ ਔਲਾਦ ਹੁੰਦੀ ਐ ਬਾਊ ਜੀ ਪੈਸਾ। ਅਸੀਂ ਚੱਟਣੈ ਤੇਰਾ ਆਦਰਸ਼। ਸਿਰ 'ਤੇ ਛੱਤ ਤਾਂ ਤੁਹਾਥੋਂ ਸਰੀ ਨਹੀਂ।"

"ਕਦੇ ਦੇਖਿਆ ਸੀ? ਜਾਇਦਾਦ ਦੀ ਪਾਈ ਪਾਈ ਨਾਲ ਪੁੱਤਰ ਮਾਂ ਪਿਉ ਵੀ ਵੰਡ ਲੈਣ?... ਪਿਛਲੇ ਸੱਠ ਸਾਲ; ਅੱਖ ਦੇ ਫੋਰ 'ਚ ਲੰਘ ਗਏ। ਪਰ ਆਹ ਚਾਰ ਸਾਲ... ਮੈਂ ਮੰਦੀ ਕੰਲ ਤੇ ਭਾਗਵੰਤੀ...।" ਅੱਗੋਂ ਮਾਸਟਰ ਦਾ ਰੱਚ ਭਰ ਆਇਆ "ਕਹਿੰਦੇ ਤੂੰ ਜਾਨੀ ਜਾਣ ਐਂ। ਜਾਨੀ ਜਾਣ ਐਂ ਤਾਂ ਲੈ ਅਹੀ-ਤਹੀ ਮਰਾ ਆਪਣੀ...।" ਤੇ ਉਹਨੇ

ਵਗਾਹ ਕੇ ਤਸਵੀਰ ਨਹਿਰ 'ਚ ਮਾਰੀ।

ਫਿਰ ਆਪਦੇ ਆਪ ਨੂੰ ਕਿਹਾ।

"ਕਹਿੰਦੇ ਪਾਗਲ ਆਂ ਮੈਂ...। ਕੁੱਤਿਓ ਪਾਗਲ ਆਂ ਮੈਂ ?"

ਕੋਈ ਦੇਖ ਰਿਹਾ ਹੁੰਦਾ ਤਾਂ ਸਚਮੁਚ ਪਾਗਲ ਸਮਝ ਲੈਂਦਾ।

ਗੁੱਸੇ ਅਤੇ ਖਿਝ ਨਾਲ ਮਾਸਟਰ ਲੰਮਾ ਸਾਹ ਲਿਆ। ਇਕ ਵੇਰ ਜੀ ਭਰ ਕੇ ਸਾਈਕਲ ਦੇਖਿਆ ਅਤੇ ਸਾਈਕਲ ਨੂੰ ਹੀ ਕਿਹਾ।

"ਕੀ ਸੋਚਦੈਂ, ਕੀ ਕੀਤਾ ਮੈਂ ? ਐਂ ਈ ਕਰਨਾਂ ਸੀ ਮੈਂ।... ਸਹੁਰੇ ਰੱਬ ਦੇ...। ਰੱਬ ਹੁੰਦਾ ਤਾਂ ਸ਼ਰਮ ਨਾ ਕਰਦਾ। ਰੱਬ ਤੋਂ ਵੱਧ ਤਾਂ ਤੂੰ ਸਾਥ ਦਿੱਤਾ, ਤੇ ਅੱਜ ਤੈਨੂੰ ਵੀ ਰਾਮ ਰਾਮ।"

ਦੁਖੀ ਜਿਹੇ ਮਨ, ਮਾਸਟਰ ਸਾਈਕਲ ਚੁੱਕਿਆ। ਸਿਵਿਆਂ ਦੀ ਚੁਖੰਡੀ ਨਾਲ ਖੜ੍ਹਾ ਕੀਤਾ ਤੇ ਹੱਥ ਜੋੜੇ। ਕਿਸੇ ਬੰਦੇ ਅੱਗੇ ਹੱਥ ਜੋੜਨ ਵਾਂਗ।

"ਬਹੁਤ ਸਾਥ ਨਿਭਿਆ ਤੇਰੇ ਨਾਲ... ਲੈ ਅੱਜ ਤੋਂ ਤੈਥੋਂ ਵੀ ਬਰੀ..."

ਮਾਸਟਰ ਇਕਾਇਕ ਪੀੜ ਨਾਲ ਭਰ ਗਿਆ। ਜਿਵੇਂ ਕਿਸੇ ਬਹੁਤ ਆਪਣੇ ਤੋਂ ਵਿੱਛੜ ਰਿਹਾ ਹੋਵੇ। ਉਸ ਪਾਸਾ ਵੀ ਪਰਤ ਕੇ ਨਾ ਦੇਖਿਆ। ਭਰ ਸੀ ਰੋ ਪਵੇਗਾ। ਨੀਵੀਂ ਜਹੀ ਪਾਈ ਫਿਰ ਬੜ੍ਹੇ 'ਤੇ ਆ ਬੈਠਾ। ਉਸ ਮਨ ਬਾਵੇਂ ਕਰਨ ਲਈ ਜ਼ੋਰ ਲਾਇਆ। ਘੜੀ ਤੋਂ ਟਾਈਮ ਦੇਖਿਆ। ਬੱਸ ਆਉਣ ਵਿਚ ਕੁਝ ਹੀ ਮਿੰਟ ਬਾਕੀ ਸਨ। ਸਭ ਕੁਝ ਇਤਨੀਂ ਛੇਤੀ ਵਾਪਰ ਗਿਆ ਸੀ ਕਿ ਯਕੀਨ ਹੀ ਨਹੀਂ ਸੀ ਹੋ ਰਿਹਾ।

ਬੱਸ ਵਿਚ ਬੈਠ ਉਸ ਸੁਖ ਦਾ ਸਾਹ ਲਿਆ। ਮਨ ਤੋਂ ਮਣਾ ਮੂੰਹੀ ਭਾਰ ਉੱਤਰ ਗਿਆ ਲੱਗਾ। ਉਸ ਅੰਦਾਜ਼ਾ ਲਗਾਇਆ ਢਾਈ ਵਜੇ ਬੱਸ ਅੱਡੇ ਅਤੇ ਤਿੰਨ ਵਜੇ ਨਹਿਰੂ ਪਾਰਕ। ਭਾਗਵੰਤੀ ਨੂੰ ਇਹੋ ਟਾਈਮ ਦਾ ਸੁਨੇਹਾ ਘੱਲਿਆ ਸੀ ਉਸ। ਲੰਮਾ ਸਾਹ ਲੈ ਉਸ ਬੱਸ ਦੀ ਸੀਟ ਨਾਲ ਪਿੱਠ ਲਗਾ ਲਈ ਅਤੇ ਸ਼ੀਸ਼ੇ ਵਿਚੋਂ ਪਿਛਾਂਹ ਨੂੰ ਭੱਜਦੇ ਰੁੱਖ ਦੇਖ ਲੱਗਾ।

ਨਹਿਰੂ ਪਾਰਕ ਵੜਦੇ ਹੀ ਉਹ ਫਿਰ ਅਚਵੀ 'ਚ ਘਿਰ ਗਿਆ। ਸੁਨੇਹਾ ਉਸ ਘਰ ਦੇ ਪਰੋਹਤ ਰਾਹੀਂ ਭੇਜਿਆ ਸੀ। ਪੱਕਾ। ਫਿਰ ਵੀ ਦੁਬਿਧਾ ਹੋਈ। ਜੇ ਭਾਗਵੰਤੀ ਆਈ ਹੀ ਨਾ। ਆ ਵੀ ਗਈ ਤਾਂ ਸਹਿਮਤ ਨਾ ਹੋਈ ? ਮਨ ਡੁੱਬਣ ਲੱਗਾ। ਉਹ ਸੁੰਗੜ ਕੇ ਬੈਂਚ 'ਤੇ ਬੈਠ ਗਿਆ। ਯਾਦ ਆਇਆ, ਸ਼ਾਇਦ ਸਾਲ ਬਾਦ ਮਿਲ ਰਹੇ ਸਨ। ਇੱਕੋ ਸ਼ਹਿਰ। ਜਦ ਵੀ ਕਿਹਾ। ਦੋਹਾਂ ਪੁੱਤਾਂ ਦੀ ਇਕੋ ਰਟ। ਸਾਰੀ ਉਮਰ ਕੱਠੇ ਰਹੇ, ਕੀ ਸੱਪ ਕੱਢ ਲਿਆ ? ਰੱਬ ਦਾ ਨਾਂ ਲਉ ਬਾਊ ਜੀ। ਓਧਰ ਚਾਰੂ। ਚੁਗਲੀਆਂ ਕਰਨੀਆਂ ਤਾਂ ਸਾਮ੍ਹਣੇ ਕਰੋ। ਲੁਕ-ਲੁਕ ਕਿਉਂ ? ਹਾਰ ਕੇ ਦੋਹਾਂ ਵਿੱਚ 'ਚ ਮੁੱਕੀਆਂ ਦੇ ਲਈਆਂ।... ਪਤਾ ਨਹੀਂ ਕਦੋਂ ਝਪਕੀ ਆ ਗਈ। ਫ਼ਿਰ ਲੱਗਾ, ਕੋਈ ਖੜ੍ਹਾ ਸੀ। ਮਾਸਟਰ ਤ੍ਰਭਕ ਕੇ ਜਾਗਿਆ, ਭਾਗਵੰਤੀ ਸੀ।



"ਕਦ ਆਈ ?"

"ਹੁਣੇ ਈ..."

"ਬੜੀ ਦੇਰ ਲਾ ਦਿੱਤੀ।"

"ਗੇੜੇ ਰਹਿ ਗਏ ਸਭਜਾਣੇ।"

"ਤੈਨੂੰ ਕਿਹਾ ਸੀ ਸਫ਼ਾਖਾਨੇ ਚਲੀ ਜਾਈਂ।"

"ਤੂੰ ਜਾ ਸਕਦੈਂ ਸਫ਼ਾਖਾਨੇ ?"

ਉੱਤਰ ਵਿਚ ਮਾਸਟਰ ਹਉਕਾ ਲਿਆ।

"ਨੰਗੇ ਪੈਰ ਕਿਉਂ ਆਈ ?"

"ਮੰਦਰ ਦੇ ਬਹਾਨੇ ਆਈ... ਐਵੇਂ ਨਿਕਲਣ ਦਿੰਦੇ ਕੋਈ ?"

"ਮੈਂ ਵੀ ਪਿੰਡ ਦੇ ਬਹਾਨੇ ਆਇਆਂ। ਪਰ ਨੰਗੇ ਪੈਰ ਕਿਉਂ ?"

"ਬਹੂ ਕਹਿੰਦੀ ਜੇ ਮੰਦਰ 'ਚ ਜੁੱਤੀ ਚਕਾ ਕੇ ਆ ਗਈ, ਨਵੀਂ ਨਹੀਂ ਮਿਲਣੀ।" ਭਾਗਵੰਤੀ ਪਤੀ ਦੀਆਂ ਅੱਖਾਂ 'ਚ ਸਿੱਧਾ ਝਾਕੀ।

"ਕੰਜਰ ਬੀਹਾਂ ਦੀ ਚੱਪਲ ਵੀ ਨਹੀਂ ਲੈ ਕੇ ਦੇ ਸਕਦੇ ?"

ਮਾਸਟਰ ਮੱਥੇ ਅੰਤਾਂ ਦੀ ਪੀੜ ਹੋਈ।

"ਚਲ ਛੱਡ, ਘਰ ਵੀ ਤਾਂ ਨੰਗੇ ਪੈਰੀਂ ਰਹੀਦੈ...।"

"ਕਿਉਂ ? ਨੰਗੇ ਪੈਰ ਕਿਉਂ ?"

"ਜੇ ਫ਼ਰਸ਼ ਤੇ ਲੱਗੇ ਦਾਗ ਆਪ ਹੀ ਸਾਫ਼ ਕਰਨੇ ਐਂ ਤਾਂ ਚੰਗੇ ਜੁੱਤੀ ਹੀ ਨਾ ਪਾਉ।" ਭਾਗਵੰਤੀ ਦੀ ਅੱਖ ਛਲਕੀ। ਪਰ ਉਸ ਨਮ ਹੋਣ ਤੋਂ ਰੋਕ ਲਈ।

ਮਾਸਟਰ ਦਾ ਵੀ ਗੱਚ ਭਰ ਆਇਆ। ਉਹਦੀ ਹੋਣੀ ਵੀ ਤਾਂ ਭਾਗਵੰਤੀ ਜਿਹੀ ਹੀ ਸੀ। ਉਹਨੇ ਨਜ਼ਰ ਭਰ ਕੇ ਭਾਗਵੰਤੀ ਦੇਖੀ ਅਤੇ ਫ਼ਿਕਰ ਨਾਲ ਪੁੱਛਿਆ।

"ਤੇਰੀ ਚੇਨੀ ਤੇ ਵਾਲੀਆਂ ?"

"ਬੱਸ ਵੈਸੇ ਨਹੀਂ ਪਾਈਆਂ।" ਭਾਗਵੰਤੀ ਹਉਕਾ ਲਿਆ।

"ਕਿਉਂ ?"

"ਸਬਜ਼ੀ ਲੈਣ ਜਾਨੀ ਆਂ ਨਾ ਮੂੰਹ ਹਨੇਰੇ। ਮੰਡੀਓਂ। ਸੱਚਿਆ ਕੋਈ ਲਾਹ ਨਾ ਲਵੇ।"

"ਮੂੰਹ ਹਨੇਰੇ ਕਿਉਂ ?"

"ਬਹੂ ਕਹਿੰਦੀ ਸਵੱਲੀ ਮਿਲਦੀ ਐ ਓਥੋਂ।"

"ਰਵੀ ਤੇ ਚਾਰੂ ਨਹੀਂ ਜਾਂਦੇ ?"

"ਨਾ-ਨਾ, ਉਹ ਤਾਂ ਲੇਟ ਉੱਠਦੇ ਨੇ ਬਹੁਤ।"

"ਪੰਡਿਤ ਹੱਥ ਸੁਨੇਹਾ ਭੇਜਿਆ ਸੀ। ਚੇਨੀ ਤੇ ਵਾਲੀਆਂ ਲਈ।"

"ਉਹ ਨਹੀਂ ਮਿਲਣੀਆਂ।"

"ਕਿਉਂ ?"

"ਬਹੂ ਨੂੰ ਚਾਹੀਦੀਆਂ ਸੀ..."

"ਕਿਉਂ ?"

"ਚਾਹੀਦੀਆਂ ਸੀ ਤਾਂ ਚਾਹੀਦੀਆਂ ਸੀ। ਕਿਉਂ ਕੀ ?"

ਭਾਗਵੰਤੀ ਇਸ ਤਰ੍ਹਾਂ ਚੀਕੀ। ਸ਼ੇਲ ਸੇਲੇ ਵਾਂਗ ਮਾਸਟਰ ਦੀ ਛਾਤੀ 'ਚ ਵੱਜੇ। ਉਸ ਭਾਗਵੰਤੀ ਗਹੁ ਨਾਲ ਦੇਖੀ।

"ਮੈਨੂੰ ਪਤੈ ਤੂੰ ਝੂਠ ਨਹੀਂ ਬੋਲਦੀ। ਕੋਈ ਹੋਰ ਗੱਲ ਏ ਤਾਂ ਦੱਸ।" ਭਾਗਵੰਤੀ ਚੁੱਪ ਕਰ ਗਈ।

"ਠੀਕ ਏ, ਨਹੀਂ ਦੱਸਣਾ ਤੇਰੀ ਮਰਜ਼ੀ।"

ਪੀੜ ਵਿਚ ਭਾਗਵੰਤੀ ਦੇ ਬੁੱਲ੍ਹ ਕੰਬੇ। ਅੱਖਾਂ ਸੁੰਗੜੀਆਂ। ਕੰਬਦਾ ਜਿਹਾ ਹੱਥ ਮਾਸਟਰ ਦੇ ਹੱਥ 'ਤੇ ਟਿਕਿਆ। ਮੂੰਹ ਵਿੱਚ ਚੁੰਨੀ ਘੁੱਟ ਕਿਹਾ।

"ਦੂਜੇ ਚੌਥੇ ਚਾਰੂ ਤੇ ਉਹਦੀਆਂ ਸਹੇਲੀਆਂ ਜੂਆ ਖੇਡਦੀਆਂ ਨੇ ਘਰ 'ਚ। ਇਕ ਦਿਨ ਕਹਿੰਦੀ, ਬੁੜੀਏ ਤੂੰ ਲੱਗੀ ਏ ਮੱਥੇ, ਤਾਂ ਹਾਰੀ ਆਂ ਮੈਂ। ਲੁਹਾਅ ਕੇ ਉਹ ਵੀ ਹਾਰ ਦਿੱਤੀਆਂ।"

"ਸ਼ਰਮ ਨਹੀਂ ਆਈ ਕਮਜਾਤ ਨੂੰ ?" ਭਾਗਵੰਤੀ ਚੀਕੀ।

"ਆਪਾਂ ਨੂੰ ਸ਼ਰਮ ਹੈ ਜਿਹੜੇ ਬੈਠੇ ਆਂ ਇਹੋ ਜਿਹੇ ਕੁੱਤਿਆਂ ਦੇ ਦਰਾਂ 'ਤੇ...।"

ਮਾਸਟਰ ਸੁੰਨ ਰਹਿ ਗਿਆ। ਭਾਗਵੰਤੀ ਠੀਕ ਆਖ ਰਹੀ ਸੀ। ਉਸ ਕੁਝ ਕਹਿਣਾ ਚਾਹਿਆ; ਪਰ ਰੁਕ ਗਿਆ।

"ਚਲ ਮਿੱਟੀ ਪਾ...। ਇਹ ਦੱਸ ਕੰਮ ਤਾਂ ਨਹੀਂ ਲੈਂਦੇ ਬਹੁਤਾ ?"

"ਨਾ-ਨਾ। ਸਵੇਰੇ ਮੰਡੀ। ਉੱਠਦਿਆਂ ਨੂੰ ਚਾਹ ਨਾਸ਼ਤਾ। ਘਰ ਦੀ ਸਫ਼ਾਈ। ਕੱਪੜੇ ਲੀੜੇ। ਨੀਲੂ ਦੀ ਦੇਖ ਭਾਲ ਤੇ ਰਾਤ ਨੂੰ ਭਾਂਡਾ-ਟੀਂਡਰ। ਬੱਸ।"

"ਇਹ ਕੰਮ ਨੇ ? ਫਰਿਸਤ ਏ ਪੂਰੀ। ਤੂੰ ਨਾਂਹ ਕਰ ਦਿਆ ਕਰ।"

"ਨਾਂਹ ਕਰਾਂ ਤਾਂ ਘਰੋਂ ਨਿਕਲਾਂ ?"

"ਤੂੰ ਰਵੀ ਨੂੰ ਕਹਿੰਦੀ..."

"ਕਿਹੜਾ ਰਵੀ ? ਜਿਹੜਾ ਕਹਿੰਦੈ, ਹੱਥ-ਪੈਰ ਹਿਲਾਅ ਮਾਤਾ। ਤਖ਼ਤਾ ਬਣ ਗਈ ਤਾਂ ਕਿਸੇ ਪਾਣੀ ਨਹੀਂ ਪੁੱਛਣਾ।... ਚੱਲ ਛੱਡ, ਆਦਤ ਬਣ ਗਈ ਹੁਣ। ਕਿਚਨ ਵਿਚੋਂ ਬਾਹਰ ਨਹੀਂ ਨਿਕਲਣਾ, ਤੇ ਖਾਣੇ ਦੀ ਮੇਜ਼ ਲਾਗੇ ਨਹੀਂ ਫਟਕਣਾ।"

"ਕਿਉਂ ? ਮੇਜ਼ ਲਾਗੇ ਕਿਉਂ ਨਹੀਂ ?"

"ਚਾਰੂ ਕਹਿੰਦੀ ਮੈਂ ਦੇਖਾਂ ਤਾਂ ਖਾਧਾ ਪਚਦਾ ਨਹੀਂ ਉਨ੍ਹਾਂ ਨੂੰ।"

"ਚਲ ਤੂੰ ਨੀਲੂ ਨਾਲ ਪਰਚ ਜਾਇਆ ਕਰ।"

"ਭੁੱਲ ਕੇ ਵੀ ਨਾ..."



"ਕਿਉਂ ?"

"ਕਹਿੰਦੇ ਤੇਰੀ ਖੰਗ ਦਾ ਕੀ ਪਤਾ, ਟੀ.ਬੀ. ਹੋਵੇ।"

"ਗੋਲੀ ਮਾਰ ਐਹਾ ਜਿਆਂ ਨੂੰ... ਤੂੰ ਪਹਿਲਾਂ ਨਹੀਂ ਦੱਸਿਆ ?"

"ਕੀਹਨੂੰ ਦੱਸਾਂ ?"

ਮਾਸਟਰ ਦਾ ਮਨ ਭਰ ਆਇਆ। ਪਰੋਹਤ ਨੇ ਤਾਂ ਇਸ ਤੋਂ ਵੀ ਵੱਧ ਦੱਸਿਆ ਸੀ। ਪਰ ਕੋਈ ਰਾਹ ਹੀ ਨਹੀਂ ਸੀ ਦਿੱਸਿਆ। ਮਾਸਟਰ ਚੁੱਪ ਕਰ ਗਿਆ। ਭਾਗਵੰਤੀ ਨੂੰ ਲੱਗਾ, ਦੱਸ ਕੇ ਮਾੜਾ ਕੀਤਾ। ਉਸ ਗੱਲ ਬਦਲੀ।

"ਮੇਰੀ ਛੱਡੋ... ਆਪਣੀ ਦੱਸੋ।"

"ਦੱਸਣ ਤੋਂ ਤਾਂ ਗਾਹਾਂ ਲੰਘ ਗਈ ਭਾਗੀਏ। ਸਾਡੇ ਵੀ ਕਹਿੰਦੇ, ਮਹਿਮਾਨ ਆਉਣ ਤਾਂ ਗੈਰਾਜ 'ਚ ਬੈਠੋ। ਮਹਿਮਾਨ ਤਾਂ ਅੱਧੀ-ਅੱਧੀ ਰਾਤ ਨਹੀਂ ਜਾਂਦੇ। ਗੈਰਾਜ 'ਚ ਪੈਰ ਰੱਖਣ ਨੂੰ ਥਾਂ ਨਹੀਂ।... ਬਹੁਤ ਦਮ ਘੁੱਟਦੇ ਗੈਰਾਜ 'ਚ ਭਾਗੀਏ...।"

"ਬੱਸ ਇਸੇ ਗੱਲੋਂ... ਹੋਰ ਕਿਸੇ ਗੱਲੋਂ ਨਹੀਂ ?" ਬਹੁਤ ਤਿੱਖਾ ਵਾਰ ਸੀ।

"ਦਮ ਤਾਂ ਬਹੁਤ ਘੁਟਦੇ ਭਾਗੀਏ...।" ਮਾਸਟਰ ਦੀ ਲੇਰ ਨਿਕਲ ਗਈ।

"ਉਂਜ ਤਾਂ ਠੀਕ ਓ...।"

"ਤੇਰੇ ਸਾਮ੍ਹਣੇ ਆਂ।"

"ਹਜ਼ਬਾਂ ਦੇਖੀਆਂ ਆਪਣੀਆਂ ?"

"ਨਹੀਂ-ਨਹੀਂ, ਵੈਸੇ ਘੱਟ ਖਾਈਦੇ।"

"ਬੁੜੇ ਹੋ ਗਏ। ਝੂਠ ਬੋਲਣਾ ਤਾਂ ਸਿੱਖ ਲਊ।"

ਮਾਸਟਰ ਦੀਆਂ ਅੱਖਾਂ ਵਿਚ ਨਮੀ ਉੱਤਰੀ। ਭਾਗਵੰਤੀ ਜਾਣ ਗਈ।

"ਚਲੋ, ਭਾਰਾ ਕੰਮ ਨਾ ਕਰਿਓ ਕੋਈ।"

"ਨਾ-ਨਾ, ਭਾਰਾ ਕੀ ? ਦੋ ਟੈਮ ਕੁੱਤੇ ਨੂੰ ਫੇਰੀ। ਪਿੰਡੋਂ ਸਾਗ ਭਾਜੀ। ਰੋਜ਼ ਸਕੂਟਰ ਕਾਰ ਨੂੰ ਪਾਣੀ। ਵੀਹ ਪੰਜਾਹ ਗਮਲੇ ਐ। ਹਫਤੇ 'ਚ ਇਕ ਵੇਰ ਜੁੱਤੀਆਂ ਪਾਲਸ਼। ਬੱਸ।"

"ਸਬਜ਼ੀ ਭਾਜੀ ਪਿੰਡੋਂ ?"

"ਬਹੂ ਕਹਿੰਦੀ, ਤਿੰਨ ਪਿੰਡਾਂ ਦੇ ਡੰਗਰ ਬੰਦੇ ਬਣਾ ਤੇ ਮੈਂ। ਸਾਗ ਭਾਜੀ ਵੀ ਨਹੀਂ ਦੇਣਗੇ।"

"ਚੰਗਾ, ਚਲਦੀ ਆਂ ਮੈਂ।" ਭਾਗਵੰਤੀ ਉੱਠੀ। "ਕਹਿਣਗੇ ਮੰਦਰ ਵਿਚ ਹੀ ਬੈਠ ਗਈ। ਤੁਸੀਂ ਵੀ ਜਾਓ...।"

ਭਾਗਵੰਤੀ ਉੱਠ ਕੇ ਤੁਰੀ ਤਾਂ ਮਾਸਟਰ ਦੀ ਖਾਨਿਉਂ ਗਈ। ਅਸਲੀ ਗੱਲ ਤਾਂ ਰਹਿ ਹੀ ਗਈ।

"ਕਿੱਥੇ ਜਾਵਾਂ ?"

"ਮੌਦੀ ਦੇ ਹੋਰ ਕੀਹਦੇ...।"

"ਕਿਉਂ ਜਾਵਾਂ?" ਮਾਸਟਰ ਇਸ ਤਰ੍ਹਾਂ ਚੀਕਿਆ। ਪਾਰਕ 'ਚ ਤਾਸ਼ ਖੇਡਦੀ ਢਾਣੀ ਉਨ੍ਹਾਂ ਵੱਲ ਝਾਕੀ।

"ਕੀ ਕਰਦੇ ਓ... ਹੌਲੀ ਬੋਲੋ।"

"ਬੱਸ... ਅਈਥੇ ਈ ਮਾਰ ਖਾ ਗਏ ਭਾਗੀਏ ਆਪਾਂ। ਪਹਿਲਾਂ ਤਾਂ ਬੋਲਦੇ ਹੀ ਨਹੀਂ। ਬੋਲਦੇ ਆਂ ਤਾਂ ਕੋਈ ਸੁਣਦਾ ਨਹੀਂ।"

"ਰੱਬ ਦਾ ਵਾਸਤਾ ਚੁੱਪ ਕਰੋ।" ਭਾਗਵੰਤੀ ਤਰਲਾ ਲਿਆ।

"ਕਿਉਂ ਕਰਾਂ?" ਮਾਸਟਰ ਅੰਦਰ ਕੋਈ ਜਵਾਲਾ ਫਟਿਆ। "ਉਨ੍ਹਾਂ ਜੋ ਚਾਹਿਆ, ਆਪਾਂ ਬੋਲੇ? ਮਰਜ਼ੀ ਨਾਲ ਵਿਆਹ ਕਰਵਾਏ, ਆਪਾਂ ਬੋਲੇ? ਮੇਰੀ ਪਾਈ ਪਾਈ ਵੰਡ ਲਈ ਆਪੇ ਬੋਲੇ? ਆਪਾਂ ਦੋਹਾਂ ਨੂੰ ਵੰਡ ਲਿਆ, ਆਪਾਂ ਬੋਲੇ? ਕੁੱਤਿਆਂ ਤੋਂ ਵੀ ਬਦਤਰ ਕੱਟੇ ਚਾਰ ਸਾਲ, ਆਪਾਂ ਬੋਲੇ? ਹੁਣ ਅੰਤ ਹੋ ਗਿਆ ਤਾਂ ਵੀ ਨਾ ਬੋਲਾਂ?" ਮਾਸਟਰ ਚੀਕ ਰਿਹਾ ਸੀ।

"ਹਾਏ ਰੱਬਾ ਕੀ ਅੰਤ ਹੋ ਗਿਆ?"

"ਬਦਲੀ ਹੋ ਗਈ ਤੇਰੇ ਮੌਦੀ ਦੀ...।"

"ਹੈਂ?" ਭਾਗਵੰਤੀ ਪੈਰੋਂ ਭੁੰਞੇ ਖਿਸਕੀ।

"ਕਹਿੰਦਾ ਬਾਊ ਜੀ ਬਿਰਧ ਆਸ਼ਰਮ ਛਡੂੰ ਤੈਨੂੰ। ਮੈਂ ਕਿਹਾ, ਕਿਉਂ ਬਈ? ਕਹਿੰਦਾ, ਜੇ ਇਹ ਮਕਾਨ ਕਿਰਾਏ 'ਤੇ ਦਿਉਂ ਤਾਂ ਹੀ ਅੱਗੇ ਲਊਂ। ਮੈਂ ਕਿਹਾ, ਜੇ ਮੈਂ ਨਾ ਰਹਾਂ ਬਿਰਧ ਆਸ਼ਰਮ। ਕਹਿੰਦਾ ਫਿਰ ਪੜ੍ਹਿਆ ਵਾਚੋ।"

"ਹੁਣ?" ਭਾਗਵੰਤੀ ਦਾ ਹਿਰਦਾ ਕੰਬਿਆ।

"ਵਾਚ ਲਿਆ ਪੜ੍ਹਿਆ।"

"ਹਾਏ ਹਾਏ ਕੀ ਵਾਚ ਲਿਆ?..."

"ਮੈਂ ਤਾਂ ਵਾਚ ਲਿਆ ਤੇਰਾ ਪਤਾ ਨਹੀਂ।"

"ਹੁਣ ਜਾਨ ਕਢੋਂ ਗੇ ਮੇਰੀ?" ਭਾਗਵੰਤੀ ਅੱਖਾਂ ਭਰ ਆਈ।

"ਆਹ ਦੇਖ।" ਮਾਸਟਰ ਜਾਕਟ 'ਚੋਂ ਵੱਡੇ ਨੋਟਾਂ ਦੀ ਭਾਰੀ ਥਹੀ ਕੱਢੀ।

ਭਾਗਵੰਤੀ ਦੀ ਖਾਨਿਉਂ ਗਈ।

"ਇਹ ਕਿੱਥੋਂ ਆਏ।"

"ਬਸ ਆ ਗਏ।" ਮਾਸਟਰ ਲਾਚੜਿਆ।

"ਪਰ ਕਿੱਥੋਂ?" ਭਾਗਵੰਤੀ ਹੈਰਾਨ ਸੀ।

"ਤੈਨੂੰ ਕਿਹਾ ਸੀ ਨਾ ਮੇਰਾ ਏਰੀਅਰ ਸੀ ਬਾਕੀ। ਕਾਫ਼ੀ।"

"ਆਹੋ।" ਭਾਗਵੰਤੀ ਕਾਹਲੀ ਪੈ ਗਈ।

"ਤੂੰ ਮਾਂ ਐਂ, ਭਾਗੀਏ ਮੈਂ ਜਾਣਦਾ। ਮਾਂ ਲਈ ਪੁੱਤਰ ਮੋਹ ਛੱਡਣਾ ਔਖੇ। ਮੈਂ ਛੱਡ ਦਿੱਤਾ। ਮੇਰੇ ਲਈ ਅੱਜ ਤੋਂ ਬਾਦ ਦੋਨੋਂ ਹੈ ਨਹੀਂ।"

"ਬੱਸ! ਸਾਰੀ ਉਮਰ ਮਾਸਟਰ ਹੀ ਰਹੇ ਨਾ। ਮੈਂ ਤਾਂ ਤਿੰਨ ਸਾਲ ਪਹਿਲਾਂ, ਜਦੋਂ ਇੱਕ ਪਲੇਟ ਟੁੱਟਣ ਬਦਲੇ ਰਵੀ ਨੇ ਮੈਨੂੰ ਵਾਲਾਂ ਤੋਂ ਫੜ ਕੇ ਘੜੀਸਿਆ ਸੀ। ਉਸੇ ਦਿਨ ਤੋਂ ਲੇਖਾ ਮੁਕਾਅ ਤਾ ਸੀ। ਮੈਂ ਨਹੀਂ ਜਾਣਦੀ ਕੌਣ ਰੋਲਾ-ਧੰਦਾ ਕਰਦੀ ਰਹੀ ਐਂ ਉਨ੍ਹਾਂ ਦਾ। ਮੋਹ ਪੁਛਦੇ ਮੈਨੂੰ।"

ਮਾਸਟਰ ਤ੍ਰਬਕ ਕੇ ਭਾਗਵੰਤੀ ਵੱਲ ਦੇਖਿਆ। ਅੱਖਾਂ ਵਿਚ ਰੋਹ। ਕੰਬਦੇ ਬੁੱਲ। ਤਣਿਆ ਮੱਥਾ। ਤਿੜ-ਤਿੜ ਕਰਕੇ ਮੱਚ ਰਹੀ ਭਾਗਵੰਤੀ, ਸਚਮੁਚ ਇਹ ਕੋਈ ਹੋਰ ਭਾਗਵੰਤੀ ਸੀ। ਮਾਸਟਰ ਲੰਮਾ ਸਾਹ ਲਿਆ।

ਇਕਾ ਇਕ ਮਾਸਟਰ ਦੇ ਚਿਹਰੇ ਤੇ ਹਲਕੀ ਜਿਹੀ ਮੁਸਕਾਨ ਫੈਲੀ ਅਤੇ ਉਹਨੇ ਸੱਜੀ ਸੇਲ੍ਹੀ ਝਪਕੀ। ਭਾਗਵੰਤੀ ਮੁਸਕਾਈ।

ਮਾਸਟਰ ਆਵੇਸ਼ ਵਿਚ ਬਾਹਾਂ ਫੈਲਾਈਆਂ। ਭਾਗਵੰਤੀ ਧਾਹ ਕੇ ਵਧੀ।

ਅਗਲੇ ਪਲ ਦੋਵੇਂ ਪਾਰਕ ਤੋਂ ਬਾਹਰ ਸਨ।...

ਦੂਜੇ ਦਿਨ ਦੋ ਘਟਨਾਵਾਂ ਇਕੋ ਸਮੇਂ ਵਾਪਰੀਆਂ।

ਏਧਰ ਪੁੱਤਰ, ਮਾਂ ਪਿਉ ਦੀ ਗੁਮਸ਼ੁਦਗੀ ਬਾਰੇ ਰਪਟ ਲਿਖਾ ਰਹੇ ਸਨ।

ਓਧਰ ਮਾਂ ਪਿਉ ਪੁੱਤਰਾਂ ਦਾ ਕਿਰਿਆ ਕਰਮ ਕਰਵਾ ਰਹੇ ਸਨ।

•

## ਲਾਜ਼ਮਾ

ਇਸ ਕਾਮੁਕ ਜਿਹੀ ਇੱਛਾ ਦਾ ਵਜੂਦ ਇਤਨੀਂ ਸ਼ਿੱਦਤ ਨਾਲ ਹੋਂਦ ਵਿਚ ਆਇਆ, ਪਤਾ ਹੀ ਨਾ ਲੱਗਾ ਕਦੋਂ ਦਿਲ ਦੀ ਡੂੰਘ ਵਿਚ ਘੜੇ ਦੀ ਮੱਛੀ ਵਾਂਗ ਛਾਪਲ ਕੇ ਬੈਠ ਗਿਆ।

ਅੱਜ ਜਦੋਂ ਉਸੇ ਮੱਛੀ ਦਾ ਕੰਡਾ ਮੇਰੇ ਹਲਕ ਵਿਚ ਹੈ। ਪੀੜ ਅਤੇ ਨਮੋਸ਼ੀ ਨਾਲ ਤੜਪ ਰਿਹਾ ਹਾਂ। ਕੀ ਹਸ਼ਰ ਹੋਏਗਾ? ਜਾਣਦਾ ਨਹੀਂ। ਇਕੋ ਪਛਤਾਵਾ ਹੈ। ਮੱਛੀ ਦੀ ਕਿਸਮ ਜਾਣਨ ਵਿਚ ਕਿੱਥੇ ਭੁੱਲ ਹੋਈ।...

ਸਮਝਣ ਲਈ ਪਿੱਛੋਂ ਸ਼ੁਰੂ ਕਰਨਾ ਪਏਗਾ।...

ਮੈਂ ਚੰਨੀ ਅਤੇ ਕਸਤੂਰੀ ਇਕੋ ਮੁਹੱਲੇ ਦੇ ਵਾਸੀ ਅਤੇ ਦੋਸਤ। ਟੱਬਰ ਵੱਖਰੇ। ਖੁਰਾਫ਼ਾਤਾਂ ਸਾਂਝੀਆਂ। ਤਿੰਨਾਂ ਦੇ ਉੱਡਣੇ ਸੁਪਨੇ। ਪਰੀਆਂ ਦੀ ਅਭਿਲਾਸ਼ਾ। ਪਤਾ ਹੀ ਨਾ ਲੱਗਾ ਕਦੋਂ ਅੱਖ ਖੁੱਲ੍ਹੀ, ਕਦੋਂ ਰਾਮੂ ਧੋਬੀ ਦੀਆਂ ਨੈਨਸੀ ਅਤੇ ਕਲਿਆਣੀ ਸਾਡੇ ਦਿਲਾਂ ਨੂੰ ਭਾਅ ਗਈਆਂ। ਦੋਵੇਂ ਭੈਣਾਂ ਜਵਾਨ। ਦੋਵੇਂ ਅਪਸੱਰਾ। ਅਸੀਂ ਤਿੰਨ, ਉਹ ਦੋ। ਅਕਲ ਹੁੰਦੀ ਤੀਜੀ ਭਾਲਦੇ। ਮੈਂ ਨੈਨਸੀ ਮੱਲ ਲਈ। ਚੰਨੀ ਕਲਿਆਣੀ। ਕਸਤੂਰੀ ਦੋਹਾਂ 'ਤੇ ਅੱਖ ਰੱਖ ਲਈ।

ਪਤਾ ਲੱਗਾ ਕੁੜੀਆਂ ਸਾਡੇ ਵੱਲ ਨਹੀਂ, ਸਾਡੀਆਂ ਜੇਬਾਂ ਵੱਲ ਝਾਕਦੀਆਂ ਸਨ। ਇਸ ਹਿਸਾਬ ਤਾਂ ਦੋਵੇਂ ਮੇਰੀਆਂ ਸਨ। ਯਾਰ ਤਾਂ ਨੰਗ ਸਨ।

ਹੱਲਿਆਂ ਵੇਲੇ ਮੇਰੇ ਦੋ ਭਰਾ ਮਾਰੇ ਜਾਣ ਕਾਰਨ, ਮੈਂ ਲਾਡਲਾ ਸਾਂ। ਦਾਰ ਜੀ ਸਰਾਫ਼ ਸਨ। ਉੱਜੜ ਕੇ ਆਏ, ਕੰਗਾਲ ਹੋ ਗਏ ਤਾਂ ਕਬਾੜੀਏ ਬਣ ਗਏ। ਬੋਤਲਾਂ, ਪਊਏ, ਅਧੀਏ, ਢੱਕਣ, ਸ਼ੀਸ਼ੀਆਂ, ਪੀਪੇ, ਪੀਪੀਆਂ, ਬੋਰੀਆਂ, ਤੋੜੇ, ਕੱਚ, ਲੋਹਾ, ਦੇਗ ਜਾਂ ਕੋਈ ਵੀ ਚੀਜ਼, ਜੋ ਦੁਬਾਰਾ ਵਰਤੀ ਜਾ ਸਕਦੀ। ਕੌਡੀਆਂ ਭਾਅ ਮਿਲਦੀ, ਨੋਟਾਂ ਭਾਅ ਵਿਕਦੀ।...

ਦਾਰ ਜੀ ਬਿਰਧ ਸਨ। ਪੁੱਤਰਾਂ ਦੀ ਮੌਤ ਨੇ ਹਾਂਬ ਤੋੜ ਕੇ ਰੱਖ ਦਿੱਤੀ ਸੀ। ਚਾਚੇ ਵੱਖ ਸਨ। ਟੱਬਰ ਦੀ ਮੇਰੇ ਤੇ ਡੋਰੀ ਸੀ। ਦਾਰ ਜੀ ਦੀ ਇਕੋ ਰਟ।

"ਛੋਹਰ ਨੂੰ ਰੋਟੀ ਜੋਕਰਾ ਕਰਦਾ ਜਾਵਾਂ। ਫੇਰ ਭਾਵੇਂ ਦੂਜੇ ਦਿਨ ਤੁਰ ਵੰਞਾਂ।" ਪਰ ਉਹਨਾਂ ਦੀ ਪੇਸ਼ ਨਹੀਂ ਸੀ ਜਾ ਰਹੀ।

ਮੈਨੂੰ ਦੁਕਾਨ 'ਤੇ ਬੈਠਣਾ ਪਸੰਦ ਨਹੀਂ ਸੀ, ਨਾ ਕਬਾੜ। ਪੈਸੇ ਚੰਗੇ ਲਗਦੇ,



ਜਾਂ ਨੈਨਸੀ। ਪੈਸੇ ਬੀ ਜੀ ਦੇਈ ਰੱਖਦੇ। ਨੈਨਸੀ ਮਿਲਣ ਲਈ ਤੜਪਦੀ।

ਪਤਾ ਲੱਗਾ, ਮੇਰੀ ਹੀ ਫ਼ਜ਼ੂਲ ਖਰਚੀ ਨਾਲ ਯਾਰ ਕੁੜੀਆਂ ਜੇਬ 'ਚ ਪਾਈ ਫਿਰਦੇ ਸਨ। ਮੈਂ ਪਾਸਾ ਵੱਟ ਲਿਆ। ਨੈਨਸੀ ਨੂੰ ਪਤਾ ਲੱਗਾ, ਉਹ ਵੀ ਕਲਿਆਣੀ ਤੋਂ ਪਾਸਾ ਵੱਟ ਗਈ।

ਮੈਂ ਤੇ ਨੈਨਸੀ ਹਵਾ 'ਚ ਉੱਡਣ ਲੱਗੇ।

ਇਕ ਦਿਨ ਬਾਰਾਂਦਰੀ ਦੇ ਹਨੇਰੇ ਵਿਚ ਉੱਡਣ ਦੀ ਤਿਆਰੀ ਵਿੱਚ ਸਾਂ, ਜਾਂ ਕਲਿਆਣੀ ਮਾਂ ਨੂੰ ਲੈ ਕੇ ਆ ਖੜ੍ਹੀ। ਤਕਾਲੀ ਰਾਮ ਆਸਰਾ ਪੂਰਬੀਆਂ ਦੀ ਹੇੜ ਲੈ ਆਇਆ।

ਟੱਬਰ ਲਈ ਡੁੱਬ ਮਰਨ ਵਾਲੀ ਗੱਲ ਸੀ। ਦਾਰ ਜੀ ਖ਼ੁਸ਼ ਹੋਏ। ਉਹ ਇਹੋ ਚਾਹੁੰਦੇ ਸਨ।

ਉਹਨਾਂ ਰਾਮੂ ਨਜਿਠਿਆ ਤੇ ਲੀਕ ਖਿੱਚਦੇ ਕਿਹਾ।

"ਬੰਦੇ ਦਾ ਪੁੱਤਰ ਬਣ ਕੇ ਕਿਸੇ ਨੱਢੀ ਨਾਲ ਫੇਰੇ ਲੈ, ਤੇ ਹੱਟੀ 'ਤੇ ਬਹੁ। ਜੇ ਜਿੰਜੇ ਮੇਰੀ ਦਾੜ੍ਹੀ 'ਚ ਖੇਹ ਪਾਉਣੀ ਊ... ਤਾਂ ਅੱਜ ਤੋਂ ਤੂੰ ਬੇ-ਦਖ਼ਲ...।"

"ਰੱਬ ਦਾ ਵਾਸਤਾ ਜੇ... ਲੱਖ ਧੰਧਾ-ਧਰੋਲ ਕਰੋ। ਬੇਦਖ਼ਲੀ ਦਾ ਨਾਂ ਨਾ ਲਿਉ।"

ਬੀ ਜੀ ਰੋਣ ਲੱਗੇ।

ਬੇ-ਦਖ਼ਲੀ ਬਾਰੇ ਮੈਂ ਪਹਿਲੀ ਵੇਰ ਸੁਣਿਆ। ਕੋਈ ਖ਼ਤਰਨਾਕ ਚੀਜ਼ ਸੀ। ਨਹੀਂ ਬੀ ਜੀ ਕਿਉਂ ਰੋਂਦੇ !... ਦਾਰ ਜੀ ਦੀ ਦਾੜ੍ਹੀ ਤਾਂ ਹੈ ਈ ਨਹੀਂ ਸੀ। ਉਸ ਵਿਚ ਖੇਹ ਕਿਵੇਂ ਪੈ ਗਈ? ਵਿਆਹ ਬਾਰੇ ਹਾਲੇ ਸੁਪਨਾਂ ਹੀ ਨਹੀਂ ਸੀ। ਮੈਂ ਦੁਬਿਧਾ ਵਿਚ ਸਾਂ। ਦੋਸਤ ਖ਼ੁਸ਼ ਸਨ। ਉਹਨਾਂ ਲਈ ਪਰੀਆਂ ਦਾ ਮੈਦਾਨ ਖਾਲੀ ਹੋ ਰਿਹਾ ਸੀ। ਕੁੜੀਆਂ ਧੋਬੀ ਦੀ ਅੱਖ ਹੇਠ ਸਨ; ਇਹ ਜਾਣ ਖ਼ੁਸ਼ੀ ਹੋਈ।

ਸੋਚਿਆ, ਦਾਰ ਜੀ ਸੱਚੇ ਸਨ। ਕਬਾੜ ਦਾ ਵੱਡਾ ਖਲਾਰਾ। ਉਹ ਇਕੱਲੇ। ਮਾਲ ਦੂਰ-ਦੂਰ ਤੱਕ ਜਾਂਦਾ। ਗਏ ਹੋਏ ਕਈ-ਕਈ ਦਿਨ ਨਾ ਮੁੜਦੇ ਤਾਂ ਪਿੱਛੋਂ ਕੰਮ ਚੌਪਟ ਬੇਸ਼ਕ ਉਹਨਾਂ ਦੀ ਮੇਰੇ 'ਤੇ ਡੋਰੀ ਸੀ; ਮੇਰੀ ਨਿੱਕੀ ਜਿਹੀ ਭੁੱਲ ਮੇਰੇ ਐਹੋ ਜਿਹੇ ਖੰਭ ਕੁਤਰੇ, ਸੁਪਨੇ ਪੈਰਾਂ 'ਚ ਸਿਮਟ ਕੇ ਰਹਿ ਗਏ।

ਦਾਰ ਜੀ ਮੌਕਾ ਤਾੜ ਕੋਲ ਬੁਲਾਇਆ ਤੇ ਕਿਹਾ।

"ਬੈਲ ਦਾ ਮੁੱਲ ਪੰਜਾਲੀ ਹੇਠ... ਕਾਰੋਬਾਰੀ ਦਾ ਗੱਦੀ ਪੁਰ।"

ਫਿਰ ਉਹਨਾਂ ਬੀ ਜੀ ਨੂੰ ਸੁਣਾਉਂਦੇ ਮੇਰੇ 'ਚੋਂ ਗੱਲ ਕੱਢੀ।

"ਇਸ ਆਂ ਸਮਝਾਅ ਗੱਦੀ ਨਾ ਮੱਲ...।"

ਕਹਿਣਾ ਚਾਹਿਆ, ਪੜ੍ਹ ਲਿਖ ਜਾਂਦਾ ਤਾਂ ਕੁਰਸੀ ਦਾ ਮੁੱਲ ਨਾ ਪੈਂਦਾ। ਪਰ ਚੁੱਪ ਰਿਹਾ। ਜਾਣਦਾ ਸਾਂ, ਦਾਰ ਜੀ ਚੀਜ਼ਾਂ, ਬੰਦੇ, ਰਿਸ਼ਤੇ ਸਭ ਪੈਸੇ 'ਚੋਂ ਦੇਖਦੇ ਸਨ।

ਨੈਨਸੀ ਤਾਂ ਕਿਸੇ ਕੀਮਤ ਉਨ੍ਹਾਂ ਦੀ ਅੱਖ ਹੇਠ ਨਹੀਂ ਸੀ ਆਉਣੀ।

ਮੇਰੀ ਚੁੱਪ ਨੇ ਘਰ 'ਚ ਭੁਚਾਲ ਲੈ ਆਂਦਾ। ਕਾਹਲੀ ਵਿਚ ਰਿਸ਼ਤੇ ਲੱਭੇ ਜਾਣ ਲੱਗੇ। ਦਾਰ ਜੀ ਲੋਹਾ ਠੰਡਾ ਹੋਣ ਦਾ ਜੋਖ਼ਮ ਨਹੀਂ ਸਨ ਲੈ ਰਹੇ। ਮੈਂ ਕਿਹੜੇ ਕੱਪੜੇ ਪਾਵਾਂ। ਕਿਹੜੀ ਪੱਗ ਬੰਨ੍ਹਾਂ। ਸਭ ਕੁਝ ਦੱਸਿਆ ਜਾ ਰਿਹਾ ਸੀ। ਦਾਰ ਜੀ ਪਠਾਣੀ ਸਲਵਾਰ ਅਤੇ ਕੁੱਲੇ ਵਾਲੀ ਪੱਗ ਬੰਨ੍ਹਦੇ ਸਨ। ਡਰ ਸੀ ਕਿਤੇ ਮੈਨੂੰ ਵੀ ਨਾ ਪਾਉਣ ਲਈ ਕਹਿ ਦੇਣ, ਪਰ ਉਹ ਇਤਨੀ ਕਾਹਲੀ ਵਿਚ ਸਨ, ਇਧਰ ਧਿਆਨ ਹੀ ਨਾ ਗਿਆ।

ਦੂਜੇ ਰੋਜ਼ੇ ਹੀ ਰਿਸ਼ਤਾ ਲੱਭ ਲਿਆ ਗਿਆ। ਕੁੜੀ ਦਿਖਾਉਣ ਲਈ ਗੁਰਦੁਆਰੇ ਦੀਆਂ ਪ੍ਰਕਰਮਾਂ ਚੁਣੀਆਂ ਗਈਆਂ। ਪ੍ਰਕਰਮਾਂ 'ਚ ਬਹੁਤ ਆਵਾਜਾਈ ਸੀ। ਚਾਚੀ ਦੀ ਹਿਦਾਇਤ ਸੀ। ਬਿਨਾਂ ਮਤਲਬ ਝਾਕਣਾ ਨਹੀਂ। ਕੁੜੀ ਵਾਲੇ ਆਉਣ ਤਾਂ ਸਤਿਸ੍ਰੀ ਅਕਾਲ ਕਹਿਣੀ। ਰਿਸ਼ਤਾ ਪੱਕਾ ਹੋ ਗਿਆ ਤਾਂ ਪੈਰੀਂ ਪੈਣਾ।

ਅਚਾਨਕ ਸਾਮ੍ਹਣੇ ਕੁਝ ਲੋਕ ਆ ਕੇ ਬੈਠ ਗਏ।

ਚਾਚੀ ਮੇਰੀ ਵੱਖੀ 'ਚ ਚੂੰਢੀ ਭਰੀ।

"ਅੱਖ ਚੁੱਕ ਘੁੱਗੂਆ... ਕੀ ਕਿਰਲੀ ਜਿਹੀ ਧੌਣ ਤੇ ਮੂਧਾ ਹੋਇਆ ਫਿਰਦਾ ਸੈਂ।"

ਮੈਨੂੰ ਬੁਰਾ ਲੱਗਾ। ਮੈਨੂੰ ਘੁੱਗੂ ਕਿਹਾ ਕੁੜੀ ਵਾਲਿਆਂ ਨੂੰ ਵੀ ਤਾਂ ਸੁਣਿਆ ਹੋਏਗਾ। ਮੈਂ ਕਾਫ਼ੀ ਦੇਰ ਅੱਖ ਨਾ ਚੁੱਕੀ ਤਾਂ ਬੀ ਜੀ ਨੇੜੇ ਆਏ।

"ਪ੍ਰੀਤਮ ਪੁੱਤਰ ਸੋਚ ਕੇ... ਹਾਂ ਜਾਂ ਨਾਂਹ।"

ਮੈਂ ਝਕਦੇ ਜਿਹੇ ਅੱਖ ਚੁੱਕੀ। ਸਾਮ੍ਹਣੇ ਔਰਤਾਂ 'ਚ ਦੋ ਕੁੜੀਆਂ ਸਨ। ਇਕ ਨੀਵੀਂ ਪਾਈ। ਇਕ ਮੁਸਕੜੀਏ ਹੱਸਦੀ। ਵਿਆਹ ਲਈ ਕਿਹੋ ਜਿਹੀ ਕੁੜੀ ਚਾਹੀਦੀ ਸੀ। ਪਤਾ ਨਹੀਂ ਸੀ। ਸੋਚਿਆ, ਹੱਸਦੀ ਕੁੜੀ ਦੇ ਨਕਸ਼ ਤਿੱਖੇ ਸਨ। ਬੀ ਜੀ ਉਹੋ ਪਸੰਦ ਕੀਤੀ ਹੋਏਗੀ।

"ਤੁਸੀਂ ਆਪੇ ਦੇਖ ਲਉ।" ਮੈਂ ਬੀ ਜੀ ਨੂੰ ਕਿਹਾ।

ਸਭ ਦੀ ਜਾਨ 'ਚ ਜਾਨ ਆਈ। ਦੋਵੇਂ ਪਰਿਵਾਰ ਕਾਹਲੀ ਨਾਲ ਉੱਠੇ। ਇਕ ਦੂਜੇ ਨੂੰ ਵਧਾਈ ਦਿੱਤੀ।

ਮੈਂ ਹੈਰਾਨ। ਮੈਂ ਤਾਂ ਬੀ ਜੀ ਨੂੰ ਹਾਲੇ ਦੇਖਣ ਨੂੰ ਹੀ ਕਿਹਾ ਸੀ। ਦਾਰ ਜੀ ਖ਼ੁਸ਼ ਤਾਂ ਸਾਰੇ ਖ਼ੁਸ਼। ਪ੍ਰਕਰਮਾਂ ਵਿਚ ਹੀ ਵਿਆਹ ਮਿਥ ਲਿਆ ਗਿਆ।

ਵਿਆਹ ਕੀ ਮਿਥਿਆ, ਹਨੇਰੀ ਆ ਗਈ। ਪਤਾ ਹੀ ਨਾ ਲੱਗਾ ਕਦੋਂ ਵਿਆਹ ਹੋ ਗਿਆ। ਹੈਰਾਨੀ ਘੁੰਡ-ਚੁਕਾਈ 'ਤੇ ਹੋਈ। ਪਤਾ ਲੱਗਾ ਵਿਆਹ ਚੰਚਲ ਜਿਹੀ ਕੁੜੀ ਨਾਲ ਨਹੀਂ; ਉਹਦੀ ਵੱਡੀ ਭੈਣ ਰੂਪੀ ਨਾਲ ਹੋਇਆ। ਇਕ ਪਲ ਅੱਖਾਂ ਅੱਗੇ ਹਨੇਰ ਅਤੇ ਸਿਰ ਨੂੰ ਚੱਕਰ ਆਇਆ।



ਮੈਂ ਬੀ ਜੀ ਨੂੰ ਕਿਹਾ।

ਬੀ ਜੀ ਮੇਰੇ ਮੂੰਹ 'ਤੇ ਹੱਥ ਰੱਖਦੇ ਪਰ੍ਹਾਂ ਲੈ ਗਏ।

"ਖ਼ਬਰਦਾਰ ਜੇ ਸਿਰ ਮੁਨਾਅ ਕੇ ਐਤਵਾਰ ਪੁੱਛਿਆ। ਅੱਕਲ ਹੋਈਆ ਕ ਨਹੀਂ। ਮੂਰਖ਼ਾ ! ਕਿੱਥੇ ਰੂਪੀ ਪੱਕੀ ਮਾਸਟਰਯਾਣੀ ਤੇ ਕਿੱਥੇ ਸਿੰਮਰ। ਮੇਂਢ੍ਹਾ ਪੁੱਤਰ ਏਂ ਤਾਂ ਉੱਚੀ ਸਾਹ ਨਾ ਲਵੀਂ।"

ਸਹਿਮ ਗਏ ਬੀ ਜੀ ਬੁਰੇ ਲੱਗੇ। ਉਹਨਾਂ ਨੂੰ ਰੂਪੀ ਦੀ ਨੌਕਰੀ ਦਿੱਸ ਰਹੀ ਸੀ। ਮੈਨੂੰ ਸਿਮਰ। ਪਿਛਲੇ ਪੰਦਰਾਂ ਦਿਨ ਨਾ ਮੈਨੂੰ ਵਿਆਹ ਦਿਸਿਆ ਸੀ, ਨਾ ਨੈਨਸੀ। ਜ਼ਿਹਨ ਵਿਚ ਸੀ ਤਾਂ ਸਿਮਰ ਦਾ ਹਾਸਾ। ਤਿੱਖੇ ਨਕਸ਼। ਛੀਂਟਕਾ ਪਿੰਡਾ। ਭਰਵੇਂ ਉਭਾਰ। ਰੂਪੀ ਤਾਂ ਮੇਰੇ ਚਿੱਤ-ਚੇਤੇ ਵੀ ਨਹੀਂ ਸੀ।

"ਕਿਤਨੇ ਕ ਪੈਸੇ ਚਾਹੀਦੇ ਨ ਬੀ ਜੀ ਆਪਾਂ ਨੂੰ ?" ਮੈਂ ਰੋਣ ਵਾਂਗ ਕਿਹਾ।

"ਟਿਕ ਕੇ ਬਹੁ ਵੇ... ਹਸ਼ਰ ਨਹੀਂ ਦੇਖਿਆ ਦੁਕਨਦਾਰੀ ਦਾ... ਸੋਨੇ ਤੋਂ ਸਿੱਧਾ ਕੂੜੇ 'ਤੇ...। ਦਾਰ ਜੀ ਆਂ ਪੁੱਛ। ਕੇ ਗੁਜ਼ਰਦੀ ਨੇ ਦਿਲ 'ਤੇ। ਚਿੱਧਰ ਰੂਪੀ ਨੀ ਨੌਕਰੀ... ਸਰਕਾਰ ਦੇ ਘਰ ਨੂੰ ਸਿੱਧੀ ਸੰਨ੍ਹ। ਅਗਲੇ ਮੂਰਖ ਸਨ ? ਵੱਡੀ ਘਰ ਬਿਠਾ ਕੇ ਨਿੱਕੀ ਤੋਰ ਦਿੰਦੇ। ਹੋਅ ਧੂੰਆਂ ਮੇਰੇ ਕੋਲ ਤਾਂ ਕੱਢ ਛੋੜਿਆ ਈ... ਦਾਰ ਜੀ ਅੱਗੇ ਨਾ ਭੁੱਟ ਬਹਵੀਂ।"

"ਕੁਝ ਕਵ੍ਹੋ... ਮੈਂ ਸਿਮਰ ਪਸੰਦ ਕੀਤੀ।"

"ਚੁੱਪ !" ਬੀ ਜੀ ਇਤਨਾਂ ਉੱਚੀ ਚੀਕੇ, ਅੰਦਰੋਂ ਰੂਪੀ ਵੀ ਦੌੜੀ ਆਈ।

ਅਸੀਂ ਚੁੱਪ ਕਰ ਗਏ। ਉਹਨੇ ਸਾਡੇ ਤਣੇ ਚਿਹਰਿਆਂ ਤੋਂ ਪਤਾ ਨਹੀਂ ਕੀ ਪੜ੍ਹਿਆ। ਸੌਣ ਵੇਲੇ ਫ਼ਿਕਰਮੰਦ ਹੋ ਗਈ।

"ਲੈਣ ਦੇਣ ਜਾਂ ਮੇਰੇ ਬਾਰੇ ਕੋਈ ਗੱਲ ਏ ਤਾਂ ਹੁਣੇ ਦੱਸ ਦਿਉ।"

ਜਾਣਦਾ ਸਾਂ, ਰਿਸ਼ਤੇ 'ਚ ਮਾਮੂਲੀ ਖਟਾਸ, ਗ੍ਰਿਹਸਥੀ ਤਬਾਹ ਕਰ ਸਕਦੀ ਸੀ, ਪਰ ਦੁੱਧ 'ਚ ਖੱਟਾਸ ਤਾਂ ਪੈ ਚੁੱਕੀ ਸੀ।

ਬਿਸਤਰ 'ਤੇ ਰੂਪੀ... ਜ਼ਿਹਨ 'ਚ ਸਿਮਰ।

ਮੈਂ ਘਾਬਰ ਗਿਆ, ਪਰ ਹੌਸਲਾ ਕਰਦੇ ਕਿਹਾ।

"ਨਹੀਂ ਤੇਰੇ ਬਾਰੇ ਕੋਈ ਗੱਲ ਨਹੀਂ ਹੋਈ।"

"ਬੀ ਜੀ ਕਿਉਂ ਬੋਲੇ ?" ਰੂਪੀ ਲਗਾਤਾਰ ਮੈਨੂੰ ਘੋਖ ਰਹੀ ਸੀ।

"ਮੈਨੂੰ ਦੁਕਾਨ 'ਤੇ ਬੈਠਣ ਲਈ ਝਿੜਕਿਆ।"

ਮੈਂ ਇਤਨੀ ਬੇ-ਪ੍ਰਵਾਹੀ ਨਾਲ ਕਿਹਾ, ਅਤੇ ਰੂਪੀ ਨੇ ਇਤਨੀ ਛੇਤੀ ਮੰਨ ਲਿਆ; ਮੈਨੂੰ ਲੱਗਾ, ਰੂਪੀ ਤੋਂ ਮੈਂ ਕੁਝ ਵੀ ਛਿਪਾ ਸਕਦਾ ਸਾਂ।

ਬੱਸ ਇਹੋ ਪਲ ਸਨ, ਜਦੋਂ ਸਿਮਰ ਕਾਮੁਕ ਜਿਹੀ ਇੱਛਾ ਦੇ ਰੂਪ ਵਿੱਚ ਮੇਰੇ ਧੁਰ ਅੰਦਰ ਕਿਤੇ ਉੱਤਰ ਗਈ। ਮੈਂ ਉਹਨੂੰ ਝੂਠ ਦੇ ਅਜਿਹੇ ਲਿਬਾਸ ਹੇਠ ਕੱਜ ਲਿਆ,

ਜਿੱਥੋਂ ਉਸ ਕੇਵਲ ਮੈਨੂੰ ਹੀ ਦਿਸਣਾ ਸੀ। ਨਿਰ-ਵਸਤਰ। ਅੱਗ ਦੀ ਲਾਟ। ਧੂੰਏ ਦਾ ਘੇਲਰ। ਵਾਸ਼ਨਾ ਦਾ ਵਜੂਦ। ਜਿਸਨੇ ਰੂਪੀ ਦੇ ਨਿਰ-ਵਸਤਰ ਹੁੰਦੇ ਹੀ ਉਸਦੇ ਅੰਗ-ਅੰਗ ਵਿਚ ਢਲਣਾ ਅਤੇ ਵਿਗਸਣਾ ਸੀ।

ਪਰ ਰੂਪੀ ਦੀ ਦੇਹ 'ਚੋਂ ਸਿਮਰ ਦਾ ਸੇਕ ਲੱਭਦਾ ਮੈਂ ਛੇਤੀ ਹੀ ਪਕੜਿਆ ਗਿਆ।

"ਇਤਨੀ ਭੁੱਖ?... ਕਿਤੇ ਦੌੜ ਤਾਂ ਨਹੀਂ ਚੱਲੀ। ਕਿਤੇ ਮੇਰੇ 'ਚੋਂ ਪ੍ਰੇਮਿਕਾ ਤਾਂ ਨਹੀਂ ਭਾਲ ਰਹੇ?"

ਮੈਂ ਕੰਬ ਗਿਆ। ਕੀ ਰੂਪੀ ਮੇਰੀ ਸਿਮਰ ਦੀ ਚਾਹਤ ਬਾਰੇ ਜਾਣਦੀ ਸੀ?

"ਕੀ ਮਤਲਬ?" ਮੈਂ ਡਰਦੇ ਕਿਹਾ।

"ਛੱਡੋ ਜੀ, ਮੈਂ ਸੁਣ ਚੁੱਕੀ ਹਾਂ ਤੁਹਾਡੀ ਨੈਨਸੀ ਵਾਲੇ ਕਿੱਸੇ।"

ਮੈਂ ਸੁਖ ਦਾ ਸਾਹ ਲਿਆ। ਰੱਬ ਦਾ ਸ਼ੁਕਰ ਕੀਤਾ। ਅੱਗੋਂ ਲਈ ਚੁਕੰਨਾ ਹੋ ਗਿਆ। ਰੂਪੀ ਮੈਨੂੰ ਸਿਆਣਾ ਬਣਾ ਰਹੀ ਸੀ।...

ਕੋਈ ਹੋਰ ਵੀ ਚੀਜ਼ ਸੀ, ਜੋ ਮੈਨੂੰ ਸਿਆਣਾ ਬਣਾ ਰਹੀ ਸੀ।

ਸ਼ਾਇਦ, ਦੁਕਾਨ 'ਤੇ ਬੈਠਣਾ, ਮਾਲ ਖਰੀਦਣਾ-ਵੇਚਣਾ। ਪੈਸੇ ਕਮਾਉਣੇ। ਖਰਚ ਕਰਨੇ ਅਤੇ ਸਮੇਂ ਨੂੰ ਮੁੱਠੀ ਵਿਚ ਫੜਨਾ। ਪਰ ਸਮਾਂ ਤਾਂ ਹਵਾ ਸੀ। ਹਵਾ ਵਿਚ ਸਿਮਰ ਸੀ। ਹਵਾ ਨੂੰ ਕੌਣ ਫੜ ਸਕਦਾ ਸੀ? ਫਿਰ ਵੀ ਕੁਝ ਸੀ, ਜੋ ਮੇਰੀ ਮੁੱਠੀ ਵਿਚ ਆ ਰਿਹਾ ਸੀ।

ਦੋਸਤ ਨਹੀਂ। ਨੈਨਸੀ ਨਹੀਂ। ਤਾਂ ਕੌਣ ਸੀ?

ਇਕ ਰਾਤ ਰੂਪੀ ਬਿਸਤਰ ਤੇ ਬਹੁਤ ਉਦਾਸ ਪੇਸ਼ ਆਈ।

"ਕੀ ਹੋਇਆ?"

ਉਹ ਬੇ-ਤਹਾਸ਼ਾ ਰੋਣ ਲੱਗੀ।

ਮੈਂ ਦਹਿਲ ਗਿਆ। ਘਰ ਵਿਚ ਕਿਸੇ ਚੀਜ਼ ਦੀ ਕਮੀ ਨਹੀਂ ਸੀ। ਸਿਮਰ ਅਤੇ ਮੇਰੇ ਬਾਰੇ ਵੀ ਕੋਈ ਭਿਣਕ ਨਹੀਂ ਸੀ। ਫਿਰ ਇਹ ਰੁਦਨ ਕਿਉਂ?

"ਕੁਝ ਨਹੀਂ।" ਆਖ ਉਹ ਚੁੱਪ ਕਰ ਗਈ।

"ਦੱਸੇਂਗੀ ਜਾਂ ਬੀਜੀ ਨੂੰ ਬੁਲਾਵਾਂ?"

"ਵਾਅਦਾ ਕਰੋ... ਨਾਂਹ ਨਹੀਂ ਕਰੋਗੇ।"

ਵਿਆਹ ਦੇ ਇਕ ਸਾਲ ਬਾਅਦ ਉਹ ਪਹਿਲੀ ਵੇਰ ਕੁਝ ਮੰਗ ਰਹੀ ਸੀ।

"ਮੰਨਜ਼ੂਰ!" ਮੈਂ ਡਰਦੇ ਕਿਹਾ।

"ਸਿੰਮ੍ਹ ਲਈ ਰਿਸ਼ਤਾ ਲੱਭੋ ਕੋਈ ਛੇਤੀ..."

"ਆਪਣੀ ਸਿਮਰ ਲਈ?" ਮੈਂ ਹੈਰਾਨ ਸਾਂ।

"ਹਾਂ!"



"ਤੇ ਉਹਦੀ ਪੜ੍ਹਾਈ?"

ਰੂਪੀ ਫਿਰ ਰੋਣ ਲੱਗੀ। ਪਤਾ ਲੱਗਾ, ਮਾਂ ਪਹਿਲਾਂ ਹੀ ਨਹੀਂ ਸੀ। ਕੁਝ ਮਹੀਨੇ ਪਹਿਲਾਂ ਪਿਤਾ ਦੀ ਹੋਈ ਮੌਤ ਮਗਰੋਂ ਸਿਮਰ ਨਾਨਕੇ ਸੀ। ਮਾਮੇ ਦੀਆਂ ਆਪਣੀਆਂ ਦੋ ਧੀਆਂ ਵਿਆਹ ਦੇ ਵੱਤਰੋਂ ਲੰਘ ਰਹੀਆਂ ਸਨ। ਸਿਮਰ ਦਾ ਫ਼ਿਕਰ ਰੂਪੀ 'ਤੇ ਆ ਪਿਆ।

ਮੈਂ ਸੋਚੀਂ ਪੈ ਗਿਆ। ਵਿਆਹ ਤੋਂ ਬਾਦ ਸਿਮਰ ਦੋ ਵੇਰ ਮਿਲੀ। ਪਿਤਾ ਦੀ ਮੌਤ ਵੇਲੇ ਅਤੇ ਸਾਡੇ ਵਿਆਹ ਦੀ ਸਾਲਗਿਰਹ 'ਤੇ। ਉਹੀ ਹਾਸਾ। ਉਹੀ ਜੋਬਨ। ਕਿਸੇ ਸੰਕਟ ਦੀ ਭਿਣਕ ਨਹੀਂ ਸੀ।

"ਬੀ ਜੀ ਨੂੰ ਪੁੱਛਣਾ ਪਏਗਾ।" ਦੇਰ ਬਾਦ ਮੈਂ ਕਿਹਾ।

"ਪੁੱਛ ਲਿਆ।"

"ਪੁੱਛ ਵੀ ਲਿਆ?" ਮੈਂ ਹੋਰ ਹੈਰਾਨ ਹੋਇਆ।

"ਹਾਂ! ਕਹਿੰਦੇ ਮਾਂ ਪਿਉ ਬਣੋ ਤੇ ਤੋਰੋ...।"

ਮੈਂ ਕਿਸੇ ਮਨਸੂਬੇ ਦੀ ਇਮਾਰਤ ਆਪਣੀਆਂ ਹੀ ਅੱਖਾਂ ਵਿੱਚ ਢਹਿ-ਢੇਰੀ ਹੁੰਦੀ ਵੇਖੀ।

"ਮੈਂ ਤੋਰਾਂ?"

"ਕਿਉਂ? ਕੱਲ੍ਹ ਨੂੰ ਆਪਣੀਆਂ ਹੋਈਆਂ ਤਾਂ ਨਹੀਂ ਤੋਰੋਗੇ?"

"ਦਰਅਸਲ...।" ਮੈਨੂੰ ਕੋਈ ਗੱਲ ਹੀ ਨਾ ਔੜ੍ਹੀ।

"ਮਾਮਾ ਜੀ ਮਜਬੂਰ ਅਨ।" ਰੂਪੀ ਫਿਰ ਅੱਖਾਂ ਭਰ ਆਈ।

"ਮੈਨੂੰ ਕੀ ਪਤਾ ਕਿਸ ਤਰ੍ਹਾਂ ਦਾ ਰਿਸ਼ਤਾ ਚਾਹੀਦੈ?"

"ਤਾਂ ਜਾਓ, ਪੁੱਛੋ ਨਾ।"

"ਕਿਸਨੂੰ?"

"ਸਿੰਮ੍ਹ ਆਂ... ਹੋਰ ਕਿਸਨੂੰ?"

"ਮੈਂ?" ਮੇਰੇ ਕੰਨਾਂ ਵਿੱਚ ਸਾਂ ਸਾਂ ਹੋਣ ਲੱਗੀ।

"ਹੋਰ ਮੈਂ? ਤੁਹਾਡੇ ਬਿਨਾਂ ਕੌਣ ਹੈ ਮੇਰਾ।" ਰੂਪੀ ਨੇ ਮੇਰਾ ਹੱਥ ਘੁਟਿਆ ਅਤੇ ਹਨੇਰੇ ਵਿਚ ਮੇਰੇ ਵੱਲ ਦੇਖਿਆ। ਮੋਹ ਅਤੇ ਆਜਜ਼ੀ ਨਾਲ।

ਮੈਨੂੰ ਅਸਮਾਨ ਵਿਚ ਉੱਡਣਾ ਚਾਹੀਦਾ ਸੀ; ਪਰ ਮੈਂ ਧੁਰ ਅੰਦਰ ਤੱਕ ਬੁਝ ਗਿਆ। ਸਿਮਰ ਜਿਸ ਰੂਪ ਅਤੇ ਚਾਹਤ ਨਾਲ ਮੇਰੇ ਅੰਦਰ ਸੀ, ਉਸ ਹਿਸਾਬ ਇਸ ਜ਼ਿੰਮੇਵਾਰੀ ਲਈ ਮੈਂ ਕਿਸੇ ਵੀ ਤਰ੍ਹਾਂ ਯੋਗ ਨਹੀਂ ਸਾਂ। ਮੈਨੂੰ ਆਪਣੀ ਹੀ ਖੱਲ, ਆਪਣੇ ਹੱਥੀਂ ਲਾਹੁਣ ਨੂੰ ਕਿਹਾ ਜਾ ਰਿਹਾ ਸੀ।...

ਸਵੇਰੇ ਦਾਰ ਜੀ ਕਿਹਾ।

"ਖੱਬਰ ਲੱਗੀ ਏ, ਨੱਢੀ ਅਵਾਜ਼ਾਰ ਏ ਨਾਨਕੇ। ਹੁਸ ਆਂ ਚੁੱਕ ਜਲੰਧਰੋਂ। ਹਿੱਥੇ

ਲਿਆ। ਵਹੁਟੀ ਨਾਲ ਰਲ ਕੇ ਪੁੰਨ ਕਮਾਅ ਬੱਚਿਆ... ਕੇ ਹੋਇਆ ਜੇ ਮਾਂ ਪਿਉ ਨਹੀਂ ਤਾਂ। ਬੈਠਾਂ ਮੈਂ। ਧੀ ਬਣਾ ਕੇ ਤੋਰਸਾਂ।"

ਦਾਰ ਜੀ ਨੇ ਮੇਰਾ ਰਹਿੰਦਾ ਮਨਸੂਬਾ ਵੀ ਢੇਰੀ ਕਰ ਕੇ ਰੱਖ ਦਿੱਤਾ।

ਦੂਜੇ ਭਲਕ ਬੁਝੇ ਦਿਲ ਨਾਲ ਮੈਂ ਜਲੰਧਰ ਦੀ ਬਸਤੀ ਸ਼ੇਖਾਂ ਸਾਂ।

ਸਿਮਰ ਦੇਖਦਿਆਂ ਮੇਰਾ ਹਉਕਾ ਹੀ ਨਿਕਲ ਗਿਆ। ਇਹ ਉਹ ਸਿਮਰ ਨਹੀਂ ਸੀ। ਬੁੱਲਾਂ 'ਤੇ ਸਿੱਕਰੀ। ਅੱਖਾਂ ਵਿੱਚ ਖਲਾਅ। ਦੇਹ ਮਹਿਜ਼ ਤੁਰਦਾ ਫਿਰਦਾ ਵਜੂਦ। ਮੈਂ ਦੇਖਦਾ ਹੀ ਰਹਿ ਗਿਆ।

ਮਾਮੇ ਦੀਆਂ ਕੁੜੀਆਂ ਅੱਗ ਸਨ। ਗਲ ਨਾਲ ਚੰਬੜ ਕੇ ਮਿਲੀਆਂ। ਸ਼ਰਮ ਹਯਾ ਉਹਨਾਂ ਦੇ ਨੇੜੇ ਨਹੀਂ ਸੀ। ਇਕ ਨੇ ਕਿਹਾ।

"ਜੀਜਾ ਜੀ ਸਾਲ ਹੋ ਗਿਆ ਕੋਈ ਖੁਸ਼ਖ਼ਬਰੀ ਨਹੀਂ?"

ਸਾਮ੍ਹਣੇ ਸਿਮਰ ਸੀ। ਕੀ ਕਹਿੰਦਾ।

"ਇਹਦਾ ਮਤਲਬ ਪਹਿਲਾਂ ਟੈਸਟ ਕਰੀਏ ਤੁਹਾਡਾ।"

"ਕਾਹਦਾ?"

"ਬਈ ਕਿਤੇ ਅਸੀਂ ਰੁਪੀ, ਕੁੜੀ ਨਾਲ ਹੀ ਤੇ ਨਹੀਂ ਵਿਆਹ ਦਿੱਤੀ।" ਹਾਸਾ ਛੱਤ ਨੂੰ ਛੋਹਿਆ। ਸਿਮਰ ਹਉਕਾ ਭਰ ਅੰਦਰ ਚਲੀ ਗਈ। ਮੈਂ ਸਿਮਰ ਨੂੰ ਲੈ ਜਾਣ ਬਾਰੇ ਕਿਹਾ ਤਾਂ ਉਹ ਹੋਰ ਚਾਂਭਲ ਗਈਆਂ।

"ਕੀ ਗੱਲ, ਇਕ ਨਾਲ ਨਹੀਂ ਸਰਿਆ?"

ਮੈਨੂੰ ਲੱਗਾ, ਮੈਂ ਨੰਗਾ ਹੋ ਰਿਹਾ ਸਾਂ।

ਕਿਸੇ ਬਜਾਜੀ ਦੀ ਦੁਕਾਨ 'ਤੇ ਕੰਮ ਕਰਦੇ ਮਾਮਾ ਜੀ ਦੁਪਹਿਰੇ ਘਰ ਆਏ ਤਾਂ ਸਿਮਰ ਲਈ ਅੱਖਾਂ ਭਰ ਆਏ। ਬੇ-ਬਸੀ ਜ਼ਾਹਿਰ ਕਰਦੇ ਮੇਰਾ ਮੋਢਾ ਥਾਪੜਿਆ। "ਤੁਸੀਂ ਪੁੱਜਦੇ ਓ ਬੱਚਿਆ। ਤਾਂ ਸਿਰ ਨੀਵਾਂ ਕੀਤਾ।" ਫਿਰ ਉਹਨਾਂ ਕਿਸੇ ਹੋਰ ਪੀੜਾ 'ਚੋਂ ਕਿਹਾ।

"ਜਿੱਥੇ ਵੀ ਧੀਆਂ ਦੀ ਗੱਲ ਤੋਰੀ। ਸਭ ਦੀ ਅੱਖ ਸਿਮਰਨ ਤੇ ਆ ਟਿਕੀ। ਸੋਚਿਆ, ਇਸਦੇ ਇੱਥੇ ਰਹਿੰਦਿਆਂ..."

ਅੱਗੋਂ ਉਹ ਕੋਈ ਗੱਲ ਨਾ ਕਰ ਸਕੇ। ਮੈਂ ਤੜਪ ਕੇ ਸਿਮਰ ਵੱਲ ਤੱਕਿਆ। ਮਾਮੇ ਦੀਆਂ ਕੁੜੀਆਂ ਉਸਨੂੰ ਛੇੜ ਰਹੀਆਂ ਸਨ।

"ਤੂੰ ਚੱਲ ਸਿਮੂ, ਅਸੀਂ ਵੀ ਤੇਰੇ ਪਿੱਛੇ ਆ ਜਾਣਾ।"

ਸਿਮਰ ਸਿਆਣੀ ਨਿਕਲੀ। ਘਰ 'ਚੋਂ ਖ਼ਾਲੀ ਹੱਥ ਨਿਕਲ ਰਹੀ ਸੀ। ਜਾਂ ਉਸਦਾ ਘਰ ਵਿਚ ਕੁਝ ਹੈ ਈ ਨਹੀਂ ਸੀ। ਤਾਂ ਕੀ ਉਹ ਨਿਥਾਵੀਂ ਸੀ? ਨਿਆਸਰੀ ਤੇ ਅਨਾਥ ਸੀ? ਉਸ ਲਈ ਪਹਿਲੀ ਵੇਰ ਮੇਰੇ ਮਨ ਵਿਚ ਤਰਸ ਦੀ ਭਾਵਨਾ ਪੈਦਾ ਹੋਈ।

ਜਿਵੇਂ ਹੀ ਅਸੀਂ ਬੱਸ ਵਿਚ ਬੈਠੇ, ਸਿਮਰ ਛਲਕ ਪਈ। ਮੇਰਾ ਵੀ ਰੋਣ ਨਿਕਲ



ਆਇਆ। ਮੈਂ ਸੰਗਦੇ ਜਿਹੇ ਦਿਲਾਸਾ ਦੇਣ ਦੀ ਕੋਸ਼ਿਸ਼ ਕੀਤੀ।

ਉਹ ਨਿਰ-ਸੰਕੋਚ ਮੇਰੀ ਝੋਲੀ ਵਿਚ ਢੇਰੀ ਹੋ ਗਈ। ਨਿਰ-ਜਿੰਦ। ਨਿਰ-ਵਿਕਾਰ। ਨਿਰ-ਸੁਆਰਥ। ਅਚਾਨਕ ਅਹਿਸਾਸ ਹੋਇਆ। ਇਸ ਸਫ਼ਰ ਤੱਕ ਹੀ ਸਿਮਰ ਮੇਰੇ ਨਾਲ ਸੀ। ਸ਼ਹਿਰ ਅੱਪੜਦੇ ਮੇਰੇ ਹੱਥ 'ਚੋਂ ਤਿਲਕ ਜਾਵੇਗੀ। ਸਦਾ-ਸਦਾ ਲਈ। ਜਿਵੇਂ ਇਹ ਪਲ ਮੇਰੇ ਹੱਥਾਂ 'ਚੋਂ ਤਿਲਕ ਰਹੇ ਸਨ।

ਘਰ ਵਿਚ ਪੈਰ ਪਾਉਂਦੇ ਹੀ ਖ਼ਬਰ ਮਿਲੀ; ਰੁਪੀ ਹਾਮਲਾ ਸੀ। ਟੱਬਰ ਚਹਿਕ ਉੱਠਿਆ। ਇਸ ਖ਼ੁਸ਼ੀ ਨੂੰ ਟੱਬਰ ਸਿਮਰ ਦੀ ਆਮਦ ਨਾਲ ਜੋੜ ਕੇ ਦੇਖਣ ਲੱਗਾ। ਸਿਮਰ ਹੱਥਾਂ 'ਤੇ ਚੁੱਕ ਲਈ ਗਈ ਮੈਂ ਡੌਰ-ਭੌਰ ਸਾਂ।

ਬੀ ਜੀ ਤੇ ਦਾਰ ਜੀ ਅੰਗਾਂ-ਸਾਕਾਂ ਨੂੰ ਰਿਸ਼ਤਾ ਲੱਭਣ ਲਈ ਤਰਲੇ ਲੈਣ ਲੱਗੇ।

"ਕੀ ਤੁਫ਼ਾਨ ਆ ਗਿਆ ਬੀ ਜੀ... ਇਤਨੀ ਕਾਹਲੀ?" ਮੈਂ ਅੰਦਰਖਾਤੇ ਨਹੀਂ ਸਾਂ ਚਾਹੁੰਦਾ ਸਿਮਰ ਅੱਜ ਆਈ। ਕੱਲ੍ਹ ਤੁਰਦੀ ਹੋਵੇ।

"ਚੁੱਪ ਕਰ ਵੇ... ਪਰਾਈ ਅਮਾਨਤ ਸੁੱਖੀ-ਸਾਂਦੀ ਆਪਣੇ ਘਰ ਜਾਸੀ ਤੇ ਸ਼ੁਕਰ ਮਨਾਸਾਂ।" ਬੀ ਜੀ ਫ਼ਿਕਰ ਵਿਚ ਸਨ।

"ਪਰ ਤੁਸੀਂ ਕੁਝ ਦਿਨ ਤਾਂ ਅਟਕੋ।"

"ਕੇ ਕਢਸੇਂ ਅੱਟਕ ਕੇ? ਤੂ ਕੀ ਸਮਝਨੇ ਨਿਗੁਣੀ ਨੱਢੀ ਆਈ ਏ ਘਰ? ਕੁਲਮਾਚਾਰੀ ਨੀ ਪਗੜੀ ਚਾਅ ਆਂਦੀ ਏ ਅਸਾਂ। ਹਿਤਨਾਂ ਵੀ ਦਾਗ਼ ਲੱਗ ਗਿਆ। ...ਜਿਉਂਦੇ ਜੀਅ ਮਰ ਵੈਸਾਂ ਬੱਚਿਆ... ਤੇਰੇ ਦਾਰ ਜੀ ਆਂ ਤਾਂ ਨੀਂਦਰ ਨਈਂ ਪਉਂਦੀ।"

ਮੈਨੂੰ ਲੱਗਾ, ਮੇਰੇ ਹੱਥ ਵਿੱਚ ਕੁਝ ਨਹੀਂ ਸੀ। ਮੈਂ ਸਿਮਰ ਨੂੰ ਭੁੱਲਣ ਦਾ ਯਤਨ ਕੀਤਾ ਅਤੇ ਟੱਬਰ ਨਾਲ ਖਫ਼ਾ ਰਹਿਣ ਲੱਗਾ।

ਫਿਰ ਪਤਾ ਲੱਗਾ ਘਰ ਵਿਚ ਬੀ ਜੀ ਤੇ ਰੁਪੀ ਸਿਮਰ ਦੇ ਦਾਜ ਲਈ ਲਿਸਟਾਂ ਬਣਾ ਰਹੀਆਂ ਸਨ। ਫ਼ੈਸਲਾ ਹੋਇਆ ਹਫ਼ਤੇ 'ਚ ਇਕ ਦਿਨ ਮੈਂ ਤੇ ਸਿਮਰ ਦਾਜ ਦੀ ਖ਼ਰੀਦ ਲਈ ਬਜ਼ਾਰ ਜਾਇਆ ਕਰੀਏ।

ਮੈਂ ਮਨ ਹੀ ਮਨ ਫਿਰ ਅਸਮਾਨ ਵਿਚ ਉੱਡਣ ਲੱਗਾ।

"ਨਾ ਬਾਬਾ ਨਾ... ਇਹ ਕੰਮ ਨਹੀਂ ਮੇਰੇ ਵੱਸ।" ਬਹਾਨੇ ਵਜੋਂ ਮੈਂ ਕਿਹਾ।

"ਕਿਉਂ ਨਹੀਂ ਵੱਸ? ਤੁਸੀਂ ਨਾਲ ਰਹਿਣੈ ਬੱਸ। ਪਸੰਦ ਸਿਮੂ ਕਰੇਗੀ।"

"ਤੂੰ ਕਿਉਂ ਨਹੀਂ?" ਮੈਂ ਰੁਪੀ ਨੂੰ ਟੋਹਿਆ।

"ਬੀ ਜੀ ਨੇ ਤੁਰਨੋਂ ਮਨ੍ਹਾਂ ਕਰ ਦਿੱਤਾ।"

ਮੈਂ ਮਨ ਹੀ ਮਨ ਨੱਚਣ ਲੱਗਾ।

ਸਿਮਰ ਬਜ਼ਾਰ ਜਾਣ ਤੋਂ ਨਾਂਹ ਕਰ ਗਈ ਤਾਂ ਮੈਂ ਫਿਰ ਬੁਝ ਗਿਆ।

ਪਰ ਦਾਰ ਜੀ ਅੱਗੇ ਸਾਰੇ ਚੁੱਪ। ਉਨ੍ਹਾਂ ਕਿਹਾ।

"ਦੇਖ ਬੱਚਿਆ, ਨਾ ਅੱਡੀਆਂ ਚੁੱਕ ਕੇ ਫਾਹ ਲਵੀਂ। ਨਾ ਸਰਫਾ ਕਰੀਂ। ਨੱਢੀ ਨੀ ਕੋਈ ਰੀਝ ਬਾਕੀ ਨਾ ਰਹੇ।" ਦਾਰ ਜੀ ਵੱਲੋਂ ਸਹਿਮਤੀ ਮਿਲੀ ਤਾਂ ਲੱਗਾ ਕਿਸਮਤ ਮੇਰੇ ਹੱਥ ਵਿੱਚ ਸੀ।

ਘਰ ਵਿਚ ਸਿਮਰ ਘਿਉ ਖਿਚੜੀ ਸੀ। ਪਰ ਇਕੱਲੀ ਹੁੰਦੀ ਤਾਂ ਬੀ ਜੀ ਦੇ ਪਹਿਰੇ ਹੇਠ। ਪਹਿਲੇ ਦਿਨ ਬਾਜ਼ਾਰ ਆਏ ਤਾਂ ਉਸ ਲੰਮਾ ਹਉਕਾ ਲਿਆ, ਅੰਗੜਾਈ ਲਈ ਅਤੇ ਅਸਮਾਨ ਵੱਲ ਦੇਖਿਆ। ਜਿਵੇਂ ਬੇੜੀਆਂ ਮਗਰੋਂ ਅਜ਼ਾਦ ਉੱਡਣਾ ਚਾਹੁੰਦੀ ਹੋਵੇ। ਮੈਂ ਉਹਦਾ ਚਿਹਰਾ ਨਿਹਾਰਿਆ। ਇਹ ਕਿਸੇ ਤਰ੍ਹਾਂ ਵੀ ਪ੍ਰਕਰਮਾਂ ਵਿਚ ਹੱਸਦੀ ਕੁੜੀ ਨਹੀਂ ਸੀ। ਸਮਾਨ ਖਰੀਦਿਆ। ਸੰਕੋਚ ਵਿਚ ਹੀ ਘਰ ਪਰਤ ਆਏ।

ਦੂਜੇ ਤੀਜੇ ਫੇਰੇ ਉਹ ਖੁੱਲ੍ਹ ਗਈ।

"ਮੈਂ ਖਾਹਮਖਾਹ ਬੋਝ ਬਣ ਗਈ"...। ਉਸ ਹਉਕਾ ਲਿਆ।

ਅਸੀਂ ਬਾਰਾਂਦਰੀ ਦੇ ਹਨੇਰੇ ਵਿਚੋਂ ਲੰਘ ਰਹੇ ਸਾਂ। ਮੈਂ ਅਵੇਸ਼ ਵਿਚ ਉਹਨੂੰ ਚੁੱਕਿਆ ਅਤੇ ਚੁੱਕੀ ਰੱਖਿਆ। "ਕਿੱਥੇ ਹੈ ਬੋਝ?"

ਉਹ ਸ਼ਾਂਤ 'ਤੇ ਬੇਹਰਕਤ ਸੀ। ਮੈਂ ਉਹਦੇ ਸਾਹ ਮਹਿਸੂਸ ਕੀਤੇ। ਸਾਹਾਂ ਦਾ ਘੁੱਟ ਭਰਿਆ ਅਤੇ ਅਜੀਬ ਜਿਹੀ ਤਲਬ ਮਹਿਸੂਸ ਕੀਤੀ।

ਕਾਹਲੀ ਸੀ, ਫਿਰ ਵੀ ਬੈਂਚ 'ਤੇ ਬੈਠ ਗਏ। ਅਚਾਨਕ ਉਹ ਬਹੁਤ ਦੂਰੋਂ ਬੋਲੀ। "ਇਕ ਗੱਲ ਦੱਸੋ।"

"ਹੂੰ।"

"ਘਰ ਵਿਚ ਬੰਦਿਸ਼। ਬਾਹਰ ਇਕੱਲ। ਭੁੱਖ ਅੱਗੇ ਛੱਤੀ ਪਦਾਰਥ। ਖਾਣੇ ਵਰਜਿਤ। ਕਿਉਂ?"

"ਵਰਜਨਾ ਮੰਨ ਲਈ ਅਸੀਂ। ਤੂੰ ਨਾ ਮੰਨ।"

ਮੈਂ ਚਾਹੁੰਦਾ ਸਾਂ, ਸਿਮਰ ਖ਼ੁਦ ਰਾਮਕਾਰ ਟੱਪ ਕੇ ਆਵੇ।

"ਰੱਬ ਅਜ਼ਮਾਇਸ਼ ਵੀ ਤਾਂ ਲੈਂਦੈ ਬੰਦੇ ਦੀ..."

"ਭਾਵਨਾਂ ਵੇਗ ਅਤੇ ਸ਼ਿੱਦਤ ਦੀ ਕਾਹਦੀ ਅਜ਼ਮਾਇਸ਼?"

ਮੈਨੂੰ ਲੱਗਾ, ਮੈਂ ਸਿਮਰ ਦੇ ਸਬਰ ਅੱਗੇ ਬੇਬਸ ਹਾਂ। ਉਹਨੇ ਹਉਕਾ ਭਰਿਆ ਅਤੇ ਕਿਹਾ। "ਚਲੋ ਉਠੋ।"

ਇਕ ਦਿਨ ਬਾਜ਼ਾਰ ਵਿਚ ਘੁੰਮਦੇ ਮੈਂ ਹੌਸਲਾ ਕੀਤਾ।

"ਤੈਨੂੰ ਪਤੈ ਪ੍ਰਕਰਮਾਂ ਵਿਚ ਮੈਂ ਤੈਨੂੰ ਪਸੰਦ ਕੀਤਾ।"

"ਪਤੈ।"

"ਤੈਨੂੰ ਕਿਵੇਂ ਪਤਾ?"

"ਬੱਸ ਵੈਸੇ ਹੀ।"

ਕਹਿਣਾ ਚਾਹਿਆ, ਇਸੇ ਲਈ ਤਾਂ ਬਿਸਤਰ 'ਤੇ ਰੂਪੀ ਨੂੰ ਨਹੀਂ; ਤੈਨੂੰ ਮਾਣਦਾ



ਹਾਂ।

ਸਿਮਰ ਜਾਣਦੀ ਸੀ; ਮੈਂ ਦਾਜ ਦੇ ਓਹਲੇ ਵਿਚ ਪੈਸੇ ਵੱਧ ਖਰਚ ਕੇ ਟੱਬਰ ਨੂੰ ਘੱਟ ਦੱਸਦਾ ਸਾਂ।

"ਗ਼ਲਤ ਕਰ ਰਹੇ ਹੋ ਤੁਸੀਂ। ਦਬ ਰਹੀ ਆਂ ਮੈਂ ਤੁਸਾਂ ਦੇ ਅਹਿਸਾਨਾਂ ਤਲੇ।" ਉਹ ਰੋਣ ਹਾਕੀ ਹੋਈ ਪਈ ਸੀ।

"ਮੋੜ ਦੇਣਾ... ਕਿਸੇ ਅਗਲੇ ਜਨਮ।"

ਸਿਮਰ ਚੁੰਨੀ ਮੂੰਹ 'ਚ ਲੈ ਕੇ ਹੱਸਣ ਲੱਗੀ।

"ਕੀ ਗ਼ਲਤ ਕਿਹਾ ਮੈਂ?"

"ਬਿਲਕੁਲ ਗ਼ਲਤ ਕਿਹਾ।"

"ਕੀ?"

"ਕਿਸੇ ਔਰਤ ਤੋਂ ਕਰਜ਼ਾ ਵਸੂਲੀ, ਕੋਈ ਅਗਲੇ ਜਨਮ ਤੱਕ ਉਡੀਕੇਗਾ?"

ਮੈਂ ਤ੍ਰਬਕ ਕੇ ਸਿਮਰ ਵੱਲ ਦੇਖਿਆ ਅਤੇ ਨੀਵੀਂ ਪਾ ਲਈ। ਮੈਨੂੰ ਲੱਗਾ, ਉਹ ਉਮਰ ਤੋਂ ਵੱਧ ਸਿਆਣੀ ਸੀ। ਉਸ ਇਕੋ ਝਟਕੇ ਨਾਲ ਮੇਰੀ ਗਲੀਜ਼ ਭਾਵਨਾ ਛੰਡ ਕੇ ਰੱਖ ਦਿੱਤੀ ਸੀ।

ਕਾਰੋਬਾਰ ਅਤੇ ਪੈਸਾ ਮੇਰੇ ਹੱਥ ਵਿੱਚ ਸੀ। ਜੀ ਕੀਤਾ ਸਭ ਕੁਝ ਸਿਮਰ ਤੋਂ ਵਾਰ ਦੇਵਾਂ, ਪਰ ਉਹ ਮੇਰਾ ਅੰਦਰ ਬਾਹਰ ਪੜ੍ਹ ਰਹੀ ਸੀ, ਅਤੇ ਮੈਥੋਂ ਦੂਰ ਖੜ੍ਹੀ ਸੀ।

"ਦੀਦੀ ਨਾ ਹੁੰਦੇ ਤਾਂ ਸੋਚਦੀ ਹਾਂ ਮੇਰਾ ਕੀ ਬਣਦਾ?" ਇਕ ਦਿਨ ਉਸ ਕਿਹਾ।

"ਜੋ ਕਿਸਮਤ ਕਰਦੀ, ਠੀਕ ਕਰਦੀ।" ਮੈਂ ਕਹਿ ਤਾਂ ਦਿੱਤਾ ਪਰ ਅੰਦਰੋਂ ਵੱਟ ਖਾ ਗਿਆ। ਰੂਪੀ ਉਸ ਲਈ ਕੀ ਕਰ ਰਹੀ ਸੀ?

"ਕਿਸਮਤ ਠੀਕ ਹੁੰਦੀ ਤਾਂ ਮਾਂ ਪਿਉ ਕਿਉਂ ਮਰਦੇ?"

"ਬੀ ਜੀ ਨੇ ਵੀ ਤਾਂ ਮਿਲਣਾ ਸੀ।..." ਮੈਂ ਚਾਹਿਆ, ਉਹ ਕਹੇ। ਨਾਲ ਤੁਸੀਂ ਵੀ; ਪਰ ਉਹ ਚੁੱਪ ਰਹੀ।

"ਮੈਨੂੰ ਪਤੈ ਦਾਰ ਜੀ ਬਹੁਤ ਕਾਹਲੇ 'ਚ ਨੇ। ਕਿਸ ਤਰ੍ਹਾਂ ਦਾ ਸਾਥੀ ਸੋਚਦੀ ਏਂ ਤੂੰ?" ਮੈਨੂੰ ਲੱਗਾ ਸਿਮਰ ਦਾ ਮੇਰੇ ਹੱਥ ਵਿੱਚ ਰਹਿਣਾ ਉਸਦੇ ਸਾਥੀ ਦੀ ਚੋਣ 'ਤੇ ਵੀ ਨਿਰਭਰ ਕਰਦਾ ਸੀ।

"ਸੋਚਣ ਦੀ ਹੈਸੀਅਤ ਵਿਚ ਹੀ ਨਹੀਂ ਹਾਂ ਮੈਂ, ਤਾਂ ਕੀ ਕਹਾਂ?"

ਮੈਂ ਸੁਖ ਦਾ ਸਾਹ ਲਿਆ। ਉਹ ਹਥਿਆਰ ਸੁੱਟੀ ਖੜ੍ਹੀ ਸੀ।

"ਫਿਰ ਵੀ...।"

"ਨਿਥਾਵਿਆਂ ਦੀ ਕੀ ਚਾਹਨਾਂ?" ਉਹ ਅੱਖਾਂ ਭਰ ਆਈ।

ਮੈਂ ਕਾਹਲੀ ਨਾਲ ਉਹਦੇ ਮੂੰਹ 'ਤੇ ਹੱਥ ਰੱਖਿਆ। ਉਹ ਕਿਤੇ ਬਹੁਤ ਦੂਰ ਦੇਖ ਰਹੀ ਸੀ।

ਬੱਸ ਇਹੋ ਪਲ ਸਨ ਜਦੋਂ ਮੈਂ ਸਿਮਰ ਨੂੰ ਹਉਕੇ ਦੇ ਕੱਜਣ ਹੇਠੋਂ ਕੱਢ, ਨਿੱਕੇ-ਨਿੱਕੇ ਪੂੰਗਾਂ ਦੀ ਸ਼ਕਲ ਵਿੱਚ ਖ਼ੁਦਗਰਜ਼ੀ ਦੇ ਘੜੇ ਹਵਾਲੇ ਕਰਨ ਦੀ ਠਾਣ ਲਈ। ਜਰੋ ਜੀ ਕਰੇ ਕਢੋ। ਜਿਸਮ ਦੀ ਅੱਗ ਵਿਚ ਭੁੰਨੋ ਤੇ ਡਕਾਰ ਜਾਓ...।

ਇਹਨੀਂ ਦਿਨੀਂ ਸਿਮਰ ਲਈ ਦੋ ਰਿਸ਼ਤੇ ਆਏ ਅਤੇ ਪਰਤ ਗਏ। ਮੈਨੂੰ ਖ਼ੁਸ਼ੀ ਹੋਈ। ਅਖੇ ਕੁੜੀ ਦਾ ਪੇਕਾ ਘਰ ਕਿਹੜਾ ਸੀ? ਮਾਮੇ ਦਾ ਘਰ ਜਾਂ ਭੈਣ ਦੀ ਸਸੁਰਾਲ? ਹਾਲਾਂ ਕਿ ਰੁਪੀ ਅਤੇ ਸਿਮਰ ਦਾ ਆਪਣਾ ਘਰ ਬੰਦ ਪਿਆ ਸੀ। ਦਾਰ ਜੀ ਦਾ ਵਿਚਾਰ ਸੀ। ਸਿਮਰ ਦੇ ਵਿਆਹ ਤੋਂ ਬਾਦ ਉਸ ਬਾਰੇ ਸੋਚਾਂਗੇ।

ਰਿਸ਼ਤਿਆਂ ਦੇ ਪਰਤ ਜਾਣ 'ਤੇ ਸਿਮਰ ਟੁੱਟ ਗਈ। ਉਹ ਪੌਂਜੀ-ਪੌਂਜੀ ਮੇਰਾ ਹੱਥ ਫੜਦੀ, ਹਉਕਾ ਭਰਦੀ ਤੇ ਚੁੱਪ ਕਰ ਜਾਂਦੀ। ਮੈਨੂੰ ਲਗਦਾ ਸਿਮਰ ਹਾਲੇ ਵੀ ਮੇਰੀ ਪਕੜ ਵਿਚ ਸੀ।

ਰੁਪੀ ਸਿਮਰ ਦੀ ਅੱਖ ਵਿਚ ਅੱਥਰੂ ਨਹੀਂ ਸੀ ਦੇਖ ਸਕਦੀ। ਰਿਸ਼ਤੇ 'ਚ ਦੇਰੀ ਕਾਰਨ ਬੀ ਜੀ ਵੀ ਪ੍ਰੇਸ਼ਾਨ ਸਨ। ਰੁਪੀ ਕਿਹਾ, ਦਾਜ ਲਈ ਬਰਤਨਾਂ ਦੀ ਖ਼ਰੀਦ ਲਈ ਕਿਉਂ ਨਾ ਜਗਾਧਰੀ ਜਾਇਆ ਜਾਵੇ। ਇਕ ਤਾਂ ਕਬਾੜ ਨਾਲ ਸੰਬੰਧਿਤ ਉਥੇ ਮੇਰੇ ਕਈ ਵਾਕਿਫ਼ ਸਨ। ਦੂਜਾ ਸਿਮਰ ਦਾ ਦਿਲ ਵੀ ਬਹਿਲ ਜਾਏਗਾ।

ਮੈਨੂੰ ਲੱਗਾ, ਕਿਸਮਤ ਕੋਈ ਕੀਮਤੀ ਇੱਛਾ ਪ੍ਰੋਸ ਰਹੀ ਸੀ।

ਅਸੀਂ ਜਗਾਧਰੀ ਚਲੇ ਆਏ। ਸਿਮਰ ਸਾਂਵੀ ਹੋ ਰਹੀ ਸੀ।

ਪ੍ਰੋਗਰਾਮ ਬਰਤਨ ਬਿਲਟੀ ਕਰਾ ਕੇ ਵਾਪਿਸ ਪਰਤ ਜਾਣ ਦਾ ਸੀ। ਸਿਮਰ ਸਮਝ ਰਹੀ ਸੀ ਮੈਂ ਜਾਣ ਬੁਝ ਕੇ ਹਨੇਰਾ ਹੋਣ ਦੇ ਰਿਹਾ ਸਾਂ। ਸੱਤ ਵਾਲੀ ਗੱਡੀ ਨਿਕਲ ਗਈ ਤਾਂ ਮੈਂ ਸ਼ੁਕਰ ਕੀਤਾ। ਦੂਜੀ ਗੱਡੀ ਅੱਧੀ ਰਾਤ ਸੀ।

ਰਿਕਸ਼ੇ 'ਤੇ ਬੈਠ ਅਸਾਂ ਸਟੇਸ਼ਨ ਦਾ ਰੁਖ਼ ਕੀਤਾ। ਕੁਝ ਦੇਰ ਬਾਦ ਮੈਂ ਕਿਹਾ।

"ਅਗਲੀ ਟਰੇਨ ਤੱਕ ਰੋਟੀ ਤੇ ਅਰਾਮ ਲਈ ਰੁਕੀਏ ਕਿਤੇ?"

ਉਹ ਰਿਕਸ਼ੇ ਤੇ ਬੈਠੀ ਪਹਿਲਾਂ ਹੱਸ-ਹੱਸ ਦੂਹਰੀ ਹੋਈ। ਫ਼ਿਰ ਬੇਹਦ ਸੰਜੀਦਾ ਹੋ ਗਈ। ਕਿਸੇ ਲੋਕ-ਕਹਾਣੀ ਦੇ ਕਿੱਸੇ ਵਾਂਗ।

ਮੈਂ ਕੰਬ ਰਿਹਾ ਸਾਂ। ਹੌਸਲਾ ਕੀਤਾ ਅਤੇ ਕਿਹਾ।

"ਹੱਸੀ ਕਿਉਂ?"

"ਕੁਝ ਨਹੀਂ।" ਉਹ ਹਾਲੇ ਵੀ ਸੰਜੀਦਾ ਸੀ।

"ਫਿਰ ਵੀ..."

"ਮੈਂ ਕਿਹਾ ਸੀ ਨਾ... ਔਰਤ ਤੋਂ ਅਹਿਸਾਨ ਵਸੂਲੀ ਲਈ ਅਗਲਾ ਜਨਮ ਤਾਂ ਕੀ, ਕੋਈ ਦਸ ਦਿਨ ਵੀ ਨਹੀਂ ਉਡੀਕਦਾ।" ਮੈਨੂੰ ਲੱਗਾ, ਉਹ ਜ਼ਹਿਰ ਨਾਲ ਭਰੀ ਪਈ ਸੀ।

"ਨਹੀਂ ਸਿਮਰਨ ! ਗਲਤ ਸੋਚਦੀ ਏਂ ਤੂੰ... ਤੇਰੀ ਸਹਿਮਤੀ ਤੋਂ ਬਿਨਾਂ ਕੁਝ ਨਹੀਂ।"



"ਤੁਸੀਂ ਜਾਣਦੇ ਓ ਜੀਜਾ ਜੀ ! ਮੈਂ ਸਹਿਮਤੀ ਅਸਹਿਮਤੀ ਦੀ ਹੈਸੀਅਤ ਵਿੱਚ ਹੀ ਨਹੀਂ ਹਾਂ।"

"ਠੀਕ ਹੈ। ਸਟੇਸ਼ਨ 'ਤੇ ਹੀ ਚੱਲਦੇ ਹਾਂ ਫਿਰ...।"

"ਮੈਂ ਸਮਝ ਸਕਦੀ ਹਾਂ ਤੁਸਾਂ ਦੀ ਨਰਾਜ਼ਗੀ।"

"ਨਹੀਂ ਮੈਂ ਨਾਰਾਜ਼ ਨਹੀਂ।"

"ਜੀਜਾ ਜੀ। ਮੇਰਾ ਸਾਹ ਘੁੱਟ ਰਿਹੈ, ਪਹਿਲਾਂ ਹੀ ਕਿਸੇ ਬੋਝ ਹੇਠ। ਬੇਬਸ ਹਾਂ ਮੈਂ... ਉੱਤੋਂ ਤੁਹਾਡੀ ਇਕ ਹੋਰ ਨਰਾਜ਼ਗੀ ਦਾ ਬੋਝ। ਮੇਰੀ ਹਾਲਤ ਸਮਝ ਨਹੀਂ ਰਹੇ ਤੁਸੀਂ।" ਮੈਨੂੰ ਲੱਗਾ, ਕਰਾਹ ਰਹੀ ਸੀ ਉਹ।

ਮੇਰੇ ਹਰਾਮੀ ਮਨ ਕਿਹਾ। ਕੰਜਰਾ ਇਹ ਆਖ਼ਰੀ ਮੌਕਾ ਹੈ। ਐਵੇਂ ਭਾਵੁਕ ਨਾ ਹੋ।

ਮੈਂ ਬਿਨਾਂ ਉਸਦੀ ਸਹਿਮਤੀ ਉਡੀਕੇ ਰਿਕਸ਼ਾ ਰੁਕਵਾਇਆ। ਥੱਲੇ ਉੱਤਰੇ। ਨਵਾਂ ਰਿਕਸ਼ਾ ਕੀਤਾ ਅਤੇ ਹੋਟਲ ਕੋਹੇਨੂਰ ਜਾਣ ਲਈ ਕਿਹਾ। ਕਿਸੇ ਵਾਕਿਫ਼ ਰਾਹੀਂ ਮੈਂ ਇਸਦਾ ਪਹਿਲਾਂ ਹੀ ਪ੍ਰਬੰਧ ਕਰ ਰੱਖਿਆ ਸੀ।

ਸਿਮਰਨ ਬਿਨਾਂ ਕਿਸੇ ਉਜ਼ਰ ਬੈਠ ਗਈ ਤਾਂ ਸੋਚਿਆ, ਸਿਮਰ ਇਸ ਅਗਾਊਂ ਪ੍ਰਬੰਧ ਬਾਰੇ ਜ਼ਰੂਰ ਪੁੱਛੇਗੀ। ਪਰ ਉਹ ਇਤਨਾਂ ਚੁੱਪ ਹੋ ਗਈ, ਲੱਗਾ ਰਿਕਸ਼ੇ ਵਿੱਚ ਸਿਮਰਨ ਨਹੀਂ ਕੋਈ ਲੋਥ ਜਾ ਰਹੀ ਸੀ। ਮੈਂ ਹੱਥ ਫੜਿਆ। ਅਵਾਜ਼ ਦਿੱਤੀ। ਜਿਉਂਦੇ ਹੋਣ ਦਾ ਕੋਈ ਸਬੂਤ ਹੀ ਨਹੀਂ ਸੀ।

ਰਜਿਸਟਰ ਵਿਚ ਮੈਂ ਉਸ ਨਾਲ ਰਿਸ਼ਤਾ ਲਿਖਣ ਲੱਗਾ ਤਾਂ ਉਹ ਚੌਂਕੀ।

"ਕੀ ਲਿਖੋ ਗੇ?"

"ਇਤਨਾਂ ਗਿਰਿਆ ਨਹੀਂ ਕਿ ਝੂਠ ਬੋਲਾਂਗਾ।"

ਉਹ ਚੁੱਪ ਹੋ ਗਈ।

ਕਮਰੇ ਵਿਚ ਆਏ ਤਾਂ ਚੁੱਪ ਸਾਡੇ ਨਾਲ ਹੀ ਅੰਦਰ ਆ ਗਈ।

ਸਿਮਰ ਰੋਟੀ ਲਈ ਵੀ ਹਾਂ ਨਹੀਂ ਸੀ ਕਰ ਰਹੀ। ਮੈਂ ਕਈ ਤਰ੍ਹਾਂ ਦੀ ਭੁੱਖ ਵਿਚ ਤੜਪ ਰਿਹਾ ਸਾਂ।

"ਸਿਮਰ ਤੂੰ ਨਾਰਮਲ ਕਿਉਂ ਨਹੀਂ ਹੋ ਰਹੀ?" ਮੈਂ ਕਲਪ ਕੇ ਕਿਹਾ।

"ਜੀਜਾ ਜੀ ਪਹਿਲਾਂ ਦੱਸੋਗੇ ਇਸ ਵੇਲੇ ਮੇਰੇ ਸਿਰ 'ਤੇ ਕਰਜ਼ੇ ਦਾ ਮੂਲ ਵਸੂਲਿਆ ਜਾਏਗਾ, ਜਾਂ ਵਿਆਜ?"

ਮੈਂ ਮੱਚ ਉੱਠਿਆ।

"ਕੀ ਬਕਵਾਸ ਹੈ ਇਹ? ਕਿਹੜਾ ਮੂਲ? ਕਿਹੜਾ ਵਿਆਜ... ਸਿਮਰ ਫ਼ਰਜ਼ ਪੂਰਾ ਕਰ ਰਹੇ ਹਾਂ ਅਸੀਂ। ਕੋਈ ਅਹਿਸਾਨ ਨਹੀਂ ਕਰ ਰਹੇ ਤੇਰੇ 'ਤੇ...। ਤੂੰ ਭੈਣ ਏਂ ਰੁਪੀ ਦੀ... ਔਰ ਮੈਂ ਆਪਣੀ ਮਰਜ਼ੀ ਨਾਲ ਨਹੀਂ ਆਇਆ ...ਬੀ ਜੀ ਤੇ ਰੁਪੀ ਦੇ ਕਹਿਣ 'ਤੇ ਆਇਆਂ।"

"ਹੋਟਲ ਵਿਚ ?" ਉਸ ਤੀਰ ਦਾਗਿਆ।

"ਜੇ ਨਹੀਂ ਠੀਕ ਤਾਂ ਹੁਣੇ ਚਲੋ ਵਾਪਿਸ...।" ਮੈਂ ਤਲਖੀ ਨਾ ਕਿਹਾ। ਉਹ ਉੱਠੀ, ਮੈਨੂੰ ਪਾਣੀ ਦਾ ਗਿਲਾਸ ਦਿੰਦੇ ਕਿਹਾ।

"ਤੁਸੀਂ ਤਾਂ ਕਹਿੰਦੇ ਸੀ ਮੈਂ ਨਾਰਾਜ਼ ਨਹੀਂ। ਫਿਰ ਇਹ ਗੁੱਸਾ ਕਿਉਂ ?" ਚੁੱਪ ਫਿਰ ਪੱਸਰ ਗਈ। ਗੁੱਸੇ ਵਿੱਚ ਮੈਂ ਕਮਰੇ ਤੋਂ ਬਾਹਰ ਚਲਾ ਗਿਆ। ਵਾਪਸ ਪਰਤਿਆ ਤਾਂ ਸਿਮਰਨ ਬੈੱਡ 'ਤੇ ਪਈ ਸੀ।

ਮੈਨੂੰ ਸਮਝ ਨਹੀਂ ਸੀ ਆ ਰਹੀ। ਠੀਕ ਸੀ ਜਾਂ ਗਲਤ। ਸਮਾਂ ਨਿਕਲ ਰਿਹਾ ਸੀ। ਅਚਾਨਕ ਉਹ ਉੱਠੀ, ਮੇਰੇ ਕੋਲ ਆਈ ਅਤੇ ਕਿਸੇ ਫ਼ੈਸਲਾਕੁਨ ਲਹਿਜੇ 'ਚ ਬੋਲੀ।

"ਚਲੋ ਮੈਂ ਹੀ ਇਸ ਮੁਸ਼ਕਿਲ ਵਿਚੋਂ ਕੱਢਦੀ ਆਂ ਤੁਸਾਂ ਨੂੰ। ਧਿਆਨ ਨਾਲ ਸੁਣੋ। ਹੁਣੇ... ਇਸੇ ਵਕਤ... ਮੇਰੀ ਸ਼ਾਦੀ ਤੱਕ ਦੇ ਸਾਰੇ ਅਹਿਸਾਨ ਚੁਕਦੇ ਕਰਨ ਲਈ ਸਹਿਮਤ ਹੋ ਤੁਸੀਂ ?" ਮੇਰੇ ਸਿਰ ਵਿਚ ਬੰਬ ਵੱਜਾ। ਕਮਰੇ ਦੇ ਮਿੰਨ੍ਹੇ ਹਨੇਰੇ ਵਿਚ ਉਹ ਚੱਟਾਨ ਵਾਂਗ ਖੜ੍ਹੀ ਸੀ। "ਮੈਂ ਸੋਚ ਲਿਆ ਹੈ, ਇਹ ਅਹਿਸਾਨ ਸਾਰੀ ਉਮਰ ਤੰਗ ਕਰਨਗੇ ਤੁਸਾਂ ਨੂੰ। ਇਸ ਲਈ ਹੁਣੇ ਮੁਕਾਓ ਹਿਸਾਬ।"

ਉਹ ਹਉਕਦੀ ਹੋਈ ਫਿਰ ਬੈੱਡ 'ਤੇ ਜਾ ਬੈਠੀ।

ਜੀ ਕੀਤਾ ਉੱਠ ਕੇ ਨੱਚਾਂ। ਦੱਬ ਕੇ ਚੀਕਾਂ ਤੇ ਆਪਣੇ ਕੱਪੜੇ ਪਾੜ ਸੁੱਟਾਂ।

"ਬੁਰਾ ਤਾਂ ਨਹੀਂ ਮਨਾਏਂਗੀ ?" ਉਸਦੀ ਦੇਹ ਦੇ ਆਰ-ਪਾਰ ਝਾਕਦੇ ਮੈਂ ਕਿਹਾ।

"ਕਰਜ਼ਦਾਰ ਕਦੇ ਬੁਰਾ ਨਹੀਂ ਮਨਾਉਂਦੇ ਜੀਜਾ ਜੀ।" ਉਸ ਵਿਅੰਗ ਨਾਲ ਕਿਹਾ।

"ਪ੍ਰਕਰਮਾਂ ਵਾਲੀ ਸਿਮਰ ਮਿਲੇਗੀ ?" ਮੈਂ ਢੀਠ ਸਾਂ।

"ਨਹੀਂ ਜਾਣਦੀ..."

ਮੇਰਾ ਰੋਮ-ਰੋਮ ਮੱਚ ਉੱਠਿਆ ਅਤੇ ਪਲ-ਪਲ ਤਪਣ ਲੱਗਾ। ਮੈਨੂੰ ਲੱਗਾ, ਜੰਨਤ ਮੇਰੇ ਸਾਮ੍ਹਣੇ ਸੀ। ਮੈਂ ਕਾਹਲੀ ਨਾਲ ਨਿਰ-ਵਸਤਰ ਹੋਣ ਦੀ ਸੋਚੀ ਹੀ ਸੀ, ਜਾਂ ਉਸ ਕਿਹਾ।

"ਰੁਕੋ ! ਇਕ ਕਰਜ਼ਦਾਰ ਸਿਮਰਨ ਸਮਰਪਿਤ ਏ ਤੁਸਾਂ ਨੂੰ। ਅਹਿਸਾਨ ਚੁਕਤਾ ਕਰਨ ਲਈ। ਪਰ ਦੋ ਸ਼ਰਤਾਂ ਨੇ ਮੇਰੀਆਂ। ਪਹਿਲੀ, ਗਰਭਵਤੀ ਹੋ ਗਈ ਤਾਂ ਵਿਆਹ ਨਹੀਂ ਕਰਾਂਗੀ। ਬੱਚੇ ਨੂੰ ਜਨਮ ਦਿਆਂ ਗੀ। ਬਿਨਾਂ ਤੁਹਾਡਾ ਨਾਂ ਲਏ। ਤੇ ਦੂਜੀ, ਆਪਣੇ ਹੱਥਾਂ ਨਾਲ ਕੱਪੜੇ ਨਹੀਂ ਉਤਾਰਾਂਗੀ।"

"ਕਿਉਂ ?"

"ਛੋਟੀ ਸਾਂ ਤਾਂ ਮਾਂ ਨੇ ਕਿਹਾ ਸੀ, ਬੱਚੀਏ ਔਰਤ ਮਾਣ-ਮਰਿਆਦਾ ਨਾਲ ਕੱਪੜੇ ਉਤਾਰੇ ਤਾਂ ਹੋਰ ਕੱਜੀ ਜਾਂਦੀ ਹੈ। ਕੋਈ ਧੋਖੇ ਨਾਲ ਜਾਂ ਜ਼ੋਰ ਜ਼ਬਰਦਸਤੀ ਉਤਾਰ ਦੇਵੇ ਤਾਂ ਔਰਤ ਕੋਲ ਕੁਝ ਨਹੀਂ ਬਚਦਾ। ਫਿਰ ਕੋਈ ਵੀ ਦੌਲਤ ਉਸਨੂੰ ਕੱਜ ਨਹੀਂ ਸਕਦੀ। ਮੈਂ ਵੀ ਇਥੋਂ ਨਿਕਲਾਂ ਗੀ ਤਾਂ ਕੰਗਲੀ ਹੋ ਕੇ ਹੀ ਨਿਕਲਾਂਗੀ। ਪਰ ਜੀਜਾ ਜੀ।



ਮੈਂ ਅਹਿਸਾਨਾਂ ਦੇ ਬੋਝ ਹੇਠ ਜੀ ਨਹੀਂ ਸਕਦੀ...। ਬਹੁਤ ਬੇ-ਬਸ ਹਾਂ ਮੈਂ।"

ਉਹ ਬੈਡ 'ਤੇ ਜਾ ਕੇ ਪੈ ਗਈ। ਨਿੱਸਲ। ਬੇ-ਹਰਕਤ। ਅੱਖਾਂ ਮੀਟੀ।

ਮੇਰੇ ਕੰਨਾਂ ਵਿਚ ਉਸਦੇ ਬੋਲ ਨਹੀਂ ਅੰਗਿਆਰ ਉੱਤਰਦੇ ਚਲੇ ਗਏ ਸਨ। ਅੰਗਾਂ ਵਿੱਚ ਸੀਤ ਉੱਤਰ ਰਹੀ ਸੀ। ਕਮਰੇ ਦਾ ਮਿੰਨ੍ਹਾ ਚਾਨਣ ਚੁਭਣ ਲੱਗਾ। ਸਿਮਰ ਦੀ ਭਰਵੀਂ ਛਾਤੀ ਤੇਜ਼ ਸਾਹਾਂ ਨਾਲ ਹਉਂਕ ਰਹੀ ਸੀ। ਮੈਂ ਦੇਹ ਵਿਚ ਅੰਗਿਆਰ ਫੂਕਣ ਦੀ ਕੋਸ਼ਿਸ਼ ਕੀਤੀ। ਹਰਕਤ ਵੀ ਹੋਈ। ਪਿੰਡਾ ਵੀ ਤਪਿਆ। ਮੱਥੇ ਹੇਠ ਫਤੂਰ ਦਾ ਵਰੋਲਾ ਵੀ ਉੱਠਿਆ। ਹੱਥ ਬਟਨ ਖੋਲ੍ਹਣ ਲੱਗੇ। ਵਰੋਲੇ ਵਿਚ ਉੱਡਦਾ ਜਿਵੇਂ ਹੀ ਮੈਂ ਸਿਮਰਨ 'ਤੇ ਝੁਕਿਆ। ਤ੍ਰਭਕ ਕੇ ਪਿਛੇ ਹਟਿਆ, ਅਤੇ ਡਿਗਦਾ ਹੋਇਆ ਮਸਾਂ ਬਚਿਆ।

ਸਿਮਰ ਦੀ ਸੱਜੀ ਅੱਖ ਹੇਠ ਇਕ ਅੱਥਰੂ ਤਿਲਕ ਕੇ ਚੰਗਿਆੜੇ ਵਾਂਗ ਮੱਚ ਰਿਹਾ ਸੀ।...

ਲੱਗਾ, ਕੋਈ ਬੱਜਰ ਫਸੀਲ ਸੀ ਜੋ ਮੇਰੇ ਸਾਮ੍ਹਣੇ ਸੀ। ਪਰ ਅੱਥਰੂ ਤੋਂ ਹਾਰ ਮੰਨਣਾ ਤਾਂ ਕਾਇਰਤਾ ਸੀ। ਮੈਂ ਕਾਹਲੀ ਨਾਲ ਆਪਣੇ ਆਪ ਨੂੰ ਹਨੇਰੇ ਦੇ ਹਵਾਲੇ ਕੀਤਾ ਅਤੇ ਦੇਹ 'ਚੋਂ ਅੰਗਿਆਰ ਟਟੋਲਣ ਦੀ ਕੋਸ਼ਿਸ਼ ਕੀਤੀ। ਇਕ ਵੇਰ ਨਹੀਂ, ਕਈ ਵੇਰ...। ਮੈਂ ਹੈਰਾਨ, ਕੋਈ ਚੰਗਿਆੜਾ ਵੀ ਨਹੀਂ ਸੀ। ਇਕ ਅੱਥਰੂ ਇਤਨੇ ਜਵਾਲਾਮੁਖੀ ਨੂੰ ਸੀਤ ਕਰ ਸਕਦਾ ਸੀ, ਪਹਿਲੀ ਵੇਰ ਅਹਿਸਾਸ ਹੋਇਆ। ਹੱਥਾਂ ਵਿੱਚ ਅੰਗਿਆਰਾਂ ਦੀ ਰਾਖ ਲਈ ਮੈਂ ਕੁਰਸੀ ਵਿਚ ਆ ਡਿੱਗਾ।

ਫਿਰ ਸਿਮਰ ਦੀ ਅੱਖ ਵਿਚਲਾ ਅੱਥਰੂ ਕਦੋਂ ਮੇਰੀ ਅੱਖ ਵਿਚ ਉਤਰਿਆ ਅਤੇ ਵਹਿਣ ਲੱਗਾ, ਪਤਾ ਨਹੀਂ।

ਜਦ ਨੂੰ ਕਮਰੇ ਦੀ ਵੱਡੀ ਬੱਤੀ ਜਗੀ, ਸਿਮਰ ਨਹਾ ਕੇ ਪਰਸ ਚੁੱਕੀ ਖੜ੍ਹੀ ਸੀ।

"ਲਉ ਜੀਜਾ ਜੀ। ਅੱਜ ਤੋਂ ਬਾਦ ਸਭ ਹਿਸਾਬ ਖ਼ਤਮ ? ਰੱਬ ਦਾ ਵਾਸਤਾ ਦੁਬਾਰਾ ਕੋਈ ਅਹਿਸਾਨ ਨਾ ਕਰਨਾ।"

"ਇੱਕ ਹਿਸਾਬ ਹੈ।" ਮੈਂ ਸ਼ਰਮ ਨਾਲ ਨੀਵੀਂ ਪਾਈ ਕਿਹਾ।

"ਕੀ ਕਿਹਾ ?" ਉਹ ਬੇਹਦ ਹੈਰਾਨੀ ਨਾਲ ਚੀਕੀ।

ਮੈਂ ਜੇਬ ਵਿਚੋਂ ਕੀਮਤੀ ਮੋਤੀਆਂ ਦੀ ਮਾਲਾ ਕੱਢੀ ਤੇ ਉਸਦੀ ਤਲੀ ਤੇ ਧਰਦੇ ਕਿਹਾ। "ਇਹ ਤੇਰੇ ਲਈ ਸੀ।"

"ਇਕ ਸ਼ਰਤ। ਪਹਿਲਾਂ ਦੱਸੋ ਇਹ ਨਵਾਂ ਖਾਤਾ ਤਾਂ ਨਹੀਂ ?" ਉਸ ਉਂਗਲ ਖੜ੍ਹੀ ਕੀਤੀ।

"ਨਹੀਂ।"

ਉਸ ਬਿਨਾਂ ਸੰਕੋਚ ਮਾਲਾ ਫੜੀ, ਪਰਸ ਵਿਚ ਪਾਈ ਅਤੇ ਕਮਰੇ ਤੋਂ ਬਾਹਰ ਹੋ ਗਈ।

ਮੈਂ ਮੋਏ ਜਹੇ ਕਦਮੀ ਹੋਟਲ 'ਚੋਂ ਨਿਕਲਿਆ। ਰਿਕਸ਼ੇ ਤੇ ਬੈਠਿਆ, ਵਾਪਸੀ

ਦੀ ਗੱਡੀ ਫੜੀ। ਪਟਿਆਲੇ ਸਟੇਸ਼ਨ 'ਤੇ ਉਤਰਨ ਸਮੇਂ ਅਚਾਨਕ ਖ਼ਿਆਲ ਆਇਆ। ਕੀ ਵਾਪਰ ਗਿਆ ਸੀ? ਵਾਪਸੀ 'ਤੇ ਸਾਡੇ ਵਿਚਾਲੇ ਕੋਈ ਸੰਵਾਦ ਹੀ ਨਹੀਂ ਸੀ ਹੋਇਆ। ਕੁਝ ਵਾਪਰਿਆ ਨਹੀਂ ਸੀ ਤਾਂ ਇਹ ਹਾਲਤ ਸੀ, ਵਾਪਰ ਜਾਂਦਾ ਤਾਂ ਕੀ ਹੁੰਦਾ? ਸੋਚ ਕੇ ਹਿਰਦਾ ਕੰਬ ਉੱਠਿਆ।

ਇਹ ਸਾਜ਼ਸੀ ਜਿਹੀ ਚੁੱਪ ਹੋਟਲ ਤੋਂ ਗੱਡੀ ਅਤੇ ਗੱਡੀ ਤੋਂ ਘਰ ਦੀ ਦਹਿਲੀਜ਼ ਤੱਕ ਵੀ ਤੁਰੀ ਆਈ। ਸਭ ਤੋਂ ਪਹਿਲਾਂ ਬੀ ਜੀ ਨੂੰ ਭਿਣਕ ਪਈ। ਉਨ੍ਹਾਂ ਮੈਨੂੰ ਘੇਰ ਲਿਆ।

"ਗੱਲ ਸੁਣ ਜਗਾਪਰੀਓਊ ਮੁੜੀ ਨੱਚੀ ਉਦਾਸ ਏ ਬਹੁੰ। ਕੋਈ ਤਕਰਾਰ ਤੇ ਨਹੀਂ ਹੋਇਆ ਦੋਹਾਂ ਸੰਨੂ।"

"ਹੱਦ ਹੋ ਗਈ... ਰੋਜ਼ ਰਿਸ਼ਤਾ ਮੁੜੇ ਗਾ ਤਾਂ ਨੱਚੇ ਗੀ? ਕੁਝ ਤਾਂ ਸ਼ਰਮ ਕਰੋ ਬੀ ਜੀ।" ਪਹਿਲਾਂ ਹੀ ਸੋਚ ਕੇ ਰਖਿਆ ਉੱਤਰ ਮੈਂ ਤੀਰ ਵਾਂਗ ਛੱਡਿਆ। ਨਿਸ਼ਾਨਾ ਠੀਕ ਵੱਜਾ। ਬੀ ਜੀ ਦੀ ਬੋਲਤੀ ਬੰਦ।

ਰੂਪੀ ਦਾ ਤਣਿਆ ਮੱਥਾ ਸ਼ੱਕ 'ਚ ਘਿਰਿਆ ਰਿਹਾ।

ਯਾਰਾਂ ਕਿਹਾ, "ਛੱਡ ਯਾਰ ਗਰਭਵਤੀ ਤੀਵੀਂ ਮੱਥਾ ਨਹੀਂ ਤਣੇਗੀ ਤਾਂ ਧਨੁਸ਼ ਤਣੇਗੀ?"

ਇਸਦੇ ਬਾਵਜੂਦ ਮੇਰੇ 'ਚ ਕਈ ਤਬਦੀਲੀਆਂ ਆਈਆਂ।

ਸਿਮਰਨ ਦੀ ਚਾਹਤ ਦਾ ਅੰਤ ਅਤੇ ਹੀਣਤਾ-ਭਾਵ, ਜਿਸ ਵਿਚ ਮੈਂ ਪੂਰੀ ਤਰ੍ਹਾਂ ਗਰਕ ਚੁੱਕਾ ਸਾਂ।

ਦੋਸਤੀ ਤੇ ਬਿਖਰ ਜਾਣ ਕਾਰਨ ਪਿਛਲੇ ਦਿਨਾਂ ਵਿੱਚ ਕਈ ਕੁਝ ਵਾਪਰ ਚੁੱਕਾ ਸੀ। ਕਸਤੂਰੀ ਦੀ ਸ਼ਾਦੀ ਕਰ ਦਿੱਤੀ ਗਈ ਸੀ। ਅੱਜ ਕੱਲ੍ਹ ਉਹ ਪਤਨੀ ਤੇ ਭੈਣ ਨਾਲ ਮਿਲ ਕੇ ਘਰਾਂ ਵਿੱਚ ਨਿੱਕਾ-ਮੋਟਾ ਸਮਾਨ ਸਪਲਾਈ ਕਰਦਾ ਸੀ। ਚੰਨੀ ਬੈਂਤ ਦੀਆਂ ਕੁਰਸੀਆਂ ਬੁਣਨ ਲੱਗਾ ਸੀ।

ਦੋਹਾਂ ਦੀ ਜੇਬ ਵਿਚ ਪੈਸੇ ਸਨ। ਨੈਨਸੀ ਅਤੇ ਕਲਿਆਣੀ ਬਹੁਤਾ ਚੋਬ ਘਾਟ ਰਹਿੰਦੀਆਂ। ਸਾਡੇ ਤਿੰਨਾਂ ਦੇ ਜ਼ਿਹਨ ਵਿਚ ਹੁਣ ਉਹ ਨਹੀਂ ਸਨ।

ਅਸੀਂ ਫਿਰ ਇਕੱਠੇ ਹੋਏ। ਦੋਸਤੀ ਨੂੰ ਪਾਣੀ ਦਿੱਤਾ ਅਤੇ ਫ਼ੈਸਲਾ ਕੀਤਾ, ਕੁਝ ਵੀ ਹੋਵੇ, ਹਫ਼ਤੇ ਦਸੀਂ ਦਿਨੀਂ ਕਦੇ-ਕਦਾਈਂ ਮਿਲਿਆ ਕਰੀਏ।

ਇਹਦੀ ਨੌਬਤ ਹੀ ਨਾ ਆਈ। ਅਚਾਨਕ ਸਿਮਰ ਦੇ ਮਾਮਾ ਜੀ ਆਪਣੀ ਧੀ ਲਈ ਲੜਕਾ ਦੇਖਣ ਆਏ, ਏਧਰ ਨਿਕਲ ਆਏ। ਲੜਕਾ ਮਿਲ ਨਾ ਸਕਿਆ ਤਾਂ ਗੱਲ ਵਿੱਚੇ ਰਹਿ ਗਈ।

ਜਲੰਧਰ ਪਰਤ ਕੇ ਉਹਨਾਂ ਰੂਪੀ ਨੂੰ ਖ਼ਤ ਲਿਖਿਆ।

"ਲੜਕਾ ਹਰਪ੍ਰੀਤ ਤੋਂ ਵੱਧ ਪੜ੍ਹਿਆ ਹੈ। ਮੇਰੀ ਨਾਂਹ ਹੈ। ਤੁਸੀਂ ਚਾਹੋ ਤਾਂ



ਸਿਮਰ ਲਈ ਦੇਖ ਲਵੋ।"

ਦਾਰ ਜੀ ਨੂੰ ਪਤਾ ਲੱਗਾ, ਤਾਂ ਉਹਨਾਂ ਮੈਨੂੰ ਤਲਬ ਕੀਤਾ।

"ਜਾਹ ਓਏ! ਨੱਢੇ ਨੀ ਦਰਿਆਫ਼ਤ ਕਰ, ਤੇ ਮੈਨੂੰ ਦੱਸ।"

ਦੂਜੇ ਦਿਨ ਮੈਂ ਤੇ ਕਸਤੂਰੀ ਗੋਬਿੰਦਗੜ੍ਹ ਚਲੇ ਗਏ। ਪਤਾ ਲੱਗਾ, ਲੜਕੇ ਦਾ ਪਿਤਾ ਨਹੀਂ ਸੀ। ਮਤੇਈ ਮਾਂ ਕਿਸੇ ਲੋਹਾ ਫੈਕਟਰੀ ਦੇ ਮੁਨੀਮ ਨਾਲ ਰਹਿ ਰਹੀ ਸੀ। ਹੋਰ ਕੋਈ ਭੈਣ ਭਰਾ ਨਹੀਂ ਸੀ। ਲੜਕਾ ਬੀ.ਏ., ਸ਼ਰੀਫ਼ ਅਤੇ ਕਿਸੇ ਦਵਾਈਆਂ ਵਾਲੀ ਕੰਪਨੀ ਵਿਚ ਏਜੰਟ ਸੀ।

ਦਾਰ ਜੀ ਤਾਂ ਨੱਚ ਉੱਠੇ। ਮੈਨੂੰ ਕਿਹਾ।

"ਮੂੰਹ-ਮੱਥੇ ਲਗਨੈ ਤਾਂ ਨੱਢੇ ਆਂ ਬੁਲਾਓ। ਗੱਲ ਕਰੋ ਤੇ ਫੇਰੇ ਦਿਉ। ਨੌਕਰੀ ਛੁਡਵਾਉ ਤੇ ਸਕਰੈਪ ਨਾ ਕਾਰੋਬਾਰ ਕਰਾਓ ਸੁ। ਕੇ ਹੋਇਆ ਜੇ ਮਾਂ ਪਿਊ ਨਹੀਂ ਤਾਂ। ਮੈਂ ਬੈਠਾਂ ਨਾ।"

ਮੈਨੂੰ ਖ਼ੁਸ਼ੀ ਹੋਈ। ਸਿਮਰ ਦਫ਼ਾ ਹੋ ਰਹੀ ਸੀ। ਸਕਰੈਪ ਦਾ ਕੰਮ ਮੈਂ ਹੀ ਕਰਵਾਉਣਾ ਸੀ। ਲੱਗਾ, ਕਿਸਮਤ ਮੇਰੀ ਕਿਸੇ ਚਾਹਤ ਲਈ ਨਵੀਂ ਸਾਜ਼ਸ਼ ਰਚ ਰਹੀ ਸੀ।

ਮੈਂ ਦੂਰ ਖੜ੍ਹਾ ਦੇਖਣ ਲੱਗਾ।

ਦਾਰ ਜੀ ਕਾਹਲੇ ਸਨ। ਉਹਨਾਂ ਗੱਲ ਤੋਰੀ। ਅੰਗ-ਸਾਕ ਸੱਦੇ ਅਤੇ ਸਿਮਰ ਤੁਰਦੀ ਕਰ ਦਿੱਤੀ ਗਈ।...

ਅੱਗੋਂ ਸਭ ਮੇਰੀ ਸੋਚ ਤੋਂ ਉਲਟ ਹੋਇਆ...

ਉਮੀਦ ਸੀ ਸਕਰੈਪ ਦੇ ਕੰਮ ਲਈ ਦਾਰ ਜੀ ਮੈਨੂੰ ਕਹਿਣਗੇ। ਉਨ੍ਹਾਂ ਕਿਹਾ।

"ਸਾਂਝੂ ਨ ਰਿਸ਼ਤਾ ਸ਼ੱਕੀ ਹੁੰਨੈ ਓਏ, ਤੂੰ ਘਰ ਬਹੁ।"

ਉਹਨਾਂ ਨਵੇਂ ਕੰਮ ਦੀ ਥਾਂ ਕਿਸੇ ਦਾ ਬੰਦ ਪਿਆ ਸਕਰੈਪ ਦਾ ਕਾਰੋਬਾਰ ਖ਼ਰੀਦਿਆ ਅਤੇ ਮਹੇਸ਼ ਨੂੰ ਕੇਵਲ ਗੱਦੀ 'ਤੇ ਹੀ ਨਾ ਬਿਠਾਇਆ, ਸਗੋਂ ਮਹੀਨਾਂ ਵੀਹ ਦਿਨ ਨਾਲ ਲੱਗ ਕੇ ਚਲਦਾ ਵੀ ਕਰ ਦਿੱਤਾ।

ਇਸ ਸਮੇਂ ਰੂਪੀ ਦੀ ਖ਼ੁਸ਼ੀ ਤੇ ਮੇਰੀ ਨਾਕਾਮੀ ਸਿਖ਼ਰ ਤੇ ਸਨ।

ਇਸੇ ਆਲਮ ਵਿਚ ਸਮਾਂ ਗੁਜ਼ਰ ਰਿਹਾ ਸੀ।

ਇਕ ਦਿਨ ਮਹੇਸ਼ ਅਤੇ ਸਿਮਰ ਮਿਲਣ ਆ ਗਏ। ਦਾਰ ਜੀ ਖੜ੍ਹਾ ਹੋ ਗਏ।

"ਕੁੜੀਏ ਭਲਾ ਚਾਹੁੰਨੀ ਏਂ ਤਾਂ ਪਿੱਛਾ ਨਾ ਤਕਾਅ। ਜਿਸਨੂੰ ਖਿਚ ਪਊਸੀ, ਆਪੇ ਆਊਸੀ। ਟਿਕ ਕੇ ਬਹੁ ਤੇ ਖੁਦ ਨ ਘਾਰ ਬੰਨ੍ਹ।"

ਦੋਵੇਂ ਬਿਨਾਂ ਕੁਝ ਕਹੇ ਪਰਤ ਗਏ।

ਇਸ ਦੌਰਾਨ ਕਈ ਦੁਖਦ ਘਟਨਾਵਾਂ ਵਾਪਰੀਆਂ।

ਦਾਰ ਜੀ ਨੂੰ ਟੈਟਨਸ ਹੋਈ ਤੇ ਉਹ ਚਲ ਵੱਸੇ।

ਰੂਪੀ ਦਾ ਦੂਜਾ ਹਮਲ ਵੀ ਜਾਇਆ ਚਲਾ ਗਿਆ।

ਸਿਮਰ ਪਿੰਕੀ ਤੋਂ ਬਾਦ ਦੂਜਾ ਬੱਚਾ ਜੰਮਣ ਦੇ ਆਹਰ ਵਿਚ ਸੀ।

ਮੇਰੇ ਲਈ ਇਕੋ ਖੁਸ਼ੀ ਦੀ ਗੱਲ ਸੀ...

ਮਹੇਸ਼ ਨੇ ਜੱਬਲਪੁਰ ਤੋਂ ਦਰਾ ਸਕਰੈਪ ਦੀ ਜਿਹੜੀ ਵੱਡੀ ਖ਼ਰੀਦ ਕੀਤੀ, ਉਸ ਵਿਚ ਪਏ ਘਾਟੇ ਕਾਰਨ ਉਹ ਲੱਖਾਂ ਦੀ ਦੇਣਦਾਰੀ ਹੇਠ ਸੀ।

ਰੂਪੀ ਨੇ ਤਰਲਾ ਲਿਆ ਤਾਂ ਮੈਂ ਗੁਬਿੰਦਗੜ੍ਹ ਗਿਆ। ਮਹੇਸ਼ ਦੀਵਾਲੀਆ ਹੋ ਚੁੱਕਾ ਸੀ। ਸਿਮਰ ਦੂਜੇ ਜਣੇਪੇ ਦੀ ਬੰਨੀ ਪਈ ਸੀ।

ਮਹੇਸ਼ ਤਰਲਿਆਂ ਤੇ ਉੱਤਰ ਆਇਆ। ਮੈਂ ਹੱਲ ਦੱਸਿਆ।

ਖ਼ੁਦ ਨੂੰ ਦੀਵਾਲੀਆ ਐਲਾਨ ਕਰ ਅਤੇ ਰੂਹਪੋਸ਼ ਹੋ ਜਾ।

ਇਹੋ ਹੋਇਆ। ਕਬਾੜ, ਘਰ, ਸੰਪਤੀ ਸਭ ਨੀਲਾਮ ਹੋ ਗਏ। ਮਹੇਸ਼ ਯੂ.ਪੀ. ਚਲਿਆ ਗਿਆ। ਸਿਮਰ ਰੂਪੀ ਕੋਲ ਆ ਗਈ।

ਸਭ ਕੁਝ ਮੇਰੀ ਇੱਛਾ ਮੁਤਾਬਕ ਹੋ ਰਿਹਾ ਸੀ। ਦੁੱਖ ਇਸ ਗੱਲ ਦਾ ਸੀ, ਕਿਆਸ ਤੋਂ ਕੁਝ ਵੱਧ ਮਾੜਾ ਹੋਇਆ।

ਇਤਨਾਂ ਕੁਝ ਬਿਖਰ ਚੁੱਕਾ ਸੀ। ਇਕੱਠਾ ਕਰਨਾਂ ਸੌਖਾ ਨਹੀਂ ਸੀ। ਅਸਲ ਵਿਚ ਪਿਛਲਾ ਲੰਮਾ ਸਮਾਂ ਮੈਂ ਸਿਮਰ ਦੀ ਬਰਬਾਦੀ ਹੀ ਚਾਹੁੰਦਾ ਰਿਹਾ ਸਾਂ। ਜਦੋਂ ਸਭ ਕੁਝ ਵਾਪਰ ਗਿਆ ਤਾਂ ਮੈਂ ਤਰਸ ਨਾਲ ਭਰ ਗਿਆ। ਪ੍ਰਾਸ਼ਚਿਤ ਵਜੋਂ ਤੀਲ੍ਹੇ ਜੋੜਨ ਲੱਗਾ। ਸਿਮਰ ਮੈਥੋਂ ਦੇਖੀ ਨਹੀਂ ਸੀ ਜਾ ਰਹੀ। ਘਰ ਵਿਚ ਉਹ ਨੌਕਰ ਬਣ ਕੇ ਰਹਿ ਰਹੀ ਸੀ।

ਸੋਚਿਆ ਤਾਂ ਕਈ ਰਾਹ ਨਿਕਲ ਆਏ।...

ਮੇਰੀ ਦੁਕਾਨ ਕਬਾੜ ਵਿੱਚੋਂ ਕੱਚ ਦੀ ਇੱਕ ਵੱਡੀ ਖੇਪ ਰਾਜਸਥਾਨ ਜਾਂਦੀ ਸੀ। ਜਿੱਥੇ ਫਿਰ ਛਟਾਈ ਹੁੰਦੀ ਅਤੇ ਗੁਜਰਾਤ ਵਿਚ ਖਪਤ ਹੁੰਦੀ। ਮੈਂ ਮਹੇਸ਼ ਨੂੰ ਰਾਜਸਥਾਨ ਦਾ ਕਰਤਾ ਥਾਪ ਦਿੱਤਾ। ਜਾਣਦਾ ਸਾਂ ਇਤਨਾਂ ਕੁ ਕਾਰੋਬਾਰ ਕੇਵਲ ਗੁਜ਼ਾਰੇ ਲਈ ਤਾਂ ਕਾਫ਼ੀ ਸੀ। ਘਰ, ਬੱਚਿਆਂ ਦੀ ਪਰਵਰਿਸ਼ ਅਤੇ ਪੱਕੇ ਪੈਰੀਂ ਖਲੋਣ ਲਈ ਕਾਫ਼ੀ ਨਹੀਂ ਸੀ। ਉਸ ਲਈ ਜੋ ਚਾਹੀਦਾ ਸੀ ਉਹ ਮੇਰੇ ਪਾਸ ਸੀ...

ਮੈਂ ਲੁਟਾਉਣ ਦਾ ਸੋਚ ਲਿਆ। ਪਰ ਇਕ ਨਿੱਕਾ ਓਹਲਾ ਰੱਖ ਲਿਆ, ਜੋ ਸਿਮਰ ਦੇ ਖੰਭ ਕਤਰਨ ਲਈ ਕਾਫ਼ੀ ਸੀ। ਖ਼ਰਚੇ ਦੀ ਵੱਡੀ ਰਕਮ ਮੈਂ ਸਿਮਰ ਦੇ ਨਾਂ ਕਰ ਦਿੱਤੀ ਅਤੇ ਰਾਜਸਥਾਨ ਵਿਚਲੇ ਕਾਰੋਬਾਰ ਵਿਚ ਅੱਧ ਦੀ ਮਾਲਕ ਬਣਾ ਦਿੱਤੀ।

ਰੂਪੀ ਖੁਸ਼... ਮਹੇਸ਼ ਖੁਸ਼। ਜਿਸ ਦਿਨ ਸਿਮਰ ਬੱਚੇ ਲੈ ਕੇ ਰਾਜਸਥਾਨ ਤੁਰੀ, ਮੇਰੇ ਕੋਲ ਆਈ ਅਤੇ ਭਰੇ ਮਨ ਕਿਹਾ।

"ਨਹੀਂ ਹਟੇ... ਫ਼ਿਰ ਖੋਲ੍ਹ ਲਿਆ ਖਾਤਾ?..."

ਮੇਰੇ ਲਈ ਨੀਵੀਂ ਪਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ।

ਕਾਰੋਬਾਰ ਅਤੇ ਪੈਸਾ ਨਾਂ ਕਰਨ ਸਮੇਂ ਜਿਤਨਾਂ ਮੈਂ ਖੁਸ਼ ਸਾਂ। ਉਤਨਾਂ ਉਦਾਸ



ਹੋ ਗਿਆ। ਇਕੋ ਗੱਲ ਦਾ ਗੁੱਸਾ ਸੀ। ਸਿਮਰ ਮੇਰੀ ਹਰ ਸਾਜ਼ਿਸ਼ ਅਗਾਊਂ ਕਿਉਂ ਭਾਂਪ ਲੈਂਦੀ ਸੀ।

ਉਸਦੇ ਹਵਾ ਵਿਚ ਉਛਾਲੇ ਫ਼ਿਕਰੇ ਨੇ ਮੇਰੇ ਸਭ ਮਨਸੂਬੇ ਢੇਰੀ ਕਰ ਕੇ ਰੱਖ ਦਿੱਤੇ ਸਨ। ਉਧੇੜ ਬੁਣ ਵਿਚ ਸਾਲ ਗੁਜ਼ਰਿਆ ਤਾਂ ਇਕ ਦਿਨ ਕਿਸੇ ਕਰਿੰਦੇ ਦੇ ਹੱਥ ਸਿਮਰ ਦਾ ਖ਼ਤ ਮਿਲਿਆ। ਲਿਖਿਆ ਸੀ। 'ਕਾਰੋਬਾਰ ਠੀਕ ਹੈ, ਮੌਜੂਦਾ ਆਮਦਨੀ ਬੱਚਿਆਂ ਦੀ ਤਾਲੀਮ ਲਈ ਕਾਫ਼ੀ ਨਹੀਂ ਹੈ।'

ਗੁੱਸੇ ਵਿੱਚ ਮੈਂ ਤਪ ਉੱਠਿਆ। ਨਹੀਂ ਕਾਫ਼ੀ ਤਾਂ ਮੈਂ ਕੀ ਕਰਾਂ? ਇਤਨੀਂ ਹੈਂਕੜ ਹੈ ਤਾਂ ਖ਼ੁਦ ਕਰ ਇੰਤਜ਼ਾਮ। ਮੈਂ ਆਪਣੇ ਆਪ ਨੂੰ ਕਿਹਾ, ਅਤੇ ਕਰਿੰਦੇ ਹੱਥ ਕੁਝ ਰਕਮ ਭੇਜਦੇ ਲਿਖਿਆ, "ਇਹ ਕਾਰੋਬਾਰ ਦੇ ਖਾਤੇ ਵਿਚ ਨਹੀਂ ਹਨ।"

ਚਾਰ ਦਿਨ ਬਾਦ ਦੁਕਾਨ ਦੇ ਸਿਰਨਾਵੇਂ ਪੁਰ ਇਕ ਦੋ ਸਤਰਾ ਖ਼ਤ ਮਿਲਿਆ। ਲਿਖਿਆ ਸੀ, 'ਬੱਚੇ ਯਾਦ ਕਰਦੇ ਹਨ।'

ਮੈਂ ਇਸੇ ਪਲ ਲਈ ਤੜਪ ਰਿਹਾ ਸਾਂ।...

ਇਸ ਤੋਂ ਅੱਗੇ ਇਕ ਲੰਮਾਂ ਸਿਲਸਲਾ ਹੈ। ਜਿਸਦੀ ਤਫ਼ਸੀਲ ਨਾ ਮੈਨੂੰ ਯਾਦ ਹੈ, ਨਾ ਸਿਮਰ ਨੂੰ। ਸਿਰਫ਼ ਉਹ ਤਕਰਾਰ ਯਾਦ ਹੈ, ਜਿਸ ਵਿਚ ਉਸ ਤੜਪ ਕੇ ਕਿਹਾ ਸੀ।

"ਜਾਣਦੀ ਹਾਂ, ਜੱਬਲਪੁਰ ਵਾਲੇ ਸਕਰੈਪ ਦੇ ਸੌਦੇ ਵਿਚ ਤੁਸੀਂ ਫ਼ਰਜ਼ੀ ਖ਼ਰੀਦਾਰ ਖੜ੍ਹੇ ਕਰਕੇ ਬੋਲੀ ਇਤਨੀ ਚੜ੍ਹਾ ਦਿੱਤੀ; ਮਹੇਸ਼ ਦੀਵਾਲੀਆ ਬਣਾ ਕੇ ਰੱਖ ਦਿੱਤਾ।"

"ਤੇਰੇ ਵਰਗੀ ਪਤਨੀ ਦਾ ਮਾਲਕ ਦੀਵਾਲੀਆ ਕਿਵੇਂ ਹੋ ਸਕਦਾ ਹੈ।" ਮੈਂ ਗੱਲ ਹਾਸੇ 'ਚ ਪਾਈ।

"ਤੁਸਾਂ ਦਾ ਧੋਖਾ ਮੈਂ ਮਹੇਸ਼ ਨੂੰ ਦੱਸ ਸਕਦੀ ਸਾਂ। ਪਰ ਨਹੀਂ ਦੱਸਿਆ।"

"ਕਿਉਂ?"

"ਵਿੱਕ ਪੈਣ ਦੇ ਡਰ ਤੋਂ... ਸੋਚਿਆ ਆਖ਼ਰ ਮਸਲਾ ਤਾਂ ਇਕ ਕਬਾੜੀਏ ਦੀ, 'ਕਬਾੜ' ਤੇ ਟਿਕੀ ਅੱਖ ਦਾ ਹੀ ਹੈ ਨਾ।"

ਬਹੁਤ ਤੇਜ਼ ਵਾਰ ਸੀ। ਮੈਂ ਸਹਿਆ ਅਤੇ ਕਿਹਾ।

"ਮੇਰੇ ਲਈ ਤੂੰ ਕਬਾੜ ਨਹੀਂ। ਸਿਮਰਨ ਏਂ, ਪ੍ਰਕਰਮਾਂ ਵਾਲੀ।"

"ਮਰ ਚੁੱਕੀ ਹੈ ਉਹ।"

"ਮੇਰੇ ਲਈ ਨਹੀਂ..."

"ਇਸੇ ਲਈ ਤੁਸੀਂ ਫ਼ਿਰ ਅਹਿਸਾਨਾਂ ਦਾ ਖਾਤਾ ਖੋਲ੍ਹ ਲਿਆ।"

"ਮੈਂ ਕੁਝ ਵੀ ਮੋੜਨ ਲਈ ਨਹੀਂ ਕਿਹਾ।"

"ਲੋੜ ਹੀ ਨਹੀਂ, ਕਿਉਂਕਿ ਤੁਸੀਂ ਜਾਣਦੇ ਹੋ... ਮੈਂ ਅਹਿਸਾਨਾਂ ਥੱਲੇ ਜਿਉਂ ਹੀ ਨਹੀਂ ਸਕਦੀ।"

"ਆਪਣਿਆਂ ਤੇ ਅਹਿਸਾਸ ਨਹੀਂ ਕੀਤੇ ਜਾਂਦੇ।"

"ਤਾਂ ਤੁਸੀਂ ਮੈਨੂੰ ਹਾਸਲ ਕਰਕੇ ਰਹੋਗੇ?"

"ਇਹ ਮੈਂ ਕਦ ਕਿਹਾ..."

"ਹੋਰ ਕਿੰਜ ਕਹੋ ਗੇ? ਮਹੇਸ਼ ਦਾ ਪੰਜਾਬ ਜਾਣਾ ਬੰਦ। ਕਾਰੋਬਾਰ ਸਿਰਫ਼ ਜਿਉਂਦੇ ਹੋਣ ਲਈ ਕਾਫ਼ੀ। ਥੋੜ੍ਹਾ ਜਿਹਾ ਵੀ ਉੱਡਣ ਲਈ ਤੁਹਾਡੇ ਵੱਲ ਦੇਖਣਾ ਪਏਗਾ... ਇਹੀ ਨਾ..."

"ਵਧਾਓ ਕਾਰੋਬਾਰ... ਮੈਂ ਰੋਕਿਐ?"

"ਬਹੁਤ ਕਾਬਲ ਬਿਜਨਸਮੈਨ ਹੋ ਜੀਜਾ ਜੀ ਤੁਸੀਂ।"...

"ਇਹ ਤਾਰੀਫ਼ ਹੈ, ਜਾਂ ਤਨਜ਼?"

"ਤੁਸੀਂ ਜਾਣਦੇ ਹੋ, ਵਿਭਚਾਰ ਨੰਗਾ ਹੋ ਗਿਆ ਤਾਂ ਬਰਬਾਦ ਹੋ ਜਾਓਗੇ। ਫਿਰ ਵੀ ਮੇਰੇ ਤੇ ਪੈਸਾ ਖਰਚ ਕਰਨ ਦਾ ਰਿਸਕ ਲੈ ਰਹੇ ਹੋ। ਇਹ ਬਿਜਨਸ ਦਾ ਪੈਂਤੜਾ ਨਹੀਂ ਤਾਂ ਹੋਰ ਕੀ ਏ?"

"ਅੱਗ ਚੁੱਲ੍ਹੇ ਤੋਂ ਬਾਹਰ ਖ਼ਤਰਨਾਕ ਹੈ। ਸੰਜਮ ਵਿਚ ਤਾਂ ਰੋਟੀ ਪਕਾਉਂਦੀ ਹੈ।"

"ਮੈਂ ਮਹੇਸ਼ ਨੂੰ ਬਹੁਤ ਪਿਆਰ ਕਰਦੀ ਹਾਂ।"

"ਮੈਂ ਉਸਦਾ ਹਿੱਸਾ ਮੰਗ ਹੀ ਨਹੀਂ ਰਿਹਾ। ਕੁਝ ਫਾਲਤੂ ਦਾ ਤਲਬਗਾਰ ਹਾਂ।"

ਸਿਮਰ ਲੰਮਾ ਹਉਕਾ ਲਿਆ। ਸਿੰਮ ਆਈਆਂ ਅੱਖਾਂ ਪੂੰਝੀਆਂ, ਪਾਣੀ ਦਾ ਘੁੱਟ ਭਰਿਆ ਅਤੇ ਕਿਹਾ।

"ਹੋਟਲ ਵਿਚ ਮੈਂ ਤੁਸਾਂ ਨੂੰ ਵਿਭਚਾਰ ਤੋਂ ਬੱਚਾ ਜੰਮਣ ਦਾ ਡਰ ਦਿੱਤਾ। ਤੁਸੀਂ ਜਾਣਦੇ ਹੋ ਹੁਣ ਮੈਂ ਉਹ ਵੀ ਨਹੀਂ ਦੇ ਸਕਦੀ। ਜੀਜਾ ਜੀ! ਤੁਸੀਂ ਮੈਨੂੰ ਕਿੱਥੇ ਲਿਆ ਕੇ ਖੜ੍ਹਾ ਕਰ ਦਿੱਤਾ।"

"ਤਾਂ ਠੀਕ ਹੈ; ਇਹ ਆਪਣੀ ਆਖ਼ਰੀ ਮੁਲਾਕਾਤ ਹੈ।"

"ਵਾਹ ਜੀਜਾ ਜੀ, ਵਾਹ ! ਸਿੱਧਾ ਆਖੋ ਨਾ ਅੱਜ ਤੋਂ ਬਾਦ ਕਾਰੋਬਾਰ ਬੰਦ ਤੇ ਅਸੀਂ ਸੜਕ 'ਤੇ।"

"ਹਰ ਗੱਲ ਦਾ ਮਤਲਬ ਤੇਰੇ ਵਾਂਗ ਸੋਚਣਾ ਨਹੀਂ।"

"ਕੁਝ ਵੀ ਹੈ ਮੈਂ ਮਹੇਸ਼ ਨੂੰ ਧੋਖਾ ਨਹੀਂ ਦੇ ਸਕਦੀ।"

"ਮੈਂ ਵੀ ਤਾਂ ਕਿਸੇ ਨੂੰ ਦੇ ਰਿਹਾਂ ਨਾ...।"

ਅਚਾਨਕ ਉਹ ਚੁੱਪ ਹੋ ਗਈ। ਕਾਫ਼ੀ ਦੇਰ ਬਾਦ ਬੋਲੀ।

"ਸੋਚਦੀ ਹਾਂ, ਪਿਛਲੀ ਵਾਰ ਹੋਟਲ ਵਿਚ ਮੈਂ ਹੀ ਤੁਸਾਂ ਨੂੰ ਦੁਬਿਧਾ 'ਚੋਂ ਕੱਢਿਆ। ਚਲੋ ਇਸ ਵਾਰ ਵੀ ਕੱਢਦੀ ਹਾਂ।"

"ਕਿਉਂ?"

"ਮੈਂ ਸੋਚ ਲਿਐ, ਜਿਤਨਾ ਚਿਰ ਤੁਸੀਂ ਮੈਨੂੰ ਪਲੀਤ ਨਹੀਂ ਕਰ ਦਿੰਦੇ, ਨਾ ਤੁਸੀਂ



ਜਿਉ ਸਕੋਗੇ, ਨਾ ਮੈਂ। ਤੁਸਾਂ ਨੂੰ ਮੈਂ ਚਾਹੀਦੀ ਹਾਂ। ਮੈਨੂੰ ਪਰਿਵਾਰ ਚਾਹੀਦੈ, ਕਿਸੇ ਵੀ ਕੀਮਤ 'ਤੇ। ਠੀਕ ਇਹੋ ਨ?"

"ਅੱਗੇ?" ਮੈਂ ਕਾਹਲੇ ਪੈਂਦੇ ਕਿਹਾ।

"ਦੋ ਸ਼ਰਤਾਂ ਹੋਣਗੀਆਂ..."

"ਕੀ?"

"ਸੰਬੰਧ ਜੱਗ ਜਾਹਰ ਹੋ ਗਏ ਤਾਂ ਝੂਠ ਨਹੀਂ ਬੋਲਾਂਗੀ। ਸਾਫ਼ ਕਹਿ ਦਿਆਂ ਗੀ ਤੁਹਾਡੀ ਗਿਣੀ ਮਿਥੀ ਸਾਜਿਸ਼ ਨੇ ਮੇਰੇ ਲਈ ਇਹ ਹਾਲਾਤ ਪੈਦਾ ਕੀਤੇ। ਦੂਜੀ, ਸੰਬੰਧਾਂ ਦਾ ਮੌਕਾ ਪੈਦਾ ਕਰਨ ਵਿਚ ਭਾਗੀਦਾਰ ਨਹੀਂ ਬਣਾਂਗੀ।

ਲੱਗਾ, ਐਵੇਂ ਲੋਕਾਚਾਰੀ ਲਈ ਸੁਰਖ਼ਰੂ ਹੋ ਰਹੀ ਸੀ। ਮੇਰੇ ਲਈ ਉਸਦੀ ਇਤਨੀ ਸਹਿਮਤੀ ਹੀ ਕਾਫ਼ੀ ਸੀ। ਦੋਸਤਾਂ ਕਿਹਾ ਸੰਭਲ ਕੇ...। ਸੰਨ੍ਹ ਵਿਚ ਵੀ ਫੜਾ ਸਕਦੀ ਹੈ। ਮੈਂ ਤਿੰਨ ਪੈਂਤੜੇ ਮੱਲ ਲਏ। ਪਹਿਲਾ ਮਹੇਸ਼ ਦੇ ਘਰੋਂ ਬਾਹਰ ਜਾਣ ਦਾ ਪੁਖ਼ਤਾ ਸਬੂਤ। ਦੂਜਾ, ਕਦੇ-ਕਦਾਈਂ ਦਾ ਮੇਲ। ਤੀਜਾ, ਇਵਜ਼ ਵਿਚ ਸਿਮਰ ਲਈ ਹਰ ਵਾਰ ਲਈ ਕੋਈ ਕੀਮਤੀ ਤੋਹਫ਼ਾ।

ਸਿਲਸਲਾ ਇਤਨਾ ਰਾਸ ਆਇਆ, ਮੈਂ ਅਸਮਾਨ ਵਿਚ ਉੱਡਣ ਲੱਗਾ। ਖ਼ੁਸ਼ੀ ਦੀ ਗੱਲ ਕਸਤੂਰੀ ਦਾ ਸਾਥ ਸੀ। ਜੱਬਲਪੁਰ ਦੇ ਸਕਰੈਪ ਦੀ ਧੋਖੇ ਨਾਲ ਚੜ੍ਹਾਈ ਬੋਲੀ ਤੋਂ ਲੈ ਕੇ ਮਹੇਸ਼ ਦੇ ਦੀਵਾਲੀਏ ਅਤੇ ਰਾਜਸਥਾਨ ਵਿੱਚ ਪੈਰ ਜਮਾਉਣ ਤੱਕ। ਕਦੇ ਕਿਸੇ ਦਿੱਕਤ ਦਾ ਸਵਾਲ ਹੀ ਨਹੀਂ ਸੀ ਪੈਦਾ ਹੋਇਆ। ਬੱਸ ਇਕੋ ਡਰ ਸੀ। ਕਦੇ ਸਿਮਰ ਦੀ ਗੱਲ੍ਹ ਤੇ ਹੋਟਲ ਵਿਚ ਟਪਕਿਆ ਅੱਥਰੂ ਦੁਬਾਰਾ ਨਾ ਢਲ ਆਵੇ। ਵੈਸੇ ਮਹੇਸ਼ ਦੇ ਦੀਵਾਲੀਏ ਤੋਂ ਬਾਦ ਮੈਂ ਸਿਮਰ ਨੂੰ ਕਦੇ ਰੋਂਦੇ ਨਹੀਂ ਸੀ ਦੇਖਿਆ। ਇਕ ਦਿਨ ਮੈਂ ਪੁੱਛਿਆ ਵੀ...

"ਇਤਨੇ ਉਤਰਾਅ ਚੜ੍ਹਾਅ ਆਏ, ਤੂੰ ਕਦੇ ਰੋਈ ਨਹੀਂ... ਕਿੱਥੇ ਗਏ ਅੱਥਰੂ?"

"ਸਭ ਰਿਸ਼ਤਿਆਂ ਦੀ ਅੱਗ ਵਿੱਚ ਝੁਲਸ ਗਏ।" ਉਹ ਮੱਚ ਰਹੀ ਸੀ। ਉਸ ਤੋਂ ਬਾਦ ਕਦੇ ਕੁਝ ਪੁੱਛਣ ਦੀ ਹਿੰਮਤ ਨਹੀਂ ਪਈ।

ਸਮਾਂ ਇਤਨੀ ਤੇਜ਼ੀ ਨਾਲ ਉਡਿਆ। ਅਚਾਨਕ ਹਵਾਵਾਂ ਦੇ ਰੁਖ਼ ਬਦਲੇ।

ਰੂਪੀ ਨੂੰ ਡਾਕਟਰਾਂ ਅੱਗੋਂ ਤੋਂ ਬੱਚਾ ਲੈਣ ਲਈ ਸਿਰ ਫੇਰ ਦਿੱਤਾ। ਕਸਤੂਰੀ ਦੀ ਪਤਨੀ ਬੱਚੇ ਸਮੇਤ ਜਣੇਪੇ ਵਿਚ ਹੀ ਚੱਲ ਵੱਸੀ। ਮਹੀਨੇ ਬਾਦ ਮਹੇਸ਼ ਦੀ ਵਾਰੀ ਆ ਗਈ। ਉਹਨੂੰ ਤਾਪ ਨਿਗਲ ਗਿਆ। ਰੂਪੀ ਟੁੱਟ ਚੁੱਕੀ ਸੀ। ਬੀਜੀ ਅਸਮਾਨ ਵੱਲ ਦੇਖੀ ਜਾਂਦੇ।

ਕਸਤੂਰੀ ਤੋਂ ਆਪਣਾ ਆਪ ਨਹੀਂ ਸੀ ਸਾਂਭਿਆ ਜਾ ਰਿਹਾ।

ਮੇਰੇ ਲਈ ਸਿਮਰ ਜ਼ਰੂਰੀ ਸੀ। ਸੋਗ-ਰਸਮਾਂ ਤੋਂ ਬਾਦ ਰੂਪੀ ਨੇ ਹੀ ਕਿਹਾ। ਜਾ ਕੇ ਮੈਂ ਪਤਾ ਲੈ ਕੇ ਆਵਾਂ, ਸਿਮਰ ਆਪਣੇ ਭਵਿੱਖ ਬਾਰੇ ਕੀ ਸੋਚ ਰਹੀ ਸੀ।

ਸਿਮਰ ਮੇਰੇ ਸਾਮ੍ਹਣੇ ਸੀ।...

ਜਿਵੇਂ ਹੀ ਮੈਂ ਭਵਿੱਖ ਬਾਰੇ ਗੱਲ ਛੇੜੀ, ਉਹ ਮੱਚ ਉੱਠੀ ਅਤੇ ਚੀਕੀ।

"ਰੁੱਕ ! ਹੁਣੇ ਨਿਕਲ ਇੱਥੋਂ... ਖ਼ਬਰਦਾਰ ਜੇ ਮੇਰੇ ਘਰ 'ਚ ਕਦੇ ਪੈਰ ਪਾਇਆ।"

"ਸਿਮਰ ! ਕੀ ਕਹਿ ਰਹੀ ਏਂ ਤੂੰ ? ਜ਼ਰਾ ਸੋਚ... ਅੱਗੇ ਤਾਂ ਸੋ ਡਰ ਸੀ। ਹੁਣ ਤਾਂ ਉਹ ਵੀ ਨਹੀਂ। ਮੈਂ ਹਾਂ ਨਾ...।" ਮੈਂ ਕਿਹਾ।

"ਕੀ ਕਿਹਾ ? ਰੰਡੀ ਹਾਂ ਜੋ ਤੇਰੀ ਰਖੇਲ ਬਣ ਕੇ ਰਹਾਂਗੀ ? ਮੈਂ ਕਿਹੈ ਨਾ ਨਿਕਲ ਏਥੋਂ...।"

"ਸਿਮਰ ਹੋਸ਼ ਵਿਚ ਤਾਂ ਹੈਂ ਤੂੰ ? ਮੈਂ ਤੇਰਾ ਆਪਣਾ ਪ੍ਰੀਤਮ..."

"ਆਪਣਾ ਤੇ ਤੂੰ ?... ਜਿਹੜਾ ਇਕ ਬੇਵਸ ਔਰਤ ਨੂੰ ਉਥੇ ਲਿਆ ਖੜ੍ਹਾ ਕਰੇ ਜਿੱਥੇ ਕੱਪੜੇ ਲਾਹੁਣ ਤੋਂ ਬਿਨਾਂ ਕੋਈ ਚਾਰਾ ਹੀ ਨਾ ਰਹੇ। ਉਹ ਆਪਣੈ ? ਤੂੰ ਕੋਈ ਇਕ ਦਿਨ... ਇਕ ਪਲ ਅਜਿਹਾ ਦੱਸ, ਜਿੱਥੇ ਮੈਂ ਤੇਰੇ ਨਾਲ ਭਿੱਜੀ ਹੋਵਾਂ। ਤੂੰ ਸਿਰਫ਼ ਮਿੱਟੀ ਫਰੋਲਦਾ ਰਿਹੈਂ, ਮਿਸਟਰ ਜੀਜਾ ਸਿੰਘ, ਸਿਰਫ਼ ਮਿੱਟੀ... ਭਲਾ ਚਾਹੁਨੈਂ ਤਾਂ ਏਸੇ ਵਕਤ ਦਫ਼ਾ ਹੋ ਏਥੋਂ...।"

"ਮੈਂ ਮਿੱਟੀ ਫਰੋਲਦਾ ਰਿਹਾਂ ? ਮੈਂ ? ਸ਼ਰਮ ਨਹੀਂ ਆਉਂਦੀ ਖੇਹ ਖਾਹ ਕੇ ਮੁੱਕਰਦਿਆਂ।"

"ਕਿਸ ਖੇਹ ਖਾਧੀ ? ਮੈਂ ਜਾਂ ਤੂੰ।" ਉਹ ਚੀਖ਼ ਰਹੀ ਸੀ।

"ਤਾਂ ਕੀ ਸੀ ਓਹ... ਸਭ ?"

"ਚੋਚਲੇ ਨੇ ਤੇਰੇ ਜਹੇ ਅਮੀਰਾਂ ਦੇ..."

"ਹੱਦ ਹੋ ਗਈ, ਇਹ ਪਿਆਰ ਮੁਹੱਬਤ ਸਭ ਚੋਚਲਾ ਹੋ ਗਿਆ।"

"ਕਿਹੜਾ ਪਿਆਰ ਮੁਹੱਬਤ ? ਲਾਜ਼ਮੇ ਬਾਰੇ ਪਤਾ ਹੈ ਕੁਝ ?"

"ਹਾਂ ! ਰੋਟੀ ਨਾਲ ਅਚਾਰ, ਚਟਨੀ, ਰਾਇਤਾ ਜਾਂ ਕਰਾਰਾ ਜਿਹਾ ਕੁੱਝ...।"

"ਬੱਸ ਤੇਰੇ ਵਰਗਿਆਂ ਲਈ ਦੂਜੀ ਔਰਤ ਲਾਜ਼ਮੇ ਤੋਂ ਵੱਧ ਕੁਝ ਵੀ ਨਹੀਂ ਮਿਸਟਰ ਲਾਜ਼ਮਾਂ... ਔਰ ਲਾਜ਼ਮੇ ਨਾਲ ਕਦੇ ਕਿਸੇ ਦਾ ਢਿੱਡ ਨਹੀਂ ਭਰਦਾ। ਅੱਜ ਤੋਂ ਬਾਦ ਆਪਣੀ ਥਾਲੀ ਦੀ ਰੋਟੀ ਖਾਹ... ਤੇ ਮੈਨੂੰ ਖਾਣ ਦੇਹ। ਖ਼ਬਰਦਾਰ ਜੇ ਅੱਜ ਤੋਂ ਬਾਦ ਮੈਨੂੰ ਸ਼ਕਲ ਦਿਖਾਈ ਤਾਂ।"

ਉਹ ਬਿਨਾ ਮੇਰੇ ਵੱਲ ਦੇਖੇ ਉੱਠ ਕੇ ਚਲੀ ਗਈ। ਮੈਂ ਸਣੇ ਕੱਪੜਿਆਂ ਮੱਚ ਉਠਿਆ। ਆਪਣੀਆਂ ਹੀ ਅੱਖਾਂ ਸਾਮ੍ਹਣੇ ਆਪਣੀ ਹੀ ਅਜ਼ਮਤ ਦੇ ਤੂੰਬੇ ਉੱਡਦੇ ਦੇਖ, ਪਰਤ ਆਇਆ।

ਆਉਂਦੇ ਨੂੰ ਰੂਪੀ ਨੇ ਪੁੱਛਿਆ। "ਕੀ ਕਿਹਾ ਸਿਮਰ ਨੇ ?"

ਕੀ ਦੱਸਾਂ ? ਕੁਝ ਸੁੱਝ ਨਹੀਂ ਸੀ ਰਿਹਾ। ਸਿਰ ਵਿਚ ਇੱਕੋ ਫ਼ਤੂਰ ਸੀ; ਕਿਹੜਾ ਪਲ ਹੋਵੇ, ਜਦੋਂ ਸਿਮਰ ਨੂੰ ਤਬਾਹ ਕਰਕੇ ਰੱਖ ਦੇਵਾਂ। ਛੇਤੀ ਹੀ ਫ਼ੈਸਲਾ ਕੀਤਾ ਕਿਉਂ



ਨਾ ਉਸਨੂੰ ਦਿੱਤੇ ਕੀਮਤੀ ਤੋਹਫ਼ੇ ਅਤੇ ਕਾਰੋਬਾਰੀ ਕਰਜ਼ ਦੀ ਵਸੂਲੀ ਲਈ ਅਦਾਲਤਾਂ ਵਿਚ ਘਸੀਟ ਕੇ ਮਿੱਟੀ ਕਰ ਦੇਵਾਂ।

ਰੂਪੀ ਆਖ ਰਹੀ ਸੀ।...

"ਤੁਸਾਂ ਨ ਦੋਸਤ ਕਸਤੂਰੀ ਬਹੁੰ ਚੰਗਾ ਵੇ। ਮੈਂ ਉਸ ਨਾਲ ਸਿਮਰ ਬਾਰੇ ਗੱਲ ਕੀਤੀ। ਅੱਗੋਂ ਬੋਲਿਆ ਨਹੀਂ, ਇਸਦਾ ਮਤਲਬ ਰਾਜ਼ੀ ਏ ਉਹ, ਤੁਸੀਂ ਪੁੱਛੋ ਸੁ।"

ਮੈਂ ਰਹਿੰਦਾ ਵੀ ਮੱਚ ਉੱਠਿਆ। ਜੀ ਕੀਤਾ, ਰੂਪੀ ਦੇ ਸਿਰ ਵਿਚ ਕੁਝ ਦੇਹ ਮਾਰਾਂ ਅਤੇ ਕਹਾਂ। "ਕੀ ਬਕ ਰਹੀ ਏਂ ਤੂੰ... ਉਸ ਕੁੱਤੀ ਵੱਲ ਤਾਂ ਕਸਤੂਰੀ ਝਾਕੇ ਵੀ ਨਾ।"

ਇਕਾ ਇਕ ਫ਼ਿਕਰ ਹੋਇਆ। ਸਿਮਰ ਕੁਝ ਵੀ ਕਰ ਸਕਦੀ ਸੀ। ਇਸ ਤੋਂ ਪਹਿਲਾਂ ਕਿ ਕੋਈ ਬਿੱਜ ਡਿੱਗੇ; ਮੈਂ ਹੁੰਡੀਆਂ ਅਤੇ ਤੋਹਫ਼ਿਆਂ ਤੇ ਕੀਤੇ ਖ਼ਰਚ ਵਾਲੀ ਡਾਇਰੀ ਲੱਭਣ ਲੱਗਾ।

ਲੱਭਣ ਕੀ ਲੱਗਾ, ਘਰ ਵਿਚ ਹੇਠਲੀ ਉੱਤੇ ਕਰ ਦਿੱਤੀ।

ਡਾਇਰੀ ਕਿਤੇ ਨਹੀਂ ਸੀ। ਮੇਰਾ ਦਿਲ ਡੁੱਬਣ ਲੱਗਾ। ਅਚਾਨਕ ਖ਼ਿਆਲ ਆਇਆ, ਰੂਪੀ ਦੀ ਅਲਮਾਰੀ ਬਾਕੀ ਸੀ।

ਜਿਵੇਂ ਹੀ ਅਲਮਾਰੀ 'ਚ ਪਈ ਡਾਇਰੀ ਦਿੱਸੀ; ਮੇਰੀ ਜਾਨ 'ਚ ਜਾਨ ਆਈ।...

ਪਰ ਅਗਲੇ ਹੀ ਪਲ ਮੇਰਾ ਹੇਠਲਾ ਸਾਹ ਹੇਠਾਂ ਤੇ ਉਤਲਾ ਉੱਤੇ ਰਹਿ ਗਿਆ। ਖੂੰਜੇ ਵਿਚ ਗਹਿਣੇ ਰੱਖਣ ਵਾਲਾ ਡੱਬਾ ਪਿਆ ਸੀ। ਇਹ ਤਾਂ ਮੈਂ ਸਿਮਰ ਨੂੰ ਦਿੱਤਾ; ਇਹ ਇੱਥੇ ਕਿਵੇਂ ?

ਕਾਹਲੀ ਨਾਲ ਖੋਲ੍ਹਿਆ। ਮੇਰੀਆਂ ਅੱਖਾਂ ਪਥਰਾਈਆਂ ਅਤੇ ਸੁੰਨ ਦਾ ਸੁੰਨ, ਅਵਾਕ ਮੈਂ ਦੇਖਦਾ ਹੀ ਰਹਿ ਗਿਆ।

ਮੋਤੀਆਂ ਦੀ ਮਾਲਾ ਤੋਂ ਲੈ ਕੇ ਉਸ ਵਿਚ ਉਹ ਸਾਰੇ ਗਹਿਣੇ ਪਏ ਸਨ ਜੋ ਮੈਂ ਸਮੇਂ-ਸਮੇਂ ਸਿਮਰ ਨੂੰ ਦਿੱਤੇ। ਨੇੜੇ ਹੀ ਕਾਰੋਬਾਰ ਵਾਲਾ ਪ੍ਰਨੋਟ ਪਿਆ ਸੀ।...

ਮੇਰੇ ਹੋਸ਼ ਗੁੰਮ ਹੋ ਰਹੇ ਸਨ। ਮੇਰੀਆਂ ਲੱਤਾਂ ਕੰਬੀਆਂ। ਮੈਂ ਅਲਮਾਰੀ ਦਾ ਸਹਾਰਾ ਲੈ ਭੁੰਜੇ ਬੈਠ ਗਿਆ। ਰੂਪੀ ਅਤੇ ਸਿਮਰ ਜਿਨ੍ਹਾਂ ਨੂੰ ਮੈਂ ਮਹਿਜ਼ ਭੋਗ ਵਸਤੂ ਸਮਝਿਆ, ਕਿਸ ਬੁਲੰਦੀ 'ਤੇ ਸਨ।...

ਮੈਨੂੰ ਲੱਗਾ ਉਹ ਰਾਵਣ ਦੀਆਂ ਧੀਆਂ ਸਨ; ਜਿਨ੍ਹਾਂ ਨੂੰ ਕੋਈ ਵੀ ਛਲ ਨਹੀਂ ਸੀ ਸਕਦਾ।


ਮੇਰੀ ਕੂਕ ਨਿਕਲ ਗਈ...

ਮੈਂ ਮਿੱਟੀ ਸਾਂ...

ਲੱਗਾ, ਹੁਣ ਮੇਰੇ ਜਿਉਣ ਦੇ ਕੋਈ ਅਰਥ ਨਹੀਂ ਸਨ।...

•

## ਸਿਲਸਿਲੇ




## ਤਲਾਕ

ਇਸ ਵਾਰ ਗੁਰੀਏ ਜਿੱਤ ਲਈ ਹਰ ਹੀਲਾ ਵਰਤਣ ਦੀ ਠਾਣ ਲਈ।

ਉਤੋਂ ਤ੍ਰਿਖਾ ਦਾ ਸਾਥ। ਚੜ੍ਹਦੀ ਉਮਰ। ਸੁਤਵਾਂ ਪਿੰਡਾ। ਸੰਧੂਰੀ ਰੰਗ। ਤਿੱਖੇ ਨਕਸ਼। ਚਿੱਟਾ ਲਿਬਾਸ। ਹੱਥੀਂ ਸਿਮਰਨਾ। ਐਮ.ਬੀ.ਏ. ਫਾਇਨਾਂਸ। ਗੁਰੀਏ ਦੇ ਪੈਰ ਭੁੰਇ 'ਤੇ ਨਹੀਂ ਸਨ।

ਗੁਰੀਆ ਖ਼ੁਦ ਸੋਹਣਾ ਸੀ। ਸਿੱਖੀ ਸਰੂਪ। ਤ੍ਰਿਖਾ ਨੂੰ ਚੰਗਾ ਲਗਦਾ। ਤ੍ਰਿਖਾ ਸੋਚਿਆ, ਇਸ ਵਾਰ ਜਿੱਤ ਲਈ ਕੋਈ ਕੱਚ ਨਹੀਂ। ਪੇਸ਼ੀ 'ਤੇ ਜਾਣ ਵੇਲੇ ਤ੍ਰਿਖਾ ਨੇ ਗੁਰੀਏ ਨੂੰ ਮਿੱਠਾ ਦਹੀਂ ਖੁਆਇਆ। ਰਾਹ ਵਿਚ ਪਾਣੀ ਨਾਲ ਭਰਿਆ ਭਾਂਡਾ ਰੱਖਿਆ। ਦੇਗ ਕਰਾਈ। ਅਰਦਾਸ ਕੀਤੀ। ਕਿਸੇ ਸਹੇਲੀ ਰਾਹੀਂ ਵੱਡੀ ਰਕਮ ਤਾਰ ਕੇ ਮੁਕਤਸਰੋਂ, ਲੜਦੇ ਸੱਪਾਂ ਦੇ ਜੋੜੇ 'ਤੇ ਪਾਇਆ ਕੱਪੜਾ ਮੰਗਵਾਇਆ। ਜਿਸ ਬਾਰੇ ਧਾਰਨਾਂ ਸੀ ਕਿ ਮੁਕੱਦਮੇ 'ਤੇ ਲੈ ਜਾਓ ਤਾਂ ਜੱਜ ਨੂੰ ਅੰਨ੍ਹਿਆਂ ਕਰਕੇ ਫ਼ੈਸਲਾ ਕੱਪੜੇ ਵਾਲੇ ਦੇ ਹੱਕ ਵਿਚ ਕਰਵਾਉਂਦਾ ਸੀ।

ਫਿਰ ਵੀ ਗੁਰੀਏ ਤੇ ਰਮੀ ਦੇ ਤਲਾਕ ਵਿਚ ਹੋ ਰਹੀ ਦੇਰੀ ਕਾਰਨ ਤ੍ਰਿਖਾ ਤੜਫ ਰਹੀ ਸੀ। ਹਾਲਾਂ ਕਿ ਵਾਹ ਲੱਗਦੇ ਜ਼ੱਬਤ ਰੱਖਦੀ। ਦਿਲ ਡੋਲਦਾ ਤਾਂ ਸਿਮਰਨ ਕਰਨ ਲੱਗਦੀ। ਫਿਰ ਵੀ ਕਦੇ ਉਸ ਵਿਚ ਪੰਜ ਸਾਲ ਪਹਿਲਾਂ ਵਾਲੀ ਤ੍ਰਿਖਾ ਜਾਗ ਉਠਦੀ ਤਾਂ ਦੇਹ ਟੁੱਟਣ ਲੱਗਦੀ। ਮਨ ਕਾਬੂ ਨਾ ਰਹਿੰਦਾ। ਗੁਰੀਏ ਨੂੰ ਦੇਖਦੇ ਹੀ ਪਿਘਲਣ ਲੱਗਦੀ। ਸਬਰ ਟੁੱਟਦਾ। ਇਸ ਵਾਰ ਵੀ ਇਵੇਂ ਹੀ ਹੋਇਆ। ਪ੍ਰਭਾਤ ਫੇਰੀ 'ਤੇ ਮਿਲੀ। ਮੂੰਹ-ਝਾਖਰਾ ਸੀ। ਸੰਗਤ ਵਿਚੋਂ ਗੁਰੀਏ ਦਾ ਝੱਗਾ ਤੁਣਕ ਪਰ੍ਹਾਂ ਲੈ ਗਈ। ਉਹ ਤਪੀ ਪਈ ਸੀ।

"ਕੀ ਹੋਇਆ?" ਗੁਰੀਏ ਘਾਬਰੀ ਹੋਈ ਨੂੰ ਪੁੱਛਿਆ।

"ਆਇਆ ਨਹੀਂ ਕਰਨਾਂ ਮੈਂ।"

"ਕਿਉਂ?"

"ਹੱਦ ਹੁੰਦੀ ਐ ਯਾਰ। ਫਿਰੀ ਜਾਓ ਸੜਕਾਂ 'ਤੇ ਨੰਗੇ ਪੈਰੀਂ। ਕੀ ਮਿਲਿਆ? ਮੇਰਾ ਤਾਂ ਨਿਤਨੇਮ। ਕੀਰਤਨ। ਸਭ ਤੋਂ ਚੱਕਿਆ ਗਿਆ ਮਨ। ਕੁੜੀਆਂ ਟਿੱਚਰਾਂ ਕਰਦੀਐਂ। ਕਹਿੰਦੀਆਂ ਫੇਰੀ ਜਾਹ ਸਿਮਰਨੇ।" ਉਸ ਕਾਹਲੀ ਨਾਲ ਗੱਲ ਮੁਕਾਈ। "ਦੇਖ ਗੁਰੀ! ਉਸ ਕੁੱਤੀ ਦਾ ਕਰਨੈ ਕੁਝ ਕਰ; ਨਹੀਂ ਮੇਰੀ ਫਤਿਹ"। ਤ੍ਰਿਖਾ ਹੱਥ ਜੋੜੇ।

"ਪਲੀਜ਼ ਤਖੂ! ਯਾਰ ਮੇਰੇ ਵੱਲ ਦੇਖ। ਤੇਰੇ ਸਾਮ੍ਹਣੇ ਕੇਸ ਮਿਗਲਾਨੀ ਨੂੰ ਦਿੱਤਾ।

ਮੈਂ ਲੱਖਾਂ ਨਹੀਂ ਦੇਖੇ। ਇਸ ਵਾਰ ਚੱਢਾ ਵਿੱਚ ਐ। ਜ਼ਿਆਦਾ ਮਨ ਉਦਾਸ ਐ ਤਾਂ ਆ ਜਾ ਕਿਸੇ ਦਿਨ।"

ਤਦੇ ਕੋਈ ਸੇਵਾਦਾਰ ਚਾਹ ਤੇ ਮੱਠੀਆਂ ਦਾ ਲੰਗਰ ਦੇਣ ਆ ਗਿਆ।

ਕਾਫ਼ੀ ਚੁੱਪੀ ਤੋਂ ਬਾਦ ਗੁਰੀਏ ਫਿਰ ਕਿਹਾ।

"ਆ ਜਾ ਕਿਸੇ ਦਿਨ...ਕੀ ਦਿੱਕਤ ਐ?"

"ਹੱਦ ਹੋ ਗਈ। ਮੈਂ ਕਹਿੰਨੀ ਆਂ ਤੁਰਦੀ ਕਰ; ਤੈਨੂੰ ਆਉਣ ਦੀ ਪਈ ਐ।"

"ਡਰਦੀ ਐਂ?"

"ਹਾਂ ਡਰਦੀ ਆਂ...ਮਰਿਆਦਾ...ਪੇਰੇਂਟਸ ਕੋਈ ਇਕ ਡਰ ਐ?"

"ਓ ਕੇ ਬਾਬਾ, ਰੀਲੈਕਸ। ਤੂੰ ਅਰਦਾਸ ਕਰ ਬੱਸ ਮਿਗਲਾਨੀ ਆ ਜੇ ਹੱਥ ਹੇਠ।"

"ਕੌਣ ਐ ਮਿਗਲਾਨੀ?"

"ਤੂੰ ਮਿਗਲਾਨੀ ਨੀ ਸੁਣਿਆ? ਬਹੁਤ ਵੱਡੀ ਤੋਪ ਐ ਦਿੱਲੀ ਦੀ। ਪਰ ਕਹਿੰਦੇ ਰੰਗੀਨ ਐ ਥੋੜ੍ਹਾ। ਪਰ ਕੋਈ ਨਾ...ਚੱਢਾ ਐ ਵਿਚ। ਗੁਰੂ ਭਲੀ ਕਰੂਗਾ।"

ਤ੍ਰਿਖਾ ਲੰਮਾ ਹਉਕਾ ਲਿਆ।" ਚੱਲ ਦੇਖਦੇ ਆਂ ਤੇਰਾ ਮਿਗਲਾਨੀ ਵੀ...।"

ਗੁਰੀਆ ਅਤੇ ਤ੍ਰਿਖਾ ਇਕ ਦੂਜੇ ਲਈ ਤੜਪ ਰਹੇ ਸਨ। ਇਹ ਸੱਚ ਸੀ।

ਗੁਰੀਆ ਅੰਮ੍ਰਿਤਧਾਰੀ ਸੀ। ਪਰ ਜਦੋਂ ਤੋਂ ਤ੍ਰਿਖਾ ਨਾਲ ਦੁਬਾਰਾ ਮੇਲ ਹੋਇਆ; ਉਹ ਚੋਲੇ ਪੁੱਟਣ ਦਾ ਪਾਪ ਵੀ ਕਰਨ ਲੱਗਾ ਸੀ। ਉਹ ਸੋਚਦਾ, ਚੋਲਿਆਂ ਵਾਲਾ ਪਾਪ ਤ੍ਰਿਖਾ ਦੀ ਖ਼ਾਤਰ ਸੀ। ਅਸਲ ਵਿਚ ਤ੍ਰਿਖਾ ਹੀ ਸੀ ਜਿਸ ਕਾਰਨ ਉਹਦੀ ਵਿਆਹੁਤਾ ਜ਼ਿੰਦਗੀ ਉਥਲ-ਪੁਥਲ ਹੋਈ। ਗੁਰੀਆ ਇਹ ਗੱਲ ਮਹਿਸੂਸ ਤਾਂ ਕਰਦਾ। ਮੰਨਦਾ ਨਹੀਂ ਸੀ। ਜ਼ਿੰਦਗੀ ਨਰਕ ਤੋਂ ਬਦਤਰ ਹੋਈ ਪਈ ਸੀ। ਤਲਾਕ ਦੇ ਕੇਸ ਨੇ ਸ਼ੁਰੂ ਵਿਚ ਹੀ ਗੁਰੀਏ ਦੀ ਧੁੱਕੀ ਕੱਢ ਦਿੱਤੀ ਸੀ। ਅਸਲ ਵਿਚ ਗੁਰੀਆ ਇਸ ਰਾਹ ਦਾ ਪਾਂਧੀ ਹੀ ਨਹੀਂ ਸੀ। ਤਹੱਮਲ ਨੇ ਸਾਥ ਨਾ ਦਿੱਤਾ ਤਾਂ ਲਪੇਟਿਆ ਗਿਆ। ਇਸ ਲਈ ਕਈ ਝੂਠ ਸੱਚ ਮਾਰਨ 'ਤੇ ਵੀ ਤਲਾਕ ਦਾ ਕੋਈ ਮੁੱਦਾ ਨਹੀਂ ਸੀ ਬਣ ਰਿਹਾ। ਹਾਰ ਕੇ ਕੇਸ ਮਿਗਲਾਨੀ ਨੂੰ ਦੇਣਾ ਪਿਆ। ਕਈ ਵੇਰ ਗੁਰੀਏ ਨੂੰ ਲਗਦਾ, ਗ਼ਲਤੀ ਹੋ ਗਈ। ਪਰ ਤ੍ਰਿਖਾ ਦੀ ਚੁੱਕ ਸਾਹ ਹੀ ਨਹੀਂ ਸੀ ਲੈਣ ਦੇ ਰਹੀ।

ਇਕ ਤਰੀਕ ਤੇ ਗੁਰੀਏ ਦਾ ਵਕੀਲ ਤਲਾਕ ਦਾ ਤਰਕ ਪੇਸ਼ ਨਾ ਕਰ ਸੱਕਿਆ ਤਾਂ ਤ੍ਰਿਖਾ ਗੁਸੇ 'ਚ ਆਈ।

"ਨਿਕਲ ਗਈ ਤੇਰੇ ਵਕੀਲ ਦੀ ਫੂਕ...। ਪੈਸੇ ਕਰਕੇ ਘਟੀਆ ਵਕੀਲ ਕੀਤਾ? ਲੈ ਚੁੱਕ।" ਉਸ ਖਾਲੀ ਚੌਂਕਬੁੱਕ ਗੁਰੀਏ ਦੇ ਪੈਰਾਂ 'ਚ ਵਗਾਹ ਮਾਰੀ।

ਗੁਰੀਆ ਤ੍ਰਿਖਾ ਨੂੰ ਕਾਲਜ ਤੋਂ ਜਾਣਦਾ ਸੀ। ਬੜੀ ਚੱਕਵੀਂ ਕੁੜੀ ਸੀ। ਵਜੂਦ ਦੀ ਥਾਂ ਅੱਗ ਤੁਰੀ ਫਿਰਦੀ। ਪਰ ਗੁਰੀਆ ਦੂਰ ਹੀ ਰਿਹਾ। ਗੁਰੀਏ ਦੇ ਮਾਪੇ ਨਿੱਕੇ ਹੁੰਦੇ



ਹੀ ਚੱਲ ਵੱਸੇ ਸਨ। ਅਨਾਥ ਗੁਰੀਆ ਗੁੰਬੀ ਮਾਮੇ ਦੀ ਸ਼ਰਨ ਵਿਚ ਪਲਿਆ। ਡਾਲੀ ਮੰਗ ਕੇ ਢਿੱਡ ਭਰਿਆ। ਕਿਤਾਬੀ ਕੀੜਾ ਨਿਕਲਿਆ। ਇੰਜੀਨੀਅਰ ਬਣਿਆ। ਨੌਕਰੀ ਲਈ। ਸਿੱਖੀ ਦੀ ਚਿਣਗ ਕਾਇਮ ਰਹੀ।

ਰੋਜ਼ ਗੁਰਦੁਆਰਾ। ਹਰ ਛੁੱਟੀ ਸੇਵਾ ਦੇ ਲੇਖੇ। ਇਕ ਦਿਨ ਮੂੰਹ-ਹਨੇਰੇ ਪ੍ਰਕਰਮਾਂ ਵਿਚ ਉਸ ਲਾਟ ਬਲਦੀ ਦੇਖੀ। ਨੇੜੇ ਗਿਆ ਤਾਂ ਤ੍ਰਿਖਾ ਸੀ। ਗੁਰੀਆ ਹੈਰਾਨ। ਕਿੱਥੇ ਕਾਲਜ ਵਾਲੀ ਤ੍ਰਿਖਾ। ਕਿੱਥੇ ਇਹ। ਚਿੱਟੇ ਵਸਤ੍ਰ। ਨੀਲੀ ਕੇਸਕੀ। ਨੰਗੇ ਪੈਰ। ਹੱਥ ਵਿਚ ਝਾੜੂ। ਪ੍ਰਕਰਮਾਂ ਧੋ ਰਹੀ। ਗੁਰੀਏ ਝਿਜਕ ਕੇ ਹੱਥ ਜੋੜੇ।

"ਪਛਾਣਿਆ?"

"ਗੁਰਿੰਦਰ ਹੋ ਨਾ?"

"ਜੀ!"

"ਰੋਜ਼ ਆਉਂਦੇ ਹੋ?"

"ਨਹੀਂ ਛੁੱਟੀ ਦੇ ਦਿਨ।"

"ਮੈਂ ਵੀ...।"

"ਮੈਂ ਤਾਂ ਤੁਹਾਡਾ ਇਹ ਰੂਪ ਪਹਿਲੀ ਵਾਰ ਦੇਖਿਆ।"

ਤ੍ਰਿਖਾ ਲੰਮਾ ਸਾਹ ਲੈ ਅਸਮਾਨ ਵੱਲ ਹੱਥ ਚੁੱਕਿਆ।"ਸਭ ਉਹਦੇ ਹੱਥ ਐ।"

"ਇਹ ਪਹਿਲਾਂ ਤਾਂ ਨਹੀਂ ਸੀ?" ਗੁਰੀਏ ਕੇਸਕੀ ਬਾਰੇ ਕਿਹਾ।

"ਨਹੀਂ ਥੋੜ੍ਹਾ ਚਿਰ ਪਹਿਲਾਂ ਸ਼ੁਰੂ ਕੀਤੀ।"

"ਕੋਈ ਖਾਸ ਕਾਰਨ?"

ਤ੍ਰਿਖਾ ਚੁੱਪ ਹੋ ਗਈ ਅਤੇ ਸਰੋਵਰ ਦੀਆਂ ਪੌੜੀਆਂ ਤੇ ਜਾ ਬੈਠੀ।

ਗੁਰੀਏ ਨੂੰ ਲੱਗਾ, ਕੁਝ ਗ਼ਲਤ ਕਿਹਾ ਗਿਆ।

"ਮੁਆਫ਼ ਕਰਨਾ ਮੈ..."

"ਨਹੀਂ ਨਹੀਂ ਐਸੀ ਗੱਲ ਨਹੀਂ। ਸੋਚਿਆ ਗੁਰੂ ਘਰ ਬੈਠਕੇ ਝੂਠ ਕਿਉਂ ਬੋਲਾਂ। ਦਰਅਸਲ ਕਾਲਜ ਟਾਈਮ ਬੜੇ ਸੁਪਨੇ ਦੇਖੇ। ਬਾਹਰ ਆਏ ਤਾਂ ਸਭ ਠੁੱਸ। ਨਾ ਨੌਕਰੀ। ਨਾ ਪੈਸਾ। ਨਾ ਸ਼ੋਹਰਤ। ਬੜਾ ਮਨ ਟੁੱਟਿਆ। ਕਾਲਜ ਦੀਆਂ ਦੋਸਤੀਆਂ ਵੀ ਬਹੁਤਾ ਸਾਥ ਨਾ ਦਿੱਤਾ। ਮਨ ਉਦਾਸ ਰਹਿਣ ਲੱਗਾ। ਫਿਰ ਅੰਮ੍ਰਿਤ ਛਕ ਲਿਆ। ਕੇਸਕੀ ਧਾਰਨ ਕਰ ਲਈ। ਹੁਣ ਮਨ ਸ਼ਾਂਤ ਹੈ।

"ਗ੍ਰਹਿਸਤ ਤੋਂ ਛੁੱਟੀ?"

"ਕਿਉਂ? ਛੁੱਟੀ ਕਿਉਂ? ਸਿੱਖੀ ਵਿਚ ਕੋਈ ਬੰਦਿਸ਼ ਤਾਂ ਨਹੀਂ।"

"ਬੰਦਿਸ਼ ਤਾਂ ਨਹੀਂ, ਪਰ ਕਹਿੰਦੇ ਕੇਸਕੀ ਦੀ ਮਰਿਆਦਾ ਬਹੁਤ ਸਖ਼ਤ ਹੈ।"

"ਸਖ਼ਤ ਤਾਂ ਹੈ। ਪਰ ਜੇ ਮਨ ਸ਼ਾਂਤ ਹੈ ਤਾਂ ਕੁਝ ਵੀ ਔਖਾ ਨਹੀਂ।"

"ਦੇਰ ਬਾਅਦ ਮਿਲੇ, ਪਰ ਖ਼ੁਸ਼ੀ ਹੋਈ।"

"ਮੈਨੂੰ ਵੀ...।"

ਫਤਿਹ ਬੁਲਾਅ ਦੋਵੇਂ ਵੱਖ ਤਾਂ ਹੋ ਗਏ; ਪਰ ਇਕ ਦੂਜੇ ਦੇ ਦਿਲ ਵਿਚ ਬੈਠ ਗਏ। ਨਾ ਚਾਹੁੰਦੇ ਵੀ ਛੁੱਟੀ ਦੇ ਦਿਨ ਇਕ ਦੂਜੇ ਨੂੰ ਸ਼ਿੱਦਤ ਨਾਲ ਉਡੀਕਦੇ। ਸੇਵਾ ਦੇ ਪੰਜ ਸਰੋਵਰ ਦੀਆਂ ਪੌੜੀਆਂ ਤੇ ਜਾ ਬੈਠਦੇ। ਡਲਕਦੇ ਪਾਣੀ ਵਿਚ ਇਕ ਦੂਜੇ ਦੇ ਪਲ-ਪਲ ਖੰਡਿਤ ਹੁੰਦੇ ਨਕਸ਼ ਪਕੜਦੇ। ਹਉਕੇ ਭਰਦੇ ਅਤੇ ਵਿਛੜ ਜਾਂਦੇ।

ਗੁਰੀਏ ਨੂੰ ਪਤਾ ਲੱਗਾ, ਤ੍ਰਿਖਾ ਰਾਵਲਪਿੰਡੀ ਜਵੈਲਰਜ਼ ਵਾਲਿਆਂ ਦੀ ਲਾਡਲੀ ਸੀ। ਕਾਲਜ ਟਾਈਮ ਕੁਝ ਥਿੜਕੀ, ਫਿਰ ਸੰਭਲ ਗਈ। ਕਾਲਜ ਤੋਂ ਬਾਦ ਮਨ ਉਦਾਸ ਰਹਿਣ ਲੱਗਾ ਤਾਂ ਮਨ ਦੀ ਸ਼ਾਂਤੀ ਲਈ ਬ੍ਰਹਮਕੁਮਾਰੀਆਂ ਨੂੰ ਮਿਲੀ। ਪ੍ਰਭਾਵਿਤ ਹੋਈ। ਪਤਾ ਲੱਗਾ, ਬ੍ਰਹਮਕੁਮਾਰੀ ਜੀਵਨ ਵਿਚ ਬਹੁਤ ਕੁਝ ਵਰਜਤ ਸੀ। ਪਿੱਛੇ ਹਟ ਗਈ। ਘਰ ਵਿਚ ਸਿੱਖੀ ਦਾ ਬੋਲਬਾਲਾ ਸੀ। ਇਕ ਦਿਨ ਪਿਤਾ ਜੀ ਦੇ ਵਾਕਿਫ਼, ਇਕ ਮਹਾਤਮਾ ਘਰ ਆਏ। ਮਕ਼ੂਰ ਉਮਰ। ਤੇਜੱਸਵੀ ਚਿਹਰਾ। ਤ੍ਰਿਖਾ ਨੂੰ ਕੋਲ ਬਿਠਾਇਆ। ਬਚਨ ਕੀਤਾ। ਚੌਕੜਾ ਮਾਰ। ਅੰਤਰ-ਧਿਆਨ ਹੋ। ਜਿਵੇਂ ਹੀ ਸੰਤਾਂ ਤ੍ਰਿਖਾ ਦੇ ਮੱਥੇ 'ਤੇ ਹੱਥ ਰਖਿਆ। ਅੰਦਰ ਝਰਨਾਹਟ ਛਿੜੀ। ਤ੍ਰਿਖਾ ਦੀ ਕਾਇਆ ਹੀ ਪਲਟ ਗਈ। ਤ੍ਰਿਖਾ ਖੁਸ਼। ਮਾਪੇ ਖੁਸ਼। ਸੰਤਾਂ ਕਿਸੇ ਵੱਡੀ ਕੰਪਨੀ ਦੇ ਮਾਲਕ ਨੂੰ ਫੋਨ ਕੀਤਾ। ਉੱਤਰ ਮਿਲਿਆ। ਅੱਜ ਤੋਂ ਤ੍ਰਿਖਾ ਦੀ ਨੌਕਰੀ ਪੱਕੀ।

ਸੇਵਾ ਦੇ ਪੰਜ ਫਿਰ ਵੀ ਮਿਲਦੇ। ਗੱਲਾਂ ਕਰਦੇ। ਹਉਕੇ ਭਰਦੇ। ਇਕ ਦੂਜੇ ਦੇ ਅੰਦਰ ਝਾਕਦੇ। ਤ੍ਰਿਖਾ ਸਿਮਰਨਾਂ ਫੇਰੀ ਜਾਂਦੀ। ਗੁਰੀਆ ਵਾਹਿਗੁਰੂ ਉਚਰੀ ਜਾਂਦਾ। ਦਿਲ ਦੀ ਗੱਲ ਹਰ ਵੇਰ ਅੱਗੇ ਪੈ ਜਾਂਦੀ।

ਫਿਰ ਅਚਾਨਕ ਤ੍ਰਿਖਾ ਕਈ ਦਿਨ ਗੁਰਦੁਆਰੇ ਨਾ ਆਈ। ਗੁਰੀਏ ਨੂੰ ਫ਼ਿਕਰ ਹੋਇਆ। ਪਤਾ ਲੱਗਾ, ਸੰਤਾਂ ਨੇ ਆਪਣੇ ਕਿਸੇ ਸੇਵਕ ਨਾਲ ਉਸਦਾ ਰਿਸ਼ਤਾ ਤਹਿ ਕਰ ਦਿੱਤਾ।

ਮਿਲੀ ਤਾਂ ਤ੍ਰਿਖਾ ਅੰਬਰਾਂ ਵਿਚ ਸੀ। ਉਸ ਹੁੱਬ ਕੇ ਦੱਸਿਆ।

"ਦੇਖੋ ਰੱਬ ਦੀ ਮਿਹਰ! ਜਿਵੇਂ ਦਾ ਚਾਹਿਆ, ਤਿਵੇਂ ਦਾ ਮਿਲਿਆ। ਉਮਰ ਵਿਚ ਮੈਥੋਂ ਸਾਲ ਵੱਡਾ। ਦਸ ਘੋੜੇ। ਜਾਣੀ ਵੱਡੇ ਟਰੱਕ। ਟਰੈਵਲ ਏਜੰਸੀ। ਦੁਬਈ ਤੱਕ ਕਾਰੋਬਾਰ। ਕੱਲਾ-ਕਾਰਾ। ਅੰਨ੍ਹਾਂ ਪੈਸਾ। ਚੱਲੋ, ਤੁਸੀਂ ਦੱਸੋ। ਤੁਸੀਂ ਆਪਣੇ ਬਾਰੇ ਕੀ ਸੋਚਿਆ?"

ਇਕ ਪਲ ਗੁਰੀਏ ਨੂੰ ਕੋਈ ਗੱਲ ਹੀ ਨਾ ਅਹੁੜੀ। ਕੰਨਾਂ ਵਿਚ ਸਿਰਫ਼ ਸਾਂ-ਸਾਂ ਹੋਈ। ਫਿਰ ਲੰਮਾ ਹਉਕਾ ਲਿਆ ਤੇ ਕਿਹਾ।

"ਤੈਨੂੰ ਮਿਲਣ ਤੋਂ ਬਾਦ ਤਾਂ ਕੁਝ ਸੋਚਿਆ ਹੀ ਨਹੀਂ ਸੀ। ਹੁਣ ਦੇਖੋ ਕੀ ਬਣਦੈ।" ਗੁਰੀਏ ਨੂੰ ਲੱਗਾ, ਉਹ ਰੋ ਪਵੇਗਾ।

"ਠੀਕ ਹੈ, ਦੁਬਾਰਾ ਮਿਲੇ ਤਾਂ ਦੱਸਣਾ।" ਤ੍ਰਿਖਾ ਨੇ ਇਤਨੀ ਬੇ-ਪ੍ਰਵਾਹੀ ਨਾਲ



ਕਿਹਾ, ਗੁਰੀਏ ਦਾ ਦਿਲ ਬੁਝ ਗਿਆ।

ਥੋੜ੍ਹੇ ਦਿਨਾਂ ਬਾਦ ਮਿਲੇ ਤਾਂ ਤ੍ਰਿਖਾ ਕੋਲ ਆਪਣੇ ਬਾਰੇ ਦੱਸਣ ਕਈ ਕਿੱਸੇ ਸਨ। ਗੁਰੀਏ ਨੂੰ ਸਿਰਫ਼ ਇਤਨਾਂ ਪੁੱਛਿਆ।

"ਹਾਂ ਜੀ! ਕੀ ਬਣਿਆ?"

ਗੁਰੀਏ ਕੋਲ ਦੱਸਣ ਲਈ ਕੁਝ ਵੀ ਨਹੀਂ ਸੀ। ਫਿਰ ਵੀ ਉਸ ਕਿਹਾ।

"ਪਿਛਲੇ ਹਫ਼ਤੇ ਲੰਗਰ ਦੀ ਰਸਦ ਲੈ ਕੇ ਦਿੱਲੀ ਗਿਆ। ਸੰਗਤ ਨਾਲ। ਚੁਰਾਸੀ ਵਾਲੇ ਦੰਗਿਆਂ ਦੇ ਕੈਂਪ ਵਿਚ। ਦੱਸ ਨਹੀਂ ਸਕਦਾ, ਦਿਲ ਪੱਛਿਆ ਗਿਆ। ਸੋਚਿਆ, ਇਹ ਜ਼ਖ਼ਮ ਦਾਲ ਆਟੇ ਨਾਲ ਤਾਂ ਨਹੀਂ ਭਰਨੇ। ਕੋਈ ਵੱਡੀ ਸੇਵਾ ਕੀਤੀ ਜਾਏ।"

"ਕੀ?"

ਲੰਮੀ ਚੁੱਪ ਤੋਂ ਬਾਦ ਕਿਹਾ।

"ਸੋਚਦਾਂ ਕਿਸੇ ਦੰਗਾ ਪੀੜਤ ਕੁੜੀ ਨਾਲ ਵਿਆਹ ਕਰਾ ਕੇ ਜ਼ਖ਼ਮ ਭਰਾਂ।"

"ਸੱਚ?"

"ਕਿਉਂ, ਠੀਕ ਨਹੀਂ?"

"ਠੀਕ ਨਹੀਂ ਕਮਾਲ! ਮੈਂ ਤਾਂ ਐਸਾ ਸੋਚ ਵੀ ਨਹੀਂ ਸਕਦੀ। ਗੁਰੀ ਜੀ, ਯੂਅਰ ਗ੍ਰੇਟ।" ਤ੍ਰਿਖਾ ਹੈਰਾਨ ਰਹਿ ਗਈ।

ਗੁਰੀਏ ਆਖ ਤਾਂ ਦਿੱਤਾ, ਅੰਦਰੇ-ਅੰਦਰ ਕੰਬਿਆ ਵੀ। ਹੁਣੇ ਮਨ ਵਿਚ ਆਈ ਅਤੇ ਆਖ ਦਿੱਤਾ।

ਇਹ ਗੱਲ ਗੁਰੀਏ ਤੇ ਤ੍ਰਿਖਾ ਵਿਚ ਹੋਈ। ਮਹਿਜ਼ ਇਕ ਇੱਛਾ ਵਜੋਂ। ਪਤਾ ਨਹੀਂ ਕਿਥੋਂ ਬਾਹਰ ਨਿਕਲੀ; ਸ਼ਾਮ ਤੱਕ ਪ੍ਰਸੰਸਾ ਦੇ ਕਈ ਫੋਨ ਆ ਗਏ। ਸ਼ਹਿਰ ਦੀਆਂ ਕਈ ਸਿਖ ਸੰਸਥਾਵਾਂ ਵਿੱਚ ਗੁਰੀਆ ਇਕ ਸੇਵਾਦਾਰ ਵਜੋਂ ਜਾਣਿਆ ਜਾਂਦਾ ਸੀ। ਇਸ ਲਈ ਗੱਲ ਪ੍ਰਸੰਸਾ ਦੇ ਖੰਭਾਂ ਨਾਲ ਐਸੀ ਉੱਡੀ, ਪਤਾ ਹੀ ਨਾ ਲੱਗਾ ਕਦੋਂ ਅਖ਼ਬਾਰ ਦੀ ਸੁਰਖ਼ੀ 'ਚ ਜਾ ਕੇ ਬੈਠ ਗਈ। ਗੁਰੀਆ ਉਦਾਸ ਹੋ ਗਿਆ। ਉਹਨੂੰ ਲੱਗਾ, ਹਾਸੇ ਦਾ ਮਜ਼ਾਸਾ ਹੋ ਗਿਆ ਸੀ। ਇਸ ਤੋਂ ਪਹਿਲਾਂ ਕਿ ਗੁਰੀਆ ਵਾਪਿਸ ਮੁੜਦਾ; ਵੱਡੇ ਗੁਰਦੁਆਰੇ ਸਿਰੋਪਾ ਦੇ ਕੇ ਸਨਮਾਨ ਦਿੱਤਾ।

ਗੁਰੀਏ ਨੂੰ ਮਨ ਹੀ ਮਨ ਪਛਤਾਵਾ ਹੋਇਆ। ਬਿਨਾਂ ਸੋਚੇ ਕਿਉਂ ਮੂੰਹੋਂ ਕੱਢਿਆ। ਜਿੱਥੇ ਵੀ ਖੜ੍ਹਦਾ ਲੋਕ ਤਾਰੀਫ਼ ਕਰਨ ਲੱਗਦੇ। ਮਨ ਦੁਬਿਧਾ ਵਿਚ ਘਿਰ ਜਾਂਦਾ। ਉਹ ਹੋਰ ਉਦਾਸ ਹੋਇਆ ਜਦੋਂ ਲੋਕ ਮੱਤਾਂ ਦੇਣ ਲੱਗੇ।

"ਸਿੱਖੀ ਆਪਣੇ ਥਾਂ ਭਾਈ! ਵਿਆਹ ਸ਼ਾਦੀ ਆਪਣੇ ਥਾਂ। ਭਲਿਆ ਲੋਕਾ, ਕੱਲਾ-ਕਾਰਾ ਤੂੰ ਬੰਦਾ। ਬੇਦਾਗ਼। ਆਪਣੇ ਪੈਰੀਂ ਖੜੋਤਾ। ਤੇਰੀ ਕਿਉਂ ਮਾਰੀ ਗਈ ਮੱਤ। ਦੰਗਿਆਂ ਦੀ ਗਾਰ 'ਚ ਜਾ ਡਿੱਗਾ। ਹੋਸ਼ ਕਰ ਭਾਈ।"

ਗੁਰੀਆ ਦੁਬਿਧਾ ਵਿਚ ਫਸ ਗਿਆ। ਤਦ ਤੱਕ ਸੰਸਥਾਵਾਂ ਇਤਨਾਂ ਉਛਾਲ

ਦਿਤਾ; ਵਾਪਸੀ ਬੁੱਕ ਕੇ ਚੱਟਣ ਤੁੱਲ ਹੋ ਗਈ। ਦਿਨਾਂ ਵਿਚ ਹੀ ਵੱਡੇ ਗੁਰਦੁਆਰੇ ਕਮੇਟੀ ਬਣੀ। ਦਿੱਲੀ ਕੈਂਪ-ਕਮੇਟੀ ਨਾਲ ਗੱਲਬਾਤ ਤਹਿ ਹੋਈ ਅਤੇ ਪੰਜ ਸਿੱਖਾਂ ਦਾ ਜੱਥਾ ਗੁਰੀਆ ਵਿਆਹੁਣ ਤੁਰਿਆ।

ਸਭ ਦਾ ਗੁਣਾ ਰਮੀ ਤੇ ਪਿਆ। ਐਮ.ਏ. ਤੱਕ ਪੜ੍ਹੀ। ਸੋਹਣੀ ਸੁਨੱਖੀ। ਲੋੜਵੰਦ। ਰਮੀ ਜਮਨਾ ਪਾਰ ਤ੍ਰਲੋਕਪੁਰੀ ਦੇ ਉਸ ਇਲਾਕੇ ਦੀ ਪੀੜਤ ਸੀ; ਜਿੱਥੇ ਸਭ ਤੋਂ ਵੱਧ ਘਾਣ ਹੋਇਆ। ਬਹੁਤਾ ਇਲਾਕਾ ਗਰੀਬ ਸਿੱਖਾਂ ਦਾ ਸੀ। ਰਮੀ ਦਾ ਪਿਤਾ ਘਰ ਵਿਚ ਹੀ ਲੱਕੜੀ ਖਰਾਦਣ ਦਾ ਕੰਮ ਕਰਦਾ। ਰਮੀ ਨੂੰ ਉਸ ਪੁੱਤਾਂ ਵਾਂਗ ਪਾਲਿਆ। ਉਹਦੀ ਇੱਛਾ ਸੀ, ਪੜ੍ਹ ਲਿਖ ਕੇ ਧੀ ਅਫ਼ਸਰ ਬਣੇ। ਢਿੱਡ ਵੱਢ ਕੇ ਐਮ.ਏ. ਅੰਗਰੇਜ਼ੀ ਕਰਵਾਈ। ਇਹ ਤਾਂ ਸ਼ੁਕਰ ਦੰਗਿਆਂ ਵੇਲੇ ਰਮੀ ਕਿਸੇ ਸਹੇਲੀ ਦੇ ਘਰ ਸੀ। ਇਸ ਲਈ ਬਚ ਗਈ। ਪਰਤੀ ਤਾਂ ਮਾਂ ਪਿਉ ਦੇ ਪਿੰਜਰ ਵੀ ਨਹੀਂ ਸਨ।...

ਰਮੀ ਤਬਾਹ ਹੋ ਗਈ। ਫਿਰ ਭਟਕਣ ਦਾ ਸਿਲਸਲਾ। ਆਖਿਰ ਕੈਂਪ ਤੋਂ ਸਹਾਰਾ ਮਿਲਿਆ। ਤਾਲੀਮ ਦੇਖ ਪ੍ਰਬੰਧਕਾਂ ਕੈਂਪ ਦੇ ਕਾਲ-ਸੈਂਟਰ ਵਿਚ ਹੀ ਕੰਮ ਦੇ ਦਿੱਤਾ। ਦੁਵੱਲੀ ਪੁਣਛਾਣ ਹੋਈ। ਰਜ਼ਾਮੰਦੀ ਹੋਈ ਤਾਂ ਵਿਆਹ ਦਾ ਸਬੱਬ ਬਣਿਆ।...

ਰਮੀ ਕੈਂਪ ਤੋਂ ਸ਼ਗਨਾਂ ਨਾਲ ਵਿਦਾਅ ਹੋਈ। ਸ਼ਗਨਾਂ ਨਾਲ ਹੀ ਗ੍ਰਹਿ ਪ੍ਰਵੇਸ਼ ਹੋਇਆ। ਕੋਈ ਆਪਣਾ ਨਹੀਂ ਸੀ, ਸਭ ਰਸਮਾਂ ਸੰਗਤ ਨੇ ਹੀ ਨਿਭਾਈਆਂ।

ਸ਼ਾਮ ਹੋਈ। ਸਭ ਚਲੇ ਗਏ ਤਾਂ ਗੁਰੀਏ ਕਿਹਾ।

"ਅੱਜ ਤੋਂ ਬਾਦ ਪਿਛਲਾ ਖ਼ਤਮ...ਨਵਾਂ ਜੀਵਨ ਸ਼ੁਰੂ।"

ਰਮੀ ਦਾ ਰੋਣ ਨਿਕਲ ਆਇਆ। ਕੈਸਾ ਆਦਮੀ ਸੀ। ਕਿਤਨੀ ਅਸਾਨੀ ਨਾਲ ਆਖ ਦਿੱਤਾ; ਪਿਛਲਾ ਖ਼ਤਮ। ਦੋ ਲਫ਼ਜ਼ ਕਹੇ ਤੇ ਖ਼ਤਮ। ਸੈਂਕੜੇ ਲੋਕ, ਘਰ, ਤਬਾਹ ਹੋ ਗਏ। ਬੱਚੇ ਯਤੀਮ ਤੇ ਔਰਤਾਂ ਵਿਧਵਾ। ਰਮੀ ਨੂੰ ਲੱਗਾ, ਉਸਦਾ ਪਤੀ ਸੰਵੇਦਨਸ਼ੀਲ ਨਹੀਂ ਸੀ। ਇਤਨੇ ਭਿਆਨਕ ਹਾਦਸੇ ਨੂੰ ਸਧਾਰਨ ਅੱਖ ਨਾਲ ਦੇਖ ਰਿਹਾ ਸੀ। ਫਿਰ ਇਹ ਸੋਚ ਹਉਕਾ ਲਿਆ, ਸ਼ਾਇਦ ਦੰਗਿਆਂ ਦੀ ਭਿਆਨਕਤਾ ਇਹਦੇ ਅਨੁਭਵ ਦਾ ਹਿੱਸਾ ਨਹੀਂ ਸੀ; ਇਸ ਲਈ ਉਸਦੀ ਪੀੜਾ ਨੂੰ ਨਹੀਂ ਸੀ ਸਮਝ ਰਿਹਾ। ਉਸ ਉਹਦੇ ਮਨ ਨੂੰ ਪੜ੍ਹਨ ਦੀ ਇੱਛਾ ਨਾਲ ਪੁੱਛਿਆ।

"ਮੈਂ ਬਰਬਾਦ ਹੋ ਗਈ। ਮੇਰਾ ਕੋਈ ਨਹੀਂ। ਮੈਂ ਬੇਬਸੀ ਅਤੇ ਲਾਚਾਰੀ ਵਿਚ ਵਿਆਹ ਦਾ ਫ਼ੈਸਲਾ ਕੀਤਾ। ਕਿਉਂਕਿ ਹੋਰ ਕੋਈ ਚਾਰਾ ਹੀ ਨਹੀਂ ਸੀ। ਤੁਸੀਂ ਮੇਰੇ ਜਿਹੀ ਅਨਾਥ ਨਾਲ ਕਿਉਂ ਵਿਆਹ ਕਰਵਾਇਆ?"

"ਮਹਿਜ਼ ਸੇਵਾ...।"

"ਕਿਸ ਚੀਜ਼ ਦੀ?"

"ਸਿੱਖੀ ਦੀ..."

"ਸੇਵਾ ਜਾਂ ਅਹਿਸਾਨ ਬਦਲੇ ਪ੍ਰਸਿੱਧੀ?"



ਗੁਰੀਏ ਤ੍ਰਭਕ ਕੇ ਰਮੀ ਵੱਲ ਦੇਖਿਆ ਅਤੇ ਕਿਹਾ।

"ਕੋਈ ਅਹਿਸਾਨ ਨਹੀਂ। ਮਹਿਜ਼ ਸੇਵਾ।"

"ਕਲ੍ਹ ਨੂੰ ਕਹੋਗੇ ਅਨਾਥ ਕੁੜੀ। ਦਾਜ ਦੀ ਕੌਡੀ ਨਹੀਂ। ਦੇਖੋ... ਮੇਰਾ ਤਿਆਗ ਤੇ ਕੁਰਬਾਨੀ।"

"ਸਵਾਲ ਹੀ ਪੈਦਾ ਨਹੀਂ ਹੁੰਦਾ। ਗੁਰੂ ਸਾਮ੍ਹਣੇ ਲਏ ਫੇਰੇ। ਮੇਲ ਵਾਹਿਗੁਰੂ ਕਰਵਾਇਆ। ਤਿਆਗ ਕਿਥੋਂ ਆ ਗਿਆ?"

"ਠੀਕ ਹੈ। ਤੁਹਾਨੂੰ ਪਤੈ ਮੈਂ ਪੜ੍ਹੀ ਲਿਖੀ ਹਾਂ। ਮੈਂ ਵੀ ਕੰਮ ਕਰਾਂਗੀ, ਇਕ ਤਾਂ ਬਰਾਬਰ ਮਦਦ ਕਰਾਂ। ਦੂਜਾ ਬੀਤੇ ਨੂੰ ਭੁੱਲ ਸਕਾਂ।"

"ਕੰਮ ਬਾਦ ਵਿਚ। ਪਹਿਲਾਂ ਘਰ ਸੰਭਾਲ ਤੇ ਨਵੇਂ ਜੀਵਨ ਦੀ ਸ਼ੁਰੂਆਤ ਕਰੀਏ।"

ਰਮੀ ਅਟੈਚੀ ਅਤੇ ਮਨ ਅੰਦਰ ਲੈ ਕੇ ਗਈ। ਪੂਰਾ ਘਰ ਨਿਹਾਰਿਆ। ਇਸਤਰੀ ਦੀ ਅਣਹੋਂਦ ਕਾਰਨ ਹਰ ਜਗ੍ਹਾ ਬੇਤਰਤੀਬੀ ਦਾ ਆਲਮ ਸੀ। ਸੋਚਿਆ, ਸਵੇਰੇ ਪਤੀ ਨੂੰ ਉਸਦੀ ਦਿਨਚਰਿਆ ਪੁੱਛੇਗੀ ਅਤੇ ਘਰ ਦੀ ਤਰਤੀਬ ਲਈ ਸਮਾਂ ਵਿਉਂਤੇਗੀ। ਰੋਟੀ-ਟੁਕ ਤੋਂ ਬਾਦ ਰਮੀ ਬਿਸਤਰ ਵੱਲ ਆਈ ਤਾਂ ਗੁਰੀਆ ਉਡੀਕ ਰਿਹਾ ਸੀ। ਜਿਵੇਂ ਹੀ ਰਮੀਂ ਘਰੇਲੂ ਪਹਿਰਾਵੇ ਦੇ ਸਾਦੇ ਲੀੜਿਆਂ ਵਿਚ ਸਾਮ੍ਹਣੇ ਆਈ ਤਾਂ ਗੁਰੀਆ ਦੇਖਦਾ ਹੀ ਰਹਿ ਗਿਆ। ਰਮੀ ਨੂੰ ਲੱਗਾ, ਗੁਰੀਆ ਉਸਦੇ ਡੁੱਲ੍ਹਦੇ ਜੋਬਨ ਨੂੰ ਦੇਖ ਰਿਹਾ ਸੀ। ਉਹ ਸ਼ਰਮਾਈ। ਇਸ ਤੋਂ ਪਹਿਲਾਂ ਕਿ ਉਹ ਪਿੰਡੇ ਨੂੰ ਕੱਜਣ ਦੀ ਕੋਸ਼ਿਸ਼ ਕਰਦੀ। ਗੁਰੀਏ ਹੈਰਾਨੀ 'ਚ ਕਿਹਾ।

"ਤੇਰੀ ਕਿਰਪਾਨ? ਤੂੰ ਅੰਮ੍ਰਿਤ ਨਹੀਂ ਛਕਿਆ?"

"ਨਹੀਂ।" ਰਮੀਂ ਹੈਰਾਨ ਹੋਈ। ਅੰਮ੍ਰਿਤ ਬਾਰੇ ਕਿਉਂ ਪੁੱਛਿਆ।

"ਹੈਂ। ਸੱਚ?"

"ਹਾਂ!"

"ਮਾਂ ਪਿਉ ਵੀ ਨਹੀਂ?"

"ਨਹੀਂ।"

"ਫਿਰ ਮਾਰੇ ਕਿਉਂ ਗਏ?"

"ਉਨ੍ਹਾਂ ਪੁੱਛ ਕੇ ਮਾਰਿਆ ਅੰਮ੍ਰਿਤ ਛਕਿਆ ਕਿ ਨਹੀਂ। ਸਿਧਾ ਟਾਰਗਟ ਸੀ; ਦਾੜ੍ਹੀ ਕੇਸ ਤੇ ਪੱਗ। ਦੂਜਾ ਗ਼ਰੀਬ। ਕੈਂਠੀਆਂ ਵਾਲਾ ਮਰਿਆ ਕੋਈ। ਜਾਂ ਕੋਈ ਘਰ ਤੋਂ ਬਾਹਰ ਮਿਲਿਆ ਉਹ ਮਰਿਆ...।" ਉਹਦਾ ਰੋਣ ਨਿਕਲਿਆ।

ਰਮੀ ਦੇ ਧੁਰ ਅੰਦਰਲੇ ਜ਼ਖ਼ਮ ਛਿੱਲੇ ਗਏ।

"ਫਿਰ ਤੂੰ ਕਿਵੇਂ ਬਚ ਗਈ?" ਗੁਰੀਆ ਤਲਖ਼ ਸੀ।

"ਘਰੋਂ ਬਾਹਰ ਸੀ, ਸਹੇਲੀ ਦੇ ਘਰ।"

ਗੁਰੀਆ ਸੋਚੀਂ ਪੈ ਗਿਆ। ਕਿਤਨੀ ਭੁੱਲ ਹੋਈ। ਉਹ ਕਮਰੇ ਤੋਂ ਬਾਹਰ ਲਾਅਨ ਵਿਚ ਟਹਿਲਣ ਲੱਗਾ। ਰਮੀ ਨੂੰ ਲੱਗਾ ਇਤਨੇ ਕੱਟੜ ਆਦਮੀ ਨਾਲ ਸ਼ਾਦੀ ਕਰਕੇ ਭੁੱਲ ਕੀਤੀ। ਕੈਸਾ ਆਦਮੀ ਸੀ ? ਜਿਸਨੂੰ ਪੀੜਾ ਤੋਂ ਵੱਧ ਧਰਮ ਦਿੱਸ ਰਿਹਾ ਸੀ। ਹਿੰਮਤ ਕਰਕੇ ਬਾਹਰ ਗਈ। ਪੁੱਛਿਆ।

"ਬਾਹਰ ਕਿਉਂ ਆ ਗਏ ?"

ਇਹ ਹਿਸਾਬ ਤਾਂ ਧੋਖਾ ਹੋ ਗਿਆ। ਉਹ ਕਹਿੰਦਾ-ਕਹਿੰਦਾ ਰੁਕਿਆ ਅਤੇ ਹਉਕਾ ਲੈਂਦੇ ਕਿਹਾ। "ਮੈਂ ਤਾਂ ਤੈਨੂੰ ਸਿੱਖ ਕੁੜੀ ਸਮਝਿਆ।"

ਕੁਝ ਪਲ, ਰਾਤ ਅਤੇ ਚੁੱਪ ਦੋਹਾਂ ਦੁਆਲੇ ਤਣ ਗਏ। ਰਮੀ ਸਿਸਕੀ।

"ਵੈਸੇ ਤੁਸੀਂ ਕਿਸੇ ਪੀੜਤ ਕੁੜੀ ਨਾਲ ਸ਼ਾਦੀ ਕੀਤੀ ਜਾਂ ਸਿੱਖ ਕੁੜੀ ਨਾਲ ?"

"ਦੋਹਾਂ ਨਾਲ...।"

"ਪਰ ਕਮੇਟੀ ਨੂੰ ਜੋ ਤੁਸੀਂ ਪੱਤਰ ਲਿਖਿਆ। ਮੈਂ ਖ਼ੁਦ ਪੜ੍ਹਿਆ। ਉਸ ਵਿਚ ਸਿਰਫ਼ ਕਿਸੇ ਦੰਗਾ ਪੀੜਤ ਪੜ੍ਹੀ ਲਿਖੀ ਲੋੜਵੰਦ ਕੰਨਿਆਂ ਦੀ ਮੰਗ ਸੀ। ਅੰਮ੍ਰਿਤਪਾਨ ਵਾਲੀ ਸ਼ਰਤ ਬਿਲਕੁਲ ਨਹੀਂ ਸੀ।"

ਗੁਰੀਏ ਨੂੰ ਬੱਜਰ ਭੁੱਲ ਦਾ ਅਹਿਸਾਸ ਹੋਇਆ। ਉਹਦਾ ਹਿਰਦਾ ਕੰਬਿਆ। ਵਿਆਹ ਕੋਰਟ ਵਿਚ ਹੋਇਆ। ਅਨੰਦ ਕਾਰਜ ਗੁਰਦੁਆਰੇ। ਇਸ ਹਿਸਾਬ ਤਾਂ ਇੱਟ ਪੱਕੀ ਲੱਗ ਚੁੱਕੀ ਸੀ। ਗੁਰੀਏ ਦੇ ਧੁਰ ਅੰਦਰ ਪਛਤਾਵੇ ਦੀ ਕੋਈ ਚੀਸ ਉੱਠੀ।

"ਦੇਖੋ ਜੀ। ਹਾਲੇ ਕੁਝ ਨਹੀਂ ਵਿਗੜਿਆ। ਮੈਂ ਤੁਹਾਡੇ ਲਾਇਕ ਨਹੀਂ ਤਾਂ ਗੱਲ ਇੱਥੇ ਹੀ ਖ਼ਤਮ।" ਰਮੀ ਦੂਰ ਜਾ ਖੜ੍ਹੀ।

ਗੁਰੀਆ ਸੋਚਾਂ ਵਿਚ ਘਿਰ ਗਿਆ। ਕਿਸ ਮੁੱਦੇ 'ਤੇ ਕਿੰਤੂ ਕਰ ਬੈਠਾ। ਗੱਲ ਬਾਹਰ ਨਿਕਲੀ ਤਾਂ ਸ਼ਹਿਰ ਵਿਚ ਜਿਤਨੀ ਵਾਹ-ਵਾਹ ਹੋਈ; ਸਭ ਗਈ। ਲੋਕ ਕਹਿਣਗੇ ਮੂਰਖਾ, ਸਿੱਖੀ ਵਿਚ ਇਹੀ ਤਾਂ ਵਡਿਆਈ ਹੈ। ਭੁੱਲੇ ਭਟਕੇ ਵੀ ਗੁਰੂ ਵਾਲੇ ਬਣ ਸਕਦੇ ਹਨ। ਸਵੇਰੇ ਗੁਰੂ ਦੇ ਚਰਨੀ ਲਾਉਣਾ ਸੋਚ ਗੁਰੀਆ ਬਰਾਮਦੇ ਵਿਚ ਹੀ ਸੌਂ ਗਿਆ।

ਸਵੇਰ ਹੋਈ ਤਾਂ ਰਮੀ ਜਾਣ ਲਈ ਖੜ੍ਹੀ ਸੀ।

"ਵਾਪਸ ਜਾ ਰਹੀ ਹਾਂ ਮੈਂ।"

"ਚਾਹ ਪੀਤੀ ?"

ਰਮੀਂ ਚੁੱਪ ਸੀ। ਤਣਾਓ ਨਾਲ ਭਰੀ।

"ਤੂੰ ਚਾਹ ਬਣਾ, ਇਸ਼ਨਾਨ ਕਰ, ਤੇ ਅੰਮ੍ਰਿਤ ਦੀ ਦਾਤ ਝੋਲੀ ਪੁਆ।"

"ਕਿਵੇਂ ?"

"ਹੁਣੇ ਚੱਲਦੇ ਹਾਂ ਗੁਰਦੁਆਰੇ।"

"ਇਹ ਸ਼ਰਤ ਹੈ ?"

"ਹਾਂ।"



"ਮੇਰੀ ਨਾਂਹ ਹੈ।"

"ਕਿਉਂ ?"

"ਸ਼ਰਤਾਂ ਵਾਲੇ ਰਿਸ਼ਤੇ ਨਿਭਦੇ ਨਹੀਂ।"

"ਕਿਉਂ ?"

"ਸ਼ਰਤ ਖ਼ਤਮ। ਰਿਸ਼ਤਾ ਖ਼ਤਮ।"

"ਮੇਰੇ ਲਈ ਮਰਿਆਦਾ ਅਹਿਮ ਹੈ।"

"ਮੇਰੇ ਲਈ ਮਰਿਆਦਾ ਤੋਂ ਪਹਿਲਾਂ ਸ਼ਰਧਾ ਅਤੇ ਸਤਿਕਾਰ ਜ਼ਰੂਰੀ ਹੈ। ਤੂੰ ਸਿੱਖੀ ਨੂੰ ਪਿਆਰ ਨਹੀਂ ਕਰਦੀ ?"

ਰਮੀ ਕੁਝ ਨਾ ਬੋਲੀ ਤਾਂ ਗੁਰੀਆ ਕੁਝ ਤਲਖ਼ ਹੋਇਆ।

"ਪਿਆਰ ਨਹੀਂ ਕਰਦੀ ਤਾਂ ਕੈਂਪ 'ਚ ਕਿਉਂ ਗਈ ? "

"ਕਿਉਂ ਗਈ ? ਘਰ ਸੜ ਗਿਆ। ਟੱਬਰ ਮਰ ਗਿਆ। ਸੜਕ ਤੇ ਆ ਗਈ। ਕੈਂਪ ਨੇ ਕੋਈ ਸ਼ਰਤ ਨਹੀਂ ਰੱਖੀ। ਕਿਹਾ, ਜੋ ਬਰਬਾਦ ਹੋ ਗਿਆ, ਆਓ... ਤਾਂ ਗਈ।"

"ਇਹੀ ਤਾਂ ਕਹਿ ਰਿਹਾਂ ਮੈਂ... ਵਾਜਾਂ ਮਾਰਦੀ ਐ ਸਿੱਖੀ। ਕੋਈ ਆਓ ਤੇ ਗੁਰੂ ਵਾਲੇ ਬਣੋ। ਤੂੰ ਵੀ ਪਿਛਲੀ ਭੁੱਲ ਬਖ਼ਸ਼ਾਅ ਤੇ ਗੁਰੂ ਵਾਲੀ ਬਣ।"

ਰਮੀ ਨੂੰ ਲੱਗਾ, ਜਿਉਣ ਲਈ 'ਜੈਸਾ ਦੇਸ, ਵੈਸਾ ਭੇਸ' ਹੀ ਬਿਹਤਰ ਸੀ। ਵਾਪਸ ਜਾ ਕੇ ਕੀ ਕਰਾਂਗੀ ? ਨਾ ਘਰ, ਨਾ ਕੋਈ ਸਾਕ ਸੰਬੰਧੀ। ਕੀ ਪਤਾ, ਨਵੇਂ ਸਾਥ ਵਿਚ ਉਹ ਪਿਛਲਾ ਸਚਮੁਚ ਹੀ ਭੁੱਲ ਜਾਵੇ।

"ਠੀਕ ਹੈ। ਮੈਂ ਸਹਿਮਤ ਹਾਂ।" ਰਮੀ ਅੰਦਰ ਗਈ। ਸੂਟਕੇਸ ਅਤੇ ਮਨ ਦੁਬਾਰਾ ਟਿਕਾਇਆ। ਨਾਸ਼ਤਾ ਬਣਾਇਆ। ਇਸ਼ਨਾਨ ਕੀਤਾ। ਕੀਰਤਨ ਸੁਣਿਆ। ਦੇਗ ਕਰਾਈ। ਪ੍ਰਕਰਮਾ ਕੀਤੀ ਅਤੇ ਸਾਰਾ ਤਣਾਓ, ਸਰੋਵਰ ਵਿਚ ਡੋਬ ਪਰਤ ਆਈ।

ਦੋਵੇਂ ਨਵੇਂ ਜੀਵਨ ਦੇ ਰਾਹ ਤੁਰਨ ਲੱਗੇ।

ਤੁਰਨ ਕੀ, ਦੌੜਨ ਲੱਗੇ। ਸੁਨੱਖੀ ਰਮੀ, ਅੰਗਰੇਜ਼ੀ ਦੀ ਐਮ.ਏ. ਸੀ। ਛੇਤੀ ਗੁਰਦੁਆਰਾ ਕਮੇਟੀ ਦੇ ਕਾਲਜ ਵਿਚ ਅਧਿਆਪਕਾ ਵਜੋਂ ਮਰਜ ਹੋ ਗਈ। ਹੁਣ ਘਰ ਰਮੀ ਦਾ ਸੀ। ਜਿੱਥੇ ਜਾਂਦੇ, ਇਕੱਠੇ ਜਾਂਦੇ। ਹੱਸਦੇ ਖੇਡਦੇ ਤੇ ਚਹਿਕਦੇ। ਹਰ ਇਤਵਾਰ ਪ੍ਰਕਰਮਾਂ ਦੀ ਸੇਵਾ। ਕੀਰਤਨ। ਦੇਗ। ਨਿਸ਼ਾਨ ਸਾਹਿਬ ਦੀ ਸੇਵਾ। ਹਰ ਆਏ ਗਏ ਦੀ ਆਉ-ਭਗਤ। ਘਰ, ਬੋਲਚਾਲ ਅਤੇ ਪਹਿਰਾਵਾ, ਹਰ ਚੀਜ਼ ਵਿਚ ਸਲੀਕਾ। ਇਥੋਂ ਤੱਕ ਕਿ ਦੋਹਾਂ ਵੱਲੋਂ ਬੇਹਦ ਖ਼ੁਸ਼ ਦਿੱਸਣ ਤੇ ਜ਼ੋਰ। ਦੋਵੇਂ ਚੋਟੀ ਦੇ ਕਾਲਾਕਾਰ। ਨਿਪੁੰਨ।

ਪਰ ਕੋਈ ਨਹੀਂ ਸੀ ਜਾਣਦਾ; ਇਹ ਸ਼ਾਂਤ ਸਮੁੰਦਰ ਦੀਆਂ ਤਹਿਆਂ ਵਿਚ ਕਿਤਨੇ ਅਸੀਮ ਜਵਾਰਭਾਟੇ ਸਨ।...

ਗੁਰੀਏ ਨੂੰ ਲਗਦਾ, ਰਮੀ ਉਹਦੇ ਕਾਹਲੀ ਵਿਚ ਲਏ ਫ਼ੈਸਲੇ ਦਾ ਖ਼ਮਿਆਜ਼ਾ ਸੀ। ਤ੍ਰਿਖਾ ਦੇ ਮੁਕਾਬਲੇ ਰਮੀ ਕੀ ਸੀ ? ਤ੍ਰਿਖਾ ਯਾਦ ਆਉਂਦੀ ਤਾਂ ਰਮੀ ਦਿਸਣੋਂ ਹਟ

ਜਾਂਦੀ। ਚਾਹੁਣ ਤੇ ਵੀ ਉਹ ਰਮੀ ਨਾਲ ਨਾ ਭਿੱਜਦਾ। ਅਧੂਰਾ ਰਹਿ ਜਾਂਦਾ।

ਰਮੀ ਸੋਚਦੀ, ਐਸੇ ਆਦਮੀ ਨਾਲ ਕਿਉਂ ਸ਼ਾਦੀ ਕੀਤੀ। ਜਿਸਨੂੰ ਮਨੁੱਖ ਤੋਂ ਵੱਧ ਧਰਮ ਦਿੱਸਦਾ ਸੀ। ਜਿਹੜਾ ਸਿੱਖੀ ਸਿਧਾਂਤਾਂ ਨੂੰ ਛੱਡ ਰੋਜ਼ ਰਾਤ ਨੂੰ ਦਾੜ੍ਹੀ ਅਤੇ ਮੁੱਛਾਂ 'ਤੇ ਇਸ ਲਈ ਪੱਟੀਆਂ ਬੰਨ੍ਹ ਕੇ ਸੌਂਦਾ ਸੀ ਤਾਂ ਕਿ ਉਹਨਾਂ ਦੀ ਦਿੱਖ ਦਰਸ਼ਨੀ ਰਹੇ। ਅਲਮਾਰੀ ਵਿਚ ਪਏ ਅੰਡਰਵੀਅਰ ਦੋਸਤਾਂ ਦੇ ਦੱਸਦਾ ਸੀ ਅਤੇ ਮਮਟੀ 'ਚ ਬੈਠ ਕੇ ਚੋਰੀ ਧੌਲੇ ਪੁੱਟਦਾ ਸੀ। ਇਸ ਲਈ, ਨਾ ਚਾਹੁਣ 'ਤੇ ਵੀ ਰਮੀ ਨੂੰ ਲਗਦਾ, ਉਸਦੇ ਅਤੇ ਪਤੀ ਵਿਚਾਲੇ ਕੋਈ ਖਾਈ ਸੀ, ਜੋ ਕੋਸ਼ਿਸ਼ ਤੇ ਵੀ ਉਸਤੋਂ ਪਾਰ ਨਾ ਹੁੰਦੀ। ਕਦੇ ਖਾਈ ਪਾਰ ਕਰਨ ਲਈ ਠਿੱਲ੍ਹਦੀ ਵੀ ਤਾਂ ਪਾਰ ਜੌਹਨ ਖਲੋਤਾ ਦਿਸਦਾ। ਉਸਦਾ ਜਮਾਤੀ। ਈਸਾਈ। ਰਮੀ ਨਾਲ ਦੂਰ ਤੱਕ ਜਾ ਚੁੱਕਾ।...

ਗੁਰੀਏ ਦੇ ਸਾਹਾਂ 'ਚ ਤ੍ਰਿਖਾ ਸੀ। ਸੰਧੂਰੀ ਰੰਗ। ਤਿੱਖੇ ਨਕਸ਼। ਕਿਸੇ ਵੀ ਰਿਸ਼ੀ ਦਾ ਸਤ ਭੰਗ ਕਰਨ ਦੇ ਸਮਰੱਥ।

ਰਮੀ ਦੇ ਚੇਤਿਆਂ ਵਿਚ ਜੌਹਨ ਸੀ। ਸਾਂਵਲਾ ਰੰਗ। ਇਸਪਾਤੀ ਜੁੱਸਾ। ਰੁਮਾਂਟਿਕਤਾ ਦੀ ਸਿਖ਼ਰ। ਰਮੀ ਨੂੰ ਰੂਹ ਵਿਚ ਜਜ਼ਬ ਕਰ ਲੈਣ ਦੇ ਸਮਰੱਥ।

ਦੋਵੇਂ ਡਰਦੇ। ਕਿਤੇ ਜਵਾਰ੍ਹਭਾਟੇ ਦਿੱਸ ਨਾ ਜਾਣ। ਕਿਧਰੇ ਰੂਹ ਤੋਂ ਪਰਦਾ ਚੁਕਿਆ ਨਾ ਜਾਵੇ। ਇਸ ਲਈ ਫੂਕ-ਫੂਕ ਕਦਮ ਧਰਦੇ। ਬਨਾਉਟੀ ਜਿਹਾ ਹਾਸਾ ਹੱਸਦੇ। ਮਸਨੂਈ ਜਿਹੀ ਮੁਹੱਬਤ ਕਰਦੇ ਅਤੇ ਖ਼ੁਸ਼ ਦਿੱਸਣ ਲਈ ਟਿੱਲ ਲਾਉਂਦੇ।

ਜਿਵੇਂ ਹੀ ਬਿਸਤਰ 'ਤੇ ਬੱਤੀ ਬੁਝਦੀ। ਹਨੇਰੇ ਦੀ ਪਰਤ ਫ਼ੈਲਦੀ। ਦੋਹਾਂ ਦੇ ਚਹੇਤੇ; ਦੋਹਾਂ ਵਿਚ ਪ੍ਰਵੇਸ਼ ਕਰ ਜਾਂਦੇ। ਰਮੀ ਅਤੇ ਜੌਹਨ। ਤ੍ਰਿਖਾ ਅਤੇ ਗੁਰੀਆ ਅੱਗ ਦੀ ਪੌੜੀ ਚੜ੍ਹਨ ਲੱਗਦੇ। ਜਿਵੇਂ ਹੀ ਸਿਖ਼ਰ 'ਤੇ ਪੁੱਜਦੇ...ਆਪਣੀ ਹੀ ਅਗਨ ਵਿਚ ਭਸਮ ਹੋ...ਨੀਂਦ ਦੇ ਅੰਧਕਾਰ ਵਿਚ ਜਾ ਡਿੱਗਦੇ। ਸਵੇਰ ਹੁੰਦੀ। ਨਵੇਂ ਸਿਰੇ ਤੋਂ ਵਜੂਦ ਧਾਰਦੇ। ਗੁਰੀਆ ਅਤੇ ਰਮੀ। ਸੂਰਜ ਦੀ ਰੌਸ਼ਨੀ ਵਿਚ ਫਿਰ ਨੌਂ ਨੌਂ ਤੁਰਦੇ। ਰੋਜ਼ਮਰਾ ਵਾਂਗ।

ਸਭ ਕੁਝ ਠੀਕ-ਠਾਕ ਸੀ। ਰਮੀ ਨਿਤਨੇਮੀ ਸੀ। ਗੁਰੀਆ ਸਿੱਖੀ ਸਰੂਪ। ਦੰਪਤੀ ਜੀਵਨ। ਦੋਵੇਂ ਖ਼ੁਸ਼। ਦੋਵੇਂ ਮਸਤ ਚਾਲ।

ਅਚਾਨਕ ਕੁਝ ਗ਼ਲਤ ਵਾਪਰ ਗਿਆ।...

ਇਕ ਰਾਤ ਆਵੇਸ਼ ਵਿਚ ਰਮੀ ਦੇ ਮੂੰਹੋਂ ਜੌਹਨ ਦਾ ਨਾਂ ਨਿਕਲ ਗਿਆ।...

ਗੁਰੀਏ ਅੰਦਰੋਂ ਕੜੱਕ ਕਰਕੇ ਕੁਝ ਟੁੱਟਿਆ। ਉਹ ਬਿਖ਼ਰ ਗਿਆ। ਇਹ ਜੌਹਨ ਕੌਣ ਸੀ? ਪਰ ਉਹ ਸੰਭਲ ਗਿਆ। ਨਿੱਕੀ ਜਿਹੀ ਕਾਹਲੀ ਨਾਲ ਘਰ ਟੁੱਟ ਸਕਦਾ ਸੀ। ਹਾਲੇ ਸਬਰ ਬਾਰੇ ਸੋਚ ਹੀ ਰਿਹਾ ਸੀ ਜਾਂ ਇਕ ਹੋਰ ਸੱਟ ਵੱਜੀ।

ਅਲਮਾਰੀ ਵਿਚੋਂ ਦਵਾਈਆਂ ਦੀ ਇਕ ਲੰਮੀ ਲਿਸਟ ਵਾਲੀ ਪਰਚੀ ਮਿਲੀ। ਰਮੀ ਤੰਦਰੁਸਤ। ਮੈਂ ਰਾਜ਼ੀ ਬਾਜ਼ੀ। ਫਿਰ ਦਵਾਈਆਂ ਕਿਸ ਲਈ? ਰਮੀ ਘਰ ਨਹੀਂ ਸੀ। ਦਵਾਈ-ਫ਼ਰੋਸ਼ ਤੋਂ ਪੁੱਛਿਆ। ਜਿਵੇਂ ਹੀ ਪਤਾ ਲੱਗਾ, ਗੁਰੀਏ ਹੇਠੋਂ ਜ਼ਮੀਨ ਖਿਸਕ ਗਈ।



ਕਿਸੇ ਨਾ-ਮੁਰਾਦ ਅਤੇ ਲਾ-ਇਲਾਜ ਬਿਮਾਰੀ ਦੀ ਦਵਾਈਆਂ ਵਾਲੀ ਲਿਸਟ ਸੀ। ਗੁਰੀਆ ਸਣ-ਕੱਪੜੀ ਮੱਚ ਉੱਠਿਆ। ਗੁਰੀਏ ਨੂੰ ਲੱਗਾ ਉਹ ਤਬਾਹ ਹੋ ਚੁੱਕਾ ਸੀ। ਉਸ ਗੈਰ-ਸਿੱਖ ਹੋਣਾ ਬਰਦਾਸ਼ਤ ਕਰ ਲਿਆ। ਜੌਹਨ ਦਾ ਨਾਂ ਸੁਣ ਲਿਆ, ਤੇ ਹੁਣ ਇਹ ਲਾ-ਇਲਾਜ ਬਿਮਾਰੀ। ਉਹਦਾ ਰੋਣ ਨੂੰ ਜੀ ਕੀਤਾ। ਕਾਸ਼ ਇਸ ਵੇਲੇ ਤ੍ਰਿਖਾ ਦਾ ਮੋਢਾ ਹੁੰਦਾ। ਸਾਹਾਂ ਵਿਚ ਜ਼ਹਿਰ ਅਤੇ ਪੈਰਾਂ ਵਿਚ ਅੱਗ ਲਈ ਉਹ ਘਰ ਮੁੜਿਆ।

ਰਮੀ ਦਸਤਰਖ਼ਾਨ ਦੀ ਤਿਆਰੀ ਵਿਚ ਸੀ।

ਆਉਂਦੇ ਹੀ ਗੁਰੀਆ ਚੀਕਿਆ।

"ਇਹ ਕੀ ਐ?" ਉਸ ਪਰਚੀ ਲਹਿਰਾਈ।

ਰਮੀ ਇਕ ਪਲ ਸਹਿਮੀ। ਫਿਰ ਸਹਿਜ ਹੋਈ।

"ਹੱਛਾ ਇਹ? ਐਵੇਂ ਸਕਿੱਨ ਦੀ ਪ੍ਰਾਬਲਮ ਹੈ ਥੋੜ੍ਹੀ।"

"ਤੂੰ ਪਹਿਲਾਂ ਨਹੀਂ ਦੱਸਿਆ। ਇਹ ਥੋੜ੍ਹੀ ਐ? ਲਾ-ਇਲਾਜ ਹੈ ਇਹ।"

"ਕਦੇ ਗੱਲ ਹੀ ਨਹੀਂ ਹੋਈ, ਦੱਸਦੀ ਕੀ?"

"ਗੱਲ ਮੈਂ ਕਰਦਾ? ਇਹ ਉਸ ਸਟੇਜ ਦੀ ਦਵਾਈ ਐ ਜਿਥੇ ਰਾਤੋ ਰਾਤ, ਘੰਟਿਆਂ, ਦਿਨਾਂ ਵਿਚ ਫੈਲੇਗੀ ਫੁਲਬਹਿਰੀ ਪੂਰੇ ਜਿਸਮ ਤੇ। ਬਿਮਾਰੀ ਨਹੀਂ ਕੋੜ੍ਹ ਐ ਇਹ।"

"ਹੱਦ ਕਰਦੇ ਉਂ? ਮੈਂ ਲੈ ਰਹੀ ਆਂ ਨਾ ਦਵਾਈ।"

"ਬਕਵਾਸ। ਲਾ-ਇਲਾਜ ਹੈ ਇਹ। ਮੈਂ ਲਿਖ ਕੇ ਦਿਨਾਂ।"

"ਕੋਈ ਲਾ-ਇਲਾਜ ਨਹੀਂ। ਸਵੇਰੇ ਡਾਕਟਰਾਂ ਨੂੰ ਪੁੱਛ ਲਿਉ।"

"ਕਿਹੜੇ ਡਾਕਟਰ। ਮੂਰਖ ਆਂ ਮੈਂ? ਸਭ ਤੋਂ ਪੁੱਛ ਲਿਆ ਮੈਂ। ਇਹ ਤਾਂ ਏਡਜ਼ ਤੋਂ ਵੀ ਭੈੜੀ ਐ ਸਾਲੀ।"

"ਦੇਖੋ! ਐਵੇਂ ਬਾਤ ਦਾ ਬਤੰਗੜ ਨਾ ਬਣਾਉ।"

"ਮੈਂ ਬਣਾਇਆ? ਮੇਰੀ ਤਾਂ ਕਿਸਮਤ ਸੜ ਗਈ ਸਾਲੀ। ਇਕੋ ਬਿਸਤਰ। ਇਕੋ ਬਾਥ। ਹੇ ਰੱਬ ਸੱਚਿਆ ਮੈਂ ਤਾਂ ਬਰਬਾਦ ਹੋ ਗਿਆ ਓਏ...।"

ਗੁਰੀਆ ਉੱਚੀ-ਉੱਚੀ ਰੋਣ ਲੱਗਾ।

ਰਮੀ ਕੁਝ ਤਲਖ਼ ਹੋਈ।

"ਬੰਦ ਕਰੋ ਜੀ ਇਹ ਰੋਣਾ। ਨਿੱਕੀ ਜਿਹੀ ਗੱਲ ਦਾ ਬੱਵਾਲ ਖੜ੍ਹਾ ਕਰ ਲਿਆ।"

"ਤੇਰੇ ਲਈ ਹੋਊਗੀ ਨਿੱਕੀ। ਮੇਰੇ ਲਈ ਨਹੀਂ। ਅੱਜ ਤੈਨੂੰ। ਕੱਲ੍ਹ ਮੈਨੂੰ। ਪਰਸੋਂ ਬੱਚਿਆਂ ਨੂੰ। ਮੈਂ ਤਾਂ ਲੁੱਟਿਆ ਗਿਆ ਓਏ...।"

ਗੁਰੀਆ ਸਿਰ ਹੱਥਾਂ 'ਚ ਲਈ ਬੈਠ ਕੇ ਰੋਣ ਲੱਗਾ। ਫਿਰ ਇਕਾ-ਇਕ ਉੱਠਿਆ ਅਤੇ ਗੁਰੂ ਦੀ ਤਸਵੀਰ ਮੂਹਰੇ ਜਾ ਹੱਥ ਜੋੜੇ।

"ਤੌਂ ਕਿਹੜੇ ਪਾਪਾਂ ਦੇ ਬਦਲੇ ਲਏ ਮੇਤੋਂ ਦਾਤਿਆ।"

ਰਮੀ ਨੂੰ ਲੱਗਾ, ਕੈਸਾ ਆਦਮੀ ਸੀ। ਨਿੱਕੀ-ਨਿੱਕੀ ਗੱਲ ਉਛਾਲਣ ਬੈਠ ਜਾਂਦੈ। ਗੁਰੀਏ ਨੂੰ ਚੇਹ ਚੜ੍ਹੀ। ਕੈਸੀ ਔਰਤ ਸੀ? ਹਰ ਗੱਲ 'ਚ ਧੋਖਾ।

"ਚਲ ਦਿਖਾ ਕਿੱਥੇ-ਕਿੱਥੇ ਐ ਤੇਰੇ ਕੋੜ੍ਹ।"

ਰਮੀ ਲਈ ਬਰਦਾਸ਼ਤ ਕਰਨਾ ਮੁਸ਼ਕਿਲ ਹੋ ਗਿਆ।

"ਐਸੀ ਗੱਲ ਐ ਤਾਂ ਵਿਆਹ ਤੋਂ ਪਹਿਲਾਂ ਦੇਖਦੇ। ਅੱਜ ਸਾਲ ਬਾਦ ਚੇਤੇ ਆ ਗਿਆ। ਰੱਬ ਨਾ ਕਰੇ ਕੱਲ੍ਹ ਨੂੰ ਤੁਹਾਡੇ ਪਿੰਡੇ 'ਤੇ ਕੋਈ ਦਾਗ ਪੈ ਜਾਏ, ਤਾਂ ਮੈਂ ਵੀ ਇੰਜ ਕਰਾਂ?"

"ਬੇਸ਼ਕ!"

"ਜੇ ਮੈਂ ਕਹਾਂ ਇੱਥੇ ਆਉਣ ਤੋਂ ਬਾਦ ਹੋਈ ਫਿਰ?"

"ਸਵਾਲ ਹੀ ਪੈਦਾ ਨਹੀਂ ਹੁੰਦਾ। ਇਹ ਹੁਣ ਦੀ ਫੁਲਬਹਿਰੀ ਦੀਆਂ ਪਰਚੀਐਂ। ਕੀਹਨੂੰ ਮੂਰਖ ਬਣਾਏਂਗੀ ਤੂੰ।"

"ਉੱਠੋ ਐਵੇਂ ਗੱਲ ਨਾ ਵਧਾਓ। ਮੇਰੇ 'ਚ ਕੋਈ ਨੁਕਸ ਏ ਤਾਂ ਦੱਸੋ। ਘਰ ਨਹੀਂ ਸੰਭਾਲਦੀ? ਕੰਮ ਨਹੀਂ ਕਰਦੀ, ਜਾਂ ਪਿਆਰ ਨਹੀਂ ਕਰਦੀ?"

"ਪਿਆਰ ਤੇ ਤੂੰ? ਜਿਹੜੀ ਸੁੱਤੀ ਪਈ ਪਤਾ ਨਹੀਂ ਕਿਸ ਕੁੱਤੇ ਦਾ ਨਾਂ ਲੈ ਲੈ ਬੁੜਬੁੜਾਉਂਦੀ ਐਂ। ਮੈਂ ਤਾਂ ਹੈਰਾਨ ਹਾਂ ਅੰਨ੍ਹਾਂ ਕਿਵੇਂ ਹੋ ਗਿਆ ਮੈਂ। ਸਾਲ ਤੋਂ ਮੈਂ ਤੇਰਾ ਧੋਖਾ ਹੀ ਨਾ ਦੇਖ ਸਕਿਆ। ਹੁਣ ਤਾਂ ਘਿਨ ਆ ਰਹੀ ਐ ਮੈਨੂੰ ਤੇਰੇ ਤੋਂ।"

"ਦੇਖੋ! ਬਹੁਤ ਮਾਮੂਲੀ ਗੱਲ ਐ ਇਹ। ਔਰ ਦਵਾਈ ਲੈ ਰਹੀ ਹਾਂ ਮੈਂ। ਕਦੇ ਮੌਕਾ ਨਹੀਂ ਲਗਿਆ, ਤਾਂ ਨਹੀਂ ਗੱਲ ਹੋਈ। ਸਵੇਰੇ ਜਿਹੜੇ ਮਰਜ਼ੀ ਡਾਕਟਰ ਨੂੰ ਦਿਖਾਓ ਤੁਸੀਂ।"

"ਕੀ ਕੀ ਦਖਾਵਾਂ ਤੇਰਾ...। ਬਿਮਾਰੀ ਕੀ ਬੇਈਮਾਨੀ...ਪਤਾ ਨਹੀਂ ਕਿੱਥੇ ਕਿੱਥੇ ਕੀ-ਕੀ ਲਈ ਫਿਰਦੀ ਐਂ ਤੂੰ।" ਗੁਰੀਆ ਲਾਚੜ ਗਿਆ।

"ਕੀ ਕੀ ਲਈ ਫਿਰਦੀ ਆਂ ਮੈਂ? ਚਲੋ ਦੇਖੋ, ਕੀ ਦੇਖਣੈ ਤੁਸੀਂ।"

ਰਮੀ ਗੁੱਸੇ 'ਚ ਕੱਪੜੇ ਲਾਹੁਣ ਨੂੰ ਹੋਈ।

"ਰੁੱਕ!" ਗੁਰੀਆ ਇਤਨੀ ਉੱਚੀ ਚੀਕਿਆ। ਰਮੀ ਡਰੀ।

"ਮੈਂ ਨਹੀਂ ਹੁਣ ਦੁਨੀਆਂ ਦੇਖੂ ਤੈਨੂੰ। ਬੱਚਾ-ਬੱਚਾ। ਦੇਖੀਂ ਹੁਣ ਕੀ ਬਣਦੈ ਤੇਰਾ।" ਇਹ ਬੋਲ ਗੁਰੀਏ ਇਤਨੀ ਉੱਚੀ ਕਹੇ। ਪਹਿਲਾਂ ਕਮਰੇ; ਫਿਰ ਬਾਹਰ, ਫਿਰ ਆਲੇ-ਦੁਆਲੇ ਤੇ ਆਖ਼ਰ ਸ਼ਹਿਰ ਦੇ ਉੱਤੋਂ ਦੀ ਤੈਰਦੇ ਹੋਏ ਤਲਾਕ ਦੇ ਕਾਗਜ਼ਾਂ ਵਿਚ ਜਾ ਬੈਠੇ।

ਬੋਲ ਇਤਨੇਂ ਦੂਰ ਨਾ ਉੱਡਦੇ ਜੇ ਦੋਹਾਂ ਦੇ ਸਾਹਾਂ ਵਿਚ ਤ੍ਰਿਖਾ ਅਤੇ ਜੌਹਨ ਨਾ ਹੁੰਦੇ। ਹਾਲਾਂ ਕਿ ਦੋਵੇਂ ਦਿੱਸਦੇ ਨਹੀਂ ਸਨ। ਪਰ ਤਲਾਕ ਦੇ ਕਾਗਜ਼ਾਂ ਵਿਚ ਦੋਹਾਂ



ਦੀ ਮੁਕ ਦਹਾੜ ਸੀ। ਬਾਤ ਦਾ ਬਤੰਗੜ ਸ਼ਹਿਰੀ ਕਮੇਟੀ ਨੇ ਵੀ ਸੁਣਿਆ। ਉਹਨਾਂ ਗੁਰੀਏ ਨੂੰ ਕਿਹਾ।

"ਧਰਮ ਨੂੰ ਲਾਜ ਨਾ ਲਾ ਸ਼ੇਰਾ! ਵਾਹਿਗੁਰੂ ਤੇ ਭਰੋਸਾ ਰੱਖ।"

ਗੁਰੀਏ ਤ੍ਰਿਖਾ ਨੂੰ ਪੁੱਛਿਆ। ਉਸ ਕਿਹਾ। "ਜ਼ਿੰਦਗੀ ਵਾਹਿਗੁਰੂ ਨਾਲ ਕੱਟੇਂਗਾ ਕੀ ਤੀਵੀਂ ਨਾਲ। ਕਰਹਿਤ ਨਹੀਂ ਆਊ? ਕੀਹਨੂੰ ਛੋਹ ਰਿਹੈਂ। ਕੀਹਦੇ ਹੱਥਾਂ ਦਾ ਖਾ ਰਿਹੈਂ। ਹਰ ਰੋਜ਼ ਪਿੰਡੇ ਤੇ ਫੈਲਦਾ ਕੱਲਰ। ਕਰੇਂਗਾ ਬਰਦਾਸ਼ਤ?

ਦੁਖੀ ਹੋਈ ਰਮੀ ਪਰਤ ਗਈ। ਦਿੱਲੀ ਕਮੇਟੀ ਬੁਰਾ ਮਨਾਇਆ ਤੇ ਕਿਹਾ।

"ਡਰ ਨਾ, ਭੱਜਣ ਦੇ ਕਿੱਥੇ ਤੱਕ ਭੱਜਦੈ।"

ਉਨ੍ਹਾਂ ਮੁਕੱਦਮਾ ਦੂਜੀ ਤੀਜੀ ਪੇਸ਼ੀ, ਦਿੱਲੀ ਤਬਦੀਲ ਕਰਵਾ ਲਿਆ।

ਮਸਲਾ ਅਖ਼ਬਾਰਾਂ ਵਿਚ ਉੱਛਲਿਆ ਤਾਂ ਗੁਰੀਏ ਨਾਲ ਤ੍ਰਿਖਾ ਆ ਖੜ੍ਹੀ।

ਅਸਲ ਵਿਚ ਤ੍ਰਿਖਾ ਸੰਤਾਂ ਦੇ ਸੇਵਕ ਨਾਲ ਵਿਆਹੀ ਤਾਂ ਗਈ ਸੀ। ਬਾਦ 'ਚ ਪਤਾ ਲੱਗਾ, ਉਸਦਾ ਪਤੀ ਸਿਰਫ਼ ਨਾਂ ਦਾ ਹੀ ਕਾਰੋਬਾਰੀ ਸੀ। ਪੈਸਾ 'ਤੇ ਮਲਕੀਅਤ ਸੰਤਾਂ ਦੀ ਸੀ। ਲੱਤ ਮਾਰ ਕੇ ਆ ਗਈ।

ਗੁਰੀਏ ਨੂੰ ਮਿਲੀ ਤਾਂ ਉਸ ਕਿਹਾ।

"ਗੁਰੂ ਦੀ ਸਿੱਖ ਹਾਂ। ਵਿਕਾਊ ਨਹੀਂ। ਤੂੰ ਜ਼ਰਾ ਖੁੱਲ੍ਹੇ ਦਿਲ ਨਾਲ ਸੋਚ ਕੇ ਦੇਖ। ਇਧਰ ਤੇਰਾ ਤੋੜ-ਵਿਛੋੜਾ। ਉਧਰ ਮੇਰਾ। ਤੈਨੂੰ ਨਹੀਂ ਲਗਦਾ ਕੁਦਰਤ ਸਾਡੇ ਦੁਬਾਰਾ ਮੇਲ ਬਾਰੇ ਸੋਚ ਰਹੀ ਹੈ।"

ਗੁਰੀਏ ਸੁਖ ਦਾ ਸਾਹ ਲਿਆ। ਕਾਸ਼ ਇਹ ਸੰਭਵ ਹੋ ਸਕੇ।

"ਸ਼ੁਕਰ ਐ ਤੂੰ ਆ ਗਈ। ਸਭ ਵਾਹਿਗੁਰੂ ਦੀ ਖੇਡ ਐ। ਮੈਂ ਤਾਂ ਖ਼ਾਹਮਖ਼ਾਹ ਫਸ ਗਿਆ ਸੀ।"

"ਦੇਖੀ ਹੈ ਮੈਂ ਤੇਰੀ ਦੰਗਾ ਪੀੜਤ।" ਤ੍ਰਿਖਾ ਟਾਂਚ ਕੀਤੀ।

ਗੁਰੀਏ ਫੁਲਬਹਿਰੀ ਬਾਰੇ ਦਸਿਆ ਤਾਂ ਉਸ ਕਿਹਾ।

"ਲੱਤ ਮਾਰ ਧੋਖੇਬਾਜ਼ ਦੇ..."

"ਐਨਾਂ ਸੌਖਾ ਨਹੀਂ। ਕੋਰਟ। ਦਿਲੀ ਕਮੇਟੀ। ਕਈ ਕੁਝ ਹੈ ਵਿਚਾਲੇ।"

"ਤੂੰ ਸਾਲ ਕਿਵੇਂ ਕੱਟ ਲਿਆ?"

ਗੁਰੀਆ ਸੋਚਾਂ ਵਿਚ ਉੱਤਰ ਗਿਆ।

"ਮੈਂ ਪੁੱਛਿਐ, ਫੁਲਬਹਿਰੀ ਦਾ ਪਤਾ ਕਿਉਂ ਨਾ ਲੱਗਿਆ?"

"ਦਰਅਸਲ...।"

"ਹਾਂ ਹਾਂ ਕੀ ਦਰਅਸਲ?"

"ਦਰਅਸਲ ਮੈਂ ਉਸ ਨਾਲ ਕਦੇ ਭਿੱਜਿਆ ਹੀ ਨਹੀਂ। ਸੱਚੀ ਗੱਲ ਤਾਂ ਇਹ ਹੈ; ਮੈਂ ਤੈਨੂੰ ਭੁੱਲ ਹੀ ਨਹੀਂ ਸਕਿਆ। ਜਿਸਮ ਉਸਦਾ... ਤਸੱਵੁਰ ਤੇਰਾ। ਕਦੇ ਜੀ ਭਰ

ਕੇ ਉਸਨੂੰ ਦੇਖਿਆ ਹੀ ਨਹੀਂ।

"ਕੀ ਕਿਹਾ? ਰੋਟੀ ਦੀ ਥਾਂ ਤਸੱਵੁਰ ਨਾਲ ਢਿੱਡ ਭਰਿਆ?"

"ਨਹੀਂ, ਮੂੰਗਫਲੀ ਚੱਬਦੇ ਬਦਾਮ ਦਾ ਤਸੱਵੁਰ ਕੀਤਾ।"

"ਲਾਨ੍ਹਤ ਐ ਤੇਰੇ 'ਤੇ। ਗੁਰੂ ਸਾਹਿਬ ਤਾਂ ਕਹਿੰਦੇ ਕਿਸੇ ਪਰਾਈ ਦਾ ਸੁਪਨਾ ਵੀ ਮਾੜਾ। ਤੂੰ ਉਸ 'ਚੋਂ ਮੇਰੇ ਨਾਲ ਈ ਫਲਰਟ ਕਰੀ ਗਿਆ। ਦੇਖ ਗੁਰੂ ਦੇ ਸਿੱਖ ਨੂੰ ਇਹ ਸੋਭਾ ਨਹੀਂ ਦਿੰਦਾ। ਨਹੀਂ ਪਸੰਦ ਤਾਂ ਦੜਾ ਕਰ।"

ਅਸਲ ਵਿਚ ਜਦੋਂ ਤੋਂ ਤ੍ਰਿਖਾ ਪਤੀ ਨੂੰ ਲੱਤ ਮਾਰ ਕੇ ਆਈ। ਭਵਿੱਖ ਨੂੰ ਲੈ ਕੇ ਬਹੁਤ ਚਿੰਤਤ ਸੀ। ਸੋਚਦੀ, ਕੀ ਬਣੇਗਾ। ਪਰ ਜਿਵੇਂ ਹੀ ਉਸਨੇ ਗੁਰੀਏ ਬਾਰੇ ਸੁਣਿਆ। ਉਸ ਗੁਰੀਏ ਨੂੰ ਸ਼ਹਿ ਦਿੱਤੀ ਅਤੇ ਰਮੀ ਨੂੰ ਖਦੇੜਨ ਲਈ ਟਿੱਲ ਲਾਇਆ।

ਗੁਰੀਆ ਵੀ ਸ਼ਾਇਦ ਇਤਨੀ ਹਿੰਮਤ ਨਾ ਕਰਦਾ ਜੇਕਰ ਤ੍ਰਿਖਾ ਉਸਨੂੰ ਰਮੀ ਦਾ ਬਦਲ ਨਾ ਦਿਸਦੀ। ਇਸ ਲਈ ਗੁਰੀਏ ਫੁਲਬਹਿਰੀ ਦਾ ਇਤਨਾਂ ਵੱਡਾ ਮਸਲਾ ਬਣਾ ਲਿਆ। ਰਮੀਂ ਉਸ ਲਈ ਅਛੂਤ ਬਣ ਗਈ। ਇਤਨੀ ਅਛੂਤ ਨਾ ਹੁਣ ਇਹ ਫੁਲਬਹਿਰੀ ਦਾ ਮਸਲਾ ਰਿਹਾ ਸੀ, ਨਾ ਰਮੀ ਦੇ ਗੈਰ-ਸਿੱਖ ਹੋਣ ਦਾ। ਦੂਜੀ ਤੀਜੀ ਪੇਸ਼ੀ ਜਦੋਂ ਵਕੀਲ ਦੀਆਂ ਦਲੀਲਾਂ ਤੋਂ ਤਲਾਕ ਦਾ ਕੋਈ ਅਧਾਰ ਨਾ ਬਣਿਆ ਅਤੇ ਮੁੱਦੇ ਦੀਆਂ ਧੱਜੀਆਂ ਉੱਡ ਗਈਆਂ ਤਾਂ ਗੁਰੀਏ ਇਸਨੂੰ ਰਮੀ ਤੋਂ ਪਿੱਛਾ ਛੁਡਾਉਣ ਅਤੇ ਤ੍ਰਿਖਾ ਨੂੰ ਪ੍ਰਾਪਤ ਕਰਨ ਦਾ ਵਕਾਰ ਬਣਾ ਲਿਆ।

ਗੁਰੀਏ ਚੱਢੇ ਦੇ ਪੈਰ ਜਾ ਫੜੇ। ਚੱਢੇ ਚੁਟਕੀ ਵਜਾਈ।

"ਕੇਸ ਚੁਟਕੀ 'ਚ। ਮਿਗਲਾਨੀ ਹੈ ਨਾ ਆਪਣਾ। ਇਕ ਹੱਥ ਪੈਸਾ। ਦੂਜੇ ਹੱਥ ਜਿੱਤ। ਪਹਿਲੀ ਗੱਲ ਜੱਜ ਨੂੰ ਗੰਢੂ। ਕੇਸ ਨੂੰ ਸ਼ੇਪ ਦਿਊ ਆਪਣੀ ਮਰਜ਼ੀ ਦੀ। ਹਵਾ 'ਚੋਂ ਮੱਛੀਆਂ ਨਾ ਫੜੇ ਤਾਂ ਕਹੀਂ। ਤਲਾਕ-ਤਲੂਕ ਕਿਆ ਚੀਜ਼ ਐ, ਉਹ ਤਾਂ ਕਤਲ ਨਹੀਂ ਥਾਣੇ ਵੜਨ ਦਿੰਦਾ। ਪਰ ਐਰੇ-ਗੈਰੇ ਨੂੰ ਦੇਹਲੀ ਨੀ ਚੜ੍ਹਨ ਦਿੰਦਾ। ਆਪਣਾ ਐ ਯਾਰ। ਲੰਗੋਟੀਆ। ਤੇਰੇ ਨਾਲ ਬਣਾਊ ਸਟਿੰਟ। ਉਸ ਰਾਤ ਦਾ ਖਰਚਾ ਵੱਖਰਾ। ਬਾਕੀ ਮੇਰੇ 'ਤੇ ਛੱਡ। ਜੇ ਕਹਿੰਨੈਂ ਤਾਂ ਪਾਵਾਂ ਟਾਪ ਗੇਅਰ।

ਗੁਰੀਏ ਲਈ ਹੋਰ ਕੋਈ ਚਾਰਾ ਹੀ ਨਹੀਂ ਸੀ। ਗੁਰੀਏ ਨੂੰ ਚੁੱਪ ਦੇਖ; ਚੱਢੇ ਪੱਕ ਕੀਤੀ।

"ਖੇਡ ਪੈਸੇ ਦੀ ਐ ਬ੍ਰਦਰ। ਪਿਛੋਂ ਮੋਕ ਮਾਰਨੀ ਐਂ ਤਾਂ ਹੁਣੇ ਦੱਸ।"

"ਤੁਸੀਂ ਘੀਸੀ ਕਰਾਓ ਦਿੱਲੀ ਦੀ, ਮੇਰੀ ਹਾਂ ਐ।"

ਚੱਢਾ ਦਿੱਲੀ ਦੀ ਰਗ-ਰਗ ਵਾਕਿਫ਼ ਸੀ। ਮਿਗਲਾਨੀ ਦਾ ਪਿਤਾ ਚੱਢਾ ਟਰਾਂਸਪੋਰਟ ਦਾ ਪੱਕਾ ਵਕੀਲ ਸੀ। ਮਿਗਲਾਨੀ ਦੀ ਚੱਢੇ ਨਾਲ ਬੁੱਕਲ ਖੁੱਲ੍ਹੀ ਸੀ। ਚੱਢੇ ਨੇ ਪਹਿਲਾਂ ਵੀ ਕਈ ਕੇਸ ਮਿਗਲਾਨੀ ਰਾਹੀਂ ਚਿੱਤ ਕੀਤੇ ਸਨ। ਚੱਢੇ ਪੇਸ਼ੀ ਤੋਂ ਕੁਝ ਦਿਨ ਪਹਿਲਾਂ ਗੁਰੀਏ ਦੇ ਨਾਂ 'ਤੇ ਹੋਟਲ ਵਿਚ ਕਮਰਾ ਅਤੇ ਰੰਗੀਨ ਸ਼ਾਮ ਬੁੱਕ ਕਰਵਾਈ ਅਤੇ



ਗੁਰੀਏ ਨੂੰ ਸਮੇਂ ਸਿਰ ਪੁੱਜਣ ਲਈ ਆਖ ਖ਼ੁਦ ਕਾਨਪੁਰੋਂ ਆਉਂਦੇ ਮਿਗਲਾਨੀ ਨੂੰ ਹੋਟਲ ਲੈ ਕੇ ਆਉਣ ਦੀ ਹਿੱਕ ਥਾਪੜੀ।

ਗੁਰੀਆ ਚੱਕਵੇਂ ਪੈਰੀਂ ਸੀ। ਉਹਨੂੰ ਕਈ ਹੋਰਾਂ ਵੀ ਕਿਹਾ ਸੀ। ਮਿਗਲਾਨੀ ਹੱਥ ਹੇਠ ਤੇ ਜਿੱਤ ਜੇਬ ਵਿਚ। ਉੱਤੋਂ ਤ੍ਰਿਖਾ ਦਾ ਸਾਥ ਅਤੇ ਸੱਪਾਂ ਵਾਲਾ ਕੱਪੜਾ ਵਾਧੂ ਦਾ...।

ਗੁਰੀਆ ਜਿਹੜਾ ਪਹਿਲੀਆਂ ਤਰੀਕਾਂ ਬੱਸ ਅੱਡੇ ਨੇੜਲੇ ਰੈਣ ਬਸੇਰਿਆਂ ਵਿਚ ਕੱਟ ਕੇ ਪਰਤ ਗਿਆ ਸੀ। ਇਸ ਵੇਰ ਚੱਢੇ ਦੀ ਹਿਦਾਇਤ ਮੁਤਾਬਿਕ ਹੋਟਲ ਦੇ ਵਿਸ਼ਾਲ ਪੋਰਚ ਹੇਠ ਸੀ। ਥੋੜ੍ਹੀ ਦੇਰ ਪਹਿਲਾਂ ਉਹ ਬੱਸ ਵਿਚ ਅਤੇ ਹੁਣੇ-ਹੁਣੇ ਟੈਕਸੀ ਵਿਚ ਰਹਿਰਾਸ ਦਾ ਪਾਠ ਮੁਕਾਅ ਕੇ ਹਟਿਆ ਸੀ। ਚੱਢੇ ਕਿਹਾ ਸੀ।

"ਭੁੱਲ ਕੇ ਵੀ ਆਟੇ-ਸ਼ਾਟੇ 'ਚ ਨਾ ਜਾਈਂ। ਭਾਰਾ ਬੈਗ ਨਾ ਚੱਕੀਂ। ਪੇਪਰ-ਵੇਪਰ ਬਰੀਫ਼ਕੇਸ ਵਿਚ। ਟੈਕਸੀ 'ਚ ਜਾਣੈ। ਲੀੜੇ ਕੱਪੜੇ ਚੱਕਵੇਂ। ਦਰਬਾਨ ਸਲੂਟ ਮਾਰੇ ਤਾਂ ਸੌ ਦੀ ਟਿੱਪ। ਸਿੱਧਾ ਰਸੈਪਸ਼ਨ ਤੇ। ਨਾਂ ਦੱਸੀਂ। ਚਾਬੀ ਲਈਂ। ਕਮਰਾ 104-ਚੌਥੀ ਮੰਜ਼ਿਲ। ਬਹਿਰਾ ਲੈ ਕੇ ਜਾਊ ਆਪੇ। ਮੈਂ ਮਿਗਲਾਨੀ ਲੈ ਕੇ ਆਊਂ। ਆਉਂਦੇ ਨੂੰ ਮਾਹੌਲ ਬਣਾ ਕੇ ਰੱਖੀਂ। ਵਿਸਕੀ ਨਹੀਂ ਤਾਂ ਕੰਪਨੀ ਸ਼ੇਕ ਬੀਅਰ-ਵੀਅਰ ਲੈ ਲਈਂ। ਬਾਕੀ ਮੱਛੀ ਚਿਕਨ ਜੋ ਜੀ ਕਰੇ। ਨੋਟ ਰੱਖੀਂ ਛੋਟੇ। ਟਿਪ-ਟੁਪ ਲਈ। ਤੇ ਗੱਲ ਸੁਣ। ਇਕ ਖ਼ਾਸ ਆਈਟਮ ਆਊ ਮਿਗਲਾਨੀ ਲਈ। ਤੇਰੀ ਜੇਬ ਖ਼ਾਤਰ ਸਸਤੇ ਵਾਲੀ ਐ। ਬਾਕੀ ਗੱਲਾਂ ਮਿਲ ਕੇ।"

ਕਮਰੇ ਵਿਚ ਆ ਗੁਰੀਏ ਹੌਲ੍ਹਾ ਜਿਹਾ ਮਹਿਸੂਸ ਕੀਤਾ। ਅਫ਼ਸਰ ਹੋਣ ਤੇ ਵੀ ਉਹ ਐਸੀਆਂ ਥਾਵਾਂ ਤੋਂ ਮਹਿਰੂਮ ਹੀ ਰਿਹਾ ਸੀ। ਅਸਲ 'ਚ ਗੁਰੀਏ ਦਾ ਬਚਪਨ ਯਤੀਮੀ 'ਚ ਬੀਤ ਗਿਆ। ਕਈ ਸਾਲ ਗੁਰਦੁਆਰੇ ਦੀ ਡਾਲੀ ਢੋਂਦਿਆਂ ਲੰਘ ਗਏ। ਅਫ਼ਸਰ ਬਣਿਆ ਤਾਂ ਕਈ ਖੁੱਲ੍ਹਾਂ ਮਰਿਆਦਾ ਨਿਗਲ ਗਈ। ਜੋ ਬਚਿਆ, ਸਿਰ ਦੀ ਛੱਤ ਦੇ ਲੇਖੇ ਲੱਗ ਗਿਆ। ਅਨਾਥ ਅਤੇ ਮਰਿਆਦਾ ਦੀਆਂ ਬੰਦਿਸ਼ਾਂ ਵਿਚ ਬਹੁਤੀਆਂ ਇੱਛਾਵਾਂ ਅਧੂਰੀਆਂ ਹੀ ਰਹੀਆਂ।

ਕਮਰੇ 'ਚ ਆਉਂਦੇ ਹੀ ਲੱਗਾ; ਨਾ ਮੈਂ ਦੰਗਾ ਪੀੜਤ ਵਾਲੇ ਪੰਗੇ 'ਚ ਪੈਂਦਾ; ਨਾ ਤ੍ਰਿਖਾ ਕਿਤੇ ਹੋਰ ਵਿਆਹੀ ਜਾਂਦੀ। ਜਾਂ ਰਮੀ ਹੀ ਉਹਦੇ ਮਨੋਂ ਨਾ ਲਹਿੰਦੀ। ਜੇ ਲਹਿ ਹੀ ਗਈ ਸੀ ਤਾਂ ਤ੍ਰਿਖਾ ਹੀ ਵਾਪਿਸ ਨਾ ਆਉਂਦੀ ਜਾਂ ਫੁਲਬਹਿਰੀ ਹੀ ਨਾ ਦਿੱਸਦੀ।

ਫਿਰ ਲੱਗਾ, ਜੋ ਹੋ ਰਿਹਾ ਸੀ। ਕਿਸੇ ਰੱਬੀ ਰਜ਼ਾ ਅਧੀਨ ਹੋ ਰਿਹਾ ਸੀ।... ਬਹਿਰਾ ਬੜੇ ਅਦਬ ਨਾਲ ਆਖ ਰਿਹਾ ਸੀ।

"ਜ਼ਰੂਰਤ ਪੜੇ ਤੋ ਵੋਹ ਸਾਮਨੇ ਵਾਲੇ ਇੰਟਰਕਾਮ ਪੇ ਪਾਂਚ ਸੌ ਏਕ ਡਾਇਲ ਕੀਜੀਏਗਾ।"

ਗੁਰੀਏ ਕਮਰਾ ਨਿਹਾਰਿਆ। ਹਰ ਚੀਜ਼ ਸਾਫ਼ ਸੁਥਰੀ। ਲੁਭਾਉਣੀ। ਸੋਫ਼ੇ ਤੇ ਬੈਠਦੇ ਹੀ ਸੋਚਿਆ। ਚੱਢਾ ਜਲਦੀ ਆ ਜਾਵੇ ਤਾਂ ਠੀਕ। ਰੈਣ ਬਸੇਰੇ ਅਤੇ ਇਸ ਕਮਰੇ

ਦਾ ਜ਼ਿਮੀ ਅਸਮਾਨ ਦਾ ਫ਼ਰਕ ਸੀ। ਕੀ ਪਤਾ ਪਹਿਲੇ ਵਕੀਲ ਅਤੇ ਮਿਗਲਾਨੀ ਦਾ ਵੀ ਫ਼ਰਕ ਹੋਵੇ। ਫਿਰ ਆਪ ਹੀ ਫ਼ੈਸਲਾ ਕੀਤਾ; ਜ਼ਰੂਰ ਹੋਵੇਗਾ। ਪੋਰਚ ਤੋਂ ਲਾਬੀ ਅਤੇ ਲਾਬੀ ਤੋਂ ਇਸ ਕਮਰੇ ਤੱਕ ਉਹ ਨੋਟਾਂ ਦੀਆਂ ਪੌੜੀਆਂ ਚੜ੍ਹ ਕੇ ਹੀ ਤਾਂ ਪੁੱਜਾ ਸੀ।

ਸੋਫ਼ੇ ਸਾਮ੍ਹਣੇ ਮੇਜ਼ ਤੇ ਤਾਜ਼ੀ ਅਖ਼ਬਾਰ, ਕੁਝ ਰਸਾਲੇ ਅਤੇ ਐਸ਼ ਟਰੇਅ ਪਈ ਸੀ। ਐਸ਼ ਟਰੇਅ ਦੇਖ ਕੋਫ਼ਤ ਹੋਈ।

ਬੈੱਡ 'ਤੇ ਜਾ ਕੇ ਪੈ ਗਿਆ। ਜੀ ਨਾ ਲੱਗਾ ਤਾਂ ਕਮਰੇ ਵਿਚ ਟਹਿਲਦਾ ਬਾਰੀ ਲਾਗੇ ਜਾ ਖਲੋਤਾ। ਦੂਰ ਤੱਕ ਹਨੇਰੇ ਵਿਚ ਡੁੱਬਿਆ ਸ਼ਹਿਰ ਚਾਨਣ ਦੇ ਟਿਮਕਣਿਆਂ ਨਾਲ ਜਗ ਰਿਹਾ ਸੀ। ਇਕਾ-ਇਕ ਅਚਵੀ ਹੋਈ। ਕਾਸ਼ ਇਸ ਵੇਲੇ ਤ੍ਰਿਖਾ ਹੁੰਦੀ। ਅੰਦਰ ਕਿਤੇ ਖੋਹ ਪਈ। ਖ਼ਿਆਲ ਆਇਆ ਦਰਬਾਰ ਸਾਹਿਬ ਵਾਲਾ ਕੀਰਤਨ ਸ਼ਾਇਦ ਮੁੱਕ ਚੁੱਕਾ ਸੀ; ਨਹੀਂ ਟੀ.ਵੀ. ਦੇਖ ਲੈਂਦਾ। ਅਣਮੰਨੇ ਮਨ ਖ਼ਬਰਾਂ ਸੁਣਨ ਲੱਗਾ। ਦੇਰ ਬਾਦ ਫ਼ੋਨ ਦੀ ਘੰਟੀ ਵੱਜੀ।

"ਪਹੁੰਚ ਗਏ ਬ੍ਰਦਰ...।"

"ਪਹੁੰਚ ਗਿਆ।" ਗੁਰੀਏ ਸੁਖ ਦਾ ਸਾਹ ਲਿਆ।

"ਤੂੰ ਮੂਡ ਬਣਾ, ਮੈਂ ਲੇਟ ਹਾਂ ਥੋੜ੍ਹਾ ਪਰ ਪਹੁੰਚ ਰਿਹਾਂ ਛੇਤੀ।"

ਸੋਚਣ ਲੱਗਾ, ਚੱਢੇ ਦਾ ਮੂਡ ਤੋਂ ਕੀ ਮਤਲਬ ਸੀ। ਜਦ ਕਿ ਉਹਨੂੰ ਪਤੈ ਮੈਂ ਸ਼ਰਾਬ ਨਹੀਂ ਪੀਂਦਾ। ਕੁਝ ਦੇਰ ਬਾਦ ਬਹਿਰਾ ਆਇਆ।

"ਕੁਛ ਲਾਊਂ ਸਾਹਬ?"

"ਨਹੀਂ, ਅਭੀ ਨਹੀਂ।"

"ਜੀ ਸਾਹਬ।" ਬਹਿਰੇ ਨੀਵੀਂ ਪਾਈ।

ਗੁਰੀਏ ਨੂੰ ਲੱਗਾ, ਕੁਝ ਮੰਗਵਾ ਲੈਣਾ ਚਾਹੀਦਾ ਸੀ। ਨਾਂਹ ਕਰ ਦੇਣੀ ਗ਼ਲਤ ਹੋ ਗਈ। ਦਿਲ 'ਚ ਆਈ ਨਹਾ ਲਵੇ। ਮਿਗਲਾਨੀ ਨਾਲ ਗੱਲਬਾਤ ਨੂੰ ਸੌਖ ਰਹੇਗੀ।...

ਨਹਾ ਕੇ ਪਰਤਿਆ ਤਾਂ ਹੁਣ ਤੱਕ ਪੇਸ਼ ਕੀਤੇ ਤਲਾਕ ਦੇ ਪਹਿਲੂਆਂ ਬਾਰੇ ਸੋਚਣ ਲੱਗਾ। ਮਿਗਲਾਨੀ ਕੀ ਵੱਖਰਾ ਪੇਸ਼ ਕਰੇਗਾ? ਕੀ ਪਤਾ ਉਹ ਝੂਠ ਬੋਲਣ ਲਈ ਕਹੇ। ਬੋਲਾਂ ਜਾਂ ਨਾ। ਮਨ 'ਚ ਕਸ਼ਮਕਸ਼ ਹੋਈ। ਫਿਰ ਮਨ ਬਣਾਇਆ; ਤ੍ਰਿਖਾ ਲਈ ਉਹ ਕੁਝ ਵੀ ਕਰੇਗਾ।

ਚੱਲਦਾ ਏ ਸੀ। ਨਰਮ ਬਿਸਤਰ। ਧੀਮੀ ਰੌਸ਼ਨੀ। ਸਫ਼ਰ ਦੀ ਥਕਾਵਟ। ਪਤਾ ਹੀ ਨਾ ਲੱਗਾ ਕਦੋਂ ਅੱਖ ਲੱਗ ਗਈ।

ਤਿੱਖੀ ਡੋਰ ਬੈੱਲ ਵੱਜੀ। ਉਹ ਉੱਠ ਕੇ ਬੈਠ ਗਿਆ। ਕਾਹਲੀ ਨਾਲ ਨੀਂਦ 'ਚੋਂ ਬਾਹਰ ਆਇਆ। ਬਜ਼ੁਰਗ ਬਹਿਰੇ ਨਾਲ ਕੋਈ ਖ਼ੂਬਸੂਰਤ ਔਰਤ ਅੰਦਰ ਆਈ।

ਗੁਰੀਏ ਔਰਤ ਅਤੇ ਬਹਿਰੇ ਵੱਲ ਹੈਰਾਨੀ ਨਾਲ ਦੇਖਿਆ।

"ਮਾਲਤੀ, ਆਪ ਕੇ ਮਿਲਨੇ ਕੇ ਲੀਯੇ ਆਈ।" ਬਹਿਰੇ ਕਿਹਾ।



"ਮੈਨੂੰ?" ਗੁਰੀਏ ਦਾ ਮੱਥਾ ਸੁੰਗੜਿਆ।

"ਵੋਹ ਉਕਾਰਾ ਸਾਹਬ ਹੈਂ ਨਾ ਉਨ੍ਹੋ ਨੇ ਬੋਲਾ। ਤਬ ਆਈ।"

ਔਰਤ ਨਿੱਝਕ ਅੱਗੇ ਆਈ ਤੇ ਹੱਥ ਵਧਾਇਆ।

"ਮੈਂ ਮਾਲਤੀ...।" ਗੁਰੀਏ ਝਕਦੇ ਜਿਹੇ ਹੱਥ ਮਿਲਾਇਆ।

ਗੁਰੀਏ ਦੇ ਮਨ 'ਚ ਇਕ ਦਮ ਆਈ। ਚੱਢੇ ਨੇ ਸ਼ਾਇਦ ਇਸ ਆਈਟਮ ਬਾਰੇ ਹੀ ਕਿਹਾ ਸੀ। ਫਿਰ ਵੀ ਉਸ ਕਿਹਾ।

"ਮੁਝੇ ਕੁਛ ਦੇਰ ਪਹਿਲੇ ਉਨਕਾ ਫੋਨ ਆਇਆ। ਕੋਈ ਮਿਲਨੇ ਆਏਗਾ। ਐਸਾ ਬੋਲਾ ਨਹੀਂ।"

"ਉਨ੍ਹੀ ਨੇ ਬੋਲਾ ਤਬੀ ਆਈ।" ਬਹਿਰੇ ਕਿਹਾ।

"ਪਰ ਉਹ ਤਾਂ ਕਹਿ ਰਿਹਾ ਸੀ ਮੈਂ ਲੇਟ ਹਾਂ।"

"ਕੋਈ ਬਾਤ ਨਹੀਂ; ਮੈਂ ਤੋ ਆ ਗਈ ਨਾ ਟਾਈਮ ਪੇ।"

ਮਾਲਤੀ ਬੇ-ਪ੍ਰਵਾਹੀ ਨਾਲ ਕਿਹਾ ਅਤੇ ਵਾਲਾਂ ਨੂੰ ਪਿੱਛੇ ਝਟਕਦੇ ਇਤਮੀਨਾਨ ਨਾਲ ਸੋਫ਼ੇ 'ਤੇ ਬੈਠ ਗਈ।

"ਆਪ ਕੇ ਲੀਯੇ ਕੁੱਛ ਲਾਊਂ?" ਬਹਿਰੇ ਮਾਲਤੀ ਨੂੰ ਪੁੱਛਿਆ।

ਮਾਲਤੀ ਆਪਣਾ ਨਿੱਕੇ ਬੈਗ ਜਿਹਾ ਪਰਸ ਪੈਰਾਂ ਨੇੜੇ ਰੱਖਿਆ ਅਤੇ ਇਕ ਨਜ਼ਰ ਗੁਰੀਏ ਵੱਲ ਦੇਖ ਕਿਹਾ।

"ਆਪ ਲੇ ਚੁਕੇ ਕੁਛ?"

ਗੁਰੀਏ ਨਾਂਹ ਵਿਚ ਹੱਥ ਜੋੜੇ।

"ਘਨਸ਼ਾਮ ਜੀ ਮੇਰੇ ਲੀਏ ਏਕ ਸਮਾਲ ਡਰਿੰਕ। ਸਲਾਦ ਵਲਾਦ ਕੁਛ। ਅਭੀ ਪਾਨੀ ਦੋ ਪਹਿਲੇ।" ਉਸ ਝਕਦੇ-ਝਕਦੇ ਫਿਰ ਗੁਰੀਏ ਨੂੰ ਕਿਹਾ।

"ਆਪ ਭੀ ਲੇ ਲੇਤੇ, ਕੋਈ ਡਰਿੰਕ ਵਰਿੰਕ।"

"ਚਲੋ ਲਿਮਕਾ ਲੇ ਲੂੰ ਗਾ। ਔਰ ਕੁਛ ਨਹੀਂ।"

"ਬੀਅਰ ਵੀਅਰ ਨਹੀਂ?"

"ਨਹੀਂ।"

"ਏਕ ਦਮ ਸੇ?"

"ਜੀ?"

"ਠੀਕ ਹੈ ਜਾਈਏ।" ਮਾਲਤੀ ਬਹਿਰੇ ਨੂੰ ਕਿਹਾ।

ਬਹਿਰਾ ਚਲਾ ਗਿਆ ਤਾਂ ਮਾਲਤੀ ਆਪਣਾ ਬੈਗ ਨੁਮਾ ਪਰਸ ਚੁੱਕ "ਆਤੀ ਹੂੰ।" ਆਖ ਗੁਸਲਖ਼ਾਨੇ ਵੱਲ ਚਲੀ ਗਈ।

ਗੁਰੀਏ ਨੇ ਇਨ੍ਹਾਂ ਹੋਟਲਾਂ ਬਾਰੇ ਸੁਣਿਆ ਤਾਂ ਸੀ। ਅੱਜ ਦੇਖ ਵੀ ਲਿਆ। ਅੰਦਰੇ-ਅੰਦਰ ਭੈਅ ਵੀ ਹੋਇਆ। ਐਹੋ ਜਿਹੇ ਕੰਜਰਖਾਨੇ ਬਾਰੇ ਰੋਜ਼ ਖ਼ਬਰਾਂ ਛਪਦੀਆਂ

ਸਨ। ਉਸ ਡਰ ਦੀ ਵਜਾਹ ਨਾਲ ਚੱਢੇ ਨੂੰ ਫੋਨ ਮਿਲਾਇਆ। ਪਰ ਵਿਅਰਥ।

ਡੋਰ ਬੈੱਲ ਹੋਈ। ਬਹਿਰਾ ਘਨਸ਼ਾਮ ਸੀ।

ਉਸ ਸਮਾਨ ਤਿਪਾਈ 'ਤੇ ਰੱਖਿਆ। ਗੁਰੀਏ ਨੂੰ ਲਿਮਕਾ ਦਿੱਤਾ।

"ਕੌਣ ਹੈ ਇਹ ਮੈਡਮ? ਗੁਰੀਏ ਪੁੱਛਿਆ।

"ਮਾਲਤੀ ਹੈ। ਬਹੁਤ ਅੱਛੀ ਹੈਂ। ਓਕਾਰਾ ਸਾਹਬ ਹੈਂ ਨਾ, ਵੋਹ ਜਾਨਤੇ ਹੈਂ ਇਸੇ। ਅੱਛੀ ਤਰ੍ਹਾਂ।"

"ਕੈਸੇ ਜਾਨਤੇ ਹੈਂ ਵੋਹ?"

"ਅਰੇ ਸਾਹਬ ਆਪ ਭੀ...।" ਕੋਈ ਜ਼ਰੂਰਤ ਪੜੇ ਤੋ ਪਾਂਚ ਸੌ ਏਕ ਡਾਇਲ ਕੀਜੀਏਗਾ।"

ਕਾਫ਼ੀ ਦੇਰ ਲਗਾਅ ਕੇ ਮਾਲਤੀ ਪਰਤੀ। ਬਿਲਕੁਲ ਬਦਲੀ ਹੋਈ। ਹਲਕਾ ਜਿਹਾ ਮੇਕਅਪ। ਸੈਂਟ ਦੀ ਮਹਿਕ। ਕੇਸ ਖੁੱਲ੍ਹੇ। ਕੱਸਵੀਂ ਪਜਾਮੀ। ਨਿੱਕੀ ਝੱਗੀ। ਸ਼ਾਇਦ ਨਹਾ ਕੇ ਆਈ ਸੀ।

"ਤੁਸੀਂ ਜਾਣਦੇ ਹੋ ਚੱਢੇ ਨੂੰ?" ਗੁਰੀਏ ਗੱਲ ਤੋਰੀ।

"ਕਬ ਆਏਂਗੇ ਵੋਹ?"

"ਕਹਿੰਦਾ ਸੀ ਲੇਟ ਹਾਂ ਮੈਂ।"

"ਕਾਹੇ ਕੂ?"

"ਪਤਾ ਨਹੀਂ ਕਿਉਂ। ਦੱਸਿਆ ਨਹੀਂ।"

"ਕਹਾਂ ਸੇ ਹੈਂ ਆਪ? ਦਿੱਲੀ ਸੇ?"

"ਨਹੀਂ, ਪੰਜਾਬ।"

"ਕਾਫ਼ੀ ਦੂਰ ਹੈ ਨਾ?" ਉਹ ਡਰਿੰਕ ਸੁੜਕ ਰਹੀ ਸੀ।

"ਦੇਖਾ ਨਹੀਂ?"

"ਅਰੇ ਸਾਹਬ! ਫ਼ੁਰਸਤ ਮਿਲੇ ਤਬ ਨਾ...।"

"ਨੌਕਰੀ ਕਰਕੇ ਜਾਂ ਵੈਸੇ ਟਾਈਮ ਨਹੀਂ?"

"ਦੋਨੋ।"

"ਦਿੱਲੀ ਰਹਿੰਦੇ ਹੋ?"

"ਹਾਂ, ਲੇਕਿਨ ਯੂਪੀ ਕੀ ਹੂੰ। ਵੈਸੇ ਕਿਆ ਹੈਂ ਤੁਮਾਰੇ ਵੋਹ ਓਕਾਰਾ ਵਾਲੇ?"

"ਚੱਢਾ ਸਾਹਬ?"

"ਹਾਂ ਵਹੀ।"

"ਦੋਸਤ ਹੈ ਮੇਰੇ ਬਚਪਨ ਕਾ।"

"ਹੱਛਾ! ਲੇਕਿਨ ਅੱਛੇ ਹੈਂ ਬਹੁਤ...।"

"ਕੈਸੇ ਜਾਨਤੇ ਹੈਂ ਆਪ?"



"ਅਰੇ ਸਰਦਾਰ ਜੀ, ਕਾਹੇ ਚਿਰੋਰੀ ਕਰਤੇ ਹੈਂ ਆਪ।"

"ਫਿਰ ਭੀ।" ਗੁਰੀਏ ਨੂੰ ਚਿਰੋਰੀ ਵਾਲੀ ਗੱਲ ਸਮਝ ਨਾ ਆਈ।

"ਫੋਨ ਲਗਾਈਏ ਨਾ, ਪੂਛਤੇ ਹੈਂ ਉਨ੍ਹੀ ਸੇ।"

"ਯੂ ਪੀ ਕੋਨ ਸਾ ਜ਼ਿਲ੍ਹਾ ਹੈ?"

"ਗਏ ਕਭੀ ਆਪ?"

"ਗੱਡੀ ਵਿਚ ਜਾਂਦੇ ਦੇਖਿਆ ਇਲਾਕਾ।"

"ਕੈਸੇ ਲਗਾ?"

"ਪੰਜਾਬ ਜੈਸਾ ਤੋਂ ਨਹੀਂ। ਲੇਕਿਨ ਠੀਕ ਹੈ। ਆਪ ਸ਼ਹਿਰ ਮੇ ਰਹਿਤੇ ਹੋ ਜਾਂ ਗਾਮ ਮੇ?"

"ਮੈਂ? ਅਬ ਕਿਆ ਰਹਿਨਾ। ਜਬ ਵਾਪਿਸ ਗਏ ਹੀ ਨਹੀਂ।"

"ਫਿਰ ਭੀ..."

"ਮਾਨੋ ਆਜ਼ਮਗੜ੍ਹ ਜ਼ਿਲਵਾ, ਨਜ਼ਾਮਬਾਦ ਥਨਵਾ... ਛੋਟਾ ਸਾ ਮੌਜ਼ੂਵਾ, ਫਰਹੇ ਮਕਨਵਾ।"

"ਕਮਾਲ ਹੈ ਆਪ ਨੇ ਤੋ ਘਰ ਕਾ ਗਾਨਾ ਹੀ ਬਨਾ ਦੀਆ।"

"ਹਾਂ, ਹਾਂ ਪਹਿਲੇ ਗਾਤੀ ਥੀ ਤੋ ਐਸੇ ਹੀ ਬਤਿਆਤੇ ਥੇ ਹਮ।"

"ਗਾਉਂਦੇ ਸੀ? ਕਿੱਥੇ? ਮਤਲਬ ਕਹਾਂ?"

"ਯਹੀਂ ਦਿੱਲੀ ਮੇਂ... ਯਹਾਂ ਵਹਾਂ।"

"ਚਲਦੇ ਫਿਰਦੇ? ਮਤਲਬ ਯਹਾਂ ਵਹਾਂ, ਕੈਸੇ?"

"ਚਲਤੇ ਫਿਰਤੇ, ਮਾਨੋ ਢੋਲਕੀਆ ਅਉਰ ਬਾਜਾ ਕੇ ਸਾਥ।"

"ਅਬ ਨਹੀਂ ਗਾਤੇ?"

"ਛੋੜ ਦੀਆ।"

"ਕਿਉਂ?"

"ਅਰੇ ਸਾਹਬ ਕਉਨ ਸੁਨਤਾ ਹੈ ਗਾਨਾ। ਕੁਛ ਅਉਰੋ ਦੇਖਤੇ ਹੈਂ ਸਾਲੇ।"

ਗੁਰੀਏ ਗੌਰ ਨਾਲ ਮਾਲਤੀ ਦੇਖੀ। ਛੀਟਕਾ ਬਦਨ। ਡੁੱਲ੍ਹਦੀ ਛਾਤੀ। ਸਾਂਵਲਾ ਰੰਗ। ਪਤਲੇ ਬੁੱਲ੍ਹ। ਨੀਲੀਆਂ ਅੱਖਾਂ। ਠੋਡੀ ਤੇ ਗੁਦਿਆ ਤਿਲ। ਲਿਸ਼ਕਦਾ ਪਿੰਡਾ। ਮੁੱਠੀ ਭਰ ਕਮਰ। ਇਸ ਹਿਸਾਬ ਤਾਂ ਤ੍ਰਿਖਾ ਇਹਦੇ ਪਾਸਕੂ ਵੀ ਨਹੀਂ ਸੀ। ਪਰ ਅਗਲੇ ਹੀ ਪਲ ਉਸ ਇਹ ਖਿਆਲ ਝਟਕ ਦਿੱਤਾ ਤੇ ਸੋਚਿਆ। ਕਿੱਥੇ ਤ੍ਰਿਖਾ। ਉੱਚੀ ਸੁੱਚੀ। ਕਿਥੇ ਇਹ ਸ਼ਰਾਬ ਪੀ ਰਹੀ ਔਰਤ।

ਬਹਿਰਾ ਫਿਰ ਆਇਆ।

"ਕੁੱਛ ਔਰ?" ਉਸ ਗੁਰੀਏ ਅਤੇ ਮਾਲਤੀ ਨੂੰ ਪੁੱਛਿਆ।

"ਆਪ ਬੀਅਰ ਵੀਅਰ ਲੇ ਲੇਤੇ ਕੁੱਛ...।"

"ਨਹੀਂ ਜੀ, ਮੈਂ ਸ਼ਰਾਬ ਪੀਤਾ ਨਹੀਂ।"

"ਬੀਅਰ ਵੀਅਰ ਵੀ ਨਹੀਂ ?"

"ਜੀ ਨਹੀਂ।"

"ਔਰ ਚਿਕਨ ਵਿਕਨ ?"

"ਜੀ ਨਹੀਂ।"

"ਕਿਉਂ ?"

"ਸ਼ੁਰੂ ਸੇ ਕਭੀ ਖਾਇਆ ਨਹੀਂ।"

"ਕਮਾਲ ਹੈ।" ਮਾਲਤੀ ਹੈਰਾਨੀ ਜ਼ਾਹਰ ਕਰਦੇ ਹਉਕਾ ਲਿਆ। "ਲੇਕਿਨ ਓਕਾਰਾ ਵਾਲੇ ਸਦਾਰ ਜੀ ਤੋ...। ਲੇਕਿਨ ਛੋੜੋ।" ਫਿਰ ਉਸ ਬਹਿਰੇ ਨੂੰ ਕਿਹਾ। "ਘਨਸ਼ਾਮ ਜੀ ਥੋੜ੍ਹਾ ਰੁਕ ਕੇ ਮੇਰੇ ਲੀਏ ਏਕ ਲਾਰਜ ਔਰ ਆਧਾ ਪਲੇਟ ਫਿਸ਼ ਫਿੰਗਰ।"

ਗੁਰੀਏ ਉਚਾਟ ਮਨ ਚੱਢੇ ਨੂੰ ਫੋਨ ਮਿਲਾਇਆ।

"ਹੈਲੋ। ਹਾਂ ਬ੍ਰਦਰ।"

"ਕਿੱਥੇ ਰਹਿ ਗਏ ਮਹਾਰਾਜ। ਕੋਈ ਮੈਡਮ ਆਈ ਐ ਮਿਲਣ। ਵੇਟ ਕਰ ਰਿਹਾਂ ਵੀਰ ਜੀ ਮੈਂ ਵੀ... ਛੇਤੀ ਆਉ ਜੀ।"

"ਅੱਛਾ ਆ ਗਈ ? ਗੱਲ ਕਰਾ।"

ਗੁਰੀਏ ਫੋਨ ਮਾਲਤੀ ਨੂੰ ਦਿੱਤਾ।

"ਅਰੇ ਕਹਾਂ ਹੈਂ ਆਪ ?"

"ਅਰੇ ਪੂਛੋ ਮਤ। ਬਹੁਤ ਬੁਰਾ ਫਸਾ ਹੂੰ ਜਾਮ ਮੇਂ। ਤਾਜੀਏ ਵਾਜੀਏ ਕਾ ਚੱਕਰ ਹੈ ਆਗੇ। ਥੋੜ੍ਹਾ ਟਾਈਮ ਲਗੇਗਾ। ਤੁਮ ਰੁਕਨਾ। ਦੇਖੋ ਜਾਨਾ ਮਤ।"

"ਕਿੱਤਾ ਟਾਈਮ ? ਆਪ ਜਾਨਤੇ ਹੈਂ ਨਾ ਮੈਂ ਜ਼ਿਆਦਾ ਟਾਈਮ ਰੁਕ ਨਹੀਂ ਸਕਤੀ।"

"ਜਾਨਤਾ ਹੂੰ ਲੇਕਿਨ ਰੁਕਨਾ ਪੜੇਗਾ। ਮਿਗਲਾਨੀ ਕੇ ਸਾਥ ਮੀਟਿੰਗ ਹੈ ਇਨਕੀ। ਬਹੁਤ ਜ਼ਰੂਰੀ, ਬਸ ਆਤੇ ਹੈਂ ਹਮ।"

"ਕਿਆ ਕਹਾ ? ਵੋਹ ਸਾਲਾ ਖੜੂਸ। ਉਸ ਕੋ ਤੋ ਦੇਖਤੀ ਨਹੀਂ ਮੈਂ।

"ਅਰੇ ਨਹੀਂ ਬਾਬਾ, ਐਸਾ ਮਤ ਕਰੀਓ। ਆਜ ਕਾ ਜ਼ਿਮਾ ਮੇਰਾ। ਮਿਗਲਾਨੀ ਕੋ ਮੈਂ ਸੰਭਾਲੂਗਾ। ਕੋਈ ਗੜਬੜੀ ਨਹੀਂ ਹੋ ਗੀ। ਤੁਮ ਰੁਕਨਾ ਬੱਸ।"

ਮਾਲਤੀ ਟਾਈਮ ਦੇਖਿਆ।

"ਦੇਖੋ ਯਹਾਂ ਏਕ ਘੰਟੇ ਸੇ ਹੂੰ ਮੈਂ। ਅਬ ਹੁਆ ਹੈ ਸਾੜ੍ਹੇ ਦਸ। ਏਕ ਘੰਟਾ ਔਰ। ਜ਼ਿਆਤਸੀ ਨਹੀਂ। ਆਪ ਤੋ ਜਾਨਤੇ ਹੈਂ।"

ਮਾਲਤੀ ਫੋਨ ਗੁਰੀਏ ਨੂੰ ਦਿੱਤਾ।

"ਰੋਕ ਕੇ ਰੱਖੀਂ ਯਾਰ। ਇਹ ਚਾਹੀਦੀ ਐ ਜ਼ਰੂਰੀ। ਤੂੰ ਗੱਲਾਂ 'ਚ ਟਾਈਮ



ਲੰਘਾਅ। ਇਹਨੂੰ ਕਹਿ ਖਾਣ ਪੀਣ ਲਈ ਮੰਗਵਾਵੇ ਕੁਛ। ਬਸ ਪਹੁੰਚ ਰਹੇ ਹਾਂ ਅਸੀਂ ਵੀ...।"

ਗੁਰੀਏ ਨੂੰ ਲੱਗਾ ਉਹ ਸੂਲੀ 'ਤੇ ਸੀ। ਕਿਵੇਂ ਰੋਕੇ ? ਕੁਝ ਸਮਝ ਨਹੀਂ ਸੀ ਆ ਰਿਹਾ। ਫਿਰ ਲੱਗਾ ਗੱਲਾਂ ਵਿਚ ਟਾਈਮ ਲੰਘਾਇਆ ਜਾ ਸਕਦਾ ਸੀ। ਗੁਰੀਏ ਨੂੰ ਲੱਗਾ, ਮਿਗਲਾਨੀ ਦੇ ਨਾਂ ਤੋਂ ਚਿੜ੍ਹ ਕੇ ਮਾਲਤੀ ਉਚਾਟ ਹੋ ਗਈ ਲੱਗਦੀ ਸੀ। ਗੁਰੀਏ ਹਿੰਦੀ ਬੋਲਣ ਦੀ ਕੋਸ਼ਿਸ਼ ਕਰਦੇ ਪੁੱਛਿਆ।

"ਕਬ ਸੇ ਹੋ ਦਿੱਲੀ ਮੇਂ ?"

"ਤੀਨ ਸਾਲ ਸੇ।"

"ਅਪਨਾ ਹੈ ਘਰ ?"

"ਅਰੇ ਸਾਹਬ, ਕੈਸੀ ਬਾਤੇਂ ਕਰਤੇ ਹੈਂ ਆਪ

"ਕਿਉਂ ?"

"ਯਹਾਂ ਰੋਟੀ ਕੇ ਲਾਲੇ ਹੈਂ; ਔਰ ਆਪ ਪੂਛਤੇ ਹੈਂ ਖੋਲੀ ਹੈ ਕੇ ਨਹੀਂ।"

"ਫਿਰ ਬੀ ਕਹੀਂ ਤੋ ਰਹਿਤੇ ਹੋ ਨਾ।"

"ਛੋੜੋ ਆਪ ਬਤਾਈਏ।"

"ਮੈਂ... ਪੰਜਾਬ... ਪਟਿਆਲਾ।"

"ਟਰੱਕ ਹੈਂ ਆਪ ਕੇ ?"

"ਨਹੀਂ।"

"ਉਨਕੇ ਤੋਂ ਹੈਂ... ਸਦਾਰ ਜੀ ਕੇ।"

ਤਦੇ ਬਹਿਰਾ, ਮਾਲਤੀ ਲਈ ਲਾਰਜ ਤੇ ਮੱਛੀ ਲੈ ਆਇਆ। ਮੱਛੀ ਦੀ ਅਜੀਬ ਗੰਧ ਗੁਰੀਏ ਦੇ ਨੱਕ ਨੂੰ ਚੜ੍ਹੀ।

"ਘਨਸ਼ਾਮ ਜੀ ਸਾੜ੍ਹੇ ਗਿਆਰਾਂ ਖਾਨੇ ਕੇ ਲੀਏ ਆਨਾ।"

"ਤੁਸੀਂ ਉਡੀਕਣਾ ਨਹੀਂ ਚੱਢੇ ਨੂੰ ?" ਗੁਰੀਆ ਫਿਰ ਪੰਜਾਬੀ ਤੇ ਉੱਤਰ ਆਇਆ।

"ਕਿਆ ਕਰੂੰਗੀ, ਆ ਤੋ ਪਾਏਂਗੇ ਨਹੀਂ।"

"ਕਿਉਂ ?"

"ਬੋਲਾ ਨਹੀਂ ਤਾਜੀਏ ਕਾ ਜਾਮ ਹੈ। ਤੋ ਕੈਸੇ ਆਏਂਗੇ ?"

"ਤਾਜੀਏ ਕਿਆ ?"

"ਮੁਸਲਮਾਨ ਲੋਗ ਸੜਕੋਂ ਪਰ ਨਿਕਲ ਕੇ ਪੀਟਤੇ ਹੈਂ ਨਾ ਖ਼ੁਦ ਕੋ। ਲਾਖੋਂ। ਹੱਜਾਰੋਂ। ਹਿਲ ਜਾਤੀ ਹੈ ਯੂਪੀ ਔਰ ਦਿੱਲੀ।

"ਨਹੀਂ ਆਉਣਗੇ ਫਿਰ ?" ਗੁਰੀਏ ਨੂੰ ਫ਼ਿਕਰ ਹੋਇਆ।

"ਦੇਖੋ, ਸਹੀ ਮੇਂ ਫਸੇ ਹੈਂ ਤੋ ਮੁਸ਼ਕਿਲ ਹੈ। ਅਗਰ ਬਨਾ ਰਹੇ ਹੈਂ, ਤੋ ਅਭੀ

ਆ ਟਪਕੋਂਗੇ। ਔਰ ਵੋਹ ਸਾਲਾ ਮਿਗਲਾਨੀ। ਉਸਕਾ ਕੋਈ ਸੱਚ ਨਹੀਂ। ਵਹੀ ਫਸਾ ਹੋ ਗਾ ਸਾਲਾ ਕਹੀਂ।"

ਗੁਰੀਏ ਮਾਲਤੀ ਨੂੰ ਬੇ-ਝਿਜਕ ਸ਼ਰਾਬ ਪੀਂਦੇ ਦੇਖ ਕਿਹਾ।

"ਸ਼ੁਰੂ ਸੇ ਆਦਤ ਹੈ?"

"ਅਰੇ ਕਹਾਂ... ਯਾਦਵ ਹੈਂ ਹਮ। ਘਰ ਮੇਂ ਤੋ ਕੋਈ ਨਾਮ ਤੱਕ ਨਹੀਂ ਲੇਤਾ। ਯਹਾਂ ਆਨੇ ਸੇ ਪਹਿਲੇ ਮਾਂਸ ਅੰਡਾ ਕੁੱਛ ਨਹੀਂ।"

"ਤੋ ਕਿਉਂ ਸ਼ੁਰੂ ਕੀਆ?"

"ਯਹਾਂ ਕੋਈ ਦੇਖਤਾ ਹੈ ਕਿਆ?"

"ਕਮਾਲ ਹੈ? ਊਪਰ ਭਗਵਾਨ ਨਹੀਂ ਹੈ ਕਿਆ?"

"ਕਹਾਂ ਹੈ ਊਪਰ?" ਮਾਲਤੀ ਛੱਤ ਵੱਲ ਦੇਖਿਆ। "ਅਰੇ ਸਰਦਾਰ ਜੀ! ਯਹਾਂ ਆਦਮੀ ਕੋ ਆਦਮੀ ਨਹੀਂ ਦਿਖਤਾ। ਜ਼ਰੂਰਤ ਦਿਖਤੀ ਹੈ ਬੱਸ। ਭਗਵਾਨ ਕਹਾਂ ਦਿਖੇਗਾ।"

"ਮਾਨ ਲੀਆ। ਲੇਕਿਨ ਵੋਹ ਹੈ ਤੋ ਸਹੀ ਨਾ।"

"ਹੋ ਗਾ ...... ਮਗਰ ਮੇਰਾ ਨਹੀਂ। ਹੋ ਗਾ, ਤੋ ਭੀ ਦੇਖੂੰਗੀ ਨਹੀਂ।"

"ਕਿਉਂ?"

"ਦੇਖੂੰਗੀ ਤੋ ਅੰਦਰ ਸੇ ਕਚੋਟੇਗਾ ਕੁਛ। ਕਿਆ ਕਰ ਰਹੀ ਹੋ ਮਾਲਤੀ। ਇਸ ਲੀਏ ਦੇਖੋ ਹੀ ਨਹੀਂ। ਇਸੇ (ਗਿਲਾਸ ਵੱਲ ਦੇਖਦੇ) ਗਟਕੋ ਔਰ ਭੂਲ ਜਾਓ ਸਭ...।"

ਗੁਰੀਏ ਨੂੰ ਅੱਗੋਂ ਕੋਈ ਗੱਲ ਨਾ ਅਹੁੜੀ। ਚੁੱਪ ਦੇਖ ਮਾਲਤੀ ਕਿਹਾ।

"ਭੂਖ ਭੂਖ ਲਗੀ ਹੈ ਤੋ ਆਪ ਲੇ ਲੋ ਕੁਛ।"

"ਕੋਈ ਬਾਤ ਨਹੀਂ, ਉਨਕੇ ਆਨੇ ਸੇ ਖਾ ਲੂੰਗਾ।"

"ਅਰੇ ਸਰਦਾਰ ਜੀ ਖਾ ਲੀਜੀਏ। ਵੋਹ ਕਿਆ ਆਏਂਗੇ ਅਬ।"

"ਫੋਨ ਕਰਕੇ ਦੇਖਦਾਂ।" ਗੁਰੀਆ ਫੋਨ ਕਰਨ ਲੱਗਾ।

ਕੋਈ ਉੱਤਰ ਨਾ ਮਿਲਿਆ ਤਾਂ ਮਾਲਤੀ ਕਿਹਾ।

"ਨਹੀਂ ਮਿਲਾ ਨਾ?"

"ਨਾ।"

"ਮਿਲੇਗਾ ਭੀ ਨਹੀਂ। ਯਹਾਂ ਦਿੱਲੀ ਕੀ ਭੀੜ ਮੇਂ ਨਾ ਜਾਨੇ ਕਿਤਨੇ ਖੋ ਗਏ। ਓਕਾਰਾ ਜੀ ਤੋ ਭੋਲੇ ਹੈਂ ਬੀਚਾਰੇ।"

ਮਾਲਤੀ ਉੱਠੀ ਅਤੇ ਫਿਰ ਗੁਸਲਖਾਨੇ ਵੱਲ ਚਲੀ ਗਈ।

ਗੁਰੀਆ ਸੋਚਣ ਲੱਗਾ। ਸਵਾ ਗਿਆਰਾਂ ਹੋ ਰਹੇ ਸਨ। ਹੁਣੇ ਮਾਲਤੀ ਚਲੀ ਜਾਏਗੀ। ਉਹ ਇੱਕਲਾ ਕੀ ਕਰੇਗਾ ਇਥੇ? ਪਹਿਲਾਂ ਉਹ ਮਾਲਤੀ ਦੇ ਆਉਣ ਤੋਂ ਡਰਿਆ ਸੀ। ਹੁਣ ਜਾਣ 'ਤੇ ਡਰ ਰਿਹਾ ਸੀ। ਜੇ ਸਚਮੁਚ ਚੱਢਾ ਤੇ ਮਿਗਲਾਨੀ ਨਾ ਆਏ



: ਉਹਦਾ ਕੇਸ ਤਾਂ ਗਿਆ। ਗੁਰੀਏ ਦਾ ਦਿਲ ਡੁੱਬਣ ਲੱਗਾ।

ਉਚਾਟ ਮਨੋਂ ਕਈ ਵੇਰ ਫੋਨ ਮਿਲਾਇਆ। ਪਰ ਵਿਅਰਥ।

ਗੁਰੀਆ ਕਮਰੇ 'ਚ ਟਹਿਲਣ ਲੱਗਾ।

ਇਸ ਵਾਰ ਮਾਲਤੀ ਫਿਰ ਦੇਰ ਲਗਾ ਕੇ ਆਈ। ਉਹ ਕਾਹਲੀ ਵਿਚ ਸੀ ਤੇ ਵਾਰ-ਵਾਰ ਘੜੀ ਵੇਖ ਰਹੀ ਸੀ।

"ਜਾਣੈ ਤੁਸੀਂ?" ਗੁਰੀਏ ਬੁਝੇ ਮਨ ਕਿਹਾ।

"ਕਿਆ ਕਰੂੰ? ਆਪ ਹੀ ਬਤਾਈਏ?"

"ਥੋੜ੍ਹੀ ਦੇਰ ਔਰ ਰੁਕ ਜਾਤੇ।"

"ਅਰੇ ਰੁਕਤੀ ਹੂੰ ਨਾ... ਰੁਕਨੇ ਵਾਲੀ ਬਾਤ ਤੋ ਕੀਜੀਏ।"

"ਕਿਆ ਮਤਲਬ?"

"ਅਰੇ ਸਰਦਾਰ ਜੀ ਕਾਮ ਪੇ ਹੂੰ ਮੈਂ। ਰੁਕਤੀ ਹੂੰ। ਆਪ ਬੈਠੇਂਗੇ ਮੇਰੇ ਸਾਥ?"

ਗੁਰੀਏ ਨੂੰ ਲੱਗਾ, ਗੱਲ ਗਲਤ ਪਾਸੇ ਤੁਰ ਪਈ।

"ਨਹੀਂ ਨਹੀਂ ਜੀ। ਮੈਂ ਐਸਾ ਆਦਮੀ ਨਹੀਂ ਹੂੰ। ਦਰਅਸਲ ਚੱਢੇ ਨੇ ਕਿਹਾ ਰੋਕ ਕੇ ਰੱਖਣਾ। ਇਸ ਲਈ।"

"ਤੋ ਬਤਾਈਏ ਕੈਸੇ ਆਦਮੀਂ ਹੈਂ ਆਪ?" ਮਾਲਤੀ ਗੁਰੀਏ ਦੀਆਂ ਅੱਖਾਂ ਵਿਚ ਸਿੱਧਾ ਦੇਖਿਆ।

ਗੁਰੀਏ ਨੂੰ ਲੱਗਾ, ਉਹ ਫਸ ਗਿਐ। ਝਿਜਕਦੇ ਜਿਹੇ ਕਿਹਾ।

"ਵੈਸੇ ਹੀ ਬਾਤੇਂ ਕਰਤੇ ਹੈਂ, ਉਨਕੇ ਆਨੇ ਤੱਕ।"

ਤਦੇ ਬਹਿਰਾ ਆ ਗਿਆ।

"ਘਨਸ਼ਾਮ ਜੀ ਖਾਨਾ ਲਾਈਏ।"

"ਬਤਾਈਏ।" ਬਹਿਰੇ ਨੋਟ ਬੁੱਕ ਕੱਢੀ।

"ਹਾਂ ਜੀ ਬੋਲੀਏ।" ਮਾਲਤੀ ਗੁਰੀਏ ਨੂੰ ਪੁੱਛਿਆ।

"ਮੇਰੇ ਲਈ ਸਿੰਪਲ ਦਾਲ ਫੁਲਕਾ। ਪਿਓਰ ਵੈੱਜ।" ਗੁਰੀਏ ਕਾਹਲੀ ਨਾਲ ਕਿਹਾ।

"ਆਪ?" ਬਹਿਰੇ ਮਾਲਤੀ ਨੂੰ ਪੁੱਛਿਆ।

"ਮੇਰੇ ਲੀਏ ਭੀ ਵਹੀ। ਚਪਾਤੀ ਥੋੜ੍ਹੀ ਜ਼ਿਆਦਾ ਔਰ ਦੋ ਮਿਕਸ ਵੈੱਜ।"

"ਕੋਈ ਡਰਿੰਕ ਵਗੈਰਾ?"

"ਨਹੀਂ, ਰਹਿਨੇ ਦੋ... ਅਬ ਸਰਦਾਰ ਜੀ ਕੁਛ ਨਹੀਂ ਲੇ ਰਹੇ ਤੋ ਮੈਂ ਕਿਆ ਲੂੰ।"

ਬਹਿਰਾ ਚਲਾ ਗਿਆ।

ਗੁਰੀਏ ਆਖ਼ਰੀ ਕੋਸ਼ਿਸ਼ ਵਜੋਂ ਕਿਹਾ।

"ਮੈਨੇ ਕਹਾ ਕੁਛ ਦੇਰ ਔਰ ਬਾਤੇ ਕਰਤੇ। ਤਬ ਤਕ ਆ ਜਾਤੇ ਵੋਹ।"

"ਬੱਸ ਬਾਤੇਂ ? ਯਹੀ ਨਾ ਕਿ ਮੈਂ ਕੌਨ ਹੂੰ। ਕਹਾਂ ਸੇ ਆਈ। ਕਿਆ ਨਾਮ। ਕੈਸੇ ਪੜੀ ਇਸ ਚੱਕਰ ਮੇਂ। ਕਿਆ ਹੈ ਐਸੇ ਝੰਜਟ ਮੇਂ। ਔਰ ਆਖ਼ਰ ਮੇਂ ਪੂਛਨੇ ਔਰ ਬਤਾਨੇ ਵਾਲਾ ਦੋਨੋਂ ਖਾਲੀ। ਸਾਰੀ ਰਾਤ ਬਾਤੇਂ ਕਰਤੇ ਰਹੇ। ਕੁੱਛ ਹਾਸਿਲ ਹੋਗਾ ਕਿਆ। ਮੈਨੇ ਕਹਾ ਬੈਠੀਏ। ਆਪ ਨੇ ਕਹਾ, ਮੈਂ ਤੋ ਐਸਾ ਆਦਮੀ ਹੀ ਨਹੀਂ ਹੂੰ। ਤੋ ਆਪ ਐਸੀ ਜਗ੍ਹਾ ਆਏ ਕਿਉਂ ?"

"ਦਰਅਸਲ ਮੁਕੱਦਮਾ ਹੈ ਤਲਾਕ ਕਾ। ਮਿਰਲਾਨੀ ਜੀ ਕੋ ਮਿਲਨਾ ਥਾ।"

"ਤੋ ਅਈਸਾ ਬੋਲੀਏ ਨਾ ਛੋੜੋਂਗੇ ਕਿਸੀ ਕੋ।"

"ਦਰਅਸਲ..."

"ਮਤਲਬ ਕਿਸੀ ਏਕ ਕੋ ਛੋੜ, ਦੂਸਰੀ ਕੋ ਪਕੜੋਗੇ।"

"ਜੋ ਸਮਝੋ।"

"ਸ਼ਾਦੀ ਹੁਈ ਯਾਂ ਪਿਆਰ ਵਿਆਰ ਕਾ ਚੱਕਰ ਥਾ ?"

"ਨਹੀਂ ਨਹੀਂ ਸ਼ਾਦੀ ਹੁਈ। ਪੱਕੀ।"

"ਫਿਰ ਭੀ ਕਿਸੀ ਦੂਸਰੀ ਕੋ ਪਕੜੋਗੇ।"

"ਪਕੜਨਾ ਕਿਆ। ਸ਼ਾਦੀ ਕਰੂੰਗਾ ਉਸਸੇ।"

"ਕੁਛ ਭੀ ਕਰੋ। ਬਾਤ ਤੋ ਵਹੀ ਹੈ। ਪਹਿਲੇ ਏਕ। ਫਿਰ ਕੋਈ ਦੂਸਰੀ। ਵੋਹ ਨਹੀਂ ਚਲੇਗੀ ਤੋ ਕੋਈ ਤੀਸਰੀ। ਬਦਲਤੇ ਜਾਓ... ਤੁਮ ਤੋ ਵਹੀ ਰਹੇ ਨਾ। ਬੱਸ ਔਰਤ ਕੋ ਬਦਲ ਲੋ। ਖ਼ੁਦ ਵਹੀ ਰਹੋ।"

ਮਾਲਤੀ ਦਾ ਵਾਰ ਬਹੁਤ ਤਿੱਖਾ ਸੀ। ਗੁਰੀਆ ਸੋਚਦਾ ਰਹਿ ਗਿਆ। ਗੁਰੀਏ ਨੂੰ ਚੁੱਪ ਦੇਖ ਮਾਲਤੀ ਫਿਰ ਕਿਹਾ।

"ਜਬ ਆਪ ਨੇ ਸ਼ਾਦੀ ਕੀ, ਤੋ ਪਤਾ ਥਾ ਦੂਸਰੀ ਆਏਗੀ ? ਨਹੀਂ ਨਾ...। ਅਬ ਕਿਆ ਮਾਲੂਮ, ਕਬ ਤੀਸਰੀ ਆ ਜਾਏ।"

"ਨਹੀਂ ਨਹੀਂ... ਐਸੀ ਬਾਤ ਨਹੀਂ।" ਗੁਰੀਏ ਦਾ ਮਨ ਬੈਠਣ ਲੱਗਾ।

"ਅਰੇ ਸਾਹਬ, ਜਬ ਏਕ ਕੇ ਬਾਦ ਦੂਸਰੀ ਆ ਗਈ। ਤਬ ਤੀਸਰੀ ਹੋ ਯਾ ਚੌਥੀ ਕਿਆ ਫ਼ਰਕ ਪੜਤਾ ਹੈ। ਇਸੀ ਲੀਏ ਬੋਲਾ ਨਾ ਚਲੋ ਆਜ ਹੀ ਸ਼ੁਰੂ ਕਰਤੇ ਹੈਂ ਦੂਸਰੇ ਵਾਲੀ।"

ਬਹਿਰਾ ਖਾਣਾ ਲੈ ਆਇਆ। ਗੁਰੀਏ ਸ਼ੁਕਰ ਕੀਤਾ।

"ਘਬਰਾਈਏ ਨਹੀਂ ਪਈਸਾ ਵਈਸਾ ਨਹੀਂ ਲੂੰ ਗੀ।"

"ਕਿਉਂ ?"

"ਖੁਸ਼ੀ ਸੇ ਦੋ ਗੇ ਤੋ ਲੇ ਭੀ ਲੂੰਗੀ। ਅਬ ਓਕਾਰਾ ਜੀ ਕਾ ਇਤਨਾ ਖਾ ਲੀਆ ਹੈ, ਸੋਚੂੰਗੀ ਮੁਫ਼ਤ ਮੇਂ ਨਹੀਂ ਖਾਇਆ।

ਦੋਵੇਂ ਖਾਣਾ ਖਾਣ ਲੱਗੇ। ਗੁਰੀਏ ਸੋਚਿਆ, ਕੀ ਪਤਾ ਤਦ ਤੀਕ ਚੰਗਾ ਆ



ਹੀ ਜਾਵੇ। ਉਸ ਕਿਹਾ।

"ਇਤਨਾ ਸੋਚਤੀ ਹੋ ਤੋ ਛੋੜ ਕਿਉਂ ਨਹੀਂ ਦੇਤੀ।"

"ਬੱਸ ਏਕ ਸਾਲ ਔਰ। ਫਿਰ ਨਹੀਂ।"

"ਏਕ ਸਾਲ ਕਿਉਂ ?" ਗੁਰੀਆ ਹੈਰਾਨ ਸੀ।

ਮਾਲਤੀ ਖਾਣਾ ਛੱਡ ਹਉਕਾ ਲਿਆ।

"ਪਈਸਾ ਚਹੀਏ ਬਹੁਤ। ਇਸ ਲੀਏ।"

"ਕੌਨ-ਕੌਨ ਹੈ ਘਰ ਮੇਂ ?"

"ਮੈਂ ਔਰ ਮੇਰਾ ਪਤੀ...।"

"ਕੀ ਕਿਹਾ ? ਸ਼ਾਦੀਸ਼ੁਦਾ ਹੋ ?" ਗੁਰੀਏ ਦੀ ਖਾਨਿਉਂ ਗਈ।

"ਤੋ ਕਿਆ ?"

"ਕੀ ਕੰਮ ਕਰਦੇ ਤੁਹਾਡਾ ਪਤੀ ?"

"ਅਭੀ ਤੋ ਕੁੱਛ ਨਹੀਂ।"

"ਕਿਉਂ ?" ਗੁਰੀਏ ਨਫ਼ਰਤ ਨਾਲ ਮਾਲਤੀ ਵੱਲ ਦੇਖਿਆ। ਘਿਰਨਾ ਵੱਸ ਆਪਣੀ ਪਲੇਟ ਚੁੱਕ ਹੱਥ ਵਿਚ ਫੜ ਲਈ।

"ਬੱਸ ਐਸੇ ਹੀ।" ਮਾਲਤੀ ਬੇ-ਪ੍ਰਵਾਹੀ ਨਾਲ ਕਿਹਾ।

"ਮਤਲਬ ਔਰਤ ਦੀ ਕਮਾਈ ਤੇ ਐਸ਼ ਕਰਨ ਵਾਲੇ। ਇਹੀ ਨਾ।"

ਗੁਰੀਏ ਨਫ਼ਰਤ ਵਾਲੀ ਚੋਭ ਨਾਲ ਕਿਹਾ।

"ਅਰੇ ਨਹੀਂ, ਐਸਾ ਨਹੀਂ ਹੈ ਵੋਹ।"

"ਦਿੱਲੀ ਕਾ ਹੈ ?"

"ਯੂਪੀ ਕਾ... ਜਾਨਤੇ ਹੈਂ ਓਕਾਰਾ ਸਾਹਿਬ ਉਸੇ।"

"ਮੈਂ ਤੋ ਸੋਚ ਭੀ ਨਹੀਂ ਸਕਤਾ, ਔਰਤ ਐਸਾ ਕਾਮ ਕਰੇ ਔਰ ਆਦਮੀ ਦੇਖਤਾ ਰਹੇ।"

"ਠੀਕ ਬੋਲਾ। ਲੇਕਿਨ ਹੋਤਾ ਹੈ ਕਭੀ ਕਭੀ।"

"ਯਹੀ ਤੋ ਪੂਛ ਰਹਾ ਹੂੰ। ਕਿਉਂ ਹੋਤਾ ਹੈ ਐਸੇ।"

"ਪਈਸਾ ਚਹੀਏ ਨਾ ਬਹੁਤ ਇਸ ਲੀਏ।"

"ਕਿਤਨਾ ?" ਗੁਰੀਆ ਸੋਚ ਰਿਹਾ ਸੀ ਦੇਖਾਂ ਤਾਂ ਸਹੀ ਕਿਤਨਾ ਗਿਰ ਸਕਦੀ ਹੈ ਇਹ। ਉਹਨੂੰ ਮਨ ਹੀ ਮਨ ਦੁੱਖ ਹੋਇਆ। ਅਜਿਹੀ ਗ਼ਲੀਜ਼ ਔਰਤ ਨਾਲ ਗੱਲੀਂ ਪਿਆ।

"ਅਰੇ ਛੋੜੋ ਸਾਹਬ। ਸਾਥ ਸੋਨੇ ਸੇ ਮਨ੍ਹਾਂ ਕਰ ਦੀਆ, ਔਰ ਪੂਛਤੇ ਹੋ ਕਿਤਨਾ।"

ਦੋਵੇਂ ਤਲਖ਼ੀ 'ਚ ਚੁੱਪ ਹੋ ਗਏ। ਕਾਫ਼ੀ ਦੇਰ ਆਪਸ ਵਿਚ ਬੋਲੇ ਨਹੀਂ। ਖਾਣਾ

ਖ਼ਤਮ ਕਰ ਦੋਹਾਂ ਹੱਥ ਧੋਤੇ। ਫਿਰ ਆ ਕੇ ਬੈਠ ਗਏ।

ਬਹਿਰਾ ਆਇਆ।

"ਕੋਈ ਸਵੀਟ ਡਿਸ਼ ?"

"ਨਹੀਂ ਮੈਂ ਤਾਂ ਨਹੀਂ ਲਵਾਂਗਾ।" ਗੁਰੀਆ ਤਪਣ ਲੱਗਾ।

"ਮੇਰੇ ਲੀਏ ਬੀ ਛੋੜੋ।" ਮਾਲਤੀ ਵੀ ਸਿਰ ਫੇਰ ਗਈ।

ਬਹਿਰਾ ਬਰਤਨ ਸਮੇਟਣ ਲੱਗਾ।

ਮਾਲਤੀ ਗੁਸਲਖਾਨੇ ਵੱਲ ਚਲੀ ਗਈ।...

ਗੁਰੀਏ ਦਾ ਸਿਰ ਫਟਣ ਲੱਗਾ। ਨਾ ਚੱਢਾ ਆਇਆ, ਨਾ ਮਿਗਲਾਨੀ। ਇਹ ਹਰਾਮਜ਼ਾਦੀ ਵੀ ਜਾ ਰਹੀ ਸੀ। ਮੁਕੱਦਮਾ ਤਾਂ ਗਿਆ। ਗੁਰੀਏ ਦਾ ਮਨ ਭਰ ਆਇਆ। ਪਹਿਲਾਂ ਰਮੀ ਐਸੀ ਮਿਲੀ। ਹੁਣ ਇਹ ਮਾਲਤੀ। ਪੈਸਾ ਬਰਬਾਦ ਗਿਆ। ਬਣਿਆ ਕੱਖ ਨਾ। ਰਿਖਾ ਤਾਂ ਦੂਰ; ਰਮੀ ਹੀ ਚਿਪਕੀ ਪਈ ਸੀ। ਗੁਰੀਏ ਹਉਕਾ ਲਿਆ। ਕਿਉਂ ਚੱਢੇ ਦੀਆਂ ਗੱਲਾਂ 'ਚ ਆਇਆ।

ਮਾਲਤੀ ਪਰਤੀ ਤਾਂ ਗੁਰੀਆ ਦੇਖਦਾ ਰਹਿ ਗਿਆ। ਬਿਲਕੁਲ ਬਦਲੀ ਹੋਈ। ਮੱਥੇ ਪੁਰ ਬਿੰਦੀ। ਕੇਸਾਂ ਵਿਚ ਸੰਧੂਰ ਦੀ ਲੀਕ। ਬਦਲੀ ਹੋਈ ਸਾੜ੍ਹੀ। ਗੁਰੀਏ ਦਾ ਮਨ ਨਫ਼ਰਤ ਨਾਲ ਭਰ ਗਿਆ। ਮਾਲਤੀ ਦੇ ਵੱਡਾ ਸਾਰਾ ਪਰਸ ਚੁੱਕਣ ਦਾ ਮਤਲਬ ਵੀ ਸਮਝ ਵਿਚ ਆ ਗਿਆ। ਕਿਹੋ ਜਿਹੀ ਔਰਤ ਸੀ ? ਇਕ ਪਾਸੇ ਪਤੀ, ਦੂਜੇ ਪਾਸੇ ਜਿਸਮ ਫਰੋਸ਼ੀ। ਉੱਤੋਂ ਬਿੰਦੀ ਅਤੇ ਸੰਧੂਰ।

ਮਾਲਤੀ ਟਹਿਲਦੀ ਹੋਈ, ਗੁਰੀਏ ਦੇ ਨੇੜੇ ਆਈ।

"ਠੀਕ ਹੈ ਸਰਦਾਰ ਜੀ ਚਲਤੀ ਹੂੰ ਮੈਂ।"

ਗੁਰੀਏ ਆਪਣੀਆਂ ਹੀ ਅੱਖਾਂ ਮੂਹਰੇ, ਆਪਣਾ ਹੀ ਮਨਸੂਬਾ ਢਹਿ ਢੇਰੀ ਹੁੰਦੇ ਮਹਿਸੂਸਿਆ ਅਤੇ ਅਣਮੰਨੇ ਜਿਹੇ ਮਨ ਕਿਹਾ।

"ਪੂਛੋਂ ਤੋ ਕਿਆ ਬੋਲੂੰ ਉਨ ਕੋ ?"

"ਬੋਲਨਾ ਕਿਆ ? ਅਬ ਆਏ ਨਹੀਂ ਤੋਂ ਰਾਤ ਭਰ ਬੈਠੂੰਗੀ ਕਿਆ ?"

ਗੁਰੀਏ ਨਫ਼ਰਤ ਨਾਲ ਮੱਥਾ ਸਕੋੜਿਆ ਅਤੇ ਪਾਸਾ ਵੱਟ ਲਿਆ।

ਤਦੇ ਮਾਲਤੀ ਦੋ ਕਦਮ ਤੁਰਦੀ ਹੋਈ ਫਿਰ ਗੁਰੀਏ ਦੇ ਸਾਮ੍ਹਣੇ ਆਈ ਅਤੇ ਕਿਹਾ।

"ਸਾਹਿਬ, ਬੋਲੋ ਤੋ ਯੇਹ ਬਚਾ ਖਾਨਾ ਲੇ ਲੂੰ ?"

ਗੁਰੀਏ ਨੂੰ ਕਚਿਆਣ ਆਈ। ਕਿਹਾ।

"ਕਿਆ ਕਰੋਗੀ ਇਸਕਾ ?"

"ਬੋਲੋਗੇ ਤੋਂ ਲੂੰ ਗੀ, ਨਹੀਂ ਤੋ ਨਹੀਂ।"

"ਲੇ ਲੋ ... ਭੂਖ ਹੈ ਤੋ ਯਹੀਂ ਖਾ ਲੋ।"



ਗੁਰੀਏ ਦੇਖਿਆ, ਮਾਲਤੀ ਪਰਸ ਵਿਚੋਂ ਰੋਟੀ ਵਾਲਾ ਟਿਫਨ ਕੱਢਿਆ ਅਤੇ ਸੁੱਕੀ ਸਬਜ਼ੀ ਰੋਟੀਆਂ ਸਮੇਤ ਸਮੇਟਣ ਲੱਗੀ। ਫਿਰ ਉਸ ਪਾਣੀ ਦੀਆਂ ਦੋ ਅੱਧੀਆਂ-ਅੱਧੀਆਂ ਬੋਤਲਾਂ 'ਚੋਂ ਇਕ ਵਿਚ ਕੀਤਾ। ਗੁਰੀਏ ਨੂੰ ਗੁੱਸੇ ਨਾਲ ਦੇਖਦੇ, ਕਿਹਾ। "ਮੁਝੇ ਚਾਹੀਏ ਇਸ ਲੀਏ।"

"ਯਹੀਂ ਪੀ ਲੋ..... ਔਰ ਚਾਹੀਏ ਤੋ ਨਈ ਮੰਗਵਾ ਲੋ।"

"ਨਹੀਂ ਮੁਝੇ ਨਹੀਂ। ਮੇਰੇ ਪਤੀ ਕੇ ਲੀਏ ਚਾਹੀਏ।

"ਇਹ ਬਚਿਆ ਖਾਣਾ ਤੇ ਪਾਣੀ ਉਹਦੇ ਲਈ ਏ ?"

"ਹਾਂ ਸਾਹਬ, ਅਬ ਇਤਨੀਂ ਰਾਤ ਗਏ ਕਹਾਂ ਮਿਲੇਗਾ ਖਾਨਾ ਔਰ ਪਾਨੀ।"

ਗੁਰੀਏ ਦਾ ਸਿਰ ਚਕਰਾਇਆ। ਮੱਥੇ ਹੇਠ ਟੱਸ-ਟੱਸ ਹੋਈ।

"ਕਿੱਥੇ ਐ ਤੇਰਾ ਪਤੀ ?"

"ਖੋਲੀ ਮੇਂ ਹੈ ਸਾਹਿਬ!"

"ਉਸਨੂੰ ਪਤਾ ਹੈ ਤੂੰ ਇੱਥੇ ਹੈਂ ?"

"ਹਾਂ ਹਾਂ ਕਿਉਂ ਨਹੀਂ। ਮਾਲੂਮ ਹੈ ਉਸਕੋ।"

ਗੁਰੀਏ ਲਈ ਸੁਣਨਾ ਮੁਸ਼ਕਿਲ ਹੋ ਗਿਆ।

"ਹਦ ਹੋ ਗਈ। ਮੈਂ ਤਾਂ ਹੈਰਾਨ ਹਾਂ। ਤੈਨੂੰ ਏਧਰ ਭੇਜ ਕੇ ਆਪ ਘਰ ਬੈਠੈ। ਕੈਸਾ ਆਦਮੀ ਹੈ ਓਹ ?"

"ਕਿਆ ਕਰੇ ? ਬਿਮਾਰ ਹੈ ਬਹੁਤ। ਚਲ ਬੀ ਨਹੀਂ ਸਕਤਾ।"

"ਕਿਉਂ ? ਕੀ ਹੋਇਆ ਉਹਨੂੰ ?"

ਮਾਲਤੀ ਇਕ ਪਲ ਚੁੱਪ ਹੋ ਗਈ। ਬਹਿਰੇ ਵੀ ਬਰਤਨ ਸਮੇਟਣੇ ਬੰਦ ਕਰ ਦਿੱਤੇ। ਮਾਲਤੀ ਅੱਖਾਂ ਭਰ ਆਈ। ਸਾੜ੍ਹੀ ਦੇ ਪੱਲੂ ਨਾਲ ਅੱਖਾਂ ਪੂੰਝ ਰੋਣ ਵਾਂਗ ਕਿਹਾ।

"ਕੈਂਸਰ ਵਾਲੀ ਬਿਮਾਰੀ ਬਤਾ ਰਹੇ ਹੈਂ ਡਾਂਕਟਰ। ਬੋਲਤੇ ਹੈਂ ਇਲਾਜ ਕਰਾਓ। ਠੀਕ ਕਰ ਦੇਂਗੇ; ਏਕ ਸਾਲ ਮੇਂ।"

ਗੁਰੀਏ ਕੰਬਦੇ ਹਿਰਦੇ ਨਾਲ ਮਾਲਤੀ ਨੂੰ ਰੋਟੀਆਂ ਸੰਭਾਲਦੇ ਦੇਖ ਗੱਚ ਭਰ ਲਿਆ ਅਤੇ ਟੁੱਟਦੇ ਬੋਲਾਂ ਨਾਲ ਕਿਹਾ।

"ਲੇਕਿਨ ਕੈਂਸਰ ਤਾਂ ਲਾ-ਇਲਾਜ ਹੈ।"

"ਯਹੀ ਕਹਿਤਾ ਹੈ ਸਾਹਬ ਵੋਹ ਬੀ। ਰੋਤਾ ਹੈ ਹਰ ਬਖ਼ਤ। ਲੇਕਿਨ ਮੈਂ ਨਹੀਂ ਮਾਨਤੀ। ਬੋਲਤੀ ਹੂੰ, ਮੈਂ ਹੂੰ ਨਾ। ਮੌਤ ਕੋ ਛੂਨੇ ਨਹੀਂ ਦੂੰਗੀ ਤੁਮੇਂ।"

ਮਾਲਤੀ ਦੀਆਂ ਅੱਖਾਂ ਵਿਚ ਚਮਕ ਅਤੇ ਚਿਹਰੇ 'ਤੇ ਆਭਾ ਦੇਖ ਗੁਰੀਆ ਸੁੰਨ ਰਹਿ ਗਿਆ। ਇਕਾ ਇਕ ਗੁਰੀਏ ਦੀ ਦੇਹ ਵਿਚ ਕਾਂਬਾ ਛਿੜਿਆ। ਸਿਰ ਨੂੰ ਚੱਕਰ ਆਇਆ। ਰਮੀ ਦੀ ਦੇਹ 'ਤੇ ਫੁਲਬਹਿਰੀ ਦੇ ਚਟਾਕ ਯਾਦ ਆਏ ਅਤੇ ਉਹ ਚੱਕਰ ਖਾ ਕੇ ਫਰਸ਼ ਤੇ ਹੀ ਢੇਰੀ ਹੋ ਗਿਆ।

ਮਾਲਤੀ ਅਤੇ ਬਹਿਰਾ ਦੌੜ ਕੇ ਗੁਰੀਏ ਕੋਲ ਆਏ।

"ਅਰੇ ਕਿਆ ਹੁਆ ? ਆਪ ਠੀਕ ਤੋ ਹੈਂ ?" ਮਾਲਤੀ ਘਾਬਰ ਗਈ। ਉਸ ਹੱਥ ਵਿਚ ਫੜੀ ਪਾਣੀ ਦੀ ਬੋਤਲ ਗੁਰੀਏ ਦੇ ਮੂੰਹ ਵੱਲ ਕੀਤੀ। ਗੁਰੀਏ ਪਾਣੀ ਪੀਣ ਤੋਂ ਨਾਂਹ ਕਰਦੇ ਸਿਰ ਹੱਥਾਂ ਵਿਚ ਲੈ ਲਿਆ ਜਿਵੇਂ ਬਹੁਤ ਪੀੜ ਹੋ ਰਹੀ ਹੋਵੇ। ਕਾਫ਼ੀ ਦੇਰ ਬਾਦ ਹੌਸਲਾ ਕਰਦੇ ਹੈਰਾਨੀ 'ਚ ਕਿਹਾ।

"ਕੈਂਸਰ ਨਾਲ ਲੜ ਰਹੀ ਏਂ ਤੂੰ ?"

"ਭਗਵਾਨ ਕੇ ਸਾਮਨੇ ਹਾਥ ਪਕੜਾ ਹੈ ਸਾਹਬ! ਖੁਦ ਕੋ ਬੇਚ ਦੂੰਗੀ, ਮਗਰ ਰਾਸਤੇ ਮੇਂ ਨਹੀਂ ਛੋੜੂੰਗੀ। ਕੈਂਸਰ ਵੈਂਸਰ ਕਿਆ ਹੈ ਸਾਲਾ।"

ਮਾਲਤੀ ਗੁਰੀਏ ਦੇ ਸਿਰ ਤੇ ਖੜ੍ਹੀ ਸੀ।...

ਗੁਰੀਏ ਉੱਪਰ ਨੂੰ ਮੂੰਹ ਕਰਦੇ ਮਾਲਤੀ ਵੱਲ ਦੇਖਿਆ। ਲੱਗਾ ਕੋਈ ਦੇਵੀ ਖੜ੍ਹੀ ਸੀ। ਜਿਹੜੀ ਮੌਤ ਨੂੰ ਲਲਕਾਰ ਰਹੀ ਸੀ। ਗੁਰੀਏ ਨੇ ਕੰਬਦੇ ਹੱਥ ਬਟੂਏ ਵੱਲ ਕੀਤੇ।

"ਨਹੀਂ ਲੇਗੀ ਸਾਹਿਬ।" ਘਣਸ਼ਾਮ ਕਿਹਾ। "ਮੈਂ ਜਾਨਤਾ ਹੂੰ ਇਸੇ। ਖ਼ੈਰਾਇਤ ਮੇਂ ਕੁੱਛ ਨਹੀਂ ਲੇਤੀ। ਬੱਸ ਇਸ ਬਚੇ ਹੁਏ ਖਾਨੇ ਕੇ ਸਿਵਾ।"

"ਆਪ ਠੀਕ ਹੈਂ ਨਾ ?" ਮਾਲਤੀ ਗੁਰੀਏ ਨੂੰ ਫਿਰ ਪੁੱਛਿਆ।

ਗੁਰੀਏ ਨੀਵੀਂ ਪਾਈ।

"ਠੀਕ ਹੈ ਚਲਤੀ ਹੂੰ ਮੈਂ।" ਮਾਲਤੀ ਕਿਹਾ, ਅਤੇ ਚਲੀ ਗਈ।

ਗੁਰੀਆ ਉੱਠਿਆ ਅਤੇ ਨਿਸੱਤਾ ਜਿਹਾ ਬੈੱਡ 'ਤੇ ਬੈਠ ਗਿਆ।

ਬਹਿਰੇ ਬਰਤਨ ਸਮੇਟੇ ਤੇ ਕਿਹਾ।

"ਬਹੁਤ ਖ਼ੁੱਦਾਰ ਹੈ ਸਾਹਿਬ! ਇਸੇ ਬੇਟੀ ਕੀ ਤਰਹੇਂ ਮਾਨਤੇ ਹੈਂ ਹਮ।"

ਬਹਿਰਾ ਚਲਾ ਗਿਆ। ਮਾਲਤੀ ਚਲੀ ਗਈ।...

ਕਮਰਾ ਖਾਲੀ ਸੀ।...

ਗੁਰੀਆ ਕਾਫ਼ੀ ਦੇਰ ਸੁੰਨ ਬੈਠਾ ਰਿਹਾ।

ਫਿਰ ਉਹਨੂੰ ਲੱਗਾ, ਕਮਰਾ ਖਾਲੀ ਨਹੀਂ ਸੀ। ਕਮਰੇ ਵਿਚ ਮਾਲਤੀ ਸੀ। ਸੋਫ਼ੇ ਤੇ ਬੈਠੀ। ਗ਼ੁਸਲਖਾਨੇ ਵੱਲ ਗਈ। ਬਚੀ ਹੋਈ ਰੋਟੀ ਅਤੇ ਸਬਜ਼ੀ ਸਮੇਟਦੀ। ਸ਼ਰਾਬ ਦੀਆਂ ਚੁਸਕੀਆਂ ਲੈ ਰਹੀ।

ਅਚਾਨਕ ਮਹਿਸੂਸ ਹੋਇਆ।...

ਉਹ ਫ਼ਰਸ਼ ਤੇ ਬੈਠਾ ਸੀ। ਬੈਠਾ ਨਹੀਂ ਚੱਕਰ ਖਾ ਕੇ ਡਿੱਗਿਆ ਸੀ। ਕੋਈ ਵਿਸ਼ਾਲ ਕਾਇਆ। ਕਾਇਆ ਨਹੀਂ ਮਾਲਤੀ। ਉਹਦੇ ਸਾਮ੍ਹਣੇ, ਬਿਲਕੁਲ ਕੋਲ ਖੜ੍ਹੀ ਸੀ।... ਉਹਨੂੰ ਆਪਣੇ ਆਪ 'ਤੇ ਤਰਸ ਆਇਆ। ਗਲਾ ਭਰਿਆ ਅਤੇ ਅੱਥਰੂ ਉਮਡ ਆਏ। ਉਹਦੀ ਭੁੱਬ ਨਿਕਲੀ। ਮਾਲਤੀ ਦੇ ਸਾਮ੍ਹਣੇ ਉਹ ਕੀ ਸੀ ? ਵੇਗ ਵਿਚ ਉਹ ਇਤਨਾ ਵਹਿ ਤੁਰਿਆ; ਬੱਚਿਆਂ ਵਾਂਗ ਰੋਣ ਲੱਗਾ।...



ਹਉਕਾ ਲੈ ਉੱਠਿਆ। ਇਕ ਪਲ ਤ੍ਰਿਖਾ ਅਤੇ ਰਮੀ ਚੇਤੇ ਕਰਨ ਦੀ ਕੋਸ਼ਿਸ਼ ਕੀਤੀ। ਜ਼ਿਹਨ ਵਿਚ ਕੁਝ ਵੀ ਨਾ ਆਇਆ। ਜਿਵੇਂ ਹੀ ਅੱਥਰੂਆਂ ਨਾਲ ਭਿੱਜਾ ਮੂੰਹ ਧੋਤਾ। ਸ਼ੀਸ਼ੇ 'ਚ ਦੇਖਿਆ, ਲੱਗਾ ਅੱਗੇ-ਪਿੱਛੇ, ਆਸੇ-ਪਾਸੇ ਮਾਲਤੀ ਖੜ੍ਹੀ ਸੀ... ਵਿਸ਼ਾਲ ਕਾਇਆ। ਚਿਹਰੇ 'ਤੇ ਆਭਾ ਅਤੇ ਮੌਤ ਨੂੰ ਲਲਕਾਰਦੀ ਹੋਈ। ਅਡੋਲ।...

ਗੁਰੀਏ ਕਾਹਲੀ ਨਾਲ ਚੱਢੇ ਨੂੰ ਫ਼ੋਨ ਕੀਤਾ।

"ਥੁਦਰ ਪੰਜ ਮਿਨਟ...। ਬੱਸ ਆਏ।" ਚੱਢੇ ਘਾਬਰ ਕੇ ਕਿਹਾ।

"ਕੋਈ ਫ਼ਾਇਦਾ ਨਹੀਂ।" ਗੁਰੀਆ ਵਜਦ ਵਿਚ ਸੀ।

"ਗਈ ਮਾਲਤੀ ?" ਚੱਢੇ ਦੀ ਅਵਾਜ਼ ਥਿੜਕੀ।

"ਨਹੀਂ। ਇੱਥੇ ਹੀ ਹੈ। ਮੇਰੇ ਸਾਮ੍ਹਣੇ।"

"ਗੱਲ ਕਰਾ, ਮੈਂ ਲਿਫਟ ਵਿਚ ਹਾਂ।"

"ਕਿਹੇ ਨਾ ਕੋਈ ਫ਼ਾਇਦਾ ਨਹੀਂ।"

"ਕਿਉਂ ?"

"ਮੈਂ ਤਲਾਕ ਨਹੀਂ ਲੈ ਰਿਹਾ।"...

•

# ਸਦਗਤੀ

ਸਿੱਧੂ-ਵਿਲਾ ਦੀ ਦਹਿਸ਼ਤ ਅਦਿੱਖ ਸੀ। ਲਾਲ ਜੀ ਦੀ ਜੱਗ-ਜਾਹਰ।...

ਸਧਾਰਨ ਦਿੱਖ ਦੀ ਕੋਠੀ। ਚਉਬਾਰੇ। ਮਮਟੀ। ਟੈਂਕੀ 'ਤੇ ਉੱਡਦਾ ਸੀਮਟ ਦਾ ਪਥਰੀਲਾ ਬਾਜ। ਦਲਾਨ। ਬੈਠਕਾਂ। ਫਰਨੀਚਰ। ਕਾਲੀਨ। ਗਲਿਆਰਾ। ਬਗੀਚਾ। ਗੋਲਾਕਾਰ ਪੌੜੀਆਂ। ਬਾਵਰਚੀਖਾਨਾ। ਲਾਅਨ। ਪੋਰਚ ਅਤੇ ਵਲਗਣ। ਸਭ ਕੁਝ ਆਮ ਜਿਹਾ।

ਦਹਿਸ਼ਤ ਕਿੱਥੇ ਸੀ ?...

ਸ਼ਾਇਦ ਕੋਠੀ ਦੀ ਚੁੱਪ ਵਿੱਚ ਸੀ। ਕੰਧਾਂ ਤੇ ਜੜੇ ਜਾਨਵਰਾਂ ਦੇ ਬਨਾਉਟੀ ਚਿਹਰਿਆਂ ਵਿੱਚ ਸੀ। ਹਵਾ ਦੀਆਂ ਸਿਸਕੀਆਂ ਵਿੱਚ ਸੀ। ਜਾਂ ਗੇਟ ਤੇ ਲੱਗੀ, ਐਸ.ਪੀ. ਗੁਰਲਾਲ ਸਿੰਘ ਸਿੱਧੂ ਦੀ ਤਖ਼ਤੀ ਵਿਚ ਸੀ, ਜਿਸਦੇ ਸੋਨਮਈ ਅੱਖਰ ਵੇਖਣ ਵਾਲੇ ਨੂੰ ਸੇਲੇ ਵਾਂਗ ਚੁੱਭਦੇ। ਜਾਂ ਲਾਲ ਜੀ ਦੀ ਭਰਵੀਂ ਡੀਲ-ਡੌਲ ਵਿੱਚ ਸੀ। ਰੋਬ੍ਹਦਾਰ ਚਿਹਰਾ। ਕੌੜ ਸੁਭਾਅ। ਤਣਿਆ ਮੱਥਾ। ਘੂਰਦੀਆਂ ਅੱਖਾਂ। ਖੜ੍ਹੀਆਂ ਮੁੱਛਾਂ। ਮੋਢਿਆਂ ਤੇ ਤਾਰੇ। ਪੱਗ ਦੇ ਟੂਸੇ 'ਤੇ ਸ਼ੇਰ ਅਤੇ ਹੱਥੀਂ ਫੜੇ ਚਾਂਦੀ ਦੀ ਸੰਮ ਵਾਲੇ ਰੂਲ ਵਿੱਚ ਸੀ।...

ਕੋਈ ਅਦਿੱਖ ਦਹਿਸ਼ਤ ਨੌਕਰਾਂ ਦੇ ਸਾਹਾਂ ਵਿੱਚ ਵੀ ਸੀ।...

-ਅੱਕੋ ਜੋ ਬਾਲ-ਉਮਰੇ ਲਾਲ ਜੀ ਦੀ ਖਿਡਾਵੀ ਵਜੋਂ ਆਈ। ਪਹਿਲਾਂ ਪਿੰਡ ਦੀ ਹਵੇਲੀ, ਫਿਰ ਕੋਠੀ ਵਿਚ। ਹੁਣ ਤਾਂ ਉਹ ਕੋਠੀ ਦੀ ਕੁੰਜੀਬਰਦਾਰ ਸੀ। ਪਰ ਆਪਣਾ ਅਤੀਤ ਭੁੱਲ ਚੁੱਕੀ ਸੀ। ਜਿਨ੍ਹਾਂ ਸਾਲਾਂ ਵਿੱਚ ਗੁਰਲਾਲ ਪੜ੍ਹਨ ਗਿਆ; ਉਸ ਦੌਰਾਨ ਅੱਕੋ ਦਾ ਵਿਆਹ ਹੋਇਆ। ਬੱਚੇ ਹੋਏ। ਲਾਲ ਜੀ ਪੜ੍ਹ ਕੇ ਪਰਤਿਆ ਤਾਂ ਵੱਡੇ ਸਰਦਾਰ; ਦਿੱਤੇ ਕਰਜ਼ ਬਦਲੇ ਅੱਕੋ ਫਿਰ ਮੰਗ ਲਈ।

-ਰਸੋਈਆ ਭੱਪੀ। ਜਿਸਦਾ ਨਾ ਅੱਗਾ ਨਾ ਪਿੱਛਾ। ਵੱਡਾ ਸਰਦਾਰ ਕਿਸੇ ਅਨਾਥ ਆਸ਼ਰਮ ਤੋਂ ਮੁਤਬੰਨਾ ਬਣਾਉਣ ਲਈ ਲੈ ਕੇ ਆਇਆ। ਆਉਂਦੇ ਚੁੱਲ੍ਹੇ ਦੀ ਅੱਗ ਵਿਚ ਝੋਕ ਦਿੱਤਾ।

-ਨੈਪਾਲੀ ਰਾਣੂ ਥਾਪਾ। ਪੈਰੋਲ ਤੇ ਆਇਆ।

-ਬੱਲੂ ਧੂਸ! ਕੋਠੀ ਦਾ ਦਹਿਸ਼ਤਜ਼ਦਾ ਖ਼ਿਦਮਤਗਾਰ।

-ਘਰ ਦੇ ਕੁੱਤੇ। ਬੁਲਿਟ। ਮਾਊਜ਼ਰ ਤੇ ਸ਼ਿਫਟੀ। ਲਾਲ ਜੀ ਦੀ ਘੂਰ ਨਾਲ ਪੈਰਾਂ 'ਚ ਲਿਟਣ ਵਾਲੇ।



-ਗੇਟ ਦੀ ਪੁਲਸੀਆ ਗਾਰਦ। ਬਿਨਾਂ ਕਾਰਨ ਸਾਹ ਸੁੱਕੇ ਰਹਿਣ ਵਾਲੀ। ਕਦੇ ਬੱਲੂ ਨਾਲ ਖੁੱਲ੍ਹਦੇ ਤਾਂ ਪੁੱਛਦੇ।

"ਬੜੇ ਸਾਲਾਂ ਤੋਂ ਹੈਂ। ਐਨੇ ਸਖ਼ਤ ਸਾਹਬ ਨਾਲ ਕਿਵੇਂ ਨਿਭੀ।"

"ਆਪਾਂ ਨੂੰ ਤਾਂ ਵੱਡੇ ਸਦਾਰ ਦਿੱਤੀ ਮੱਤ। ਕਹਿੰਦਾ ਭਲਿਆਂ ਵੇਲੇ ਸੱਪ ਨਿੱਧਰੇ ਫਿਰਦੇ ਸੀ। ਲੋਕ ਰੱਸੀ ਜਾਣ ਲੱਕੜਾਂ ਬੰਨ੍ਹ ਲਿਆ ਕਰਨ। ਪੈਰਾਂ ਹੇਠ ਮਿੱਧੀ ਜਾਣ। ਸੱਪ ਬੜੇ ਦੁਖੀ। ਕੱਠੇ ਹੋ ਕੇ ਰੱਬ ਕੋਲ ਗਏ। ਰੱਬ ਕਿਹਾ, ਸਹੁਰਿਓ ਤੁਸੀਂ ਵੀ ਦਖਾਓ ਜਲਵਾ। ਲੱਗੇ ਜਣੇ-ਖਣੇ ਨੂੰ ਵੱਢਣ। ਲੋਕ ਵੀ ਜਿੱਥੇ ਦੇਖਣ ਚਿੱਪ ਦੇਣ। ਸਦਾਰ ਕਿਹਾ, ਤੂੰ ਬੋਲ ਬੱਲੂ, ਪਹਿਲਾਂ ਵਾਲਾ ਸੱਪ ਕੇ ਬਾਦ ਵਾਲਾ। ਆਪਾਂ ਨੇ ਕਿਹਾ ਕੁਝ ਨਹੀਂ। ਪਰ ਸੋਚਿਆ, ਕੋਈ ਵਿਚ ਵਿਚਾਲੇ ਦਾ ਰਾਹ ਦੇਖਾਂਗੇ।"

"ਕੋਈ ਲੱਭਿਆ ਵਿਚ-ਵਿਚਾਲਾ ?"

"ਆਹੀ ਗੱਲ ਖੰਨੇ ਆਲੇ ਠਾਣੇਦਾਰ ਪੁੱਛੀ। ਮੈਂ ਤੇ ਠਾਣੇਦਾਰ ਬਾਹਰ ਲਾਅਨ 'ਚ ਖੜ੍ਹੇ ਸੀ। ਸਾਹਬ ਜੀ ਬਾਹਰ ਨਿਕਲੇ। ਸ਼ਿਫਟੀ ਪੈਰ ਚੱਟਣ ਲੱਗੀ। ਕਹਿੰਦੇ, ਬੱਲੂ! ਆਹ ਆਪਣੀ ਕੁੱਤੀ ਸੁਣ ਆਲੀ ਨਈਂ ? ਮੈਂ ਕਿਹਾ ਜੀ ਲਗਦੀ ਤਾਂ ਹੈ। ਥੋੜ੍ਹੀ ਦੇਰ ਬਾਦ ਕਹਿੰਦੇ, ਮੈਨੂੰ ਤਾਂ ਫੰਡਰ ਜੀ ਲਗਦੀ ਐ ਸਾਲੀ। ਮੈਂ ਕਿਹਾ ਜੀ ਲਗਦੀ ਤਾਂ ਮੈਨੂੰ ਵੀ ਐਂ। ਪਿੱਛੋਂ ਠਾਣੇਦਾਰ ਕਹਿੰਦਾ, ਸਾਡੀ ਜੁਗਤ 'ਚ ਏਸ ਵਿੱਚ-ਵਿਚਾਲੇ ਦਾ ਨਾਉਂ ਪੌਣ-ਕੁੱਕੜ ਐ।"

"ਕਿਤਨੇਂ ਸਾਲਾਂ ਤੋਂ ਹੈ ਇਥੇ ?" ਕੋਈ ਹੋਰ ਪੁੱਛਦਾ।

"ਤੂੰ ਦੋ ਵੀਹਾਂ ਮੰਨ। ਜਾਣੀ ਮੱਸ ਫੁੱਟੀ ਸੀ ਮੇਰੀ। ਏਧਰ ਕੋਠੀ ਦਾ ਟੱਕ ਲੱਗਾ। ਓਧਰ ਮੈਂ ਤੀਜੀ ਚੌਥੀ ਛਿੰਜ ਘੁਲੀ।"

"ਛਿੰਜ ਕੀ ?"

"ਭਲਵਾਨੀ ਸਿੱਖਦਾ ਸੀ ਮੈਂ। ਕੁੰਦੂ ਫਤੇਪੁਰੀਏ ਤੋਂ। ਕੇਰਾਂ ਮਾਲੀ ਤੋਂ ਪੈ ਗਿਆ ਜੋੜ। ਕਹਿੰਦੇ ਮੰਨਿਆ ਬੱਲੂ ਨੇ ਢਾਹ ਲਿਆ ਜੱਟ। ਖਾੜੇ 'ਚ ਗੇੜਾ ਦੇਵੇ। ਵੇਲਾਂ ਲਵੇ, ਤੇ ਜਾਏ। ਮਾਲੀ ਦਾ ਢੋਕਾ ਲਗਦੈ ਨਾਈ। ਮੇਰੇ ਪਿਉ ਕਿਹਾ। ਸਦਾਰੋ, ਖਾੜੇ 'ਚ ਕਿੱਥੋਂ ਆ ਗਿਆ ਨਾਈ ਜੱਟ। ਬੱਸ ਏਸੇ ਗੱਲ ਤੋਂ ਕਿਸੇ ਲਾਕੜੀ ਮੇਰੇ ਪਿਉ ਦੇ ਸਿਰ 'ਚ ਡਾਂਗ ਕੱਢ ਮਾਰੀ। ਸਭ ਨੇ ਕਿਹਾ; ਸਿੱਧੂ ਰੰਘੜ ਦੇ ਕਹਿਣ ਤੇ ਮਾਰੀ। ਪਰ ਆਪਾਂ ਨੀ ਕੁਸਕੇ।"

"ਕਿਉਂ ?"

"ਪਿਉ ਗਿਆ। ਉੱਤੋਂ ਦੋ ਭੈਣਾਂ ਦੇ ਵਿਆਹ। ਪਰ ਅਸ਼ਕੇ ਸਦਾਰ ਦੇ, ਕਹਿੰਦਾ, ਬੱਲੂ ਤੇਰਾ ਪਿਉ ਨੀ ਮੋਇਆ। ਮੇਰੀ ਬਾਂਹ ਭੱਜ ਗਈ।"

"ਸਿੱਧੂ ਰੰਘੜ ਕੌਣ ?"

"ਆਪਣੇ ਸਾਹਬ ਜੀ ਦਾ ਪਿਉ। ਉਹਨੇ ਈ ਕੀਤੇ ਕਾਰਜ। ਵਿਚ ਪੈ ਕੇ। ਪਰ ਬਾਈ! ਮੇਰੀ ਭਲਵਾਨੀ ਗਈ ਢੱਠੇ ਖੂਹ 'ਚ। ਤੇ ਕਰਜਾ ਮਣਾ ਮੂੰਹੀ। ਪਿੱਛੋਂ ਪਤਾ ਲੱਗਾ,

ਲੈ ਬੱਲੂ ਸਿਹਾਂ! ਵੱਜ ਗਿਆ ਧੋਬੀ ਪਟੜਾ।

"ਕੋਠੀ ਬਣਨ ਵੇਲੇ ਤੂੰ ਸੀਗਾ?"

"ਸੀਗਾ? ਕਰਤਾ-ਧਰਤਾ ਈ ਮੈਂ ਸੀ।"

"ਕਿਵੇਂ?"

"ਕੇਰਾਂ ਦੀ ਸੁਣ! ਸਦਾਰ ਆਇਆ ਵੱਡਾ। ਉਦੋਂ ਤਾਂ ਉਜਾੜ ਸੀ ਚੁਫੇਰੇ। ਕੋਈ ਭਈਆ ਲੋਟਾ ਲੈ ਕੇ ਝਾੜੀ ਓਹਲੇ ਬੈਠ ਗਿਆ। ਸਦਾਰ ਕਿਹਾ, ਚੱਕ ਬੰਦੂਕ। ਮੈਂ ਕਿਹਾ ਜੀ ਮਰ ਜੂ ਸਾਲਾ। ਕਹਿੰਦਾ ਡਰ ਨਾ ਕਬੂਤਰ ਮਾਰਨ ਆਲੀ ਐ। ਮੈਂ ਕਿਹਾ ਜੀ ਡਾਂਗ-ਸੋਟਾ ਮਰਵਾ ਲਉ। ਕਹਿੰਦਾ ਹਟ ਪਿੱਛੇ। ਲੈ ਜੀ ਸਦਾਰ ਨੇ ਬੰਨ੍ਹੀ ਸਿਸਤ। ਠੋਕੇ ਚਿੱਤੜਾਂ 'ਤੇ ਛਰਰੇ, ਲੋਟਾ ਨੀ ਚਕਿਆ ਸਾਲੇ ਨੇ। ਉਹ ਦਿਨ ਤੇ ਆਹ ਦਿਨ, ਕੋਈ ਫਟਕਿਆ ਨੀ ਕੋਠੀ ਨੇੜੇ। ਸਦਾਰ ਕਿਹਾ, ਕੋਈ ਹਰੜਪੋਪੋ, ਡਕੈਂਤ, ਜਾਂ ਐਰਾ-ਗੈਰਾ ਦਿੱਸੇ, ਢਾਹ ਲੈ ਸਾਲੇ ਨੂੰ। ਪਹਿਲਾਂ ਫੇਰ ਗੋਡਾ। ਨਾ ਹਟੇ ਤਾਂ ਛਰਰੇ ਠੋਕ ਸਾਲੇ ਦੇ। ਪੰਜ ਸੱਤ ਕੁੱਟੇ। ਪੈ ਗਈਆਂ ਧੁੰਮਾਂ। ਬਾਦ 'ਚ ਤਾਂ ਸਾਹਬ ਜੀ ਦੀ ਗਾਰਦ ਆ ਬੈਠੀ। ਆਪਾਂ ਵਿਹਲੇ। ਪਰ ਸੱਚੀ ਦੱਸਾਂ। ਪੁੜੇ ਤਾਂ ਸੇਕੇ ਗਏ ਮੇਰੇ।"

ਬੱਲੂ ਦਾ ਹਉਕਾ ਨਿਕਲਦਾ।

"ਕਿਉਂ?"

"ਕਿਉਂ ਨੂੰ ਢਾਵੇਂ ਐਂ? ਉਮਰਾ ਬੀਤ ਗਈ ਬਾਈ! ਬਿਆਹ ਨਹੀਂ ਹੋਇਆ। ਭੈਣਾਂ ਦਾ ਪਤਾ ਨਹੀਂ ਕਿਸ ਹਾਲ ਨੇ...। ਹੋਰ ਸਾਲਾ ਸੇਕ ਕੀ ਹੁੰਦੈ।"

"ਕਦੇ ਗਏ ਨਹੀਂ ਭੈਣਾਂ ਕੋਲ?"

"ਲੈ ਅਗਲੇ ਖੰਘਣ ਨੀ ਦਿੰਦੇ, ਆਪਣੇ ਬਾਰੇ।"

"ਕਿਉਂ?" ਗਾਰਦੀ ਹੈਰਾਨ ਹੁੰਦੇ।

"ਜਾਰ ਕਾਹਦਾ ਪਹਿਰੇਦਾਰ ਐਂ ਤੂੰ। ਕਦੇ ਕਿਸੇ ਨੌਕਰ ਨੂੰ ਗੇਟ ਤੋਂ ਬਾਹਰ ਜਾਂਦੇ ਦੇਖਿਐ?"

"ਪਰ ਕਿਉਂ ਨਹੀਂ ਜਾਣ ਦਿੰਦੇ?"

"ਵੱਡੇ ਸਦਾਰ ਦਾ ਹੁਕਮ ਐਂ। ਨਾ ਕੋਠੀ ਦੀ ਗੱਲ ਬਾਹਰ ਜਾਵੇ। ਨਾ ਬਾਹਰ ਦੀ ਅੰਦਰ ਜਾਵੇ। ਕੋਈ ਓਪਰੀ, ਚਿੜੀ ਵੀ ਫਟਕ ਗਈ ਤਾਂ ਸਮਝੋ ਮਰੇ। ਮੈਂ ਤਾਂ ਕਿਹਾ। ਮਾਲਕੋ ਦਿਉ ਛੁੱਟੀ। ਵੱਡਾ ਸਦਾਰ ਗਲ਼ ਪੈ ਗਿਆ। ਕਹਿੰਦਾ, ਬਾਹਰ ਢਾਂਵੇ ਐ। ਰੋਟੀ ਪਾਣੀ ਦੀ ਕਸਰ ਏ ਤਾਂ ਦੱਸ। ਹੁਣ ਕੀ ਦੱਸਾਂ। ਡਰ ਲਗਦੈ ਭਾਈ। ਵਡਾ ਸਦਾਰ ਤਾਂ ਪਤੰਦਰ ਬੰਦੇ ਦਾ ਲਹੂ ਨੀ ਭੁੰਜੇ ਡੁੱਲ੍ਹਣ ਦਿੰਦਾ।"

"ਵੱਡੇ ਸਦਾਰ ਤੋਂ ਡਰ ਲਗਦੈ ਕਿ ਸਾਹਬ ਜੀ ਤੋਂ?"

"ਆਹੀ ਤਾਂ ਰੋਣੈ ਬਾਈ! ਚਾਲੀ ਸਾਲ ਦਾ ਦਸੌਂਧਾ ਕਿਹੜੇ ਡਰ 'ਚ ਕੱਟਿਆ ਗਿਆ; ਪਤਾ ਈ ਨਹੀਂ ਲੱਗਿਆ।"



ਇਹ ਸੱਚ ਸੀ। ਪਿੰਡ ਵਿਚ ਸਿੱਧੂ ਰੰਘੜ ਦੀ ਦਹਿਸ਼ਤ ਜੱਗ-ਜਾਹਰ ਸੀ। ਰੰਘੜ ਮੂਹਰੇ ਕਿਸੇ ਦੀ ਹੁਕਮ-ਅਦੂਲੀ, ਮੌਤ ਸਹੇੜਨ ਤੁੱਲ ਸੀ। ਪਹਿਲੀਆਂ ਵਿਚ ਉਹਦੀ ਗੁਪਤੀ ਵਿਚਲੀ ਕਿਰਚ ਨੇ ਕਈਆਂ ਦਾ ਘਾਣ ਕੀਤਾ ਸੀ। ਸਰਕਾਰੇ ਦਰਬਾਰੇ ਕੁਰਸੀ ਮਿਲਣ ਕਾਰਨ ਉਹਦੀਆਂ ਚੜ੍ਹ ਮੱਚੀਆਂ ਸਨ।

ਰਖੇਲ ਮਾਂ ਦੇ ਤ੍ਰਿਸਕਾਰਤ ਪੁੱਤ ਹੋਣ ਨੇ ਉਹਦੇ ਅੰਦਰਲੀ ਸੰਵੇਦਨਾ ਮਿੱਧ ਕੇ ਰੱਖ ਦਿੱਤੀ ਸੀ। ਵਿਜੈ ਪ੍ਰਤਾਪ ਸਿੰਘ ਦਾ ਬਚਪਨ ਬੇਹਦ ਨਿਰਾਦਰ ਭਰਿਆ ਸੀ। ਆਖਣ ਨੂੰ ਉਹਦੀ ਮਾਂ ਸ਼ਾਹੀ ਮਹਿਲਾਂ ਦੀ ਰਖੇਲ ਸੀ। ਇਕ ਤੋਂ ਬਾਦ ਦੂਜੇ ਤੀਜੇ ਅਤੇ ਪੰਜਵੇਂ ਸੱਤਵੇਂ ਖਾਂਵਦ ਤੇ ਆਸ਼ਰਿਤ ਅੰਤਿਮ ਸਮੇਂ ਸ਼ਾਹੀ ਘੋੜਿਆਂ ਦੇ ਇਕ ਸਾਈਸ ਦੀ ਸੇਜ ਤੇ ਮੋਈ। ਫਿਰ ਵੀ ਵਿਜੈ ਪ੍ਰਤਾਪ ਆਪਣੀ ਪਿੱਠ ਮਹਿਲਾਂ ਨਾਲ ਜੁੜੀ ਕਿਆਸਦਾ। ਇਹ ਪਿੱਠ ਕਿਵੇਂ ਜੁੜਦੀ ਸੀ; ਇਸਨੂੰ ਜਾਣਨ ਵਾਲੇ ਜਾਂ ਤਾਂ ਮਰ ਖਪ ਗਏ ਸਨ, ਜਾਂ ਚੁੱਪੀ ਸਾਧੇ ਬੈਠੇ ਸਨ। ਕਦੇ-ਕਦਾਈਂ ਵਿਜੈ ਪ੍ਰਤਾਪ, ਡੇਰੇ ਦਾਨ-ਦੱਛਣਾ ਦੇਣ ਜਾਂਦਾ ਤਾਂ ਡੇਰੇ ਦਾ ਮਹੰਤ ਤਬਸਰਾ ਕਰਦਾ।...

"ਮੈਂ ਸੋਚੂੰ ਇਸਕਾ ਦਾਨ ਲਿਯੂੰ ਕ ਨਾ।"

"ਕਿਉਂ ਗੁਰੁਦੇਵ।"

"ਕਮਾਈ ਸ਼ੁੱਧ ਨਹੀਂ ਇਸਕੀ...।"

"ਕੈਸੇ ਗੁਰੁਦੇਵ?"

ਮਹੰਤ ਅੰਤਰ-ਧਿਆਨ, ਅਤੀਤ ਵਿਚ ਚਲਾ ਜਾਂਦਾ।

"ਗੁਰੂ ਜੀ ਫੁਰਮਾਯਾ ਕਰਤੇ, ਅਕ ਭਈ ਏਕ ਦਫੇ ਰਾਜਾ ਸ਼ਿਕਾਰ ਖੇਲਨ ਨਿਕੜਯਾ। ਸ਼ਿਕਾਰ ਛੋੜ ਏਕ ਗਾਮ ਕੇ ਬਾਹਰ ਬਾਰਸ਼ ਮ ਭੀਗਤੀ ਆਗ ਉਠਾ ਲੀ। ਦੂਸਰੀ ਸੁਭੇ ਏਕ ਬਾਪ ਨ ਅਰਜ ਕਰੀ। ਜੀ ਮੇਰੀ ਬਿਟੀ। ਅਬ ਬਿੱਟੀ ਕਹਾਂ। ਬਿੱਟੀ ਕੀ ਚੁਨਰੀ ਮ ਆਧਾ ਗਾਮ ਬਾਂਧ ਕ ਦੇ ਦੀਯਾ। ਅਬ ਵੋਹ ਆਗ 'ਰਖੈਲ' ਨਾਮ ਕ ਚੁਲ੍ਹੇ ਮ ਕੈਸੇ ਜਲੀ। ਕੈਸੇ ਬੁਝੀ। ਪ੍ਰਭੂ ਜਾਨੇ। ਅਬ ਮੁਕਤੀ ਬਾਤ, ਯਹ ਵਿਜੈ ਪ੍ਰਤਾਪ ਉਸੀ ਚੁਲ੍ਹੇ ਕ ਧੂੰਆਂ ਸ। ਅਬ ਧੂੰਆ ਰਹਤਾ ਤੋ ਅਸਮਾਨ ਮੇਂ ਉੜਤਾ। ਮਾਂ ਕੀ ਦੁਰਦਸ਼ਾ ਨ ਈਮਾਨ ਗਿਰਾ ਦੀਯਾ। ਔਰ ਬਨ ਗਯਾ ਹੈਵਾਨ। ਗੁਰੂ ਜੀ ਕਹਾ ਕਰਤੇ। ਅਕ ਭਈ ਸਰ ਪਰ ਨਹੀਂ ਕੁੰਡਾ, ਅਰ ਹਾਥੀ ਫਿਰੇ ਲੁੰਡਾ। ਨਾਮ ਥਾ ਵਿਜੈ ਪ੍ਰਤਾਪ ਸਿੱਧੂ। ਬਨ ਗਯਾ ਰੰਘੜ। ਅਬ ਹੈਵਾਨੀਅਤ ਕ ਦਾਨ-ਦੱਛਣਾ ਕੈਸੇ ਲੇਂ।"

ਮਹੰਤ ਠੀਕ ਆਖਦਾ। ਵਿਜੈ ਪ੍ਰਤਾਪ ਦੀਆਂ ਖਸਲਤਾਂ ਕਾਰਨ ਹੀ ਉਹਦੀ 'ਰੰਘੜ' ਅੱਲ ਪਈ। ਰੰਘੜ ਜਦੋਂ ਨਫ਼ਸ ਦੀ ਦਲਦਲ ਵਿੱਚ ਗੁੱਸ ਚੁੱਕਾ ਸੀ, ਜਾਂ ਹੱਲੇ ਪੈ ਗਏ। ਮੁਲਕ ਉੱਜੜੇ। ਰਤਨੀ ਤੇ ਕੂਰਾ ਵੀ ਉੱਜੜ ਗਏ। ਬੇ-ਕਿਸਮਤਿਆਂ ਦਾ ਡੇਲਾ ਰਾਹ ਵਿੱਚ ਸੀ ਜਾਂ ਧਾੜਵੀ ਪੈ ਗਏ। ਜੀ-ਭਿਆਣੇ ਏਧਰਲੀ ਸਰਹੱਦ ਟੱਪ ਆਏ। ਏਧਰ ਆਏ ਤਾਂ ਕਾਫ਼ਲੇ ਤੋਂ ਵਿੱਛੜ ਰੰਘੜ ਦੀ ਹਵੇਲੀ ਕੋਲ ਆ ਨਿਕਲੇ।...

ਹਨੇਰੀ ਰਾਤ। ਕੁੱਤੇ ਭੌਂਕੇ।

"ਕੌਣ?" ਰੰਘੜ ਗਰਜਿਆ।

"ਜੀ ਉੱਜੜੇ ਲੋਕ ਹਾਂ।"

"ਰਫਿਊਜੀ ਹੋ?"

"ਜੀ!"

"ਕੀਹਨਾਂ 'ਚੋਂ ਹੋ?"

"ਜੀ ਮੈਂ ਬੂਰਾ ਰਵਦਾਸੀਆ। ਇਹ ਰਤਨੀ, ਮੇਰੀ ਪਤਨੀ।" ਹਨੇਰੇ 'ਚ ਚੂੜਾ ਲਿਸ਼ਕਿਆ। ਰੰਘੜ ਦੀ ਲਾਰ ਟਪਕੀ।

"ਕਿਤਨਾਂ ਚਿਰ ਹੋਇਆ ਸ਼ਾਦੀ ਨੂੰ?"

"ਕਿਹੜਾ ਚਿਰ ਜੀ... ਹਾਲੇ ਤਾਂ ਸਾਡਾ ਡੋਲਾ ਵੀ ਘਰ ਨਹੀਂ ਅਪੜਿਆ। ਮੁਸੀਬਤ ਵਿਚ ਅਸਾਂ ਇਕ ਦੂਜੇ ਦਾ ਮੂੰਹ ਵੀ ਨਹੀਂ ਦੇਖਿਆ।"

ਅੱਗੋਂ ਜਿਵੇਂ ਸਭ ਕੁਝ ਤਹਿ ਸੀ।

ਰਤਨੀ ਹਵੇਲੀ ਵਿਚ। ਬੂਰੇ ਨੂੰ ਵਸੇਬੇ ਦੇ ਆਹਰੇ ਲਾ ਦਿੱਤਾ ਗਿਆ।

ਮਹੀਨੇ ਗੁਜ਼ਰੇ ਤਾਂ ਬੂਰਾ ਰਤਨੀ ਲਈ ਤੜਪ ਉਠਿਆ। ਇਕ ਰਾਤ ਹਵੇਲੀ ਦੀ ਕੰਧ ਟੱਪ ਗਿਆ। ਰਤਨੀ ਦੇਖੀ ਤਾਂ ਧਾਹ ਨਿਕਲ ਗਈ।

"ਮੇਰੇ ਨੇੜੇ ਨਾ ਆਈਂ।" ਰਤਨੀ ਪਰ੍ਹੇ ਜਾ ਖੜ੍ਹੀ।

"ਕਿਉਂ?"

"ਮੈਂ ਤੇਰੇ ਲੈਕ ਨਹੀਂ ਰਹੀ।"

ਗੱਲ ਸਪਸ਼ਟ ਹੋਈ ਤਾਂ ਦੋਵੇਂ ਰੱਜ ਰੋਏ। ਕਦ ਅੱਥਰੂ ਮੁੱਕੇ। ਪਤਾ ਨਹੀਂ।...

ਅਗਲੀ ਸਵੇਰ ਪਿੰਡ ਨੇ ਦੇਖਿਆ; ਹਵੇਲੀ ਦੇ ਪੀਲ-ਪਾਵੇ ਵਿਚ ਲੱਗੀ ਰੰਘੜ ਦੇ ਨਾਂ ਵਾਲੀ ਸਿਲ ਪੁੱਟ ਕੇ ਮਿੱਟੀ 'ਚ ਸਿੱਟੀ ਪਈ ਸੀ ਅਤੇ ਨੱਕਾਸ਼ੀ ਵਾਲੇ ਬੂਹੇ 'ਤੇ ਕੁਹਾੜੀ ਦੇ ਟੱਕ ਸਨ।

ਰੰਘੜ ਦੀ ਅੱਲ ਵਾਲਾ ਵਿਜੈ ਪ੍ਰਤਾਪ ਸਿੰਘੁ, ਜਿਸਤੋਂ ਕੰਧਾਂ ਕੰਬਦੀਆਂ; ਪੈਰੋਂ ਹਿੱਲ ਗਿਆ। ਸਾਰਾ ਪਿੰਡ ਹਾਜ਼ਰ, ਬੂਰਾ ਕਿਤੇ ਨਹੀਂ ਸੀ। ਰੰਘੜ ਨੂੰ ਦੁਖ ਹੋਇਆ। ਬੂਰੇ ਨੂੰ ਉਸ ਘੱਟ ਆਂਕਿਆ। ਇਸ ਪਛਤਾਵੇ ਨਾਲ ਇਕ ਹੋਰ ਪਛਤਾਵਾ ਜੁੜ ਗਿਆ। ਰੰਘੜ ਕੰਬ ਉਠਿਆ।

ਰੰਘੜ ਦੀ ਪਤਨੀ ਜਿਤਨੀਂ ਵੇਰ ਹਾਮਲਾ ਹੋਈ। ਭਰੂਣ ਤਿਲਕ ਗਿਆ। ਇਸ ਵਾਰ ਵੀ ਇਵੇਂ ਹੀ ਹੋਇਆ। ਪਤਾ ਲੱਗਾ, ਰਤਨੀ ਵੀ ਗਰਭਵਤੀ ਸੀ।...

ਲੋਕ ਸਿਰਫ਼ ਇਤਨਾਂ ਜਾਣਦੇ। ਸਰਦਾਰਨੀ ਹਾਮਲਾ ਸੀ ਅਤੇ ਹਵੇਲੀ ਵਿੱਚ ਬਾਲਕ ਜਨਮਿਆ, ਜਿਸਦਾ ਨਾਂ ਗੁਰਲਾਲ ਰੱਖਿਆ ਗਿਆ; ਪਰ ਇਹ ਕੋਈ ਨਹੀਂ ਸੀ ਜਾਣਦਾ, ਸਰਦਾਰਨੀ ਦੀ ਮੌਤ ਕਿਵੇਂ ਹੋਈ ਅਤੇ ਰਤਨੀਂ ਕਿੱਧਰ ਗਈ।...



ਰੰਘੜ ਲਈ ਹਵੇਲੀ ਵਿਚ ਬੱਚੇ ਦਾ ਜਨਮ ਸਧਾਰਨ ਘਟਨਾ ਨਹੀਂ ਸੀ। ਹਵੇਲੀ ਦਾ ਵਾਰਿਸ ਪੈਦਾ ਹੋਇਆ ਸੀ। ਕੀ ਹੋਇਆ ਜੇ ਬੱਚੇ ਦੇ ਭਾਗਾਂ ਵਿੱਚ ਮਾਂ ਦਾ ਪਿਆਰ ਨਹੀਂ ਸੀ ਤਾਂ। ਵਿਜੈ ਪ੍ਰਤਾਪ ਚਿੜੀਆਂ ਦਾ ਦੁੱਧ ਪੈਦਾ ਕਰਨ ਦੇ ਸਮਰੱਥ ਸੀ। ਅੱਕ ਤੋਂ ਲੈ ਕੇ ਹਵੇਲੀ ਦਾ ਹਰ ਬਸ਼ਰ ਗੁਰਲਾਲ ਦੀ ਦੇਖ-ਰੇਖ ਲਈ ਹਾਜ਼ਰ ਸੀ।

ਰੰਘੜ ਦਾ ਵੱਸ ਚੱਲਦਾ ਤਾਂ ਉਹ ਗੁਰਲਾਲ ਨੂੰ ਚਾਰ ਘੋੜਿਆਂ ਵਾਲੀ ਬੱਘੀ 'ਚ ਪੜ੍ਹਨ ਭੇਜਦਾ। ਪਰ ਮੁਲਕ ਦਾ ਰਾਜ ਪਲਟ ਚੁੱਕਾ ਸੀ ਅਤੇ ਲੋਕ ਰਈਸਾਂ ਨੂੰ ਹਕਾਰਤ ਨਾਲ ਦੇਖਦੇ ਸਨ। ਵਿਜੈ ਪ੍ਰਤਾਪ ਨੇ ਗੁਰਲਾਲ ਨੂੰ ਡੇਰ੍ਹਾਦੂਨ ਭੇਜ ਦਿੱਤਾ।

ਜਦ ਨੂੰ ਗੁਰਲਾਲ ਪੁਲਿਸ ਦੀ ਅਫ਼ਸਰੀ ਪਾਸ ਕਰਕੇ ਘਰ ਮੁੜਿਆ ਉਹ ਰਜਵਾੜਾਸ਼ਾਹੀ ਰਹਿੰਦ-ਖੂੰਹਦ ਦੀ ਸਿਖ਼ਰ ਸੀ। ਦਿੱਖ ਪੱਖੋਂ ਗੁਰਲਾਲ ਦਰਸ਼ਨੀ ਸੀ। ਪੁਲਿਸ ਵਿੱਚ ਛੇਤੀ ਹੀ ਉਸਦੀ ਧਾਂਕ ਬੈਠ ਗਈ। ਦਲੇਰੀ, ਨਿਡਰਤਾ ਤੇ ਰਿਸ਼ਵਤ ਨਾ ਲੈਣ ਦੀ ਹਿੰਡ ਨੇ ਉਹਦੀ ਸ਼ਖ਼ਸੀਅਤ ਦੁਆਲੇ ਇਕ ਵਿੱਥ ਦਾ ਬੱਜਰ-ਕੋਟ ਉਸਾਰ ਦਿੱਤਾ ਸੀ। ਰੰਘੜ ਪਿਉ ਦੀ ਖੁੱਲ੍ਹ ਕਾਰਨ ਗੁਰਲਾਲ ਦੀਆਂ ਆਦਤਾਂ ਪਹਿਲਾਂ ਹੀ ਤਾਨਾਸ਼ਾਹ ਵਾਲੀਆਂ ਸਨ। ਪੁਲਿਸ ਨੇ ਹੋਰ ਤੂਲ ਦੇ ਦਿੱਤੀ। ਮਹਿਕਮੇ ਵਿਚ ਉਹ ਗੁਰਲਾਲ ਤੋਂ ਵੱਧ 'ਲਾਲ ਜੀ' ਮਕਬੂਲ ਹੋ ਗਿਆ। ਕੁੱਲ ਮਿਲਾ ਕੇ ਉਪਰਲੇ ਅਫ਼ਸਰ ਤ੍ਰਹਿ ਕੇ ਗੱਲ ਕਰਦੇ। ਹੇਠਲੇ ਬਿਨਾਂ ਕਾਰਨ ਕੰਬੀ ਜਾਂਦੇ।

ਰੰਘੜ ਨੂੰ ਲਾਲ ਜੀ ਬਾਰੇ ਇਕੋ ਫ਼ਿਕਰ ਸੀ। ਕਿਤੇ ਗਰੀਬ ਗੁਰਬਿਆਂ ਵੱਲ ਉਲਾਰ ਨਾ ਹੋ ਜਾਵੇ। ਉਹ ਜਦੋਂ ਵੀ ਕੋਠੀ ਆਉਂਦਾ। ਲਾਲ ਜੀ ਨੂੰ ਸੁਚੇਤ ਕਰਦਾ।

"ਜੁੱਤੀ ਹੇਠ ਰੱਖ ਕਾਕਾ ਜੀ ਇਸ ਕਤੀੜ੍ਹ ਨੂੰ। ਸਿਰ 'ਤੇ ਬੈਠ ਗਈ ਤਾਂ ਗਲੀਆਂ ਕਰੂਗੀ। ਇਨ੍ਹਾਂ ਦਾ ਪਛਾਵਾਂ ਵੀ ਮਾੜਾ। ਕਿੱਥੇ ਆਪਾਂ। ਕਿੱਥੇ ਇਹ।"

ਰੰਘੜ ਸੋਚਦਾ, ਇਹਦਾ ਇਕੋ ਇਕ ਪੱਕਾ ਹੱਲ ਸੀ। ਕਿਸੇ ਰੰਘੜ ਜੱਟੀ ਨਾਲ ਲਾਲ ਜੀ ਦਾ ਵਿਆਹ। ਇਹੋ ਹੋਇਆ। ਏਧਰ ਲਾਲ ਜੀ ਦੀ ਪੱਗ 'ਤੇ ਐਸ.ਪੀ. ਦੇ ਅਹੁਦੇ ਵਾਲੇ ਸ਼ੇਰ ਬੈਠੇ। ਓਧਰ ਗਰੇਵਾਲਾਂ ਦੀ ਪੁਸ਼ਪਿੰਦਰ, ਲਾਲ ਜੀ ਦੀ ਸੇਜ 'ਤੇ ਆ ਕੇ ਬੈਠ ਗਈ।

ਪੁਸ਼ਪਿੰਦਰ ਵਰ ਬਣ ਕੇ ਆਈ। ਸਾਲ ਬਾਦ ਕੋਠੀ 'ਚ ਕਿਲਕਾਰੀ ਗੂੰਜ ਉੱਠੀ ਸੀ। ਲਾਲ ਜੀ ਲਈ ਮਹਿਕਮੇ 'ਚ ਜਿਤਨਾ ਤਣਾਓ ਸੀ। ਘਰ ਉਤਨਾਂ ਖਿੜ ਉੱਠਿਆ ਸੀ।...

ਪਰ ਇਹ ਖੁਸ਼ੀ ਛਿਨ-ਭੰਗਰ ਸਾਬਤ ਹੋਈ।

ਦੇਖਦੇ-ਦੇਖਦੇ ਬਲਿਊ ਸਟਾਰ ਅਤੇ ਖਾੜਕੂਵਾਦ ਦੀ ਹਨੇਰੀ ਝੁੱਲ ਗਈ। ਪੁਲਿਸ ਲਈ ਇਹ ਬੇਹਦ ਸੰਕਟ ਦਾ ਸਮਾਂ ਸੀ। ਹਾਲਾਤ ਆਪਣਿਆਂ ਨੂੰ ਮਾਰਨ ਲਈ ਉਕਸਾਅ ਰਹੇ ਸਨ। ਹਾਲਾਂ ਕਿ ਕਈ ਅਫ਼ਸਰ ਇਸ ਹਾਲਤ ਨੂੰ ਸੋਨੇ ਦੀ ਬਾਰਸ਼ ਸਮਝ ਰਹੇ ਸਨ। ਲਾਲ ਜੀ ਰਈਸ ਦਾ ਪੁੱਤ ਸੀ। ਹੈਂਕੜਬਾਜ਼ ਸੀ। ਪਰ ਰਿਸ਼ਵਤਖੋਰ ਨਹੀਂ ਸੀ।

ਆਪਣਿਆਂ ਨੂੰ ਮਾਰਨਾ ਰੇਤ ਫੱਕਣ ਬਰੋਬਰ ਸੀ। ਉਸ ਚਾਹਿਆ ਛੁੱਟੀ ਲੈ ਕੇ ਘਰ ਬੈਠ ਜਾਵੇ। ਮਹਿਕਮਾਂ ਹਰ ਅਫ਼ਸਰ ਸੂਲੀ 'ਤੇ ਟੰਗਣ ਲਈ ਬਜ਼ਿਦ ਸੀ।

ਦਿਨਾਂ ਵਿੱਚ ਹੀ ਪੁਲਿਸ ਮੁਕਾਬਲੇ... ਤਰੱਕੀਆਂ ਅਤੇ ਪੁਲਿਸ ਦਾ ਘਾਣ ਰਲਗੱਡ ਹੋ ਗਏ। ਲਾਲ ਜੀ ਨੂੰ ਲੱਗਾ। ਪੁਸ਼ਪਿੰਦਰ ਅਤੇ ਕੰਤਵੀਰ ਸੁਰੱਖਿਅਤ ਨਹੀਂ ਸਨ। ਕਿਥੇ ਭੇਜੇ? ਪਿੰਡ ਜਾਂ ਗਰੇਵਾਲਾਂ ਵੱਲ। ਜਕੋ-ਤਕੇ ਵਿੱਚ ਸੀ ਕਿ ਭਾਣਾ ਵਾਪਰ ਗਿਆ।...

ਸਿੱਧੂ ਰੰਘੜ ਨੂੰ ਕਿਸੇ ਨੇ ਦੇਸੀ ਕੱਟੇ ਨਾਲ ਖੇਤਾਂ ਵਿੱਚ ਹੀ ਭੁੰਨ ਦਿੱਤਾ। ਸਭ ਨੂੰ ਭੂਰਾ ਯਾਦ ਆਇਆ। ਪੁਲਿਸ, ਕੁੱਤੇ ਅਤੇ ਚੋਬਰ ਦੌੜੇ। ਪੁਲਿਸ ਨਮੋਸ਼ੀ ਵਿਚ ਹੀ ਗਰਕ ਗਈ।...

ਹੋਣੀ ਅਜੇ ਹੋਰ ਕਾਰਾ ਕਰਨ ਲਈ ਤਤਪਰ ਸੀ।

ਮੁਰਦਾਘਰ ਵਿਚ ਰੰਘੜ ਦੀ ਚੀਰ-ਫਾੜ ਹੋ ਰਹੀ ਸੀ ਜਾਂ ਕੋਠੀ ਕੋਈ ਲੜਕਾ ਮਠਿਆਈ ਦਾ ਡੱਬਾ ਦੇਣ ਆਇਆ। ਵਿਆਹ ਦੇ ਕਾਰਡ ਸਮੇਤ। ਪਹਿਰੇਦਾਰਾਂ ਵਿਆਹ ਦਾ ਸੱਦਾ ਸਮਝ ਫੜਿਆ। ਅੱਗੋਂ ਬੱਲੂ ਲਿਆ। ਬੀਬੀ ਜੀ ਬਗੀਚੇ ਵਿੱਚ ਸੀ। ਜਿਵੇਂ ਹੀ ਬੱਲੂ ਡੱਬਾ ਦੇ ਕੇ ਮੁੜਿਆ। ਇਕ ਦਿਲ-ਕੰਬਾਊ ਧਮਾਕਾ ਅਤੇ ਮਾਲਕਿਨ ਤੂੰਬਾ-ਤੂੰਬਾ ਕਰਕੇ ਅਸਮਾਨ ਵੱਲ ਉੱਡੀ।

ਪੂਰੇ ਸੂਬੇ ਵਿੱਚ ਸੁੰਨ ਵਰਤ ਗਈ।...

ਲਾਲ ਜੀ ਲਈ ਪਹਿਲਾਂ ਹੀ ਪਰਲੋ ਸੀ। ਮਹਾਂ ਪਰਲੋ ਵਾਪਰ ਗਈ। ਇਹ ਤਾਂ ਸ਼ੁਕਰ ਕੰਤਵੀਰ ਅੱਕੋ ਦੀ ਗੋਦੀ ਸੀ। ਸਾਰਾ ਪ੍ਰਬੰਧ ਹੀ ਕੰਬ ਉਠਿਆ। ਜੇ ਲਾਲ ਜੀ ਵਰਗੇ ਇਮਾਨਦਾਰ ਸੁਰੱਖਿਅਤ ਨਹੀਂ ਸਨ ਤਾਂ ਆਮ ਬੰਦੇ ਦੀ ਕੀ ਜਾਹ?

ਲਾਲ ਜੀ ਲਈ ਹੇਠਲੀ ਉੱਤੇ ਹੋ ਗਈ।...

ਹਾਦਸੇ ਮਨੁੱਖੀ ਮਨ ਦੀ ਕਿਵੇਂ ਸਿੱਧ-ਪੁੱਠ ਕਰ ਸਕਦੇ ਸਨ। ਇਸ ਦੀ ਮਿਸਾਲ ਲਾਲ ਜੀ ਸੀ। ਬਾਰੂਦ ਨੂੰ ਨਫ਼ਰਤ ਕਰਦਾ ਲਾਲ ਜੀ ਬਾਰੂਦ ਵਾਂਗ ਹੀ ਮੱਚ ਉੱਠਿਆ ਸੀ। ਉਹਦੇ ਚੁੱਪ ਅਤੇ ਭਾਵ-ਹੀਣ ਚਿਹਰੇ ਹੇਠ ਕੋਈ ਲਾਵਾ ਉੱਠ ਖੜ੍ਹਿਆ। ਉਸਦਾ ਗੁੱਸਾ, ਬਾਰੂਦ ਰਾਹੀਂ ਵਹਿ ਤੁਰਿਆ ਸੀ। ਜਦੋਂ ਪਿਤਾ ਅਤੇ ਪਤਨੀ ਦਾ ਸਿਵਾ ਚਿਰਾਂ ਤੱਕ ਮੱਥੇ ਹੇਠ ਠੰਡਾ ਨਾ ਹੋਇਆ ਤਾਂ ਉਹਦਾ ਲਹੂ ਖੌਲ ਉੱਠਿਆ। ਅਦਾਲਤਾਂ, ਧੱਕਾ, ਕਾਨੂੰਨ ਅਤੇ ਸਿਆਸਤ, ਸਭ ਨੂੰ ਉਹ ਦਰੜ ਕੇ ਲੰਘ ਗਿਆ।

ਉਸ ਤੋਂ ਬਾਦ ਲਾਲ ਜੀ ਨੇ ਅੱਗ ਫੱਕੀ। ਅੱਗ ਉਗਲੀ। ਨਾ ਇਨਕੁਆਰੀ। ਨਾ ਸਕੈਂਡਲ। ਮਹਿਕਮਾਂ ਖੁਸ਼। ਸਰਕਾਰ ਖੁਸ਼। ਸਰਕਾਰ ਖੁਸ਼ ਤਾਂ ਤਰੱਕੀ ਵੱਟ 'ਤੇ...।

ਇਸ ਦੇ ਉਲਟ ਪਿੰਡ ਦੀ ਹਵੇਲੀ ਵਿਚਲੀ ਰੌਣਕ ਰੰਘੜ ਨਾਲ ਹੀ ਜਾਂਦੀ ਰਹੀ ਸੀ ਅਤੇ ਕੋਠੀ ਪੁਸ਼ਪਿੰਦਰ ਦੇ ਸੋਗ ਵਿੱਚ ਸੀ। ਲਾਲ ਜੀ ਦੇਰ ਰਾਤ ਆਦਮ-ਬੋ ਆਦਮ-ਬੋ ਕਰਦਾ ਆਉਂਦਾ ਅਤੇ ਸ਼ਰਾਬ ਦੀ ਅੰਨ੍ਹੀ ਦਲਦਲ ਵਿਚ ਉੱਤਰ ਜਾਂਦਾ।



ਮਾਲਕ ਸੋਗ ਵਿੱਚ ਸਨ ਤਾਂ ਨੌਕਰ ਵੀ ਸੋਗ ਵਿੱਚ ਦਿੱਸਣੇ ਜ਼ਰੂਰੀ ਸਨ। ਪਰ ਬੱਲੂ ਦੇਖਿਆ, ਅੱਕੋ ਚੱਕਵੇਂ ਪੈਰੀਂ ਸੀ। ਬੱਲੂ ਦਾ ਮੱਥਾ ਠਣਕਿਆ।

ਅੱਕੋ ਨੂੰ ਉਹ ਬਚਪਨ ਤੋਂ ਦੇਖ ਰਿਹਾ ਸੀ। ਉਹ ਤਾਂ ਬੱਸ ਲਾਲ ਜੀ ਲਈ ਹੀ ਹੱਸੀ ਅਤੇ ਰੋਈ ਸੀ। ਫਿਰ ਉਹਦੇ ਕੱਪੜੇ ਧੋਤੇ ਹੋਇਆਂ ਵਿੱਚ ਕਿਉਂ ਬਦਲ ਗਏ ਸਨ? ਉਹ ਚੱਕਵੀਂ ਤੋਰ ਨਾਲ ਰੰਘੜ ਦੀ ਤਸਵੀਰ ਕੋਲ ਜਾਂਦੀ। ਮੱਥਾ ਤਣਦੀ ਅਤੇ ਕੁਝ ਬੁੜਬੁੜਾਉਂਦੀ।

ਬੱਲੂ ਅਤੇ ਅੱਕੋ ਇਕ ਦੂਜੇ ਦੀ ਬੇਬਸੀ ਅਤੇ ਲਾਚਾਰੀ ਤੋਂ ਤਾਂ ਵਾਕਿਫ਼ ਸਨ, ਪਰ ਕਦੇ ਇਕ ਦੂਜੇ ਅੱਗੇ ਢਿੱਡ ਨਹੀਂ ਸਨ ਨੰਗਾ ਕਰ ਸਕੇ। ਬੱਲੂ ਜੇਰਾ ਕਰ ਅੱਕੋ ਮੂਹਰੇ ਜਾ ਖੜ੍ਹਾ।

"ਸਾਰੀ ਉਮਰਾ ਹੋ ਗਈ ਮੈਨੂੰ ਦੇਖਦੇ, ਕੰਮ ਨਾਲ ਕੰਮ, ਮਤਲਬ ਦੀ ਗੱਲ। ਘਰ 'ਚ ਹੇਠਲੀ ਉੱਤੇ ਹੋ ਗਈ। ਤੇਰੀ ਅੱਖ ਨਹੀਂ ਡੁੱਲ੍ਹੀ। ਕਾਹਤੋਂ?"

ਅੱਕੋ ਤ੍ਰਬਕ ਕੇ ਬੱਲੂ ਵੱਲ ਦੇਖਿਆ।

"ਕੀਹਦਾ ਘਰ? ਤੇਰਾ ਕ ਮੇਰਾ? ਕੋਠੀ ਲਈ ਹੋਈ ਹੇਠਲੀ ਉੱਪਰ।"

"ਚਲ ਇਹੋ ਸਹੀ। ਤੈਨੂੰ ਦੁੱਖ ਨਹੀਂ ਲੱਗਾ?"

"ਮੇਰਾ ਆਪਣਾ ਟੱਬਰ ਮੇਰੇ ਲਈ ਮਰ ਗਿਆ। ਮੈਂ ਰੋਈ?"

"ਸਾਹਬ ਜੀ ਨੂੰ ਤੈਂ ਹੱਥੀਂ ਪਾਲਿਆ। ਉਹਦੀ ਸਦਾਰਨੀ ਗਈ। ਜਿਉਂਦੀ ਰਹਿੰਦੀ ਤਾਂ ਕੀ ਪਤਾ ਤੈਨੂੰ ਘਰ ਹੀ ਭੇਜ ਦਿੰਦੀ।"

ਅੱਕੋ ਹਉਕਾ ਭਰ ਨੀਵੀਂ ਪਾ ਲਈ। ਬੱਲੂ ਕਿਹਾ।

"ਮੇਰੇ ਪਿਉ ਨੂੰ ਸਰੀਣ ਡਾਂਗ ਮਰਵਾਈ ਵੱਡੇ ਸਦਾਰ। ਮੇਰੇ ਦਿਲ ਨੂੰ ਪੁੱਛ, ਐਨੇ ਸਾਲ ਕਿਮੇਂ ਸੂਲੀ 'ਤੇ ਕੱਟੇ ਮੈਂ। ਫੇ ਸੋਚਿਆ ਆਪੇ ਦੇਖੂ ਰੱਬ। ਪਰ ਕਿਹੜਾ ਰੱਬ ਐ ਸਾਲਾ। ਮਾਰ ਗਿਆ ਤੇੜ ਦਾ ਨੰਗ; ਮੈਨੂੰ ਕੀ ਠੰਡਾ ਕੱਢਦੈ। ਫਿਰ ਵੀ ਹੱਸਦਿਆਂ ਨਾਲ ਹੱਸੀਦੈ; ਰੋਂਦਿਆਂ ਨਾਲ ਰੋਈ ਦੈ।" ਬੱਲੂ ਦਾ ਮਨ ਭਰ ਆਇਆ।

"ਤੂੰ ਦਿਨ ਕੱਟ ਸਾਊ। ਆਪਾਂ ਆਪਣੀ ਮੌਤ ਮਰੀਏ ਤਾਂ ਹੀ ਚੰਗਾ। ਅਣਆਈ ਮਰੇ ਦੀ ਤਾਂ ਗਤੀ ਵੀ ਨਹੀਂ ਹੁੰਦੀ।" ਅੱਕੋ ਕਿਸੇ ਪੀੜ ਵਿੱਚ ਹਉਕਾ ਲਿਆ। ਲੱਗਾ ਜਿਵੇਂ ਕਿਸੇ ਭਾਰੇ ਬੋਝ ਹੇਠ ਸੀ।

"ਤੇਰੇ ਭਾਈਆਂ ਦੀ ਥਾਂ ਹਾਂ। ਕੋਈ ਗੱਲ ਐ ਤਾਂ ਦੱਸ।"

"ਨਹੀਂ ਬੀਰ, ਹੀਆ ਨੀ ਪੈਂਦਾ।" ਅੱਕੋ ਲੰਮਾ ਸਾਹ ਲੈ ਸਿਰ ਢਕਿਆ।

ਬੱਲੂ ਕਾਹਲੀ ਨਾਲ ਅੱਗੇ ਵਧਿਆ ਅਤੇ ਅੱਕੋ ਦਾ ਹੱਥ ਫੜਿਆ।

"ਲੈ ਜੇ ਇਹ ਗੱਲ ਐ, ਤਾਂ ਤੈਨੂੰ ਮਾਂ ਮੰਨਿਆ। ਦੱਸ ਕੀ ਕਹਿਣੈ।"

"ਨਹੀਂ ਐਸੀ ਕੋਈ ਗੱਲ ਨਹੀਂ।" ਅੱਕੋ ਫਿਰ ਯਰਕ ਗਈ।

"ਹੱਦ ਹੋ ਗਈ ਤੈਨੂੰ ਅਤਬਾਰ ਨਹੀਂ ਮੇਰੇ 'ਤੇ?"

"ਅਤਬਾਰ ਨੂੰ ਕੀ ਕਰਾਂ। ਗੱਲ ਕਹਿੰਦੀ ਤੂੰ ਮੈਨੂੰ ਮੂਹੋਂ ਕੱਢ। ਮੈਂ ਤੈਨੂੰ ਪਿੜ ਕੱਢਦੀ ਆਂ।"

"ਨਿਕਲੀ ਤਾਂ ਪਈ ਐਂ। ਹੋਰ ਕਿਹੜੇ ਪਿੰਡ ਨਿਕਲੇਂ ਗੀ। ਨਹੀਂ ਦੱਸਣਾ ਨਾ ਸਹੀ। ਧੁਖੀ ਜਾ ਅੰਦਰੋ ਅੰਦਰ।"

"ਨਹੀਂ ਹਟਦਾ ਤਾਂ ਸੁਣ।" ਅੱਕੋ ਭਾਂਬੜ ਵਾਂਗ ਮੱਚ ਉੱਠੀ। ਤੇਰੇ ਸਦਾਰ ਦੀ ਵੱਟੂ ਕੰਨੀ ਦੇਖਦੀ ਨੀ। ਥੁੱਕਦੀ ਆਂ ਉਹਦੇ 'ਤੇ। ਪਈ ਕੁੱਤਿਆ, ਤੈਂ ਤਾਂ ਕੀੜੇ ਪੈ ਕੇ ਮਰਨਾ ਸੀ। ਐਂ ਕਿਮੇਂ ਮਰ ਗਿਆ।"

ਬੱਲੂ ਦੇ ਸਿਰ ਵਿਚ ਕੁਝ ਵੱਜਾ। ਕੰਨਾਂ ਵਿਚ ਸਾਂ ਸਾਂ ਹੋਈ। ਇਕ ਪਲ ਉਹਨੂੰ ਬਿਫਰੀ ਹੋਈ ਅੱਕੋ ਤੋਂ ਡਰ ਲਗਿਆ। ਬੱਲੂ ਸੋਚਿਆ, ਮੈਨੂੰ ਤਾਂ ਭਰਮ ਸੀ ਮੇਰੇ ਅੰਦਰ ਹੀ ਸਰਦਾਰ ਪ੍ਰਤੀ ਜ਼ਹਿਰ ਸੀ। ਪਰ ਅੱਕੋ ਤਾਂ ਚੁੱਪ ਹੇਠ ਲਾਵਾ ਹੀ ਲਈ ਫਿਰਦੀ ਸੀ।

"ਐਨਾ ਗੁੱਸਾ? ਮੇਰੇ ਤਾਂ ਤੋਤੇ ਉਡ ਗਏ। ਜ਼ਰਾ ਕੁ ਸੋਚ, ਜੇ ਭਿਣਕ ਪੈ ਗਈ ਕਿਸੇ ਨੂੰ...। ਆਪਾਂ ਤਾਂ ਗਏ। ਪਰ ਗੱਲ ਸੁਣ! ਤੈਨੂੰ ਤਾਂ ਵੱਡੇ ਸਦਾਰ ਕਦੇ ਉਏ ਨਹੀਂ ਕਹੀ।"

"ਤੈਨੂੰ ਪੁੱਛ ਕੇ ਕਹਿੰਦਾ ਕੰਜਰ।" ਅੱਕੋ ਉਵੇਂ ਤਪੀ ਪਈ ਸੀ।

"ਚਲ ਮੰਨਿਆ। ਹੁਣ ਤਾਂ ਮਰ ਗਿਆ। ਉਪਰੋਂ ਦੀ ਲੋਕਾਚਾਰੀ ਤਾਂ ਰੱਖੀਏ।"

"ਕਾਹਦੀ ਲੋਕਾਚਾਰੀ! ਇਹਨਾਂ ਦੀ ਲੋਕਾਚਾਰੀ ਕਿੱਥੇ ਗਈ? ਸਾਨੂੰ ਜਦੋਂ ਨਹੁੰਆਂ ਨਾਲੋਂ ਤੋੜਿਆ। ਸਾਨੂੰ ਰੋਣ ਦਿੱਤਾ ਕਿਸੇ? ਤੂੰ ਜਿਹੜਾ ਮੱਤਾਂ ਦਿੰਨੈ, ਭੁੱਲ ਨਾ ਨੌਕਰ ਆਂ ਆਪਾਂ... ਪਿੰਡੇ ਦੇ ਦੋ ਲੀੜਿਆਂ ਤੇ ਢਿੱਡ ਦੀਆਂ ਦੋ ਬੁਰਕੀਆਂ ਲਈ। ਜੇ ਤੈਨੂੰ ਐਨਾ ਹੇਜ ਐ ਸਦਾਰਨੀ ਦਾ, ਸਿਵੇ ਤੋਂ ਮੁੜਦੇ ਰਸੋਈਏ ਨਾਲ ਰਲ ਕੇ ਸ਼ਰਾਬ ਕਿਉਂ ਪੀਤੀ? ਦੱਸਾਂ ਕਿਉਂ ਪੀਤੀ। ਤੇਰੇ ਨਾਲ ਕੁੱਤਿਆਂ ਬਾਬ ਕਰਦੀ ਸੀ। ਜਿੱਦੇਂ ਤੈਂ ਕੰਤਵੀਰ ਅੱਗੋਂ ਸੇਬ ਚੱਕ ਕੇ ਖਾ ਲਿਆ ਤੇਰੀ ਦਾੜ੍ਹੀ ਪੁੱਟੀ ਤੇ ਸਭ ਦੇ ਸਾਮ੍ਹਣੇ ਥੱਪੜ ਮਾਰਿਆ। ਤਦ ਤੋਂ ਤੈਨੂੰ ਦੇਹਲੀ 'ਤੇ ਪੈਰ ਨੀ ਧਰਨ ਦਿੱਤਾ ਉਸ। ਮੈਨੂੰ ਮੱਤਾਂ ਦਿਊ ਇਹ।" ਅੱਕੋ ਹਫ ਗਈ।

"ਤੈਨੂੰ ਕਿਵੇਂ ਪਤਾ ਸ਼ਰਾਬ ਦਾ?" ਬੱਲੂ ਅੱਵਾਕ ਸੀ।

"ਉਹ ਤਾਂ ਮੈਨੂੰ ਬੀ ਤੇਰੇ-ਤੇਰੇ ਕਰਦੀ ਸੀ। ਮੈਂ ਤਾਂ ਲਾਲ ਜੀ ਕਰਕੇ ਕੱਟੀ ਗਈ। ਪਰ ਰਹੀ ਤਾਂ ਗੂੰਹ ਦੇ ਪੋਤੜੇ ਧੋਣ ਵਾਲੀ ਨਾ।"

ਬੱਲੂ ਕੰਬ ਗਿਆ।

"ਐਨਾ ਕੁਝ ਢਿੱਡ 'ਚ ਲਈ ਫਿਰਦੀ ਐਂ ਤੂੰ।"

"ਬੱਸ ਨਿਕਲ ਗਿਆ ਮੂਤ...। ਮੇਰੀ ਮਾਂ ਨੇ ਤਾਂ ਹਿੱਕ ਠੋਕ ਕੇ ਕਿਹਾ ਸੀ। ਅੱਕੀਏ! ਦੇਖੀਂ ਤੂੰ ... ਏਸ ਘਰ ਦੀ ਮਿੱਟੀ ਉੱਡਦੀ ਇਕ ਦਿਨ।"

"ਕਿਉਂ? ਉਸ ਕਿਉਂ ਕਿਹਾ?" ਬੱਲੂ ਹੈਰਾਨ ਸੀ।



"ਕਹਿੰਦੀ ਸਰਾਪ ਲੱਗੂ ਕਿਸੇ ਦਾ।"

"ਕੀਹਦਾ?"

"ਰਤਨੀ ਦਾ..."

"ਰਤਨੀ? ਕੌਣ ਰਤਨੀ?"

"ਸੀ ਗੀ ਕੋਈ। ਮਾਂ ਨੇ ਦੱਸਿਆ, ਰਢੁਜਣ ਸੀ। ਚੂੜਾ ਨਾ ਸੀ ਲੱਥਾ ਵਿਚਾਰੀ ਦਾ। ਚੱਥ ਗਿਆ ਕੰਜਰ।"

"ਕੌਣ?"

"ਤੇਰਾ ਰੰਘੜ... ਹੋਰ ਕੌਣ।"

"ਹੈਂ!"

"ਕਾਲਜਾ ਆਉਂਦੈ ਬਾਹਰ। ਕਹਿੰਦੇ ਰੋ-ਰੋ ਕਮਲੀ ਹੋ ਗੀ ਬਚਾਰੀ। ਕਈ ਦਿਨ ਲਹੂ ਨਾਲ ਨੁੱਚੜੀ ਗਈ। ਮੇਰੀ ਮਾਂ ਨੇ ਸੰਭਾਲਿਆ। ਮਰਨ ਲੱਗੀ ਤਾਂ ਮਾਂ ਨੇ ਮਰਨ ਨਾ ਦਿੱਤਾ। ਕਿਹਾ ਦੜ ਵੱਟ। ਇਕ ਦਿਨ ਉਹ ਮਾਂ ਕੋਲ ਬੈਠੀ ਸੀ। ਕੋਲੋਂ ਦੀ ਰੰਘੜ ਲੰਘਿਆ। ਮਾਂ ਨੇ ਰੋਕਿਆ ਵੀ... ਨਹੀਂ ਹਟੀ। ਰੰਘੜ ਦੇ ਸਾਮ੍ਹਣੇ ਗਈ। ਢਿੱਡ ਤੋਂ ਪੱਲਾ ਚੱਕਿਆ, ਕਹਿੰਦੀ ਦੇਖ ਕੰਜਰਾ ਆਪਣਾ ਹਰਾਮ। ਰੰਘੜ ਤਾਂ ਮਿੱਟੀ। ਮੇਰੀ ਮਾਂ ਕੰਨੀ ਦੇਖੇ ਟਿਪਰ-ਟਿਪਰ। ਚੂੜੀਦਾਰ ਪਜਾਮਾ, ਚਿੱਟੀ ਅਚਕਨ। ਖੜ੍ਹਾ-ਖੜ੍ਹਾ ਕੰਬੀ ਗਿਆ। ਅਗੇ ਨਾ ਪਿਛੇ ਅੱਜ ਤੱਕ ਤਾਂ ਕੋਈ ਕੁਸਕਿਆ ਨਹੀਂ। ਦੋ ਟਕੇ ਦੀ ਰਢੁਜਣ 'ਚ ਕੌਣ ਬੋਲਿਆ। ਕਹਿੰਦਾ, ਕੁੱਤੀਏ! ਅੱਧ 'ਚੋਂ ਚੀਰ ਦਿਊ ਜੇ ਚੂਰਕੀ ਤਾਂ। ਮਾਂ ਕਹਿੰਦੀ, ਮੈਂ ਕਿਹਾ ਲੈ ਰਤਨੀ ਤਾਂ ਗਈ। ਏਸ ਜ਼ਾਲਮ ਦਾ ਕੀ? ਢਿੱਡ 'ਚ ਕਿਰਚ ਹੀ ਘੋਪ ਦੇਵੇ। ਪਰ ਮੇਰੀ ਮਾਂ ਨੂੰ ਕਹਿੰਦਾ। ਸੰਤੀਏ, ਕੋਈ ਦੇ ਅੱਗ-ਬਲਾਅ ਤੇ ਵੱਢੂ ਢਾਹਾ ਇਹਦੀ ਗੱਢ ਦਾ। ਉਹਦੇ ਜਾਣ ਬਾਦ ਮਾਂ ਕਿਹਾ, ਰਤਨੀਏ ਜੇ ਕਿਸੇ ਬੰਦੇ ਦਾ ਤੁਖ਼ਮ ਏਂ ਤਾਂ ਜੰਮ ਹਰਾਮ ਤੇ ਨਸ਼ਰ ਕਰ ਇਹਦਾ ਕੰਜਰਖਾਨਾ।"

"ਹੱਦ ਹੋ ਗਈ। ਤੂੰ ਪਹਿਲਾਂ ਤਾਂ ਕਦੇ ਨਹੀਂ ਦੱਸਿਆ?"

"ਕਿਉਂ ਦੱਸਾਂ? ਕੀਹਨੂੰ ਦੱਸਾਂ? ਹੈ ਹਿੰਮਤ?"

"ਫਿਰ?" ਬੱਲੂ ਦੇ ਹੋਸ਼ ਉੱਡ ਰਹੇ ਸਨ।

"ਫਿਰ ਕੀ? ਮਾਂ ਦੇ ਜੁੱਤੇ ਫੜੇ ਕੰਜਰ। ਕਹਿੰਦਾ ਵਢਿਆ ਨਹੀਂ ਢਾਹਾ। ਮਾਂ ਕਿਹਾ, ਜੀ ਹੁਣ ਨਹੀਂ। ਬਹੁਤ ਦੇਰ ਹੋ ਗਈ। ਕਹਿੰਦਾ ਕੋਈ ਨਹੀਂ ਕਰਦਾਂ ਇਸ ਕੁੱਤੀ ਦਾ ਢਾਹ ਭੰਨ ਕਿਤੇ। ਪਰ ਰਤਨੀ ਤਾਂ ਮਰਨ ਲਈ ਤਿਆਰ ਸੀ। ਕਹਿੰਦੀ, ਥੁੱਕਦੀ ਨਹੀਂ ਤੇਰੇ ਢਾਹ-ਭੰਨ 'ਤੇ। ਜੂਠ ਪਰੋਸਣੀ ਹੁੰਦੀ। ਕੁਰੇ ਨੂੰ ਪਰੋਸਦੀ। ਹੈ ਹਿੰਮਤ ਤਾਂ ਹੋ ਨਸ਼ਰ।"

"ਫਿਰ?"

"ਕਹਿੰਦੇ ਸਦਾਰਨੀ ਵੀ ਜਵਾਕ ਜੰਮਣ ਨੂੰ ਫਿਰਦੀ ਸੀ ਤੇ ਰਤਨੀ ਵੀ। ਜਣੇਪੇ ਟੈਮ ਸ਼ਹਿਰੋਂ ਡਾਕਦਾਰਨੀ ਆਈ। ਜਵਾਕ ਤਾਂ ਜੰਮ ਗਿਆ। ਸਰਦਾਰਨੀ ਚੱਲ ਵੱਸੀ।"

"ਤੇ ਉਹ ਰਤਨੀ ?..."

"ਆਹੀ ਤਾਂ ਰੋਣੈ... ਪਤਾ ਈ ਨਈਂ ਲੱਗਾ ਕਿਧਰ ਗਈ।"

ਬੱਲੂ ਦਾ ਮੱਥਾ ਠਣਕਿਆ।

"ਕਿਤੇ ਤੇਰਾ ਮਤਲਬ..."

"ਚੁੱਪ! ਅੱਕੋ ਇਤਨਾਂ ਉੱਚੀ ਚੀਕੀ। ਬੱਲੂ ਤ੍ਰਬਕ ਕੇ ਚਾਰ ਚੁਫੇਰੇ ਦੇਖਿਆ। "ਮੈਂ ਵੀ ਮਾਂ ਨੂੰ ਇਹੋ ਕਿਹਾ ਸੀ। ਕਹਿੰਦੀ ਖ਼ਬਰਦਾਰ! ਜਾਨ ਚਾਹੀਦੀ ਊ ਕ ਨਈਂ ? ਨੌਂ ਦਿਨਾਂ ਦਾ ਲਾਲ ਜੀ ਸੀ ਜਦੋਂ ਮੇਰੀ ਗੋਦੀ 'ਚ ਆਇਆ। ਜ਼ਰਾ ਕੁ ਅਈਧਰ ਓਧਰ ਜਾਂਦੀ ਤਾਂ ਮੈਨੂੰ ਜੁਆਕ ਲਾਗੇ ਕਿਸੇ ਤੀਵੀਂ ਦਾ ਭਉਲਾ ਪੈਂਦਾ। ਮੈਂ ਡਰੀ। ਮਾਂ ਨੂੰ ਦੱਸਿਆ ਤਾਂ ਓਸ ਕਿਹਾ। ਮਾਂ ਸੂਤਕ ਮਰ ਜਾਏ ਤੇ ਗਤੀ ਨਾ ਹੋਵੇ ਤਾਂ ਕਚੀਲ ਦਾ ਮੋਹ ਰਹਿੰਦੈ ਆਂਦਰ ਨਾਲ। ਪਰ ਬੱਚੇ ਨੂੰ ਤੱਤੀ ਵਾਅ ਨਹੀਂ ਲੱਗਣ ਦਿੰਦੀ। ਕਰੋਪ ਹੋ ਜਾਏ ਤਾਂ ਸਮਝੋ ਟੱਬਰ ਗਿਆ।"

"ਤੇਰਾ ਮਤਲਬ ਹੁਣ ਤੱਕ ਤੁਰੀ ਫਿਰਦੀ ਏ ਕਚੀਲ ?"

"ਨਾ ਤੁਰੇ, ਪਰ ਮੇਰਾ ਵਹਿਮ ਐ। ਕਹਿੰਦੇ ਸੂਤਕ 'ਚ ਕਰਦੀ ਐ ਵਾਰ।"

"ਕਿਹੜਾ ਸੂਤਕ ?"

" ਨਿੱਕਾ ਕੰਤਵੀਰ! ਸਦਾਰਨੀ ਚੌਂਕੇ ਚੜ੍ਹੀ, ਤੇ ਗਈ। ਵੱਡੇ ਕੰਜਰ ਨੂੰ ਕੁਝ ਦਿਨ ਪਹਿਲਾਂ ਚੱਕ ਲਿਆ।"

"ਓ ਰੱਬ ਦਾ ਵਾਸਤਾ ਕਿਤੇ ਲਾਲ ਜੀ ਕੋਲੇ ਨਾ ਬਕ ਪਈਂ। ਪਸਤੌਲ ਡੱਬ 'ਚ ਹੁੰਦੈ ਉਹਦੀ। ਇਹ ਗੱਲਾਂ ਕਰਨ ਵਾਲੀਏਂ ਤੇਰੇ।"

"ਕੋਈ ਮੰਨੇ ਨਾ ਮੰਨੇ, ਪਰ ਮੈਂ ਸੋਚ ਲਿਆ।"

"ਕੀ ?"

"ਰੰਘੜ ਮਰ ਗਿਆ, ਸਦਾਰਨੀ ਮਰ ਗਈ। ਲਾਲ ਜੀ ਨੂੰ ਮੈਂ ਹੱਥੀਂ ਪਾਲਿਆ, ਉਹਨੇ ਕਦੇ ਮੈਨੂੰ ਭੁੱਲ ਦੀ ਨੀ ਲਾਈ। ਐਨੇ ਸਾਲ ਲੂਣ ਖਾਧਾ ਏਸ ਘਰ ਦਾ। ਲਾਲ ਜੀ ਦੀ ਅੰਸ਼ ਐ ਕੰਤਵੀਰ। ਕੁਛ ਹੋ ਜੇ, ਟੱਬਰ ਦੀ ਸੁੱਖ ਲਈ ਮੈਂ ਕਰਾਊਂ ਕਚੀਲ ਦੀ ਗਤੀ।"

"ਮਰਨੈ ਤੂੰ ? ਏਸ ਘਰ ਦੀ ਕਮਾਈ 'ਚੋਂ ਲੱਗਣਗੇ ਪੈਸੇ ਤਾਂ ਹੋਊ ਗਤੀ। ਮੈਂ ਤੂੰ ਨਹੀਂ ਕਰਾ ਸਕਦੇ। ਹਰਦੁਆਰ ਕੌਣ ਜਾਊ। ਰਹਿਣ ਦੇ ਤੂੰ। ਜੇ ਭਲੀ ਚਾਹੁਨੀ ਐਂ ਤਾਂ ਮਸਤ ਰਹੁ...। ਕਿਸੇ ਹੋਰ ਕੋਲ ਨਾ ਬਕ ਪਈਂ। ਕਿਤੇ ਆਪਣੀ ਗਤੀ ਕਰਾ ਲਵੇਂ।"

ਬੱਲੂ ਮਨ ਹੀ ਮਨ ਖਫ਼ਾ ਹੋਇਆ। ਉਹਨੂੰ ਅੱਕੋ ਤੇ ਤਰਸ ਆਇਆ। ਇਹ ਕੈਸੀ ਔਰਤ ਸੀ ? ਇਕ ਪਾਸੇ ਰੰਘੜ ਦੇ ਮਰਨ ਤੇ ਖੁਸ਼ ਸੀ। ਦੂਜੇ ਪਾਸੇ ਲਾਲ ਜੀ ਦੀਆਂ ਸੁੱਖਣਾ ਸੁੱਖ ਰਹੀ ਸੀ।...

ਉਸ ਦਿਨ ਮਗਰੋਂ ਬੱਲੂ ਖੋਭ 'ਚ ਘਿਰ ਗਿਆ। ਇਨ੍ਹਾਂ ਹਾਦਸਿਆਂ ਤੋਂ ਬਾਦ



ਲਾਲ ਜੀ ਵੀ ਪਹਿਲਾਂ ਜਿਹਾ ਨਹੀਂ ਸੀ ਰਿਹਾ। ਉਹ ਤਾਂ ਬਚਪਨ ਤੋਂ ਹੀ ਇਕੱਲਾ ਸੀ। ਪਿਤਾ ਅਤੇ ਪਤਨੀ ਦੀ ਮੌਤ ਨੇ ਹੋਰ ਇਕੱਲਿਆਂ ਕਰ ਦਿੱਤਾ ਸੀ। ਪੁਲਿਸ ਦਾ ਵੱਡਾ ਅਫ਼ਸਰ ਹੋਣ ਤੇ ਵੀ ਪਿਤਾ ਅਤੇ ਪਤਨੀ ਕਤਲ ਕਰ ਦਿੱਤੇ ਗਏ ਸਨ। ਉਹ ਦੇਖਦਾ ਰਹਿ ਗਿਆ ਸੀ। ਕੇਵਲ ਦੇਖਦਾ ਹੀ ਨਹੀਂ ਸੀ ਰਹਿ ਗਿਆ। ਅੰਦਰੇ ਅੰਦਰ ਭੈ-ਭੀਤ ਅਤੇ ਹਿੱਲ ਗਿਆ ਸੀ। ਭਾਵੇਂ ਕੰਤ ਵੀਰ ਨਾਨਕੇ ਸੀ, ਫਿਰ ਵੀ ਕੋਠੀ ਦੀ ਪਹਿਰੇਦਾਰੀ ਹੋਰ ਸਖ਼ਤ ਕਰ ਦਿੱਤੀ ਗਈ ਸੀ।...

ਲਾਲ ਜੀ ਸ਼ਰਾਬ ਵਿਚ ਡੁੱਬਣ ਲੱਗਾ।...

ਇਕ ਦਿਨ ਗੁਆਂਢੀ ਕਰਨਲ ਢਿੱਲੋਂ ਆਇਆ। ਉਸ ਲਾਲ ਜੀ ਅਗੋਂ ਬੋਤਲ ਚੁੱਕ ਲਈ। ਮੋਹ ਨਾਲ ਗੱਲਾਂ ਕੀਤੀਆਂ ਤਾਂ ਲਾਲ ਜੀ ਦਾ ਮਨ ਭਰ ਆਇਆ। ਕਰਨਲ ਖ਼ੁਦ ਇਕੱਲਾ ਸੀ। ਧੀ ਪੁੱਤ ਵਿਦੇਸ਼ ਸਨ। ਪਤਨੀ ਗੁਜ਼ਰ ਚੁੱਕੀ ਸੀ। ਲਾਲ ਜੀ ਦੀ ਇਕੱਲ ਅਤੇ ਪ੍ਰੇਸ਼ਾਨੀ ਸਮਝਦਾ ਸੀ। ਉਸ ਲਾਲ ਜੀ ਨੂੰ ਹੌਂਸਲਾ ਦਿੱਤਾ ਅਤੇ ਦੋਸਤੀ ਦਾ ਹੱਥ ਵਧਾਇਆ।

ਉਹ ਜਦੋਂ ਵੀ ਮਿਲਦੇ। ਲਾਲ ਜੀ ਵਿੱਸ ਪੈਂਦਾ।

"ਮੈਂ ਬਿਦੇਸੋ ਮਾਰੇ ਢਿੱਲੋਂ। ਮੇਰੇ 'ਚ ਮੋਹ ਪਿਆਰ ਪਹਿਲਾਂ ਹੀ ਨਹੀਂ ਸੀ। ਪਿਉ ਤੇ ਪਤਨੀ ਨਾਲ ਵੀ ਮੋਹ ਗਿਆ। ਮੇਰਾ ਕੋਈ ਨਹੀਂ।"

"ਤੂੰ ਮਾਰਨ ਤੋਂ ਨਾਂਹ ਕਰ ਦਿੰਦਾ।"

"ਫ਼ੌਜ ਵੀ ਤਾਂ ਮਾਰਦੀ ਹੈ।"

"ਦੁਸ਼ਮਣਾਂ ਨੂੰ... ਤੁਸੀਂ ਆਪਣੇ ਹੀ ਅੱਗੇ ਧਰ ਲਏ।"

"ਕੀ ਕਰਦਾ ? ਪੈਸਾ, ਸ਼ੋਹਰਤ, ਤਰੱਕੀ। ਕਿਸਨੂੰ ਨਹੀਂ ਚਾਹੀਦੀ।"

"ਲਾਸ਼ਾਂ ਵੱਟੇ ?"

"ਮੈਂ ਇਹਦਾ ਮੁੱਲ ਤਾਰਿਆ। ਤਾਰਿਆ ਕ ਨਹੀਂ ?"

"ਤੂੰ ਕੀ ਸਮਝਦੈ ਇਤਨੇ ਮੁੱਲ ਤੋਂ ਬਾਦ ਕਹਾਣੀ ਖ਼ਤਮ... ਤੂੰ ਸੇਫ਼ ਐਂ ?"

ਲਾਲ ਜੀ ਨੂੰ ਲੱਗਾ। ਕਰਨਲ ਠੀਕ ਆਖ ਰਿਹਾ ਸੀ। ਪੁਲਿਸ ਦੇ ਕਈ ਅਫ਼ਸਰ ਘਰਾਂ 'ਚੋਂ ਕੱਢ ਕੇ ਮਾਰੇ ਜਾ ਰਹੇ ਸਨ।

ਉਸ ਦਿਨ ਤੋਂ ਬਾਦ ਲਾਲ ਜੀ ਪਰਛਾਵੇਂ ਤੇ ਵੀ ਸ਼ੱਕ ਕਰਨ ਲੱਗਾ।

ਇਨ੍ਹਾਂ ਦਿਨਾਂ ਵਿਚ ਹੀ ਖ਼ੁਫ਼ੀਆ ਰਿਪੋਰਟ ਮਿਲੀ ਕਿ ਵਿਆਹ ਦੇ ਸੌਦੇ ਵਾਲੇ ਮਸਲੇ ਵਿਚ ਇਕ ਪਹਿਰੇਦਾਰ ਹੀ ਵਿਕ ਗਿਆ ਸੀ। ਕੁੱਤੇ ਦਿਨ ਰਾਤ ਖੋਲ੍ਹ ਕੇ ਰੱਖੇ ਜਾਣ ਲੱਗੇ ਅਤੇ ਕਿਸੇ ਗ਼ੈਰ ਲਈ ਕੋਠੀ ਅੰਦਰ ਆਉਣਾ ਮਨ੍ਹਾਂ ਕਰ ਦਿੱਤਾ ਗਿਆ। ਲਾਲ ਜੀ ਕਿਥੇ ਜਾਂਦਾ। ਕੀ ਕਰਦਾ, ਮਹਿਕਮੇ ਨੂੰ ਵੀ ਅੱਧੀ ਖ਼ਬਰ ਸੀ।

ਇਕ ਦਿਨ ਲਾਲ ਜੀ ਨੇ ਕਿਸੇ ਕੁੜੀ ਨੂੰ ਲਾਅਨ 'ਚ ਬੈਠੇ ਦੇਖਿਆ। ਉਹ ਪੈਰੋਂ ਹੀ ਮੱਚ ਉੱਠਿਆ।

"ਕੌਣ ਐਂ ਤੂੰ? ਕਿਸ ਤੋਂ ਪੁੱਛ ਕੇ ਅੰਦਰ ਆਈ?"

ਲਾਲ ਜੀ ਪਿਸਟਲ ਨੂੰ ਹੱਥ ਪਾਇਆ। "ਨਿਕਲ ਬਾਹਰ।"

ਕੁੜੀ ਅੱਖ ਝਪਕਦੇ ਖਿਸਕ ਗਈ। ਬੱਲੂ ਦੱਸਿਆ ਵੋਟਾਂ ਬਣਾਉਣ ਆਈ। ਲਾਲ ਜੀ ਲਈ ਜਰਨਾ ਔਖਾ ਸੀ। ਇਤਨੀਂ ਸਖ਼ਤੀ ਦੇ ਬਾਵਜੂਦ ਕੁੜੀ ਅੰਦਰ ਆ ਗਈ। ਨੌਕਰਾਂ ਅਤੇ ਗਾਰਦ ਦੀ ਸ਼ਾਮਤ ਆ ਗਈ।

ਲਾਲ ਜੀ ਖ਼ੁਦ ਸੁਚੇਤ ਰਹਿਣ ਲੱਗਾ।...

ਕੰਤਵੀਰ ਦੇ ਬੀ.ਏ ਤੱਕ ਪਹੁੰਚਦੇ ਸੂਬੇ ਵਿਚ ਠੰਡ ਪੈਣ ਦੀ ਖ਼ਬਰ ਆਈ। ਕਰਨਲ ਵਿਲੋਂ ਅਤੇ ਕੰਤਵੀਰ ਦੇ ਮਾਮਿਆਂ ਚਾਹਿਆ, ਕੰਤਵੀਰ ਦਾ ਵਿਆਹ ਕਰਕੇ ਲਾਲ ਜੀ ਦੀ ਇਕੱਲ ਭਰੀ ਜਾਵੇ।

ਇਕ ਦਿਨ ਲਾਲ ਜੀ ਕੰਤਵੀਰ ਨੂੰ ਪੁੱਛਿਆ।

"ਬੀ.ਏ. ਤੋਂ ਬਾਦ ਕਿੱਥੇ ਲੈਣੈ ਦਾਖ਼ਲਾ?"

"ਲਾਅ ਕਰੂੰਗਾ।"

"ਕਿਉਂ ਲਾਅ ਕਿਉਂ?"

"ਬਸ ਵੈਸੇ ਹੀ..."

"ਕਿਸਨੇ ਕਿਹਾ?"

"ਹੈ ਕੋਈ..."

ਲਾਲ ਜੀ ਦਾ ਮੱਥਾ ਠਣਕਿਆ। ਧੁਰ ਅੰਦਰ ਕਿਤੇ ਪੀੜ ਹੋਈ। ਉਸਨੂੰ ਯਾਦ ਆਇਆ। ਉਸਦੇ ਪਿਤਾ ਦਾ ਬਚਪਨ ਮਾਂ ਤੋਂ ਬਿਨਾਂ ਗੁਜ਼ਰਿਆ ਉਹ ਰੰਘੜ ਬਣ ਗਿਆ। ਮੈਂ ਮਾਂ ਨਹੀਂ ਦੇਖੀ। ਮੈ ਨਿਮੋਹਾ ਰਹਿ ਗਿਆ। ਹੁਣ ਇਹ ਕੰਤਵੀਰ ਗੁਸਤਾਖ਼ ਹੋ ਰਿਹਾ ਸੀ।...

"ਦੇਖ! ਖ਼ਬਰਦਾਰ ਜੇ ਕਿਸੇ ਮੋਹ-ਪਿਆਰ ਦੇ ਚੱਕਰ ਵਿਚ ਪਿਆ ਤਾਂ। ਇੱਥੇ ਕੋਈ ਆਪਣਾ ਨਹੀਂ। ਸਭ ਮਤਲਬੀ ਨੇ ਭੈੜੇ ਚੋ...।" ਲਾਲ ਜੀ ਪੁਲਿਸ ਹੋਂਕੜ 'ਚੋਂ ਕਿਹਾ।

"ਇਨ੍ਹਾਂ ਸਾਰਿਆਂ ਵਿਚ ਤਾਂ ਤੁਸੀਂ ਵੀ ਓ ਪਾਪਾ..."

ਲਾਲ ਜੀ ਦੇਖਦਾ ਰਹਿ ਗਿਆ। ਕਦੇ ਕੋਈ ਅਫ਼ਸਰ ਇੰਜ ਨਹੀਂ ਸੀ ਬੋਲਿਆ। ਮੁੰਡੇ 'ਚ ਕੌਣ ਬੋਲਿਆ।

ਲਾਲ ਜੀ ਕਿਸੇ ਟਾਊਟ ਰਾਹੀਂ ਸੂਹ ਲਈ। ਪਤਾ ਲੱਗਾ, ਦਿੜ੍ਹਪੁਰੀਏ ਗਮਦੂਰ ਦੀ ਧੀ ਜੱਸੀ ਸੀ। ਲਾਡਲੀ ਤੇ ਗੁਸਤਾਖ਼।

"ਬਰਾੜਾਂ ਦੀ ਕੁੜੀ ਕਰ ਰਹੀ ਏ ਲਾਅ ਤਾਂ ਕਿਹਾ ਤੂੰ?"

"ਸ਼ਾਇਦ!"

ਲਾਲ ਜੀ ਮਨ ਹੀ ਮਨ ਖ਼ੁਸ਼ ਹੋਇਆ। ਜੱਟਾਂ ਦੇ ਬਹੁਤੇ ਮੁੰਡੇ ਅੱਜ ਕੱਲ੍ਹ ਨੀਵੀਆਂ ਜਾਤੀਆਂ ਝੋਪ ਰਹੀਆਂ ਸਨ। ਫਿਰ ਵੀ ਲਾਲ ਜੀ ਉਤਲੇ ਮਨੋਂ ਕਿਹਾ।



"ਇਹ ਸ਼ਾਇਦ ਸ਼ੁਦ ਵਾਲਾ ਕੁਤੇਖਾਨਾ ਨਹੀਂ ਚੱਲਣ ਦੇਣਾ ਮੈਂ। ਸਮਝਿਆ? ਜੇ ਕਿਸੇ ਦੀ ਸ਼ਹਿ ਐ ਤਾਂ ਦੱਸ।"

ਕੰਤਵੀਰ ਨੂੰ ਪੁਲਸੀਏ ਪਿਉ ਦੀ ਹਿੰਡ ਬਾਰੇ ਪਤਾ ਸੀ। ਉਸ ਜੱਸ ਨਾਲ ਗੱਲ ਕੀਤੀ।

"ਮੈਂ ਕਰਾਂਗੀ ਗੱਲ ਤੇਰੇ ਪਾਪਾ ਨਾਲ।" ਜੱਸ ਕਿਹਾ।

"ਭੁੱਲ ਨੇ ਵੀ ਨਾ... ਪੁਲਸ ਅਫ਼ਸਰ ਐ।"

ਉਹੋ ਗੱਲ ਹੋਈ। ਕੁੜੀ ਸਿਧੀ ਲਾਲ ਜੀ ਮੂਹਰੇ ਜਾ ਖੜ੍ਹੀ।

"ਅੰਕਲ ਥੋਨੂੰ ਕੀ ਕਾਹਲੀ ਐ ਕੰਤਵੀਰ ਦੇ ਵਿਆਹ ਦੀ?"

"ਸ਼ਹਿਰ 'ਚ ਇਜ਼ੱਤ ਐ ਮੇਰੀ। ਮੈ ਨਹੀਂ ਚਾਹੁੰਦਾ ਮੇਰਾ ਬੱਚਾ ਫੋਕੀ ਆਸ਼ਕੀ ਮਸ਼ੂਕੀ ਦੇ ਚੱਕਰ 'ਚ ਬਦਨਾਮ ਹੋਵੇ। ਵੈਸੇ ਤੂੰ ਕੌਣ ਐਂ?" ਜਾਣਦੇ ਹੋਏ ਵੀ ਪੁੱਛਿਆ।

"ਦੋਸਤ ਹਾਂ ਉਹਦੀ"

"ਦੋਸਤ ਜਾਂ ਕੁਝ ਹੋਰ?"

"ਜੋ ਮਰਜ਼ੀ ਸਮਝੋ... ਪਰ ਜੱਟਾਂ ਦੀ ਧੀ ਹਾਂ, ਮੈਂ ਗ਼ਲਤ ਨਹੀਂ।"

"ਇਹ ਤੇਰਾ ਫੈਸਲੈ ਕਿ ਤੇਰੇ ਮਾਂ ਪਿਉ ਦਾ?"

"ਕਮਾਲ ਐ... ਜ਼ਿੰਦਗੀ ਸਾਡੀ। ਫ਼ੈਸਲਾ ਮਾਂ ਪਿਉ ਕਰਨਗੇ?"

"ਬਾਗੀ ਹੋ ਕੇ ਕਰੇਂਗੀ ਸ਼ਾਦੀ?"

"ਬਿਲਕੁਲ ਨਹੀਂ। ਸਾਥੀ ਮੈਂ ਚੁਣਾਂਗੀ। ਫਾਈਨਲ ਉਹ ਕਰਨਗੇ।"

"ਕੀ ਸ਼ਰਤ ਐ ਤੇਰੀ ਤੇ ਤੇਰੇ ਪੇਰੈਂਟਸ ਦੀ?"

"ਉਹਨਾਂ ਲਈ ਜ਼ਮੀਨ ਜਾਇਦਾਦ ਤੇ ਜੱਟ ਹੋਣਾ ਕਾਫ਼ੀ। ਮੇਰੇ ਲਈ ਮੇਰੀ ਪਸੰਦ।"

"ਪਰ ਮੈਂ ਨਹੀਂ ਚਾਹੁੰਦਾ। ਮੇਰੀ ਨੂੰਹ ਫਾਈਲਾਂ ਚੁੱਕ ਕੇ ਮੁਅੱਕਲਾਂ ਦੇ ਪਿੱਛੇ ਪਿੱਛੇ ਤੁਰਦੀ ਫਿਰੇ। ਜਦ ਕਿ ਘਰ 'ਚ ਕੋਈ ਕਮੀ ਨਹੀਂ।"

"ਅੰਕਲ ਇਹ ਪੈਸਾ ਤੇ ਇਜ਼ੱਤ ਤੁਸੀਂ ਖ਼ੁਦ ਕਮਾਈ। ਸਾਨੂੰ ਵੀ ਕਮਾਣ ਦਿਉ। ਨਿੱਕੀ-ਨਿੱਕੀ ਲੋੜ ਲਈ ਤੁਹਾਡੇ ਵੱਲ ਹੀ ਕਿਉ ਦੇਖੀਏ।"

"ਲਾਅ ਕਰਨ ਦਾ ਰੀਜ਼ਨ?"

"ਕੀ ਪਤਾ ਕੋਈ ਤੁਹਾਡਾ ਕੇਸ ਹੀ ਖੋਲ੍ਹਣਾ ਪੈ ਜਾਵੇ।"

ਗੱਲ ਹਾਸੇ 'ਚ ਪੈ ਗਈ। ਪਰ ਲਾਲ ਜੀ ਅੰਦਰੋ ਅੰਦਰ ਖ਼ੁਸ਼ ਹੋਇਆ। ਕੰਤਵੀਰ ਨੂੰ ਜੱਸ ਜਿਹੀ ਦਲੇਰ ਦਾ ਸਾਥ ਹੀ ਚਾਹੀਦਾ ਸੀ। ਇਕੋ ਦਿੱਕਤ ਸੀ। ਲਾਅ ਲਈ ਕੁਝ ਸਮਾਂ ਇੰਤਜ਼ਾਰ ਕਰਨਾਂ ਪੈ ਸਕਦਾ ਸੀ।

ਇਕ ਦਿਨ ਅਚਾਨਕ ਲਾਲ ਜੀ ਟੈਰਿਸ 'ਤੇ ਨਿਕਲਿਆ।

ਦੋ ਪ੍ਰਛਾਵੇ ਕੰਧ ਟੱਪ ਰਹੇ ਸਨ।...

ਲਾਲ ਜੀ ਲਲਕਰਾ ਮਾਰਿਆ। ਪਹਿਰੇਦਾਰਾਂ ਪੁਜੀਸ਼ਨ ਲਈ ਅਤੇ ਫਾਇਰ ਕੀਤਾ। ਬਾਪਾ ਦੌੜ ਕੇ ਬਾਹਰ ਆਇਆ।

ਲਾਲ ਜੀ ਗਾਰਦ ਨੂੰ ਗਾਲ੍ਹਾਂ ਕਢਣ ਲੱਗਾ।

ਸਵੇਰੇ ਕੰਧ ਟੱਪਣ ਵਾਲੀ ਥਾਂ ਦੀ ਖੋਜ ਕੀਤੀ ਗਈ ਤਾਂ ਸਧਾਰਨ ਜਿਹੀ ਹੱਥ-ਲਿਖਤ ਵਾਲੀ ਚਿੱਠੀ ਮਿਲੀ।

"ਦੁਸ਼ਟਾ ਅੱਜ ਬਚ ਗਿਆ। ਛੇਤੀ ਸੋਧਾਂਗੇ।"

ਅਜਿਹੀਆਂ ਗਿੱਦੜ ਚਿੱਠੀਆਂ ਲਾਲ ਜੀ ਅਨੇਕਾਂ ਦੇਖੀਆਂ ਸਨ। ਪਰ ਉਸ ਚਿੱਠੀ ਨੂੰ ਉਸ ਬਹੁਤ ਵੇਰ ਪੜ੍ਹਿਆ।

ਉਸ ਕੰਤਵੀਰ ਬੁਲਾਇਆ ਅਤੇ ਸੁਚੇਤ ਕੀਤਾ।

"ਪਾਪਾ ਤੁਹਾਨੂੰ ਜਾਂ ਮੈਨੂੰ... ਕੋਈ ਕਿਉਂ ਮਾਰੇਗਾ ?"

"ਤੇਰੀ ਮਾਂ ਨੂੰ ਕਿਉਂ ਮਾਰਿਆ... ਤੇ ਦਾਦਾ ਜੀ...।"

ਕੰਤਵੀਰ ਸੋਚਣ ਲੱਗਾ।

"ਦੇਖ ਉਸ ਕੁੜੀ ਲਾਲ ਘੁੰਮਣਾ ਫਿਰਨਾਂ ਬੰਦ। ਤੂੰ ਘਰ ਬੁਲਾਅ ਉਹਨੂੰ। ਮੈਂ ਕਰਦਾਂ ਗੱਲ।"

ਜੱਸ ਨੇ ਨਾ ਆਉਣਾ ਸੀ ਨਾ ਆਈ। ਛੇ ਮਹੀਨੇਂ ਬਾਦ ਕੋਰਟ ਮੈਰਿਜ ਕਰਾ ਕੇ ਘਰ ਆ ਗਈ।

ਲਾਲ ਜੀ ਫਿਰ ਮਿੱਟੀ ਸੀ।... ਬੱਚਿਆਂ ਨੇ ਇਜ਼ਤ, ਰੁਤਬਾ ਅਤੇ ਦਹਿਸ਼ਤ ਰੋਲ ਕੇ ਰੱਖ ਦਿਤੀ ਸੀ। ਪਰ ਲਾਲ ਜੀ ਉਨ੍ਹਾਂ ਲੋਕਾਂ ਵਿਚੋਂ ਸੀ ਜਿਨ੍ਹਾਂ ਦੀ ਚਿੱਤ ਵੀ ਇਨ੍ਹਾਂ ਦੀ ਅਤੇ ਪਟ ਵੀ।... ਇਕ ਤਰ੍ਹਾਂ ਕਮਾਲ ਹੋ ਗਈ। ਨਾ ਹਿੰਗ ਲੱਗੀ ਨਾ ਫਟਕੜੀ। ਵਿਆਹ ਵਾਲਾ ਵੱਡਾ ਮਸਲਾ ਹੱਲ। ਕੇਵਲ ਰਿਸ਼ਤੇ ਨੂੰ ਜੱਗ-ਜ਼ਾਹਰ ਕਰਨ ਲਈ ਪੈਸਾ ਵਹਾਉਣ ਦੀ ਲੋੜ ਸੀ।

ਜੱਸੀ ਪੁੱਜਦੇ ਘਰ ਦੀ ਧੀ ਸੀ। ਦਾਤਾਂ ਅਤੇ ਜੇਰਾ ਇਤਨਾਂ ਲੈ ਕੇ ਆਈ; ਲਾਲ ਜੀ ਦੀ ਉਮੀਦ ਅਤੇ ਕੋਠੀ ਛੋਟੀ ਪੈ ਗਈ।

ਇਕ ਦਿਨ ਲਾਲ ਜੀ ਜੱਸ ਨੂੰ ਕੋਲ ਬਿਠਾਇਆ ਕਿਹਾ। "ਦੇਖ ਬੇਟਾ, ਇਹ ਘਰ ਤੇਰਾ... ਦੌਲਤ ਤੇਰੀ। ਮੇਰਾ ਪਿਛੋਕੜ। ਮੇਰਾ ਰੁਤਬਾ। ਮੈ ਸਭ ਕੁਝ ਬਰਦਾਸ਼ਤ ਕਰ ਸਕਦਾਂ ਪਰ ਕਿਸੇ ਨਿੱਕੀ-ਸੁੱਕੀ ਜਾਤ ਦੀ ਨੇੜਤਾ ਨਹੀਂ।"

"ਪਾਪਾ ਜੀ ਮੈਂ ਜੱਟਾਂ ਦੀ ਧੀ ਹਾਂ। ਜਾਣਦੀ ਹਾਂ ਕਿਸ ਨੂੰ ਕਿੱਥੇ ਰੱਖਣੈ। ਨਿੱਕੀ-ਸੁੱਕੀ ਜਾਤ ਪਸੰਦ ਕਰਦੀ ਤਾਂ ਦੋ ਪੀ. ਸੀ. ਐਸ ਮੁੰਡੇ ਲਿਲ੍ਹਕੜੀਆਂ ਕੱਢਦੇ ਸੀ।"

ਲਾਲ ਜੀ ਨਿਸ਼ਚਿੰਤ ਹੋ ਗਿਆ।

ਜੱਸੀ ਚਾਹਿਆ ਉਹ ਸਭ ਤੋਂ ਪਹਿਲਾਂ ਘਰ ਦੀ ਕਾਇਆ ਕਲਪ ਕਰੇ। ਕਿਸੇ ਸੁਆਣੀ ਦੀ ਅਣਹੋਂਦ ਨੇ ਘਰ ਕਬਾੜ ਬਣਾ ਰੱਖਿਆ ਸੀ।



ਟੁੱਟ-ਭੱਜ ਅਤੇ ਬੇਕਾਰ ਚੀਜ਼ਾਂ ਦਾ ਢੇਰ ਲੱਗਣ ਲਗਾ।

ਇਕ ਦਿਨ ਬਾਹਰ ਹੋਕਾ ਸੁਣਿਆ। ਕੋਈ ਪਲਾਸਟਿਕ ਦੀ ਨਵਾਰ ਨਾਲ ਮੰਜੇ ਬੁਣਨ ਵਾਲਾ ਸੀ।

ਰੋਕ ਕੇ ਬੱਲੂ ਨੇ ਮੰਜੇ ਦਿਖਾਏ। ਜੱਸ ਅਤੇ ਅੱਕੋ ਛੋਟੇ ਗੇਟ ਦੇ ਅੰਦਰਵਾਰ ਖੜ੍ਹੀਆਂ ਸਨ। ਬਜ਼ੁਰਗ ਨੇ ਮਜ਼ਦੂਰੀ ਤਹਿ ਕੀਤੀ ਤੇ ਦਸਿਆ, ਮੰਜਿਆਂ ਦੇ ਪਾਵਿਆਂ ਵੱਲ ਦੇ ਪਾਈਪ ਹੇਠੋਂ ਗਲ ਗਏ ਸਨ। ਕਿਉਂ ਨਾ ਠੀਕ ਕਰਵਾ ਲਏ ਜਾਣ।

"ਠੀਕ ਹੈ! ਕੱਲ੍ਹ ਆ ਕੇ ਬੁਣ ਜਾਈਂ।" ਬੱਲੂ ਕਿਹਾ।

"ਕੱਲ੍ਹ ਤਾਂ ਜੀ ਮੈਂ ਕਿਸੇ ਦੀਆਂ ਅਸਥੀਆਂ ਪਾਉਣ ਹਰਦੁਆਰ ਜਾਣਾ ਹੈ। ਅੱਜ ਬੁਣ ਸਕਦਾ ਹਾਂ।" ਅੱਕੋ ਦਾ ਮੱਥਾ ਠਣਕਿਆ।

ਬੱਲੂ ਜਾਣਦਾ ਸੀ। ਸਾਹਬ ਦੇ ਹੁਕਮ ਤੋਂ ਬਿਨਾਂ ਬਾਹਰ ਜਾਣਾ ਸੰਭਵ ਨਹੀਂ ਸੀ। ਉਸ ਕਿਹਾ, "ਅੱਜ ਨਹੀਂ ਹੋਣੀ ਮੁਰੰਮਤ।"

"ਕਿਉਂ ?"

"ਕੋਈ ਠੀਕ ਕਰਵਾਉਣ ਵਾਲਾ ਨਹੀਂ।"

"ਮੈਂ ਕਰਵਾ ਦਿੰਨਾ।"

"ਵੈਲਡਿੰਗ ਦੀ ਵਰਕਸ਼ਾਪ ਤੱਕ ਕਿਵੇਂ ਲੈ ਕੇ ਜਾਵੇਂਗਾ ?"

"ਸਿਰ 'ਤੇ ਲੈ ਜੂੰ। ਪੈਹੇ ਦੇ ਦੇਣਾ।"

"ਬਾਹ ਉਏ ਤੇਰੇ ... ਜੇ ਮੰਜੇ ਲੈ ਕੇ ਤੁਰਦਾ ਹੋਇਆ।"

"ਤੁਸੀਂ ਮੇਰੀ ਸ਼ੈਕਲ ਤੇ ਨਵਾਰ ਰਖ ਲੋ।"

ਬੱਲੂ ਜੱਸ ਤੋਂ ਹਾਮੀ ਲਈ ਅਤੇ ਬਜ਼ੁਰਗ ਦਾ ਸਾਈਕਲ ਅਤੇ ਨਵਾਰ ਦੇ ਬੰਡਲ ਅੰਦਰ ਕਰ ਲਏ।

ਅੱਕੋ ਨੂੰ ਅਚਵੀ ਲੱਗ ਗਈ। ਬਜ਼ੁਰਗ ਸਬੱਬੀਂ ਹਰਦੁਆਰ ਜਾ ਰਿਹਾ ਸੀ। ਕਿਉਂ ਨਾ ਰਤਨੀ ਦੀ ਗਤੀ ਲਈ ਉਸਦੀ ਮਿੰਨਤ ਕਰੇ। ਪਰ ਕਿਵੇਂ ? ਸੋਚਾਂ ਵਿਚ ਡੁੱਬੀ ਜਿਵੇਂ ਹੀ ਉਹ ਬਾਹਰ ਆਈ ਉਹਦਾ ਕਿਲਕਾਰੀ ਮਾਰਨ ਨੂੰ ਜੀ ਕੀਤਾ। ਕੁੱਤੇ ਸਾਈਕਲ ਨੇੜੇ ਰੱਖਿਆ ਬਜ਼ੁਰਗ ਦਾ ਸਮਾਨ ਖਲਾਰੀ ਫਿਰਦੇ ਸਨ। ਅੱਕੋ ਨੇ ਨੇੜੇ ਜਾ ਕੇ ਦੇਖਿਆ। ਝੋਲੇ ਅੰਦਰ ਸ਼ਾਇਦ ਪੋਣੇ ਵਿਚ ਬੰਨ੍ਹੀਆਂ ਰੋਟੀਆਂ ਸਨ। ਅੱਕੋ ਖੁਸ਼ ਹੋਈ ਅਤੇ ਦੌੜ ਕੇ ਜੱਸ ਨੂੰ ਦੱਸਿਆ।

"ਕੋਈ ਗੱਲ ਨਹੀਂ। ਆਵੇ ਤਾਂ ਰੋਟੀ ਅੰਦਰੋਂ ਦੇ ਦਈਂ। ਕਹੀਂ ਖਾਏ। ਕੰਮ ਮੁਕਾਏ, ਤੇ ਪਾਪਾ ਦੇ ਆਉਣ ਤੋਂ ਪਹਿਲਾਂ ਤੁਰਦਾ ਹੋਵੇ।"

ਅੱਕੋ ਸੁਖ ਦਾ ਸਾਹ ਲਿਆ। ਬਜ਼ੁਰਗ ਨਾਲ ਗੱਲ ਕਰਨ ਦਾ ਕੈਸਾ ਸਬਬ ਬਣਿਆ। ਅੱਕੋ ਕੋਲ ਬੈਠ ਰੋਟੀ ਖਵਾਈ ਅਤੇ ਰੱਬ ਦਾ ਲੱਖ-ਲੱਖ ਸ਼ੁਕਰ ਕੀਤਾ।...

ਕੰਮ ਮੁਕਾਅ ਬਜ਼ੁਰਗ ਮਜ਼ਦੂਰੀ ਲਈ, ਅਤੇ ਬੱਲੂ ਮੰਜੇ ਚੁੱਕ ਜੱਸ ਨੂੰ ਦਖਾਏ।

ਮੰਜਿਆਂ ਦੀ ਨਵੀਂ ਦਿੱਖ ਦੇਖ ਜੱਸ ਖੁਸ਼ ਹੋਈ ਅਤੇ ਬੱਲੂ ਨੂੰ ਮੰਜੇ ਉਪਰ ਮਮਟੀ 'ਚ ਰੱਖ ਦੇਣ ਨੂੰ ਕਿਹਾ। ਜਸ ਹਾਲੇ ਲਾਅਨ ਵਿਚ ਹੀ ਸੀ ਜਾਂ ਛੋਟਾ ਗੇਟ ਖੜਕਿਆ। ਜੱਸ ਨੂੰ ਬੁਰਾ ਲੱਗਾ। ਪਾਪਾ ਆਉਣ ਵਾਲੇ ਸਨ ਅਤੇ ਬਜ਼ੁਰਗ ਇਥੇ ਹੀ ਫਸਿਆ ਖੜ੍ਹਾ ਸੀ।

ਜੱਸ ਕਾਹਲੀ ਨਾਲ ਆਈ ਅਤੇ ਗੇਟ ਖੋਲ੍ਹ ਗੁੱਸੇ ਨਾਲ ਕਿਹਾ। "ਬਾਬਾ ਜੀ ਪੈਸੇ ਮਿਲ ਗਏ ਤਾਂ ਜਾਉ।"

"ਜੀ ਆਹ ਫਟਿਆ ਨੋਟ ਬਦਲ ਦਿੰਦੇ।"

ਜਿਵੇਂ ਹੀ ਛੋਟਾ ਗੇਟ ਖੋਲ੍ਹ ਕੇ ਜੱਸ ਬਾਹਰ ਆਈ ਪੁਲਸੀਆ ਪਹਿਰੇਦਾਰ ਵੀ ਵੱਡੇ ਗੇਟ ਨੇੜਿਉਂ ਦੌੜ ਕੇ ਆਇਆ। "ਚਲ ਬਾਬਾ ਤੁਰਦਾ ਹੋ ਹੁਣ।"

ਜੱਸ ਨੋਟ ਬਦਲ ਕੇ ਦਿੰਦੀ ਫਿਰ ਬੋਲੀ।

"ਬਾਬਾ ਜੀ ਕਿਰਪਾ ਕਰਕੇ ਜਾਉ ਹੁਣ।"

ਜਿਵੇਂ ਹੀ ਜੱਸ ਪਰਤੀ, ਉਸ ਸੁਣਿਆ।

"ਖੜ੍ਹੀਂ ਪੁੱਤ! ਐਧਰ ਨੂੰ ਝਾਕੀਂ ਜ਼ਰਾ...। ਤੂੰ ਦਿੱਤੂਪੁਰ ਵਾਲੇ ਗਮਦੂਰ ਦੀ ਕਾਕੀ ਐਂ ਨਾ?"

ਜੱਸ ਦੰਗ ਰਹਿ ਗਈ।...

ਇਸਤੋਂ ਪਹਿਲਾਂ ਕਿ ਪਹਿਰੇਦਾਰ ਬਜ਼ੁਰਗ ਨੂੰ ਧੱਕਦਾ। ਜੱਸ ਕਿਹਾ।

"ਤੁਹਾਨੂੰ ਕਿਵੇਂ ਪਤਾ?"

"ਲੈ ਪੁੱਤ! ਬੰਤਾ ਸੀਰੀ ਨੰਜਾ ਸਿਹੁੰ, ਮੇਰਾ ਈ ਤਾਂ ਜਮਾਈ ਐ। ਪਛਾਣਿਆ ਨੀ ਤੈਂ ਮੈਨੂੰ?"

ਅਚਾਨਕ ਕਾਰ ਦਾ ਹਾਰਨ ਸੁਣਿਆ।

ਪਹਿਰੇਦਾਰ ਦੌੜ ਕੇ ਗੇਟ ਖੋਲ੍ਹਿਆ। ਲਾਲ ਜੀ ਕਾਰ ਤੋਂ ਉੱਤਰਦੇ ਹੀ ਚੀਕਿਆ।

"ਕੌਣ ਐ ਇਹ?"

"ਮੰਜੇ ਬੁਣਨ ਵਾਲੈ ਸਰ! ਮੈਡਮ ਜੀ ਨੇ ਮੰਜੇ ਬੁਣਵਾਏ।"

"ਬੁਣਾਏ ਤਾਂ ਦਫ਼ਾ ਕਰ ਜਾ ਕੇ।"

ਲਾਲ ਜੀ ਨੂੰ ਵੱਟ ਚੜ੍ਹਿਆ। ਜੱਸ ਹਿਫਾਜ਼ਤ ਨੂੰ ਇਤਨਾਂ ਬੇ-ਫਿਕਰੀ ਨਾਲ ਕਿਉਂ ਲੈ ਰਹੀ ਸੀ।... ਲਾਲ ਜੀ ਨੂੰ ਲੱਗਾ, ਜੱਸ, ਪਹਿਰੇਦਾਰ, ਨੌਕਰ, ਸਭ ਝਿੜਕ ਦੇ ਭੁੱਖੇ ਸਨ। ਲਾਲ ਜੀ ਸਾਰੇ ਕੰਮ ਭੁੱਲ, ਲਾਅਨ ਵਿਚ ਹੀ ਸਾਰੇ ਸੱਦ ਲਏ।

ਜੱਸ ਨਾ ਹੁੰਦੀ ਤਾਂ ਲਾਲ ਜੀ ਨੇ ਗੁੱਸੇ ਵਿਚ ਕੁਰਸੀ 'ਤੇ ਬੈਠਣਾ ਹੀ ਨਹੀਂ ਸੀ। ਪਰ ਗੁੱਸੇ ਨੂੰ ਕਾਬੂ ਕਰਦੇ ਕਿਹਾ।

"ਮੈਂ ਕਿਤਨੀਂ ਵੇਰ ਕਿਹਾ। ਕੋਈ ਗੈਰ ਨੇੜੇ ਨਾ ਫਟਕੇ। ਔਰ ਉਹ ਬੁੜ੍ਹਾ; ਪਤਾ ਨਹੀਂ ਕੌਣ ਸੀ ਸਾਲਾ! (ਜਸ ਵੱਲ ਦੇਖਦੇ) ਤੇਰੇ ਬਿਲਕੁਲ ਨੇੜੇ ਖੜ੍ਹਾ ਸੀ।"



ਜੱਸ ਨੇ ਮੁਆਫ਼ੀ ਮੰਗੀ ਅਤੇ ਮੰਜਿਆਂ ਦੇ ਪਾਈਪ ਠੀਕ ਕਰਾਉਣ, ਬੁਣਨ ਅਤੇ ਨੋਟ ਬਦਲਣ ਤੱਕ ਦੀ ਕਹਾਣੀ ਦੱਸੀ ਤਾਂ ਲਾਲ ਜੀ ਕੁਝ ਸਾਵਾਂ ਹੋਇਆ।

ਤਦੇ ਰਸੋਈਆ ਚਾਹ ਲੈ ਆਇਆ। ਚਾਹ ਪੀਣ ਹੀ ਲੱਗੇ ਸਨ ਜਾਂ ਪਹਿਰੇਦਾਰ ਨੇ ਕਰਨਲ ਢਿੱਲੋਂ ਦੇ ਆਉਣ ਬਾਰੇ ਕਿਹਾ। ਹੋਰ ਕੋਈ ਵੇਲਾ ਹੁੰਦਾ ਤਾਂ ਲਾਲ ਜੀ ਹੁੱਬ ਕੇ ਉੱਠਦਾ। ਤਦ ਉਸ ਅਣਮੰਨੇ ਜਿਹੇ ਮਨ, ਅੰਦਰ ਭੇਜਣ ਲਈ ਕਿਹਾ।

ਕਰਨਲ ਕਾਹਲੀ ਨਾਲ ਅੰਦਰ ਆਇਆ। ਜੱਸ ਉੱਠ ਕੇ ਜਾਣ ਲਗੀ ਤਾਂ ਉਸ ਜੱਸ ਨੂੰ ਕਿਹਾ। "ਤੁਸੀਂ ਰੁਕੋ ਬੇਟਾ।"

ਲਾਲ ਜੀ ਚਾਹ ਦੀ ਸੁਲ੍ਹਾ ਮਾਰੀ।

"ਮਿਹਰਬਾਨੀ। ਪਹਿਲਾਂ ਇਕ ਜ਼ਰੂਰੀ ਗੱਲ। ਯਾਰ ਬਾਹਰ ਇਕ ਬੁੜ੍ਹਾ ਕੀ ਬਕ ਰਿਹੈ।"

"ਉਹ ਗਿਆ ਨਹੀਂ ਸਾਲਾ। ਸਕਿਉਰਟੀ ਵਾਲੇ ਨੂੰ ਕਹਿ ਮਾਰੇ ਸਾਲੇ ਦੇ ਕੰਨ ਤੇ।" ਲਾਲ ਜੀ ਬੱਲੂ ਨੂੰ ਕਿਹਾ।

ਬੁੜ੍ਹੇ ਬਾਰੇ ਸੁਣ ਅੱਕੋ ਨੂੰ ਫ਼ਿਕਰ ਹੋਇਆ।

"ਰੁਕ ਬਈ!" ਕਰਨਲ ਬੱਲੂ ਨੂੰ ਕਿਹਾ। ਫਿਰ ਜੱਸ ਵੱਲ ਦੇਖ ਕੇ ਕਿਹਾ। "ਤੂੰ ਵੀ ਮੇਰੇ ਨੇੜੇ ਆ ਬੇਟਾ। ਉਹਨੂੰ ਹੁਣ ਬੁਲਾਅ ਬੁੜ੍ਹੇ ਨੂੰ।" ਕਰਨਲ ਬੱਲੂ ਨੂੰ ਕਿਹਾ।

ਬਜ਼ੁਰਗ ਡਰਦਾ ਜਿਹਾ ਅੰਦਰ ਆਇਆ। ਮੈਲੇ ਲੀੜੇ। ਬਿਰਧ ਉਮਰ। ਨੀਵੀਂ ਪਾਈ। ਕਰਨਲ ਗੋਲਫ਼ ਖੇਡ ਕੇ ਆਇਆ ਸੀ ਅਤੇ ਚਿੱਟੀ ਨਿੱਕਰ ਬਨਿਆਇਨ ਵਿਚ ਸੀ। ਲਾਲ ਜੀ ਪੁਲਿਸ ਵਰਦੀ ਵਿਚ। ਬਜ਼ੁਰਗ ਨੇ ਦੇਖਿਆ ਉਹਦੇ ਪਿਛੇ ਪਹਿਰੇਦਾਰ ਰਫ਼ਲ ਲਈ ਖੜ੍ਹਾ ਸੀ। ਡਰ ਨਾਲ ਉਹਦੀ ਘਿੱਗੀ ਬੱਝ ਗਈ।

"ਲਿਆ ਇਧਰ ਫੜਾ ਪੈਸੇ।" ਢਿੱਲੋਂ ਬਜ਼ੁਰਗ ਨੂੰ ਕਿਹਾ।

ਬਜ਼ੁਰਗ ਮੁੱਠੀ ਖੋਲ੍ਹੀ। ਹੁਣੇ ਲਏ ਮਜ਼ਦੂਰੀ ਦੇ ਪੈਸੇ ਤੇ ਲੀਰ ਵਿਚ ਬੰਨ੍ਹਿਆ ਕੁਝ ਹੋਰ ਸੀ। ਅੱਕੋ ਦੀ ਖਾਨਿਉਂ ਗਈ।

"ਹਾਂ ਹੁਣ ਦੱਸ ਬਾਹਰ ਕੀ ਕਿਹਾ ਤੂੰ।"

ਬਜ਼ੁਰਗ ਚੁੱਪ ਨੀਵੀਂ ਪਾਈ ਖੜ੍ਹਾ ਸੀ।

"ਢਿੱਲੋਂ ਸਾਹਬ ਗੱਲ ਕੀ ਐ ਮੈਨੂੰ ਦਸੋ।" ਲਾਲ ਜੀ ਨੂੰ ਇਹ ਵਾਰਤਾਲਾਪ ਚੱਭ੍ਹ ਰਹੀ ਸੀ।

"ਗੱਲ ਬਹੁਤ ਵੱਡੀ ਏ ਬ੍ਰਦਰ। ਮੇਰੇ ਤਾਂ ਸੁਣ ਕੇ ਹੋਸ਼ ਉਡ ਗਏ। ਪਹਿਲਾਂ ਇਹ ਸੈਣੀਆਂ ਦੇ ਗਿਆ। ਮੈਂ ਗੇਮ ਤੋਂ ਆਇਆ ਸੀ। ਫਿਰ ਮੇਰੇ ਕੋਲ ਆਇਆ। ਕਹਿੰਦਾ ਜੀ ਗੇਟ 'ਤੇ ਸਿਪਾਹੀ ਤੋਂ ਡਰ ਲੱਗਦੇ। ਮੈਂ ਕਿਹਾ ਕੰਮ ਦੱਸ। ਕਹਿੰਦਾ ਜੀ ਮੈਂ ਇਹਨਾਂ ਦੇ ਪੈਸੇ ਮੋੜਨੇ ਐਂ।"

"ਕਿਉਂ? ਕੀਹਦੇ ਪੈਸੇ?" ਲਾਲ ਜੀ ਕਾਹਲਾ ਪੈ ਗਿਆ।

"ਆਪਣੀ ਬੀਬਾ ਦੇ... ਕਹਿੰਦਾ ਮੰਜੇ ਬੁਣੇ ਮੈਂ।"

"ਹਾਂ, ਹਾਂ ਪਤੈ, ਪਰ ਪੈਸੇ ਕਿਉਂ ਮੋੜਦੈ? ਘੱਟ ਨੇ?"

"ਨਹੀਂ ਬੁਦਰ। ਕਹਿੰਦਾ ਬੀਬਾ ਦੇ ਪਿੰਡ ਧੀ ਬਿਆਹੀ ਐ ਇਹਦੀ। ਕੁੜੀ ਦਾ ਪਰਾਹੁਣਾ ਸੀਰੀ ਐ ਇਨ੍ਹਾਂ ਦਾ। ਹੁਣ ਸਾਡੀ ਜੱਸ ਨੂੰ ਵੀ ਧੀ ਮੰਨੀ ਜਾਂਦੇ ਆਪਣੀ। ਕਹਿੰਦਾ ਪਹਿਲਾਂ ਪਤਾ ਨਹੀਂ ਲੱਗਾ। ਉੱਤੋਂ ਅੰਨ ਖਾ ਲਿਆ ਧੀ ਦੇ ਘਰ ਦਾ। ਕਹਿੰਦਾ ਧੀ ਤੋਂ ਪੈਸੇ ਨੀ ਲੈ ਸਕਦਾ ਮੈਂ।"

"ਬੰਦ ਕਰ ਉਏ ਇਹ ਧੀ ਧੁ ਵਾਲਾ ਚੱਕਰ। ਪੈਸੇ ਲੈ ਤੇ ਦਫ਼ਾ ਹੋ। ਢਿਲੋਂ ਤੈਨੂੰ ਨੀ ਪਤਾ ਇਹ ਲੋਕ..." ਲਾਲ ਜੀ ਦਾ ਜੀ ਕੀਤਾ ਥੱਪੜ ਮਾਰੇ ਸਾਲੇ ਦੇ...। ਪਰ ਜੱਸ ਵਿਚੋਂ ਟੋਕਿਆ।

"ਲੈ ਲਉ ਅੰਕਲ! ਅਸੀਂ ਤਾਂ ਪਹਿਲਾਂ ਹੀ ਘੱਟ ਦਿੱਤੇ। ਤੁਸੀਂ ਠੀਕ ਵੀ ਕਰਵਾ ਕੇ ਲਿਆਏ।"

ਲਾਲ ਜੀ ਨੂੰ ਜੱਸ ਦਾ ਅੰਕਲ ਕਹਿਣਾ ਸੱਲ ਕੇ ਰੱਖ ਗਿਆ।

"ਨਾ ਪੁੱਤ! ਤੇਥੋਂ ਧੀ ਤੋਂ ਪੈਸੇ ਲੈ ਕੇ ਨਰਕਾਂ ਨੂੰ ਜਾਮਾ। ਇਹ ਪਾਪ ਨਹੀਂ ਹੋਣਾ ਧੀਏ।" ਬਜ਼ੁਰਗ ਨਾਂਹ ਵਿਚ ਹੱਥ ਹਿਲਾਉਂਦਾ ਜਾਣ ਲਈ ਮੁੜਿਆ।

"ਠੀਕ ਐ ਢਿੱਲੋਂ ਨਹੀਂ ਲੈਂਦਾ ਤਾਂ ਉਰੇ ਫੜਾ।"

ਜਿਵੇਂ ਹੀ ਲਾਲ ਜੀ ਪੈਸੇ ਫੜੇ। ਪੋਟਲੀ ਦੇਖ ਹੈਰਾਨ ਹੋਇਆ। ਖੁੱਲ੍ਹੀ ਤਾਂ ਹੋਸ਼ ਜਾਂਦੀ ਰਹੀ। ਨੀਲੀ ਸਿਆਹੀ ਨਾਲ ਰੰਗੇ ਦੋ ਵੱਡੇ ਨੋਟ ਉਹਦੀ ਅਲਮਾਰੀ ਵਿਚਲੇ ਸਨ।

"ਰੁੱਕ!" ਲਾਲ ਜੀ ਮੁੜਦੇ ਬੁੜ੍ਹੇ ਨੂੰ ਰੋਕ; ਪਿਸਟਲ ਨੂੰ ਹੱਥ ਪਾਇਆ। "ਕੌਣ ਐਂ ਤੂੰ, ਇਹ ਨੋਟ ਕਿਥੋਂ ਲਏ?" ਲਾਲ ਜੀ ਬਜ਼ੁਰਗ ਦੇ ਮੂਹਰੇ ਜਾ ਖੜ੍ਹਾ।

ਬਜ਼ੁਰਗ ਅੱਕੋ ਵੱਲ ਝਾਕਿਆ।

"ਐਸ ਬੀਬੀ ਨੇ ਜਿਮੇਂ ਦਿੱਤੇ ਉਮੇਂ ਨੇ। ਕਹਿੰਦੀ ਤੈਂ ਹਰਦੁਆਰ ਜਾਣੈ। ਕੋਈ ਸੂਤਕ 'ਚ ਮਰ ਗੀ ਸੀ ਕਚੀਲ। ਕਹਿੰਦੀ ਮਿੰਨਤ ਐ। ਗਤੀ ਕਰਾ ਦੀਂ ਉਹਦੀ। ਕਿਰਿਆ ਕਰਮ ਨੂੰ ਵੀ ਕਿਹਾ। ਪਰ ਹੁਣ ਨੀ। ਆਪਦੇ ਪੂਰੇ ਕਰ ਲੈ।"

ਲਾਲ ਜੀ ਦੇ ਮੱਥੇ ਹੇਠੋਂ ਇਕ ਲੰਬ ਨਿਕਲੀ। ਜਿਸ ਅੱਕੋ ਨੂੰ ਉਸ ਮਾਂ ਵਾਂਗ ਜਾਣਿਆ ਉਹ ਚੋਰ ਨਿਕਲੀ।

"ਤੈਂ ਚੱਕੇ ਪੈਸੇ?... ਉਹ ਵੀ ਮੇਰੀ ਅਲਮਾਰੀ ਚੋਂ?"

ਲਾਲ ਜੀ ਨੇ ਵੱਟ ਕੇ ਥੱਪੜ ਮਾਰਿਆ।

ਢਿਲੋਂ ਨੇ ਅੱਗੇ ਹੋ ਕੇ ਹੱਥ ਫੜਿਆ, ਅਤੇ ਅੱਕੋ ਨੂੰ ਕਿਹਾ।

"ਕਿਉਂ ਚੋਰੀ ਕੀਤੀ ਤੂੰ?"

ਬੱਲੂ ਦੇ ਜੀ 'ਚ ਆਈ, ਕੁਛ ਕਹੇ। ਪਰ ਨੀਵੀਂ ਪਾਈ ਚੁੱਪ ਰਿਹਾ।

"ਲਾਲ ਜੀ ਲਈ ਸਾਹ ਲੈਣਾ ਮੁਸ਼ਕਿਲ ਸੀ।"



ਇਤਨੀ ਨੀਚ ਹਰਕਤ। "ਹੁਣੇ ਨਿਕਲ ਇੱਥੋਂ।" ਲਾਲ ਜੀ ਉਂਗਲ ਤਣੀ।

ਜੱਸ ਅੱਗੇ ਆਈ। "ਮਾਂ ਜੀ ਸੱਚ ਦੱਸ, ਕਿਉਂ ਚੁੱਕੇ ਪੈਸੇ?"

ਅੱਕੋ ਚੁੱਪ, ਨੀਵੀਂ ਪਾਈ ਖੜ੍ਹੀ ਰਹੀ। ਜੱਸੀ ਜ਼ੋਰ ਨਾਲ ਚੀਕੀ।

"ਮੈਂ ਪੁੱਛਦੀ ਆਂ ਕਿਉਂ ਕੀਤੀ ਚੋਰੀ?"

ਇਸ ਵਾਰ ਅੱਕੋ ਬਰਾਬਰ ਚੀਕੀ।

"ਕੋਈ ਚੋਰੀ ਨਹੀਂ ਕੀਤੀ ਮੈਂ। ਗਤੀ ਲਈ ਚੱਕੇ।"

"ਕੀਹਦੀ ਗਤੀ?" ਜੱਸ ਹੈਰਾਨ ਸੀ।

ਅੱਕੋ ਫਿਰ ਚੁੱਪ।

"ਸਿੱਧੀ ਤਰ੍ਹਾਂ ਦੱਸਣੈ ਕ ਦੂਜੀ ਤਰ੍ਹਾਂ ਪੁੱਛਾਂ?" ਲਾਲ ਜੀ ਤਪ ਰਿਹਾ ਸੀ।

"ਮੇਰੇ ਪੈਸਿਆਂ ਨਾਲ ਹੁੰਦੀ। ਕਦ ਦੀ ਕਰਾ ਦਿੰਦੀ।" ਅੱਕੋ ਅਤੀਤ 'ਚੋਂ ਬੋਲੀ।

"ਇਹਨੇ ਐਂ ਨੀ ਬਕਣਾ। ਬੱਲੂ ਲਾ ਇਹਦੇ ਦੋ।" ਲਾਲ ਜੀ ਕਿਹਾ।

"ਦੱਸ ਦੇ ਭੈਣੇ... ਦੱਸਣਾ ਈ ਪੈਣਾ।"

ਅੱਕੋ ਬੱਲੂ ਵੱਲ ਦੇਖਿਆ ਅਤੇ ਨੀਵੀਂ ਪਾਈ।

"ਦੱਸ ਕੀ ਐ ਦੱਸਣ ਵਾਲਾ।" ਜੱਸ ਬੋਲੀ।

"ਹੈਗੀ ਕੋਈ ਕਚੀਲ... ਉਹਦੀ ਰੂਹ ਭਟਕਦੀ ਐ ਘਰ 'ਚ।"

"ਕੀਹਦੀ ਰੂਹ? ਬੀ ਜੀ ਦੀ?"

"ਨਹੀਂ.... ਤੂੰ ਨਹੀਂ ਜਾਣਦੀ। ਰਤਨੀ ਸੀ ਬਚਾਰੀ।"

"ਰਤਨੀ? ਕੌਣ ਰਤਨੀ?" ਸਭ ਹੈਰਾਨ ਸਨ।

"ਸੀ ਕੋਈ ਰਫੂਜਣ। ਹੱਲਿਆਂ ਵੇਲੇ ਆਈ। ਘੂਰਾ ਨਾ ਸੀ ਲੱਭਾ। ਵੱਡੇ ਸਦਾਰ ਘਰ 'ਚ ਪਾ ਲਈ। ਚਮਾਰੀ ਤੋਂ ਜੁਆਕ ਲਾਹ ਲਿਆ। ਉਹਨੂੰ ਸੂਤਕ ਵਿਚ ਹੀ ਮਾਰ ਕੇ ਖਪਾ ਦਿੱਤਾ।"

"ਤੈਨੂੰ ਕਿਵੇਂ ਪਤਾ?" ਲਾਲ ਜੀ ਅੱਗੇ ਆਇਆ।

"ਮੇਰੀ ਮਾਂ ਦੱਸ ਕੇ ਮਰੀ। ਉਨ ਅੱਖੀਂ ਦੇਖਿਆ।"

"ਕੀ ਬਕਵਾਸ ਐ... ਮੈਨੂੰ ਪਾਪਾ ਨੇ ਕਦੇ ਕੁਝ ਨਹੀਂ ਕਿਹਾ।"

"ਕੀ ਕਹਿੰਦਾ... ਪਿੰਡ ਨੂੰ ਪੁੱਛ, ਉਹਦੀ ਤੀਮੀਂ ਕਦੇ ਚੂੰਆਂ ਜੰਮਿਆ? ਉਨ ਮੇਰੇ ਨਾਲ ਕੀ ਕੀਤਾ? ਇਹ ਦੱਸਿਆ?..."

ਲਾਲ ਜੀ ਮਿੱਟੀ ਸੀ। ਉਹ ਅੱਕੋ ਵੱਲ ਦੇਖਦਾ ਰਹਿ ਗਿਆ। ਸੰਭਲਦੇ ਕਿਹਾ।

"ਮੈਂ ਨੀ ਮੰਨਦਾ... ਤੂੰ ਸਦਾਰ ਦੇ ਹੁੰਦੇ ਕਿਉਂ ਨਾ ਬਕੀ?"

"ਮਾਂ ਨੇ ਕਿਹਾ... ਧੀਏ! ਮਰਦੀ ਮਰ ਜੀਂ... ਸੋਹ ਦਾ ਤੱਕਲਾ ਨਾ ਗੱਡੀਂ ਪਿਉ ਪੁੱਤ ਵਿਚਾਲੇ। ਪਰ ਇਕ ਗੱਲ ਯਾਦ ਰੱਖੀ। ਛਿਲੇ 'ਚ ਮਰੀ ਕਚੀਲ। ਜਵਾਕ ਨੂੰ ਛੱਡਦੀ

ਨਹੀਂ। ਮਾਂ ਨੂੰ ਛੱਡਦੀ ਨਹੀਂ। ਲੈ ਗਈ ਨਾ ਤੇਰੀ ਸਦਾਰਨੀ... ਨਾਲ ਈ ਤੇਰਾ ਸਰਦਾਰ। ਲੈ ਲਿਖ ਲਾ ਪੁੱਤ! ਨਾ ਗਤੀ ਹੋਈ... ਜਿੱਦੋਂ (ਜੱਸ ਵੱਲ ਇਸ਼ਾਰਾ) ਅਹਿਨੂੰ ਜੁਆਕ ਜੰਮਿਆ। ਛੱਡਦੀ ਇਹਨੂੰ ਵੀ ਨੀ...। ਬੱਚਿਆ ਮੈਂ ਲੂਣ ਖਾਧਾ ਤੇਰਾ...। ਤਾਂ ਕਿਹਾ ਢਾਲ ਨਾ ਵਿੰਗਾ ਹੋਵੇ ਘਰ ਦਾ। ਐਨੇ ਸਾਲ ਹੋ ਗਏ। ਕਦੇ ਥੁੱਕਿਆ ਤੇਰੇ ਪੈਸਿਆਂ 'ਤੇ...?"

"ਜਵਾਕ ਲਾਹ ਲਿਆ। ਰਫ਼ੂਜਣ ਸੀ। ਤੇਰੀ ਬਕਵਾਸ ਨਹੀਂ ਸਮਝ ਰਿਹਾ ਮੈਂ। ਸਿੱਧਾ ਦੱਸ ਕੌਣ ਸੀ ਉਹ?..." ਲਾਲ ਜੀ ਮੱਚ ਰਿਹਾ ਸੀ।

ਅੱਕੋ ਦੋ ਕਦਮ ਤੁਰੀ। ਲਾਲ ਜੀ ਕੋਲ ਗਈ ਅਤੇ ਰੋਣ ਵਾਂਗ ਕਿਹਾ।

"ਤੇਰੀ ਮਾਂ ਸੀ ਪੁੱਤ..."

ਅਚਾਨਕ ਜਿਵੇਂ ਕੋਈ ਜ਼ਲਜ਼ਲਾ ਆਇਆ। ਲਾਲ ਜੀ ਕੰਬਿਆ ਅਤੇ ਕੁਰਸੀ 'ਚ ਡਿੱਗਿਆ। ਉਹ ਜਾਣਦਾ ਸੀ। ਅੱਕੋ ਝੂਠ ਨਹੀਂ ਸੀ ਬੋਲਦੀ। ਲਾਲ ਜੀ ਕਦੇ ਰੋਇਆ ਨਹੀਂ ਸੀ। ਉਸ ਧੁਰ ਅੰਦਰ ਕਿਤੇ ਬਹੁਤ ਤਿੱਖੀ ਪੀੜ ਮਹਿਸੂਸ ਕੀਤੀ ਅਤੇ ਉਸਦੇ ਰੁੰਦੇ ਗਲੇ 'ਚੋਂ ਕੂਕ ਨਿਕਲੀ। ਜੱਸ ਦੀਆਂ ਵੀ ਲੱਤਾਂ ਕੰਬੀਆਂ ਅਤੇ ਅੱਖਾਂ ਭਰੀਆਂ।

ਕਰਨਲ ਦੀ ਖਾਨਿਉਂ ਗਈ। ਉਹ ਕੀ ਸੁਣ ਰਿਹਾ ਸੀ? ਇਕ ਪਲ ਇਤਬਾਰ ਨਾ ਆਇਆ। ਉਸ ਲਾਲ ਜੀ ਅਤੇ ਜੱਸ ਵੱਲ ਦੇਖਿਆ। ਉਹ ਮਿੱਟੀ ਹੋ ਰਹੇ ਸਨ।

ਹੱਥਾਂ 'ਚ ਸਿਰ ਲਈ ਕਰਨਲ ਡੂੰਘਾ ਹਉਕਾ ਭਰਿਆ ਅਤੇ ਲਾਲ ਜੀ ਦਾ ਪੂਰਾ ਅਡੰਬਰ ਢਹਿ ਢੇਰੀ ਹੁੰਦਾ ਮਹਿਸੂਸਿਆ। ਇਸ ਤੋਂ ਪਹਿਲਾਂ ਕਿ ਕਰਨਲ ਕੁਝ ਕਹਿੰਦਾ। ਉਸ ਘੜੀ ਪਹਿਲਾਂ ਚਲੇ ਗਏ ਬਜ਼ੁਰਗ ਦਾ ਨਿਰਛਲ ਜਿਹਾ ਚਿਹਰਾ ਚਿਤਵਿਆ ਅਤੇ ਰੋਂਦੀ ਅੱਕੋ ਦੇਖੀ।...

ਉਹਨੂੰ ਲੱਗਾ, ਬਜ਼ੁਰਗ ਤੇ ਅੱਕੋ; ਕਿਹੋ ਜਿਹੇ ਨਿਥਾਵੇਂ ਲੋਕ ਸਨ... ਜਿਹੜੇ ਸਦਗਤੀ ਅਤੇ ਖਾਧੇ ਹੋਏ ਲੂਣ ਦੇ ਕਣਾਂ ਨਾਲ ਹੀ ਨੇਕੀ ਦਾ ਬ੍ਰਹਿਮੰਡ ਚੁੱਕੀ ਖੜ੍ਹੇ ਸਨ।...

•



## ਫਰਿਸ਼ਤੇ

ਜਿਵੇਂ ਹੀ ਕਿਰਪੀ ਗੁਰਦੁਆਰੇ ਦਾ ਮੋੜ ਮੁੜੀ; ਉਹਦੀ ਜਾਨ ਮੁੱਠੀ 'ਚ ਆ ਗਈ। ਪੱਲੇ ਦਾ ਓਹਲਾ ਕਰੀ ਬੈਂਕ ਦੀ ਵੈਨ ਮੂਹਰੋਂ ਸੂਟ ਵੱਟ ਕੇ ਲੰਘ ਗਈ। ਪਰਤ ਕੇ ਦੇਖਿਆ, ਪੂਰੀ ਗਲੀ ਸੁੰਨ ਸੀ। ਸਕੂਲ ਵੱਲੋਂ ਨਿੰਮ੍ਹਾ ਜਿਹਾ ਸ਼ੋਰ ਸੁਣਿਆ। ਪੱਕਾ ਕੁਰਕੀ ਵਾਲੇ ਆਏ ਖੜ੍ਹੇ ਸਨ।...

ਪਰਸੋਂ ਹੀ ਗ੍ਰੰਥੀ ਬੋਲਿਆ ਸੀ।

"ਸਾਧ ਸੰਗਤ ਜੀ ਅਫ਼ਸਰ ਆਏ ਐ ਨੱਗਰ 'ਚ। ਆਂਹਦੇ ਲੱਖਾ ਸਿੰਘੁ ਵਾਲੀ ਕਾਰਵਾਈ ਹੋ ਗਈ ਸੀ ਪੂਰੀ। ਜੂਨੀਅਨ ਦੇ ਕਹੇ ਦਿੱਤਾ ਸੀ ਮੀਨ੍ਹਾ। ਰਹਿ ਗਏ ਭਾਈ ਪੰਜ ਦਿਨ। ਕਹਿੰਦੇ ਰਕਮ ਤਾਰੋ, ਜਾਂ ਘੋੜੇ ਭਜਾ ਲਉ ਆਪਦੇ। ਉਹਤੋਂ ਬਾਦ ਕੂਰਾ ਸਿਹੁੰ ਦਾ ਨਾਂ ਬੋਲਦੇ ਭਾਈ। ਦਾਸ ਨੂੰ ਹੁਕਮ ਹੋਇਆ, ਤਾਂ ਕੀਤੀ ਅਰਜ ਭਾਈ।"

ਤੁਰੀ ਆਉਂਦੀ ਕਿਰਪੀ ਦੀਆਂ ਲੱਤਾਂ ਕੰਬੀਆਂ। ਮੀਨ੍ਹਾ ਲੰਘ ਵੀ ਗਿਆ।

ਘਰ ਆਈ ਕੂਰਾ ਲੱਭਣ ਲੱਗੀ।

"ਪਾਸ਼ੋ ਦੇ ਬਾਪੂ ਕਿੱਥੇ ਐਂ ਤੂੰ?"

ਅੰਦਰ-ਬਾਹਰ ਕਿਤੇ ਨਾ ਦੇਖ, ਆਪੇ 'ਤੇ ਕਲਪੀ।

"ਹੁਣੇ ਅਈਥੇ ਸੀ। ਪਤਾ ਨੀ ਕਿੱਥੇ ਛਪਣ ਹੋ ਗਿਆ। ਹਾਏ ਰੱਬਾ ਸੁਣ ਵੀ ਲਉ ਕਿਸੇ ਕੰਜਰ ਦੀ...।"

ਕੂਰਾ ਵਾੜੇ ਵੱਲ ਸੀ। ਖਿਝ ਕੇ ਬਾਹਰ ਆਇਆ।

"ਕੀ ਹੋਇਆ? ਕਿਉਂ ਕੂਕਦੀ ਐਂ?"

ਕਿਰਪੀ ਕਾਹਲੀ ਨਾਲ ਧੌਂਕਦੀ ਬੋਲੀ।

"ਖਿੱਟ ਕਰ, ਪਿਛਲੀ ਕੰਧ ਟੱਪ ਜਾ ਹੁਣੇ।"

"ਕਿਉਂ? ਪਾਗਲ ਐਂ ਤੂੰ?"

"ਆਹੋ... ਤੂੰ ਕੇਰਾਂ ਜਾਹ ਬੱਸ।"

"ਚੱਲ ਮੰਨ ਤਾਂ ਗਈ ਪਾਗਲ ਐਂ...।"

"ਮੇਰੀ ਜਾਨ ਨੂੰ ਬਣੀ ਐ... ਤੈਨੂੰ ਟਿੱਚਰਾਂ ਸੁੱਝਦੀਐਂ।"

"ਪਰ ਹੋਇਆ ਕੀ?"

"ਬੈਂਕ ਆਲੇ ਫਿਰਦੇ ਐ ਕੰਜਰ। ਤਾਂ ਕਿਹਾ ਟਲ ਜਾਹ।"

"ਕੁੱਤਾ-ਬਿੱਲਾ ਲੁੱਕਦਾ ਫਿਰਾਂ ? ਜੱਟ ਦਾ ਪੁੱਤ ਆਂ...ਸ਼ਰਮ ਆਉਂਦੀ ਐ ਮੈਨੂੰ।"

ਕਿਰਪੀ ਦਾ ਗੱਚ ਭਰ ਆਇਆ। ਖੁਰਲੀ ਦਾ ਸਹਾਰਾ ਲਈ ਅੱਖਾਂ ਭਰ ਆਈ।

"ਕਾਹਦੇ ਜੱਟ ਰਹਿ ਗਏ ਆਪਾਂ। ਦੁੱਧ ਤਾਂ ਸੀਰੀਆਂ ਕਿਉਂ ਲੈ ਕੇ ਪੀਨੇ ਆਂ। ਆਹ ਹੁਣੇ ਸੈਣੀਆਂ ਕੇ ਗਈ। ਬੁੜ੍ਹੀ ਅਚਾਰ ਦੇ ਕੇ ਕਹਿੰਦੀ, ਕਿਰਪੀਏ ਰੱਬ ਬੁਰੇ ਦਿਨ ਨਾ ਦਖਾਏ। ਇਕ ਮਰਿਆ ਨੀ ਗਿਆ ਬੱਸ।"

"ਮੁਖ਼ਤ ਨੀ ਲੈਂਦਾ। ਪੈਸਾ ਦਿੰਨਾ। ਮੈਂ ਕੱਲਾਂ ? ਵੀਹ ਹੋਰ ਐ ਮੇਰੇ ਅਰਗੇ। ਕਿਤੇ ਨੀਂ ਜਾਣਾ ਮੈਂ।" ਭੂਰਾ ਨੀਵੀਂ ਪਾਈ ਕੰਮੇ ਜਾ ਲੱਗਾ।

ਭੂਰੇ 'ਤੇ ਇਹ ਦਿਨ ਆਉਣੇ ਨਹੀਂ ਸਨ। ਸਮਾਂ ਹੀ ਹੱਥੋਂ ਤਿਲਕ ਗਿਆ। ਪਹਿਲਾਂ ਵੱਡੀ ਨਿੰਦੀ ਵੇਲੇ ਤਕੜਿਆਂ ਨਾਲ ਮੱਥਾ ਜਾ ਲੱਗਾ, ਤਾਂ ਕਰਜੇ ਦੀ ਭਿੱਜ ਆ ਪਈ। ਛੋਟਾ ਭਰਾ ਪੜ੍ਹਾਇਆ। ਵੱਢ੍ਹੀ ਦਿੱਤੀ। ਨੌਕਰੀ ਲਵਾਈ। ਬਾਂਹ ਫੜਨ ਦਾ ਵੇਲਾ ਆਇਆ। ਵਿਆਹ ਕਰਵਾ ਕੇ ਸ਼ਹਿਰ ਟਿੱਕ ਗਿਆ। ਫਿਰ ਇਕੋ-ਇਕ ਪੁੱਤ ਸ਼ੇਰੂ ਨੂੰ ਪੜ੍ਹਾਇਆ। ਉਹਦੀ ਬੀ.ਏ. ਅੜ ਗਈ। ਸੁੱਚੇ ਕਿਹਾ, ਹਰ ਲੱਲੀ-ਛੱਲੀ ਬਾਹਰ ਤੁਰਿਆ ਫਿਰਦੈ। ਤੁਹਾਨੂੰ ਕੀ ਡਾਲਰ ਵੱਢ੍ਹਦੇ ਐ। ਪਹਿਲਾਂ ਤਾਂ ਟੱਬਰ ਦਾ ਹੀਆ ਨਾ ਪਿਆ। ਆਖ਼ਰ ਕਿੱਲਾ ਬੈਅ ਕੀਤੀ। ਏਜੰਟ ਦਾ ਢਿੱਡ ਭਰਿਆ ਤੇ ਅੰਦਰ ਤੋੜ, ਜਹਾਜੇ ਚਾੜ੍ਹੀ। ਹੁਣ ਚਹੁੰ ਸਾਲਾਂ ਤੋਂ ਥਹੁ-ਪਤਾ ਹੀ ਨਹੀਂ ਸੀ। ਹੈ ਵੀ ਸੀ ਜਾਂ ਮਰ ਖਪ ਗਿਆ।

ਪਾਸ਼ ਸ਼ੇਰੂ ਤੋਂ ਪੰਜ ਸਾਲ ਵੱਡੀ ਸੀ। ਨਿੰਦੀ ਪਾਸ਼ ਤੋਂ ਵੀ ਵੱਡੀ। ਨਿੰਦੀ ਭਾਵੇਂ ਆਪਦੇ ਘਰ ਘੁੱਗ ਵੱਸਦੀ ਸੀ; ਪਰ ਜਵਾਕਾਂ ਦੀਆਂ ਛਟੀਆਂ ਅਤੇ ਤਕੜੇ ਘਰ ਦੀ ਵਰਤੋਂ-ਵਿਹਾਰ ਨੇ ਭੂਰੇ ਦਾ ਲੱਕ ਤੋੜ ਕੇ ਰੱਖ ਦਿੱਤਾ ਸੀ। ਉੱਤੋਂ ਪਾਸ਼ ਨੇ ਉੱਚੀ ਪੜ੍ਹਾਈ ਦੀ ਜਾ ਟਿੱਚ ਲਈ। ਹੁਣ ਵਿਆਹ ਬਾਰੇ ਹਵਾ ਵਿਚ ਉੱਡਦੀ ਸੀ। ਭੂਰੇ ਤਾਂ ਸ਼ੇਰੂ ਨੂੰ ਪਰਦੇਸ ਭੇਜਣ ਦਾ ਅੱਕ ਹੀ, ਪਾਸ਼ ਨੂੰ ਵੇਲੇ ਸਿਰ ਬਿਲੇ ਲਾਉਣ ਦੇ ਫ਼ਿਕਰ ਵਜੋਂ ਚੱਬਿਆ ਸੀ। ਪੁੱਤ ਗਿਆ। ਜ਼ਮੀਨ ਗਈ। ਭਰਾ ਗਿਆ। ਕੋਠੇ ਜਿੱਡੀ ਧੀ, ਹਿੱਕ 'ਤੇ ਸੀ। ਜਿੱਧਰ ਤੁਰਿਆ, ਓਦੂੰ ਵੀ ਪਿੱਛੇ ਜਾ ਪਿਆ।

ਬੈਂਕ ਨੂੰ ਸ਼ੀਸ਼ਾ ਸੀ; ਟਰੈਕਟਰ ਵਿਕ ਚੁੱਕਾ ਸੀ। ਚਿੱਟੀ ਸੁੰਡੀ ਨਰਮਾਂ ਹੀ ਨਹੀਂ ਸੀ ਚੱਟਿਆ। ਜੱਟ ਵੀ ਚੱਟ ਚੁੱਕੀ ਸੀ। ਭੂਰੇ ਪਾਸੋਂ ਕਿਸ਼ਤ ਇਕ ਵੀ ਨਹੀਂ ਸੀ ਮੁੜੀ। ਵਿਆਜ 'ਅਸਲ' ਵਿਚ ਜੁੜ ਰਿਹਾ ਸੀ। ਭੂਰੇ ਦੀ ਤਬਾਹੀ ਲਈ, ਇਹੋ ਕੁਝ ਕਾਫ਼ੀ ਸੀ। ਪਾਸ਼ ਦਾ ਨੰਨਾ, ਉਹਦੀ ਹੋਰ ਸੰਘੀ ਘੁੱਟੀ ਰੱਖਦਾ।

ਹੁਣ ਤਾਂ ਸ਼ਰੀਕ ਵੀ ਸੀਖਣ ਲੱਗੇ ਸਨ।

"ਕੁੜੀ ਨੂੰ ਤਾਹਾਂ ਚੜ੍ਹਾਈ ਜਾਨੈ ਭੂਰਾ ਸਿਹਾਂ! ਕੋਈ ਜੱਟਾਂ ਦਾ ਮੁੰਡਾ ਹੈ ਨਿਗ੍ਹਾ 'ਚ ਕਿ ਤੂੰ ਵੀ ਜਾਤ-ਪਾਤ ਨੀ ਮੰਨਦਾ।"

ਭੂਰੇ ਲਈ ਮਰਨ ਹੋ ਜਾਂਦਾ। ਜੇ ਸੱਚੀਉਂ ਜੱਟਾਂ ਦਾ ਮੁੰਡਾ ਨਾ ਲੱਭਿਆ ? ਅੱਗੋਂ



ਭੂਰੇ ਦੀ ਸੋਚ ਕੰਬ ਜਾਂਦੀ। ਕੋਈ ਰਾਹ ਨਾ ਲੱਭਦਾ, ਤਾਂ ਕਲੇਸ਼ ਕਰਦਾ। ਗਾਜ ਕਿਰਪੀ 'ਤੇ ਡਿੱਗਦੀ। ਉਹ ਛੱਤਣੀ ਜਾ ਚੜ੍ਹਦੀ।

"ਮੈਂ ਕਿਹਾ ਸੀ ਕਰਜੇ ਚੱਕ ? ਮੈਂ ਕਿਹਾ ਅਜੰਟਾਂ ਦੇ ਢਿੱਡ ਭਰ।"

"ਨੱਕ ਵਢਾਅ ਲੈਂਦਾ ? ਸਾਲੇ ਕਲ੍ਹ ਦੇ ਕੰਮੀ-ਕਮੀਣ ਕੰਬਾਈਨਾਂ ਤੇ ਚੜ੍ਹੇ ਫਿਰਨ। ਮੈਂ ਢੋਰ ਹੱਕੀ ਜਾਵਾਂ ? ਤੇਰੇ ਭਰਾਵਾਂ ਅਰਗਾ ਨੰਗ ਨਹੀਂ ਮੈਂ। ਵੱਡੀ ਦੇ ਵਿਆਹ ਵੇਲੇ ਧੁੰਕੀ ਕੱਢ ਤੀ ਜੱਟਾਂ ਦੀ। ਵੀਹ ਬੱਕਰੇ। ਸੌ ਕੁੱਕੜ। ਭਰੰਮ ਲਾਣ੍ਹ ਦਾ। ਵੀਹ ਪੇਟੀਆਂ ਅੰਗਰੇਜ਼ੀ। ਮੀਨ੍ਹਾ ਮਾਸ ਹੱਗਦੇ ਰਹੇ ਸਾਲੇ। ਮੁਧਾ ਕਰ ਤਾ ਪਿੰਡ।..."

"ਆਪਾਂ ਸਿੱਧੇ ਰਹਿ ਗਏ ?" ਕਿਰਪੀ ਅੱਖਾਂ ਭਰ ਆਉਂਦੀ।

"ਓਦੋ ਨਹੀਂ ਸੀ ਮਰਦਾ ਜੱਟ। ਭੈਣ ਦੇਣੇ ਦਾ ਰੱਬ ਦੇ ਗਿਆ ਧੋਖਾ। ਨਹੀਂ ਕਦੇ ਸੁਣਿਆ ਸੀ; ਚਿੱਟੀ ਸੁੰਡੀ ਚੱਬ ਜੇ ਬੰਦੇ। ਰਹਿੰਦਾ ਤੈਂ ਦੇ ਤਾ ਧੂੰਆਂ।"

"ਮੈਂ ?"

"ਹਾਂ ਤੂੰ! ਕੁੜੀ ਆਹ ਬਣੂ, ਕੁੜੀ ਅਹੁ ਬਣੂ। ਕੀ ਬਣੀ ? ਬੈਠੀ ਐ ਘਰੇ।"

"ਕੋਈ ਚੱਜ ਦਾ ਮਿਲੂ ਤਾਂਹੀ ਕਰੂ। ਮੂਰਖ ਤਾਂ ਨੀ।"

"ਤੁਸੀਂ ਕਿਉਂ ਮੂਰਖ ਓ ਬਣੀ। ਮੂਰਖ ਤਾਂ ਮੈਂ ਆਂ ਜੀਹਨੇਂ ਆਪਦੀਆਂ ਬੋਦੀਆਂ ਬੰਨ੍ਹ ਲਈਆਂ।"

ਕਿਰਪੀ ਮੱਚ ਉਠਦੀ। ਕਲੇਸ਼ ਪਿੰਡ ਸੁਣਦਾ।

"ਪਾਸ਼ ਲਈ ਕਿਹੜਾ ਖੂਹ ਪੁੱਟਿਆ ਤੈਂ ? ਲੋਕਾਂ ਦੇ ਜਵਾਕਾਂ ਨਾਲ ਮਾਰਿਆ ਮੱਥਾ ਓਸ। ਆਪਦੇ ਕੱਖਾਂ ਨਾਲ ਆਪ ਸੜੀ। ਕਰਜ ਵੱਡੀ ਵੇਲੇ ਲਿਆ ਤੈਂ। ਮੁੜੀ ਦੁਆਨੀ ? ਉੱਤੋਂ ਟਰੈਕਟਰ ਦਾ ਹੂਲਾ। ਮੁੰਡੇ ਹੱਥ ਜੋੜੇ। ਪਰ ਤੈਂ ਤਾਂ ਮਰੀਕਾ ਤੋਂ ਉਰੇ ਹੱਗਿਆ ਈ ਨਾ।"

ਭੂਰਾ ਬਰਾਬਰ ਕਲਪਦਾ। ਚੀਜਾਂ ਚੱਕ-ਚੱਕ ਮਾਰਨ ਲਗਦਾ। ਪਾਗਲਾਂ ਵਾਂਗ।

"ਕੀ ਕਰਦਾ ਮੈਂ ? ਤੂੰਬੀ ਚੱਕੀ ਫਿਰਦਾ ਸੀ ਮਰਾਸੀਆਂ ਵਾਂਗ। ਮੈਨੂੰ ਕੀ ਠੱਡਾ ਕੱਢਦੇ ?"

"ਤੇਰਾ ਕੀ ਗਿਆ ? ਰੋ-ਰੋ ਤਾਂ ਅੰਨ੍ਹੀ ਹੋ ਗਈ ਮੈਂ।"

ਕਿਰਪੀ ਸੱਚੀਂ ਰੋਣ ਲਗਦੀ। ਭੂਰਾ ਪੀੜ ਨਾਲ ਭਰ ਜਾਂਦਾ।

"ਆਹੀ ਝਰਕ ਐ ਸਾਲਾ। ਮਾਂ ਦੀਹਦੀ ਐ। ਪਿਉ ਦੀਹਦਾ ਨੀਂ ਰੋਂਦਾ।"

ਭੂਰਾ ਜਮਾਂਦਰੂ ਜ਼ਿੰਦਾ ਘੜਾ ਨਹੀਂ ਸੀ। ਤੰਗੀਆਂ ਨੇ ਤੁਰਸ਼ ਕਰ ਦਿੱਤਾ। ਸਾਰੇ ਉਹਨੂੰ ਹਿੰਡ ਦਾ ਪੱਕਾ ਮੰਨਦੇ। ਪਰ ਪਿਛਲੀ ਛਮਾਹੀਂ ਇਕ ਜਾਣੂ ਦੇ ਕਹੇ, ਕਲੇਰਾਂ ਵਾਲੇ ਬਾਬਿਆਂ ਦੇ ਚਲਿਆ ਗਿਆ। ਭੂਰੇ ਨਾਲ ਜਾਣੂ ਵੀ ਹੱਥ ਜੋੜੇ।

"ਬਾਬਾ ਜੀ ਕਰੋ ਮਿਹਰ। ਦੁਖੀ ਹੋਏ ਨੇ ਮਚੋਟ੍ਹੀ ਵਾਲੇ ਡੱਬੇ 'ਚ ਘਰ ਦੀ ਕੱਢੀ ਹੰਗਾਲ ਕੇ ਪੀ ਲਈ। ਸੋਚਿਆ, ਮਰ ਕੇ ਖਹਿੜਾ ਛੁੱਟੂ। ਪਰ ਡਾਕਟਰਾਂ ਬਚਾਅ ਲਿਆ।

ਹੁਣ ਨਮੋਸ਼ੀ ਨਾਲ ਮਰੀ ਜਾਂਦੈ। ਕਰਜ਼ਾ ਸਿਰ ਐ। ਪੁੱਤ ਦੀ ਉੱਘ-ਸੁੱਘ ਨਹੀਂ। ਧੀ ਗਲ ਚੜ੍ਹ ਗਈ। ਉਹਦੇ ਨੱਕ ਹੇਠ ਨਹੀਂ ਆਉਂਦਾ ਕੋਈ। ਕਈ ਰਿਸ਼ਤੇ ਛਿਣਕ 'ਤੇ। ਬਾਬਾ ਜੀ ਮਾਰੋ ਕੋਈ ਰੇਖ 'ਚ ਮੇਖ।"

ਬਾਬਾ ਜੀ ਪਹੁੰਚੇ ਹੋਏ ਸਨ। ਥਾਹ ਪਾਈ ਤੇ ਕਿਹਾ।

"ਭਗਤਾ ਰੋੜੇ ਪੱਥਰ ਹੋਣ ਬਾਹਰ। ਰਾਹ 'ਚ। ਬੰਦਾ ਜੁੱਤੀ ਪਾ ਲਊ। ਜੇ ਨਿੱਕਾ ਜਿਹਾ ਰੋੜ ਜੁੱਤੀ ਦੇ ਅੰਦਰ ਹੋਵੇ। ਡਿੰਗ ਨੀ ਪੁੱਟ ਸਕਦਾ। ਤੇਰਾ ਰੋੜੇ ਅੰਦਰ। ਇਹਦਾ ਇਲਾਜ ਮਾਂ ਧੀ ਕੋਲੇ ਐ।"

ਉਸ ਦਿਨ ਤੋਂ ਬਾਅਦ, ਕਰਜ਼ਾ, ਪੁੱਤ, ਭਰਾ, ਫਸਲ, ਮੰਡੀ, ਸਭ ਦਾ ਕਾਰਨ ਪਾਸ਼ ਤੇ ਕਿਰਪੀ ਬਣ ਗਈਆਂ। ਹਰ ਗੱਲ ਦਾ ਤੋੜਾ ਦੋਹਾਂ 'ਤੇ ਝੜਦਾ। ਰੋਟੀ ਖਾਣ ਬੈਠਾ, ਅਚਾਨਕ ਅੱਧ ਵਿਚੋਂ ਉੱਠ ਖੜ੍ਹਦਾ।

"ਨਹੀਂ ਲੰਘਦੀ ਸਾਲੀ। ਇਹਦੇ ਹਾਣ ਦੀਆਂ ਦੋ-ਦੋ ਚੌਕੀ ਫਿਰਦੀਐਂ। ਵਿਹੁ ਲੱਗਦੀ ਐ ਰੋਟੀ ਤੇ ਇਹ।" ਉਹ ਪਾਸ਼ 'ਤੇ ਵਰ੍ਹਦਾ।

ਕਿਰਪੀ ਰੋਣ ਲੱਗਦੀ।

"ਵਿਹੁ ਤਾਂ ਲੱਗੂ ਈ। ਕਰਜ਼ੇ ਤੋਂ ਰੋਕਿਆ। ਟਰੈਕਟਰ ਤੋਂ ਰੋਕਿਆ। ਸੇਰੂ ਵੇਲੇ ਲੜੀ। ਤੇਰੇ ਦੀਹਾੜੀਆਂ ਤੋਂ ਕੰਮ ਕਰਾਉਣ ਨੂੰ ਟੋਕੇ। ਵਿਹੁ ਵਰਗੀ ਤਾਂ ਲੱਗੂ ਈ।"

"ਇਹਨੂੰ ਕਹਿ ਵਿਆਹ ਲਈ ਹਾਂ ਕਰੇ। ਬੱਸ।"

"ਉਈ ਘੁੱਟ ਦੇ ਸੰਘੀ।"

"ਨੀਂਦ ਨੀ ਪੈਂਦੀ। ਉਹ ਵੀ ਲਾਹ ਦਿਊਂ ਚਾਅ। ਜ਼ਮਾਨਾ ਦੇਖ। ਅੱਜ ਨਾ ਹੋਇਆ; ਉਦੋਂ ਹੋਊ, ਜਦੋਂ ਖੁੱਡ ਨਾ ਰਹੇ?"

"ਹੱਦ ਹੋ ਗਈ। ਸਾਡੇ ਵੈਰੀ ਕਾਲ ਪੈ ਜੂ ਮੁੰਡਿਆਂ ਦਾ?"

"ਪੈ ਨਹੀਂ ਜਾਊ, ਪੈ ਗਿਆ। ਬਾਹਰ ਤਾਂ ਨਿਕਲ ਕੇ ਦੇਖ। ਕੰਮੀ-ਕਮੀਣਾਂ ਦੇ ਮਾਰਦੇ ਐ ਟੀਟਣੇ। ਜੱਟਾਂ ਦੇ ਮੁੰਡੇ ਰਹਿ ਗਏ ਸ਼ਰਾਬਾਂ ਬੁਲਿਟਾਂ ਤੇ ਹਿਰੜ-ਹਿਰੜ ਕਰਦੇ।"

"ਕਰੀ ਜਾਣ। ਕੁੜੀ ਕਹਿੰਦੀ ਤੁਸੀਂ ਪੜ੍ਹਾ ਤਾ ਬੇੜਾ ਕੰਮ ਖਤਮ।"

ਭੂਰੇ ਨੂੰ ਲਗਦਾ ਸਭ ਹਵਾਈ ਗੱਲਾਂ ਸਨ। ਉਹਨੇ ਡੁੱਬਣਾ ਨਹੀਂ ਸੀ। ਮਾਂ ਧੀ ਹੀ ਰੋੜੇ ਦੇ ਰਹੀਆਂ ਸਨ। ਇਕ ਦਿਨ ਮਸੇਰ ਭਰਾ ਕੰਧੇ ਤੇ ਦਿੱਸਿਆ। ਉਸ ਢਾਰਸ ਦਿੱਤੀ। ਭੂਰਾ ਕਿਰਪੀ ਮੂਹਰੇ ਨੱਚ ਉੱਠਿਆ।

"ਲੈ ਬਹੁੜ ਪਿਆ ਰੱਬ।" ਭੂਰੇ ਤੋਂ ਖੁਸ਼ੀ ਸਾਂਭੀ ਨਹੀਂ ਸੀ ਜਾ ਰਹੀ।

"ਐਹਾ ਜਾ ਕਿਹੜਾ ਰੱਬ ਉੱਤਰ ਆਇਆ?" ਕਿਰਪੀ ਹੈਰਾਨ ਹੋਈ।

"ਰਿਸ਼ਤਾ ਆਉਂਦੇ ਸੰਧੂਆਂ ਕੀ ਪੋਤੀਉਂ।"

"ਟਿੱਬੀ ਵਾਲਿਆਂ ਕਿਉਂ?"



"ਚੁੰਨੀ ਚੜ੍ਹਾਅ ਕੇ ਵਿਆਹੁਣ ਨੂੰ ਮੰਨ ਗਏ।"

ਕਿਰਪੀ ਨੂੰ ਅੱਗ ਲੱਗ ਗਈ। ਰੱਜ ਰੋਈ।

"ਉਈ ਦੇ-ਦੇ ਧੱਕਾ ਖੂਹ 'ਚ।"

"ਹੱਦ ਹੋ ਗਈ ਮਾੜਾ ਜਾ ਕਜ ਦਿੱਸ ਗਿਆ। ਵੀਹ ਕੋਲੇ ਨੀ ਦਿੱਸੇ। ਕਿਰਪੀਏ ਸੋਚ ਕਰ। ਡੁੱਬਣੋ ਬਚ ਜਾਂਗੇ।" ਭੂਰੇ ਤਰਲਾ ਲਿਆ।

"ਦਸਵੀਂ ਵੇਲ੍ਹ। ਲੱਤੋਂ ਲੰਙਾ। ਧੀ ਨੂੰ ਡੋਬ ਕੇ ਤਰੇਂਗਾ? ਕੀ ਹੋ ਗਿਆ ਤੇਰੀ ਮੱਤ ਨੂੰ।"

ਅੰਦਰੋਂ ਭੂਰੇ ਦਾ ਖੁਦ ਮਨ ਭਰਦਾ ਸੀ। ਪਰ ਹੋਰ ਕੋਈ ਰਾਹ ਨਹੀਂ ਸੀ ਦਿੱਸ ਰਿਹਾ। ਨੇੜ ਦੇ ਸਾਕਾਂ ਵਿਚ ਮੁੰਡਾ ਨਹੀਂ ਸੀ ਦਿਸਦਾ। ਡੂਢ ਕੀਲਾ ਵਿਕ ਚੁੱਕਾ ਸੀ। ਢਾਈਆਂ 'ਤੇ ਲੋਨ ਸੀ। ਸੁੱਚੇ ਵਾਲੇ ਚਾਰ ਠੇਕੇ 'ਤੇ ਸਨ। ਜਦੋ ਨਹੀਂ, ਤਾਂ ਕਦੇ ਨਹੀਂ। ਸੁੱਚੇ ਵੀ ਇਕ ਦੋ ਥਾਂ ਰਿਸ਼ਤੇ ਦੀ ਦੱਸ ਪਾਈ। ਓਧਰ ਮਾਂਵਾਂ ਧੀਆਂ ਝਾਕਿਆ ਹੀ ਨਾ।

ਮਾਸਟਰ ਪ੍ਰੀਤਮ ਤੇ ਇਕ ਦੋ ਹੋਰ ਪੜ੍ਹੇ ਲਿਖੇ ਪਰਿਵਾਰਾਂ ਨੂੰ ਛੱਡ ਕੇ ਬਹੁਤੇ ਮਾਂ ਧੀ ਨੂੰ ਮੂਰਖ਼ ਸਮਝਦੇ। ਜਦ ਕਿ ਮਾਸਟਰ ਪ੍ਰੀਤਮ ਤਾਂ ਪਾਸ਼ ਦੇ ਪੀ ਐਚ ਡੀ ਕਰ ਜਾਣ ਨੂੰ ਪਿੰਡ ਦੀ ਸ਼ਾਨ ਕਹਿੰਦਾ ਨਾ ਥੱਕਦਾ। ਮਾਸਟਰ ਭੂਰੇ ਦੀ ਵੀ ਪਿੱਠ ਥਾਪੜਦਾ। ਇਸਦੇ ਬਾਵਜੂਦ ਭੂਰਾ ਇਕੋ ਗੱਲ ਤੇ ਅੜਦਾ।

"ਮਾਸਟਰ ਜੀ, ਜਿੰਦੋਂ ਨਿੱਕੀ-ਸੁੱਕੀ ਜਾਤ ਵੱਲ ਉੱਲਰ ਗਈ। ਉਦੋਂ ਈ ਮਾਰ ਦਿਊਂ।"

ਇਸ ਫ਼ਿਕਰ ਨੂੰ ਲੈ ਕੇ ਭੂਰਾ ਜਣੇ-ਖਣੇ ਮੂਹਰੇ ਭੁਰਨ ਲੱਗਦਾ।

ਕਿਸੇ ਰੱਖੀ ਬੁੜ੍ਹੀ ਦੀ ਦੱਸ ਪਾਈ। ਭੂਰੇ ਦੇ ਦਿਲ ਨੂੰ ਲੱਗੀ। ਸੱਚਮੁੱਚ ਉਹ ਕੰਨੀ ਦੇ ਨਿਆਰੇ 'ਤੇ ਪਾਣੀ ਚਾੜ੍ਹ ਸਕਦੀ ਸੀ। ਭੂਰੇ ਪੈਰ ਜਾ ਫੜੇ। ਰੱਖੀ ਮਾਂ ਧੀ ਬਾਰੇ ਵਿਥਿਆ ਸੁਣੀ। ਸੋਟੀ ਭੂਰੇ ਦੀ ਵੱਖੀ ਵਿਚ ਚੋਭਦੇ ਕਿਹਾ।

"ਜਾਹ ਵਿਆਹ ਦੀ ਤਿਆਰੀ ਕਰ। ਮੈਂ ਤਾਂ ਰੱਬ ਦੇ ਕੁਤਕੁਤੀਆਂ ਕੱਢ ਦਿਆਂ। ਤੇਰਾ ਟੱਬਰ ਕਿਆ ਚੀਜ਼ ਐ।

ਤੀਜੇ ਦਿਨ ਦਰੀਂ ਆ ਖੜ੍ਹੀ।

"ਲੰਘ ਆ ਤਾਈ।" ਕਿਰਪੀ ਆਦਰ ਦਿੱਤਾ।

"ਨਜ਼ਰ ਡੁੱਬ ਗਈ ਕੁੜੇ। ਕਦੇ ਦੀਹਦਾ ਨਹੀਂ। ਕਦੇ ਇਕ-ਇਕ ਦੇ ਦੋ-ਦੋ ਦਿਸੀ ਜਾਣਗੇ।"

"ਅੱਜ ਕਿਵੇਂ ਰਾਹ ਭੁੱਲ ਗਈ?"

"ਨੀ ਰਾਹ ਭੁੱਲਦੀ ਐ ਮੇਰੀ ਜੁੱਤੀ। ਮੈਂ ਤਾਂ ਸੁਣਿਆ ਤੂੰ ਬੀ ਉੱਡ ਗਈ ਮੁੰਡੇ ਨਾਲ ਮਰੀਕਾ ਕਲੱਕਤੇ ਕੰਨੀ।"

"ਕਿੱਥੇ ਤਾਈ! ਜਾਂਦੀ ਤੈਨੂੰ ਲੈ ਕੇ ਨਾ ਜਾਂਦੀ।"

"ਨੀ ਮੈਂ ਤਾਂ ਮਕਾਣ ਨੀ ਜਾਂਦੀ ਮਰੀਕਾ ਕਰੇਡਾ ਦੀ।"

"ਕਿਉਂ?"

"ਕਿਉਂ ਨੂੰ ਤੂੰ ਨੀ ਜਾਣਦੀ? ਕਹਿੰਦੇ ਮੇਮਾਂ ਕਾਗਤਾਂ ਨਾਲ ਈ ਪੂੰਝੀ ਜਾਂਦੀਐਂ ਪਿਛਵਾੜੇ।"

"ਲੱਖ ਪੂੰਝਣ ਤਾਈ! ਅਗਲਿਆਂ ਦਾ ਮੁਲਕ ਐ।"

"ਨੀ ਤੇਰਾ ਸ਼ੇਰੂ ਨੀ ਖਾਂਦਾ ਖੇਹ ਮੇਮਾਂ ਨਾਲ।"

"ਕਾਹਨੂੰ ਤਾਈ! ਛੋ ਗਈ ਸੀ ਮੁੰਡੇ। ਚਾਰ ਸਾਲ ਹੋ ਗਏ। ਪਤਾ ਨਹੀਂ ਹੈਣ ਕਿੱਥੇ? ਮੈਂ ਤਾਂ ਅੱਧੀ ਮਰ ਗਈ।"

"ਨੀ ਜਾਹ, ਖੇਖਣ ਨਾ ਕਰ। ਜੇ ਐਂ ਹੁੰਦਾ, ਕੁੜੀ ਦੀ ਨਾ ਸੋਚਦੀ। ਮੈਂ ਤਾਂ ਸੁਣਿਆ ਤੁਸੀਂ ਮਾਂ ਧੀ ਨੱਕ 'ਚੋਂ ਠੂਹੇ ਸਿਟਣੋਂ ਨੀ ਹਟਦੀਆਂ।"

"ਚਲ ਤੂੰ ਰਹਿ ਗਈ ਸੀ ਤਾਈ! ਤੂੰ ਵੀ ਕਰ ਲਾ ਆਪਣੀਆਂ।"

"ਨੀ ਮੈਂ ਨੀ ਆਈ। ਲੱਛਮੀ ਆ ਗੀ ਚੱਲ ਕੇ। ਜੇ ਕਹੇਂ ਤਾਂ ਲੁਆਮਾਂ ਰੱਬ ਦੀ ਧੁੰਨੀ ਨੂੰ ਜੀਭ।"

"ਮੈਂ ਸਮਝੀ ਨੀ ਤਾਈ।"

"ਨੀ ਬੁੱਢ ਵਲ੍ਹੇਟ ਹੋ ਗੀ। ਕੰਨ 'ਚ ਪਾਉਨੀ ਐਂ ਗਰਾਹੀ। ਰੱਖੀ ਕਿਉਂ ਆਊ ਤੇਰੇ ਘਰੇ?"

"ਹੱਛਾ ਰਿਸ਼ਤੇ ਬਾਰੇ? ਨਹੀਂ ਤਾਈ। ਕੁੜੀ ਲੱਤ ਨੀ ਲਾਉਂਦੀ।"

"ਨੀ ਉਹ ਚਰਜ ਜੰਮ ਪਈ। ਮਰੀ ਤੋਂ ਖੱਫਣ ਮਾਂ ਪਿਉ ਦਾ ਈ ਪਊ। ਤੂੰ ਮੇਰੇ ਲੁਆ ਮੱਥੇ। ਮੈਂ ਤਾਂ ਕੀਲ ਲਏ ਫਨੀਅਰ। ਇਹ ਕਿੱਧਰ ਦੀ ਆ ਗਈ ਇੰਦਰਾ ਗਾਂਧੀ।"

ਬੈਠੀਆਂ ਹੀ ਸਨ ਜਾਂ ਪਾਸ਼ ਆ ਗਈ। ਉਸ ਰੱਖੀ ਨੂੰ ਸਤਿਕਾਰ ਦਿੱਤਾ ਤੇ ਉਹਦੇ ਪੈਰਾਂ ਲਾਗ ਹੀ ਬੈਠ ਗਈ। ਰੱਖੀ ਪਾਸ਼ ਦੀ ਸ਼ਕਲ-ਸੂਰਤ, ਰੰਗ-ਢੰਗ, ਕੱਦ-ਕਾਠ ਦੇਖ, ਦੰਗ ਰਹਿ ਗਈ।

"ਮੈਂ ਬੀ ਕਹਾਂ, ਕੁੜੀ 'ਚ ਹੋਊ ਤੰਤ। ਤਾਂ ਹੀ ਕੋਈ ਨੱਕ ਹੇਠ ਨਹੀਂ ਆਉਂਦਾ।"

"ਨਹੀਂ ਮਾਂ ਜੀ ਮੈਂ ਹੀ ਨਹੀਂ ਕਿਸੇ ਦੇ ਪਸੰਦ।"

"ਕਿਉਂ? ਦੇਖਣ ਨੂੰ ਤਾਂ ਠੀਕ-ਠਾਕ ਐਂ।"

"ਸ਼ਕਲ ਦੀ ਗੱਲ ਨਹੀਂ ਮਾਂ ਜੀ। ਕਿੰਨਾ ਸੋਨਾ ਪਊ। ਕਿੰਨਾ ਦਾਜ ਮਿਲੂ। ਕਿਹੜੀ ਕਾਰ। ਕਿਹੜਾ ਪੈਲਿਸ। ਉਥੇ ਫਸਦੈ ਕੁੱਤਾ।"

"ਇਹਦਾ ਤੈਨੂੰ ਕੀ? ਆਪੇ ਦੇਖੂ ਬੁਰਾ।"

"ਪੱਲੇ ਤੋਂ ਬਿਨਾਂ ਕੁਝ ਨਹੀਂ ਦੀਹਦਾ। ਵਿਆਹ ਦਾ ਮਤਲਬ, ਪੱਖੇ ਨਾਲ ਫਾਹਾ। ਚੁੱਲ੍ਹੇ ਦੀ ਅੱਗ ਨਾਲ ਸੜਨਾ ਜਾਂ ਚੂੜਾ ਪਾਈ ਕਚਹਿਰੀਆਂ ਜਾ ਖੜਨਾ ਨਹੀਂ। ਜੇ ਬੰਦਾ



ਮੁੱਲ ਈ ਲੈਣੈ ਤਾਂ ਡਾਕਟਰ ਵਕੀਲ ਜੋ ਮਰਜ਼ੀ ਲੈ ਲਵੇ। ਤੁਸੀਂ ਕੀ ਚੱਕੀ ਫਿਰਦੇ ਓ।" ਪਾਸ਼ ਨੂੰ ਖੁੜਕ ਗਈ। ਰੱਖੀ ਐਵੇਂ ਨਹੀਂ ਸੀ ਆਈ।

ਰੱਖੀ ਅਨੇਕਾਂ ਰਿਸ਼ਤੇ ਕਰਾਏ। ਗੱਲਾਂ ਦਾ ਖੱਟਿਆ ਖਾਧਾ। ਪਹਿਲੀ ਵੇਰ ਥਿੜਕੀ। ਲੰਮਾ ਹਉਕਾ ਲਿਆ।

"ਏਸ ਹਿਸਾਬ ਤਾਂ ਕੁਝ ਵੀ ਨਹੀਂ। ਤੇਰੀਆਂ ਗੱਲਾਂ ਤੋਂ ਲਗਦੈ ਜਾਂ ਤਾਂ ਤੇਰੇ 'ਚ ਕੋਈ ਨੁਕਸ ਐ। ਜਾਂ ਕਿਤੇ ਹੋਰ ਕੁੰਡੇ-ਝਾਕ ਐ ਤੇਰੀ।"

"ਗਲਤ। ਮੈਂ ਚਾਹਨੀ ਆਂ ਸਿੱਧੀ ਗੱਲ ਹੋਵੇ। ਨੰਗੀ ਚਿੱਟੀ। ਵਾਰਾ ਖਾਊ ਤਾਂ ਹਾਂ ਐ।"

ਰਿਸ਼ਤਾ ਮੰਡੀ ਦੇ ਸਿੱਧੂ ਮੈਡੀਕਲ ਸਟੋਰ ਵਾਲਿਆਂ ਦਾ ਸੀ। ਜਿਨ੍ਹਾਂ ਦੇ ਦੋ ਘੋੜੇ (ਵੱਡੇ ਟਰੱਕ) ਵੀ ਸਨ। ਮੁੰਡਾ ਵਿਗੜਿਆ ਅਤੇ ਟੁੱਕਟੇਰ ਸੀ। ਇਹਦਾ ਓਹਲਾ ਰੱਖਿਆ ਗਿਆ।

ਰਿਸ਼ਤੇ ਬਾਰੇ ਸੋਚ, ਭੂਰੇ ਦਾ ਰੋਣ ਨਿਕਲ ਗਿਆ। "ਰੱਬ ਐਂ ਵੀ ਤੁੱਠ ਸਕਦੈ।" ਭੂਰੇ ਪਾਸ਼ ਮੂਹਰੇ ਹੱਥ ਜੋੜੇ। "ਵੱਡਾ ਘਰ ਐ ਧੀਏ, ਮੇਰੇ ਕੰਨੀ ਦੇਖੀਂ।"

ਮੁਲਾਕਾਤ ਮੰਡੀ ਦੇ ਗੁਰਦੁਆਰੇ ਹੋਈ। ਮੁੰਡੇ ਨਾਲ ਉਹਦੀ ਮਾਂ ਤੇ ਭੈਣ ਸਨ। ਪਹਿਲੀ ਨਜ਼ਰੇ ਪਾਸ਼ ਉਹਨਾਂ ਦੇ ਦਿਲ 'ਚ ਉੱਤਰ ਗਈ। ਪਾਸ਼ ਮੁੰਡੇ ਨਾਲ ਸਰੋਵਰ ਦੀਆਂ ਪੌੜੀਆਂ 'ਤੇ ਜਾ ਬੈਠੀ।

"ਕਿਉਂ ਕਰਨਾਂ ਚਾਹੁੰਦੇ ਹੋ ਸ਼ਾਦੀ।" ਪਾਸ਼ ਮਹਿਜ਼ ਗੱਲ ਤੋਰਨ ਲਈ ਕਿਹਾ।

"ਮੰਮੀ ਪਾਪਾ ਕਿਹਾ, ਬੇਟਾ ਚੜ੍ਹ ਜਾ ਸੂਲੀ। ਆਪਾਂ ਕਿਹਾ ਸੱਤ ਬਚਨ।"

"ਤੁਹਾਡਾ ਆਪਣਾ ਇਰਾਦਾ ਨਹੀਂ?"

"ਨਹੀਂ, ਸੂਟੇਬਲ ਜਾਬ ਹੋਈ ਤਾਂ ਕਰਾਂਗਾ।"

"ਮੈਂ ਸ਼ਾਦੀ ਬਾਰੇ ਕਿਹਾ।"

"ਮੈਂ ਸ਼ਾਦੀ ਤੇ ਜਾਬ ਇਕੋ ਗੱਲ ਸਮਝਦਾਂ। ਜਾਬ ਤੋਂ ਸੈਲਰੀ। ਸ਼ਾਦੀ ਤੋਂ ਬੀਵੀ ਬੱਚੇ।"

"ਕਿੱਥੋਂ ਤੱਕ ਪੜ੍ਹੇ?"

"ਪੜ੍ਹਾਈ ਵੜਾਈ ਬਕਵਾਸ! ਆਪਣਾ ਸਿੱਧਾ ਫੰਡੇ। ਬੰਦੇ ਨੂੰ ਚਾਹੀਦੈ ਪੈਸਾ। ਉਹ ਹੈਗਾ, ਫਿਰ ਕਿਉਂ ਮੱਥਾ ਮਾਰਨਾ।"

"ਕੀ ਕਰਦੇ ਓ ਫਿਰ?"

"ਹਾਲੇ ਤਾਂ ਪਾਪਾ ਕਮਾਉਂਦੇ ਐ। ਆਪਾਂ ਖਰਚਦੇ ਆਂ ਬੱਸ।"

"ਪਤਨੀ ਨੂੰ ਕੀ ਖੁਆਓਗੇ?"

"ਜੋ ਕਹੇਗੀ।"

"ਨਹੀਂ ਕਮਾਅ ਕੇ।"

"ਕੁਦਰਤ ਮੌਕਾ ਹੀ ਨਹੀਂ ਦੇ ਰਹੀ। ਅਮੀਰ ਘਰ ਪੈਦਾ ਕਰ ਦਿੱਤਾ। ਲਾਡੀ ਪਿਆਰੇ ਤੂੰ ਐਸ਼ ਕਰਨੀ ਏ ਬੱਸ।"

"ਕੰਮ ਨਹੀਂ ਕਰੋਗੇ?" ਪਾਸ਼ ਅੰਦਰੋ ਅੰਦਰ ਤਲਖ਼ ਹੋ ਰਹੀ ਸੀ।

"ਮੰਨ ਲਉ ਆਪਣੀ ਗੱਲ ਬਣਦੀ ਹੈ। ਤਾਂ ਸੋਚੋ। ਮੰਡੀ ਦੇ ਇਕ ਕੈਮਿਸਟ ਦਾ ਇਕਲੌਤਾ ਪੁੱਤਰ। ਇਕ ਸਿੰਪਲ ਜਿਹੀ ਕੁੜੀ ਨਾਲ ਕਿਉਂ ਚਿਪਕੇਗਾ? ਮਤਲਬ ਛੁੱਟ-ਪੁੱਟ ਖਰਚਿਆਂ ਲਈ ਬੀਵੀ ਦੀ ਨੌਕਰੀ ਦਾ ਏ.ਟੀ.ਐਮ।"

"ਮੈਂ ਪਸੰਦ ਹਾਂ ਤੁਹਾਨੂੰ?" ਪਾਸ਼ ਤਪ ਚੁੱਕੀ ਸੀ।

"ਵੈਸੇ ਟਰਡੀਸ਼ਨਲ ਤੇ ਫਲੈਟ ਕੁੜੀਆਂ ਮੈਨੂੰ ਪਸੰਦ ਨਹੀਂ। ਬੀਵੀ ਚਲੇਗੀ।"

"ਕਿਉਂ?" ਪਾਸ਼ ਦਾ ਦਿਲ ਕੀਤਾ। ਮੁੰਡੇ ਦੇ ਥੱਪੜ ਮਾਰੇ।

"ਸਾਰੀਆਂ ਗੱਲਾਂ ਅੱਜ ਈ ਪੁੱਛ ਲੈਣੀਆਂ। ਚਲ ਓਕੇ ......। ਦੇਖੋ ਤੇਰੀ ਮਦਰ ਨੂੰ ਹੈ ਕੈਂਸਰ.....।"

ਪਾਸ਼ ਦੇ ਸਿਰ ਵਿਚ ਅਚਾਨਕ ਕੁਝ ਵੱਜਾ। ਉਹ ਘਾਬਰ ਕੇ ਉੱਠ ਖੜ੍ਹੀ।

"ਤੁਹਾਨੂੰ ਕਿਵੇਂ ਪਤਾ?" ਪਾਸ਼ ਦੀ ਖਾਨਿਉਂ ਗਈ। ਉਹ ਕੰਬੀ।

"ਸੋਰੀ। ਕੀ ਨਾਂ ਹੈ ਤੁਹਾਡਾ? ਹਾਂ ਪੁਸ਼ਪਿੰਦਰ। ਸਾਡਾ ਵੀ ਨੈਟਵਰਕ ਹੈ ਮਹਾਂਰਾਜ। ਹਰ ਸੋਹਣੀ ਕੁੜੀ ਦਾ ਬਾਇਉਡਾਟਾ ਰੱਖੀਦੈ ਜੇਬ ਵਿਚ।"

ਮੁੰਡੇ ਜੇਬ ਠਕੋਰੀ।

"ਤੁਸੀਂ ਸਿੱਧੂ ਮੈਡੀਕਲ ਵਾਲਿਆਂ ਦੇ ਬੇਟੇ ਹੋ?"

ਮੁੰਡਾ ਕੇਵਲ ਗੁੱਝਾ ਜਿਹਾ ਮੁਸਕਾਇਆ।

"ਹੋਰ ਕੀ ਜਾਣਦੇ ਓ ਮੇਰੇ ਬਾਰੇ। ਪਾਸ਼ ਹਿੱਲ ਗਈ।

"ਬੱਸ ਘਰੇਲੂ ਜਿਹੀ ਨੇਚਰ ਐ ਤੁਹਾਡੀ। ਕੋਈ ਅਫੇਅਰ ਨਹੀਂ। ਸਾਲ ਹੋ ਗਿਆ ਪੀ.ਐਚ-ਡੀ ਨੂੰ। ਕੋਈ ਨੌਕਰੀ ਨਹੀਂ। ਟਵੀਸ਼ਨਾਂ ਨਾਲ ਪੜ੍ਹੀ। ਹੁਣ ਇਲਾਜ ਕਰਾ ਰਹੀ ਹੈਂ ਮਦਰ ਦਾ। ਪਿਤਾ ਤੋਂ ਚੋਰੀ। ਪਰ ਤੇਰੀ ਮਦਰ ਵੱਧ ਤੋਂ ਵੱਧ ਸਾਲ ਛੇ ਸਾਲ......"

"ਨਹੀਂ ਨਹੀਂ ਕੁਝ ਨਹੀਂ ਹੋਵੇਗਾ ਮਦਰ ਨੂੰ।" ਪਾਸ਼ ਉੱਖੜ ਗਈ।

"ਆਪਾਂ ਨੂੰ ਤਾਂ ਇਹੋ ਪਤਾ ਲੱਗਾ।"

"ਇਸਦਾ ਮਤਲਬ ਦਾਜ ਨਹੀਂ ਲਉਗੇ।"

"ਆਂਟੀ ਨੇ ਦੱਸਿਆ, ਤੁਹਾਡੇ ਕੋਲ ਹੈ ਈ ਕੁਝ ਨਹੀਂ।"

"ਫਿਰ ਕਿਉਂ ਕਰ ਰਹੇ ਹੋ ਸ਼ਾਦੀ?"

"ਕਈ ਰੀਜ਼ਨ ਨੇ। ਪਹਿਲੀ ਗੱਲ ਪਸੰਦ। ਦੂਜਾ ਇਲਾਜ ਹੋਵੇਗਾ ਸਟੋਰ ਤੋਂ। ਉਸ ਅਹਿਸਾਨ ਬਦਲੇ ਸੇਵਾ ਹੋਏਗੀ, ਉਮਰ ਭਰ। ਹੋਰ ਬੀ ਕਈ ਰੀਜ਼ਨ ਨੇ......। ਕਹੋ ਤਾਂ ਉਹ ਵੀ ਦੱਸ ਸਕਦਾਂ।"



ਪਾਸ਼ ਇਕ ਪਲ ਗਹਿਰੀਆਂ ਸੋਚਾਂ ਵਿਚ ਉੱਤਰ ਗਈ।

ਉਸ ਟੁੱਟਵਾਂ ਜਿਹਾ ਸੁਣਿਆ। ਮੁੰਡਾ ਆਖ ਰਿਹਾ ਸੀ।

"ਦੇਖੋ ਜੀ ਆਪਾਂ ਹੈਗੇ ਮਾਡਰਨ। ਯਾਰਾਂ ਦੋਸਤਾਂ 'ਚ ਬੰਦਾ ਵੀਹ ਥਾਂ ਖੇਹ ਖਾਂਦੈ। ਜੇ ਆਪਣੀ ਗੱਲ ਬਣਦੀ ਐ ਤਾਂ ਅੱਜ ਤੋਂ ਬਾਦ ਸਭ ਬੰਦ।"

ਮੁੰਡੇ ਕੰਨਾਂ ਨੂੰ ਹੱਥ ਲਾਏ।

ਪਾਸ਼ ਦਾ ਰੋਣ ਨੂੰ ਜੀ ਕੀਤਾ। ਉਹ ਕਿਸ ਕਗਾਰ 'ਤੇ ਖੜ੍ਹੀ ਸੀ। ਉਹਦਾ ਸਬਰ ਟੁੱਟ ਰਿਹਾ ਸੀ।

"ਇਹਦਾ ਮਤਲਬ ਤੁਸੀਂ ਕਈ ਕੁੜੀਆਂ ਨਾਲ ਸੁੱਤੇ। ਕੋਈ ਐਸੀ ਮਿਲੀ ਜਿਸ ਨਾਲ ਤੁਸੀਂ ਰਾਤ ਭਰ ਜਾਗੇ ਹੋਵੋ?"

"ਕੀ ਮਤਲਬ।" ਮੁੰਡਾ ਉੱਠ ਖੜ੍ਹਾ।

"ਤੂੰ ਕੁੜੀਆਂ ਨਾਲ ਸਿਰਫ਼ ਸੌਣਾ ਸਿੱਖ ਲਿਆ। ਜਾਗਣਾ ਨਹੀਂ ਸਿੱਖਿਆ?" ਪਾਸ਼ ਮੱਚ ਉੱਠੀ।

ਇਸ ਤੋਂ ਪਹਿਲਾਂ ਕਿ ਕੁਝ ਹੋਰ ਵਾਪਰਦਾ ਮੁੰਡਾ, "ਕੀ ਬਕਵਾਸ ਕਰਦੀ ਐਂ?" ਕਹਿੰਦਾ, ਭੀੜ ਵਿਚ ਖਿਸਕ ਗਿਆ।

ਜਦ ਨੂੰ ਭੂਰਾ ਤੇ ਕਿਰਪੀ ਕੋਲ ਆਏ। ਪਾਸ਼ ਰੋ ਰਹੀ ਸੀ।....

ਟੱਬਰ ਜਿਸ ਨਿਰਾਸ਼ਾ ਵਿਚ ਪਰਤਿਆ। ਮਿੱਟੀ ਹੋਣ ਲਈ ਕਾਫ਼ੀ ਸੀ। ਭੂਰਾ ਸੋਚ ਰਿਹਾ ਸੀ, ਜੇ ਪਾਸ਼ ਸਿੱਧੂਆਂ ਕਾ ਮੁੰਡਾ ਨ ਫਿੱਟ ਕਰ ਸਕਦੀ ਸੀ। ਫਿਰ ਮੌਕਿਉਂ ਪਰੇ ਤਾਂ ਉਜਾੜ ਸੀ। ਭੂਰਾ ਨਮੋਸ਼ੀ 'ਚ ਗਰਕ ਗਿਆ। ਨਿਰਾਸ਼ਾ ਵਿਚ ਕਈ ਦਿਨ ਘਰੋਂ ਹੀ ਨਾ ਨਿਕਲਿਆ।

ਪਾਸ਼ ਆਪਣੀ ਥਾਂ ਸੁੱਕ ਗਈ। ਮਾਂ ਦੀ ਬਿਮਾਰੀ ਤਾਂ ਉਸ ਮਾਂ ਤੋਂ ਵੀ ਲੁਕਾਅ ਕੇ ਰੱਖੀ ਸੀ। ਰੱਖੀ ਦੇ ਢਹੇ ਚੜ੍ਹੀ ਤਾਂ ਗਈ। ਟੱਬਰ ਆਪੋ-ਆਪਣੀ ਥਾਂ ਹਾਲੇ ਧੁਖ ਹੀ ਰਿਹਾ ਸੀ, ਜਾਂ ਇਕ ਐਸੀ ਬਿੱਜ ਆ ਡਿੱਗੀ, ਜੋ ਭੂਰੇ ਦੇ ਮਰਨ ਲਈ ਕਾਫ਼ੀ ਸੀ।

ਬੈਂਕ ਤਿੰਨ ਮਹੀਨਿਆਂ ਦਾ ਆਖ਼ਰੀ ਨੋਟਸ ਲਾ ਗਿਆ।

ਭੂਰੇ ਤੇ ਕਿਰਪੀ ਨੂੰ ਲੱਗਾ, ਐਸ ਘੜੀ ਸੁੱਚਾ ਬਾਂਹ ਫੜ ਸਕਦਾ ਸੀ। ਅਫ਼ਸਰ ਸੀ। ਪੁੱਜਦਾ ਸੀ। ਆਖ਼ਿਰ ਘਰ ਦਾ ਜੀਅ ਸੀ। ਭੂਰੇ ਚਾਹਿਆ ਕਿਰਪੀ ਤਰਲਾ ਲੈ ਦੇਖੇ।

ਇਕ ਦਿਨ ਥੱਕੀ ਹਾਰੀ ਪਾਸ਼ ਘਰ ਪਰਤੀ ਤਾਂ ਮਾਂ ਨੂੰ ਮਰਨਹਾਰ ਦੇਖ, ਸਹਿਮ ਗਈ।

"ਕੀ ਹੋਇਆ?"

"ਤੂੰ ਸੁੱਚੇ ਕੀ ਰਾਣੀ ਨੂੰ ਕੀ ਕਿਹਾ?" ਕਿਰਪੀ ਗੁੱਸੇ 'ਚ ਕਿਹਾ।

"ਤੂੰ ਚਾਚੀ ਕੋਲ ਗਈ?" ਪਾਸ਼ ਮਾਂ ਨੂੰ ਪੁੱਛਿਆ।

"ਤੈਨੂੰ ਕੀ ਲੋੜ ਸੀ, ਬਲਦੀ ਦੇ ਬੁੱਥੇ 'ਚ ਪੈਣ ਦੀ।"

"ਬੀ ਜੀ. ਨਸ਼ੇ 'ਚ ਸੀ ਰਾਵੀ। ਨਸ਼ੇੜੀ ਮੁੰਡਾ ਸੜਕ ਤੇ ਸਿੱਟ ਗਿਆ। ਦੁਨੀਆ ਖੜ੍ਹੀ। ਕੱਪੜੇ ਲਾਹੁਣ ਲੱਗੀ। ਭੈਣ ਸੀ ਮੇਰੀ। ਘਰ ਛੱਡ ਆਈ ਤਾਂ ਕੀ ਮਾੜਾ ਕੀਤਾ।"

"ਅਗਲੇ ਕਹਿੰਦੇ, ਸਾਡੀ ਕੱਪੜੇ ਲਾਹੇ। ਨੰਗੀ ਫਿਰੇ। ਤੁਹਾਨੂੰ ਕੀ? ਤੁਸੀਂ ਘਰ ਬਿਠਾਈ ਰੱਖ, ਆਪਣੀ ਨੂੰ। ਕਮਾਈ ਖਾਣ ਲਈ। ਗਾਲ੍ਹਾਂ ਬਕੀਆਂ।"

"ਮੈਨੂੰ ਤਾਂ ਧੱਕੇ ਮਾਰੇ। ਪਰ ਤਾਂ ਕੀ। ਜਦ ਗੰਦ ਚੌਕਿਆ ਤਾਂ ਲਿਬੜਨ ਤੋਂ ਕੀ ਡਰਨਾ।"

"ਮੂਰਖੇ ਪਿਉ ਦੀ ਸੋਚ। ਔਂਟਲਿਆ ਫਿਰਦੈ ; ਬੈਂਕ ਦੇ ਕਾਗਜ਼ ਤੋਂ, ਉਦੀ ਨਾ ਕੁਝ ਕਰ ਬੈਠੇ।"

ਪਾਸ਼ ਚੀਕੀ।

"ਔਂਟਲਿਐ ਤਾਂ ਔਂਟਲਿਆ ਰਹੇ। ਕੀਹਨੇਂ ਕਿਹਾ ਅੱਗ ਫੱਕ। ਪਿੰਡ ਦਾ ਕੋਈ ਗਰੀਬ ਦਖਾ, ਜੀਹਦੇ ਘਰ ਆਟਾ ਨਾ ਹੋਵੇ ਤੇ ਕਰਜ਼ਈ ਹੋਵੇ। ਮਰਿਆ ਕੋਈ ਫਾਹਾ ਲੈ ਕੇ? ਮਰਨ ਲਈ ਅਸੀਂ ਰਹਿ ਗਏ ਜ਼ਮੀਨਾਂ ਆਲੇ?"

"ਮਰਦੇ ਅੱਕ ਚੱਬਿਆ। ਮਾੜੇ ਘਰ ਦਾ ਰਿਸ਼ਤਾ ਨਹੀਂ ਲੈਂਦਾ ਕੋਈ। ਹਾਲੇ ਮੇਰੀ ਬਮਾਰੀ ਪਤਾ ਨਹੀਂ।"

"ਕੋਈ ਬਮਾਰੀ ਨਹੀਂ ਤੈਨੂੰ। ਉਤੋਂ ਬੈਂਕ-ਬੈਂਕ ਲਾ ਰੱਖੀ ਐ ਐਵੇਂ। ਬੈਂਕ ਵਾਲੇ ਹੱਥ-ਪੈਰ ਵੱਢ੍ਹ ਲੈਣਗੇ ਸਾਡੇ।"

"ਨੀ ਹੁਣ ਮਜੂਰੀ ਕਰਾਂਗੇ?"

"ਕਿਉਂ ਮਜੂਰੀ ਬੰਦੇ ਨੀ ਕਰਦੇ। ਬੀ ਜੀ ਨਿਕਲੋ ਜੱਟਵਾਦ ਦੀ ਗਾਰ 'ਚੋਂ। ਲੋੜ ਪਈ ਮੈਂ ਕਰੂੰ ਮਜੂਰੀ। ਦੇਖੂੰ ਕਿਹੜਾ ਰੱਬ ਡਿੱਗਦੈ।"

"ਨੀ ਮੂਰਖੇ! ਐਨਾ ਪੜ੍ਹ ਕੇ ਮਜੂਰੀਆਂ ਕਰੇਂਗੀ?"

ਪਾਸ਼ ਮਾਂ ਨੂੰ ਅਣ-ਸੁਣਿਆ ਕਰ, ਗੁੱਸੇ ਵਿਚ ਅੰਦਰ ਚਲੀ ਗਈ।

ਇਹ ਸਬੱਬ ਸੀ ਜਾਂ ਮੌਕਾ-ਮੇਲ, ਮਾਂ ਧੀ ਦੀ ਤਲਖੀ, ਪਿੱਠ ਪਿੱਛੇ ਖੜ੍ਹੀ ਰੱਖੀ ਨੇ ਸੁਣੀ। ਸੱਤ ਪੱਤਣਾਂ ਦੀ ਤਾਰੂ ਰੱਖੀ ਸੁੰਨ ਰਹਿ ਗਈ। ਉਹਨੂੰ ਪਾਸ਼ ਦੀ ਜੁਅੱਰਤ ਝੰਜੋੜ ਗਈ। ਰੱਖੀ ਸੋਟੀ ਟੇਕਦੀ ਕਿਰਪੀ ਮੂਹਰੇ ਆ ਖੜ੍ਹੀ। ਉਹ ਭੁੱਲ ਹੀ ਗਈ ਕਿਸ ਕੰਮ ਆਈ। ਕਿਰਪੀ ਨੀਵੀਂ ਪਾ ਗਈ।

"ਲੈ ਨੀ ਕਿਰਪੀਏ, ਆਈ ਸੀ ਮੈਂ ਜੂਤ ਪਤਾਣ ਨੂੰ। ਪਈ ਤੇਰੀ ਕੁੜੀ ਸਿੱਧੂਆਂ ਕੇ ਮੁੰਡੇ ਮੂਹਰੇ ਕੀ ਗੰਦ ਘੋਲਿਆ। ਪਰ ਤੂੰ ਫਿਰਦੀ ਐਂ ਮਰਨ ਨੂੰ। ਬੁਰੇ ਨੰਗ। ਪਰ ਦੇਖ ਲਿਆ ਮੈਂ। ਪਾਸ਼ੋ ਧੀ ਨੀ ਤੇਰੀ, ਪੁੱਤ ਐ ਨਿਰਾ। ਲੈ ਹੁਣ ਕੁਛ ਹੋ ਜੇ। ਇਕ ਵੇਰ ਫਿਰ ਕੁੜੀ ਤੇ ਦੀਵਾ ਬਾਲੂੰ ਮੈਂ।"

ਕਿਰਪੀ ਤੋਂ ਅੱਖ ਨਾ ਚੁੱਕੀ ਗਈ।

"ਘਾਬਰ ਨਾ.... ਐ ਮੰਨ ਭੁਰਲੂ ਐ ਮੇਰੇ ਹੱਥ। ਤੇਰੀ ਬਮਾਰੀ। ਵਿਆਹ। ਕਰਜ਼ਾ। ਸਭ ਪਾਰ। ਪਰ ਇਕ ਸ਼ਰਤ ਹੋਊ ਮੇਰੀ। ਇਸ ਵਾਰ ਮੁੰਡੇ ਵਾਲੇ ਘਰ ਮੈਂ ਸਦੂੰ।"

"ਕਿੱਥੋਂ ਦੇ ਨੇ?"

"ਤੇਰੀ ਹਵਾ ਤੋਂ ਪਰੇ ਦੇ.......। ਪਰ ਜੇ ਕੁੜੀ ਅਬਾ-ਤਬਾ ਕੀਤੀ, ਛਿੱਤਰ ਲਾਹ ਲੂੰ ਮੈਂ।"

ਪਾਸ਼ ਕਾਹਲੀ ਨਾਲ ਬਾਹਰ ਆਈ।

"ਠੀਕ ਐ ਮਾਂ ਜੀ .....। ਮੈਂ ਨੀ ਕਰਦੀ ਵਾਧ ਘਾਟ।"

ਕਿਰਪੀ ਤ੍ਰਭਕ ਕੇ ਪਾਸ਼ ਵੱਲ ਦੇਖਿਆ। ਪਾਸ਼ ਜਿਵੇਂ ਰੋ ਕੇ ਹਟੀ ਸੀ।

ਅਗਲੇ ਕੁਝ ਦਿਨ ਘਰ ਵਿਚ ਭੜਥੂ ਪਿਆ ਰਿਹਾ।

ਪਿੰਡ ਦੇ ਕਈ ਦੇਖੀਆਂ ਢਿੱਡ ਘੁੱਟਿਆ।

ਰਿਸ਼ਤਾ ਕਨੇਡਾ ਤੋਂ ਸੀ।.....

ਘਰ ਦੀ ਇਕ-ਇਕ ਚੀਜ਼ ਟਿਚਨ ਕੀਤੀ ਗਈ।

ਪਾਸ਼ ਲਈ ਇਹ ਦਿਨ ਬੇਹੱਦ ਪੀੜ ਭਰੇ ਸਨ।

ਪੜ੍ਹਾਈ ਦੌਰਾਨ ਪਾਸ਼ ਜਿਨ੍ਹਾਂ ਅੱਖਰਾਂ ਅਤੇ ਗਿਆਨ ਦੇ ਖੰਭਾਂ ਨਾਲ ਉੱਡੀ ਸੀ; ਉਹ ਪ੍ਰਵਾਜ਼ ਅੰਬਰ ਦੇ ਤਾਰੇ ਛੋਹਣ ਜਿਹੀ ਸੀ। ਕਿਤਾਬਾਂ ਦਾ ਬੜਾ ਤਲਿਸਮੀ ਸੰਸਾਰ ਸੀ। ਇਸ ਸੰਸਾਰ ਦੀਆਂ ਖਿੜਕੀਆਂ ਸੱਤਵੇਂ ਅਸਮਾਨ 'ਤੇ ਖੁੱਲ੍ਹਦੀਆਂ ਸਨ। ਜੱਟਵਾਦ ਅਤੇ ਨਿਮਨ ਕਿਸਾਨੀ ਦੀ ਆਰਥਿਕ ਹਕੀਕਤ ਨੇ ਜਿਹਨੀ ਆਦਰਸ਼ ਦੀਆਂ ਧੱਜੀਆਂ ਉਡਾਅ ਕੇ ਰੱਖ ਦਿੱਤੀਆਂ ਸਨ। ਕੁਤਰੇ ਹੋਏ ਖੰਭਾਂ ਨਾਲ ਭੁਇ ਤੇ ਡਿੱਗੀ ਤਾਂ ਹੋਸ਼ ਆਈ। ਉਸ ਗੋਡੇ ਟੇਕਣ ਦੀ ਸੋਚ ਲਈ। ਠਾਣ ਲਈ ਕਿ ਘਟੋ-ਘੱਟ ਵਿਆਹ ਦੇ ਮਸਲੇ ਬਦਲੇ ਪਿਉ ਨੂੰ ਨਹੀਂ ਮਰਨ ਦੇਣਾ। ਵਿਦੇਸ਼ੀ ਰਿਸ਼ਤਾ ਜੇ ਸਚਮੁਚ ਟੱਬਰ ਨੂੰ ਗਾਰ ਵਿਚੋਂ ਕੱਢਣ ਵਾਲਾ ਹੋਇਆ ਤਾਂ ਉਹ ਉੱਨੀ-ਇੱਕੀ ਦੇ ਫਰਕ ਨੂੰ ਨਜ਼ਰ-ਅੰਦਾਜ਼ ਕਰ ਦੇਵੇਗੀ।

ਇਸ ਵਾਰ ਘੇਰਨ ਦੇ ਇਰਾਦੇ ਨਾਲ ਰੱਖੀ, ਰਿਸ਼ਤੇ ਬਾਰੇ ਪਿੰਡ ਵਿਚ ਢੋਂਡੀ ਪਿੱਟ ਦਿੱਤੀ।

ਪਿੰਡ ਸੋਆਂ ਲੈਣ ਲੱਗਾ।

ਸਬੱਬੀਂ ਭੂਰਾ ਮੰਡੀ ਸੀ ਤੇ ਕਿਰਪੀ ਗਲੀ ਗੁਆਂਢ। ਦਰ ਖੜਕੇ।

ਤਾਈ ਰੱਖੀ ਸੀ। "ਕੁੜੇ ਤੇਰੀ ਮਾਂ?"

"ਕਿਸੇ ਦੇ ਗਈ ਐ।"

"ਦੇਖ ਕੁੜੀਏ, ਇਹ ਆਖ਼ਰੀ ਮੌਕੈ.....।" ਉਹ ਹਦਾਇਤਾਂ ਦੇਣ ਲੱਗੀ।

ਕੁਝ ਦੇਰ ਬਾਅਦ ਬਾਹਰ ਕਾਰ ਦਾ ਹਾਰਨ ਸੁਣਿਆ।

"ਨਾ ਕਿਰਪੀ ਨਾ ਭੂਰਾ, ਉਹ ਆ ਵੀ ਗਏ।" ਰੱਖੀ ਨੂੰ ਹੌਲ ਪਿਆ।

ਦੋਵੇਂ ਕਾਹਲੀ ਨਾਲ ਬਾਹਰ ਗਈਆਂ ਅਤੇ ਆਉਣ ਵਾਲਿਆਂ ਨੂੰ ਆਦਰ

ਦਿੱਤਾ। ਅੰਦਰ ਲੈ ਕੇ ਆਈਆਂ।

ਇਕ ਬੇਹਦ ਫੈਸ਼ਨੇਬਲ ਤੀਵੀਂ ਤੇ ਮਾੜਚੂ ਜਿਹਾ ਮੁੰਡਾ ਸੀ।

ਇਸ ਤੋਂ ਪਹਿਲਾਂ ਕਿ ਚਾਹਪਾਣੀ ਦੀ ਸੇਵਾ ਹੁੰਦੀ ਔਰਤ ਆਪਣਿਆਂ ਵਾਂਗ ਆ ਕੇ ਬੈਠ ਗਈ, ਤੇ ਕਿਹਾ।

"ਮਾਈ ਨੇਮ ਇਜ਼ ਲਿੰਡਾ ਵਾਲੀਆ। (ਮੁੰਡੇ ਵੱਲ ਦੇਖਦੇ) ਮਾਈ ਸਨ ਹੈਰੀ। ਯੂ ਪੁਸ਼ਪਿੰਦਰ?"

"ਜੀ!" ਪਾਸ਼ ਹੱਥ ਜੋੜੇ।

"ਬੇਬੀ ਦੇ ਪੇਰੇਂਟਸ?" ਘਰ ਨਿਹਾਰਦੇ ਉਸ ਰੱਖੀ ਨੂੰ ਕਿਹਾ।

"ਕੁੜੇ ਕੀ ਪੁੱਛਿਆ?"

"ਬੀ ਜੀ ਬਾਪੂ ਬਾਰੇ ਪੁੱਛਦੇ ਐ।"

"ਗੁਆਂਢ 'ਚ ਹੋਊ ...... ਆਉਂਦੀ ਐ।"

ਪਾਸ਼ ਚਾਹ ਰੱਖਣ ਲਈ ਉੱਠੀ ਤਾਂ ਲਿੰਡਾ ਰੋਕਿਆ।

"ਮੰਮਾ ਨੂੰ ਆ ਜਾਣ ਦਿਉ।"

ਕਾਫ਼ੀ ਦੇਰ ਚੁੱਪੀ ਤੋਂ ਬਾਅਦ ਪਾਸ਼ ਸੰਗਦੇ ਜਿਹੇ ਕਿਹਾ।

"ਆਂਟੀ ਜੀ, ਤੁਸੀਂ ਪੰਜਾਬੀ ਓ?"

"ਹੰਡਰਡ ਪਰਸੈਂਟ।"

"ਫਿਰ ਤੁਹਾਡਾ ਨਾਂ?"

"ਨੀ ਐਧਰ ਤਾਂ ਲੱਖੋ ਈ ਸੀ। ਲੰਡੀ-ਲੁੰਡੀ ਤਾਂ ਓਧਰ ਦੇ।" ਰੱਖੀ ਟੋਕਿਆ, "ਆਪਣੇ ਕਲਾਲਾਂ ਕਾ ਟੱਬਰ ਐ ਨਾ ਮੰਡੀ 'ਚ? ਉਨ੍ਹਾਂ 'ਚੋਂ ਨੇ। ਤੇਰੀ ਮਾਂ ਨੂੰ ਚਾਨਣ ਐ ਸਭ। ਲੈ ਤੁਸੀਂ ਕਰੋ ਗੱਲਾਂ। ਮੈਂ ਮਾਰਦੀ ਆਂ ਕਿਰਪੀ ਨੂੰ ਹਾਕ।"

ਰੱਖੀ ਚਾਹਿਆ। ਟੱਬਰ ਕੋਲ ਹੋਊ ਤਾਂ ਗੱਲ ਮੁੱਕੂ।

"ਆਂਟੀ ਜੀ, ਵੈਸੇ ਕੀ ਕੀਤਾ ਇਹਨਾਂ?" ਪਾਸ਼ ਮੁੰਡੇ ਬਾਰੇ ਪੁੱਛਿਆ, ਜੋ ਬੀਮਾਰ ਅਤੇ ਉਚਾਟ ਲੱਗ ਰਿਹਾ ਸੀ।

"ਮੈਂ ਸੈਂਡ ਕੀਤਾ ਸੀ ਬਾਹਿਓ ਹੈਰੀ ਦਾ।" ਲਿੰਡਾ ਕਿਹਾ। ਉਸ ਬੁਰਾ ਮਨਾਇਆ। ਇਹ ਗੱਲਾਂ ਤਾਂ ਦੱਸ ਦਿੱਤੀਆਂ ਗਈਆਂ ਸਨ।

"ਹਾਂ ਦੇਖ ਲਿਆ ਸੀ, ਫਿਰ ਵੀ .......!"

"ਸ਼ਾਪ ਐ ਗਾਰਮੈਂਟਸ ਦੀ, ਸੰਡੇ ਮਾਰਕੀਟ ਵਿੱਚ।"

"ਆਂਟੀ ਤੁਸੀਂ ਕਨੇਡਾ ਸੈਟਲਡ। ਮੈਂ ਪੇਂਡੂ ਜਿਹੀ ਕੁੜੀ, ਫਿਰ ਵੀ ਤੁਸੀਂ ਰਾਜ਼ੀ ਹੋ ਗਏ ਰਿਸ਼ਤੇ ਲਈ।"

"ਐਸੀ ਗੱਲ ਨਹੀਂ। ਕਈ ਗਰਲਜ਼ ਦੇਖੀਆਂ। ਪਰ ਜਦੋਂ ਤੇਰੀ ਪਿੱਕ ਤੇ ਬਾਇਓ ਦੇਖਿਆ। ਹੈਰੀ ਕਹਿੰਦਾ, ਮੰਮਾ ਡੰਨ। ਹੁਣ ਤੈਨੂੰ ਸਾਮ੍ਹਣੇ ਦੇਖ ਲਿਆ ਤਾਂ



ਡੈਫੀਨੇਟਲੀ ਗੋਡ ਜੋੜੀਆਂ ਉਪਰੋਂ ਬਣਾ ਕੇ ਭੇਜਦਾ। ਬੱਟ ਜਦੋਂ ਤੁਹਾਡੀ ਫੈਮਲੀ ਬੈਕਗਰਾਊਂਡ ਪਤਾ ਲੱਗੀ ਤਾਂ ਸੋਚਿਆ ਚਲੋ ਕੋਈ ਨੇਕੀ ਦਾ ਕੰਮ ਹੀ ਕਰੀਏ।"

"ਪਰ ਮੈਂ ਪੰਜਾਬੀ ਪੜ੍ਹੀ ਉਥੇ ਕੀ ਕਰਾਂਗੀ?"

"ਪਹਿਲੀ ਗੱਲ ਨੋ ਜਾਬ। ਘਰ ਵਿਚ ਮੈਂ ਹਾਂ ਤੇ ਹੈਰੀ। ਪਰਸਨਲ ਹਾਊਸ। ਪਰਸਨਲ ਬਿਜਨਸ। ਉਹ ਵੀ ਵੀਕ-ਐਂਡ ਤੇ।"

"ਦਾਜ ਦਹੇਜ?"

"ਦੱਸਿਆ ਸੀ, ਨੋ ਡਾਊਰੀ। ਮੈਰਿਜ ਦੇ ਟੋਟਲੀ ਬਿੱਲ ਮੈਂ ਪੇ ਕਰਾਂਗੀ।"

ਪਾਸ਼ ਦਾ ਮੱਥਾ ਠਣਕਿਆ। ਇਤਨੀ ਮਿਹਰਬਾਨੀ ਕਿਉਂ? ਝਕਦੀ ਨੇ ਪੁੱਛਿਆ।

"ਆਂਟੀ ਤੁਸੀਂ ਕਿਉਂ?"

ਲਿੰਡਾ ਲੰਮਾ ਸਾਹ ਲਿਆ।

"ਮੈਨੂੰ ਤੇਰੇ ਵਰਗੀ ਡੌਲ ਚਾਹੀਦੀ ਐ ਬੱਸ।"

ਤਦੇ ਕਿਰਪੀ ਤੇ ਰੱਖੀ ਆ ਗਈਆਂ।......

ਪਾਸ਼ ਦੇ ਮੱਥੇ ਹੇਠ ਟੱਸ-ਟੱਸ ਹੋਈ। ਪਹਿਲੀ ਵੇਰ ਮਿਲੀ। ਕੋਈ ਪੁੱਛ-ਗਿੱਛ ਨਹੀਂ। ਕਿੰਤੂ ਪ੍ਰੰਤੂ ਨਹੀਂ। ਮੁੰਡਾ ਇੰਟਰ ਪਾਸ। ਕਨੇਡਾ ਸੈਟਲਡ। ਮੇਰੇ ਵਰਗੀ ਡੌਲ ਚਾਹੀਦੀ ਹੈ। ਅੰਦਰ ਖੌਰੂ ਪਿਆ। ਪਾਸ਼ ਸੋਚੀਂ ਪੈ ਗਈ।

"ਵਾਪਸੀ ਨੇੜੇ ਹੈ। ਇਸ ਲਈ ਵਿਆਹ ਜਲਦੀ ਹੋਏਗਾ।"

ਲਿੰਡਾ ਕਿਹਾ।

ਗੱਲ ਪਾਸ਼ ਤੇ ਆਈ ਤਾਂ ਸ਼ਸ਼ੋਪੰਜ 'ਚ ਪੈ ਗਈ।

"ਮੈਨੂੰ ਦੋ ਦਿਨ ਦਾ ਮੌਕਾ ਦਿਉ।" ਪਾਸ਼ ਕਿਹਾ।

"ਕੁੜੀਏ, ਖ਼ਬਰਦਾਰ ਜੇ ਕੰਡਿਆਂ ਤੋਂ ਧੂਹਿਆ। ਰੱਖੀ ਕਿਹਾ।

ਕਿਰਪੀ ਸਿਰ ਫੜ ਕੇ ਬੈਠ ਗਈ। "ਸਾਡੀ ਕਿਸਮਤ ਮਾੜੀ ਭੈਣੇ, ਹੋਰ ਕੋਈ ਗੱਲ ਨਹੀਂ।" ਦੋ ਦਿਨ ਦਾ ਵਕਫ਼ਾ ਉਹਨੂੰ ਵੀ ਖਟਕਿਆ।

ਲਿੰਡਾ ਸਮਝਦਾਰ ਨਿਕਲੀ। ਉਸ ਕਿਹਾ।

"ਨੋ ਪ੍ਰਾਬਲਮ। ਪਰ ਜਲਦੀ।"

ਭੂਰੇ ਨੂੰ ਪਤਾ ਲੱਗਾ ਤਾਂ ਉਸ ਸਿੱਧਾ ਕਿਹਾ।" ਖ਼ਬਰਦਾਰ ਜੇ ਮੇਰੇ ਮੱਥੇ ਲੱਗੀ।"

ਤੀਜੇ ਦਿਨ ਫਿਰ ਸਭ ਦੇ ਸਾਹ ਮੁੱਠੀ 'ਚ ਸਨ। ਕਾਫ਼ੀ ਦੇਰ ਕੋਈ ਬੋਲਿਆ ਨਾ ਤਾਂ ਪਾਸ਼ ਕਿਹਾ।

"ਆਂਟੀ ਤੁਸੀਂ ਸ਼ਰਤ ਰੱਖੀ ਮੈਡੀਕਲ ਹੋਏਗਾ ਮੇਰਾ।"

"ਜਸਟ ਵੀਜ਼ੇ ਲਈ।"

"ਜੇ ਮੈਂ ਹੈਰੀ ਦਾ ਕਰਾਵਾਂ, ਤੁਹਾਨੂੰ ਕੋਈ ਇਤਰਾਜ਼ ਤੇ ਨਹੀਂ।"

"ਵੱਟ?" ਲਿੰਡਾ ਥੁੱਕ ਅੰਦਰ ਲੰਘਾਈ।

"ਕੁੜੀਏ ਕੀ ਬਕਦੀ ਐਂ ਤੂੰ ?" ਭੂਰਾ ਉੱਠ ਖੜ੍ਹਾ। ਕਿਰਪੀ ਕੰਬੀ।

"ਦੱਸਾਂ ?" ਪਾਸ਼ ਥਿਰ ਸੀ।

"ਬਟ। ਕੀ ਹੋ ਰਿਹੈ ਇਹ ?" ਲਿੰਡਾ ਤੜਪ ਉੱਠੀ।

"ਪਤੈ ਕਿਉਂ ਪਸੰਦ ਹਾਂ ਮੈਂ ......!" ਪਾਸ਼ ਲਿੰਡਾ ਵੱਲ ਹੋਈ।

"ਓ ਨੋ ......!"

"ਨੋ ਨਹੀਂ ਯੈੱਸ। ਮੈਂ ਪਤਾ ਕੀਤਾ, ਤੂੰ ਜਿੰਨੀਆਂ ਕੁੜੀਆਂ ਦੇਖੀਆਂ, ਸਭ ਕਰਜ਼ੇ 'ਚ ਡੁੱਬੇ ਘਰਾਂ ਦੀਆਂ। ਤਾਂ ਕੇ ਖਰੀਦੇ ਸਕੇਂ।"

"ਬੱਟ। ਮੈਂ ਕਿਉਂ ਕਰਾਂਗੀ ਇਸ ਤਰ੍ਹਾਂ ?"

"ਕਿਉਂ ਕਿ ਤੇਰੇ ਇਸ ਹਰਾਮੀ ਦੇ ਦੋਨੋ ਗੁਰਦੇ ਡੈਮਿਜ ਨੇ। ਪਹਿਲਾਂ ਤੂੰ ਮੇਰੇ ਵਰਗੀ ਕੋਈ ਬਿਆਹੇਂਗੀ। ਉਥੇ ਜਾ ਕੇ ਕਹੇਂਗੀ, ਜਾਂ ਤਾਂ ਇਹਨੂੰ ਇੱਕ ਗੁਰਦਾ ਦੇਹ ਜਾਂ ਰੰਡੀ ਹੋ ਕੇ ਘਰ ਜਾਹ।" ਪਾਸ਼ ਚੀਕੀ।

"ਪਰ ਤੈਨੂੰ ਕਿਵੇਂ ਪਤਾ ?" ਲਿੰਡਾ ਦਾ ਚਿਹਰਾ ਫੱਕ ਸੀ।

"ਤੂੰ ਉਥੋਂ ਆ ਕੇ ਸਾਡੇ ਪੋਤੜੇ ਫੋਲ ਸਕਦੀ ਏਂ। ਅਸੀਂ ਨਹੀਂ।"

ਪਾਸ਼ ਮੱਚ ਰਹੀ ਸੀ।....

ਲਿੰਡਾ ਮਿੱਟੀ ਸੀ। ..... ਕਿਰਪੀ ਤੇ ਰੱਖੀ ਡੋਰ-ਭੌਰ ਸਨ।

ਭੂਰੇ ਨੂੰ ਸਮਝ ਨਹੀਂ ਸੀ ਆ ਰਹੀ, ਖੁਸ਼ ਹੋਵੇ, ਜਾਂ ਰੋਵੇ।

ਉਸ ਦਿਨ ਤੋਂ ਬਾਅਦ ਟੱਬਰ ਲਈ ਹਰ ਦਿਨ ਹਨੇਰ ਲੈ ਕੇ ਚੜ੍ਹਿਆ। ਜ਼ਿੰਦਗੀ ਜਿਵੇਂ ਰੁਕ ਗਈ ਸੀ। ਸਾਹ ਜਿਵੇਂ ਉੱਖੜ ਗਏ ਸਨ। ਹੋਰ ਕੁਝ ਦਿਨਾਂ ਨੂੰ ਬੈਂਕ ਨੀਲਾਮੀ ਕਰੇਗਾ। ਮਰਨ ਤੋਂ ਬਿਨਾਂ ਕੀ ਚਾਰਾ ਸੀ ? ਭੂਰਾ ਸੋਚਦਾ। ਧੀ ਦਾ ਲਗਨ ਖੂਹ ਵਿਚ ਸੀ। ਪੁੱਤ ਹਉਕਿਆਂ ਵਿਚ ਸੀ। ਸਭ ਤੋਂ ਤਰਸਯੋਗ ਹਾਲਤ ਕਿਰਪੀ ਦੀ ਸੀ। ਬੈਠੀ-ਬੈਠੀ ਖਲਾਅ ਵਿਚ ਹੀ ਝਾਕੀ ਜਾਂਦੀ। ਨਾ ਖਾਂਦੀ, ਨਾ ਪੀਂਦੀ। ਭੂਰਾ ਅੰਦਰ ਹੀ ਪਿਆ ਰਹਿੰਦਾ। ਗਲੀ-ਗੁਆਂਢ ਕੰਧਾਂ ਨਾਲ ਲਗ-ਲਗ ਸੁੰਘਦਾ।

ਲਿੰਡਾ ਵਾਲਾ ਕਿੱਸਾ, ਸੱਥ ਵਿਚ ਜਾ ਬੈਠਾ।

"ਛੋਕੀ ਪੜ੍ਹਾਈ ਦੀ। ਕੇਰਾਂ ਬਾਹਰ ਜਾਂਦੀ। ਉਹਨਾਂ ਤੋਂ ਪਹਿਲਾਂ ਆਪ ਹੀ ਲੱਤ ਮਾਰਦੀ ਬੂਹੇ 'ਤੇ। ਐਂ ਈ ਕਰਦੀ ਦੁਨੀਆਂ।"

"ਕੁਝ ਐ, ਨੰਗੀ ਕਰਤੀ ਸਾਲੀ ਲੰਡੂ ਜਿਹੀ ਤੀਮੀਂ।" ਕਿਸੇ ਹੋਰ ਕਿਹਾ।

ਸ਼ਰੀਕੇ ਭੂਰਾ ਘੇਰਿਆ।

"ਸ਼ੇਰਾ ਕਰੀਂ ਤਾਂ ਆਪਦੀ ਮਰਜ਼ੀ। ਮੰਨਿਆ ਚਾਰ ਅੱਖਰ ਪੜ੍ਹਗੀ। ਉਹਨੂੰ ਪੁੱਛੀਂ। ਸਾਰੀ ਦੁਨੀਆਂ ਦੇ ਕੰਡੇ ਹੂੰਝ ਕੇ ਨੰਗੀ ਪੈਰੀਂ ਤੁਰ ਲੂ ਗੀ ? ਭੂਰਿਆ ਹੋਸ਼ ਕਰ। ਵੇਲੇ ਦੀ ਨਮਾਜ਼, ਕੁਵੇਲੇ ਦੀਆਂ ਟੱਕਰਾਂ।"

ਮੁਖ਼ੀਰ ਆਪਣੀਆਂ ਛੱਡ ਰਹੀ ਸੀ।



"ਬਾਈ ਆਪਾਂ ਹੈਗੇ ਖੂਹ ਦੇ ਡੱਡੂ। ਇਹ ਪੜ੍ਹੀਆਂ ਲਿਖੀਆਂ ਡੱਡਾਂ, ਕਿਹੜੇ ਮੀਂਹ ਦਾ ਪਾਣੀ ਪੀਂਦੀਆਂ। ਰੱਬ ਕੀ ਸਾਲਾ ਜਾਣਦਾ ਹੋਊ ? ਰਾਮ-ਰਾਮ।"

ਭੂਰੇ ਦੇ ਕੰਨਾਂ ਵਿਚ ਸਿਰਫ਼ ਸਾਂ-ਸਾਂ ਹੁੰਦੀ।

ਪਾਸ਼ ਨੂੰ ਲੱਗਾ, ਜਿਸ ਦਿਨ ਤੋਂ ਲਿੰਡਾ ਵਾਲਾ ਕਿੱਸਾ ਜੱਗ-ਜ਼ਾਹਰ ਹੋਇਆ ਸੀ; ਪਿੰਡ ਦੇ ਲੋਕ ਉਹਨੂੰ ਮੂਰਖ, ਮਗਰੂਰੀ ਅਤੇ ਕਸੀ ਨੂੰ ਛੱਡ, ਉੱਡਦੀਆਂ ਮਗਰ ਭੱਜਣ ਵਾਲੀ ਸਮਝਣ ਲੱਗ ਪਏ ਸਨ। ਪਾਸ਼ ਨੂੰ ਦੁੱਖ ਸੀ ਹੁਣ ਮਾਂ ਵੀ ਉਸਨੂੰ ਇਸੇ ਅੱਖ ਨਾਲ ਵੇਖਣ ਲੱਗੀ ਸੀ।.....

ਇਕ ਦਿਨ ਥਰਾੜਾਂ ਦੇ ਗਈ ਨੂੰ ਮਿੰਦਰੋ ਭਾਬੀ ਛੱਤ ਤੇ ਲੈ ਗਈ।

"ਕਿਉਂ ਕਿੱਕਰਾਂ ਦੀ ਲੁੰਡ ਤੋਂ ਇਤਰ ਭਾਲਦੀ ਏਂ ਭੈਣੇ। ਮੇਰੇ ਕੰਨੀ ਦੇਖ। ਹਿਸਟਰੀ ਦੀ ਐਮ.ਏ.। ਬੀ.ਐੱਡ। ਗੋਹਾ ਥੱਪਦੀ ਆਂ ਤੇਰੇ ਸਾਮ੍ਹਣੇ। ਭੈਣੇ ਸਿਰਾਂ ਨੂੰ ਲੱਗੇ ਜੰਦਰੇ ਦੇਖ। ਜੱਟ ਟਰੈਕਟਰਾਂ ਕੰਬਾਈਨਾਂ ਤੇ ਜਾ ਚੜ੍ਹੇ। ਸਾਡੇ ਵੇਰੀਂ ਸਿਆੜ ਨੀ ਟੱਪ ਸਕਦੇ। ਭਮਾਂ ਅੰਨ੍ਹੇ ਕਾਣੇ ਦੇ ਹੋਣ। ਦੰਦਾਂ ਥੱਲੇ ਜੀਭ੍ਹ ਲੈ ਭੈਣੇ। ਛੱਡ ਪਿੰਡ ਨੂੰ।"

ਪਾਸ਼ ਕੁਝ ਨਾ ਆਖ ਹਉਕਾ ਲਿਆ।

"ਨਹੀਂ ਤਾਂ ਕੰਨ ਖੋਲ੍ਹ ਕੇ ਸੁਣ। ਮਰਦੀ ਮਰ ਜਾਈਂ। ਮੇਰੇ ਵਾਲੀ ਜੂਨੇ ਨਾ ਪਈਂ। ਜਿੱਦੋਂ ਕੁੰਭੀ ਨਰਕ 'ਚ ਪੈ ਗਏ ਨਾ ਤੇਰੇ ਅੱਖਰ, ਸਾਹ ਨਹੀਂ ਲਿਆ ਜਾਣਾ। ਪਰ ਨਿਕਲੇਂਗੀ ਤਾਂ, ਜੇ ਪਿਊ ਨੂੰ ਗਾਰ 'ਚੋਂ ਕੱਢੇਂਗੀ।"

ਪਾਸ਼ ਹਿੱਲ ਗਈ। ਕੁਝ ਅੰਗਿਆਰ ਸਨ ਜੋ ਮਿੰਦਰੋ ਪਾਸ਼ ਦੇ ਮੱਥੇ ਹੇਠ ਡੁਕ ਦਿੱਤੇ ਸਨ। ਪਾਸ਼ ਸੇਕ 'ਚ ਘਿਰ ਗਈ।

ਅਗਲੇ ਦਿਨ ਪਾਸ਼ ਵਾੜਾ ਵੇਚਣਾ ਲਾ ਦਿੱਤਾ। ਪਿਊ ਨੂੰ ਕਿਹਾ।

"ਜੋ ਅਕਥ ਉਨਥ ਦਾ ਗੁੱਗਾ ਗਾਇਆ। ਫਿਰ ਨਾ ਕਹੀਂ ਕੁੜੀ ਨੇ ਦਾਣਤ ਲਾਹ ਦਿੱਤੀ।" ਭੂਰੇ ਤ੍ਰਬਕ ਕੇ ਪਾਸ਼ ਦੀਆਂ ਅੱਖਾਂ ਵਿਚ ਵੇਖਿਆ। ਰੋਹ ਦੀ ਕਾਂਗ ਦੇਖ, ਨੀਵੀਂ ਪਾ ਲਈ।

ਤੜਕਾਲੀਂ ਸਪੀਕਰ ਵਿਚ ਬੋਲਿਆ ਗਿਆ। "ਜਿਹੜਾ ਚੜ੍ਹ ਕੇ ਬੋਲੀ ਦਿਊ। ਵਾੜਾ ਉਹਦਾ।"

ਪਿੰਡ ਵਿਚ ਨਿੱਤ ਸੌਦੇ ਹੁੰਦੇ। ਲੋਕ ਅੰਦਰ ਵੜ ਕੇ ਦੇਂਦੇ। ਲੈਂਦੇ। ਸਪੀਕਰਾਂ 'ਚ ਕਦੇ ਕਿਸੇ ਝੰਗਾ ਨਹੀਂ ਸੀ ਚੁੱਕਿਆ। ਪਿੰਡ ਪਾਸ਼ ਦੀ ਆਪ-ਹੁਦਰੀ 'ਤੇ ਥੂਹ-ਥੂਹ ਕਰ ਰਿਹਾ ਸੀ। ਜਾਂ ਕਿਰਪੀ ਬਾਹਰੋਂ ਹਫ਼ੀ ਹੋਈ ਘਰ ਆਈ।

"ਨੀ ਕਿੱਥੇ ਐ ਤੇਰਾ ਪਿਊ ?"

"ਕੀ ਹੋਇਆ ? ਸਾਹ ਚੜ੍ਹਿਐ ?"

"ਤੇਰਾ ਚਾਚਾ ਆਇਐ ਬੈਠੈ ਪਿੰਡ 'ਚ।"

"ਅੱਗੇ ਨੀ ਆਉਂਦਾ ? ਪਰ ਠੇਕੇ ਵਿਚ ਤਾਂ ਚਾਰ ਮਹੀਨੇ ਬਾਕੀ ਨੇ ਹਾਲੇ।"

ਭੂਰਾ ਅੰਦਰ ਪਿਆ ਸੀ। ਮੋਇਆਂ ਵਾਂਗ। ਸੁਣ ਕੇ ਝਟ ਬਾਹਰ ਆਇਆ।

"ਮੈਂ ਕਿਹਾ ਸੀ ਨਾ ਬਹੁੜ੍ਹ ਰੱਬ। ਐ ਬਹੁੜਦੇ ਕਿਰਪੀਏ। ਲੈ ਹੁਣ ਨੀ ਮਰਦਾ ਜੱਟ। ਆਊ ਕਿਹੜਾ ਆਉਂਦੈ ਓਏ ਸਾਲਾ ਬੈਂਕ ਆਲਾ। ਹੁਣ ਦਸੂੰ ਮੈਂ, ਕਿਮੇ ਪਾਈਦੇ ਅਫ਼ਸਰ ਦੇ ਭਰਾ ਨੂੰ ਹੱਥ। ਮੈਂ ਕਿਹਾ ਸੀ ਨਾ ; ਜਿੱਦੋਂ ਪਤਾ ਲੱਗ ਗਿਆ ਸ਼ੇਰ ਨੂੰ। ਆਊ ਭੁੱਕ੍ਹਦਾ। ਲੈ ਆ ਗਿਆ। ਊਂ ਹੈ ਕਿੱਥੇ?"

"ਲਾਡੇ ਕਿਆਂ ਦੇ ਬੈਠੈ।" ਕਿਰਪੀ ਕਿਹਾ।

"ਉਹਨਾਂ ਕੰਜਰਾਂ ਦੇ ਕਿਉਂ ਚਲਿਆ ਗਿਆ? ਉਹ ਤਾਂ ਊਈਂ ਮਰਿਆ ਭਾਲਦੇ ਐ ਮੈਨੂੰ।" ਭੂਰੇ ਨੂੰ ਹੌਲ ਪਿਆ।

ਲਾਡੇ ਨਾਲ ਮੁੱਚੇ ਦੀ ਕੀ ਸਾਂਝ? ਮੱਥਾ ਪਚੀ ਕਰ ਹੀ ਰਹੇ ਸਨ ਜਾਂ ਸੁੱਚਾ ਆ ਗਿਆ। ਉਸ ਗੁੱਸਾ ਜ਼ਾਹਿਰ ਕੀਤਾ।

"ਨੋਟਸ ਲੱਗ ਗਿਆ ਤੁਸੀਂ ਦੱਸਿਆ ਈ ਨਹੀਂ।"

"ਮੈਂ ਕਿਹਾ, ਭੀੜ ਪਈ ਤੋਂ ਆਪੇ ਬਹੁੜੂ ਸ਼ੇਰ।"

"ਮੈਂ ਤਾਂ ਹੈਰਾਨ ਹਾਂ। ਤੁਸੀਂ ਐਨੇ ਚਿੱਕੜ 'ਚ ਕਿਵੇਂ ਜਾ ਫਸੇ।"

"ਕੀ ਕਰਦੇ। ਕਦੇ ਸੁੰਡੀ। ਕਦੇ ਸੇਮ। ਕਦੇ ਸਪਰੇਅ ਨਹੀਂ। ਖਾਦ ਨਹੀਂ। ਵਿਆਜ ਵੱਖ ਸੂਈ ਜਾਂਦੈ। ਚਲ ਹੁਣ ਤੂੰ ਆ ਗਿਆ। ਹੁਣ ਕਾਹਦਾ ਫ਼ਿਕਰ। ਅੱਧ-ਪਚੱਧ ਮਾਰ ਸਾਲਿਆਂ ਦੇ ਮੱਥੇ।"

"ਬੀਰ ਜੀ ਐਸੀ ਗੱਲ ਸੀ ਤਾਂ ਪਹਿਲਾਂ ਦੱਸਦੇ। ਹੁਣ ਤਾਂ ਮੈਂ ਆਪ ਪੁੱਟ ਲਿਆ ਖੂਹ।"

"ਤੂੰ? ਤੂੰ ਕੀ ਪੁੱਟ ਲਿਆ?"

"ਕੰਤਵੀਰ ਜਾ ਰਿਹੈ ਬਾਹਰ, ਅਗਲੇ ਮਹੀਨੇ।"

"ਹੱਦ ਹੋ ਗਈ। ਅਸੀਂ ਨੀ ਦੀਹਦੇ ਬਾਹਰ ਵਾਲੇ।"

"ਓ ਬੀਰ ਜੀ, ਇਹਨੂੰ ਸ਼ੇਰੂ ਨਾਲ ਨਾ ਰਲਾਓ। ਉਹ ਗਿਐ ਦੋ ਨੰਬਰ 'ਚ। ਇਹ ਪੜ੍ਹਨ ਜਾ ਰਿਹੈ।"

"ਤੂੰ ਆਹੀ ਦੱਸਣ ਆਇਆ ਸਾਨੂੰ?" ਭੂਰੇ ਤਲਖ਼ੀ 'ਚੋਂ ਕਿਹਾ।

"ਦਰਅਸਲ ਮੈਂ ਆਪਣੇ ਹਿੱਸੇ ਬਾਰੇ ਕਹਿਣ ਆਇਆ।"

"ਠੇਕਾ ਦੇਣੈ ਤੇਰਾ, ਦੁੱਧ ਧੋ ਕੇ ਦਿਆਂਗੇ।" ਭੂਰੇ ਕਿਹਾ।

"ਬੀਰ ਜੀ, ਆਪਣੀ ਵੇਚ ਤੀ ਮੈਂ। ਹੁਣ ਤਾਂ ਬੀਜ ਬਜਾਈ ਦੇ ਪੈਸੇ ਮੈਂ ਦਿਉਂ ਤੁਹਾਨੂੰ। ਤੁਸੀਂ ਫਸਲ ਨਾ ਵੱਢਿਉ ਬੱਸ।" ਸੁੱਚੇ ਨੀਵੀਂ ਪਾਈ।

"ਬਾਬਾਬ ਤੇਰੇ, ਆਹ ਕੁਝ ਬਾਕੀ ਸੀ। ਸੌ ਪੰਜਾਹ ਦੀ ਜ਼ਹਿਰ ਵੀ ਲੈ ਆਉਂਦਾ ਭਰਾ ਲਈ।" ਕਿਰਪੀ ਅੱਖਾਂ ਭਰ ਆਈ।

"ਪਰ ਮੈਂ ਤਾਂ ਆਪਣੀ ਵੇਚੀ। ਤੁਹਾਥੋਂ ਕੁਝ ਨਹੀਂ ਲਿਆ।"



"ਹੋਰ ਕਿਵੇਂ ਲਈਦੇ। ਸ਼ਰਮ ਨੀ ਪੱਲੇ।" ਕਿਰਪੀ ਉੱਠ ਕੇ ਚਲੀ ਗਈ।

"ਸਿਆਣੇ ਠੀਕ ਕਹਿੰਦੇ। ਸ਼ਰੀਕ ਇਕ ਸਿਹਰੇ ਬੰਨ੍ਹ ਕੇ ਨਹੀਂ ਢੁੱਕਦਾ। ਬਾਕੀ ਸੁੱਚਿਆ ਫਸਲ ਬੀਜੀ ਮੈਂ। ਮੈਂ ਈ ਵਢੂੰ। ਦੇਖਦਾਂ ਕੌਣ ਰੋਕਦੈ ਮੈਨੂੰ।"

ਤਦੇ ਪਾਸ਼ ਅੱਗੇ ਆਈ।

"ਠੀਕ ਐ ਚਾਚਾ ਜੀ। ਤੁਸੀਂ ਪੈਸੇ ਦਿਉ ਨਕਦ। ਪਰ ਫ਼ਸਲ ਦਾ ਮੁੱਲ ਮੈਂ ਪੁਆਊਂ। ਬੋਲੀ ਤੇ।" ਸੁੱਚਾ ਪਾਸ਼ ਵੱਲ ਦੇਖਦਾ ਰਹਿ ਗਿਆ।

ਪਾਸ਼ ਠਾਣ ਲਈ। ਕੁਝ ਵੀ ਹੋਵੇ। ਕੁਰਕੀ ਨਹੀਂ ਹੋਣ ਦੇਣੀ।

ਇਹ ਗੱਲ ਪਿੰਡ ਵਿਚ ਅੱਗ ਵਾਂਗ ਫੈਲੀ।

"ਹੱਦ ਹੋ ਗਈ, ਕੱਲ ਦੀ ਜਵਾਕੜੀ ਪਿਉ ਸਿੱਧ ਕੇ ਲੰਘ ਗਈ।"

ਭੂਰਾ ਸਚਮੁੱਚ ਨਮੋਸ਼ੀ ਵਿਚ ਗਰਕ ਗਿਆ। ਮੁੜਕੇ ਮੰਜੀ ਤੋਂ ਹੀ ਨਾ ਉੱਠਿਆ। ਰੋਂਦੀ ਕਿਰਪੀ ਦੇ ਪਹਿਲਾਂ ਹੀ ਹੱਥ ਧੁਪਦੇ ਸਨ।

ਬੈਂਕ ਵਾਲੇ ਭੂਰੇ ਦਾ ਰਕਬਾ ਜਦੋਂ ਇਕ ਤੋਂ ਵੱਧ ਵਾਰ ਜਰੀਬਾਂ ਨਾਲ ਮਿੰਧ ਗਏ ਤਾਂ ਪਿੰਡ ਦੇ ਕਈ ਘਰੀਂ ਸ਼ਰਾਬ ਉੱਡੀ। ਸੱਥ ਦੀਆਂ ਕਿਆਸ-ਅਰਾਈਆਂ ਸਿੱਟਾ ਕੱਢਿਆ। ਭੂਰੇ ਤੋਂ ਅੱਧੇ ਕਰਜ਼ੇ ਵਾਲੇ ਸਿਵਿਆਂ ਦੇ ਰਾਹ ਜਾ ਪਏ। ਭੂਰਾ ਕਿਸ ਬਾਗ ਦੀ ਮੂਲੀ ਸੀ। ਨਾ ਜੰਤਰ। ਨਾ ਡੰਗਰ ਵੱਛਾ। ਆਪੂੰ ਨੰਗ। ਭਰਾ ਪਿੱਠ ਦੇ ਗਿਆ। ਧੀ ਅਕਲ ਦੇ ਪਿੱਛੇ ਡੰਡੇ ਲੈ ਕੇ ਪਈ ਹੋਈ। ਪੁੱਤ ਲਾ-ਪਤਾ।

ਪਿੰਡ ਕਿਸੇ ਮਾੜੀ ਖ਼ਬਰ ਦੀ ਉਡੀਕ ਕਰਨ ਲੱਗਾ।...

ਇੱਕ-ਇੱਕ ਦਿਨ ਤਣਾਓ ਵਿਚ ਲੰਘ ਰਿਹਾ ਸੀ। ਜਦੋਂ ਵੀ ਕੋਈ ਇਕ ਦੂਜੇ ਨੂੰ ਮਿਲਦਾ। ਪੱਜੀ ਪੱਜੀ ਸ਼ੁਰੂ ਲੈਂਦਾ। ਲੋਕ ਇਕ ਤਰ੍ਹਾਂ ਸਾਹ ਸੂਤੀ ਖੜ੍ਹੇ ਸਨ। ਕਿਸੇ ਦਸਿਆ ਨਾਲ ਦੇ ਪਿੰਡ ਹਾਲੇ ਕੁਰਕੀ ਮੁੱਕੀ ਨਹੀਂ ਸੀ, ਟੱਬਰ ਦੇ ਚਾਰੇ ਜੀਆਂ ਕੁਚਲੇ ਖਾ ਲਏ।....

ਇਵੇਂ ਹੀ ਭੂਰੇ ਬਾਰੇ ਹਰ ਦਿਨ ਕੋਈ ਨਾ ਕੋਈ ਭੂੰਨੇ ਤਿੱਤਰਾਂ ਦੀ ਡਾਰ ਪਿੰਡ ਦੀ ਸਤਹ 'ਤੇ ਉਡਦੀ। ਗਾਲੜੀ ਖੰਭ ਨੋਚਦੇ। ਗੱਲ ਸਿਰੇ ਨਹੀਂ ਸੀ ਲਗਦੀ। ਇਸ ਲਈ ਸਵਾਦ ਕਿਰਕਰਾ ਸੀ।....

ਇਕ ਦਿਨ ਅਚਾਨਕ ਪਿੰਡ ਦੀਆਂ ਗਲੀਆਂ 'ਚੋਂ ਖੱਖ ਉੱਠੀ।

ਖੱਖ ਹਨੇਰੀ ਬਣ ਰੱਖੀ ਨੂੰ ਲੈ ਕੇ ਉੱਡੀ।

ਲੋਕਾਂ ਪਹਿਲੀ ਵੇਰ ਰੱਖੀ ਨੂੰ ਵਿਲਕਦੇ ਸੁਣਿਆ।

"ਭੂਰੇ ਦੀ ਕੁੜੀ ਕਰਜ਼ੇ ਬਦਲੇ ਲੱਖਾਂ ਦਾ ਕੋਈ ਅੰਗ ਵੇਚ ਦਿੱਤਾ।"

ਹਰ ਸੁਣਦੇ ਨੇ, ਬੁੱਲ੍ਹ ਟੁੱਕੇ।

ਰੱਖੀ ਦੌੜ ਕੇ ਭੂਰੇ ਵੱਲ ਆਈ। ਅੱਗੇ ਆਈ ਤਾਂ ਅਉਸਾਣ ਹੀ ਮਾਰੇ ਗਏ। ਉਹਦੀ ਦੇਹ ਕੰਬੀ।

ਲੋਕਾਂ ਦਾ ਹਜੂਮ ਭੂਰਾ ਚੁੱਕੀ ਆਉਂਦਾ ਸੀ।....

"ਨੀ ਅਉਂਤਰੀਏ ਬਾਹਰ ਦੇਖ।" ਉਸ ਕਿਰਪੀ ਝੰਜੋੜੀ।

ਭੂਰਾ ਤੜਫ ਰਿਹਾ ਸੀ।......

"ਕੰਜਰ ਨੇ ਜ਼ਹਿਰ ਖਾ ਲਈ।" ਰੌਲਾ ਗੂੰਜਦਾ ਸੀ।

ਕਿਰਪੀ ਨੂੰ ਗਸ਼ੀ ਪਈ। ਕੋਈ ਪਾਣੀ ਨੂੰ ਭੱਜਿਆ।

ਕੰਬੋਆਂ ਕੇ ਜੀਪ ਲੈ ਆਏ। "ਚੱਕੋ ਛੇਤੀ....."

ਭੂਰੇ ਦੀਆਂ ਚੀਕਾਂ।

"ਓਏ ਲੋਕੋ ਮੈਂ ਮਰ ਜੂੰ ਓਏ ...... ਮੈਥੋਂ ਭੁੱਲ ਹੋਈ।..... ਮੈਨੂੰ ਬਚਾਅ ਲਉ ਓਏ ਲੋਕੋ..... ਮੈਂ ਮਰਨਾਂ ਨਹੀਂ ਓਏ....."

ਪਤਾ ਨਹੀਂ ਕਿਵੇਂ ਗੱਲ ਫੈਲੀ। ਲੋਕਾਂ ਦਾ ਕੜ ਪਾਟ ਪਿਆ ਸੀ। ਕੁਰਬਲ ਕੁਰਬਲ ਕਰਦੇ ਲੋਕ। ਸ਼ੋਰ, ਅਤੇ ਭੂਰੇ ਦੀਆਂ ਲੇਰਾਂ। ਕਿਸੇ ਕਿਰਪੀ ਚੱਕੀ। ਜਿਵੇਂ ਹੀ ਲੋਕਾਂ ਭੂਰਾ ਚੱਕਿਆ ਪਾਸ਼ ਬਾਹਰ ਆਈ।

"ਰਹਿਣ ਦਿਉ ਅੰਕਲ! ਕਿਤੇ ਨੀ ਲੈ ਕੇ ਜਾਣਾ।"

ਲੋਕ ਦੰਗ। ਕੀ ਕਿਹਾ ਇਸ ਮੂਰਖ ਨੇ। ਸਭ ਨੇ ਨਫ਼ਰਤ ਨਾਲ ਪਾਸ਼ ਦੇਖੀ।

"ਸ਼ਰਮ ਕਰ ਪਿਉ ਐ ਤੇਰਾ।" ਕਈ ਚੀਕੇ।

"ਕੋਈ ਪਿਉ ਨਹੀਂ ਮੇਰਾ। ਪਿਉ ਐਂ ਮਰਦੇ ਐ।"

"ਚੁੱਕੋ ਯਾਰ! ਕੀਹਦੀ ਸੁਣਦੇ ਓ ਤੁਸੀਂ।"....

ਲੋਕ ਫਿਰ ਚੱਕਣ ਲੱਗੇ ਤਾਂ ਪਾਸ਼ ਫਿਰ ਕਿਹਾ।

"ਕਿਹੈ ਨਾ ਕਿਤੇ ਨਹੀਂ ਜਾਣਾ ਇਹਨੇ....."

"ਕੁੜੀਏ ਮਰ ਜੂ ਇਹ।" ਲੋਕਾਂ ਤਰਲਾ ਲਿਆ।

"ਜਿਉਂਦਾ ਕਦ ਸੀ ਇਹ?.... ਮਰ ਤਾਂ ਇਹ ਉਦੋਂ ਈਂ ਗਿਆ ਸੀ ਜਿੱਦੋਂ ਏਸ ਕਰਜ਼ੇ ਤੇ ਗੂਠਾ ਲਾਇਆ ਤੇ ਜ਼ਹਿਰ ਦੀ ਸ਼ੀਸ਼ੀ ਨੂੰ ਹੱਥ ਪਾਇਆ। ਮਰਿਆ ਹੋਇਆ ਕੀ ਮਰੂਗਾ।" ਪਾਸ਼ ਦਾ ਰੋਣ ਨਿਕਲਿਆ।

"ਰੱਬ ਦਾ ਵਾਸਤੇ ਇਹਦੀ ਨਾ ਸੁਣੋ ਓਏ ......"

ਲਿਟਦੇ ਭੂਰੇ ਲੇਰ ਮਾਰੀ।

ਪਾਸ਼ ਭੂਰੇ 'ਤੇ ਝੁਕੀ।

"ਕੀ ਕਰੇਂਗਾ ਬਚ ਕੇ? ਕਿੰਨੀ ਕੁ ਦੇਰ ਮਰੇਂਗਾ?....."

ਮਾਸਟਰ ਪ੍ਰੀਤਮ ਅੱਗੇ ਵੱਧ ਕੇ ਪਾਸ਼ ਦੇ ਥੱਪੜ ਮਾਰਿਆ।

"ਸ਼ਰਮ ਨਹੀਂ ਆਉਂਦੀ?"......

"ਆਉਂਦੀ ਹੈ ਸਰ! ਇਹਨੂੰ ਕਹੋ ਮਰ ਕੇ ਦਿਖਾਵੇ।" ਪਾਸ਼ ਹਿੱਕ ਤਾਣੀ।

"ਬੇ ਲੋਕੋ ਮਰ ਜਾਂ ਗੇ ਵੇ......।" ਕਿਰਪੀ ਵੈਣ ਪਾ ਰਹੀ ਸੀ।



"ਚੱਕੋ ਯਾਰ ਛੇਤੀ.....।" ਲੋਕ ਪਰ੍ਹਾਂ ਹੋਏ।

"ਸਰ ਰੁਕੋ। ਨਹੀਂ ਮਰਦਾ।" ਪਾਸ਼ ਹੱਥ ਜੋੜੇ।

"ਇਜ਼ਰਾਈਲ ਐਂ ਤੂੰ? ਫਰਿਸ਼ਤੈਂ ਮੌਤ ਦਾ?" ਮਾਸਟਰ ਪਾਸ਼ ਪਰ੍ਹਾਂ ਧੱਕੀ।

ਪਾਸ਼ ਫਿਰ ਅੱਗੇ ਹੋਈ, ਤੇ ਇਕ ਸ਼ੀਸ਼ੀ ਸਭ ਦੇ ਸਾਮ੍ਹਣੇ ਵਗਾਹ ਮਾਰੀ।.......

ਸਭ ਅੱਵਾਕ ਸਨ।......

ਮੌਤ ਇਸ ਸ਼ੀਸ਼ੀ ਵਿਚ ਸੀ।.......

•

## ਰਣ ਖੇਤਰ

ਖ਼ਬਰ ਅੱਗ ਦੀ ਤਰ੍ਹਾਂ ਫ਼ੈਲੀ।

ਭੂਰੇ ਮਿਸਤਰੀ ਫਾਹ ਲੈ ਲਿਆ।

ਛਾਂਗੇ ਨਿਹੰਗ?

ਹਾਂ ਬਈ ਹਾਂ।

ਧੁੰਧੀ ਸਵੇਰ ਸੀ। ਚੰਗਿਆੜੇ ਹਵਾ ਵਿਚ ਉੱਡੇ। ਬਿੰਦਰੋ ਦੇ ਕੰਨਾਂ ਨੂੰ ਛੂਹੇ। ਇਕ ਪਲ ਡਰੀ। ਫਿਰ ਸੁਖ ਦਾ ਸਾਹ ਲਿਆ। ਅੱਖਾਂ ਵਿਚ ਨੀਂਦ ਲਈ ਫ਼ੋਨ ਕੀਤਾ।

"ਲੈ ਭੈਣੇ ਮੁੱਕ ਗਈ ਘੈਂਸ ਘੈਂਸ।"

"ਕੀ ਹੋਇਆ?"

"ਮੰਦਰ 'ਚ ਜਾ ਮੋਇਆ ਕੰਜਰ।"

"ਤੈਨੂੰ ਕਿਵੇਂ ਪਤਾ?"

"ਲੈ ਸਪੀਕਰ ਵਿਚ ਬੁਕੀ ਜਾਂਦੇ ਪਿੰਡ।"

ਕਈਆਂ ਨੂੰ ਪੀੜ ਹੋਈ।

"ਕੀ ਐ ਬੰਦੇ ਦਾ...ਪਰ ਭੂਰਾ ਤਾਂ ਮਰਨ ਵਾਲਾ ਨਹੀਂ ਸੀ।"

ਖ਼ਬਰ ਪੰਡਿਤ ਮੰਦੀ ਉਡਾਈ। ਸਪੀਕਰ ਵਿਚ।

"ਨਰਥ ਹੋ ਗਿਆ ਭਾਈ। ਭੋਲੇ ਨਾਥ ਕੇ ਧੋਰੇ ਫਾਂਸ ਲੇ ਲੀ ਭੂਰਾ ਨੇ।" ਆਏ ਤਾਂ ਪੰਡਿਤ ਹੱਥਾਂ ਵਿਚ ਸਿਰ ਲਈ ਬੈਠਾ ਸੀ। ਸ਼ਿਵਲਿੰਗ ਉਤਲੇ ਟੱਲ ਨਾਲ ਗੰਢ ਵਾਲੀ ਰੱਸੀ ਲਟਕ ਰਹੀ ਸੀ। ਨੇੜੇ ਹੀ ਮੂਧੀ ਮਾਰੀ ਗਾਗਰ ਅਤੇ ਘੜਵੰਜੀ ਪਈ ਸੀ। ਇਹ ਉਹੋ ਗਾਗਰ ਤੇ ਘੜਵੰਜੀ ਸੀ ਜਿਸ ਵਿਚੋਂ ਬੂੰਦ-ਬੂੰਦ ਦੁੱਧ ਸ਼ਿਵਲਿੰਗ ਉੱਤੇ ਡਿੱਗਦਾ। ਜ਼ਾਹਰ ਸੀ ਗਾਗਰ ਘੜਵੰਜੀ 'ਤੇ ਚੜ੍ਹਨ ਲਈ ਸੀ ਤੇ ਘੜਵੰਜੀ 'ਤੇ ਖਲੋਅ ਕੇ ਰੱਸੀ ਗਲ ਵਿਚ ਪਾਉਣੀ ਸੀ।

"ਬੁੜ੍ਹਾ ਹੋ ਗਿਆ, ਕਾਰੀਗਰ ਦਾ ਜੁਗਾੜ ਦੇਖ।" ਕੋਈ ਬਿਰਕਿਆ।

"ਪਰ ਲਾਸ਼ ਕਿੱਥੇ ਗਈ?" ਸਭ ਨੇ ਪੰਡਿਤ ਵੱਲ ਦੇਖਿਆ।

"ਇਥੀ ਉਰੇ ਥਾ ਮੇਰੀ ਤੋ ਸਾਂਸ ਰੁਕ ਗਈ। ਰੱਸੀ ਬਾਂਧੀ ਮੇਰੇ ਸਾਮਨੇ। ਹਟਾਇਆ, ਨਹੀਂ ਹਟਿਆ। ਹਾਰ ਕੇ ਸਪੀਕਰ ਮਾ ਦਈ ਦੁਹਾਈ। ਇਬ ਹੈ ਨਹੀਂ।" "ਫੜ ਲਉ ਪੁਛ। ਕਹਿੰਦੇ ਮਰ ਗਿਆ। ਇਹ ਕੰਮ ਸਾਲੀ ਮਾਰ ਕੇ ਨਾ ਮਰੇ।



ਕਿਸੇ ਜ਼ਹਿਰ ਉਗਲੀ।

"ਕਿਉਂ? ਇਹ ਉੱਤੋਂ ਡਿੱਗੀ ਐ?"

"ਉਸ ਤੋਂ ਵੀ ਵੱਧ।"

"ਕਿਮੇਂ?"

"ਅਈਥੋਂ ਨਿਕਲ ਫਿਰ ਦੱਸਦਾਂ।"

"ਹੁਣ ਕੀ ਐ?"

ਜਿਹੜੀ ਕੌਮ ਰੋਜ਼ ਖੂਹ ਪੁੱਟ ਕੇ ਪਾਣੀ ਪੀਵੇ ਐਸੀ ਕੌਮ ਫਾਹ ਲੈ ਕੇ ਮਰੂਗੀ? ਰਾਮ-ਰਾਮ।...

ਲੋਕ ਭਾਂਤੋਂ-ਭਾਂਤ ਦੀਆਂ ਛੱਡ ਰਹੇ ਸਨ। ਤਦੇ ਪ੍ਰਧਾਨ ਕੱਟੂ ਆਇਆ।

"ਕਿਆ ਹੁਆ?"

"ਭੋਲੇ ਕੀ ਛਤਰੀ ਤਲੇ ਘੰਟੇ ਸੇ ਲਟਕ ਰਿਹਾ ਥਾ, ਰੱਸੀ ਬਾਂਧ ਕੇ।"

"ਕੌਨ?"

"ਭੂਰਾ ਮਿਸਤਰੀ?"

"ਵੋਹ ਨਿਹੰਗ?"

"ਹਾਂ।"

"ਕਿਉਂ?"

"ਕਿਆ ਪਤਾ।"

"ਤੂ ਕਹਾਂ ਥਾ?"

"ਯਹੀਂ ਥਾ। ਆਰਤੀ ਕਰੀ ਮੰਨੇ। ਜਲ ਚਢਾਯਾ। ਧੂਪ ਕਰੀ। ਭਜਨ ਲਗਾਏ। ਕਬ ਆਇਆ, ਪਤਾ ਨਹੀਂ।"

ਕੱਟੂ ਨੂੰ ਲੱਗਾ ਲੋਕ ਖਾਹਮਖਾਹ ਖੜ੍ਹੇ ਸਨ। ਉਸ ਹੱਥ ਜੋੜੇ।

"ਜਾਓ ਬਈ ਤਮਾਸ਼ੇ ਇੱਥੇ?" ਲੋਕ ਖਿਸਕਣ ਲੱਗੇ।...

❀❀❀

ਬਿੰਦਰੋ ਜਦੋਂ ਸੁਣਿਆ, ਸੁੱਤ-ਉਨੀਂਦੀ ਸੀ। ਰਾਤ ਦੇਰ ਨਾਲ ਆਈ। ਭੂਰੇ ਨਾਲ ਢੇਰ ਗੱਲਾਂ ਕੀਤੀਆਂ। ਜਿਸ ਮਨਸੂਬੇ ਦਾ ਸਿਖ਼ਰ ਕਰਕੇ ਸੁੱਤੀ। ਉਸਦੇ ਸਿੱਟੇ ਬਾਰੇ ਇਤਨੀ ਛੇਤੀ ਆਸ ਨਹੀਂ ਸੀ। ਉਸ ਫ਼ੋਨ ਕੀਤਾ।

"ਦੀਦੀ ਅੱਗੋਂ ਦੱਸ।"

"ਕੀ ਲਿਖ ਕੇ ਮਰਿਆ?"

"ਉਹ ਤਾਂ ਮੈਂ ਦੇਖਿਆ ਹੀ ਨਹੀਂ।" ਬਿੰਦਰੋ ਨੂੰ ਹੋਲ ਪਿਆ।

"ਮੂਰਖੇ ਪਹਿਲਾਂ ਕਾਗਜ਼ ਦੇਖ।"

ਬਿੰਦਰੋ ਦੌੜ ਕੇ ਗਈ। ਬੈਠਕ ਨੂੰ ਜਿੰਦਰਾ ਦੇਖ ਖਾਨਿਉਂ ਗਈ।

"ਦੀਦੀ ਜੰਦਾ।"

"ਤੂੰ ਖਿਸਕ ਇਥੋਂ।"...

ਬਿੰਦਰ ਮੂੰਹ-ਸਿਰ ਲਪੇਟਿਆ। ਸਕੂਟੀ ਕੱਢੀ। ਸਟਾਰਟ ਕੀਤੀ। ਅਹੁ ਗਈ ਅਹੁ ਗਈ।...

... ... ...

ਦੁਪਹਿਰ ਤੱਕ ਮੰਡੀ ਦੇ ਥੜ੍ਹਿਆਂ 'ਤੇ ਚਰਚਾ ਛਿੜ ਗਈ।

"ਨਾ ਤਾਪ ਨਾ ਸਰਾਪ। ਐਂ ਕਿਮੇਂ ਮਰ ਜੂ ਬੰਦਾ। ਫਿਰ ਬੂਰਾ?"

"ਮਰਿਆ ਕਿਥੇ ਐ? ਹਵਾ 'ਚ?"

"ਘਰ ਨੂੰ ਜੰਦਾ। ਖੋਖਾ ਬੰਦ। ਗੱਸੀ ਬੰਨ੍ਹੀ, ਮਰਿਆ ਹੈ ਨਹੀਂ। ਮੰਨੋ ਨਾ ਮੰਨੋ, ਵਿੱਚੋਂ ਗੱਲ ਹੈ ਕੋਈ।" ਲੋਕਾਂ ਗਵੇੜ ਲਾਏ।

"ਬੰਦਾ ਪੁੱਛੇ, ਬਈ ਤੂੰ ਗੁਰੂ ਦਾ ਸਿੱਖ; ਮੰਦਰ 'ਚ ਅੰਬ ਲੈਣ ਗਿਆ?"

"ਕਿੱਧਰ ਦਾ ਸਿੱਖ ਐ ਜਾਰ। ਚੋਲਾ ਪਾ ਕੇ ਸਿੱਖ ਬਣ ਗਿਆ?"

"ਤਾਂ ਨਾ ਪਾਉਂਦਾ?"

"ਪਾਇਐ ਤਾਂ ਰਣ 'ਚ ਜਾਏ। ਕੁਝ ਕਰਕੇ ਦਿਖਾਵੇ। ਬੰਦਾ ਬਹਾਦਰ ਨੇ ਪਾਇਆ, ਇੱਟ ਨਾਲ ਇੱਟ ਖੜਕਾ ਤੀ ਸਾਲੀ।"

ਜਿਤਨੇ ਮੂੰਹ ਉਤਨੀਆਂ ਗੱਲਾਂ। ਲੋਕ ਸਿਰਾਂ ਦੀਆਂ ਠੀਕਰੀਆਂ ਭੰਨ ਰਹੇ ਸਨ। ਸ਼ਾਇਦ ਇਸ ਲਈ ਕਿ ਬੂਰਾ ਪਿੰਡ ਦਾ ਚਹੇਤਾ ਸੀ।

... ... ...

ਕਰਨਪੁਰ ਜੱਦੀ ਬਾਸ਼ਿੰਦਿਆਂ ਦਾ ਪਿੰਡ ਸੀ। ਵੰਡ ਵੇਲੇ ਜਿਤਨੇ ਕੁ ਮੁਸਲਮਾਨ ਗਏ, ਰਫਿਊਜੀ ਆ ਬੈਠੇ। ਕਿਹਰ ਸਿਹੁੰ ਉਹਨਾਂ 'ਚੋਂ ਇਕ ਸੀ। ਹੱਲਿਆਂ ਵਿਚ ਉਹ ਪਤਨੀ ਸਮੇਤ ਕਈ ਕੁਝ ਗਵਾ ਕੇ ਆਇਆ ਸੀ। ਇਕੋ-ਇੱਕ ਪੁੱਤਰ ਬੂਰੇ ਨਾਲ ਪਿੰਡ ਦੀ ਸੇਪੀ ਓਟ ਲਈ।

ਜਦ ਨੂੰ ਕਿਹਰ ਸਿੰਘ ਫ਼ੌਤ ਹੋਇਆ। ਬੂਰਾ ਕਾਰਾਗਰੀ ਵਿਚ ਸਿਰਾ ਅਤੇ ਸ਼ਾਦੀ-ਸ਼ੁਦਾ ਸੀ। ਕਿਰਤ ਉਹਦੇ ਜਮਾਂਦਰੂ ਹੱਡਾਂ ਵਿਚ ਸੀ।

ਬੂਰੇ ਕਾਰਾਗਰੀ ਵਿਚ ਸਿੱਕਾ ਮਨਵਾਇਆ ਤਾਂ ਲੋਕਾਂ ਗੱਲਾਂ ਕੀਤੀਆਂ।

"ਕਾਰੀਗਰ ਦੀ ਜੈਸੀ ਰਗ ਵੱਖਰੀ...ਤੈਸੇ ਕੰਮ।"

ਹਾਲਾਂ ਕਿ ਸੇਪੀ ਵਿਚ ਹੁਨਰ ਲਈ ਕੋਈ ਵੱਖਰੀ ਥਾਂ ਨਹੀਂ ਸੀ। ਫਿਰ ਵੀ ਇਕ ਦਿਨ ਬੂਰੇ ਮੰਜਾ ਠੋਕ ਕੇ ਛੱਪੜ ਵਿਚ ਸੁਟਵਾ ਦਿੱਤਾ, ਤੇ ਕਿਹਾ।

"ਲੈ ਬਈ ਸਦਾਰੋ, ਜੇ ਤਾਂ ਮੰਜੇ ਦੀਆਂ ਚੂਲਾਂ ਗਈਆਂ ਭਿੱਜ, ਫਿਰ ਤਾਂ ਸਮਝਿਉ ਬੂਰਾ ਕੁੱਝ ਐ। ਜੇ ਨਾ ਭਿੱਜੀਆਂ ਤਾਂ ਨਿੱਤਰੋ ਰਣ 'ਚ।"

"ਮੂਰਖਾ, ਕਿਉਂ ਮੌਤ ਨੂੰ ਵਾਜਾਂ ਮਾਰਦੈਂ।"



"ਜਦ ਮੈਦਾਨ ਵਿਚ ਹੀ ਆ ਗਏ, ਤਾਂ ਮੌਤ ਤੋਂ ਕੀ ਡਰਨਾ।"

"ਭਿੱਜ ਗਈਆਂ ਤਾਂ ਗੋਲੀ ਹਿੱਕ 'ਚ।" ਫੌਜੀ ਸਰਪੰਚ ਕਿਹਾ।

"ਮੰਨਜ਼ੂਰ।"

"ਜੇ ਨਾ ਭਿੱਜੀਆਂ? ਜਾਹ ਕਰ-ਖਾਨੇ ਵਾਲਾ ਹਾਤਾ ਦਿੱਤਾ।"

ਦੂਜੇ ਦਿਨ ਮੰਜਾ ਉਖੇੜਿਆ ਗਿਆ। ਚੂਲਾਂ ਸੁੱਕੀਆਂ। ਪੰਚਾਇਤ ਨੂੰ ਹਾਤਾ ਦੇਣਾ ਪਿਆ ਤਾਂ ਬਹੁਤਿਆਂ ਨੂੰ ਤਕਲੀਫ਼ ਹੋਈ। ਘਰ ਵਾਲਾ ਥਾਂ ਪਹਿਲਾਂ ਹੀ ਬੂਰੇ ਨੂੰ ਦੇ ਕੇ ਪੰਚਾਇਤ ਹੱਥ ਵਢਾਅ ਚੁੱਕੀ ਸੀ। ਤਿੱਖਾ ਵਿਰੋਧ ਹੋਇਆ ਤਾਂ ਪੰਚਾਇਤ ਕਿਹਾ, ਕਾਰੀਗਰੀ ਦੀ ਕਦਰ ਕੀਤੀ। ਬਹੁਤਿਆਂ ਦਾ ਵਿਚਾਰ ਸੀ, ਕਾਰੀਗਰੀ ਤੋਂ ਕੀ ਧਾਰ ਕਢਾਉਣੀ ਐ। ਬੂਰਾ ਕਈਆਂ ਦੀ ਅੱਖ ਵਿਚ ਰੜਕਣ ਲੱਗਾ।

ਸੱਤਰਵਿਆਂ ਵਿਚ ਵੱਡੀ ਤਬਦੀਲੀ ਆਈ। ਖੇਤੀ ਦੇ ਸੰਦ ਬਦਲੇ। ਘਰੇਲੂ ਵਸਤੂਆਂ ਬਦਲੀਆਂ। ਸੇਪੀ ਦਾ ਕੰਮ ਖੂਹ ਵਿਚ ਜਾ ਪਿਆ। ਬਹੁਤਿਆਂ ਕੱਛਾਂ ਵਜਾਈਆਂ।

"ਹੁਣ ਆਊ ਸਾਲਾ ਵੱਟਾਂ 'ਚ।"

ਬੂਰਾ ਸੰਭਲ ਗਿਆ। ਉਸ ਰਣ ਖੇਤਰ ਬਦਲਿਆ ਅਤੇ ਰਾਜਗਿਰੀ ਤੋਰ ਲਈ। ਟਿੱਚਰਾਂ ਫਿਰ ਉੱਚੀਆਂ ਹੋਈਆਂ।

"ਦੇਖ ਉਏ, ਬਹੁਤਾ ਹਵਾ 'ਚ ਨਾ ਉੱਡੀਂ। ਤੇਰੇ ਵਰਗੇ ਕਿਸੇ ਮਿਸਤਰੀ ਨਾਲ ਤੀਵੀਂ ਨਿਕਲ ਆਈ। ਇਹ ਸੋਚ ਬਈ ਵੱਡਾ ਕੋਈ ਰਾਜਾ ਹੋਊ। ਚੌਥੇ ਦਿਨ ਤੁਰਦੀ ਹੋਈ ਤਾਂ ਕਿਸੇ ਪੁੱਛਿਆ, ਕੀ ਹੋਇਆ। ਕਹਿੰਦੀ, ਰਾਜ ਰਾਜ ਕਰ ਭੁਲੀ, ਨਿਕਲੀ ਕਰਨੀ ਔਰ ਖਸੂਲੀ।"

ਬੂਰਾ ਕਾਰੀਗਰ ਸੀ। ਸਭ ਤੋਂ ਵੱਧ ਉਹ ਮਿਹਨਤੀ ਸੀ। ਰਾਜਗਿਰੀ ਇਕ ਤਰ੍ਹਾਂ ਰੋਜ਼ ਖੂਹ ਪੁੱਟ ਕੇ ਪਾਣੀ ਪੀਣ ਦਾ ਧੰਦਾ ਸੀ ਅਤੇ ਬੂਰੇ ਦੀ ਪਤਨੀ ਦੀ ਗੋਦੀ ਸਤਬੀਰ ਤੇ ਰਘੁਬੀਰ ਸਨ। ਇਸ ਲਈ ਟਿੰਡ ਨੂੰ ਟਿੰਡ ਰਲਾਉਣੀ ਔਖੀ ਸੀ। ਫਿਰ ਵੀ ਬੂਰੇ ਰਾਜਗਿਰੀ ਵਿਚ ਕਰਿਸ਼ਮਾ ਕਰ ਦਿਖਾਇਆ। ਕਿਸੇ ਅਮੀਰ ਵੱਲੋਂ ਢਾਹੀ ਹਵੇਲੀ ਦਾ ਮਲਬਾ ਕੌਡੀਆਂ ਭਾਅ ਖਰੀਦ ਕੇ ਬੂਰੇ ਸਾਲ ਤੱਕ ਪਿੰਡ ਵਿਚ ਦੋ ਮੰਜ਼ਲਾ ਮਕਾਨ ਖੜ੍ਹਾ ਕਰ ਲਿਆ। ਮਹਿਰਾਬੀ ਚੌਕਾਠਾਂ ਬਾਰੀਆਂ ਅਤੇ ਨੱਕਾਸ਼ੀ ਵਾਲੇ ਬੂਹੇ, ਜੋ ਸ਼ਹਿਰੀਆਂ ਲਈ ਮਿੱਟੀ ਸਨ, ਬੂਰੇ ਦੀ ਕਾਰਾਗਰੀ ਨੇ ਮੂੰਹੋਂ ਬੋਲਣ ਲਾ ਦਿੱਤੇ। ਬੂਰੇ ਨਾ ਦਿਨ ਦੇਖਿਆ ਨਾ ਰਾਤ। ਆਪਣੀ ਸਾਰੀ ਕਾਰਾਗਰੀ ਝੋਕ ਦਿੱਤੀ। ਘਰ ਖੁੱਲ੍ਹੀ ਥਾਂ ਅਤੇ ਚੌਰਾਹੇ ਵਿਚ ਸੀ। ਪਹਿਲਾਂ ਤਾਂ ਬੂਰਾ ਰੜਕਦਾ ਹੀ ਸੀ। ਹੁਣ ਬਰਦਾਸ਼ਤ ਕਰਨਾਂ ਵੀ ਮੁਸ਼ਕਿਲ ਹੋ ਗਿਆ। ਲੋਕ ਬਿਨਾਂ ਵਜਾਹ ਜ਼ਹਿਰ ਥੁੱਕਦੇ।

"ਦੇਖ ਲੈ ਕਿਮੇਂ ਲਤ ਫੇਰੀ ਐ ਸਭ 'ਤੇ।"

"ਲੱਤ ਜਹੀ ਲੱਤ, ਨਾ ਹਿੰਗ ਲੱਗੀ ਨਾ ਫਟਕੜੀ। ਪਤੰਦਰ ਨੇ ਚਿੱਪਰਾਂ ਵੀ ਜੋੜਤੀਆਂ।"

"ਕਹਿੰਦੇ ਲੁਕਮਾਨ ਵੀ ਇਨ੍ਹਾਂ 'ਚੋਂ ਸੀ।"

"ਲੁਕਮਾਨ ਕੀ ਕਰੂ ਸਾਲਾ ਇਹਨਾਂ ਤਾਂ ਹਵਾ 'ਚ ਲੰਕਾ ਉਸਾਰ ਤੀ। ਹੁਣ ਤਾਂ ਸੰਦ ਲਈ ਫਿਰਦੇ ਐ।"

"ਲੈ ਹਵਾ 'ਚ ਨਾ ਕਿਤੇ...।" ਕਿਸੇ ਨੂੰ ਹਵਾ ਵਾਲੀ ਗੱਲ ਹਜ਼ਮ ਨਾ ਹੋਈ। ਸੱਥ ਵਿਚ ਗਿਆਨੀ ਭਜਨ ਸਿੰਘ ਵੀ ਸੀ। ਉਹਨੂੰ ਪੁੱਛਿਆ।

"ਸੱਚ ਐ ਭਾਈ।" ਉਸ ਤਾਈਦ ਕੀਤੀ।

"ਗੱਪ ਐ ਨਿਰੇ...ਹਵਾ 'ਚ ਕਿਮੇਂ ਉੱਸਰ ਜੂ।"

"ਤੇਰੇ ਲਈ ਹੋਊ ਗੱਪ। ਲੋਕਾਂ ਲਈ ਤਾਂ ਸੱਚ ਐ।"

"ਕਿਮੇਂ ?"

"ਕਹਿੰਦੇ ਸ਼ਿਵਜੀ ਨੇ ਵਿਸ਼ਕਰਮਾਂ ਨੂੰ ਕਿਹਾ, ਮਹਿਲ ਬਣਾਉਣੇ।"

"ਵਿਸ਼ਕਰਮਾਂ ਕੌਣ ?"

"ਸੀ ਗਾ ਕੋਈ ਇਹਨਾਂ ਦਾ ਦੇਵਤਾ। ਸੀ ਕਰਾਮਾਤੀ। ਕਹਿੰਦਾ ਕੈਸਾ ਮਹੱਲ ? ਸ਼ਿਵਜੀ ਕਿਹਾ, ਜੈਸਾ ਧਰਤੀ ਤੇ ਪਹਿਲਾਂ ਨਾ ਹੋਵੇ। ਕਹਿੰਦਾ ਫਿਰ ਤਾਂ ਪਾਣੀ 'ਚ ਬਣੂ। ਦੇਨੇ ਸਮੁੰਦਰ ਕੰਢੇ ਜਾ ਖੜ੍ਹੇ। ਪਾਣੀ ਪਰੇ ਹੋ ਗਿਆ। ਵਿਸ਼ਕਰਮਾਂ ਕਿਹਾ, ਮਜੂਰੀ ਮਿਲੂ ? ਕਹਿੰਦਾ ਚੱਕ। ਵਿਸ਼ਕਰਮਾਂ ਕਿਹਾ ਲੈ ਫੜ ਸੋਟੀ, ਜਿੱਡਾ ਚਾਹੀਦੈ, ਫੇਰੀ ਜਾਹ ਸੋਟੀ; ਪਿੱਛੇ ਨਾ ਮੁੜਕੇ ਝਾਕੀਂ। ਸ਼ਿਵਜੀ ਨੂੰ ਲੱਗਾ, ਐਮੀ ਮਾਰਦੈ ਭਕਾਈ। ਓਨ ਪਿੱਛੇ ਝਾਕ ਲਿਆ। ਪਿੱਛੇ ਮਹੱਲ। ਸ਼ਿਵਜੀ ਹੈਰਾਨ, ਕਹਿੰਦਾ ਚਲ ਬਾਕੀ ਦਾ ਕਰ ਪੂਰਾ। ਵਿਸ਼ਕਰਮਾਂ ਕਹਿੰਦਾ, ਹੁਣ ਨੀ। ਤੈਂ ਬਚਨ ਤੋੜਿਆ। ਗੁੱਸੇ 'ਚ ਸ਼ਿਵਜੀ ਸਰਾਪ ਦੇ ਤਾ। ਕਹਿੰਦਾ ਜਾਹ ਅੱਜ ਤੋਂ ਬਾਦ, ਕਾਰੀਗਰਾਂ ਨੂੰ ਮਜੂਰੀ ਕੰਮ ਤੋਂ ਬਾਦ ਮਿਲਿਆ ਕਰੂ। ਗਾਹਾਂ ਵਿਸ਼ਕਰਮਾਂ ਉਹਦਾ ਵੀ ਸਿਰਾ। ਕਹਿੰਦਾ ਜਾਹ ਤੇਰੇ ਵੰਸ਼ ਦੇ ਲੋਕ ਮੰਗਦੇ ਫਿਰਨਗੇ। ਆਹ ਫਿਰਦੇ ਨੀ ਟੱਲੀਆਂ ਚੱਕੀ।"

"ਪਰ ਲੰਕਾ ਤਾਂ ਰਾਵਣ ਦੀ ਸੀ।"

"ਕਾਹਨੂੰ, ਦੱਛਣਾ 'ਚ ਮਾਂਜੀ ਸ਼ਿਵਜੀ ਤੋਂ।"

ਇਹ ਵਾਰਤਾ ਕਿਸੇ ਜੱਟ ਵੀ ਸੁਣੀ। ਵਿਸ਼ਵਕਰਮਾ ਦੇ ਨਾਂਹ ਵਾਲੀ ਗੱਲ ਚੁਭੀ। ਬੂਰਾ ਟੱਕਰਿਆ ਤਾਂ ਸਿੱਧਾ ਪੁੱਛ ਲਿਆ।

"ਕਹਿੰਦੇ ਥੋਡਾ ਕੋਈ ਬਡਾਰੂ ਸ਼ਿਵਜੀ ਮੂਹਰੇ ਵਿਹਰ ਗਿਆ ਸੀ।"

"ਜੀ ਪਤਾ ਨਹੀਂ।" ਬੂਰਾ ਨੀਵੀਂ ਖਿੱਚ ਗਿਆ।

"ਚੰਗੇ ਨਹੀਂ ਪਤਾ; ਕਿਤੇ ਫੋਕੀ ਹਉਂ 'ਚ ਭੱਥਾ ਨਾ ਭਨਾਅ ਲਈਂ।" ਬੂਰੇ ਨੇ ਐਸੀ ਨੌਬਤ ਹੀ ਨਹੀਂ ਸੀ ਆਉਣ ਦਿੱਤੀ। ਉਹਦੇ ਪਿਤਾ ਨੇ ਕਿਹਾ ਸੀ।

"ਕਾਂ ਦੀ ਲੰਮੀ ਉਮਰ ਦਾ ਭੇਦ ਪਤੈ ?"

"ਨਹੀਂ।"



"ਕਾਂ ਦੀ ਮਾਂ ਨੇ ਕਿਹਾ, ਪੁੱਤ ਜਦੋਂ ਕੋਈ ਬੰਦਾ ਤੈਨੂੰ ਮਾਰਨ ਲਈ ਜ਼ਮੀਨ ਤੋਂ ਰੋੜਾ ਚੁੱਕੇ; ਤੂੰ ਪਹਿਲਾਂ ਹੀ ਉੱਡ ਜਾਵੀਂ। ਕਾਂ ਨੇ ਕਿਹਾ, ਮਾਂ ਜੇ ਰੋੜਾ ਪਹਿਲਾਂ ਹੀ ਉਹਦੇ ਹੱਥ ਵਿਚ ਹੋਇਆ। ਮਾਂ ਨੇ ਕਿਹਾ, ਜਾਹ ਤੂੰ ਨਹੀਂ ਕਿਸੇ ਤੋਂ ਮਰਦਾ।"

ਬੂਰਾ ਇਸ ਤੋਂ ਵੀ ਅੱਗੇ ਸੀ।...

ਕਈ ਸਾਲ ਭੁੱਤੀਆਂ ਕਰਦੇ ਉਸ ਜਾਣ ਲਿਆ ਸੀ, ਬੇਸ਼ਕ ਜਿਨ੍ਹਾਂ ਘਰਾਂ ਵਿਚ ਗੈਰ ਚਿੜੀ ਵੀ ਨਹੀਂ ਸੀ ਫਟਕਦੀ। ਉਨ੍ਹਾਂ ਘਰਾਂ ਵਿਚ ਉਹ ਬੇ-ਝਿਜਕ ਜਾ ਆ ਸਕਦਾ ਸੀ, ਅੰਨ ਪਾਣੀ ਛਕ ਸਕਦਾ ਸੀ ਪਰ ਰਹੇਗਾ ਦਿਹਾੜੀਦਾਰ ਹੀ। ਉਹਦੇ ਕੰਮਾਂ ਦੀ ਜਿਤਨੀਂ ਕੋਈ ਮਰਜ਼ੀ ਤਾਰੀਫ਼ ਕਰੇ, ਗਰੀਬ ਨੇ ਪਿਸਣਾ। ਅਮੀਰ ਨੇ ਪੀਹਣਾ। ਬੇਸ਼ਕ ਸਮਾਂ ਬਦਲ ਚੁੱਕਾ ਸੀ, ਫਿਰ ਵੀ ਤਕੜੇ ਮਾੜੇ ਨੂੰ ਤਿਰਸਕਾਰ ਨਾਲ ਦੇਖਦੇ ਸਨ। ਇਸੇ ਲਈ ਬੂਰੇ ਨੂੰ ਲੱਗਾ ਜਿਹੜਾ ਦਾਣਾ ਚੱਕੀ ਦੀ ਕਿੱਲੀ ਨਾਲ ਲੱਗਾ ਰਹਿ ਗਿਆ, ਉਹਦਾ ਚੱਕੀ ਦੇ ਪੁੜ ਕੁਝ ਨਹੀਂ ਸਨ ਵਿਗਾੜ ਸਕਦੇ। ਉਹਨੇ ਦੋਵੇਂ ਪੁੱਤਰ ਅੱਖਰਾਂ ਵਿਚ ਲੁਕਾਅ ਕੇ ਚੱਕੀ ਤੋਂ ਦੂਰ ਕਰ ਲਏ। ਅੱਜ ਉਹ ਸ਼ਹਿਰਾਂ ਵਿਚ ਸਨ।

ਬੂਰੇ ਦੇ ਪੁੱਤਾਂ ਦਾ ਭੁੱਤੀਆਂ ਦੀ ਚੱਕੀ ਵਿਚ ਨਾ ਪਿਸਣ ਦਾ ਕਾਰਨ, ਜਿਥੇ ਬੂਰੇ ਦੀ ਮਿਹਨਤ-ਮੁਸ਼ਕਤ ਸੀ ਉਥੇ ਹੋਰ ਵੀ ਕਈ ਕਾਰਨ ਸਨ। ਸ਼ਹਿਰ ਦਾ ਬਾਇਪਾਸ ਜਦੋਂ ਕਰਨਪੁਰ ਨਾਲੋਂ ਖਹਿ ਕੇ ਲੰਘਿਆ ਤਾਂ ਪਿੰਡ ਵਿਚ ਮੰਡੀ ਆ ਗਈ। ਮੰਡੀ ਆਈ ਤਾਂ ਸੇਠ ਸ਼ਾਹੂਕਾਰ ਆਏ। ਬੂਥ, ਸ਼ੈਡ ਅਤੇ ਫੜ੍ਹ ਬਣੇ। ਪਿੰਡ ਦੀ ਕਾਇਆ ਕਲਪ ਹੋਈ ਤਾਂ ਕਾਰੀਗਰਾਂ ਦੀ ਚਾਂਦੀ ਹੋ ਗਈ। ਬੂਰੇ ਲਈ ਮੰਡੀ ਦੂਹਰਾ ਵਰ ਲੈ ਕੇ ਆਈ। ਕਰ-ਖਾਨੇ ਵਾਲੀ ਥਾਂ ਦਾ ਵੀਹ ਗਜ਼ ਮੱਥਾ ਮੰਡੀ ਵੱਲ ਅਤੇ ਬਾਰਾਂ ਗਜ਼ ਮੱਥਾ ਵੱਡੀ ਸੜਕ ਨਾਲ ਜਾ ਲੱਗਾ। ਰਾਤੋ ਰਾਤ ਮਿੱਟੀ ਸੋਨਾ ਹੋ ਗਈ। ਇਸੇ ਸੋਨੇ ਨੂੰ ਭੋਰ-ਭੋਰ ਬੂਰੇ ਪੁੱਤ ਪੜ੍ਹਾਏ। ਫਿਰ ਵੀ ਹਵੇਲੀ ਜਿਹਾ ਘਰ ਤੇ ਕਰ-ਖਾਨੇ ਵਾਲੀ ਥਾਂ ਵਿਚੋਂ ਬਚਦਾ ਖੋਖਾ, ਉਹਦੀ ਮਲਕੀਅਤ ਸੀ। ਜਿਸ ਵਿਚ ਉਹਦਾ ਪਿਤਾ-ਪੁਰਖੀ ਅੱਡਾ ਕਾਇਮ ਸੀ।

ਸਾਮ੍ਹਣੇ ਮੰਡੀ। ਨਿੰਮਾਂ ਦੁਆਲੇ ਥੜ੍ਹੇ। ਪਰੇ ਚਾਹ ਦੇ ਖੋਖੇ ਤੇ ਠੇਕਾ। ਥੜ੍ਹਿਆਂ ਤੇ ਪਿੰਡ ਦੀ ਮੁਢੀਰ, ਬੁੱਢੇ ਠੇਰੇ ਅਤੇ ਪੱਲੇਦਾਰਾਂ ਦਾ ਮੇਲਾ ਲੱਗਾ ਰਹਿੰਦਾ। ਭੂਨੇ ਤਿੱਤਰਾਂ ਦੀਆਂ ਡਾਰਾਂ ਉੱਡਦੀਆਂ। ਅੱਜ ਬੂਰਾ ਉਹਨਾਂ ਦੇ ਦੰਦਾਂ ਹੇਠ ਸੀ।

ਸ਼ਾਮ ਤੱਕ ਸੂਹ ਨਾ ਲੱਗੀ ਤਾਂ ਲੋਕਾਂ ਗਵੇੜ ਲਾਏ।

"ਜੇ ਵਿਸਵੇ ਪੁੱਤ ਕੋਲ ਗਿਆ।"

"ਜਿਹੜਾ ਤੀਵੀਂ ਮਰੀ ਤੋਂ ਨਾ ਗਿਆ, ਹੁਣ ਕੀ ਜਾਊ।"

"ਮਰ ਜਾਊ, ਘਰ ਨੀ ਛੱਡ ਕੇ ਜਾਂਦਾ।"

"ਮੁੰਡੇ ਸਾਲੇ ਹਰਾਮੀ ਨੇ, ਨਹੀਂ ਤੀਵੀਂ ਮਰੀ ਤੋਂ ਸਾਰੇ ਪਿੰਡ ਨੇ ਕਿਹਾ। ਬੁੱਢੇ ਵਾਰੇ ਦਾੜ੍ਹੀ ਫੂਕੂ ਚੁੱਲ੍ਹੇ 'ਚ। ਨਾਲ ਲੈ ਜੇ ਕੋਈ। ਕਿਸੇ ਸਾਲੇ ਉੱਤਾ ਨੀ ਵਾਚਿਆ।"

"ਕਿੱਥੇ ਨੇ ਮੁੰਡੇ ?"

"ਇਕ ਦਿੱਲੀ, ਦੂਜਾ ਚੰਡੀਗੜ੍ਹ।"

"ਕੰਜਰਾਂ ਨੂੰ ਤਰਸ ਨਾ ਆਇਆ?"

"ਤਰਸ ਕੀ ਕਰੂ। ਵੱਡੇ ਦੀ ਤੀਮੀ ਨੀ ਹੱਥ ਧਰਨ ਦਿੰਦੀ। ਛੋਟਾ ਊਂ ਪੈਸੇ ਦਾ ਪੀਰ ਐ।"

"ਸਮੇਂ ਦੀਆਂ ਗੱਲੈਂ, ਨਹੀਂ ਕਦੇ ਪੂਰੀ ਚੜ੍ਹਤ ਸੀ ਕਾਰੀਗਰ ਦੀ। ਡੈਨਮੋ ਵਾਲਾ ਸਾਈਕਲ। ਮਾਵਾ ਲੱਗੀ ਪੱਗ। ਚਿੱਟੇ ਲੀੜੇ।

"ਐਡਾ ਕਾਰੀਗਰ ਐ ਤਾਂ ਸ਼ਹਿਰ ਜਾਵੇ, ਅਈਥੇ ਕੀ ਕਰਦੈ।"

"ਓ ਛੱਡ ਯਾਰ; ਜਿਹੜਾ ਘਰ ਭੁੱਖੂ। ਉਹ ਲਹੌਰ ਵੀ ਭੁੱਖੂ। ਸ਼ਹਿਰ ਜਾ ਕੇ ਕੀ ਲੱਲ੍ਹ ਲਾ ਲਊ।"

"ਐਸੀ ਗੱਲ ਨਹੀਂ, ਕਿਸਮਤ ਦਾ ਧਨੀ ਐ ਪੂਰਾ। ਘਰ ਦੇਖ ਲੈ ਮਲਬੇ 'ਚੋਂ ਕਰ ਤਾ ਖੜ੍ਹਾ। ਪਿੰਡ ਵਿਚ ਹੈ ਕਿਸੇ ਖੱਬੀਖਾਨ ਦਾ।"

"ਰਿਹਾ ਤਾਂ ਦਿਹਾੜੀਦਾਰ ਈ। ਕਹਿੰਦੇ ਰਾਹਾਂ ਦੇ ਖੱਡੇ ਪੂਰਦੇ ਜਾਂ ਜਵਾਕਾਂ ਦੇ ਖਿਡਾਉਣੇ ਬਣਾਈ ਜਾਂਦੈ। ਕਾਰੀਗਰ ਦੇ ਲੱਛਣ ਨੇ ਇਹ?"

"ਸਮਾਂ ਸਮਰੱਥ ਐ ਸ਼ੇਰਾ। ਪਿੰਡ ਦੇ ਕਿਸੇ ਬੁੜ੍ਹੇ ਨੂੰ ਪੁੱਛ ਕੇ ਦੇਖ, ਕਿਮੇਂ ਸਿੱਧੀਆਂ ਪੈਂਦੀਆਂ ਸੀ ਕਾਰੀਗਰ ਦੀਆਂ।"

"ਐਹਾ ਜਾ ਕਿਹੜਾ ਸਹਿਆ ਕੁੱਟ ਲਿਆ ਬਈ।"

"ਕੁੜੀ ਸੀ ਬਲਾਂ ਸੋਹਣੀ। ਜੈਲਦਾਰਾਂ ਦੀ। ਖੇਡਾਂ-ਖੁਡਾਂ ਸੀ ਕਿਤੇ। ਕੇਰਾਂ ਚੂਲਾ ਉੱਤਰ ਗਿਆ ਸਹੁਰੀ ਦਾ। ਬੜਾ ਮੱਥਾ ਮਾਰਿਆ ਡਾਕਟਰਾਂ। ਕੁੜੀ ਦੇ ਗੋਲੀਆਂ ਵਰਗੇ ਪੱਟ। ਪਿੱਛੇ ਲੇਵਾ। ਡਾਕਟਰਾਂ ਨੂੰ ਉੱਤਰਿਆ ਮੋਰਚਾ ਹੀ ਨਾ ਲੱਭੇ। ਬੂਰੇ ਦੇ ਕਰ-ਖਾਨੇ ਗੱਲਾਂ ਤੁਰੀਆਂ ਤਾਂ ਕਹਿੰਦਾ, ਮੈਨੂੰ ਕਹਿਣ। ਹੱਥ ਨੀ ਲਾਉਂਦਾ, ਚੂਲਾ ਚਾੜ੍ਹ ਦਿਉਂ। ਸਭ ਨੇ ਕਿਹਾ, ਕਿਉਂ ਮੌਤ ਦੇ ਮੂੰਹ ਵਿਚ ਪੈਨੈਂ। ਉਹੋ ਗੱਲ ਹੋਈ। ਤਕਾਲੀਂ ਜੈਲਦਾਰ ਆ ਗਏ ਚੜ੍ਹ ਕੇ। ਬੰਦੂਕ ਭਰ ਕੇ ਕਹਿੰਦੇ, ਦੱਸ ਕੀ ਬਕਦੈਂ?"

"ਉਹਨੂੰ ਮਾਰਨ ਨੂੰ?"

"ਹੋਰ ਛੁਹਾਰਾ ਲਾਉਣ ਨੂੰ।"

"ਫਿਰ?"

"ਫਿਰ ਕੀ? ਕਹਿੰਦਾ ਕੋਈ ਵਛੇਰੀ ਲਿਆਉ, ਸੋਲ। ਕਿੱਥੇ ਚੂਲਾ। ਕਿੱਥੇ ਵਛੇਰੀ। ਅਸੀਂ ਕਿਹਾ ਲੈ ਬਈ ਗਿਆ ਇਹ ਤਾਂ। ਕਹਿੰਦਾ ਵਛੇਰੀ ਨੂੰ ਛੋਲੇ ਚਾਰੋ ਇਕ ਵੱਟੀ। ਚਾਰ ਦਿੱਤੇ। ਕਹਿੰਦਾ ਵਛੇਰੀ ਤੇ ਬਿਠਾਅ ਦਿਉ ਕੁੜੀ ਨੂੰ। ਬਿਠਾ ਦਿੱਤੀ। ਹੁਣ ਕੁੜੀ ਦੇ ਦੋਹਾਂ ਗਿੱਟਿਆਂ ਨੂੰ ਵਛੇਰੀ ਦੇ ਥੱਲਿਉਂ ਪਰਨਾਂ ਲੰਘਾਅ ਕੇ ਆਪਸ ਵਿਚ ਬੰਨ੍ਹ ਦਿਉ ਤੇ ਪਾਣੀ ਪਿਆਉ ਵਛੇਰੀ ਨੂੰ। ਲਉ ਜੀ ਜੈਸੇ ਪਾਣੀ ਪੀਤਾ ਵਛੇਰੀ। ਫੁੱਲਿਆ ਢਿੱਡ। ਚੌੜੇ ਹੋਏ ਚੱਡੇ। ਚੂਲਾ ਤਾਂ ਜਰਕ ਦੇਣੀ ਚੜ੍ਹ ਗਿਆ। ਕੁੜੀ ਨੌਂ ਬਰ ਨੌਂ।



ਜੈਲਦਾਰ ਕਹਿੰਦਾ; ਆਫ਼ਰੀਨ ਤੇਰੇ। ਮੰਗ ਕੀ ਮੰਗਦੈ। ਕਹਿੰਦਾ, ਜੀ ਮੇਰੇ ਮੁੰਡੇ ਪੜ੍ਹ ਲਿਖ ਗਏ। ਬਾਂਹ ਫੜੋ ਸ਼ੋਹਦਿਆਂ ਦੀ। ਅੱਜ ਮਾਰਦੇ ਐ ਟੀਟਣੇ ਦੋਵੇਂ।

"ਅਸੀਂ ਪੁੱਛਿਆ, ਤੇਰੇ ਦਮਾਕ ਵਿਚ ਆਈ ਕਿਵੇਂ? ਕਹਿੰਦਾ ਮੈਂ ਸੋਚਿਆ, ਚੂਲਾ ਕੋਈ ਚੂਲ ਈ ਹੋਊ ਗੁੱਝੀ। ਅਸੀਂ ਗੁੰਮ ਚੂਲ ਸਿਕੰਜੇ ਨਾਲ ਕੱਸਦੇ ਹਾਂ। ਫੁੱਲੇ ਢਿੱਡ ਬਾਹਰ ਘੁੱਟ ਦਿੱਤੀ।...

ਅਸਲ ਵਿਚ ਇਕ ਸਮੇਂ ਬੂਰੇ ਦੀ ਹਰ ਮੈਦਾਨ ਫ਼ਤਿਹ ਹੋਈ। ਅਧੋਗਤੀ ਤਦ ਸ਼ੁਰੂ ਹੋਈ ਜਦੋਂ ਉਹਦੀ ਪਤਨੀ ਟਰਾਲੀ ਤੋਂ ਉੱਛਲ ਕੇ ਡਿੱਗੀ, ਤੇ ਮਰੀ। ਜਿਉਂਦੀ ਸੀ, ਤਾਂ ਕਦਰ ਨਾ ਜਾਣੀ। ਮੋਈ ਤਾਂ ਬੂਰੇ ਲਈ ਧਰਤੀ ਉਲਟ ਗਈ। ਨਾ ਤਾਜ਼ੀ ਰੋਟੀ। ਨਾ ਧੋਤੇ ਲੀੜੇ। ਨਾ ਦਿਲ ਦੀ ਗੰਢ ਖੋਲ੍ਹਣ ਲਈ ਥਾਂ। ਪਹਿਲਾਂ ਕੰਮ ਘਟਿਆ। ਫਿਰ ਕਦਰ। ਆਖ਼ਿਰ ਕੰਮ ਤੋਂ ਹੀ ਦਿਲ ਚੁੱਕਿਆ ਗਿਆ।

ਇਕ ਦਿਨ ਪਤਾ ਨਹੀਂ ਜੀ ਵਿਚ ਕੀ ਆਈ। ਜਿਸ ਰਾਹ ਵਿਚ ਉਸਦੀ ਪਤਨੀ ਮੋਈ; ਕਹੀ ਚੁੱਕ ਖੱਡੇ ਪੂਰਨ ਲੱਗਾ।

"ਕਾਰ ਸੇਵਾ ਕਰ ਲਈ ਸ਼ੁਰੂ?" ਕਿਸੇ ਟਿੱਚਰ ਕੀਤੀ।

ਦੂਜੇ ਭਲਕ ਉਸ ਕਾਰ ਸੇਵਾ ਵਾਲਿਆਂ ਦੇ ਪੈਰ ਜਾ ਫੜੇ।

"ਬਾਬਾ ਜੀ ਕਰੋ ਭਲਾ। ਰਾਹ ਦੇ ਖੱਡੇ ਹੀ ਪੂਰ ਦਿਉ।"

"ਅਸੀਂ ਗੁਰਦੁਆਰੇ ਤੋਂ ਬਾਹਰ ਤਦ ਝਾਕਦੇ ਆਂ, ਜੇ ਟੈਮ ਹੋਵੇ। ਤੂੰ ਕਾਰੀਗਰ ਹੈਂ ਫ਼ਿਲਹਾਲ ਅਈਥੇ ਕਰ ਸੇਵਾ। ਸਿੱਖੀ ਸਰੂਪ ਐ ਤੇਰਾ। ਅੰਮ੍ਰਿਤ ਛਕ। ਫਰੀ ਲੰਗਰ। ਫਰੀ ਬਾਣਾ। ਮੌਕਾ ਲੱਗਾ ਤਾਂ ਖੱਡੇ ਵੀ ਪੂਰ ਦਿਆਂਗੇ।"

ਬੂਰਾ ਨੱਚ ਉੱਠਿਆ।...

ਪਰ ਤਲਿਸਮ ਛੇਤੀ ਟੁੱਟ ਗਿਆ। ਪਤਾ ਲੱਗਾ ਕਾਰ ਸੇਵਾ ਲਈ ਗੁਰਦੁਆਰਿਆਂ ਦੇ ਸੌਦੇ ਹੁੰਦੇ ਸਨ। ਮਨ ਖੱਟਾ ਹੋਇਆ ਤਾਂ ਚਲਾ ਆਇਆ। ਪਰ ਬਾਣਾ ਨਾ ਤਿਆਗਿਆ। ਚਿੱਟੇ ਦੀ ਥਾਂ ਨੀਲਾ ਧਾਰਨ ਕਰ ਲਿਆ। ਪਿੰਡ ਦੇ ਲੋਕ ਮਿਸਤਰੀ ਅਤੇ ਛਾਂਗਾ ਕਹਿਣ ਦੇ ਨਾਲ-ਨਾਲ ਨਿਹੰਗ ਵੀ ਕਹਿਣ ਲੱਗੇ। ਕਈ ਟਿੱਚਰ ਨਾਲ। ਬਹੁਤੇ ਸਤਿਕਾਰ ਨਾਲ। ਦਿਹਾੜੀ ਛੁੱਟ ਜਾਣ ਕਾਰਨ ਅਤੇ ਸੇਵਾ ਵੱਲ ਵੱਧ ਉਲਾਰ ਹੋਣ ਕਰਕੇ ਫਾਕਾਕਸ਼ੀ ਇਤਨੀ ਵਧ ਗਈ; ਕਈ ਵੇਰ ਹਉਕਾ ਨਿਕਲਦਾ। ਕਿਸੇ ਨੇ ਗੁਰਦੁਆਰੇ ਬੈਠਣ ਦੀ ਸਲਾਹ ਦਿੱਤੀ। ਉਹ ਮੱਚ ਉੱਠਿਆ। ਹਰਾਮ ਦੀ ਕਮਾਈ ਉਸ ਲਈ ਮੁੱਢ ਤੋਂ ਗਊ ਦੀ ਗੋਤ ਰਹੀ ਸੀ।

ਗੁਜ਼ਾਰੇ ਲਈ ਸੋਚ ਹੀ ਰਿਹਾ ਸੀ ਜਾਂ ਇਕ ਮਰਗਟ 'ਤੇ ਗਿਆਂ ਉਸ ਸੜਕ ਕਿਨਾਰੇ ਕਈ ਦੁਕਾਨਾਂ ਦੇਖੀਆਂ। ਉਹ ਜਵਾਕਾਂ ਲਈ ਖਿਡਾਉਣੇ ਬਣਾ ਕੇ ਵੇਚ ਰਹੇ ਸਨ। ਉਹ ਰਾਹ ਵਿਚੋਂ ਹੀ ਪਰਤ ਆਇਆ। ਆਰੇ ਤੋਂ ਪੱਚਰਾਂ ਖ਼ਰੀਦ ਖਿਡਾਉਣੇ ਬਣਾਉਣ ਲੱਗਾ।

ਰਘੁਬੀਰ ਨੂੰ ਪਤਾ ਲੱਗਾ ਤਾਂ ਉਹ ਮਿੱਟੀ ਹੋ ਗਿਆ। ਸਾਰਾ ਮਨਸੂਬਾ ਹੀ ਠੁੱਸ ਹੋ ਗਿਆ। ਉਹ ਤਾਂ ਸੋਚ ਰਿਹਾ ਸੀ ਪਿਉ ਭੁੱਖਾ ਮਰਦਾ ਘਰ ਵੇਚ ਕੇ ਉਹਦੇ ਦਰੀਂ ਆ ਡਿੱਗੇਗਾ। ਇੰਜ ਤਾਂ ਤੇਰੀ ਡੁਲਕਾ ਚਲਦਾ ਰਹੇਗਾ ਤੇ ਘਰ ਵਿਕੇਗਾ ਹੀ ਨਹੀਂ। ਪੈਰਾਂ ਹੇਠ ਅੰਗਿਆਰ ਲਈ, ਰਘੂ ਪਤਨੀ ਨਾਲ ਪਿੰਡ ਆਇਆ।

"ਪੈਂਤੀ ਲੱਖ ਦੇ ਘਰ ਅਤੇ ਖੋਖੇ 'ਤੇ ਬੈਠ ਕੇ ਖਿਡਾਉਣਿਆਂ ਦੀ ਖੇਹ ਉਡਾਏਂਗਾ। ਨਿਹੰਗ ਬਣ ਕੇ ਘੱਟ ਜਲੂਸ ਨਿਕਲਿਆ? ਆਪਣਾ ਨਹੀਂ, ਘੱਟੋ-ਘੱਟ ਸਾਡਾ ਖਿਆਲ ਤਾਂ ਕਰ।"

ਭੂਰੇ ਨੂੰ ਧੁਰ ਅੰਦਰ ਤੱਕ ਪੀੜ ਹੋਈ। ਉਸ ਕੋਲ ਤਾਂ ਲਾ ਪਾ ਕੇ ਜਾਇਦਾਦ ਦੇ ਨਾਂ 'ਤੇ ਘਰ ਅਤੇ ਕਰਖਾਨੇ ਦਾ ਖੋਖਾ ਹੀ ਸੀ, ਜਿਸ ਨੂੰ ਉਸ ਚਿੱਪਰ ਚਿੱਪਰ ਕਰਕੇ ਜੋੜਿਆ ਸੀ। ਪੁੱਤ ਸੀ ਕਿ ਜੜ੍ਹਾਂ ਨੂੰ ਚੰਦ ਸਿੱਕਿਆਂ ਬਰਾਬਰ ਤੋਲ ਰਿਹਾ ਸੀ। ਇਹ ਤਾਂ ਕਸਾਈ ਵੱਲੋਂ ਖੱਲ ਹੇਠ ਮਾਸ ਟੋਹਣ ਦੇ ਤੁਲ ਸੀ।

ਭੂਰਾ ਪਿੰਡ ਬਾਰੇ ਕੁਝ ਕਹਿਣ ਲੱਗਾ ਤਾਂ ਰਘੂ ਟੋਕਿਆ।

"ਪਿੰਡ ਪਿੰਡ...ਕੀ ਐ ਸਾਡਾ ਪਿੰਡ ਵਿਚ? ਨਾ ਜ਼ਮੀਨ ਨਾ ਜਾਇਦਾਦ। ਸ਼ਹਿਰ ਵਿਚ ਸਾਡਾ ਰੁਤਬੈ। ਵਾਕਫ਼ੀਅਤ ਹੈ। ਤੂੰ ਇੱਥੇ ਇੱਟਾਂ ਪੱਥਰਾਂ ਨਾਲ ਹੀ ਚੰਬੜਿਆ ਬੈਠੈਂ। ਮਰ ਕੇ ਨਿਕਲੇਂਗਾ? ਕਿਉਂ ਜਲੂਸ ਕੱਢਦੈਂ ਸਾਡਾ।"

"ਮਿਹਨਤ ਜਲੂਸ ਹੋ ਗਈ?"

"ਮਜ਼ੂਰੀਆਂ ਤੱਕ ਕਰੇਂਗਾ ਬੁੱਤੀਆਂ?"

ਭੂਰੇ ਇਕ ਪਲ ਸੋਚਿਆ ਤੇ ਹਉਕਾ ਲਿਆ।

"ਦੇਖ ਓਏ ਸ਼ੇਰਾ। ਤੇਰੇ ਲਈ ਹੋਊਗੀ ਲੱਖਾਂ ਦੀ ਕੂੜੇ-ਖ਼ਾਕ। ਮੇਰੇ ਲਈ ਤਾਂ ਮੇਰੀਆਂ ਜੜ੍ਹੇ ਐ ਪਿੰਡ। ਬੁੱਤੀਆਂ ਕਰਦਾਂ ਤਾਂ ਕੀ ਹੋਇਆ। ਕਿਰਤ ਕਰੂੰ ਹਿੱਕ ਠੋਕ ਕੇ। ਸੇਵਾ ਕਰੂੰ ਰੂਹ ਨਾਲ। ਰਹੀ ਗੱਲ ਬਾਣੇ ਦੀ...ਇਹ ਨਾ ਤੇਰਾ, ਨਾ ਮੇਰਾ। ਬਾਣੈ ਸਿੱਖੀ ਦਾ। ਹੁਣ ਆ ਜਾ ਪਿਉ ਪੁੱਤ ਦੇ ਰਿਸ਼ਤੇ ਵੱਲ। ਕਾਹਦਾ ਰਿਸ਼ਤਾ? ਜਿੱਦੋਂ ਵੱਜ ਗਿਆ ਨਾ ਘੋਰੜੂ...ਤੂੰ ਕੌਣ ਮੈਂ ਕੌਣ। ਪਰ ਜੇ ਤੂੰ ਕਹੇਂ ਸ਼ਹਿਰ ਜਾ ਕੇ ਰੁਲ ਜਾਂ, ਤੇ ਮਰਨ ਤੋਂ ਪਹਿਲਾਂ ਮਰ ਜਾਂ। ਐਹੋ ਜਹੀ ਮੌਤ ਨੀ ਮਰਦਾ ਮੈਂ...।"

ਇਸ ਤਕਰਾਰ ਦਾ ਪਿੰਡ ਨੂੰ ਪਤਾ ਲੱਗਾ ਤਾਂ ਭੂਰੇ ਦੀ ਇੱਜ਼ਤ ਹੋਰ ਵਧ ਗਈ।

ਭੂਰੇ ਨੇ ਪੁੱਤਰ ਨੂੰ ਛੱਡ ਤਾਂ ਦਿੱਤਾ ਸੀ। ਇਕ ਤਰ੍ਹਾਂ ਬੁਢੇਪੇ ਦੀ ਡੰਗੋਰੀ ਪਰ੍ਹਾਂ ਵਗਾਹ ਮਾਰੀ ਸੀ। ਇਸਦੇ ਬਾਵਜੂਦ ਕਿ ਖਿਡਾਉਣੇ ਬਹੁਤੇ ਵਿਕਦੇ ਨਹੀਂ ਸਨ। ਬਥੇਰਾ ਸੜਕ ਕਿਨਾਰੇ ਚਿਣ-ਚਿਣ ਰੱਖਦਾ। ਬਾਈਪਾਸ ਤੋਂ ਲੋਕ ਇਸ ਤਰ੍ਹਾਂ ਸ਼ੂਟ ਵੱਟ ਕੇ ਲੰਘਦੇ, ਖੋਖੇ ਵੱਲ ਝਾਕਦੇ ਵੀ ਨਾ।

ਫਿਰ ਵੀ ਭੂਰਾ ਲੜ ਰਿਹਾ ਸੀ। ਆਪਣੇ ਫ਼ੈਸਲੇ ਤੇ ਗ਼ੁਰਬਤ ਨਾਲ।

ਕਿਉਂਕਿ ਉਸਨੇ ਲੜਨ ਦੀ ਠਾਣ ਲਈ ਸੀ।...



ਸਮਾਂ ਰੀਂਘਣ ਲੱਗਾ।...

ਇਕ ਦਿਨ ਸੂਰਜ ਅਚਾਨਕ ਪੱਛਮ ਵੱਲੋਂ ਚੜ੍ਹਿਆ। ਰਘੁਬੀਰ ਤੇ ਉਹਦੀ ਪਤਨੀ ਪਿੰਡ ਆਏ। ਭੂਰਾ ਹੈਰਾਨ। ਉਹਨਾਂ ਅੱਖਾਂ ਭਰੀਆਂ, ਤੇ ਕਿਹਾ।

"ਸਾਥੋਂ ਗ਼ਲਤੀ ਹੋਈ, ਮਕਾਨ ਵੇਚਣ ਨੂੰ ਕਿਹਾ।"

ਉਹ ਭੂਰੇ ਦੀ ਵਰਤੋਂ ਲਈ ਕਈ ਕੁਝ ਲੈ ਕੇ ਆਏ ਸਨ। ਉਹ ਹੈਰਾਨ ਹੋਏ, ਭੂਰਾ ਜੋ ਕੰਧਾਂ 'ਤੇ ਧੂੜ ਨਹੀਂ ਸੀ ਰਹਿਣ ਦਿੰਦਾ। ਮਕਾਨ ਵਲੋਂ ਬੇਮੁਖ ਹੋਇਆ ਲੱਗਦਾ ਸੀ। ਇਸ ਲਈ ਉਹਨਾਂ ਘਰ ਦੀ ਸਾਫ਼ ਸਫ਼ਾਈ ਕੀਤੀ ਅਤੇ ਕਈ ਦਿਨ ਪਿੰਡ ਰਹੇ।

ਭੂਰੇ ਦੀ ਰੋਟੀ ਪਾਣੀ ਦੀ ਗੱਲ ਤੁਰੀ ਤਾਂ ਉਹਨਾਂ ਕਿਹਾ।

"ਇਸਦਾ ਵੀ ਕਰ ਦਿੱਤਾ ਇੰਤਜ਼ਾਮ, ਪੱਕਾ।"

"ਕੀ ਸੋਚਿਆ?"

"ਮੇਰੀ ਸਾਲੀ ਬਲਵਿੰਦਰ ਦੀ ਬਦਲੀ ਹੋ ਗਈ ਸ਼ਹਿਰ। ਉਹ ਰਹੇਗੀ ਪਾਪਾ ਕੋਲ।"

"ਪਰ ਉਹ ਤਾਂ ਨਰਸ ਐ ਤੇ ਸ਼ਾਦੀ-ਸ਼ੁਦਾ।"

"ਛੱਡ-ਛਡਾਅ ਹੋ ਗਿਆ ਸਦਾ ਲਈ। ਪਹਿਲਾਂ ਤਾਂ ਪਿੰਡ ਲਈ ਮੰਨਦੀ ਨਹੀਂ ਸੀ। ਮਿੰਨਤੀ ਕੀਤੀ, ਤਾਂ ਮੰਨੀ।"

ਬਿੰਦਰੋ ਕੀ ਆਈ। ਭੂਰੇ ਲਈ ਸਵਰਗ ਉੱਤਰ ਆਇਆ।...

... ... ...

ਬਿੰਦਰੋ ਰਘੁਬੀਰ ਦੀ ਪਤਨੀ ਤੋਂ ਵੱਡੀ ਸੀ। ਲਗਦੀ ਛੋਟੀ। ਬਿੰਦਰੋ ਦੀਆਂ ਇੱਛਾਵਾਂ ਲਈ ਵਰਤਮਾਨ ਅਸਮਾਨ ਬਹੁਤ ਛੋਟਾ ਸੀ। ਉਹ ਬਹੁਤ ਉੱਚਾ ਅਤੇ ਦੂਰ ਉੱਡਣ ਦੀ ਅਭਿਲਾਸ਼ੀ ਸੀ। ਪਰ ਖੰਭ ਬਹੁਤ ਛੋਟੇ ਲੈ ਕੇ ਪੈਦਾ ਹੋਈ। ਮੌਜ ਕੇ ਜਿਉਣ ਦੀ ਲਿਲਕ ਨੇ ਪਤੀ ਨਾਲ ਰਿਸ਼ਤਾ ਝੁਲਸ ਦਿੱਤਾ ਤੇ ਵੱਖ ਹੋ ਗਈ।

ਸਾਲ ਵਿਚ ਹੀ ਉਹਨੇ ਭੂਰੇ ਦੀ ਕਾਇਆ ਪਲਟ ਦਿੱਤੀ। ਭੂਰੇ ਨੂੰ ਚੱਕਵੇਂ ਲੀੜ੍ਹੇ। ਸਵੇਰ ਸ਼ਾਮ ਰਸੋਈ ਵਿਚ ਤੜਕੇ। ਹਾਸਾ-ਠੱਠਾ ਤੇ ਮੋਹ ਪਿਆਰ। ਕੰਮ ਨਾ ਚੱਲਦਿਆਂ ਦੇਖ ਇਕ ਦਿਨ ਉਸ ਕਿਹਾ।

"ਬਹੁਤ ਧੰਦ ਪਿੱਟ ਲਿਆ ਅੰਕਲ ਤੁਸੀਂ, ਹੁਣ ਕਿਤੇ ਨਹੀਂ ਜਾਣਾ। ਬਸ ਧਰਮ-ਕਰਮ ਵੱਲ ਆਉ ਤੇ ਅੱਗਾ ਸਵਾਰੋ ਆਪਣਾ।"

"ਤੇ ਗੁਜ਼ਾਰਾ?"

"ਮੈਂ ਕਿਸ ਲਈ ਹਾਂ।"

"ਮੈਂ ਤੇਰਾ ਕਿਉਂ ਖਾਊਂਗਾ ਧੀਏ।"

"ਹੱਦ ਹੋ ਗਈ, ਇਹ ਤੇਰ-ਮੇਰ ਕਿੱਥੋਂ ਆ ਗਈ।"

ਨਾਂਹ-ਨਾਂਹ ਕਰਦੇ ਪਤਾ ਹੀ ਨਾ ਲੱਗਾ, ਕਦੋਂ ਬਿੰਦਰੋ ਨੇ ਘਰ ਦਾ ਖਰਚਾ ਓਟ

ਲਿਆ। ਭੂਰੇ ਫ਼ਿਕਰ ਕੀਤਾ ਤਾਂ ਉਸ ਕਿਹਾ।

"ਚਾਰ ਦਿਨ ਸੁਖ ਨਹੀਂ ਲਿਆ ਜਾਂਦਾ ਤੁਹਾਥੋਂ ?"

ਭੂਰੇ ਨੂੰ ਸਚਮੁਚ ਸੁਖ ਦਾ ਅਹਿਸਾਸ ਹੋਇਆ।

ਛੁੱਟੀ ਵਾਲੇ ਦਿਨ ਕਦੇ ਸਿਰ ਵਿਚ ਤੇਲ। ਕਦੇ ਲੱਤਾਂ ਪੈਰਾਂ ਦੀ ਮਾਲਸ਼। ਕਦੇ ਨਹੁੰਆਂ ਦੀ ਕੱਟ-ਕਟਾਈ। ਭੂਰੇ ਨੂੰ ਲੱਗਾ, ਉਹ ਦੁਨੀਆਂ ਤੇ ਹੁਣ ਹੀ ਆਇਆ।

ਖੋਖੇ ਤੇ ਕੰਮ ਕਰਨ ਦੀ ਥਾਂ, ਮੰਡੀ ਦੇ ਥੜ੍ਹਿਆਂ ਤੇ ਭੂਰੇ ਦੀਆਂ ਬੈਠਕਾਂ ਵਧਣ ਲੱਗੀਆਂ ਤਾਂ ਕਈਆਂ ਭੂਰਾ ਤ੍ਰਭਕ ਕੇ ਦੇਖਿਆ। ਕਈ ਹੈਰਾਨ ਹੋਏ। ਕੁਝ ਫ਼ਿਕਰਮੰਦ। ਬਹੁਤੇ ਮੁਸਕੜੀਏ ਹੱਸੇ।

ਲੋਕ ਭੂਰੇ ਵੱਲ ਹੌਰੂੰ-ਹੌਰੂੰ ਝਾਕਦੇ ਤਾਂ ਉਹ ਉਚਾਟ ਹੋ ਕੇ ਘਰ ਆ ਜਾਂਦਾ। ਬਾਹਰ ਦਿਲ ਨਾ ਲਗਦਾ ਤਾਂ ਬਿੰਦਰੋ ਨੂੰ ਉਡੀਕੀ ਜਾਂਦਾ। ਇਕ ਦਿਨ ਉਹਨੇ ਬਿੰਦਰੋ ਨੂੰ ਉਚਾਟ ਮਨ ਵਾਲੀ ਗੱਲ ਦੱਸੀ ਤਾਂ ਉਸਨੇ ਇਕੱਲੇ ਬਹਿਕੇ ਤਾਸ਼ ਦੇ ਪੱਤੇ ਜੋੜਨ ਅਤੇ ਸਾਥ ਹੋਣ 'ਤੇ ਭਾਬੋ-ਪੱਤੇ ਵਾਲੀ ਖੇਡ 'ਤੇ ਲਾ ਲਿਆ। ਭੂਰਾ ਬਹੁਤ ਘੱਟ ਬਾਹਰ ਦਿੱਸਣ ਲੱਗਾ।

ਜਾਣੂ ਟਿੱਚਰੀ ਉੱਤਰ ਆਏ।

"ਕਿਦੇਂ ਭੂਰਾ ਸਿਹਾਂ। ਚੱਲਦੇ ਵਰਮਾਂ, ਦੋਹੀਂ-ਦੋਹੀਂ ਹੱਥੀਂ।"

ਭੂਰਾ ਸਮਝਦਾ ਸੀ, ਉਹ ਕਿੱਥੋਂ ਬੋਲਦੇ ਸਨ। ਇਕ ਦਿਨ ਉਹਦੇ ਜੋਟੀਦਾਰ ਧੀਰੂ ਆਰੇ ਵਾਲੇ ਕਿਹਾ।

"ਵੈਸੇ ਜੂੰਨ ਸੁਧਰ ਗਈ ਤੇਰੀ, ਭਲਾ ਹੋਇਆ। ਇਕ ਗੱਲ ਪੁੱਛਾਂ ?"

"ਪੁੱਛ।"

"ਨਰਸ ਤੇਰੇ ਹਾਣ ਦੀ ਐ ?"

"ਨਹੀਂ।"

"ਤੇਰੀ ਸੱਕੀ ਐ ?"

"ਨਹੀਂ।"

"ਤੈਨੂੰ ਬੈਠੇ ਨੂੰ ਖਵਾਉਂਦੀ ਐ ?"

"ਆਪਣੀ ਮਰਜ਼ੀ ਨਾਲ। ਮੈਂ ਨਹੀਂ ਕਿਹਾ।"

"ਕੋਈ ਕਿਸੇ ਦੀ ਕਿਉਂ ਤੀਮਾਰਦਾਰੀ ਕਰੇਗਾ ?"

"ਪਤਾ ਨਹੀਂ।"

"ਫਿਰ ਹੋਸ਼ ਕਰ ਭਾਈ। ਕਿਤੇ ਊਈਂ ਨਾ ਬੋਕ ਦੇ ਸਿੰਗਾਂ ਨੂੰ ਹੱਥ ਪਾ ਲਈਂ।"

ਭੂਰੇ ਦਾ ਮੱਥਾ ਠਣਕਿਆ। ਉਹਨੂੰ ਤਾਂ ਪਤਾ ਹੀ ਨਹੀਂ ਸੀ ਲੱਗਾ ਕਦੋਂ ਦੋ ਸਾਲ ਨਿਕਲ ਗਏ ਸਨ। ਮਨ ਤੇ ਬੋਝ ਪੈ ਗਿਆ। ਭੂਰੇ ਸੋਚਣ ਦੀ ਕੋਸ਼ਿਸ਼ ਕੀਤੀ, ਕਈ ਵਾਰ ਉਹ ਬਿੰਦਰੋ ਨਾਲ ਸ਼ਹਿਰ ਗਿਆ। ਦੇਰ ਸਵੇਰ ਬਿੰਦਰੋ ਨਾਲ ਉਹਦੀ ਸਹੇਲੀ ਦੇ ਘਰ ਰਾਤ



ਨੂੰ ਵੀ ਰਿਹਾ। ਕਦੇ ਕਿਸੇ ਬਦੀ ਦੀ ਬੋਅ ਨਹੀਂ ਆਈ। ਫਿਰ ਧੀਰੂ ਕਿਉਂ ਫ਼ਿਕਰ ਕੀਤਾ। ਕਿਤੇ ਸਚਮੁਚ ਹੀ ਤਾਂ ਕੁਝ ਗ਼ਲਤ ਨਹੀਂ ਸੀ ਹੋ ਰਿਹਾ। ਇਕ ਦਿਨ ਗੁਆਂਢਣ ਧੱਤੋ ਮਹਿਰੀ ਆਈ।

"ਭੂਰਾ ਜਿਹਾਂ, ਸੁਣਿਆ ਰੰਗੀ ਵੱਸਦੈਂ ਭਾਈ।"

"ਥੋਡੇ ਪੈਰਾਂ ਸਦਕਾ ਤਾਈ।"

"ਸੁਣਿਆ ਬੜੀ ਸੇਵਾ ਹੁੰਦੀ ਐ।"

"ਉਹਦੀ ਮਰਜ਼ੀ ਤਾਈ। ਮੈਂ ਤਾਂ ਆਪਣੇ ਹਿਸਾਬ ਕੱਟ ਹੀ ਰਿਹਾ ਸੀ।"

"ਧੀ ਧਿਆਣੀ ਨੂੰ ਕੁਝ ਮੋੜੀਂ ਵੀ..., ਕਿਤੇ ਰਿਣ ਚਾੜ੍ਹ ਲਵੇਂ ਸਿਰ।"

"ਮੈਂ ਕੀ ਦੇਣੈ ਤਾਈ, ਹੁਣ ਤਾਂ ਮਿਹਨਤ ਮਜੂਰੀ ਵੀ ਗਈ।"

"ਚਲ ਚੰਗੀ ਭਾਈ, ਅੱਜ ਕੱਲ੍ਹ ਤਾਂ ਕੋਈ ਮੁਫ਼ਤ ਦਾ ਛਿੱਤਰ ਨੀਂ ਮਾਰਦਾ।"

ਧੀਰੂ ਤੇ ਧੱਤੋ ਦੀਆਂ ਗੱਲਾਂ ਭੂਰੇ ਨੂੰ ਤਿੱਖੀ ਬਰਛੀ ਵਾਂਗ ਵੱਜੀਆਂ। ਅਸਹਿ ਪੀੜ ਹੋਈ। ਵਾਰ ਇਤਨੇ ਤਿੱਖੇ ਸਨ; ਭੂਰਾ ਅੰਦਰ ਤੱਕ ਝੰਜੋੜਿਆ ਗਿਆ। ਉਹ ਕਰ-ਖਾਨੇ ਵਾਲੇ ਖੋਖੇ 'ਤੇ ਜਾਣ ਲੱਗਾ। ਵਾਹ ਲੱਗਦੀ ਕੰਮ ਵਿਚ ਖੁਭਣ ਦਾ ਯਤਨ ਕਰਦਾ। ਦਿਲ ਨਾ ਲੱਗਦਾ ਤਾਂ ਰਾਹ ਦੇ ਖੱਡੇ ਪੂਰਨ ਜਾ ਲਗਦਾ, ਜਾਂ ਕਾਰ ਸੇਵਾ ਵਿਚ ਚਲਾ ਜਾਂਦਾ।

ਉਸ ਅੰਦਰੇ ਹੀ ਅੰਦਰ ਬਿੰਦਰੋਂ ਵੱਲੋਂ ਪਾਸਾ ਵੱਟ ਲਿਆ ਅਤੇ ਦਲਾਨ ਦੀ ਥਾਂ ਬੈਠਕ ਵਿਚ ਸੌਣ ਲੱਗਾ। ਬਿੰਦਰੋ ਤਾੜ ਗਈ। ਭੂਰਾ ਕਿਸੇ ਸੁਰੱਖਿਅਤ ਮੋਰਚੇ ਵਿਚ ਦੜ ਰਿਹਾ ਸੀ।...

ਬਿੰਦਰੋ ਚਲਾਕ ਸੀ। ਉਹ ਭੂਰੇ ਦੇ ਹੋਰ ਨੇੜੇ ਹੋ ਗਈ। ਭੂਰੇ ਦਾ ਰੋਣ ਨਿਕਲ ਗਿਆ। ਉਹਨੂੰ ਸਮਝ ਨਹੀਂ ਸੀ ਆ ਰਹੀ ਉਹ ਕੀ ਕਰੇ। ਇਕ ਦਿਨ ਉਸ ਪੰਡਿਤ ਮੱਦੀ ਦੇ ਮੁੰਡੇ ਮੇਸ਼ੀ ਨੂੰ ਬਿੰਦਰੋ ਕੋਲ ਆਏ ਦੇਖਿਆ। ਰਾਤ ਕਾਫ਼ੀ ਦੇਰ ਤੱਕ ਨਾ ਗਿਆ ਤਾਂ ਭੂਰੇ ਨੂੰ ਸਾਰੀ ਰਾਤ ਨੀਂਦ ਨਾ ਆਈ। ਮੇਸ਼ੀ ਨਾਲ ਬਿੰਦਰੋ ਦੀ ਕੀ ਸਾਂਝ ?

ਫਿਰ ਮੇਸ਼ੀ ਹਰ ਦਿਨ ਆਉਣ ਲੱਗਾ ਤਾਂ ਭੂਰੇ ਨੂੰ ਪਹਿਲੀ ਵੇਰ ਕਿਸੇ ਖ਼ਤਰੇ ਦਾ ਅਹਿਸਾਸ ਹੋਇਆ। ਬੋਲਚਾਲ ਬੰਦ ਨਾ ਹੁੰਦੀ ਤਾਂ ਪੁੱਛ ਹੀ ਲੈਂਦਾ। ਫ਼ਿਰ ਵੀ ਉਸ ਗੁੱਸੇ ਦਾ ਇਜ਼ਹਾਰ ਕਰਦੇ ਕਿਹਾ।

"ਕੱਲ੍ਹ ਤੋਂ ਮੇਰੀ ਰੋਟੀ ਨਾ ਪਕਾਈਂ।"

"ਚੰਗਾ ਕੀਤਾ, ਮੈਂ ਆਪ ਹੀ ਕਹਿਣ ਵਾਲੀ ਸੀ।"

ਭੂਰਾ ਹੈਰਾਨ ਰਹਿ ਗਿਆ। ਉਸ ਤਾਂ ਸੋਚਿਆ, ਉਹ ਸ਼ਰਮ ਮੰਨੇਗੀ ਅਤੇ ਸਮਝ ਜਾਵੇਗੀ, ਮੈਂ ਕਿਉਂ ਕਿਹਾ। ਪਰ ਸ਼ਰਮ ਉਹਦੀ ਜੁੱਤੀ ਨੂੰ ਵੀ ਚੇਤੇ ਨਹੀਂ ਸੀ। ਮੇਸ਼ੀ ਹਰ ਰੋਜ਼ ਆਉਣ ਲੱਗਾ ਸੀ ਅਤੇ ਦੇਰ ਰਾਤ ਤੱਕ ਰੁਕਦਾ ਸੀ। ਭੂਰੇ ਦਾ ਮੱਥਾ ਟੱਸ ਟੱਸ ਕਰਦਾ। ਇਕ ਦਿਨ ਘਰ ਆਏ ਨੂੰ ਭੂਰੇ ਪੁੱਛ ਹੀ ਲਿਆ।

"ਕੀ ਲੈਣ ਆਇਆ ਬਈ ਤੂੰ ?"

"ਮੇਰੇ ਨਾਲ ਕੰਮ ਕਰਦੈ ਡਿਸਪੈਂਸਰੀ ਵਿਚ।" ਮੇਸ਼ੀ ਦੀ ਥਾਂ ਬਿੰਦਰ ਕਿਹਾ।

ਭੂਰੇ ਪਤਾ ਕੀਤਾ, ਇਹ ਝੂਠ ਸੀ। ਤਦ ਭੂਰੇ ਨੂੰ ਕਿਸੇ ਸਾਜਿਸ਼ ਦੀ ਬੂਅ ਆਈ।

"ਝੂਠ ਕਿਉਂ ਬੋਲਿਆ ਧੀਏ।"

"ਕੋਈ ਝੂਠ ਨਹੀਂ। ਅੱਜ ਭਲਕ ਬਦਲੀ ਹੋ ਰਹੀ ਏ ਇਹਦੀ।"

"ਹੋ ਰਹੀ ਏ ਤਾਂ ਅਈਥੇ ਧਾਰਾਂ ਲੈਣ ਆਉਂਦੈ ?"

"ਇਹਦਾ ਘਰ ਹੈ, ਇਹ ਤਾਂ ਆਏਗਾ ਹੀ...।"

ਭੂਰੇ ਦੇ ਸਿਰ ਵਿਚ ਕੁਝ ਵੱਜਿਆ। ਉਸ ਕੀ ਸੁਣਿਆ। ਕੰਨਾਂ ਵਿਚ ਸਾਂ ਸਾਂ ਹੋਈ।

"ਕੀ ਬਕ ਰਹੀ ਏਂ ਤੂੰ ? ਘਰ ਉਹਦਾ ਕਿਵੇਂ ਹੋ ਗਿਆ ?"

"ਜਿਵੇਂ ਤੁਸੀਂ ਮੇਰੇ ਹੋ ਗਏ।"

"ਸ਼ਰਮ ਨਹੀਂ ਆਉਂਦੀ ਮਜ਼ਾਕ ਕਰਦੇ।"

"ਸ਼ਰਮ ਕਾਹਦੀ, ਮੈਂ ਵਿਆਹ ਕਰਵਾ ਰਹੀ ਹਾਂ ਇਸ ਨਾਲ।"

"ਬੁਲਾਅ ਰਘੁਬੀਰ ਨੂੰ ਤੇਰੇ ਜੁੱਤੀਆਂ ਮਰਾਵਾਂ।"

"ਓਸੇ ਦੀ ਤਾਂ ਪਲੈਨਿੰਗ ਹੈ। ਉਹੀ ਜੁੱਤੀਆਂ ਮਾਰੂਗਾ ?"

"ਕੈਸੀ ਪਲੈਨਿੰਗ ?" ਭੂਰੇ ਕੰਧ ਦਾ ਸਹਾਰਾ ਲਿਆ ਅਤੇ ਬੈਠ ਗਿਆ। ਉਸਦਾ ਸਾਹ ਸੁੱਕ ਰਿਹਾ ਸੀ ਅਤੇ ਮੱਥਾ ਫਟ ਰਿਹਾ ਸੀ।

"ਅੰਕਲ ਤੈਨੂੰ ਪਤਾ ਨਹੀਂ, ਤੇਰੇ ਨਾਲ ਕੀ ਹੋਣ ਵਾਲੈ।"

"ਕੀ ਕਰੇਗੇ ? ਤੂੰ ਬੁਲਾਅ ਉਸਨੂੰ ਮੈਂ ਕਰਦਾਂ ਗੱਲ।"

"ਬਿਲਕੁਲ, ਉਹ ਤਾਂ ਵੇਟ ਕਰ ਰਿਹੈ ਆਉਣ ਦੀ...।"

"ਕਾਹਦੀ ਵੇਟ ? ਕੀ ਕਰੇਗਾ ਉਹ ?"

"ਜੋ ਇਨਵਸਟ ਕੀਤਾ, ਉਸਦੀ ਡੀਲ...।"

"ਕੈਸੀ ਡੀਲ। ਉਹਨੂੰ ਕਹਿ ਆਵੇ ਤੇ ਦੱਸੇ ਕਿਹੜੀ ਡੀਲ ਕਰਦੈ ਪਿਉ ਨਾਲ।"

"ਪਹਿਲਾਂ ਦਿਮਾਗ ਠੰਡਾ ਕਰ...। ਆ ਸਮਝਾਵਾਂ ਤੈਨੂੰ।"

ਬਿੰਦਰ ਤੇ ਮੇਸ਼ੀ ਭੂਰੇ ਨੂੰ ਅੰਦਰਲੇ ਸੁਫ਼ੇ 'ਚ ਲੈ ਆਏ। ਭੂਰਾ ਮਿੱਟੀ ਸੀ।

"ਦੇਖ ਮੈਂ ਤੇ ਦੀਦੀ ਨੇ ਫਲੈਟ ਲਿਆ ਚੰਡੀਗੜ੍ਹ। ਪੈਸੇ ਚਾਹੀਦੇ ਸੀ ਅੰਨ੍ਹੇ। ਤੈਨੂੰ ਘਰ ਵੇਚਣ ਲਈ ਕਿਹਾ। ਤੂੰ ਅੜ ਗਿਆ। ਫਿਰ ਸੋਚਿਆ ਮਕਾਨ ਵਿਚੋਂ ਤਾਂ ਅੱਧ ਆਊ। ਅੱਧ ਨਾਲ ਸਰਨਾ ਨਹੀਂ। ਸਾਰ ਵੀ ਲਿਆ ਤਾਂ ਤੇਰਾ ਕੀ ਕਰਾਂਗੇ। ਪਹਿਲਾਂ ਸੋਚਿਆ ਬਿਰਧ ਆਸ਼ਰਮ। ਫਿਰ ਸੋਚਿਆ ਪੱਕਾ ਭੇਜੋ। ਫਿਰ ਰਘੂ ਪਲੈਨ ਕੀਤਾ। ਬਦਲੀ ਕਰਾਈ ਮੇਰੀ। ਹੁਣ ਸਾਰਾ ਘਰ ਤੇ ਖੋਖਾ ਸਾਡਾ। ਤੂੰ ਪੁੱਛ ਕਿਵੇਂ ? ਤੇਰੀਆਂ ਅਸ਼ਲੀਲ



ਤਸਵੀਰਾਂ ਤੇ ਫਿਲਮਾਂ ਨੇ ਸਾਡੇ ਕੋਲ। ਦੇਖੇਂਗਾ ਤਾਂ ਹੋਸ਼ ਉੱਡ ਜਾਣਗੇ।" ਮੇਸ਼ੀ ਲੈਪਟਾਪ ਖੋਲ੍ਹਿਆ।

ਭੂਰੇ ਦੀ ਜਾਨ ਮੁੱਠੀ ਵਿਚ ਆ ਗਈ।

ਭੂਰਾ ਜਿਵੇਂ-ਜਿਵੇਂ ਦੇਖਦਾ ਗਿਆ, ਬੁੱਝਦਾ ਚਲਾ ਗਿਆ। ਉਹਨੂੰ ਲੱਗਾ ਉਹ ਬਹੁਤ ਵੱਡੇ ਸੰਕਟ ਵਿਚ ਘਿਰ ਚੁੱਕਾ ਸੀ।

"ਹੁਣ ਤੇਰੇ ਕੋਲ ਦੋ ਰਾਹ ਨੇ। ਮਕਾਨ ਅਤੇ ਖੋਖੇ ਦੀ ਮਿੱਟੀ ਪਾ ਕੇ ਇਸ ਕੰਜਰਖਾਨੇ ਨੂੰ ਦੱਬਣਾ ਹੈ ਜਾਂ ਕਾਲਖ਼ ਮਲ ਕੇ ਕੁੱਤੇ ਦੀ ਮੌਤ ਮਰਨੈ।"

ਭੂਰੇ ਦਾ ਗਲਾ ਭਰਿਆ ਅਤੇ ਰੁੰਦੇ ਗਲੇ ਨਾਲ ਕਿਹਾ।

"ਤੁਸੀਂ ਇੰਜ ਕਿਉਂ ਕੀਤਾ ਧੀਏ।"

"ਤੇਰੀ ਤੀਵੀਂ ਮਰੀ, ਤਾਂ ਨਾ ਤੂੰ ਮਰਿਆ। ਕਾਰੋਬਾਰ ਗਿਆ, ਤਾਂ ਨਾ ਮਰਿਆ। ਵਕੀਲ ਕਿਹਾ, ਪਿੰਡ 'ਚੋਂ ਜੜ੍ਹਾਂ ਪੁੱਟ ਦਿਉ ਆਪੇ ਮਰ ਜਾਵੇਗਾ। ਪਰ ਤੂੰ ਤਾਂ ਢੀਠ ਨਿਕਲਿਆ ਪੂਰਾ। ਹੁਣ ਆਹ ਫਿਮੈ ਕਾਗਜ਼। ਇਹਦੇ 'ਤੇ ਘੁੱਗੀ ਮਾਰ, ਤੇ ਤੂੰ ਸੁਰਖਰੂ। ਜੇ ਦਾੜ੍ਹੀ ਦਾ ਬੂੰਡਾ ਬਣਵਾਉਣੈ ਤਾਂ ਦੱਸ।"

ਭੂਰੇ ਦੀ ਘਿੱਗੀ ਬੱਝ ਗਈ। ਉਹਨੂੰ ਲੱਗਾ ਉਹ ਤਬਾਹ ਹੋ ਚੁੱਕਾ ਸੀ।

"ਬਹੁਤ ਜ਼ੁਲਮ ਕੀਤਾ ਤੁਸੀਂ।"

"ਇਹ ਤਾਂ ਸੌਦੇ ਅੰਕਲ ਜੀ ਮਹਾਂਰਾਜ। ਇਕ ਪਾਸੇ ਦਿਉ। ਦੂਜੇ ਪਾਸੇ ਵਿਆਜ ਸਮੇਤ ਲਵੋ।"

"ਇੱਜ਼ਤ ਬਦਲੇ ?"

"ਇਹ ਤਾਂ ਕੁਝ ਵੀ ਨਹੀਂ। ਤੇਰੇ ਤੋਂ ਦੋ ਵੇਰ ਹਾਮਲਾ ਹੋਣ, ਤੇ ਦੋ ਵੇਰ ਹਮਲ ਗਿਰਾਉਣ ਦੇ ਪਰੂਫ਼ ਵੀ ਨੇ ਮੇਰੇ ਕੋਲ। ਤੇਰੇ ਲਈ ਹਾਰ ਤੋਂ ਬਿਨਾਂ ਹੁਣ ਕੋਈ ਰਾਹ ਨਹੀਂ ਅੰਕਲ ਸਾਬ੍ਹ। ਸੋਚ ਕੇ ਦੇਖ ਤੇਰੇ ਨਾਲ ਕੀ ਹੋਣ ਵਾਲੈਂ। ਨਿਹੱਥਾ ਹੈਂ ਤੂੰ।"

ਬਿੰਦਰ ਤੀਰ ਭੂਰੇ ਦੀ ਹਿੱਕ ਵਿਚ ਹੀ ਛੱਡਿਆ ਤੇ ਚਲੀ ਗਈ।...

ਉਸ ਪਲ ਭੂਰੇ ਲਈ ਜ਼ਿੰਦਗੀ ਦੇ ਅਰਥ ਹੀ ਬਦਲ ਗਏ।...

... ... ...

ਅਗਲੀ ਸਵੇਰ ਕਿਸੇ ਨੇ ਭੂਰਾ ਖੋਖੇ ਮੂਹਰੇ ਖੜ੍ਹਾ ਦੇਖਿਆ ਤਾਂ ਰੌਲਾ ਪੈ ਗਿਆ। ਮਘੀਰ ਅਤੇ ਮੋਹਤਬਿਰ ਦੌੜੇ ਆਏ।

"ਤੈਂ ਤਾਂ ਜਾਨ ਈ ਕੱਢ ਦਿੱਤੀ ਭੂਰਾ ਸਿਹਾਂ।" ਕਿਸੇ ਕਿਹਾ।

"ਕਾਹਤੋਂ ਜੀ।"

"ਫਾਹਾ ਲੈਣ ਵਾਲੀ ਗੱਲ ਤੋਂ।"

"ਬੱਸ ਐਵੇਂ, ਜੀ 'ਚ ਆ ਗਈ।"

"ਸੱਚੀਂ ਫਾਹ ਲੈਣ ਗਿਆ ਸੀ ਤੂੰ ?"

"ਹਾਂ।"

"ਕਿਉਂ ?"

"ਮਨ ਚੋਕਿਆ ਗਿਆ ਬੱਸ।"

"ਮੰਦਿਰ ਵਿਚ ਕਿਉਂ ਜਾ ਵੜਿਆ ਤੂੰ ?" ਕਿਸੇ ਹੋਰ ਕਿਹਾ।

"ਸੀ ਕੋਈ ਹਸਾਬ ਪੰਡਿਤ ਦੇ ਮੁੰਡੇ ਨਾਲ।"

"ਫਿਰ ਮਰਿਆ ਨਾ...।" ਕਿਸੇ ਮਨਚਲੇ ਕਿਹਾ।

"ਇਕ ਤਾਂ ਮੋਚ਼ੀ 'ਤੇ ਤਰਸ ਆ ਗਿਆ। ਦੂਜਾ ਮਨ 'ਚ ਆਈ ਮੈਂ ਗੁਰੂ ਦਾ ਸਿੱਖ, ਮੈਂ ਕਿਉਂ ਮਰਾਂ। ਮਰਨ ਉਹ ਜਿਨ੍ਹਾਂ ਪਾਪ ਕੀਤਾ।"

"ਕਿਨ੍ਹਾਂ ਕੀਤਾ ਪਾਪ ?"

"ਮੇਰੇ ਰਘੂ ਤੇ ਬਿੰਦਰੇ।"

"ਉਨ੍ਹਾਂ ਕੀ ਨਵਾਂ ਕਰ ਲਿਆ ?..."

"ਕਹਿੰਦੇ ਮੈਂ ਬਦਕਾਰ ਆਂ ਬਿੰਦਰੋ ਨਾਲ। ਕੁੜੀ ਨਾਲ ਬਦਫ਼ੈਲੀ ਕੀਤੀ ਮੈਂ।"

"ਕੋਰਾ ਝੂਠ। ਸਾਰਾ ਪਿੰਡ ਜਾਣਦੈ ਤੇਨੂੰ।"

"ਪਿੰਡ ਤਾਂ ਬਾਦ ਵਿਚ ਜਾਣੂ। ਪਹਿਲਾਂ ਤਾਂ ਮੇਰੇ ਅੰਦਰਲਾ ਭੂਰਾ ਕਹੇ ਬਈ ਪਾਕ ਐਂ ਤੂੰ।"

"ਕਹੀ ਜਾਣ ਦੇ ਕਾਵਾਂ ਦੇ ਆਖੇ ਢੋਰ ਮਰੇ ਐ ਕਦੇ।"

"ਉਹ ਤਾਂ ਮਾਰ ਕੇ ਚੱਕੀ ਵੀ ਫਿਰਦੇ ਐ।"

"ਕਿਵੇਂ ?"

"ਫੋਟੋਆਂ ਚੱਕੀ ਫਿਰਦੇ ਐ ਗੰਦੀਆਂ ਮੇਰੀਆਂ ਤੇ ਬਿੰਦਰੋ ਦੀਆਂ।"

"ਤੂੰ ਕੀ ਕਿਹਾ ?"

"ਮੈਂ ਕੀ ਕਹਿਣਾ ਸੀ। ਕੱਲ੍ਹ ਕਚਹਿਰੀ ਗਿਆ ਤੇ ਕਾਗਤ ਬਦਲ ਦਿੱਤਾ।"

"ਕੈਸਾ ਕਾਗਜ਼ ?"

"ਜਿਸ ਮਕਾਨ ਤੇ ਖੇਖੇ ਲਈ ਕੰਜਰਾਂ ਝੂਠ ਰਚਿਆ, ਉਹ ਤਾਂ ਪੰਜ ਸਾਲ ਪਹਿਲਾਂ ਹੀ ਮੈਂ ਉਹਨਾਂ ਦੇ ਨਾਂ ਕਰ ਤਾ ਸੀ। ਬੱਸ ਕੁੱਤਿਆਂ ਤੋਂ ਸਬਰ ਨਾ ਹੋਇਆ।"

"ਤੂੰ ਸਾਰਾ ਦਿਨ ਨਾ ਦਿੱਸਿਆ ਤਾਂ ਸਾਨੂੰ ਫ਼ਿਕਰ ਹੋਇਆ।"

"ਪਹਿਲਾਂ ਕਚਹਿਰੀ ਗਿਆ, ਫਿਰ ਕਾਰ ਸੇਵਾ ਵਾਲਿਆਂ ਕੋਲ।"

"ਉਹਨਾਂ ਕੋਲ ਕਿਉਂ ?"

"ਸੋਚਿਆ ਬਦੀ 'ਤੇ ਉੱਤਰੇ ਐ, ਕਾਲਖ ਤਾਂ ਲਾਉਣਗੇ ਹੀ। ਕਹਿੰਦੇ ਬੁੱਡਾ ਬਣਾਵਾਂਗੇ ਦਾੜ੍ਹੀ ਦਾ। ਹੁਣ ਜਦ ਕੌਡੀ ਨਹੀਂ ਮਿਲਣੀ ਤਾਂ ਪਤਾ ਨਹੀਂ ਕੀ ਕੀ ਕਰਨਗੇ। ਸੋਚਿਆ ਪਿੰਡੇ 'ਤੇ ਲੱਗੀ ਕਾਲਖ ਤਾਂ ਧੋ ਲਊਂਗਾ ਮੈਂ। ਬਾਣੇ 'ਤੇ ਲੱਗੀ ਕਾਲਖ ਨਹੀਂ ਜਰੀ ਜਾਣੀ। ਬਾਣਾ ਬੇ-ਦਾਗ ਮੋੜ ਦਿੱਤਾ। ਹੁਣ ਕੋਈ ਪ੍ਰਵਾਹ ਨਹੀਂ।...



"ਅੱਗੋਂ ਕੀ ਸੋਚਿਆ ?"

"ਸੋਚ ਲਿਆ...ਪੁੱਤਰ ਧੀ ਬਣ ਕੇ ਮੰਗਦੇ ਤਾਂ ਜਾਨ ਹਾਜ਼ਰ ਸੀ। ਹੁਣ ਜੰਗ ਐ ਝੂਠ ਸੱਚ ਦੀ...। ਫ਼ੈਸਲਾ ਹੋਊ ਰਣ ਵਿਚ...।"

ਭੂਰੇ ਦੇਹ ਵਿਚ ਪੂਰਾ ਤਾਣ ਕੱਠਾ ਕੀਤਾ। ਮੱਥਾ ਤਣਿਆ। ਸਿਰ ਉਚਾ ਕੀਤਾ ਤੇ ਆਏ ਬੰਦਿਆਂ ਵੱਲ ਸ਼ਾਨ ਨਾਲ ਦੇਖ, ਦੋ ਵੇਰ ਪੱਟ ਤੇ ਥਾਪੀ ਮਾਰ... ਬੇਧੜਕ ਖੇਖੇ ਮੂਹਰੇ ਪਾਣੀ ਛਿੜਕਣ ਲੱਗਾ।...

•

## ਇੱਛਾਧਾਰੀ

ਮੈਂ ਤੇ ਮੱਦੀ ਸੈਰ 'ਤੇ ਸਾਂ।...

ਕਿਸੇ ਰਾਹ ਲੰਘਦੇ ਕਿਹਾ।

"ਵੀਰ ਜੀ ਉਸ ਤੇਤੀ ਨੰਬਰ ਵਾਲੇ ਘਰ 'ਚ ਕੋਈ ਆ ਗਿਆ।"

"ਕੌਣ ਐ?" ਮੈਂ ਪੁੱਛਿਆ।

"ਪਤਾ ਨਹੀਂ ਪਰ ਆ ਗਿਆ।"

"ਕੋਈ ਭਈਐ?" ਮੱਦੀ ਪੁੱਛਿਆ।

"ਨਾ ਜੀ, ਨਿਰਾ ਦੇਸੀ। ਰੇੜ੍ਹੇ ਤੇ ਆਈ ਭਾਜੜ।"

"ਰੇੜ੍ਹੇ 'ਤੇ? ਐਹੋ ਜਿਹਾ ਕਿਹੜਾ ਆ ਗਿਆ ਬਈ।" ਮੱਦੀ ਹੈਰਾਨ।

ਸੱਚਮੁਚ ਹੈਰਾਨੀ ਦੀ ਗੱਲ ਸੀ। ਸੈਰ ਵਿਚੇ ਛੱਡ ਅਸੀਂ ਤੇਤੀ ਨੰਬਰ ਵੱਲ ਤੁਰੇ ਆਏ। ਅੱਗੇ ਆਏ ਤਾਂ ਸਭ ਕੁਝ ਸੜਕ 'ਤੇ ਹੀ ਪਿਆ ਸੀ।

ਸਾਈਕਲ। ਮੰਜਾ। ਘੜਾ। ਦੋ ਵੱਡੇ ਬੋਰੇ। ਭਾਂਡੇ, ਅਤੇ ਪਰੇ ਇਕ ਮੰਜੇ ਤੇ ਬੈਠੀ ਕੋਈ ਤੀਵੀਂ। ਉੱਤਰਦੇ ਹਨੇਰੇ ਵਿਚ ਪਿਆ ਸਮਾਨ ਬੜਾ ਅਜੀਬ ਲੱਗਿਆ। ਤਦੇ ਅੰਦਰੋਂ ਨਿਕਲਿਆ ਬੰਦਾ, ਬੜਾ ਹੁੱਬ ਕੇ ਮਿਲਿਆ।

ਚੂੜੀਦਾਰ ਪਜਾਮਾ। ਲੰਮੀ ਐਚਕਨ। ਜੇਬੀ ਘੜੀ। ਚਮਕਦੀ ਜੁੱਤੀ। ਉਲਟਾਅ ਕੇ ਬੰਨ੍ਹੀ ਦਾੜ੍ਹੀ। ਥੱਲੇ ਡੋਰੀ। ਉੱਤੇ ਜਾਲੀ। ਲੰਮਾ ਕੱਦ। ਗੋਰਾ ਰੰਗ। ਰਿਆਸਤੀ ਦਿੱਖ।

ਅਸੀਂ ਸਾਮਾਨ ਅਤੇ ਉਸ ਵੱਲ ਦੇਖਦੇ ਹੀ ਰਹਿ ਗਏ।...

"ਕਿਰਾਏ 'ਤੇ ਲਿਆ?" ਮੱਦੀ ਝਕਦੇ ਜਿਹੇ ਪੁੱਛਿਆ।

"ਨਾ ਜੀ ਮੁੱਲ।"

"ਮੁੱਲ?" ਮੱਦੀ ਤ੍ਰਭਕਿਆ, "ਕਿੰਨੇ ਦਾ ਮਿਲਿਆ?"

"ਬੱਸ ਲੈ ਲਿਆ। ਡੀਲਰ ਤਾਂ ਕਹਿੰਦਾ ਸਮਝ ਲੈ ਮੁਫ਼ਤ ਮਿਲਿਆ।"

"ਤੁਹਾਨੂੰ ਪਤੈ ਨਾ ਇਸ ਮਕਾਨ ਬਾਰੇ?"

"ਇਕ ਮਿਨਟ", ਆਖ ਉਹ ਮੰਜੇ 'ਤੇ ਬੈਠੀ ਤੀਵੀਂ ਕਲਾਵੇ 'ਚ ਭਰ ਅੰਦਰ ਲੈ ਗਿਆ। ਮੁੜਦੇ ਨੇ ਟਰੰਕੀ ਤੋਂ ਇਕ ਤਖ਼ਤੀ ਚੁੱਕੀ। ਝਾੜੀ। ਇਧਰ-ਉਧਰ ਦੇਖ, ਬਾਰੀ ਵਿਚ ਟਿਕਾਈ ਅਤੇ ਸਾਡੇ ਵੱਲ ਆਇਆ।

ਅਸੀਂ ਤਖ਼ਤੀ ਪੜ੍ਹੀ।



ਬੱਲ ਸਿੰਘ ਰੰਘਰੇਟਾ

ਪੁੱਤਰ

ਖੁਸ਼ੀਆ ਸਿੰਘ ਰੰਘਰੇਟਾ

(ਚੋਬਦਾਰ ਕੁੱਤਾਖਾਨਾ)

ਮੈਂ ਤੇ ਮੱਦੀ ਇਕ ਦੂਜੇ ਵੱਲ ਵੇਖ ਮੁਸਕਾਏ।

"ਹਾਂ ਜੀ ਹੁਣ ਪੁੱਛੋ।"

"ਦਰਅਸਲ ਕਈ ਸਾਲਾਂ ਤੋਂ ਖਾਲੀ ਪਿਐ ਮਕਾਨ। ਕਈ ਲੋਕ ਰਹੇ। ਸਭ ਦਾ ਨੁਕਸਾਨ ਹੋਇਆ। ਜਾਨੀ ਵੀ। ਮਾਲੀ ਵੀ। ਤਾਂ ਕਿਹਾ।"

"ਦੱਸਿਆ ਡੀਲਰ ਨੇ... ਮੈਂ ਕਿਹਾ, ਰੰਘਰੇਟਾਂ ਮੈਂ। ਤੂੰ ਅੱਖਾਂ ਮੀਟ ਕੇ ਕਰ ਸੌਦਾ।"

"ਬਾਕੀ ਪਰਿਵਾਰ?" ਮੈਂ ਪੁੱਛਿਆ।

ਕੁਝ ਕਹਿਣ ਦੀ ਥਾਂ ਉਸ ਮੋਢੇ ਉਚਕਾਏ ਤੇ ਹਨੇਰੇ 'ਚ ਦੇਖਿਆ।

"ਢਿੱਲੇ ਨੇ ਮੈਡਮ?"

ਉਸ ਹਉਕਾ ਲਿਆ। ਤ੍ਰਾਣ ਇਕੱਠਾ ਕੀਤਾ। ਬੁੱਲ੍ਹ ਕੰਬੇ।

"ਜਵਾਨ ਪੁੱਤ ਮਰ ਗਿਆ। ਦਿਲ ਨੂੰ ਲਾ ਕੇ ਅਧਰੰਗ ਕਰਾ ਲਿਆ। ਹੁਣ ਤਾਂ ਬੋਲ ਵੀ ਨਹੀਂ ਸਕਦੀ।" ਉਸ ਨਮ ਹੋਈਆਂ ਅੱਖਾਂ ਲਕੋਈਆਂ।

"ਕੋਈ ਇਲਾਜ ਵਗੈਰਾ..." ਉਸ ਮੇਰੇ ਵੱਲ ਹਕਾਰਤ ਨਾਲ ਦੇਖ, ਤਿਊੜੀ ਪਾਈ।

"ਮਰੇ ਪੁੱਤ ਦਾ ਕੀ ਕਰਾਉਂਦਾ?"

ਉਹ ਰੁੱਖਾ ਬੋਲਿਆ ਤਾਂ ਅਸੀਂ ਚਲੇ ਆਏ।

"ਮੈਨੂੰ ਤਾਂ ਮੂਰਖ ਲੱਗਿਆ ਸਾਲਾ।" ਆਉਂਦੇ ਮੱਦੀ ਕਿਹਾ।

"ਰੁਕਿਆ ਹੋਇਐ ਕਿਤੇ।" ਮੈਂ ਕਿਹਾ।

"ਕਿਵੇਂ?"

"ਥਿੱਕ ਪ੍ਰਸਨੈਲਟੀ ਐ। ਜਾਤ, ਪਿਉ, ਪੁਰਖੇ ਨਾਲ-ਨਾਲ ਚੱਕੀ ਫਿਰਦੈ।"

"ਕੱਪੜੇ ਦੇਖੇ ਸੀ? ਡੰਜੀ ਬੈਂਡ ਅਰਗੇ। ਸਹੁਰਿਆਂ ਤੂ ਪਾਇਆ ਦੇਖ ਆਪਦੀ। ਧੀ ਪੁੱਤ ਹੈ ਨੀ। ਤੀਵੀਂ ਨਾ ਹੋਇਆਂ ਅਰਗੀ ਐ। ਆਹ ਤੇਤੀ ਨੰਬਰ ਰਹਿ ਗਿਆ ਸੀ..."

ਸਵੇਰ ਤੱਕ ਸਾਰੀ ਕਾਲੋਨੀ ਦੀ ਹਵਾ ਬੋਝਲ ਸੀ।

ਇਨ੍ਹਾਂ ਕਾਲੋਨੀਆਂ 'ਚ ਕੌਣ ਆਇਆ? ਕਿੱਥੋਂ ਆਇਆ? ਕਿਸੇ ਨੂੰ ਕੋਈ ਮਤਲਬ ਨਹੀਂ ਸੀ; ਪਰ ਤੇਤੀ ਨੰਬਰ ਵਿਚ ਆਉਣਾ ਅਚੰਭਾ ਸੀ। ਕਈ ਸਾਡੇ 'ਤੇ ਹੀ ਖੜ੍ਹਾ ਸਨ। ਬਿਨਾਂ ਜਾਣ-ਪਛਾਣ ਜਾ ਖੜ੍ਹੇ। ਭਾਈ ਸਟੇਟਸ ਦੇਖੋ ਆਪਦਾ।...

ਦੂਜੀ ਸ਼ਾਮ ਸੈਰ ਕਰਦਿਆਂ ਫਿਰ ਮਿਲਿਆ।

"ਲੱਗ ਗਿਆ ਦਿਲ ਨਵੇਂ ਘਰ 'ਚ?" ਮੈਂਦੀ ਪੁੱਛਿਆ।

"ਵਧੀਆ ਜੀ ਵਧੀਆ।" ਉਹ ਕਿਸੇ ਵਜਦ ਵਿਚ ਸੀ।

"ਕਿਧਰੋਂ ਆਏ?" ਮੈਂ ਸਰਸਰੀ ਪੁੱਛਿਆ।

ਉਸ ਲੰਮਾ ਸਾਹ ਲਿਆ। ਸਾਈਕਲ ਖੜ੍ਹਾਇਆ। ਸਾਈਕਲ ਨੂੰ ਕਿਹਾ।

"ਲੈ ਆਊਨਾ ਮੈਂ। ਹਿੱਲੀਂ ਨਾ। ਦੁੱਧ ਐ ਡੋਲੂ 'ਚ।"

ਅਸੀਂ ਹੈਰਾਨ। ਉਹ ਇਤਮਿਨਾਨ ਨਾਲ ਪਾਰਕ 'ਚ ਆਇਆ। ਬੈਂਚ 'ਤੇ ਬੈਠਿਆ। ਮੈਨੂੰ ਲੱਗਾ, ਉਹ ਥੱਕਿਆ ਜਿਹਾ ਅਤੇ ਐਚਕਨ ਵਾਲੇ ਪਹਿਰਾਵੇ ਵਿਚ ਸੀ।

ਉਹ ਬਿਨਾਂ ਕਿਸੇ ਉਚੇਚ ਉੱਧੜਿਆ।

ਉਹ ਵੱਡੇ ਤਹਿਸੀਲਦਾਰ ਦਾ ਅਰਦਲੀ ਸੀ। ਚਾਂਦੀ ਦੇ ਮੁੱਠੇ ਵਾਲੀ ਲਾਠੀ ਫੜ ਕੇ ਨਿਆਇ ਦੀ ਪਿੱਠ 'ਤੇ ਖਲੋਣ ਵਾਲਾ।

"ਨਾਉਂ ਤਾਂ ਬੱਲ ਸਿਹੁੰ ਐ ਜੀ। ਉਂ ਬੀਲ੍ਹਾ ਅੱਲ ਐ ਮੇਰੀ।"

"ਅੱਲ ਕਿਉਂ ਪੈ ਗਈ?" ਮੈਂ ਪੁੱਛਿਆ।

ਉਹ ਦੂਰ ਦੇਖਣ ਲੱਗਾ।

"ਬੱਸ ਜਣੀ ਨੀਵੇਂ ਥਾਂ ਰਿੜ੍ਹਿਆ ਪਾਣੀ ਤ੍ਰੱਕ ਗਿਆ।" ਉਸ ਹਉਕਾ ਲਿਆ।

"ਮੈਂ ਸਮਝਿਆ ਨਹੀਂ।"

"ਛੱਡੋ, ਹੋਰ ਕੋਈ ਗੱਲ ਕਰਦੇ ਆਂ।"

"ਤੁਹਾਡੀ ਮਰਜੀ ਪਰ ਅੱਲ ਤਾਂ ਕਾਰਨਾਮੇ ਤੋਂ ਪੈਂਦੀ ਐ।"

"ਤਕੜਿਆਂ ਦੀ। ਮਾੜੇ ਨੂੰ ਤਾਂ ਨੰਗਾ ਕਰਨ ਲਈ ਪੈਂਦੀ ਐ।"

"ਪਰ ਬੀਹਲੇ ਤਾਂ ਸਰਦਾਰ ਸਰਦੂਰ ਸਨ?"

"ਬੀਲ੍ਹਿਆਂ ਦਾ ਹੀ ਖ਼ਾਦਿਮ ਸੀ ਬਾਪੂ। ਹੌਲੇ ਪਏ ਤਾਂ ਕਿਹੜਾ ਸਦਾਰ। ਕਿਹੜਾ ਖਾਦਿਮ। ਪਰ ਦੁਨੀਆਂ ਉਲਟ ਜੇ। ਗ਼ਰੀਬ ਉਹੀ ਰਹੂ। ਕਿਸੇ ਕੰਜਰ ਮੈਨੂੰ ਦੇਖ ਬਕ ਤਾ... ਅਖੇ ਆਹ ਕਿਧਰੋਂ ਜੰਮ ਪਿਆ ਨਿਰਾ ਬੀਲ੍ਹਾ। ਬੱਸ ਲੱਗ ਗਿਆ ਕੋੜ੍ਹ।"

"ਵੈਸੇ ਤੁਸੀਂ ਲਗਦੇ ਨਹੀਂ ਅਰਦਲੀ।" ਮੈਂ ਗੱਲ ਬਦਲੀ।

"ਕਿਉਂ?"

"ਐਚਕਨ, ਪਗੜੀ, ਦਾੜ੍ਹੀ। ਸਰਦਾਰੀ ਲਗਦੀ ਐ ਪੂਰੀ।"

"ਬੱਸ ਏਸੇ ਬਿਠਾਇਆ ਭੱਠਾ।" ਉਹਦੀ ਲੋਰ ਨਿਕਲੀ।

"ਕਿਉਂ?" ਮੈਨੂੰ ਹੈਰਾਨੀ ਹੋਈ।

"ਹਰ ਕਿਸੇ ਨੂੰ ਕੀ ਪਤਾ ਅਹੁਦੇ ਦਾ। ਕੋਈ ਨਵਾਂ ਮੁਅੱਕਲ ਲੀੜੇ ਦੇਖ, ਹੱਥ ਜੋੜ ਦਿਉ। ਅਫ਼ਸਰ ਮੱਚ ਉੱਠਦੇ ਐ। ਕਹਿੰਦੇ, ਦੇਖ ਕੀ ਬਣਿਆ ਫਿਰਦੈ ਢੋਡ।" ਗੱਲ ਕਰਦਾ ਉਹ ਜਿਵੇਂ ਪੱਛਿਆ ਗਿਆ।



"ਇਕੱਲੇ, ਰਹਿ ਲੈਂਦੇ ਨੇ ਮੈਡਮ?"

"ਤਸੀਲ ਦੇ ਕੁਆਟਰਾਂ ਵਿਚ ਤਾਂ ਸਰੀ ਜਾਂਦਾ ਸੀ। ਹੁਣ ਕਰਦਾਂ ਕੋਈ ਹੀਲਾ।"

"ਉਥੋਂ ਕਿਉਂ ਆਏ?" ਮੈਂਦੀ ਪੁੱਛ ਲਿਆ।

"ਪੁੰਨ ਨੂੰ ਆਇਆਂ? ਰਟੈਰੀ ਮਾਰਿਆ ਚੱਕ ਕੇ।" ਉਸ ਰੁੱਖਾ ਅਤੇ ਚੀਕ ਕੇ ਕਿਹਾ।

ਉਚਾਟ ਮਨ ਸਾਈਕਲ ਕੋਲ ਜਾ ਖੜ੍ਹਾ। "ਚੱਲੀਏ?" ਉਸ ਸਾਈਕਲ ਨੂੰ ਪੁੱਛਿਆ ਅਤੇ ਪਿੱਛੇ ਵੀ ਨਾ ਝਾਕਿਆ। ਅਸੀਂ ਸੋਚਦੇ ਰਹਿ ਗਏ, ਇਸ ਆਦਮੀ ਦੇ ਅੱਗੇ-ਪਿੱਛੇ ਕਿਤਨੀ ਇਕੱਲ ਹੋਏਗੀ। ਸਾਈਕਲ ਨੂੰ ਹੀ ਸੰਬੋਧਿਤ ਸੀ।

ਕਾਲੋਨੀ ਵਿਚ ਰਹਿਣ ਦਾ ਫ਼ੈਸਲਾ, ਬੀਲ੍ਹੇ ਦਾ ਸੁਪਨਾਂ ਨਹੀਂ ਸੀ। ਸਿਰ 'ਤੇ ਛੱਤ ਨਾ ਹੋਣ ਦੀ ਮਜਬੂਰੀ ਸੀ। ਤੇਤੀ ਨੰਬਰ ਦੀਆਂ ਅਫ਼ਵਾਹਾਂ ਰਾਹ ਸੌਖਾ ਕਰ ਦਿੱਤਾ। ਪੁੱਤ ਮਰ ਗਿਆ। ਤੀਵੀਂ ਮਰਨ ਕਿਨਾਰੇ ਸੀ। ਨਹਿਸ਼ ਘਰ ਉਹਦਾ ਕੀ ਵਿਗਾੜ ਲਏ ਗਾ ਸੋਚ, ਅੱਕ ਚੱਬ ਲਿਆ। ਪਰ ਕਾਲੋਨੀ 'ਚ ਆ ਕੇ ਬੀਲ੍ਹਾ ਔਟਲ ਗਿਆ। ਕੁਆਟਰਾਂ 'ਚ ਉਚ-ਨੀਚ ਦਿੱਸੀ ਹੀ ਨਾ। ਇਥੇ ਕੋਠੀਆਂ। ਸੜਕਾਂ। ਪਾਰਕ। ਛੱਟੇ ਫੂਕੇ ਲੋਕ। ਇਸ ਸਭ ਕਾਸੇ ਵਿਚ ਉਸਦਾ ਨਹਿਸ਼ ਮਕਾਨ। ਉਤੋਂ ਚਪੜਾਸ ਦਾ ਕੋੜ੍ਹ। ਉਸਨੂੰ ਲੱਗਾ, ਕਾਲੋਨੀ ਦਾ ਮਾਹੌਲ ਅਤੇ ਉਹ, ਵੱਖ ਵੱਖ ਸਨ।

ਇਹ ਤਾਂ ਚੰਗੀ ਕਿਸਮਤ ਦੇਵਕੀ ਟੱਕਰ ਗਈ। ਕਾਲੋਨੀ ਦੇ ਘਰਾਂ ਵਿਚ ਹੀ ਝਾੜੂ ਪੋਚਾ ਕਰਦੀ। ਜਿਤਨਾ ਕਮਾਉਂਦੀ, ਬੀਲ੍ਹੇ ਸਵਾਇਆ ਦੇ, ਬੀਵੀ ਦੀ ਤੀਮਾਰਦਾਰੀ ਲਈ ਰੱਖ ਲਈ। ਘਰ ਟਹਿਕ ਉੱਠਿਆ। ਬੀਲ੍ਹੇ ਦੇ ਅੱਗੇ ਪਿੱਛੇ ਤੁਰੀ ਫਿਰਦੀ। ਇਸਦੇ ਬਾਵਜੂਦ ਬੀਲ੍ਹੇ ਤੇ ਕਾਲੋਨੀ 'ਚ ਵਿੱਥ ਘਟੀ ਨਾ। ਬੀਲ੍ਹੇ ਗਿਲਾ ਕੀਤਾ ਤਾਂ ਮੈਂ ਕਿਹਾ।

"ਤੁਹਾਡੇ ਪਹਿਰਾਵੇ ਤੇ ਤਖ਼ਤੀ ਅਛੂਤ ਬਣਾ ਰੱਖਿਐ ਤੁਹਾਨੂੰ।"

"ਹੱਦ ਹੋ ਗਈ, ਇਨ੍ਹਾਂ ਤੋਂ ਬਿਨਾਂ ਤਾਂ ਮਿੱਟੀ ਆਂ ਮੈਂ।"

"ਬੀਲ੍ਹਾ ਜੀ ਲੋਕ ਹੁਣ ਰਿਆਸਤੀ ਡਰਾਮਾਂ ਪਸੰਦ ਨਹੀਂ ਕਰਦੇ।"

"ਸਰ ਜੀ, ਸੀਸ ਚੱਕਿਆ। ਤੁਰਕ ਮਿੱਧੇ। ਗੱਡੇ ਫੂਕ ਤੇ। ਇਕ ਪਾਸੇ ਰਿਜਕ। ਦੂਜੇ ਪਾਸੇ ਗੁਰੂ। ਇਹ ਡਰਾਮੇ?"

ਮੈਂ ਪਿਆਰ ਨਾਲ ਮੋਢੇ 'ਤੇ ਹੱਥ ਰੱਖਿਆ।

"ਬੀਲ੍ਹਾ ਜੀ, ਵੱਡਿਆਂ ਦੀ ਕੁਰਬਾਨੀ ਉਛਾਲੀ ਦੀ ਨਹੀਂ।"

"ਆਪਦਾ ਟਣਾ ਮਰਾਉਣ ਜੀ। ਮੇਰਾ ਤਾਂ ਐਂ ਈ ਵੱਜੂ ਬੁਘਦੂ।"

ਉਸ ਮੋਢੇ ਝਟਕੇ ਅਤੇ ਚਲਾ ਗਿਆ। ਮੈਨੂੰ ਉਹਦੀ ਹਿੰਡ ਬੁਰੀ ਲੱਗੀ।...

ਕਾਫ਼ੀ ਦਿਨਾਂ ਬਾਦ ਲੰਗਰ ਦੀ ਉਗਰਾਹੀ ਲਈ ਗੁਰਦੁਆਰੇ ਇਕੱਠ ਸੀ। ਮੈਂ ਗੁਰਦੁਆਰੇ ਗਿਆ ਤਾਂ ਅੱਗੇ ਬੀਲ੍ਹਾ ਵੀ ਸੀ। ਮੈਨੂੰ ਖ਼ੁਸ਼ੀ ਹੋਈ। ਚਲੋ ਕਿਸੇ ਪੱਜ ਉਹ

ਲੋਕਾਂ ਵਿਚ ਘੁਲਮਿਲ ਰਿਹਾ ਸੀ। ਪਰਚੀ ਕੱਟਣ ਵਾਲਾ ਨੇੜੇ ਆਇਆ।

"ਹਾਂ ਜੀ! ਕਿੰਨੀ ਸੇਵਾ?"

ਪਤਾ ਨਹੀਂ ਬੀਲ੍ਹੇ ਦੇ ਜੀਅ ਵਿਚ ਕੀ ਆਈ। ਘੁਰਲੀ ਮਾਰ ਉੱਠਿਆ।

"ਉਗਰਾਹੀ ਜਿੰਨੀ ਕਹੋ। ਪਰ ਲੰਗਰ ਆਪੇ ਪਕਾਅ ਕੇ ਆਪੇ ਖਾਉਗੇ ਜਾਂ ਕਿਸੇ ਗ਼ਰੀਬ ਦੇ ਮੂੰਹ ਵੀ ਪਊ?" ਸੰਗਤ ਪਲਟ ਕੇ ਬੀਲ੍ਹੇ ਵੱਲ ਦੇਖਿਆ।

"ਲਾਓ ਲੰਗਰ, ਪਰ ਸੜਕਾਂ ਤੋਂ ਹਟ ਕੇ। ਦਸ ਦਸ ਲੱਖ ਦੀ ਕਾਰ ਤੇ ਚੜ੍ਹਿਆਂ ਨੂੰ ਖਵਾਉਨੇ ਆਂ ਚਾਹ ਪਕੌੜੇ। ਉਹ ਵੀ ਰੋਕ-ਰੋਕ। ਕੋਈ ਲੋੜਵੰਦ ਖਾਏ। ਅਗਲਾ ਸੀਸ ਦਿਊ। ਅੱਗੋਂ ਥੋਡੀ ਮਰਜ਼ੀ।"

ਪ੍ਰਧਾਨ ਮੱਚ ਉੱਠਿਆ।

"ਸਾਧ ਸੰਗਤ ਸੁਣ ਲਿਆ? ਲੰਗਰ ਪਕੌੜੇ ਐ? ਪਰਚੀ ਨਾ ਕੱਟੀ ਉਏ। ਨਹੀਂ ਚਾਹੀਦੀ ਉਗਰਾਹੀ।" ਸਭ ਦੀ ਖਾਨਿਊਂ ਗਈ। ਮੈਂ ਦਖ਼ਲ ਦਿੱਤਾ।

"ਪ੍ਰਧਾਨ ਜੀ ਰੁਕੋ। ਦੇਖੋ ਸੜਕਾਂ ਤੇ ਜੁੱਤੀਆਂ ਪਾ ਕੇ ਖਾਣਾ ਲੰਗਰ ਵਾਲੀ ਮਰਿਆਦਾ ਤਾਂ ਹੈ ਨਹੀਂ। ਰਹੀ ਗੱਲ ਟਰੈਫ਼ਿਕ ਦੀ, ਇਨ੍ਹਾਂ ਸੁਝਾਅ ਦਿੱਤਾ। ਆਪਾਂ ਨਾ ਮੰਨੋ।"

ਪ੍ਰਧਾਨ ਟਿਕ ਗਿਆ।

"ਵਾਫ਼ਰ ਕਿਹਾ ਤਾਂ ਮਾਫ਼ੀ ਦਿਉ ਜੀ।" ਬੀਲ੍ਹੇ ਹੱਥ ਜੋੜੇ।

"ਵਾਹ! ਪਹਿਲਾਂ ਦਾੜ੍ਹੀ ਪੱਟ ਦਿਉ ਫਿਰ ਮਾਫ਼ੀ ਮੰਗ ਲਉ।"

ਕਿਸੇ ਫੂਸ ਵਿਚ ਚੁਆਤੀ ਸੁੱਟੀ। ਧੂੰਆਂ ਉੱਠਿਆ।

"ਓ ਛੱਡੋ ਜੀ, ਜੈਸੀ ਜਾਤ, ਵੈਸੀ ਬਾਤ।"

ਬੁਖ਼ਲਾਏ ਪ੍ਰਧਾਨ ਛੁੰਮਣੇ 'ਚ ਇੱਟ ਮਾਰੀ।

ਛੁੰਮਣਾ ਬੀਲ੍ਹੇ ਦੇ ਪਿੰਡੇ ਨੂੰ ਲੜਿਆ। ਮੱਥੇ ਹੇਠ ਕੁਝ ਮੱਚਿਆ। ਅੱਖ ਦੇ ਫੋਰ ਵਿਚ ਪਲਟਿਆ। ਹਜ਼ੂਰੀ 'ਚ ਪਈ ਕਿਰਪਾਨ ਚੁੱਕੀ। ਹਵਾ ਵਿਚ ਲਹਿਰਾਈ। ਪ੍ਰਧਾਨ ਦੇ ਨੱਕ ਮੂਹਰੇ ਤਣੀ।

"ਗੁਰੂ ਸਾਨੂੰ ਰੰਘਰੇਟੇ ਕਹੇ। ਤੂੰ ਜਾਤਾਂ ਨੋਲਦੈਂ ਚੋਰਿਆ। ਅੱਧ 'ਚੋਂ ਚੀਰ ਦਿਉਂ ਪੁੱਤ ਨੂੰ।" ਬੀਲ੍ਹੇ ਦੰਦ ਪੀਠੇ।

ਇਕਾ-ਇਕ ਸੰਗਤ ਵਿਚ ਚੁੱਪ ਵਰਤ ਗਈ।

ਮੈਂ ਕਾਹਲੀ ਨਾਲ ਉੱਠਿਆ। ਕਿਰਪਾਨ ਫੜੀ। ਹਜ਼ੂਰੀ 'ਚ ਰੱਖੀ। ਤਿਲਕਦੀ ਬਾਜ਼ੀ ਬੋਚੀ।

"ਸ਼ਾਂਤ ਬੀਲ੍ਹਾ ਜੀ ਸ਼ਾਂਤ। ਪ੍ਰਧਾਨ ਜੀ ਤੋਂ ਗ਼ਲਤੀ ਹੋਈ। ਉਹਦੀ ਮੈਂ ਮੁਆਫ਼ੀ ਮੰਗਦਾਂ।" ਸੱਚਮੁਚ ਬਾਜ਼ੀ ਪਲਟ ਗਈ। ਮੈਂ ਸਾਰੀ ਸੰਗਤ ਨੂੰ ਹੱਥ ਜੋੜੇ।

ਪਰ ਅਚਾਨਕ ਕੁਝ ਹੋਰ ਵਾਪਰ ਗਿਆ। ਕਾਲੋਨੀ ਵਾਸੀ ਜਿਹੜੇ ਦਲਿਤ ਤਾਂ



ਸਨ; ਪਰ ਨਸ਼ਰ ਨਹੀਂ ਸਨ। ਇਕ ਦਮ ਭੜਕ ਉੱਠੇ।

"ਜਾਤ ਐ ਤਾਂ ਜਾਤ ਈ ਦੇਖੂ ਫਿਰ।"

ਤਲਖ਼ੀ ਦੇਖ ਸੰਗਤ ਉੱਠ ਖੜ੍ਹੀ। ਬੀਲ੍ਹਾ ਚੌਕਿਆ।

"ਸਾਧ ਸੰਗਤ ਰੁਕੋ। ਮੇਰੀ ਗ਼ਲਤੀ ਤੋਂ ਨਾ ਜਾਓ।" ਬੀਲ੍ਹੇ ਫਿਰ ਹੱਥ ਜੋੜੇ। ਸੰਗਤ ਰੁਕੀ। ਪ੍ਰਧਾਨ ਫਿਰ ਬੁਖ਼ਲਾਇਆ।

"ਕਾਹਦੀ ਗ਼ਲਤੀ? ਤੂੰ ਨਿਕਲ ਇੱਥੋਂ।" ਉਸ ਉਂਗਲ ਤਣੀ।

ਬੱਸ ਐਥੇ ਹੀ ਕੁਝ ਗ਼ਲਤ ਵਾਪਰ ਗਿਆ। ਕਿਸੇ ਤਮਾਸ਼ਬੀਨ ਤੰਦ ਫੜੀ।

"ਤੂੰ ਕੌਣ ਐਂ ਕੱਢਣ ਆਲਾ? ਆਹ ਸੁਣ ਲਉ ਬਈ।"

ਹਜ਼ੂਰੀ 'ਚ ਬੈਠਾ ਬੀਲ੍ਹਾ ਰੋਣ ਲੱਗਾ। ਮੈਂ ਹੌਸਲਾ ਦਿੱਤਾ। ਜਦ ਨੂੰ ਅਸੀਂ ਬਾਹਰ ਨਿਕਲੇ, ਧੜੇ ਤੂੰ-ਤੂੰ, ਮੈਂ-ਮੈਂ 'ਤੇ ਉੱਤਰੇ ਹੋਏ ਸਨ।

ਮੈਨੂੰ ਦਿਲੀ ਦੁੱਖ ਹੋਇਆ। ਨਿੱਜੀ ਜਿਹੀ ਗੱਲ ਤੋਂ ਕੀ ਦਾ ਕੀ ਬਣ ਗਿਆ।

ਦੂਜੇ ਦਿਨ ਹਾਰਾਂ ਨਾਲ ਲੱਦੇ ਨਵੇਂ ਪ੍ਰਧਾਨ, ਬੀਲ੍ਹੇ ਗਲ ਹਾਰ ਪਾਇਆ। ਫੋਟੋ ਖਿਚਵਾਈ ਅਤੇ ਬੀਲ੍ਹਾ ਖ਼ਬਰ ਵਿਚ ਉਛਾਲ ਦਿੱਤਾ। ਇਸ ਉਛਾਲ ਨੇ ਬੀਲ੍ਹਾ ਛੰਟ ਕੇ ਰੱਖ ਦਿੱਤਾ। ਬਹੁਤਿਆਂ ਕੱਛਾਂ ਵਜਾਈਆਂ। ਕਈ ਤੜਕੇ। ਇਸ ਘਟਨਾ ਨੇ ਬੀਲ੍ਹਾ ਕਈਆਂ ਦੇ ਨੇੜੇ ਕਰ ਦਿਤਾ। ਬੀਲ੍ਹਾ ਵੀ ਢੇਲਾ ਹੋਇਆ। ਕਿਸੇ ਦਾ ਬਿੱਲ ਭਰ ਦਿੰਦਾ। ਕਿਸੇ ਦੇ ਦੁੱਖ-ਸੁਖ ਵਿਚ ਜਾ ਖੜ੍ਹਦਾ। ਬੀਲ੍ਹੇ ਦੀਆਂ ਕਹਾਣੀਆਂ ਸਾਧੂਬੇਲਾ ਦੀ ਪੁਲੀ 'ਤੇ ਵੀ ਤੁਰੀਆਂ ਜਿੱਥੇ ਬੁੱਢੇ-ਠੇਰੇ ਸੈਰ ਕਰਦਿਆਂ ਜੁੜਦੇ।

"ਸੁਣਿਆ ਮਿਤਰਾ?"

"ਕੀ?"

"ਓ ਹੈ ਨੀ ਸਕਾਰਪੀਓ ਵਾਲਾ ਸੈਣੀ।"

"ਹਾਂ।"

"ਉਸ ਤੇਤੀ ਨੰਬਰ ਵਾਲੇ ਐਚਕਨ ਮਾਸਟਰ ਕਿਸੇ ਦਾ ਬਿਲ ਭਰ ਤਾ ਹੋਣਾ। ਸੈਣੀ ਵੀ ਕਹਿ ਬੈਠਾ। ਬੰਦਾ ਤਾਂ ਪੈ ਨਿਕਲਿਆ। ਕਹਿੰਦਾ ਆਹ ਕਾਰਾਂ ਸਕੂਟਰ ਅੱਗ ਲਾਉਣ ਨੂੰ ਰੱਖੇ ਐ। ਪਰ ਇਹ ਨੀ ਸਮਝ ਆਈ। ਪਹਿਲਾਂ ਚਲਿਆ ਗਿਆ। ਫਿਰ ਕਹਿੰਦਾ ਲਿਆਉ ਬਿੱਲ। ਸੈਣੀ ਕਹੇ, ਨਹੀਂ। ਕਹਿੰਦਾ ਗੱਲ ਸੁਣ। ਰੰਘਰੇਟਾ ਮੈਂ, ਤੜੀ ਨੂੰ ਜੁੱਤੀ 'ਤੇ ਨੀ ਮਾਰਦਾ। ਪਿਆਰ ਨਾਲ ਭਮਾ ਖੱਲ ਲਾਹ ਲੈ।"

"ਸੁਣਿਆ ਬੜਾ ਜਹਿਰੀ ਐ।"

"ਜਹਿਰੀ ਜਿਹਾ ਜਹਿਰੀ। ਬੰਦੇ ਨੇ ਪ੍ਰਧਾਨ ਦਾ ਮੂਤ ਕੱਢ ਤਾ ਸੀ।

"ਪਰ ਇਹ ਕੀ ਗੱਲ ਹੋਈ। ਬੜ੍ਹਕ ਮਾਰੀ ਤਾਂ ਸਾਨ੍ਹ ਆਂ। ਗੱਹਾ ਵਾਂਗ ਗਿਆ ਤਾਂ ਗਊ ਦਾ ਜਾਇਆ।"

ਬੀਲ੍ਹੇ ਬਾਰੇ ਬਣਦੀਆਂ ਕਹਾਣੀਆਂ ਨੂੰ ਲੈ ਕੇ ਅਸੀਂ ਕੁਝ ਦੋਸਤ ਕਾਫ਼ੀ

ਫ਼ਿਕਰਮੰਦ ਸਾਂ। ਉਸਦੇ ਹਾਲਾਤ, ਆ ਬੈਲ ਮੁਝੇ ਮਾਰ ਵਾਲੇ ਨਹੀਂ ਸਨ। ਇਸ ਲਈ ਜਦੋਂ ਵੀ ਮਿਲਦਾ ਅਸੀਂ ਹਮਦਰਦੀ ਵਜੋਂ ਨਰਮਾਈ ਲਈ ਕਹਿੰਦੇ। ਪਰ ਅਚਾਨਕ ਉਹਦੇ ਬਾਰੇ ਪੜ੍ਹੀ ਖ਼ਬਰ ਨੇ ਹਿਲਾਅ ਕੇ ਰੱਖ ਦਿੱਤਾ।

ਬੀਲ੍ਹਾ ਸਾਲ ਪਹਿਲਾਂ ਨੌਕਰੀ ਤੋਂ ਫਾਰਗ ਹੋਇਆ। ਉਹਦੀ ਥਾਂ ਨਵਾਂ ਬੰਦਾ ਆ ਗਿਆ। ਡਿਊਟੀ ਜਾਣੋ ਨਾ ਹਟਿਆ। ਜਿਸ ਅਫ਼ਸਰ ਨਾਲ ਪਿਛਲੇ ਛੇ ਸਾਲ ਕੱਟੇ। ਉਹਦੀ ਸੇਵਾ-ਮੁਕਤੀ ਵਿਚ ਸਾਲ ਬਾਕੀ ਸੀ। ਬੀਲ੍ਹਾ, ਅੰਤਲੇ ਦਿਨ ਤੱਕ ਉਸ ਅਫ਼ਸਰ ਦੀ ਸੇਵਾ 'ਚ ਰਿਹਾ।

ਉਹਦੀ ਨਰਮਾਈ ਦੇਖ ਮਨ ਖੁਸ਼ ਹੋਇਆ। ਸ਼ਾਬਾਸ਼ ਲਈ ਮੈਂ ਉਹਦੇ ਘਰ ਹੀ ਚਲਿਆ ਗਿਆ। ਉਹਦੀ ਬੀਵੀ ਨਿਢਾਲ ਪਈ ਸੀ ਤੇ ਘਰ ਦੀ ਹਾਲਤ ਖਸਤਾ ਸੀ। ਉਹਦੇ ਐਚਕਨ ਵਾਲੇ ਪਹਿਰਾਵੇ ਤੋਂ ਉਲਟ। ਉਹ ਮੈਨੂੰ ਦੇਖ ਔਂਟਲ ਗਿਆ ਅਤੇ ਬਿਠਾਉਣ ਲਈ ਥਾਂ ਲੱਭਣ ਲੱਗਾ।

"ਬੀਲ੍ਹਾ ਜੀ ਕਮਾਲ ਕਰ ਦਿੱਤੀ। ਅਫ਼ਸਰ ਦਾ ਐਨਾ ਸਤਿਕਾਰ।"

ਬੀਲ੍ਹਾ ਚੁੱਪ ਸੀ।

"ਵੈਸੇ ਤਾਂ ਇਹ ਚੰਗੀ ਗੱਲ ਐ। ਪਰ ਤੁਹਾਡੀ ਆਪਣੀ ਪਤਨੀ ਬਿਮਾਰ ਸੀ। ਫਿਰ ਵੀ...।"

ਬੀਲ੍ਹੇ ਚਾਹਿਆ, ਜ਼ਬਤ ਰੱਖੇ। ਸੰਭਲਿਆ ਵੀ। ਪਰ ਉਹਦੀਆਂ ਅੱਖਾਂ ਭਰ ਆਈਆਂ। ਮੈਂ ਉੱਠਿਆ। ਜਿਵੇਂ ਹੀ ਉਹਦੇ ਮੋਢੇ ਤੇ ਹੱਥ ਰੱਖਿਆ, ਉਹਦੀ ਭੁੱਬ ਨਿਕਲੀ।...

"ਧੀ ਦੇ ਜਾਰ ਨੇ ਸਾਲ ਭਰ ਬਕਾਏ ਨਹੀਂ ਮਿਲਣ ਦਿੱਤੇ। ਕਹਿੰਦਾ, ਐਚਕਨਾਂ ਪਾ-ਪਾ ਦਖਾਉਨੈ ਕੁੱਤਿਆ। ਘੀਸੀ ਕਰਾਊਂ ਤੇਰੀ। ਕਹਿੰਦਾ ਬੁਲਾਅ ਆਪਣੇ ਜੈਤੇ ਨੂੰ। ਕੇਰਾਂ ਤਾਂ ਸੋਚਿਆ ਲਾਹਾਂ ਗਾਟਾ ਕੁੜੀ ਦੇ ਖਸਮ ਦਾ। ਫਿਰ ਸੋਚਿਆ, ਤੀਵੀਂ ਰੁਲ ਜੂ।" ਉਹਦਾ ਗਲਾ ਰੁੰਦਿਆ।

ਮੇਰੇ ਸਿਰ ਵਿਚ ਕੁਝ ਵੱਜਾ। ਬੀਲ੍ਹਾ ਮੇਰੀ ਸਮਝ ਤੋਂ ਬਾਹਰ ਸੀ। ਮੈਂ ਦੇਖਿਆ, ਉਹ ਅੰਦਰੋਂ ਬਾਹਰੋਂ ਵਲਿੰਸ ਰਿਹਾ ਸੀ। ਮੈਨੂੰ ਸਾਵਾਂ ਹੋਣ ਵਿਚ ਸਮਾਂ ਲੱਗਾ। ਮੈਂ ਦੇਰ ਬਾਦ ਕਿਹਾ।

"ਤੁਸੀਂ ਨਾ ਪਾਉਂਦੇ ਐਚਕਨ ਦਾ ਪੰਗਾ?"

"ਕੀ-ਕੀ ਮੰਨਦਾ ਉਹਦੀ? ਉਹ ਤਾਂ ਦਾੜ੍ਹੀ ਨੂੰ ਵੀ ਝੱਬੂ ਦੱਸਦਾ ਸੀ।"

"ਪਰ ਐਚਕਨ ਵਰਦੀ ਤਾਂ ਨਹੀਂ ਸੀ?"

ਬੀਲ੍ਹੇ ਦੇ ਮੱਥੇ ਵਲ ਪਏ ਅਤੇ ਧੁਰ ਅੰਦਰ ਕਿਤੇ ਪੀੜ ਹੋਈ।

ਉਸ ਲੰਮਾ ਹਉਕਾ ਭਰਿਆ।

ਅਚਾਨਕ ਉਹਦੀ ਪਤਨੀ ਤਿਪਾਈ ਤੇ ਪਿਆ ਗਿਲਾਸ ਫਰਸ਼ ਤੇ ਜ਼ੋਰ ਨਾਲ



ਪਟਕਿਆ ਅਤੇ ਬੜਾ ਡਰਾਉਣਾ ਚੀਕਦੇ, ਲੰਮੇ ਸਾਹ ਲਏ।

ਮੈਂ ਡਰ ਗਿਆ। ਇਹ ਕੀ ਹੋਇਆ? ਬੀਲ੍ਹਾ ਉੱਠ ਕੇ ਨੇੜੇ ਗਿਆ ਅਤੇ ਕਿਹਾ।

"ਜਾਣਦਾ ਤੇਰਾ ਗੁੱਸਾ...ਪਰ ਇਹ ਭਲੇ ਲੋਕ ਐ। ਤੂੰ ਸੰਸਾ ਨਾ ਕਰ।"

ਮੈਂ ਹੈਰਾਨ। ਉਹ ਚੁੱਪ ਨੂੰ ਵੀ ਸਮਝ ਰਿਹਾ ਸੀ। ਜਿਵੇਂ ਹੀ ਉਹ ਮੁੜਿਆ। ਉਹਦੀ ਪਤਨੀ ਪੂਰੀ ਤਿਪਾਈ ਹੀ ਉਲਟਾਅ ਕੇ ਸਿੱਟੀ। ਖੜਕਾ ਗੂੰਜਿਆ।

ਮੈਂ ਉੱਠ ਖੜ੍ਹਾ। "ਕੀ ਹੋਇਆ?" ਮੈਨੂੰ ਕੋਈ ਗੱਲ ਹੀ ਨਾ ਅਹੁੜੀ।

"ਚਿੱਬ ਤੋਂ ਪੱਲਾ ਚੱਕਣ ਤੋਂ ਰੋਕਦੀ ਐ।"

"ਹੈਂ! ਇਹ ਕਿਹਾ ਇਹਨਾਂ?"

"ਜੀ।"

ਬੀਲ੍ਹਾ ਫਿਰ ਉੱਠਿਆ। ਨੇੜੇ ਗਿਆ। ਪਾਣੀ ਦਿੱਤਾ। ਮੋਢਾ ਘੁੱਟਿਆ।

"ਕਿਹੇ ਨਾ...ਇਹ ਅਫ਼ਸਰ ਨਹੀਂ, ਬੰਦੇ ਵੀ ਐ। ਤੂੰ ਫ਼ਿਕਰ ਨਾ ਕਰ।"

ਮੇਰੀ ਸਮਝ ਤੋਂ ਸਭ ਕੁਝ ਬਾਹਰ ਸੀ। ਮੇਰਾ ਸਿਰ ਟੱਸ-ਟੱਸ ਕਰਨ ਲੱਗਾ।

"ਅਸਲ 'ਚ ਐਚਕਨ ਵਾਲੀ ਗੱਲ ਕਰਨ ਨਹੀਂ ਦਿੰਦੀ।"

"ਕਿਉਂ?"

"ਪਹਿਲਾਂ ਕਹਿੰਦੀ ਸੀ; ਕਬਰਾਂ ਚੰਬੜ ਜਾਂਦੀਆਂ ਬੰਦੇ ਨੂੰ। ਜਿਵੇਂ ਉਹਨੂੰ ਪੁੱਤ ਦੀ ਚੰਬੜ ਗਈ।"

"ਖਾਸ ਗੱਲ ਐ ਕੋਈ?"

"ਹੈ ਤਾਂ ਖਾਸ ਪਰ ਦੱਸਣ 'ਤੇ ਆਇਆਂ ਤਾਂ ਦੱਸ ਵੀ ਦਿਨਾਂ।

ਬੀਲ੍ਹੇ ਦੀ ਪਤਨੀ ਫਿਰ ਹੱਥ ਪੈਰ ਪਟਕ, ਹੂੰਗਣ ਲੱਗੀ। ਬੀਲ੍ਹੇ ਕਿਹਾ।

"ਮਾਂ ਹੀ ਦੱਸਿਆ। ਬੀਹਲੇ ਸਦਾਰਾਂ ਹੀ ਨੌਕਰ ਲਵਾਇਆ ਬਾਪੂ। ਇਕ ਦਿਨ ਬੈਠੇ ਸੀ ਸਦਾਰ ਸ਼ੁਗਲ 'ਚ। ਸੁਆਹ 'ਚ ਰੁਪੱਈਏ ਸੁਟਵਾ ਕੇ ਨੌਕਰਾਂ ਦੇ ਹੱਥ ਪਿੱਛੇ ਬੰਨ੍ਹ 'ਤੇ। ਕਹਿੰਦੇ ਮੂੰਹ ਨਾਲ ਚੱਕ ਲਉ ਜਿੰਨੇ ਚੱਕੇ ਜਾਂਦੇ ਐ। ਵਿਚੇ ਬਾਪੂ। ਸਾਹਾਂ ਨਾਲ ਸੁਆਹ ਉੱਡੇ। ਮੂੰਹ, ਸਿਰ, ਸਭ ਸੁਆਹ ਹੀ ਸੁਆਹ। ਉੱਤੋਂ ਸਦਾਰਾਂ ਦਾ ਹਾਸੜ। ਸਦਾਰ ਐਚਕਨ ਦਿੱਤੀ ਬਾਪੂ ਨੂੰ। ਕਹਿੰਦਾ ਤੂੰ ਚੋਬਦਾਰ ਐਂ। ਤੀਏ ਦਿਨ ਬਾਪੂ ਫੇਫੜਿਆਂ 'ਚ ਸੁਆਹ ਭਰਨ ਨਾਲ ਮਰ ਗਿਆ। ਮਾਂ ਨੇ ਖਫ਼ਣ ਨਾ ਪਾਇਆ। ਐਚਕਨ ਸਣੇ ਫੂਕ ਤਾ। ਮੈਂ ਹੋਸ਼ ਸੰਭਾਲੀ ਤਾਂ ਕਿਹਾ। ਰੰਘਰੇਟੋਂ ਤਾਂ ਪਿਉ ਦਾ ਖੱਫਣ ਨਾ ਭੁੱਲੀਂ। ਹੁਣ ਤੁਸੀਂ ਦੱਸੋ ਮੇਰੇ ਲਈ ਐਚਕਨ ਕੀ ਐ?"

ਮੈਂ ਦੇਖਿਆ ਬੀਲ੍ਹੇ ਦਾ ਚਿਹਰਾ ਤਣ ਗਿਆ ਸੀ। ਉਸ ਐਚਕਨ ਨਾਲ ਹੀ ਮੁੜ੍ਹਕਾ ਪੂੰਝਿਆ ਅਤੇ ਦਾੜੀ ਦੀ ਬੁੱਲ੍ਹ ਵੱਲ ਖਿਸਕ ਆਈ ਜਾਲੀ ਥੱਲੇ ਖਿਸਕਾਈ। ਕੰਬਦੇ ਬੁੱਲ੍ਹਾਂ ਨੂੰ ਹੱਥ ਨਾਲ ਘੁੱਟਿਆ ਅਤੇ ਲਗਾਤਾਰ ਹੱਥ ਪੈਰ ਪਟਕ ਰਹੀ ਪਤਨੀ ਵੱਲ ਹੋਇਆ।

ਅਚਾਨਕ ਉਹਦੀ ਪਤਨੀ ਉੱਚੀ-ਉੱਚੀ ਰੋਣ ਲੱਗੀ। ਉਹ ਥਾਏਂ ਰੁਕਿਆ। ਮੈਂ ਚੁਪ ਕਰਾਉਣ ਲਈ ਕਿਹਾ ਤਾਂ ਬੋਲਿਆ।

"ਸ਼ੁਕਰ ਐ।... ਬੜੇ ਸਾਲਾਂ ਬਾਦ ਰੋਈ। ਰੋ ਲੈਣ ਦਿਉ।" ਬੀਲ੍ਹਾ ਉਹਦੀ ਪੁਆਂਦੀ ਬੈਠ ਗਿਆ।

ਮੈਂ ਬੀਲ੍ਹੇ ਵੱਲ ਦੇਖਦਾ ਰਹਿ ਗਿਆ। ਮੇਰੇ ਲਈ ਇਸ ਬੰਦੇ ਦੇ ਦੁੱਖ, ਦਰਦ ਅਤੇ ਪੀੜਾ ਨੂੰ ਸਮਝਣਾ ਬਹੁਤ ਮੁਸ਼ਕਿਲ ਸੀ। ਆਪਣੇ ਦੋਸਤਾਂ ਨੂੰ ਦੱਸਦਾ ਮੈਂ ਵੀ ਰੋਣ ਲੱਗਾ। ਸਾਨੂੰ ਲੱਗਾ ਇਸ ਬੰਦੇ ਨੂੰ ਸਾਂਭਣਾ ਜ਼ਰੂਰੀ ਸੀ। ਅਸੀਂ ਭੁੱਲ ਹੀ ਗਏ, ਉਹ ਤੇਤੀ ਨੰਬਰ ਨਹਿਸ਼ ਘਰ 'ਚ ਰਹਿ ਰਿਹਾ ਸੀ। ਵਾਲੀਏ ਬੀੜਾ ਚੁੱਕਿਆ। ਉਸਦਾ ਕਹਿਣਾ ਸੀ, ਗਿਸ਼ਤਿਆਂ ਤੋਂ ਅਜਿੱਜ ਰੋਹ ਵਿਚ ਤਪ ਰਹੇ ਬੀਲ੍ਹੇ ਨੂੰ ਮੋਹ ਵਿਚ ਡੋਬਣਾ ਵੀ ਇੱਕ ਹੱਲ ਸੀ।

ਵਾਲੀਏ ਸੱਚੇ ਸੌਦੇ ਦੇ ਕੁਝ ਵਰਕਰਾਂ ਅਤੇ ਬੀਲ੍ਹੇ ਸਮੇਤ ਕਾਲੋਨੀ ਦੇ ਖਾਲੀ ਪਲਾਟਾਂ ਵਿਚੋਂ ਪਲਾਸਟਿਕ ਵਾਲੇ ਕੂੜੇ ਦੀ ਸਾਫ਼-ਸਫਾਈ ਸ਼ੁਰੂ ਕੀਤੀ।

ਹੈਰਾਨੀ ਦੀ ਗੱਲ ਉਹਨਾਂ ਕੁਝ ਹੀ ਦਿਨਾਂ ਵਿਚ ਕਲੋਨੀ ਧੋ ਕੇ ਰੱਖ ਦਿੱਤੀ।

ਇਕ ਸ਼ਾਮ ਤੁਰੇ ਆਉਂਦੇ ਬੀਲ੍ਹੇ ਕਿਸੇ ਘਰ ਅੱਗੇ ਜਗਰਾਤੇ ਦਾ ਸਮਾਨ ਉੱਤਰਿਆ ਦੇਖਿਆ ਤਾਂ ਦਿਲ 'ਚ ਆਈ ਕਿਉਂ ਨਾ ਲੰਗਰ ਵਾਲੇ ਕਚਰੇ ਨੂੰ ਇਧਰ ਉਧਰ ਖਿਲਰਨ ਤੋਂ ਰੋਕਦਾ ਜਾਵੇ। ਜਿਵੇਂ ਹੀ ਅੱਗੇ ਆਇਆ। ਬੈਠੀਆਂ ਤੀਵੀਆਂ ਚੋਂ ਐਸ.ਡੀ.ਓ. ਜੱਸਲ ਦੀ ਤੀਵੀਂ ਕਿਹਾ।

"ਬੇ ਬੀਰ ਹੁਣ ਕੂੜਾ ਚੁਕਣ ਨੀ ਆਉਂਦੇ।"

ਬੀਲ੍ਹੇ ਨੂੰ ਸੱਤੀਂ ਕੱਪੜੀਂ ਲੱਗ ਗਈ।

"ਭੈਣ ਜੀ ਕੂੜਾ ਤਾਂ ਚੱਕਿਆ ਬਈ ਆਲਾ ਦੁਆਲਾ ਸਾਫ਼ ਰੱਖੋ।"

"ਚੱਕੀ ਜਾਂਦੇ, ਪੁੰਨ ਦਾ ਕੰਮ ਸੀ।"

"ਤੈਨੂੰ ਵੱਢ੍ਹਦੇ ਪੁੰਨ? ਪਛਵਾੜਾ ਧੋਨੀ ਐ ਨਾ ਆਪਦਾ। ਘਰ ਦਾ ਅੱਗਾ ਸਾਫ਼ ਨੀ ਰੱਖ ਸਕਦੀ।" ਬੀਲ੍ਹਾ ਬਾਰੂਦ ਵਾਂਗ ਫਟਿਆ।

ਸਵੇਰ ਤੱਕ ਤੜਥੱਲੀ ਮੱਚ ਗਈ। ਇਤਨੀ ਬੇ-ਸ਼ਰਮੀ। ਧੌਲਾ ਝਾਟਾ, ਤੀਵੀਆਂ ਨੀ ਬਖਸ਼ੀਆਂ। ਕੰਜਰਾ ਸ਼ਰਮ ਕਰ। ਹੰਗਾਮਾਂ ਐਸਾ ਉਠਿਆ। ਜੱਸਲ ਹੇਠੀ ਦਾ ਸਵਾਲ ਬਣਾ ਲਿਆ। ਪਰ ਪਤਾ ਨਹੀਂ ਕਿਵੇਂ, ਦੋ ਧੜੇ ਬਣ ਗਏ। ਕੁਝ ਨੇ ਕਿਹਾ, ਬਦਤਮੀਜ਼ੀ ਕੀਤੀ। ਬਹੁਤਿਆਂ ਕਿਹਾ, ਪਿਉਆਂ ਵਰਗੇ ਬੰਦੇ ਨੂੰ ਕੂੜਾ ਚੱਕਣ ਲਈ ਕਿਹਾ। ਫਿਰ ਵੀ ਜੱਸਲ ਦਾ ਜ਼ੋਰ ਚੜ੍ਹਿਆ। ਗੱਲ ਬੀਲ੍ਹੇ ਦੀ ਮੁਆਫ਼ੀ 'ਤੇ ਆ ਖੜ੍ਹੀ।

ਸਾਨੂੰ ਲੱਗਾ, ਬੀਲ੍ਹਾ ਨਾਂਹ ਕਰ ਦੇਵੇਗਾ। ਪਰ ਬੀਲ੍ਹੇ ਕਿਹਾ।

"ਤਕੜਿਆਂ ਮੇਰੇ ਅਰਗੇ ਦੇ ਹੱਥ ਜੁੜਾਅ ਕੇ ਰੱਬ ਬਣਨਾ ਹੁੰਦੈ। ਬਣਨ ਦਿਉ।"



ਇਸ ਵਾਰ ਸਾਨੂੰ ਬੁਰਾ ਲੱਗਾ। ਅਸੀਂ ਨਰਮਾਈ ਕਰਨ ਲਈ ਕਿਹਾ। ਸ਼ਾਇਦ ਇਸ ਲਈ ਉਹ ਲਿਫ਼ ਰਿਹਾ ਸੀ। ਜਿਵੇਂ ਹੀ ਗੁਰਦੁਆਰੇ ਲੋਕ ਜੁੜੇ। ਕੋਈ ਸੰਸਥਾ ਲੱਕੜ ਦੇ ਬਣੇ ਆਲ੍ਹਣੇ ਵੰਡਣ ਆ ਗਈ।

ਬੀਲ੍ਹਾ ਤੜਫਿਆ। ਮੁਆਫ਼ੀ ਭੁੱਲ ਚੀਕਿਆ।

"ਕਿਹੜੈਂ ਤੂੰ ਆਲ੍ਹਣੇ ਵੰਡਣ ਆਲਾ...। ਰੁੱਖ ਲਾਉਂਦੇ ਸੂਲ ਉੱਠਦੇ। ਪੰਛੀਆਂ ਨੂੰ ਵੀ ਆਲ੍ਹਕੀ ਬਣਾਉਣ ਤੁਰ ਪਏ। ਲੈ ਮੈਂ ਦਿੰਨਾ ਇਕ ਹਜ਼ਾਰ ਰੁੱਖ। ਲਾਓ ਸਾਰੇ, ਆਲ੍ਹਣੇ ਆਪੇ ਪਾ ਲੈਣਗੇ।"

ਜਿਵੇਂ ਹੀ ਆਲ੍ਹਣਿਆਂ ਵਾਲੇ ਖਿਸਕੇ। ਲੋਕ ਲੀੜੇ ਝਾੜਦੇ ਉੱਠ ਖੜ੍ਹੇ ਮਾਫ਼ੀ ਵਿਚੇ ਰੁਲ ਗਈ। ਅਸੀਂ ਹੈਰਾਨ। ਬੀਲ੍ਹਾ ਸਭ 'ਤੇ ਹੀ ਲੱਤ ਫੇਰ ਗਿਆ। ਪਰ ਜੱਸਲ, ਬੀਲ੍ਹੇ ਦਾ ਗੁਆਂਢੀ ਬੱਤਰਾ ਅਤੇ ਸਾਬਕਾ ਪ੍ਰਧਾਨ ਮੱਚ ਕੇ ਕੋਇਲਾ ਹੋ ਗਏ। ਉਹ ਚੁੱਪ-ਚਾਪ ਲੋਕਾਂ ਨੂੰ ਜਾਂਦੇ ਦੇਖਦੇ ਰਹੇ। ਸਾਨੂੰ ਉਹਨਾਂ ਦੀ ਖਾਮੋਸ਼ੀ ਤੋਂ ਡਰ ਲੱਗਿਆ। ਉਹੋ ਗੱਲ ਹੋਈ।...

ਅਗਲੇ ਦਿਨ ਕਾਲੋਨੀ 'ਚੋਂ ਨਗਰ ਕੀਰਤਨ ਲੰਘਣਾ ਸੀ। ਬੀਲ੍ਹੇ ਸੜਕ ਸਾਫ਼ ਕਰਵਾਈ। ਝੰਡੀਆਂ ਬੰਨ੍ਹੀਆਂ। ਛਬੀਲ ਲਈ ਉਗਰਾਹੀ ਦਿੱਤੀ। ਸੜਕ ਦੇ ਆਸੇ ਪਾਸੇ ਖੜ੍ਹੀ ਸੰਗਤ ਨੂੰ ਛਬੀਲ ਪਿਆਉਣ ਲੱਗਾ। ਜਿਵੇਂ ਹੀ ਪਾਲਕੀ ਜੱਸਲ ਦੇ ਘਰ ਨੇੜੇ ਆਈ। ਉਹਦੇ ਮੁੰਡਿਆਂ ਅੱਖ ਬਚਾਅ ਕੇ ਸੰਤਰਿਆਂ ਦੀਆਂ ਛਿੱਲੜਾਂ ਬੀਲ੍ਹੇ ਦੇ ਪੈਰਾਂ 'ਚ ਵਗਾਹ ਮਾਰੀਆਂ। ਬੀਲ੍ਹੇ ਦੌੜ ਕੇ ਚੁੱਕੀਆਂ। ਸਿੱਟਣ ਲਈ ਥਾਂ ਨਾ ਲੱਭੀ ਤਾਂ ਕਾਹਲੀ ਨਾਲ ਐਚਕਨ ਦੀ ਜੇਬ ਵਿਚ ਹੀ ਪਾ ਲਈਆਂ। ਬੀਲ੍ਹੇ ਦੀ ਇਸ ਹਰਕਤ ਨੂੰ ਭਰੀ ਸੰਗਤ ਨੇ ਦੇਖਿਆ। ਇਸ ਤੋਂ ਪਹਿਲਾਂ ਕਿ ਜਲ ਅਤੇ ਝਾੜੂ ਵਾਲੇ ਸੇਵਾਦਾਰ ਅੱਗੇ ਆਉਂਦੇ, ਗਤਕੇ ਵਾਲਿਆਂ ਜੈਕਾਰਾ ਛੱਡ ਦਿੱਤਾ। ਸੰਗਤ ਮੋੜਵਾਂ ਚੱਕਿਆ। ਜੈਕਾਰਾ ਗੂੰਜਿਆ। ਬੀਲ੍ਹੇ ਦੀ ਬੱਲੇ-ਬੱਲੇ। ਉਸ ਚਾਰ-ਚੁਫੇਰੇ ਘੁੰਮਦਿਆਂ ਸੰਗਤ ਨੂੰ ਹੱਥ ਜੋੜੇ।

ਨਗਰ ਕੀਰਤਨ ਤਾਂ ਲੰਘ ਗਿਆ। ਅੰਦਰੇ ਅੰਦਰ ਬੀਲ੍ਹੇ ਦਾ ਜਲੂਸ ਸ਼ੁਰੂ ਹੋਇਆ। ਦੁੱਕੀ ਦਾ ਬੰਦਾ ਮਿੱਧ ਕੇ ਲੰਘ ਗਿਆ। ਜੱਸਲ, ਬੀਲ੍ਹੇ ਦਾ ਗੁਆਂਢੀ ਬੱਤਰਾ ਅਤੇ ਸਾਬਕਾ ਪ੍ਰਧਾਨ ਹੱਥ ਚੱਬਦੇ ਰਹਿ ਗਏ।

ਪਰ ਸੰਜੋਗ ਵੱਸ ਬੀਲ੍ਹਾ ਦੂਜੇ ਚੌਥੇ ਦਿਨ ਫਿਰ ਗੁਆਂਢੀਆਂ ਦੀ ਦਾੜ੍ਹ ਹੇਠ ਆ ਗਿਆ। ਓਹਨਾਂ ਬੀਲ੍ਹਾ ਪਾਰਕ ਵਿੱਚੋਂ ਕੁੱਤੇ ਭਜਾਉਂਦਾ ਦੇਖ ਲਿਆ। ਅਗਲੇ ਦਿਨ ਗੁਆਂਢੀ ਲੰਡਰ ਕੁੱਤਿਆਂ ਨੂੰ ਲੱਭ-ਲੱਭ ਪਾਰਕ 'ਚ ਰੋਟੀ ਪਾਉਣ ਲੱਗੇ। ਲਾਗਲੇ ਘਰ ਦੀ ਇਕ ਅਮੀਰ ਬੱਚੀ ਵੀ ਆ ਰਲੀ। ਉਹ ਬਿਸਕੁਟ ਡਬਲ ਰੋਟੀ ਮੱਖਣ ਲਾ ਕੇ ਪਾਉਣ ਲੱਗੀ। ਦੇਖਦੇ ਹੀ ਦੇਖਦੇ ਕਤੂਰਿਆਂ ਨੂੰ ਬੋਰੀਆਂ ਚੱਦਰਾਂ ਅਤੇ ਫੱਟੀਆਂ ਦੇ ਘੁਰਨੇ ਬਣਾ ਕੇ ਦਿੱਤੇ ਜਾਣ ਲੱਗੇ।

ਪਤਾ ਲੱਗਾ ਤਾਂ ਸਾਨੂੰ ਬੀਲ੍ਹੇ ਦੀ ਚੁੱਪੀ ਤੋਂ ਡੈ ਆਇਆ।

ਉਸ ਬਾਰੇ ਦੋ ਖ਼ਬਰਾਂ ਸੁਣਨ ਨੂੰ ਮਿਲੀਆਂ।

ਇਕ ਤਾਂ ਉਹਦੀ ਤੀਵੀਂ ਘੜੀਆਂ ਪਲਾਂ ਤੇ ਸੀ। ਦੂਜਾ ਦੇਵਕੀ ਹੁਣ ਰਾਤ ਨੂੰ ਵੀ ਬੀਲ੍ਹੇ ਦੇ ਘਰ ਹੀ ਰੁਕਦੀ ਸੀ। ਪਹਿਲਾਂ ਆਂਢਣਾ-ਗੁਆਂਢਣਾ ਚਸਕੇ ਲਏ। ਫਿਰ ਸਾਧੂ ਬੇਲਾ ਦੀ ਪੁਲੀ ਤੇ ਦੇਵਕੀ ਤਾਰ-ਤਾਰ ਹੋਈ।

"ਕਹਿੰਦੇ ਘੋਰੜੂ ਵੱਜ ਰਹੇ ਬੀਲ੍ਹੇ ਦੇ ਘਰ।"

"ਪੱਕੀ ਹੱਡੀ ਐ ਐਨੀ ਛੇਤੀ ਨੀ ਮਰਦੀ।"

"ਤੀਵੀਂ ਬਿਨਾਂ ਕਾਹਦੀ ਜੂਨ ਐ ਬੰਦੇ ਦੀ।"

"ਨਹੀਂ ਖੰਨਾ। ਤੀਵੀਂ ਲਈ ਹੀ ਨਰਕ ਹੁੰਦੇ ਰੰਡੇਪਾ। ਬੰਦਾ ਤਾਂ ਮਾਰੂ ਟੋਟਣੇ। ਬਈ ਚੰਗੀ ਜਾਨ ਛੁਟੀ ਨਰਕ ਤੋਂ।"

"ਮੈਂ ਬੀਲ੍ਹੇ ਦੀ ਗੱਲ ਕਰਦਾਂ ਜੋਸ਼ੀ ਜੀ।"

"ਮੈਂ ਬੀ ਤਾਂ ਉਸੇ ਦੀ ਕਰਦਾਂ। ਫਿਰਦੀ ਨੀ ਪੱਟਾਂ 'ਤੇ ਹੱਥ ਮਾਰਦੀ।"

"ਕੌਣ?"

"ਖੰਨੇ ਨਿਆਣੈ ਤੂੰ?"

"ਫਿਰ ਵੀ।"

"ਪੁਰਬਾਣੀ ਨਹੀਂ ਵਾੜ ਰੱਖੀ।"

"ਨਹੀਂ ਜੀ, ਕਿਥੇ ਬੀਲ੍ਹਾ। ਕਿੱਥੇ ਉਹ।"

"ਤੂੰ ਮਰਨ ਦੇ ਬੁੜ੍ਹੀ ਨੂੰ। ਦੇਖ ਭਾਣਾ ਵਾਪਰਿਆ।"

ਉਹੋ ਗੱਲ ਹੋਈ। ਸੱਚਮੁੱਚ ਭਾਣਾ ਵਾਪਰ ਗਿਆ।

ਦੇਵਕੀ ਦਾ ਪਤੀ ਬੁਧੀਆ ਚੱਲ ਵਸਿਆ। ਬੁਧੀਆ ਆਟੋ ਰਿਕਸ਼ਾ ਚਲਾਉਂਦਾ। ਸ਼ਰਾਬ ਦਾ ਆਦੀ। ਹਾਤੇ ਵਿਚ ਬੈਠੇ ਨੂੰ ਸ਼ਰਾਬ ਲੜੀ। ਥਾਏਂ ਚਿੱਤ। ਦੇਵਕੀ ਤਾਂ ਰੋ-ਰੋ ਪਾਗਲ ਹੋ ਗਈ। ਘਰ-ਘਰ ਤਰਲਾ ਲਿਆ। ਕੋਈ ਲਾਸ਼ ਕੋ ਪਾਸ ਆ ਕਰ ਬੈਠ ਜਾਓ... ਅਕੇਲੀ ਹੂੰ ਮੈਂ। ਲੋਕਾਂ ਇਹ ਤਾਂ ਨਾ ਕਿਹਾ, ਬੀਲ੍ਹੇ ਨੂੰ ਕਹਿ। ਇਹ ਕਿਹਾ, 'ਬਰਫ ਵਾਲਾ ਬਕਸਾ ਮੰਗਵਾ ਦੇਤੇ ਹੈਂ।'

ਬੀਲ੍ਹੇ ਨੂੰ ਪਤਾ ਲੱਗਾ ਤਾਂ ਉਸ ਝਿੜਕਿਆ। "ਕਿਉਂ ਤਰਲੇ ਲਏ ਤੂੰ? ਜਦ ਮੈਂ ਹੈਗਾਂ।" ਬੀਲ੍ਹੇ ਸਚਮੁਚ ਸਾਥ ਦਿੱਤਾ। ਬੁਧੀਏ ਦੀ ਮਿੱਟੀ ਸਮੇਟੀ।

ਘਰ ਆਇਆ। ਜਿਵੇਂ ਹੀ ਅੰਦਰ ਵੜਿਆ। ਮਰਨ ਕਿਨਾਰੇ ਤੀਵੀਂ ਮੰਜੇ ਤੋਂ ਉੱਤਰ ਰਸੋਈ ਦੇ ਭਾਂਡੇ ਚੁੱਕ-ਚੁੱਕ ਮਾਰ ਰਹੀ ਸੀ। ਬੀਲ੍ਹੇ ਉਹਦੀ ਹਰਕਤ ਭਾਂਪੀ। ਸਬਰ ਕੀਤਾ ਅਤੇ ਕਰਨ ਲਈ ਕਿਹਾ। ਜਦੋਂ ਤੀਵੀਂ ਕੱਪੜੇ ਪਾੜਨ ਅਤੇ ਆਪਣੇ ਆਪ ਨੂੰ ਮਾਰਨ 'ਤੇ ਉੱਤਰ ਆਈ ਤਾਂ ਬੀਲ੍ਹਾ ਟੁੱਟ ਗਿਆ। ਉਸਦੀ ਤੀਵੀਂ ਦਾ ਮਤਲਬ ਸੀ ਮੈਨੂੰ ਮਰ ਜਾਣ ਦਿੰਦਾ। ਫਿਰ ਉਸ ਕੁੱਤੀ ਨਾਲ ਖੇਹ ਖਾਹ ਲੈਂਦਾ। ਉਹਨੇ ਕਮੀਜ਼ 'ਚ ਕੱਪੜੇ ਤੁੰਨ ਕੇ ਪਹਿਲਾਂ ਛਾਤੀਆਂ ਫੁਲਾਈਆਂ। ਫਿਰ ਨਖ਼ਰਿਆਂ ਦਾ ਅਭਿਨੈ ਕੀਤਾ। ਜਿਸਦਾ



ਮਤਲਬ ਸੀ, ਇਨ੍ਹਾਂ ਮਾਸ ਦੇ ਲੋਥੜਿਆਂ 'ਤੇ ਮਰਿਐਂ?

ਬੀਲ੍ਹੇ ਨੂੰ ਭੁਏਂ ਵਿਹਲ ਨਹੀਂ ਸੀ ਦੇ ਰਹੀ।

"ਜੀਤ ਕੁਰੇ, ਜ਼ਹਿਰ ਦੇ ਦੇਂਦੀ। ਰੰਘਰੇਟੇ ਦੇ ਆਹ ਕਾਲਖ ਨਾ ਮਲਦੀ।"

ਬੀਲ੍ਹੇ ਉਸੇ ਵਕਤ ਦੇਵਕੀ ਸੱਦੀ। ਕੁਝ ਪੈਸੇ ਦਿੱਤੇ ਤੇ ਜਾਣ ਲਈ ਕਿਹਾ। ਉਧਰੋਂ ਦੇਵਕੀ ਗੱਡੀ ਵੜੀ। ਇਧਰੋਂ ਜੀਤ ਕੁਰ ਗੱਡੀ ਚੜ੍ਹ ਗਈ।

ਅਸੀਂ ਦੌੜੇ ਆਏ।...

ਰਾਤ ਰੋਟੀ ਖਾਧੀ। ਪਾਠ ਕੀਤਾ। ਨਾ ਘੋਰੜੂ ਵੱਜਿਆ। ਨਾ ਹਿਚਕੀ ਆਈ। ਬੱਸ ਉੱਡ ਗਿਆ ਭੌਰ। ਐਂ ਕਿਵੇਂ ਉੱਡ ਗਿਆ ਭੌਰ। ਕਾਲੋਨੀ ਹੈਰਾਨ। ਅਸੀਂ ਹੈਰਾਨ। ਕਿਤੇ ਤੇਤੀ ਨੰਬਰ ਦਾ ਕੱਪ ਤਾਂ ਨਹੀਂ ਸੀ? ਪਰ ਮੰਨਣ ਵਿਚ ਨਾ ਆਈ। ਅਸੀਂ ਦੇਖਿਆ। ਬੀਲ੍ਹਾ ਕਿਰਿਆ ਕਰਮ ਕਰ ਤਾਂ ਰਿਹਾ ਸੀ, ਪਰ ਨਿੱਸਤਾ ਅਤੇ ਸਾਹਸਤ ਹੀਣ। ਅਸੀਂ ਬੁਲਾਉਂਦੇ, ਉਹ ਹੋਰ ਕਿਤੇ ਦੇਖੀ ਜਾਂਦਾ। ਤੇਰ੍ਹਵੇਂ ਤਕ ਉਹ ਮਸਾਂ ਸਾਵਾਂ ਹੋ ਗਿਆ।

ਇਕ ਦਿਨ ਕਾਲੋਨੀ ਹਾਲੇ ਜਾਗੀ ਵੀ ਨਹੀਂ ਸੀ ਜਾਂ ਲੋਕਾਂ ਕਿਸੇ ਗਰੀਬੜੇ ਜਿਹੇ ਬੁੜ੍ਹੇ ਨੂੰ ਕਾਲੋਨੀ 'ਚ ਹਾਲ ਪਾਹਰਿਆ ਕਰਦੇ ਸੁਣਿਆ।

ਉਹ ਵਿਲਕ ਰਿਹਾ ਸੀ। ਮੈਨੂੰ ਹਲਕੇ ਕੁੱਤੇ ਵੱਢ੍ਹ ਲਿਆ। ਹਲਕਾਅ ਬਾਰੇ ਸੁਣ ਬਹੁਤਿਆਂ ਗੇਟ ਬੰਦ ਕਰ ਲਏ। ਥੋੜ੍ਹੀ ਦੇਰ ਬਾਦ ਉਹ ਏਧਰ ਓਧਰ ਦੌੜਦਾ ਖੰਭਿਆਂ, ਰੁੱਖਾਂ ਅਤੇ ਕੱਪੜਿਆਂ ਨੂੰ ਚੱਕ ਵੱਢਣ ਲੱਗਾ। ਸਭ ਦਹਿਲ ਗਏ। ਗੁਆਂਢੀਆਂ ਨੂੰ ਫ਼ਿਕਰ ਹੋਇਆ। ਉਨ੍ਹਾਂ ਨੇ ਹੀ ਕੁੱਤਿਆਂ ਨੂੰ ਗਿਝਾਇਆ ਸੀ।

ਕਿਸੇ ਪੁਲਿਸ ਨੂੰ ਫੋਨ ਕੀਤਾ। ਉੱਤਰ ਮਿਲਿਆ ਮਿਉਨਸਪੈਲਟੀ ਨੂੰ ਕਹੋ। ਮਿਉਨਸਪੈਲਟੀ ਕਿਹਾ, ਸਾਡੇ ਵੱਸ ਨਹੀਂ। ਸਭ ਇਕ ਦੂਜੇ ਦੇ ਮੂੰਹ ਵੱਲ ਦੇਖਣ ਲੱਗੇ। ਬੀਲ੍ਹੇ ਐਂਬੂਲਸ ਵਿਚ ਬੁੜ੍ਹਾ ਲੱਦਿਆ ਹਸਪਤਾਲ ਤੋਰ ਦਿੱਤਾ।

ਸਭ ਨੇ ਸੁਖ ਦਾ ਸਾਹ ਲਿਆ।

ਪਰ ਹਲਕਿਆ ਕੁੱਤਾ ਕਿੱਥੇ ਸੀ? ਇਸ ਡਰ ਨੇ ਫਿਰ ਸਭ ਦੇ ਸਾਹ ਸੂਤ ਦਿੱਤੇ। ਕਿਹੜਾ ਕੁੱਤਾ ਹਲਕਾ ਸੀ? ਇਸ ਡਰ ਤੋਂ ਗੁਆਂਢੀ ਅਤੇ ਅਮੀਰ ਬੱਚੀ ਬਿਸਕੁਟ ਪਾਉਣਾ ਹੀ ਭੁੱਲ ਗਏ।

ਦੂਜੇ ਦਿਨ ਸਵੇਰੇ ਕੁੱਤੇ ਮਰੇ ਪਏ ਮਿਲੇ।

ਸਾਰੇ ਕਿਵੇਂ ਮਰ ਗਏ? ਕੀ ਹਲਕੇ ਕੁੱਤੇ ਵੱਢ੍ਹ ਲਿਆ? ਕਿਸੇ ਕਿਹਾ, ਸਵਾਲ ਹੀ ਪੈਦਾ ਨਹੀਂ ਹੁੰਦਾ। ਲਾਜ਼ਮੀ ਕੁਚਲੇ ਪਾਏ ਗਏ। ਕਿਆਸ ਅਰਾਈਆਂ ਚੱਲ ਹੀ ਰਹੀਆਂ ਸਨ ਜਾਂ ਬੋਅ ਮਾਰਨ ਲੱਗੇ। ਅਚਾਨਕ ਮਿਉਨਸਪੈਲਟੀ ਵਾਲੇ ਆਏ। ਚੱਕ ਕੇ ਲੈ ਗਏ।...

ਵਾਪਰੀਆਂ ਘਟਨਾਵਾਂ ਕਲੋਨੀ ਲਈ ਸਧਾਰਨ ਹੋ ਸਕਦੀਆਂ ਸਨ। ਸਾਡੇ

ਲਈ ਨਹੀਂ। ਅਸੀਂ ਚਕਰਾਅ ਗਏ ਅਤੇ ਸੋਚਦਿਆਂ ਸਿਰ ਦੀਆਂ ਠੀਕਰੀਆਂ ਭੰਨ ਲਈਆਂ। ਚੰਗੀ ਭਲੀ ਤੀਵੀਂ। ਚੰਗੇ ਭਲੇ ਕੁੱਤੇ। ਜਿਹਨ ਵਿਚ ਕੁੱਤੇ ਵਿਲਕਦੇ। ਤੀਵੀਂ ਰੋਂਦੀ।

ਮਨ ਉਚਾਟ ਹੋਇਆ ਤਾਂ ਸੋਚਿਆ ਬੀਲ੍ਹਾ ਘੇਰਿਆ ਜਾਵੇ। ਇਸ ਰਹੱਸ ਦੀ ਕੁੰਜੀ ਉਹਦੇ ਹੱਥ ਸੀ। ਕਈ ਵੇਰ ਕੋਸ਼ਿਸ਼ ਕੀਤੀ; ਪਰ ਬੀਲ੍ਹਾ ਮਿਲਿਆ ਨਹੀਂ। ਪਤਾ ਲੱਗਾ ਪਤਨੀ ਦੀ ਮੌਤ ਬਾਦ ਬਹੁਤਾ ਘਰ ਵੜਿਆ ਹੀ ਨਹੀਂ ਸੀ।

ਜਿਵੇਂ ਜਿਵੇਂ ਦਿਨ ਲੰਘੇ। ਬੀਲ੍ਹੇ ਦਾ ਨਾ ਮਿਲਣਾ, ਖਟਕਣ ਲੱਗਾ। ਕਈ ਵੇਰ ਪੱਕੀ ਸਾਜਿਸ਼ ਲਗਦੀ। ਇਸ ਲਈ ਬੀਲ੍ਹਾ ਸਾਨੂੰ ਚਾਹੀਦਾ ਸੀ।

ਇਕ ਦਿਨ ਅਚਾਨਕ ਕਿਸੇ ਕੰਮ ਮੈਂ ਤਹਿਸੀਲੇ ਗਿਆ। ਇਕ ਅਰਜੀਨਵੀਸ ਦੇ ਖੋਖੇ ਵਿਚ ਲੱਗੀ ਸਾਂਝੀ ਤਸਵੀਰ ਵਿਚਾਲੇ ਬੀਲ੍ਹਾ ਵੀ ਸੀ।

"ਜਾਣਦੇ ਹੋ ਇਸਨੂੰ।" ਮੈਂ ਪੁੱਛਿਆ।

"ਹਾਂ ਹਾਂ ਸਾਡਾ ਹੀ ਆਦਮੀ ਹੈ।" ਉਸ ਚਾਅ ਨਾਲ ਕਿਹਾ।

"ਕੈਸਾ ਆਦਮੀ ਸੀ?"

"ਸੀ ਨਹੀਂ ਹੈਗੇ ਜੀ। ਬਸ ਇਕੋ ਨੁਕਸ ਨੇ ਮਾਰ ਦਿੱਤਾ ਵਿਚਾਰਾ।"

"ਕੈਸਾ ਨੁਕਸ?"

"ਆਹ ਦੇਖੀ ਐ ਸ਼ੇਰਵਾਨੀ ਜਿਹੀ। ਚਲ ਇਹਨੇ ਤਾਂ ਖਾਧੀ ਕੜ੍ਹੀ। ਕੋਈ ਗੁਰੂਆਂ ਗਰਵਾਂ ਦਾ ਚੱਕਰ ਵੀ ਚੱਕੀ ਫਿਰਦਾ ਸੀ ਦਿਨ ਰਾਤ।"

"ਕਹਿੰਦੇ ਜਵਾਨ ਪੁੱਤ ਮਰ ਗਿਆ ਉਹਦਾ।"

"ਬਕਵਾਸ! ਤੀਵੀਂ ਮਰੀ ਐ ਜੀ ਪਿੱਛੇ ਜਿਹੇ। ਕੌਣ ਕਹਿੰਦੈ ਪੁੱਤ ਮਰ ਗਿਆ। ਉਹ ਤਾਂ ਸਾਲਾ ਨੌਕਰੀ ਕਰ ਰਿਹੈ ਪਬਲਿਕ ਹੈਲਥ 'ਚ। ਪਰ ਤੁਸੀਂ ਕਿਵੇਂ ਜਾਣਦੇ ਓ ਇਹਨੂੰ? ਇਹ ਤਾਂ ਚਪੜਾਸੀ ਸੀ।"

"ਉਹਨੇ ਹੀ ਕਿਹਾ ਮੇਰਾ ਪੁੱਤ ਮਰ ਗਿਆ।"

"ਉਹਦੇ ਲਈ ਤਾਂ ਮਰ ਹੀ ਗਿਆ ਜੀ। ਪਹਿਲਾਂ ਕੰਜਰ ਨੇ ਸਿਰ ਮੁਨਾਅ ਲਿਆ। ਬੀਲ੍ਹਾ ਕੋਈ ਰੋਇਆ ਪਿੱਟਿਆ? ਤੌਬਾ ਜੀ। ਫਿਰ ਨੌਕਰੀ ਤਾਂ ਲਈ ਰੀਜਰਵ ਕੋਟੇ 'ਚੋਂ। ਨਾਂ ਰੱਖ ਲਿਆ ਸਿੱਧੂ। ਉੱਤੋਂ ਧੱਖੇ 'ਚ ਜੱਟਾਂ ਦੀ ਕੁੜੀ ਨਾਲ ਵਿਆਹ ਕਰਵਾ ਲਿਆ। ਉਹ ਵੀ ਨਾਇਬ ਦੀ ਕੁੜੀ ਨਾਲ। ਬੀਲ੍ਹੇ ਕਿਹਾ, ਜਾਹ ਓਏ, ਜਿਹੜਾ ਪਿਉ ਦੇ ਅਸਲੇ ਤੋਂ ਮੁਕਰ ਗਿਆ। ਉਹ ਮਰ ਗਿਆ। ਪਰ ਉਹਦੀ ਤੀਵੀਂ ਪੁੱਤ ਲਈ ਬਹੁਤ ਤੜਪੀ। ਕੰਜਰ ਨੇ ਮਿਲਣ ਨੀ ਦਿੱਤੀ ਪੁੱਤ ਨੂੰ।"

ਮੇਰੇ ਪੈਰਾਂ ਥਲਿਉਂ ਮਿੱਟੀ ਨਿਕਲ ਗਈ। ਮੈਨੂੰ ਬੀਲ੍ਹੇ ਤੇ ਗੁੱਸਾ ਆਇਆ। ਇਕ ਝਟਕੇ ਨਾਲ ਉਹ ਮੇਰੇ ਮਨੋਂ ਉੱਤਰ ਗਿਆ।

ਜਿਵੇਂ ਹੀ ਮੈਂ ਘਰ ਆਇਆ। ਮੈਨੂੰ ਮੱਦੀ ਤੇ ਵਾਲੀਆ ਉਡੀਕ ਰਹੇ ਸਨ।



ਉਹਨਾਂ ਦੇ ਚਿਹਰੇ ਉੱਤਰੇ ਅਤੇ ਰੰਗ ਉੱਡੇ ਹੋਏ ਸਨ।

"ਬਹੁਤ ਬੁਰੀ ਖ਼ਬਰ ਹੈ।" ਮੱਦੀ ਰੋਣ ਵਾਂਗ ਕਿਹਾ।

"ਕੀ ਹੋਇਆ?"

"ਬੀਲ੍ਹਾ ਹਸਪਤਾਲ ਐ।"

"ਤਾਂ ਮੈਂ ਕੀ ਕਰਾਂ?" ਮੈਂ ਖਿਝੇ ਮਨ ਕਿਹਾ।

"ਯਾਰ ਉਹ ਸੀਰੀਅਸ ਐ। ਆਈ ਸੀ ਯੂ 'ਚ ਪਿਐ।"

ਅਸੀਂ ਉਹਨੀਂ ਪੈਰੀਂ ਹਸਪਤਾਲ ਜਾ ਖੜ੍ਹੇ। ਡਾਕਟਰ ਦੱਸਿਆ।

"ਛਾਤੀ ਵਿਚ ਦਰਦ ਸੀ। ਟੈਸਟ ਕੀਤੇ। ਅੰਡਰ ਪ੍ਰੈਸ਼ਰ ਸੀ। ਦੇਰ ਨਾਲ ਆਉਂਦਾ ਤਾਂ ਗਿਆ ਸੀ। ਅਸੀਂ ਕਿਹਾ ਈਮੀਜੇਟ ਅਪਰੇਸ਼ਨ ਹੋਏਗਾ। ਕਹਿੰਦਾ ਕਰੋ। ਇਕ ਦੀ ਪੇਮਿੰਟ ਤਾਂ ਕਰ ਦਿੱਤੀ। ਪੰਜਾਹ ਸੱਠ ਬਾਕੀ ਹੈ। ਫਿਰ ਵੀ ਕੱਲ੍ਹ ਕਰਾਂਗੇ ਹਰ ਹਾਲਤ 'ਚ ਅਪਰੇਸ਼ਨ।

ਅਸੀਂ ਪਰਤ ਆਏ। ਪਤਾ ਨਹੀਂ ਕਿਉਂ ਉਸਨੂੰ ਸੀਰੀਅਸ ਦੇਖ ਹਮਦਰਦੀ ਜਾਗ ਪਈ ਅਤੇ ਦਿਲ ਨੇ ਚਾਹਿਆ। ਬੀਲ੍ਹਾ ਮਰਨ ਨਹੀਂ ਦੇਣਾ।

ਅਗਲੀ ਸਵੇਰ ਬਾਕੀ ਰੁਪੈ ਅਤੇ ਦੋਸਤਾਂ ਨੂੰ ਲੈ, ਆਈ ਸੀ ਯੂ 'ਚ ਗਏ। ਇਧਰ ਉਧਰ ਦੇਖਿਆ। ਬੀਲ੍ਹਾ ਨਹੀਂ ਸੀ। ਜਾਨ ਮੁੱਠੀ 'ਚ ਆਈ। ਡਾਕਟਰ ਨੂੰ ਪੁੱਛਿਆ।

"ਜੀ ਸਾਡਾ ਮਰੀਜ਼?"

"ਓ ਬੱਲ ਸਿੰਘ? ਉਹ ਤਾਂ ਛੁੱਟੀ ਲੈ ਗਿਆ ਰਾਤ ਹੀ।"

"ਕਿਉਂ ਉਹਦਾ ਤਾਂ ਅਪਰੇਸ਼ਨ ਸੀ ਅੱਜ।"

"ਕਹਿੰਦਾ, ਨਹੀਂ ਕਰਾਉਣਾ। ਪੇਮਿੰਟ ਵਾਪਿਸ ਲੈ ਲਈ।"

"ਪਰ ਤੁਸੀਂ ਤਾਂ ਕਿਹਾ ਉਹ ਸੀਰੀਅਸ ਸੀ।"

"ਬਹੁਤ ਕਿਹਾ, ਪਰ ਆਪਣੇ ਰਿਸਕ 'ਤੇ ਚਲਿਆ ਗਿਆ।"

"ਪਰ ਡਾਕਟਰ ਸਾਹਿਬ ਤੁਸੀਂ ਰੋਕਦੇ।..."

"ਕੋਈ ਲੜਕਾ ਆਇਆ ਮਿਲਣ, ਨਿਹੰਗ ਟਾਈਪ। ਕਹਿੰਦਾ ਪੋਤਾ ਹੈ ਮੇਰਾ। ਗਤਕੇ ਦੀ ਟੀਮ ਲੈ ਕੇ ਜਾ ਰਿਹੈ ਬਾਹਰ। ਇਸਨੂੰ ਚਾਹੀਦੇ ਨੇ ਪੈਸੇ..."

ਚੁਪ ਦੇ ਚੁੱਪ ਅਸੀਂ ਇਕ ਦੂਜੇ ਵੱਲ ਦੇਖਿਆ। ਮੇਰੇ ਹੱਥ 'ਚ ਫੜੇ ਪੈਸੇ ਤੇ ਅਸੀਂ ਮਿੱਟੀ ਸਾਂ।... ਅੱਵਾਕ ਅਤੇ ਨਿਸ਼ਬਦ।

ਬੀਲ੍ਹਾ ਸਾਡੀ ਸਮਝ ਤੋਂ ਬਾਹਰ ਸੀ।...

•

# ਕੀੜਿਆਂ ਦਾ ਭੌਣ

"ਚੱਲ ਬਾਬੇ ਉੱਤਰਨਾ ਨਹੀਂ ?"

"ਕੰਡਕਟਰ ਵੀਰੂ ਝੂਣਿਆ।

ਵੀਰੂ ਤਭਕਿਆ। ਆ ਗਿਆ ਅੱਡਾ ? ਉਸ ਕਾਹਲੀ ਨਾਲ ਝੋਲਾ ਚੱਕਿਆ।

ਲੱਗਾ, ਗਲਤ ਜਗ੍ਹਾ ਉੱਤਰ ਗਿਆ। ਨਾ ਪਿਪਲੀ। ਨਾ ਬੜ੍ਹੀ। ਥੋੜ੍ਹੀ ਦੂਰ ਰਿਕਸ਼ੇ ਅਤੇ ਰੇੜ੍ਹੀ ਵਾਲਾ ਸੀ।

"ਸਾਊ ਕਿਹੜਾ ਅੱਡੇ ਇਹ ?"

"ਕਿੱਥੇ ਜਾਣੈ ?"

"ਸ਼ੇਖ ਪੁਰੇ।"

"ਬੈਠੋ।" ਇਕ ਨੇ ਰਿਕਸ਼ਾ ਅੱਗੇ ਕੀਤਾ।

"ਬੈਹਣਾ ਨੀ ਸਾਊ।"

ਰਿਕਸ਼ੇ ਵਾਲੇ ਬਿਨਾਂ ਕੁਝ ਕਹੇ, ਰਿਕਸ਼ਾ ਪਿੱਛੇ ਕਰ ਲਿਆ।

ਵੀਰੂ ਰੇੜ੍ਹੀ ਵਾਲੇ ਵੱਲ ਹੋਇਆ। ਮੁੰਡੇ ਇਕ ਨਜ਼ਰ ਦੇਖ ਸਿਰ ਝਟਕਿਆ।" ਮੱਥਾ ਟੇਕਦਾਂ ਬਾਬੇ।"

"ਕੀਹਨਾਂ 'ਚੋਂ ਐਂ ਸ਼ੇਰਾ ? ਪਛਾਣ ਨੀ ਹੋਈ।"

"ਪੋਤਾਂ ਹਰੀਏ ਛਾਂਗੇ ਦਾ।" ਮੁੰਡਾ ਗੱਤੇ ਦੀ ਝੱਲ ਨਾਲ ਛੱਲੀ ਸੇਕਣ ਲੱਗਾ।

"ਨੇਕ ਦੈਂ ?"

"ਹਾਂ।"

"ਤੂੰ ਤਾਂ ਨਲਕੇ ਨਾ ਸੀ ਲਾਂਦਾ ?" ਵੀਰੂ ਯਾਦ ਕੀਤਾ।

"ਛੱਡ 'ਤੇ...।"

"ਕਿਉਂ ?"

"ਟੂਟੀਆਂ ਲੱਗ ਗਈਆਂ ਸਰਕਾਰੂ।"

"ਆਪ ਬੀਜੀਆਂ ਕੱਕੜੀਆਂ ?"

"ਨਾ-ਨਾ, ਮੰਡੀਉ।"

ਫਿਰ ਰੁਕ ਕੇ ਕਿਹਾ।

"ਪਿੱਪਲੀ ਅਰ ਬੜ੍ਹੀ ਹੁੰਦੀ ਸੀ ਉਰੇ...।"

"ਹਾਈਵੇ ਨੇ ਚੱਕ ਤੇ ਸਭ। ਹੁਣ ਤਾਂ ਉਰੇ ਬੱਸ ਨੀ ਖੜ੍ਹਦੀ ਸਿੱਧੇ ਮੂੰਹ।"



"ਕਿਉਂ ?"

"ਕੁੰਡ ਚੱਲਦੇ ਐ ਲੋਕਲ। ਜਾਂ ਮਿਨ੍ਹੀ।"

"ਮੈਨੂੰ ਤਾਂ ਸ਼ੇਖਪੁਰਾ ਨੀ ਦੀਹਦਾ ਕਿਤੇ।"

"ਸ਼ੈਲਰ ਆਲੇ ਚੱਕ ਲਿਆਏ ਅੱਡਾ। ਪਿੰਡ ਤਾਂ ਪਿੱਛੇ ਰਹਿ ਗਿਆ।"

ਵੀਰੂ ਨੂੰ ਖਿਝ ਆਈ। ਹਉਕਾ ਲੈ ਪਿੱਛੇ ਨੂੰ ਹੋ ਤੁਰਿਆ। ਹੱਦ ਹੋ ਗਈ। ਸਾਲ 'ਚ ਹੀ ਹੋ ਗਈ ਹੇਠਲੀ ਉੱਤੇ।

ਪਿੰਡ ਨੂੰ ਮੁੜਦੇ ਦੂਰ ਤੱਕ ਦੇਖਿਆ। ਕਈ ਕੁਛ ਬਦਲ ਗਿਆ ਸੀ। ਅੰਬਰਸਰੀਆਂ ਦੇ ਖੇਤਾਂ ਵਿਚ ਗੁਦਾਮ ਹੀ ਗੁਦਾਮ ਸਨ। ਕਿਸੇ ਨੇ ਦਿਉ-ਕੱਦ ਮੱਛਰਦਾਨੀਆਂ ਦੇ ਤੰਬੂ ਤਾਣ ਰੱਖੇ ਸਨ। ਕਹਿੰਦੇ ਸਬਜ਼ੀਆਂ ਉੱਗਦੀਆਂ ਇਨ੍ਹਾਂ ਹੇਠ। ਤੁਰੇ ਆਉਂਦੇ ਲਾਗੋਂ ਇਕ ਦੋ ਮੋਟਰ ਸਾਈਕਲਾਂ ਵਾਲੇ ਪਿੱਛੇ ਵੱਲ ਝਾਕਦੇ ਲੰਘੇ। ਪਰ ਕੋਈ ਰੁਕਿਆ ਨਾ। ਸੂਏ 'ਤੇ ਆ ਕੇ ਠਿਠਕ ਗਿਆ। ਨਾ ਸੰਧੂਆਂ ਕੇ ਸਫੈਦੇ। ਨਾ ਬਾਗ। ਉਹਦੀ ਥਾਂ ਭੱਠਾ ਸੀ। ਅੰਦਰ ਕਿਤੇ ਪੀੜ ਹੋਈ। ਲੋਕ ਅੰਨਪੂਰਣਾ ਹੀ ਤਬਾਹ ਕਰ ਰਹੇ ਸਨ। ਐਂ ਤਾਂ ਸਰਾਪ ਦਿਊ ਧਰਤੀ।

ਫਿਰਨੀ ਪਾਰ ਕਰ ਗੁਰਦੁਆਰੇ ਲਾਗ ਆਇਆ ਤਾਂ ਭਾਈ ਸਿਰ ਤੋਂ ਉੱਚੇ ਹੱਥ ਜੋੜੇ।

"ਵਾਹ ਜੀ ਵਾਹ! ਬੜੇ ਭਾਗ ਲਾਏ ਰਾਜਾ ਜੀ।"

"ਪਛਾਣ ਲਿਆ ?"

"ਸੌ ਵਿਸਵੇ।"

"ਮੈਨ੍ਹ ਰਾਜ਼ੀ ਖ਼ੁਸ਼ੀ ?"

"ਕਿਰਪੋ ਦਾਤੇ ਦੀ...।"

"ਕਰਮਾਂ ਆਲੇ ਭਾਈ। ਜੀਹਦਾ ਕੁਣਕੇ 'ਚ ਹੱਥ ਐ।"

"ਹੈ ਇੱਛਾ ਤਾਂ ਬੋਲੋ ਵਾਹਿਗੁਰੂ।"

"ਐਸ ਵੇਲੇ ?"

"ਪੁਰਬ ਸੀ। ਹੁਣੇ ਛਕ ਕੇ ਗਈ ਸੰਗਤ।"

"ਲੈ ਬੋਲ ਤਾ ਫਿਰ।"

ਵੀਰੂ ਝੋਲਾ ਅਤੇ ਡੰਗੋਰੀ ਕੰਧ ਨਾਲ ਟਿਕਾਅ ਤੱਪੜ ਤੇ ਬੈਠ ਗਿਆ। ਸੇਵਾਦਾਰ, ਲੰਗਰ ਪਾਉਣ ਲੱਗਾ ਤਾਂ ਵੀਰੂ ਆਦਤਨ ਮੂੰਹ ਪਰ੍ਹਾਂ ਕਰ ਲਿਆ।

"ਖੁੱਲਾ ਗੱਫਾ ਸਿੰਘ ਜੀ।" ਭਾਈ ਵੀਰੂ ਦੀ ਗਜਾਅ ਬਾਰੇ ਜਾਣਦਾ ਸੀ। ਐਸੇ ਮੌਕੇ ਵੀਰੂ ਪੈਰਾਂ ਭਾਰ ਬੈਠ ਕੇ ਖਾਣਾ ਸ਼ੁਰੂ ਕਰਦਾ। ਨਿੱਠ ਕੇ ਬਹਿ ਜਾਣ ਤੱਕ ਖਾਂਦਾ। ਦੁਸੇਰੀ ਕੜਾਹ, ਦਸ ਜੋਟੇ ਲੱਡੂ ਉਸ ਲਈ ਚੁਟਕੀ ਦੀ ਖੇਡ ਸੀ। ਵੀਰੂ ਬਰਤਨ ਸੁੱਚੇ ਕੀਤੇ ਅਤੇ ਕਿਹਾ।

"ਲੈ ਜੀ ਲੰਗਰ ਆਲੀ ਤਾਂ ਹੋ ਗਈ ਨਿਸ਼ਾ। ਪਰ ਤੈਥੋਂ ਬਿਨਾਂ ਕਿਸੇ ਪਛਾਣਿਆ ਨਹੀਂ।"

"ਤੁਹਾਡੇ ਸਾਬਤ ਸਰੂਪ ਕਰਕੇ।"

ਖਿਆਲ ਆਇਆ। ਦਾੜ੍ਹੀ ਨਾਲ ਤਾਂ ਉਹ ਬਿਲਕੁਲ ਬਦਲ ਗਿਆ ਹੋਵੇਗਾ। ਤੇੜ ਪਜਾਮਾਂ ਵੀ ਸੀ। ਫਿਰ ਵੀ ਉਹਦੇ ਆਉਣ ਦੀ ਖ਼ਬਰ ਪੂਰੇ ਅਗਵਾੜ ਵਿਚ ਫ਼ੈਲ ਗਈ। ਭਾਬੀ ਈਸਰੋ, ਬੰਤੀ, ਲੌਂਹਬਰ ਤੇ ਕਿਹਰੂ ਹੁੱਭ ਕੇ ਮਿਲੇ ਤਾਂ ਚਿੱਤ ਖਿੜ ਉੱਠਿਆ।

ਬੰਦ ਪਏ ਘਰ ਦਾ ਜੰਗਾਲਿਆ ਤਾਲਾ ਮੁਸ਼ਕਿਲ ਨਾਲ ਖੁੱਲ੍ਹਿਆ। ਕੋਠੇ 'ਚ ਸਿੱਲ੍ਹ ਤੇ ਜਾਲਿਆਂ ਦੀ ਹੰਮਕਾਰ ਸੀ। ਵੀਰੂ ਜਿਵੇਂ ਹੀ ਮੰਜਾ ਖਿੱਚ ਕੇ ਵਿਹੜੇ 'ਚ ਬੈਠਿਆ। ਮਿਲਣ ਵਾਲਿਆਂ ਦਾ ਤਾਂਤਾ ਲੱਗ ਗਿਆ। ਕਿਸੇ ਨੂੰ ਉਮੀਦ ਨਹੀਂ ਸੀ ਉਹ ਪਰਤੇਗਾ। ਪਰ ਉਹ ਆਇਆ ਖੜ੍ਹਾ ਸੀ।

"ਟਿਕੇਂਗਾ ਕਿ ਹੱਥ ਲਾ ਕੇ ਮੁੜੇਂਗਾ?" ਈਸਰੀ ਪੁੱਛਿਆ।

"ਤੂੰ ਦੱਸ?"

"ਹੈ ਕਮਲਾ। ਮੈਤੋਂ ਪੁੱਛ ਕੇ ਗਿਆ ਸੀ?"

"ਤੈਨੂੰ ਕੀ ਲੱਗਦਾ?"

"ਤੇਰੀਆਂ ਤੂੰ ਜਾਣ। ਮੈਂ ਕੀ ਕਹਾਂ।"

"ਮੁੱਕ ਗਿਆ, ਆਣ-ਜਾਣ।"

ਈਸਰੀ, ਵੀਰੂ ਵੱਲ ਗਹੁ ਨਾਲ ਝਾਕਿਆ। ਕਿਸੇ ਨਿਸ਼ਚੇ ਦੀ ਅਡੋਲਤਾ ਦੇਖ ਖ਼ੁਸ਼ੀ ਹੋਈ। ਛੇਤੀ ਨਾਲ ਕੋੜਮੇਂ ਦੀਆਂ ਕੁੜੀਆਂ ਸੱਦ ਲਿਆਈ। ਤਕਾਲਾਂ ਤੱਕ ਘਰ ਸੰਭਰ ਦਿੱਤਾ ਗਿਆ।

ਹਰ ਮਿਲਣ ਆਇਆ, ਵੀਰੂ ਦਾ ਸਿੱਖੀ ਸਰੂਪ ਅਤੇ ਸ਼ਹਿਰ ਛੱਡ ਕੇ ਆਉਣਾ, ਹੈਰਾਨੀ ਨਾਲ ਝਾਕਦਾ ਅਤੇ ਪਰਤ ਜਾਂਦਾ।

ਰਾਤ ਉੱਤਰਦੀ ਦੇਖ ਈਸਰੀ ਪੁੱਛਿਆ।

"ਰੋਟੀ ਟੁੱਕ ਦੀ ਦੱਸ?"

"ਆਉਂਦੇ ਨੇ ਲੰਗਰ ਛੱਕ ਲਿਆ।"

"ਚੱਲ ਇਕ ਟੈਮ ਹਾਜਰੀ ਲੈ ਕੇ ਆਊਂ ਮੈਂ। ਅੱਗੋਂ ਆਪਦੀ ਸੇਕ ਲੀਂ।"

ਕੱਤੇਂ ਦੀ ਮਿੱਸੀ ਰੁੱਤ। ਟਿਕੀ ਰਾਤ। ਜਿਵੇਂ ਹੀ ਮਿਲਣ ਵਾਲੇ ਗਏ। ਕੋਠੇ 'ਤੇ ਮੰਜਾ ਖਿੱਚ ਪੈ ਗਿਆ। ਸਿਰ 'ਤੇ ਨਿੰਮਲ ਅਸਮਾਨ ਦੇਖ, ਸੁਖ ਦਾ ਸਾਹ ਲਿਆ। ਉਹਨੂੰ ਕਈ ਮਿਲਣ ਆਏ। ਸਭ ਪਿੰਡ ਬਾਰੇ ਦੱਸ ਕੇ ਚਲੇ ਗਏ। ਨੂਪੇ ਮਹਿਰੇ ਬਾਰੇ ਸੁਣ ਕੰਬ ਉਠਿਆ। ਕਹਿੰਦੇ ਬੜੀ ਔਖੀ ਮੌਤ ਮਰਿਆ। "ਜਾਹ ਉਏ ਕੋੜ੍ਹੀਆ। ਤੂੰ ਤਾਂ ਕਹਿੰਦਾ ਸੀ ਕੱਠੇ ਮਰਾਂਗੇ।" ਵੀਰੂ ਦੇ ਅੱਥਰੂ ਉਮੜ ਆਏ ਤੇ ਵਰ੍ਹਿਆਂ ਦੀਆਂ ਸਿਮਰਤੀਆਂ ਵਿਚ ਜਾ ਡਿੱਗੇ।...



☆☆☆

ਵੀਰੂ ਦੇ ਪੁਰਖੇ ਕਦੋਂ ਪਿੰਡ ਵਿਚ ਆਏ, ਕੋਈ ਨਹੀਂ ਸੀ ਜਾਣਦਾ। ਵੀਰੂ ਬਾਰੇ ਸਭ ਜਾਣਦੇ। ਉਹ ਖੁਸ਼ੀਏ ਅਤੇ ਰੱਖੀ ਦੇ ਉਦਰ ਵਿਚ ਤ੍ਰਿੱਖਲ ਬਣ ਕੇ ਆਇਆ। ਨਹਿਸ਼ ਨਛੱਤਰ। ਮਾਂ ਪਿਉ ਤੇ ਭਾਰੂ। ਖੁਸ਼ੀਏ ਦੀ ਵੀਹ-ਵੀਹ ਪਿੰਡਾਂ ਵਿਚ ਜਜਮਾਨੀ। ਉਹਨੇ ਸੈਂਕੜੇ ਗੰਢਾਂ ਢੋਈਆਂ। ਸਿਰ ਜੋੜੇ। ਮੰਗਣੇ। ਵਿਆਹ ਅਤੇ ਮਰਨੇ ਪਰਨੇ ਨੇਪਰੇ ਚਾੜ੍ਹੇ।

ਵੀਰੂ ਪਿਉ ਤੋਂ ਵੀ ਅੱਗੋਂ ਜਾ ਨਿਕਲਿਆ।

ਚਾਰ ਹੱਥ ਲੰਮਾ ਕੱਦ। ਡਲਵਾਨੀ ਦੇਹ। ਖੁੱਲ੍ਹੇ ਹੱਡ ਪੈਰ। ਗੰਦਮੀ ਰੰਗ। ਪੁਲਾਂਘ ਡੂਢੀ। ਫੁਰਤੀ ਸਿਰੇ ਦੀ। ਗੰਢਾਂ ਸੁਨੇਹੇ ਲੈ ਕੇ ਡਾਂਡੇ-ਮੀਢੇ ਜਾਂਦਾ। ਸਾਈਕਲ ਲਾਰੀ ਤੋਂ ਪਹਿਲਾਂ ਜਾ ਖੜ੍ਹਦਾ। ਖੁਸ਼ੀਏ ਚਾਹਿਆ ਵੀਰੂ ਜਜਮਾਨੀ ਸੰਭਾਲੇ।

ਇਵੇਂ ਹੀ ਹੋਇਆ।

ਜਿਵੇਂ ਹੀ ਵੀਰੂ ਦਾ ਵਿਆਹ ਮੁਰਤੀ ਨਾਲ ਹੋਇਆ। ਮੁਰਤੀ ਵਰ ਬਣ ਕੇ ਘਰ 'ਚ ਉੱਤਰੀ। ਪਰ ਵੀਰੂ ਦੇ ਤ੍ਰਿਖੱਲ ਹੋਣ ਦਾ ਸਰਾਪ ਬੰਬ ਬਣ ਕੇ ਡਿਗਿਆ। ਖੁਸ਼ੀਆ ਅਤੇ ਰੱਖੀ ਵਾਂਢੇ ਗਏ ਰੇਲ ਗੱਡੀਆਂ ਦੀ ਟੱਕਰ ਵਿਚ ਹੀ ਵੱਢੇ ਗਏ। ਕਿਰਿਆ-ਕਰਮ ਲਈ ਕੱਪੜੇ ਵੀ ਨਾ ਲੱਭੇ।

ਐਸੀ ਹਾਲਤ ਵਿਚ ਵੀ ਮੁਰਤੀ ਡੋਲੀ ਨਾ। ਘਰ ਦਾ ਸਾਰਾ ਭਾਰ ਚੁੱਕ ਲਿਆ। ਵੀਰੂ ਜਜਮਾਨੀ। ਵੀਰੂ ਦੇ ਨੈਣ-ਨਕਸ਼ ਜਿਤਨੇ ਸਧਾਰਨ ਸਨ। ਮੁਰਤੀ ਉਤਨੀ ਖ਼ੂਬਸੂਰਤ। ਜਿੱਥੇ ਜਾ ਖੜ੍ਹਦੀ, ਚਾਨਣ ਖਿੱਲਰ ਜਾਂਦਾ। ਸਡੌਲ ਅੰਗ। ਤਿੱਖੇ ਨਕਸ਼। ਹੱਥਾਂ ਦੀ ਸੁੱਚੀ। ਸੰਧੂਰੀ ਰੰਗ।...

ਕਿਸੇ ਕੰਨਿਆ ਨੂੰ ਵਟਣਾ ਮਲਦੀ। ਕੰਨਿਆਂ ਨੂੰ ਮੁਰਤੀ ਦਾ ਰੂਪ ਹੀ ਚੜ੍ਹਨ ਲੱਗਦਾ। ਖਾਰੇ ਚਾੜ੍ਹਦੀ ਤਾਂ ਉਹਦੇ ਹੱਥੋਂ ਡਿੱਗਿਆ ਪਾਣੀ ਤਿਰਵਰਾ ਹੋ ਉੱਠਦਾ। ਡੋਲੀ ਨਾਲ ਜਾਂਦੀ ਤਾਂ ਲਾੜੇ ਮੁਰਤੀ ਲਈ ਤੜਪ ਉੱਠਦੇ। ਉਹਦਾ ਰੂਪ ਡਲ੍ਹਕਾਂ ਮਾਰਦਾ। ਚੋਬਰ ਹਉਕੇ ਭਰਦੇ।

"ਧੰਨ ਜਿਗਰਾ ਨਾਈਆਂ ਦਾ ਜਿਨ੍ਹਾਂ ਨੈਣ ਜੱਟਾਂ ਨਾਲ ਤੋਰੀ।"

ਜਿਸ ਦਿਨ ਤੋਂ ਮੁਰਤੀ ਚੌਠਿਆਂ ਦੀ ਧੀ ਨੂੰ ਇਕ ਨੌਸਰਬਾਜ ਵਲੈਤੀਏ ਦੀ ਸੇਜ ਤੋਂ ਸੁੱਚੀ ਚੁੱਕ ਲਿਆਈ ਸੀ, ਆਲੇ-ਦੁਆਲੇ ਦੇ ਪਿੰਡਾਂ ਮੁਰਤੀ ਸਿਰ 'ਤੇ ਚੁੱਕ ਲਈ।...

ਚੌਠੇ ਧੀ ਦੀ ਡੋਲੀ ਤੋਰਨ ਲੱਗੇ ਤਾਂ ਵਲੈਤੀਏ ਮੁੰਡੇ ਨੈਣ ਦੇ ਨਾਲ ਜਾਣ 'ਤੇ ਨੱਕ ਵੱਟਿਆ। ਮੁਰਤੀ ਅੜ ਕੇ ਨਾਲ ਗਈ। ਵਲੈਤੀਏ ਹੋਟਲ ਵਿਚ ਰਹਿ ਕੇ ਵਿਆਹ ਕੀਤਾ ਸੀ। ਇਕ ਬਹਿਰੇ ਮੁਰਤੀ ਨੂੰ ਲਾੜੀ ਦੀ ਭੈਣ ਸਮਝ ਕੇ ਬਖਸ਼ੀਸ਼ ਮੰਗੀ ਤਾਂ ਮੁਰਤੀ ਮੁੰਡੇ ਦੇ ਪਿਉ ਤੋਂ ਮੰਗਣ ਲਈ ਕਿਹਾ। ਬਹਿਰੇ ਸਿੱਧਾ ਨਾ ਕਹਿ ਕੇ ਇਸ਼ਾਰਤਨ ਕਿਹਾ,

ਪਿਉ ਤਾਂ ਫਰਜ਼ੀ ਹੈ। ਮੂਰਤੀ ਚੁਕੰਨੀ ਹੋਈ ਤਾਂ ਉਹਨੂੰ ਕਿਸੇ ਸਾਜ਼ਿਸ਼ ਦੀ ਬੂਅ ਆਈ। ਉਸ ਬਜ਼ੁਰਗ ਬਹਿਰੇ ਦੇ ਪੈਰ ਜਾ ਫੜੇ। ਪਤਾ ਲੱਗਾ ਮੁੰਡਾ ਵੀ ਵਲੈਤੀਆ ਨਹੀਂ ਸੀ ਅਤੇ ਰਾਤੋ-ਰਾਤ ਕੁੜੀ ਨੂੰ ਲੈ ਕੇ ਪੱਤਰਾ ਵਾਚ ਜਾਣ ਵਾਲਾ ਸੀ। ਮੂਰਤੀ ਆਪਣੀ ਸੋਨੇ ਦੀ ਮੁੰਦੀ ਬਹਿਰੇ ਦੀ ਮੁੱਠੀ ਵਿਚ ਘੁੱਟ, ਕੁੜੀ ਨੂੰ ਲੈ ਕੇ ਖਿਸਕ ਆਈ।

ਉਸ ਦਿਨ ਤੋਂ ਬਾਦ ਮੂਰਤੀ ਦੀ ਦਲੇਰੀ ਲੋਕ ਉਸ ਪੰਛੀ ਨਾਲ ਤੁਲਨਾਅ ਕੇ ਵੇਖਣ ਲੱਗੇ; ਜਿਹੜਾ ਸ਼ੇਰ ਦੇ ਉਬਾਸੀ ਲੈਣ ਸਮੇਂ ਉਹਦੀ ਦਾੜ੍ਹ 'ਚੋਂ ਮਾਸ ਦੀ ਬੋਟੀ ਕੱਢ ਕੇ ਉੱਡ ਜਾਂਦਾ ਸੀ।...

ਫਿਰ ਉਮਰੋਂ ਢਾਲੇ ਪੈ ਜਾਣ ਤੱਕ ਅਤੇ ਆਪਣੇ ਦੋ ਪੁੱਤਰਾਂ, ਮੱਦੀ ਤੇ ਕੰਤੂ ਦੇ ਜਵਾਨ ਹੋਣ ਤੱਕ; ਐਸੇ ਕਈ ਕਿੱਸੇ ਵਾਪਰੇ ਜੋ ਮੂਰਤੀ ਦੀ ਸਿਆਣਪ ਅਤੇ ਦਾਨਾਈ ਨਾਲ ਜੁੜਦੇ ਚਲੇ ਗਏ। ਉਹ ਰੂਪ ਅਤੇ ਇਖ਼ਲਾਕ ਪੱਖੋਂ ਇਤਨੀ ਸਚਿਆਰੀ ਸੀ, ਉਹਦੀ ਹਾਜ਼ਰੀ ਵਿਚ ਲੋਕ ਆਪਣੀਆਂ ਧੀਆਂ ਸੁਰੱਖਿਅਤ ਹੋਣ ਦੀ ਸਹੁੰ ਖਾਂਦੇ। ਵੀਰੂ ਮੂਰਤੀ ਤੋਂ ਵੀ ਉੱਤੇ।...

ਲੋਕ ਉਹਨੂੰ ਵੀਰੂ ਰਾਜਾ ਦੇ ਲਕਬ ਨਾਲ ਵਡਿਆਉਂਦੇ। ਵੀਰੂ ਵੀ ਰੱਖ ਵਿਖਾਈ। ਕਿਸੇ ਜਜਮਾਨ ਨਾਲ ਗਿਆ, ਨਾ ਝੂਠ ਬੋਲਦਾ। ਨਾ ਬੋਲਣ ਦਿੰਦਾ। ਕੇਰਾਂ ਇਕ ਜੱਟ ਨੇ ਉਹਦੇ ਜਜਮਾਨ ਨੂੰ ਦੂਰੋਂ ਉਂਗਲੀ ਘੁਮਾਅ ਕੇ ਬਿਗਾਨੇ ਖੇਤ ਦਿਖਾ ਦਿੱਤੇ। ਘਰ ਦੀ ਦਿੱਖ ਤੋਂ ਲੱਗਾ ਇਹ ਇਤਨੀ ਪਾਇਆ ਦਾ ਮਾਲਕ ਨਹੀਂ। ਜਜਮਾਨ ਚਾਹ-ਪਾਣੀ ਪੀਣ ਲੱਗਾ ਤਾਂ ਵੀਰੂ ਉਨ੍ਹਾਂ ਖੇਤਾਂ ਵਿਚ ਜਾ ਖੜ੍ਹਿਆ। ਕਿਹਾ, ਫਲਾਅ ਜੱਟ ਨੇ ਆਪਣੇ ਖੇਤਾਂ ਵਿਚੋਂ ਬਰਸੀਮ ਲੈਣ ਭੇਜਿਐ। ਅੱਗੋਂ ਅਸਲੀ ਮਾਲਕ ਪੈ ਨਿਕਲਿਆ। ਓਸ ਕੰਜਰ ਦੇ ਕਿਥੋਂ ਆ ਗਏ ਖੇਤ। ਭਰੀ ਪੰਚਾਇਤ 'ਚ ਭਾਂਡਾ ਭੰਨ ਦਿੱਤਾ।

ਇਵੇਂ ਉਹਦੇ ਇਕ ਜਜਮਾਨ ਇਕ ਮੁੰਡੇ ਹੱਥ ਰੁਪਈਆ ਧਰਿਆ। ਕੁੜਮਾਈ ਦੀ ਮੁੰਦਰੀ ਪਾਉਣ ਗਏ ਤਾਂ ਵੀਰੂ ਨੂੰ ਲੱਗਾ, ਇਹ ਉਹ ਮੁੰਡਾ ਨਹੀਂ। ਵੀਰੂ ਇਹ ਆਖ ਮੁੰਦਰੀ ਵਾਪਸ ਦਿਲਵਾ ਦਿੱਤੀ। ਖੁੱਲ੍ਹੀ ਮੁੰਦਰੀ ਸ਼ੁਭ ਨਹੀਂ। ਮੁੰਡੇ ਵਾਲੀ ਧਿਰ ਬੜਾ ਕਿਹਾ, ਧਾਗਾ ਲਪੇਟ ਲਿਆ ਜਾਏਗਾ। ਵੀਰੂ ਅੜ ਗਿਆ। "ਜਜਮਾਨ ਕੋਈ ਬੇ-ਇਤਬਾਰੀ ਏ?" ਪਿੱਛੋਂ ਨਸ਼ਰ ਹੋਇਆ। ਉਹ ਇਕ ਅਸਾਧ ਰੋਗ ਵਾਲਾ ਮੁੰਡਾ ਮੜ੍ਹ ਰਹੇ ਸਨ।

ਅਜਿਹੇ ਕਿੱਸੇ ਅਨੇਕ ਸਨ। ਜਿਸ ਵਿਚ ਵੀਰੂ ਵਿਚੋਲਿਆਂ ਦੇ 'ਵਿਚ-ਓਹਲੇ' ਨੰਗੇ ਹੀ ਨਾ ਕੀਤੇ ਪੋਤੜੇ ਫੋਲ ਦਿੱਤੇ। ਇੰਜ ਵੀਰੂ ਆਪਦੀ ਜਜਮਾਨੀ ਵਿਚ ਸੱਚ, ਇਖ਼ਲਾਕ ਅਤੇ ਕਸਬ ਦਾ ਥੰਮ ਸੀ। ਜਿਸ ਕਾਜ ਵਿਚ ਜਾ ਖੜ੍ਹਦਾ। ਜਜਮਾਨ ਸੁਰਖ਼ਰੂ ਹੋ ਜਾਂਦੇ।

ਬੱਸ ਇਕੋ ਦੁੱਖ ਸੀ। ਉਹਦੇ ਸ਼ਹਿਰ ਪੜ੍ਹਦੇ ਪੁੱਤਰ, ਪਿੰਡ ਹੱਥ ਲਾਉਣ ਆਉਂਦੇ। ਆਉਂਦੇ ਸਨ ਤਾਂ ਵਿਆਹ-ਸ਼ਾਦੀ ਜਾਂ ਮਰਨੇ-ਪਰਨੇ ਤੋਂ ਆਏ ਅੰਨ-ਪਾਣੀ ਨੂੰ ਮੂੰਹ ਨਹੀਂ ਸਨ ਲਾਉਂਦੇ। ਉਹ ਕਿੱਥੇ ਪੜ੍ਹਦੇ ਸਨ? ਕੀ ਪੜ੍ਹਦੇ ਸਨ? ਵੀਰੂ ਦੀ ਜਾਣੇ



ਬਲਾਅ। ਉਹਨੇ ਤਾਂ ਆਪਣੇ ਕਿਸੇ ਜਜਮਾਨ ਦਾ ਤਰਲਾ ਕਰਕੇ ਮੁੰਡੇ ਸ਼ਹਿਰ ਪੜ੍ਹਨੇ ਪਾਏ। ਹੁਣ ਤਾਂ ਮੁੰਡੇ ਪੈਸੇ ਮੰਗਦੇ। ਵੀਰੂ ਢਿੱਡ ਵੱਢ੍ਹ ਕੇ ਉਹਨਾਂ ਦਾ ਪੇਟ ਭਰਦਾ। ਇਕ-ਇਕ ਪੈਸਾ ਸਾਂਭ ਕੇ ਰੱਖਦੇ ਲਈ ਸਾਦਾ ਕੁੜਤਾ ਚਾਦਰਾ, ਪਰਨਾ ਤੇ ਧੌੜੀ ਦੀ ਜੁੱਤੀ ਗ਼ਨੀਮਤ ਸੀ। ਮੂਰਤੀ ਜਜਮਾਨਣਾਂ ਦੇ ਲੱਥੇ-ਲਥਾਇਆਂ ਨਾਲ ਸਾਰਦੀ। ਪੁੱਤ ਕੰਪਨੀ ਦੇ ਠੱਪਿਆਂ ਵਾਲੇ ਹੰਢਾਉਂਦੇ।

ਅਚਾਨਕ ਵੀਰੂ ਦੇ ਪੈਰਾਂ ਹੇਠ ਅੱਗ ਮੱਚੀ।

ਉਹਦੇ ਵੱਡੇ ਮੱਦੀ ਵਿਆਹ ਕਰਵਾ ਲਿਆ।...

ਖ਼ਬਰ ਬਾਹਰਲਿਆਂ ਦੀ ਹਰਮੀਤ ਲਿਆਈ। ਉਸ ਮੂਰਤੀ ਨੂੰ ਦੱਸਿਆ। ਮੂਰਤੀ ਵੀਰੂ ਨੂੰ। ਵੀਰੂ ਦੇ ਮੰਨਣ 'ਚ ਨਾ ਆਈ।

"ਸੱਚ ਐ ਅੰਕਲ।" ਕੁੜੀ ਦਾਵ੍ਹੇ ਨਾਲ ਕਿਹਾ।

ਵੀਰੂ ਦੀ ਸੱਤਿਆ ਹੀ ਜਾਂਦੀ ਰਹੀ। ਲੋਕਾਂ ਦੇ ਵਿਆਹ ਕਰਾਉਂਦੇ ਉਮਰਾ ਲੰਘ ਗਈ। ਆਪਣੀ ਵੇਰ ਨਾ ਸ਼ਗਨ ਲਿਆ। ਨਾ ਦਿਤਾ। ਨਾ ਜੰਞ। ਨਾ ਡੋਲੀ। ਐ ਕਿਵੇਂ ਹੋ ਗਿਆ ਵਿਆਹ?

"ਨੌਕਰੀ ਕਰਦੇ ਸੀ ਕੱਠੇ। ਕਚਹਿਰੀ ਗਏ ਕਰਾ ਲਿਆ।"

"ਕਚਹਿਰੀ 'ਚ ਕੌਣ ਸੀ ਓਹਦਾ?"

"ਕਚਹਿਰੀ 'ਚ ਲੋੜ ਹੀ ਨਹੀਂ ਕਿਸੇ ਦੀ...।"

"ਮਾਂ ਬਾਪ ਦੀ ਵੀ ਨਹੀਂ?"

"ਕਹਿੰਦੇ ਮਾਂ ਬਾਪ ਬਾਰੇ ਪੁੱਛਿਆ ਅਫ਼ਸਰ ਨੇ। ਕਹਿੰਦਾ ਮਰ ਖਪ ਗਏ।"

ਵੀਰੂ ਨੂੰ ਹੌਲ ਪਿਆ। ਦੇਹ ਕੰਬੀ।

"ਧੀਏ। ਸੱਚ ਕਿਹਾ ਤੂੰ?"

"ਅੰਕਲ ਕਿਉਂ ਝੂਠ ਬੋਲੂੰਗੀ ਮੈਂ।"

ਮੂਰਤੀ ਨੂੰ ਚੱਕਰ ਆਇਆ। ਮੂੰਹ 'ਚ ਚੁੰਨੀ ਲੈ ਰੋਣ ਲੱਗੀ।

ਵੀਰੂ ਦਾ ਵੀ ਗੱਚ ਭਰਿਆ।

"ਸਹੁਰੇ ਨੇ ਜਿਉਂਦਿਆਂ ਈ ਮਾਰ ਤੇ। ਨੌਕਰੀ ਦਾ ਵੀ ਨੀ ਦੱਸਿਆ।"

"ਨੌਕਰੀ ਨੂੰ ਤਾਂ ਸਾਲ ਹੋ ਗਿਆ।"

ਵੀਰੂ ਦੇ ਕੰਨਾਂ ਵਿਚ ਜਿਵੇਂ ਸਿੱਕਾ ਢਲਿਆ।

"ਚੱਲੀਏ?"

"ਕਿੱਥੇ?"

"ਮੱਦੀ ਕੋਲੇ"

"ਮਰਿਆ ਜਾਏਂਗਾ?"

ਉਸ ਦਿਨ ਤੋਂ ਬਾਦ ਵੀਰੂ ਅਤੇ ਮੂਰਤੀ ਦੇਹ ਦੀ ਕਬਰ ਵਿਚ ਹੀ ਦਫ਼ਨ ਹੋ

ਗਏ। ਨਮੋਸ਼ੀ 'ਚ ਮੱਥੇ ਹੀ ਨਾ ਲੱਗਦੇ। ਵਿਆਹਾਂ ਦੇ ਸਾਹੇ ਚੜ੍ਹ ਆਏ ਤਾਂ ਮੂਰਤੀ ਸਿਰ ਫੇਰ ਗਈ।

"ਜਦੋਂ ਮੇਰੀ ਛਾਤੀ ਦੇ ਦੁੱਧ ਵਿਚ ਹੀ ਖੋਟ ਨਿਕਲੀ ਤਾਂ ਮੇਰੇ ਲਈ ਜਹਾਨ ਵੀ ਗਿਆ।" ਮੂਰਤੀ ਕਦੇ ਸਿਵਿਆਂ ਵਿਚ ਗਈ ਨਹੀਂ ਸੀ। ਉਸ ਆਪਣਾ ਸਿਵਾ ਆਪ ਹੀ ਸੀਖ ਲਿਆ।...

ਵੀਰੂ ਇਕੱਲਾ ਹੀ ਬਾਹਰਲਿਆਂ ਦੀ ਹਰਮੀਤ ਦੇ ਵਿਆਹ-ਕੰਮਾਂ ਵਿਚ ਖਚਿਤ ਸੀ। ਖ਼ਬਰ ਮਿਲੀ ਕੰਤੂ ਹਸਪਤਾਲ ਪਿਆ ਦਮ ਤੋੜ ਰਿਹਾ ਸੀ। ਵੀਰੂ ਪੈਰੋਂ ਨੰਗਾ ਤੁਰਿਆ। ਪਤਾ ਲੱਗਾ, ਕੰਤੂ ਕਿਸੇ ਵੱਡੇ ਹਾਦਸੇ ਕਾਰਨ ਮੌਤ ਦੇ ਮੂੰਹ ਵਿਚ ਸੀ। ਬਚ ਸਕਦਾ ਸੀ। ਡਾਕਟਰਾਂ ਕਿਹਾ। ਜੇ ਇਕ ਪੱਲੜੇ ਮਰੀਜ਼ ਦੂਜੇ ਨੋਟ ਹੋਣ।

ਖੜ੍ਹੇ ਖੜੋਤੇ ਵੀਰੂ ਦੀ ਭੁੱਬ ਨਿਕਲੀ। ਉਹ ਕੰਧ ਦਾ ਸਹਾਰਾ ਲੈ ਬੈਠ ਗਿਆ। ਭੀੜ ਵਿਚੋਂ ਮੱਦੀ ਤੇ ਉਹਦੀ ਵਹੁਟੀ ਪੈਰੀਂ ਪਏ। ਵੀਰੂ ਦਾ ਰੋਣ ਨਿਕਲ ਆਇਆ। ਮੱਦੀ ਹੀ ਕੰਤੂ ਨੂੰ ਲੈ ਕੇ ਆਇਆ। ਪਰ ਅੱਗੋਂ ਉਹਦੀ ਬੇ-ਵਾਹ ਸੀ।

ਬੇ-ਵਾਹ ਤਾਂ ਵੀਰੂ ਦੀ ਸੀ। ਜਿਸ ਕੋਲ ਬੇ-ਬਸ ਪੀੜਾ ਤੋਂ ਵੱਧ ਕੁਝ ਨਹੀਂ ਸੀ। ਉਹ ਲਹੂ ਦੇ ਅੱਥਰੂ ਕੇਰਦਾ ਪਰਤ ਆਇਆ। ਉਸ ਮਨ ਹੀ ਮਨ ਦੋਵੇਂ ਪੁੱਤਰ ਮੋਏ ਕਿਆਸ ਲਏ। ਘਰ ਆਇਆ ਤਾਂ ਮੂਰਤੀ ਦੇ ਅੱਥਰੂ ਸੁੱਕ ਚੁੱਕੇ ਸਨ। ਉਹ ਲਗਾਤਾਰ ਖਲਾਅ ਵਿਚ ਝਾਕ ਰਹੀ ਸੀ। ਅਪਲਕ। ਅਸ਼ਬਦ।

ਪਿੰਡ ਨੇ ਹੌਸਲਾ ਦਿੱਤਾ। ਹਰ ਹਾਲਤ ਵਿਚ ਤੇਰੀ ਮਦਦ ਕਰਾਂਗੇ।

ਅਗਲੀ ਸ਼ਾਮ ਹਰਮੀਤ ਦੀ ਡੋਲੀ ਸੀ।...

ਵੀਰੂ ਦੇਰ ਰਾਤ ਬਾਹਰਲਿਆਂ ਦੇ ਘਰ, ਕੰਮਾਂ ਵਿਚ ਖਚਿਤ ਸੀ ਜਾਂ ਹਰਮੀਤ ਵੀਰੂ ਨੂੰ ਚੁਬਾਰੇ 'ਚ ਸੱਦਿਆ।

"ਅੰਕਲ ਕਿਵੇਂ ਐ ਕੁਲਵੰਤ?"

"ਰੱਬ ਜਾਣਦੈ ਧੀਏ। ਮੈਨੂੰ ਤਾਂ ਅੰਦਰ ਜਾਣ ਨੀ ਦਿਤਾ।"

"ਅੰਕਲ ਜਾਣਦੀ ਹਾਂ ਪਿੰਡ ਕਰ ਰਿਹੈ ਮਦਦ। ਪਰ ਇਹ ਕਾਫ਼ੀ ਨਹੀਂ। ਨਾ ਮੱਦੀ ਦੇ ਵੱਸ ਦੀ ਗੱਲ ਐ।"

"ਕਿਉਂ?"

"ਮੈਂ ਜਾਣਦੀ ਹਾਂ ਮੱਦੀ ਜਿੱਥੇ ਕੰਮ ਕਰਦੈ।"

"ਫਿਰ ਧੀਏ! ਮੇਰੇ ਗਰੀਬ ਦੇ ਕੀ ਵੱਸ।" ਵੀਰੂ ਹਉਕਾ ਲਿਆ।

"ਮੈਂ ਕਰਾਂ ਮਦਦ...।" ਕੁੜੀ ਵੀਰੂ ਦੀਆਂ ਅੱਖਾਂ ਵਿਚ ਸਿੱਧਾ ਝਾਕਿਆ।

"ਹੈ ਕਮਲੀ! ਤੈਥੋਂ ਧੀ ਧਿਆਣੀ ਤੋਂ ਲੈ ਕੇ ਨਰਕਾਂ ਨੂੰ ਜਾਵਾਂ?"

ਫਿਰ ਰੁਕ ਕੇ ਬੋਲੀ।

"ਚਲੋ ਫਿਰ ਧੀ ਦੀ ਕਰ ਦਿਉ ਮਦਦ।"



"ਮੈਂ?"

"ਹਾਂ ਤੁਸੀਂ।"

"ਧੀਏ ਟਿੱਚਰ ਕਰਨ ਨੂੰ ਸੱਦ ਲਿਆ। ਮੇਰੀ ਹਾਲਤ ਤਾਂ ਦੇਖ।"

"ਤੁਸੀਂ ਹਾਂ ਕਰੋ।"

"ਮੇਰੇ ਗ਼ਰੀਬ ਕੋਲ ਕੀ ਐ ਦੇਣ ਨੂੰ?"

"ਦੇਣਾ ਕੁੱਛ ਨਹੀਂ ਅੰਕਲ।"

"ਹੋਰ?"

"ਮੇਰੀ ਸਹੇਲੀ ਆਈ ਵਲੈਤੋਂ। ਡੈਡੀ ਨਾਲ ਬਣਦੀ ਨਹੀਂ ਉਹਨਾਂ ਦੀ। ਮੇਰਾ ਦਿਲ ਤੜਪਦੈ ਮਿਲਣ ਨੂੰ। ਕੱਲ੍ਹ ਨੂੰ ਮੈਂ ਵੈਸੇ ਚਲੀ ਜਾਣੈ। ਫਿਰ ਪਤਾ ਨਹੀਂ ਮਿਲਾਂ ਜਾਂ ਨਾ। ਤੁਸੀਂ ਹਾਂ ਕਰੋ ਤਾਂ ਮਿਲ ਸਕਦੀ ਹਾਂ।"

"ਮੈਂ ਕਿਉਂ ਰੋਕੂੰ ਧੀਏ।"

"ਅੰਕਲ ਮੈਂ ਘਰ ਨਹੀਂ ਬੁਲਾਅ ਸਕਦੀ ਉਸਨੂੰ।"

"ਫਿਰ?"

"ਬਾਹਰਲੀਆਂ ਸਮਾਧਾਂ ਤੱਕ ਬੁਲਾਅ ਸਕਦੀ ਹਾਂ ਬੱਸ।"

"ਪਰ ਤੂੰ ਮਾਈਏ ਪਈ ਕਿਵੇਂ ਜਾਏਂਗੀ ਬਾਹਰ?"

"ਲੈ, ਤੜਕਲੀਂ ਮੱਥਾ ਟੇਕਣ ਨਹੀਂ ਗਈ ਗੁਰਦੁਆਰੇ।"

"ਚਲ ਮਾਂ ਨੂੰ ਪੁੱਛ ਕੇ ਕੁੜੀ-ਕੱਤਰੀ ਲੈ ਜੀਂ ਕੋਈ।"

ਵੀਰੂ ਜਾਣ ਲੱਗਾ, ਤਾਂ ਕੁੜੀ ਪੈਰ ਫੜੇ।

"ਨਾ ਪੁੱਤ ਪਾਪ ਨਾ ਚਾੜ੍ਹ। ਮੂੰਹ ਨਾਲ ਕਰ ਗੱਲ।"

"ਤੁਹਾਨੂੰ ਕਿਹਾ ਤਾਂ ਹੈ, ਮੰਮੀ ਡੈਡੀ ਨਾਲ ਬਣਦੀ ਨਹੀਂ ਓਹਨਾਂ ਦੀ।"

"ਧੀਏ ਮਿਲਣਾ ਤੈਂ। ਮੈਂ ਕੀ ਕਰਨੈ ਵਿਚ?"

"ਅੰਕਲ ਕੁੱਛ ਨੀ ਕਰਨਾ। ਚੁਬਾਰੇ 'ਚੋਂ ਪਿੱਛੇ ਉਤਾਰ ਦੇਣਾ। ਥੋਡੇ ਨਾਲ ਈ ਮੁੜ ਆਊਂ ਮੈਂ।"

"ਨਾ ਪੁੱਤ! ਚੋਰੀ ਆਲਾ ਕੰਮ ਨੀ। ਤੋਬਾ।"

"ਚਲੋ ਠੀਕ ਐ ਅੰਕਲ! ਮੈਂ ਤਾਂ ਡੈਡੀ ਸਮਝ ਕੇ ਕਿਹਾ।"

ਕੁੜੀ ਡੁਸਕਣ ਲੱਗੀ। ਹਟਕੋਰੇ ਭਰੇ ਤਾਂ ਵੀਰੂ ਪਸੀਜ ਗਿਆ।...

ਹਨੇਰੇ 'ਚ ਕੁੜੀ ਨੂੰ ਲਈ, ਜਿਵੇਂ ਹੀ ਸਮਾਧਾਂ ਕੋਲ ਆਇਆ। ਕੁੜੀ ਕਿਹਾ।

"ਅੰਕਲ ਰੁਕੋ, ਮੈਂ ਆਈ।"

ਵੀਰੂ ਦੇਖਿਆ। ਦਸ ਕਦਮਾਂ ਦੂਰ ਹਨੇਰੇ ਵਿਚ ਖੜ੍ਹੀ ਕਾਰ ਨੇੜੇ ਕੋਈ ਖੜ੍ਹਾ ਸੀ। ਅੱਖ ਝਪਕਣ ਜਿਨਾਂ ਸਮਾਂ ਤੇ ਕਾਰ ਅਹੁ-ਗਈ। ਅਹੁ-ਗਈ।

ਵੀਰੂ ਦੀ ਖਾਨਿਉਂ ਗਈ।

ਇਹ ਕੀ ਵਾਪਰ ਗਿਆ। ਕੀ ਕਰ ਬੈਠਾ ਉਹ। ਦਿਲ 'ਚ ਹੌਲ ਪਿਆ। ਖਾਲੀ ਹੱਥ ਕੁੜੀ। ਕੋਈ ਸੰਦੇਹ ਹੀ ਨਹੀਂ। ਦੇਹ 'ਚੋਂ ਸੱਤਿਆ ਜਾਂਦੀ ਰਹੀ। ਹੋਸ਼ ਪਰਤੀ ਤਾਂ ਧਾਹੀਂ ਰੋਣ ਲੱਗਾ। ਹਨੇਰਾ ਤਿੜਕਿਆ। ਅਚਾਨਕ ਲੱਗਾ, ਉਹ ਗ਼ਲਤ ਕਰ ਰਿਹਾ ਸੀ। ਉਸ ਆਪਾ ਸਮੇਟਿਆ। ਤ੍ਰਾਣ ਕੱਠਾ ਕੀਤਾ। ਉੱਠਿਆ ਅਤੇ ਮੰਦੇ ਕਦਮੀਂ ਹਨੇਰੇ ਵਿਚ ਗਰਕ ਗਿਆ।

ਦਿਨ ਚੜ੍ਹੇ ਅੱਗ ਮੱਚ ਉੱਠੀ।

ਬਾਹਰਲਿਆਂ ਦੀ ਮੀਤੋਂ ਨਿਕਲ ਗਈ।...

ਸਭ ਦੀ ਇਕੋ ਭਾਖਿਆ। ਮੂਰਤੀ ਹੁੰਦੀ ਕੁੜੀ ਨੂੰ ਹਵਾ ਨਾ ਛੂੰਹਦੀ।

ਸੁਹੀਏ ਦੌੜੇ। ਪੁਲਿਸ ਦੌੜੀ। ਖਾਲੀ ਹੱਥ ਪਰਤੇ ਤਾਂ ਪਿਉ ਆਪਣੇ ਆਪ ਨੂੰ ਗੋਲੀ ਮਾਰ ਲਈ।...

ਮੂਰਤੀ ਸਿੱਧੀ ਵੀਰੂ ਕੋਲ ਗਈ। ਗਰਜੀ।

"ਤੂੰ ਕਿੱਥੇ ਸੀ?"

ਵੀਰੂ ਚੁੱਪ। ਵੱਢੋ ਤਾਂ ਲਹੂ ਨਹੀਂ ਸੀ।...

ਪਿੰਡ ਨੇ ਕਿਹਾ। ਇੱਕ ਗਿਆ। ਦੂਜਾ ਤਾਂ ਬਚਾਓ। ਉਹ ਪੈਸੇ ਅਤੇ ਵੀਰੂ ਸਮੇਤ ਹਸਪਤਾਲ ਗਏ ਤਾਂ ਅੱਗੋਂ ਮੱਦੀ ਦੌੜ ਕੇ ਮਿਲਿਆ। ਪਿਉ ਨੂੰ ਪਰੇ ਲੈ ਗਿਆ।

"ਤੁਸੀਂ ਪੈਸੇ ਨਾ ਭੇਜਦੇ ਤਾਂ ਕੰਤੂ ਗਿਆ ਸੀ।" ਉਸ ਘਾਬਰ ਕੇ ਕਿਹਾ।

ਵੀਰੂ ਮੱਦੀ ਵੱਲ ਦੇਖਦਾ ਰਹਿ ਗਿਆ। ਅਪਲਕ। ਅਵਾਕ।

ਫਿਰ ਭੁੱਬੀਂ ਰੋਣ ਲੱਗਾ। ਮੱਦੀ ਝੰਜੋੜਿਆ।

"ਕਾਰ ਵਾਲੇ ਮੁੰਡੇ ਤਾਂ ਕਿਹਾ, ਪੈਸੇ ਤੁਸੀਂ ਭੇਜੇ।"

ਵੀਰੂ ਨੂੰ ਦੰਦਲ ਪਈ।...

ਮੱਦੀ ਨੂੰ ਲੱਗਾ ਕੋਈ ਓਹਲੇ ਵਾਲੀ ਗੱਲ ਸੀ। ਉਹ ਦੜ ਵੱਟ ਗਿਆ;

ਕੀਹਨੇ ਦਿੱਤੇ। ਕੀਹਨੇ ਲਏ। ਪਚੈਤ ਕੀ ਕੀਤਾ। ਕੰਤੂ ਕਿਵੇਂ ਸੀ। ਇਸ ਸਭ ਕਾਸੇ ਦੀ ਥਾਂ, ਵੀਰੂ ਦੀਆਂ ਅੱਖਾਂ ਅੱਗੇ ਹਨੇਰਾ ਅਤੇ ਕੰਨਾਂ ਵਿਚ ਸਾਂ-ਸਾਂ ਸੀ।

ਹੋਸ਼ ਪਰਤੀ ਤਾਂ ਅਧਮੋਈ ਦੇਹ ਨਾਲ ਪਿੰਡ ਆਇਆ। ਘਰ ਵਿਚ ਇਕੱਠ ਸੀ। ਮੂਰਤੀ ਨਹੀਂ ਸੀ ਰਹੀ। ਬਿਨਾਂ ਦੱਸੇ। ਬਿਨਾਂ ਮਿਲੇ ਸਿਵਿਆਂ ਦੇ ਰਾਹ ਜਾ ਪਈ। ਮਰਦੀ ਹੋਈ ਰੱਖੀ ਕੋਲ ਬਿਰਕੀ।

"ਤਾਈ! ਮੱਦੀ ਦੇ ਪਿਉ ਨੂੰ ਕਹੀਂ; ਰਾਜਾ ਬਣ ਕੇ ਰਹਿੰਦਾ, ਤਾਂ ਮੈਂ ਮਰਨਾਂ ਨਹੀਂ ਸੀ। ਹੁਣ ਮੈਂ ਓਹਦੇ ਮੱਥੇ ਨੀ ਲੱਗਣਾ।"

ਵੀਰੂ ਮੂਰਤੀ ਨੂੰ ਦਾਗ ਦਿੱਤਾ। ਮਿੱਟੀ ਕਿਉਂਟੀ। ਢਾਹ ਮਾਰੀ। ਦੱਬ ਚੀਕਿਆ। ਸਿਵੇ 'ਚੋਂ ਚੁਆੜੀ ਚੱਕੀ। ਪਿੰਡਾ ਖਰੂੰਡਿਆ। ਕੱਪੜੇ ਲਾਹੇ। ਲਾਂਗੜ ਕੱਸੀ। ਚੀਕਾਂ ਮਾਰਦਾ ਹੋਇਆ ਥੇਹ ਉਤਲੇ ਕੀੜਿਆਂ ਦੇ ਭੌਣ ਤੇ ਜਾ ਬੈਠਾ।...



ਨੰਗਾ ਪਿੰਡਾ। ਸਦੀਆਂ ਪੁਰਾਣਾ ਥੇਹ। ਅੱਧੇ ਕੀਲੇ ਵਿਚ ਭੌਣ। ਕੀੜੇ ਇਤਨੀ ਤਦਾਦ ਵਿਚ ਨਿਕਲਦੇ, ਭੁੰਇ ਨਾ ਦਿੱਸਦੀ। ਸ਼ੂਕਰ ਦੀ ਅਵਾਜ਼ ਗੂੰਜਦੀ। ਬੰਦਾ, ਪਰਿੰਦਾ, ਸੱਪ-ਸਲੂੰਗੜਾ ਡੰਗਰ ਤੱਕ ਨੇੜੇ ਜਾਣ ਤੋਂ ਡਰਦੇ। ਦੂਰ-ਦੂਰ ਤੱਕ ਭੌਣ ਦੀ ਦਹਿਸ਼ਤ।

ਪਿੰਡ ਤੜਪ ਉੱਠਿਆ।

ਇਤਨਾਂ ਤਸੀਹਾ ਤਾਂ ਕੁੰਭੀ ਨਰਕ ਤੋਂ ਵੀ ਭਿਆਨਕ ਸੀ। ਸੋਚ ਕੇ ਕਾਂਬਾ ਛਿੜਦਾ। ਲੋਕਾਂ ਤਰਲੇ ਕੀਤੇ। ਮਿੰਨਤਾਂ ਕੀਤੀਆਂ। ਪੁੱਤਾਂ ਵਾਸਤਾ ਪਾਇਆ। ਨੂੰਹ ਚੁੰਨੀ ਰੱਖੀ। ਵੀਰੂ ਕੁਝ ਕਰ ਲੈ, ਮੂਰਤੀ ਵਾਪਿਸ ਨਹੀਂ ਆਉਣੀ। ਵੀਰੂ ਨਾ ਰੁਕਣਾ ਸੀ। ਨਾ ਰੁਕਿਆ।

ਉਹ ਆਪਣੇ ਆਪ ਨੂੰ ਕੋਹਣ 'ਤੇ ਤੁੱਲ ਗਿਆ ਸੀ। ਕਿਉਂ ਕੋਹ ਰਿਹਾ ਸੀ? ਕੋਈ ਨਹੀਂ ਸੀ ਜਾਣਦਾ।...

ਇਕ ਦਿਨ। ਦੋ ਦਿਨ। ਪੰਜ ਦਿਨ। ਸੱਤ ਦਿਨ...

ਨਾ ਅੰਨ, ਨਾ ਪਾਣੀ। ਕੀੜੇ ਤੋੜ-ਤੋੜ ਖਾ ਗਏ। ਪਿੰਡਾ ਲਹੂਓ-ਲੁਹਾਣ। ਪੀੜ ਨਾਲ ਦੇਹ ਵਿਲਿੱਸਦੀ ਤਾਂ ਚੀਕਾਂ ਸੁਣਦੀਆਂ। ਬੇ-ਵਾਹ ਹੁੰਦੀ ਤਾਂ ਭੌਣ 'ਤੇ ਲਿਟਦਾ। ਬੇਹੋਸ਼ ਹੋ ਜਾਂਦਾ। ਕਈ ਵੇਰ ਲਗਦਾ, ਗਿਆ।

ਅੱਖਾਂ, ਬੁੱਲ੍ਹ, ਮੂੰਹ, ਨੱਕ, ਹੱਥ, ਪੈਰ, ਦੇਹ। ਪਾਟ ਜਾਣ ਵਾਂਗ ਸੁੱਜ ਗਏ। ਪਿੰਡੇ ਤੋਂ ਲਹੂ ਵੱਗਦਾ। ਪਛਾਣ ਵਿਗੜੀ। ਅੱਖਾਂ 'ਚ ਲਹੂ ਉੱਤਰਿਆ। ਸਾਹ ਥਿੜਕਿਆ। ਦੇਹ ਐਸੀ ਬਦਸੂਰਤ ਹੋ ਗਈ, ਦੇਖ ਕੇ ਕਰਿਹਤ ਅਤੇ ਭੈਅ ਆਉਂਦਾ। ਕਈ ਦਿਨ ਭੌਣ 'ਤੇ ਹੀ ਪਿਆ ਰਿਹਾ। ਕਿਸੇ ਕਿਹਾ, ਮੂਰਤੀ ਚੰਬੜ ਗਈ। ਕਿਸੇ ਮੱਦੀ ਦਾ ਵਿਆਹ ਕਾਰਨ ਮੰਨ ਲਿਆ। ਕਿਸੇ ਕੰਤੂ ਦਾ ਹਾਦਸਾ। ਬਹੁਤੇ ਮੂਰਤੀ ਦੀ ਮੌਤ ਲੈ ਕੇ ਬੈਠ ਜਾਂਦੇ।

ਮਹੀਨਿਆਂ ਬਾਦ ਬੰਦੇ ਦੇ ਬੇ-ਡੌਲ ਰੂਪ ਵਿਚ ਦਿੱਸਿਆ। ਪਿੰਡ ਵਿਚ ਕੋਈ ਭੋਜ ਸੀ। ਕਿਸੇ ਰੋਟੀ ਖਾਣ ਜਾ ਬਿਠਾਇਆ। ਪਹਿਲਾਂ ਨੰਨਾ ਧਰੀ ਗਿਆ। ਖਾਣ ਬੈਠਾ ਤਾਂ ਹਟਿਆ ਹੀ ਨਾ...

ਲੋਕ ਡਰ ਗਏ।...

ਕੋਈ ਬੰਦਾ ਇਤਨਾਂ ਖਾ ਹੀ ਨਹੀਂ ਸਕਦਾ। ਨਾਲ ਬੈਠ ਕੇ ਪ੍ਰੇਤ ਖਾ ਗਏ ਜੀ। ਜਰਾ ਸੋਚੋ ਭੌਣ 'ਤੇ ਬੈਠ ਗਿਆ। ਬੈਠਣਾ ਤਾਂ ਦੂਰ ਕੋਈ ਨੇੜੇ ਫਟਕ ਨਹੀਂ ਸਕਦਾ। ਲੋਕ ਭਾਂਤੇ-ਭਾਂਤ ਦੀਆਂ ਛੱਡ ਰਹੇ ਸਨ।

ਪਰ ਕੋਈ ਨਹੀਂ ਸੀ ਜਾਣਦਾ, ਵੀਰੂ ਦੇ ਪਿੰਡੇ ਕੀੜਿਆਂ ਦੇ ਕਿਤਨੇ ਕੁ ਜ਼ਹਿਰੀ ਡੰਗ ਸਨ। ਪੀੜ ਦੀਆਂ ਕਿਹੜੀਆਂ ਜਾਨ ਲੇਵਾ ਜਰਬਾਂ ਸਨ। ਓਹਦੀ ਚਮੜੀ ਠੋਕੀ ਗਈ ਸੀ। ਚੇਚਕ ਦੇ ਦਾਖੀ ਟਿਮਕਣਿਆਂ ਦੀ ਬਰੀਕ ਛੀਟ ਵਾਂਗ। ਦੇਖ ਕੇ ਡਰ ਲਗਦਾ। ਅੱਖ ਨਿਵ ਜਾਂਦੀ। ਕਿਸੇ ਹੋਰ ਪ੍ਰਜਾਤੀ ਦਾ ਦਿਸਦਾ। ਡਰਾਉਣਾ ਅਤੇ ਕਰਿਹਤ ਭਰਿਆ।

ਉਹ ਵੀਰੂ ਨਾਈ ਤਾਂ ਕਤੱਈ ਨਹੀਂ ਸੀ ਰਿਹਾ।

ਉਹ ਹੱਸਣਾ। ਬੋਲਣਾ। ਰੋਣਾ। ਭੁੱਲ ਚੁੱਕਾ ਸੀ।

ਉਹਦੀ ਚੁੱਪ ਅਤੇ ਦੇਹ ਤੋਂ ਭੈਅ ਆਉਂਦਾ।

ਅਚਾਨਕ ਸਮਾਂ ਰੁਕਿਆ।...

ਸੂਰਜ, ਚੰਨ, ਤਾਰੇ, ਧੁੱਪ, ਹਨੇਰੇ ਸਭ ਨੇ ਵੀਰੂ ਦੀ ਚੁੱਪ ਨੂੰ ਸੁਣਿਆ। ਖਾਸ ਕਰ ਓਸ ਸਮੇਂ ਜਦੋਂ ਪਿੰਡ ਨਵੇਂਦਿਆ ਸਕੂਲ ਖੁੱਲ੍ਹਣ ਦੀ ਖੁਸ਼ੀ ਵਿਚ ਚੀਕ ਰਿਹਾ ਸੀ।

ਇਕ ਵੱਡੇ ਸਰਦਾਰ ਨਵੇਂਦਿਆ ਲਈ ਦਿੱਤੀ ਥਾਂ ਬਦਲੇ ਬੀੜ ਦੀ ਦਸ ਗੁਣਾਂ ਥਾਂ ਵਟਾਅ ਲਈ। ਰੁਕ ਗਏ ਸਮੇਂ ਨੂੰ ਬੀੜ ਅਬਾਦ ਕਰਨ ਲਈ ਬੰਦਿਆਂ ਦੀ ਨਹੀਂ ਵੀਰੂ ਜਿਹੇ ਪ੍ਰੇਤਾਂ ਦੀ ਲੋੜ ਪਈ। ਵੀਰੂ ਅੰਗੜਾਈ ਲਈ ਅਤੇ ਰਹਿ ਗਈ ਮੈਲ ਧੋਣ ਲਈ ਬੀੜ ਦੇ ਜੰਗਲ ਵਿਚ ਜਾ ਖੜ੍ਹਾ।

ਪਿੰਡ 'ਚੋਂ ਹੋਰ ਵੀ ਕਈ ਨਿੱਤਰੇ। ਬਾਰੂ, ਸ਼ੇਰਾ, ਜੋਗੀ ਤੇ ਜੈਲਾ। ਕੋਈ ਪੈਸੇ ਲਈ। ਕੋਈ ਕਿਸੇ ਹੋਰ ਗਰਜ਼ ਲਈ। ਪਰ ਵੀਰੂ ਕਿਸੇ ਓਸ ਪਛਤਾਵੇ ਖ਼ਾਤਰ ਜਿਸ ਲਈ ਕੀੜਿਆਂ ਦਾ ਨਰਕ ਵੀ ਕਾਫ਼ੀ ਨਹੀਂ ਸੀ।

ਵੀਰੂ ਬੀੜ ਵਿਚ ਗਿਆ ਪਰਤਿਆ ਹੀ ਨਾ। ਕੇਵਲ ਦੰਤ-ਕਥਾਵਾਂ ਪਰਤੀਆਂ। ਸਾਰਾ-ਸਾਰਾ ਦਿਨ ਕੁਹਾੜੀ ਹੀ ਵਾਹੀ ਜਾਂਦੈ। ਨਾ ਅੱਕਦੈ ਨਾ ਥੱਕਦੈ। ਰੁੱਖ ਸਿੱਟ ਲੈਣ ਤੱਕ ਸਿਰ ਹੀ ਨਹੀਂ ਚੁੱਕਦਾ। ਨਿਰਦਈ ਇਤਨਾ, ਰੁੱਖ ਨੇੜੇ ਜਾ ਖੜ੍ਹੇ ਤਾਂ ਰੁੱਖ ਕੰਬਣ ਲੱਗਦੇ।

ਇਨ੍ਹਾਂ ਦੰਦ-ਕਥਾਵਾਂ ਅਤੇ ਡੂਢ ਸਾਲ ਦੇ ਵਕਫ਼ੇ ਦੌਰਾਨ ਵੀਰੂ ਦੇ ਪਿੰਡੇ ਤੋਂ ਵਗੇ ਮੁੜ੍ਹਕੇ ਨੇ ਵੀਰੂ ਦੇ ਅੰਦਰਲੇ ਪਛਤਾਵੇ ਅਤੇ ਪਾਪ ਦੀ ਮੈਲ ਨੂੰ ਧੋ ਕੇ ਰੱਖ ਦਿੱਤਾ। ਉਸ ਤੋਂ ਕੁਝ ਗਲਤ ਹੋਇਆ ਇਹਦਾ ਪ੍ਰਮਾਣ ਸਿਰਫ਼ ਪਿੰਡੇ ਦੇ ਅਮਿੱਟ ਦਾਗ ਸਨ।

ਵੀਰੂ ਪਿੰਡ ਪਰਤਿਆ। ਸਾਵਾਂ ਹੋਇਆ। ਤਦ ਤੱਕ ਵੀਰੂ ਨਾਈ, ਨਵਾਂ ਵੀਰੂ ਸੀ। ਪਤਾ ਲੱਗਾ, ਉਹਦੇ ਕੰਤੂ ਵੀ ਵਿਆਹ ਕਰਾ ਲਿਆ ਸੀ ਅਤੇ ਮੱਦੀ ਦੇ ਘਰ ਧੀ ਸੀ।

ਮੂਰਤੀ (ਮਾਂ) ਦੇ ਦੂਜੇ ਵਰ੍ਹੀਣੇ ਪੁੱਤ ਪਿੰਡ ਆਏ।

"ਬਹੁਤ ਕੱਟ ਲਿਆ ਦਸੌਂਧਾ। ਚੱਲ ਸਾਡੇ ਨਾਲ।" ਪੁੱਤਾਂ ਕਿਹਾ।

ਵੀਰੂ ਉਨ੍ਹਾਂ ਪ੍ਰਤੀ ਗੁੱਸੇ ਨਾਲ ਭਰਿਆ ਪਿਆ ਸੀ। ਨਾਂਹ ਕਰ ਦਿੱਤੀ।

"ਓਟਦੇ ਐ ਤਾਂ ਜਾਹ। ਅਈਥੇ ਕੀ ਕਰੇਂਗਾ ਇਕੱਲਾ।" ਪਿੰਡ ਨੇ ਕਿਹਾ।

ਵੀਰੂ ਚਲਾ ਆਇਆ।...

ਪੁੱਤਾਂ ਦਾ ਘਰ-ਬਾਰ ਦੇਖ ਖੁਸ਼ ਹੋਇਆ। ਦੋਹਾਂ ਦੇ ਟੱਬਰ। ਨਿੱਕੀ ਜਿਹੀ ਧੀ। ਪਤਨੀਆਂ ਵੀ ਨੌਕਰ। ਆਪ ਵੀ। ਰੱਜ ਖਾਂਦੇ। ਪਰ ਨੂੰਹਾਂ ਦੇ ਟੇਕੇ ਮੱਥੇ ਤੇ ਪੁੱਤਾਂ ਦਾ ਹੇਜ, ਚੌਥੇ ਦਿਨ ਹੀ ਨਸ਼ਰ ਹੋ ਗਿਆ।



"ਲੈ ਪਾਪਾ ਸਟੋਰ 'ਚ ਡਾਹ ਤਾ ਮੰਜਾ, ਹਵਾ ਹਾਰੇ। ਜੰਗਲ ਪਾਣੀ ਲਈ ਮੌਜ ਰਹੂ। ਦੂਜੇ, ਟੈਮ ਪਾਸ ਦਾ ਕਰ ਤਾ ਜੁਗਾੜ।"

"ਕਿਮੇਂ?"

"ਐਂ ਜਾਣ ਨਾਲੇ ਦੇਵੀ ਦੇ ਦਰਸ਼ਨ ਨਾਲੇ ਮੁੰਜ ਦਾ ਵਪਾਰ।"

ਵੀਰੂ ਨੂੰ ਸਮਝ ਨਾ ਲੱਗੀ।

ਦਰਅਸਲ ਘਰ ਨਦੀ ਦੀ ਵੱਖੀ ਨਾਲ ਸੀ। ਸ਼ਹਿਰੋਂ ਬਾਹਰ। ਘਰ ਅਤੇ ਨਦੀ ਵਿਚਕਾਰ ਭੋਇੰ ਖਾਲੀ ਪਈ ਸੀ। ਲੋਕਾਂ ਮੱਲੀ। ਇਨ੍ਹਾਂ ਵੀ ਮੱਲ ਰੱਖੀ ਸੀ।

"ਘਰ ਦੀ ਸਬਜ਼ੀ ਭਾਜੀ, ਤੇ ਤੇਰੇ ਹੱਡ ਪੈਰ ਤੁਰਦੇ।"

ਵੀਰੂ ਨੂੰ ਇਕ ਦਮ ਪੁੱਤਾਂ ਦਾ ਹੇਜ ਸਮਝ ਆਇਆ। ਉਹ ਨੀਵੀਂ ਸਿੱਟ ਗਿਆ। ਵੀਰੂ ਦੋ ਤਿੰਨ ਦਿਨ ਵਿਚ ਹੀ ਭੁੰਇ ਗੋਡ ਕੇ ਰੱਖ ਦਿੱਤੀ।"ਪਰ ਜਦੋਂ ਸਵੇਰ ਸ਼ਾਮ ਦੋ-ਦੋ ਫੁਲਕੀਆਂ ਮਿਲੀਆਂ ਤਾਂ ਦਿਲ ਟੁੱਟ ਗਿਆ।

"ਥਾਂ ਗੋਡ ਦਿੱਤੀ। ਹੁਣ ਪਿੰਡ ਜਾਊਂ ਮੈਂ।" ਉਸ ਕਿਹਾ।

"ਕਿਉਂ?" ਸਭ ਦੀ ਖਾਨਿਉਂ ਗਈ।

ਪਤਾ ਲੱਗਾ ਤਾਂ ਦੋਹਾਂ ਨੇ ਪਤਨੀਆਂ ਝਿੜਕੀਆਂ। ਪੇਡਾ ਵੱਡਾ ਕਰਨ ਨੂੰ ਕਿਹਾ। ਦੋਵੇਂ ਪਤਨੀਆਂ ਨੌਕਰੀ ਪੇਸ਼ਾ ਸਨ। ਕਿਸੇ ਹੱਦ ਤੱਕ ਹੀ ਲਿਫ਼ ਸਕਦੀਆਂ ਸਨ। ਫ਼ੈਸਲਾ ਹੋਇਆ, ਮਹੀਨੇ ਦੀ ਵਾਗੀ ਸਿਰ ਪਿਓ ਓਟਿਆ ਜਾਵੇ। ਕੰਮ ਘੱਟ ਤੋਂ ਘੱਟ ਕਰਵਾਏ ਜਾਣ। ਮਸਲਨ ਸਬਜ਼ੀ ਦੀ ਗੁੱਡ-ਗੁਡਾਈ। ਕੁੱਤੇ ਨੂੰ ਫੇਰੀ। ਡੇਅਰੀ ਤੋਂ ਦੁੱਧ। ਧੋਬੀ ਤੋਂ ਕੱਪੜੇ। ਸਕੂਟਰਾਂ ਤੇ ਦੋ ਡੱਬੇ ਪਾਣੀ ਤੇ ਮਹੀਨੇ ਵੀਹ ਦਿਨੀ ਕਿਸੇ ਬਿੱਲ ਦੀ ਲਾਈਨ। ਬਾਕੀ ਐਸ਼।...

ਵੀਰੂ ਰੱਜ ਕੇ ਖਾਣ ਦੀ ਮਿੰਨਤ ਕੀਤੀ ਤਾਂ ਮੱਦੀ ਦੋ ਕਿਲੋ ਭੁੰਜੇ ਛੋਲੇ ਤੇ ਸ਼ੱਕਰ ਲਿਆ ਦਿੱਤੀ।

"ਇਹਨੂੰ ਰੱਖ ਕੋਲ। ਜੈਸੇ ਭੁੱਖ ਲੱਗੇ, ਦੋ ਫੱਕੇ ਸਿੱਟ ਅੰਦਰ ਤੇ ਕਰ ਮੌਜਾਂ। ਛੋਲੇ ਤਾਂ ਗਧੇ ਨੂੰ ਟੀਟਣੇ ਮਾਰਨ ਲਾ ਦੇਣ। ਬੰਦਾ ਕਿਆ ਚੀਜ਼ ਐ।"

ਵੀਰੂ ਉਵੇਂ ਕੀਤਾ। ਫਿਰ ਵੀ ਭੁੱਖ ਨਾਲ ਕੋਕੜੇ ਲੁਸਦੇ ਤਾਂ ਉਹਨੂੰ ਦੋ ਕੰਮ ਮੌਤ ਵਖਾਲੀ ਦਿੰਦੇ। ਭੁੱਖ ਅਤੇ ਗਟਰ ਦਾ ਪਾਣੀ; ਜੋ ਨਦੀ 'ਚੋ ਭੁੱਟ ਕੇ ਸਬਜ਼ੀ ਨੂੰ ਸਿੰਜਣਾ ਹੁੰਦਾ। ਬੂਅ ਨੱਕ ਲੂੰਹਦੀ। ਪਾਣੀ ਹੱਥਾਂ ਪੈਰਾਂ 'ਤੇ ਲੜਦਾ। ਵੀਰੂ ਮਨ ਮਾਰ ਲਿਆ। ਪਰ ਜਦੋਂ ਭੁੱਖ ਦਾ ਨਾ ਸਰਿਆ ਤਾਂ ਘਰ ਵਿਚ ਬਹੁਤ ਖਿਚ-ਖਿਚ ਹੋਈ। ਬੰਦੇ ਨੇ ਇਤਨੀ ਮਹਿੰਗਾਈ ਸਮੇਂ ਭੁੱਖ ਵਧਾਅ ਕਿਉਂ ਲਈ। ਵੀਰੂ ਕੋਲ ਇਸਦਾ ਕੋਈ ਉੱਤਰ ਨਹੀਂ ਸੀ।

"ਰੱਬ ਦਾ ਵਾਸਤਾ ਪਿੰਡ ਜਾਣ ਦਿਉ ਮੈਨੂੰ।"

"ਮੈਂ ਹੱਲ ਕਰਾਂ ਪੱਕਾ?" ਮੱਦੀ ਕਿਹਾ।

"ਐਹਾ ਜਾ ਕਿਹੜਾ ਹੱਲ ਐ?" ਵੀਰੂ ਹੈਰਾਨ।

"ਦੇਖ, ਦਾੜ੍ਹੀ ਵਧ ਗਈ ਰੱਖੋਂ। ਕੋਈ ਕਹਿ ਨਹੀਂ ਸਕਦਾ ਸਿੱਖ ਨੀ ਤੂੰ। ਵੱਡੀ ਪੁਲੀ ਤੇ ਚੱਲਦੀ ਐ ਕਾਰ ਸੇਵਾ। ਦੂਜੇ ਚੌਥੇ ਜਾਹ। ਲੰਗਰ ਛਕ ਮੌਜ ਨਾਲ। ਰੱਬ ਨਾਲ ਕਰ ਗੱਲਾਂ। ਤੇ ਅੱਗਾ ਸਵਾਰ ਆਪਦਾ।"

ਵੀਰੂ ਦੂਜੇ ਚੌਥੇ ਗੁਰਦੁਆਰੇ ਜਾਣ ਲੱਗਾ।...

ਉਸ ਦੇਖਿਆ, ਟਰਾਲੀਆਂ। ਬਾਬਿਆਂ ਦੇ ਟਰੱਕ। ਪਿੰਡਾਂ 'ਚੋਂ ਤੀਵੀਆਂ, ਬੱਚੇ, ਬੁੱਢੇ ਲੈ ਕੇ ਆਉਂਦੇ। ਸੇਵਾ ਕਰਦੇ ਅਤੇ ਘਰਾਂ 'ਚੋਂ ਰੋਟੀਆਂ, ਦੁੱਧ, ਲੱਸੀ, ਖੀਰ ਵੀ ਲੈ ਕੇ ਆਉਂਦੇ। ਖਾਣ ਦੀ ਕੋਈ ਰੋਕ-ਟੋਕ ਨਹੀਂ ਸੀ।...

ਇਕ ਦਿਨ ਉਸ ਇਕ ਬਜ਼ੁਰਗ ਨੂੰ ਪੁੱਛਿਆ।

"ਕਿੱਥੋਂ ਆਏ?"

"ਸ਼ੰਮਸ ਪੁਰਿਉਂ।"

"ਤੂੰ ਮੇਰੇ ਨਾਲੋਂ ਵੀ ਬੁੜ੍ਹਾਂ। ਨਾਲੇ ਰੋਟੀ ਪਾਣੀ ਲੈ ਕੇ ਆਇਐਂ। ਨਾਲੇ ਕੰਮ ਕਰੀ ਜਾਨੈਂ।"

"ਰੋਟੀ ਪਾਣੀ ਇਹ ਘਰ ਸੀਗਾ। ਹੁਣ ਗੁਰੂ ਦਾ ਲੰਗਰ ਹੋ ਗਿਆ। ਧਰਮ ਦਾ ਧਾਨ ਤਾਂ ਪਾਰਾ ਹੁੰਦੈ ਨਿਰਾ। ਪਤਾ ਨਹੀਂ ਕਿਹੜੀ-ਕਿਹੜੀ ਮੰਨਤ ਨਾਲ ਆਇਆ।"

"ਮੰਨਤ ਕਿਮੇਂ?"

"ਕੋਈ ਖੰਡ ਖਾਂਦਾ ਲੈ ਕੇ ਆਊ? ਸੁਖਣਾ ਸੁੱਖਦੈ ਅਗਲਾ। ਬਮਾਰੀ, ਕੋੜ੍ਹ, ਕੈਂਸਰ, ਮੁਕਦਮਾ ਜਾਂ ਸੁਖ ਸ਼ਾਂਤੀ। ਜਿੰਨਿਆਂ ਦੇ ਮੂੰਹ 'ਚ ਪਊ। ਵੰਡਿਆ ਜਾਊ ਭਾਰ ਬੁਰਕੀ-ਬੁਰਕੀ।"

"ਹੈਂ। ਮੈਂ ਤਾਂ ਉਂਈਂ ਖਾਈ ਜਾਨਾਂ।"

"ਨਾ-ਨਾ, ਮਾਰਿਆ ਜਾਏਂਗਾ। ਭਾਰਾ ਹੁੰਦੈ ਇਹ ਅੰਨ ਪਾਣੀ।"

"ਭਾਰਾ ਕਿਮੇਂ?"

"ਭਾਰ ਆਲੀ ਸਾਖੀ ਨੀ ਸੁਣੀ ਤੈਂ?"

"ਨਾ।"

"ਕਹਿੰਦੇ ਗੁਰੂਆਂ ਵੇਲੇ ਕਿਸੇ ਬੁੜ੍ਹੀ ਨੇ ਮਹਿੰ ਨਾ ਤੂਣ ਦਾ ਸਵਾ ਰੁਪਈਆ ਸੁੱਖ ਲਿਆ। ਮਹਿੰ ਠੀਕ-ਠਾਕ ਸੂ ਗਈ। ਸੁੱਖਣਾ ਭੁੱਲ ਗੀ। ਯਾਦ ਆਇਆ ਤਾਂ ਲਾਹੁਣ ਤੁਰ ਪੀ। ਦੇਖਿਆ, ਖੁਰਲੀ 'ਤੇ ਗਾਵਾਂ ਵੱਛੀਆਂ ਤੇ ਝੋਟੀਆਂ ਵੀ ਸਨ। ਉਨ੍ਹਾਂ ਤੋਂ ਵੀ ਸਵਾ ਰੁਪਈਆ ਵਾਰ ਲਿਆ। ਡਿਉਢੀ 'ਚ ਬੁੜ੍ਹਾ ਪਿਆ ਸੀ ਉਹਤੋਂ ਵੀ ਤੇ ਰਾਹ 'ਚ ਆਪਣੇ ਤੋਂ ਵੀ ਫੇਰ ਲਿਆ। ਮੱਥਾ ਟੇਕਣ ਲੱਗੀ ਤਾਂ ਗੁਰੂ ਬੈਠੇ ਸੀ। ਕਹਿੰਦੇ ਉਰੇ ਫੜਾ। ਸੰਗਤ ਹੈਰਾਨ। ਬਈ ਸਾਡੇ ਤਾਂ ਕਦੇ ਫੜੇ ਨੀ। ਘੁਸਰ-ਮੁਸਰ ਹੋਈ ਤਾਂ ਕਹਿੰਦੇ, "ਭਾਈ। ਮੈਂ ਮਹਿੰ ਨਾ ਤੂਣ ਦਾ ਬੋਝ ਤਾਂ ਸੰਗਤ ਤੇ ਪਾ ਸਕਦਾਂ। ਸਾਰੇ ਵੱਗ ਤੇ ਟੱਬਰ ਦਾ ਨੀ।"



ਵੀਰੂ ਸੁੰਨ ਹੋ ਗਿਆ।

ਉਸ ਦਿਨ ਤੋਂ ਬਾਦ ਜਿਤਨਾ ਖਾਂਦਾ। ਉਸ ਤੋਂ ਵਧ ਜਾਨ ਤੋੜਦਾ। ਤਕਾਲਾਂ ਤੱਕ ਸੇਵਾ ਕਰਦਾ ਤਾਂ ਘਰ ਦੇ ਕੰਮ ਠੱਪ ਰਹਿੰਦੇ।

ਟੱਬਰ ਤੜਪ ਉੱਠਿਆ।

"ਦੁਨੀਆਂ ਛਕਦੀ ਐ। ਤੇਰੇ ਤੇ ਵੱਖ ਚੜ੍ਹ ਗਿਆ ਭਾਰ।"

"ਨਾ ਸਾਊ ਮੈਂ ਤਾਂ ਪਹਿਲਾਂ ਈ ਅੱਗ ਦਾ ਸੜਿਆਂ। ਲੱਸੀ ਵੀ ਫੂਕ ਕੇ ਪੀਊਂ।"

ਟੱਬਰ ਸਲਾਹ ਕੀਤੀ। ਇਹ ਗੱਲ ਐ ਤਾਂ ਫਿਰ ਤੁਰਦਾ ਕਰੋ।

ਉਹ ਪਿੰਡ ਚਲਾ ਆਇਆ ਸੀ।...

xxxx

ਈਸਰੀ ਹਾਜਰੀ ਲੈ ਕੇ ਆਈ ਤਾਂ ਵੀਰੂ ਸੋਚਾਂ ਵਿਚ ਸੀ।

"ਕੀ ਹੋਇਆ?"

"ਸੋਚਦਾਂ ਹੁਣ ਤਾਂ ਤੂੰ ਹਾਜਰੀ ਲੈ ਆਈ ਤਪਹਿਰੇ ਕੀ ਕਰੂੰ?"

"ਪੱਲਾ ਦੇ ਕੇ ਨਹੀਂ ਤੋਰਿਆ ਪੁੱਤਾਂ ਨੇ?"

ਵੀਰੂ ਦੂਰ ਖਲਾਅ 'ਚ ਦੇਖਣ ਲੱਗਾ।

"ਦੇਖ ਬੀਰਾ, ਸੀਗੀ ਤੈਨੂੰ ਕਿਸੇ ਰਲਾਉਣਾ ਨਹੀਂ। ਤੇਰੀ ਰੋਟੀ ਚੁੱਭਦੀ ਐ ਸਭ ਨੂੰ। ਕੱਲ੍ਹ ਕਹਿੰਦੇ ਵੱਟੀ ਕੜਾਹ ਖਾ ਗਿਆ ਤੂੰ।"

"ਭੁੱਖ ਸੀ ਕਈ ਦਿਨਾਂ ਦੀ..."

"ਕੀ ਸੋਚਿਆ ਅੱਗੋਂ?"

"ਦੀਹਾੜੀ-ਟੱਪਾ ਦੇਖਦਾਂ ਕਿਤੇ...।"

"ਭੁੱਲ ਜਾ।"

"ਕਿਉਂ?"

"ਵਿਹੜਾ ਤਾਂ ਸ਼ਹਿਰ ਜਾਂਦੈ ਦਿਹਾੜੀ।"

"ਉਹ ਕਿਉਂ?"

"ਭਈਏ ਹਰਲ-ਹਰਲ ਕਰਦੇ ਐ ਥੋਰਾਂ 'ਤੇ। ਦਿਹਾੜੀਦਾਰ ਤਾਂ ਭੁੰਜੇ ਲਾਹ 'ਤੇ ਕੁੱਤਿਆਂ ਨੇ।"

"ਦਬੱਲ ਦੇਣ ਰਲਕੇ।"

"ਜੱਟ ਜਾਣ ਦਿੰਦੇ ਐ! ਅਗਲੇ ਤਾਂ ਮਾਰਦੇ ਐ ਕੱਛਾਂ। ਭਈਆਂ ਦੀ ਨਾ ਵਗਾਰ। ਨਾ ਪੱਠਾ-ਦੱਥਾ ਦੇਣ ਦਾ ਝੰਜਟ।"

ਵੀਰੂ ਸੋਚੀਂ ਪੈ ਗਿਆ। ਈਸਰੀ ਕਿਹਾ।

"ਤੂੰ ਇਕ ਕੰਮ ਕਰ। ਮੇਰਾ ਸੁਰਤੀ ਜਾਂਦੈ ਘਲਾੜ 'ਤੇ, ਉਹਦੇ ਨਾਲ ਵਗ ਜਿਆ ਕਰ।"

"ਉਹ ਕੀ ਕਰਦੇ ਓਥੇ ?"

"ਝੋਕਾ ਲਾਉਂਦੇ।"

"ਕਾਹਦਾ ?"

"ਘਲਾੜ ਲਾਇਐ ਤਖਾਣਾਂ ਬਹੁਤ ਵੱਡਾ। ਜਰਨੈਲੀ ਸੜਕ 'ਤੇ। ਗੁੜ ਬਣਾ-ਬਣਾ ਵੇਚੀ ਜਾਂਦੇ ਐ।

"ਐਹਾ ਜੇ ਕਿਹੜੇ ਤਖਾਣ ਆਗੇ ਪਿੰਡ 'ਚ ?"

"ਹੈ ਨੀ ਜਿਨ੍ਹਾਂ ਦਾ ਬੁੜ੍ਹਾ ਕਈ ਸਾਲ ਪਹਿਲਾਂ ਰਮਤਾ ਹੋ ਗਿਆ ਸੀ।"

"ਐਨਾਂ ਗੁੜ ਬਣਾਉਂਦੇ ਐ ?"

"ਲੈ ਕੋਈ ਇਕ ਚੁੱਭੇ। ਇੰਜਨ ਪੀੜਦੇ ਗੰਨੇ। ਫੇਰ ਵੀ ਰੱਖਣਾ ਨੀ ਮਿਲਦਾ। ਉਤੋਂ ਅੱਧੀ ਰਾਤ ਜਾਂਦੇ ਐ ਪਿੰਡੋਂ। ਗੰਨਿਆਂ ਵਾਲੀ ਟਰਾਲੀ 'ਤੇ।"

"ਅੱਧੀ ਰਾਤ ਕਿਉਂ ?"

"ਦਿਨ ਚੜ੍ਹਦੇ ਨੂੰ ਤਾਂ ਕਈ ਪੱਤਾਂ ਪੱਕ ਜਾਂਦੀਆਂ।

ਵੀਰੂ ਹਾਮੀ ਭਰੀ ਅਤੇ ਢਲੀ ਰਾਤ ਘਲਾੜ ਤੇ ਜਾ ਉੱਤਰਿਆ। ਘਲਾੜ ਸੜਕ ਤੋਂ ਕਾਫ਼ੀ ਹਟਵਾਂ ਸੀ। ਦੂਰ ਤੱਕ ਪੱਛੀਆਂ ਦਾ ਖਲਾਰ ਤੇ ਗੰਨਿਆਂ ਦੀਆਂ ਢਿਗਾਂ ਸਨ। ਝੋਕੇ ਅਤੇ ਪਕਾਵੇ ਤਿਆਰ। ਇੰਜਨ ਚੱਲਿਆ ਤਾਂ ਬਾਕੀਆਂ ਨਾਲ ਵੀਰੂ ਵੀ ਚੁਰ੍ਹ ਲਾਗੇ ਜਾ ਬੈਠਾ ਅਤੇ ਪੱਛੀਆਂ ਝੋਕਣ ਲੱਗਾ।...

ਦਿਨ ਚੜ੍ਹੇ ਮਾਲਕ ਆਏ। ਝੋਕਿਆਂ ਨੂੰ ਚਾਹ ਦੀ ਹਾਕ ਪਈ। ਸੁਰਤੀ ਤੇ ਵੀਰੂ ਵੀ ਬਾਹਰ ਆਏ। ਵੀਰੂ ਦੇਖਿਆ, ਛੈਨ ਥੱਲੇ ਧੋਤੀ ਅਤੇ ਚੋਲਿਆਂ ਵਾਲੇ ਸਨ।

"ਕੌਣ ਨੇ ਇਹ ?" ਵੀਰੂ ਪੁੱਛਿਆ।

"ਇਹੀ ਤਾਂ ਮਾਲਕ ਨੇ ਬੁੱਢੇ ਕੀ ਪੱਤੀ ਵਾਲੇ।"

"ਇਹ ਕੀ ਬਣੇ ਫਿਰਦੇ ਐ ?"

"ਰਮਤੇ।"

"ਕਿਉਂ ? ਰਮਤਾ ਤਾਂ ਇਨ੍ਹਾਂ ਦਾ ਬੁੜ੍ਹਾ ਸੀ।"

"ਤਾਇਆ ਹੁਣ ਤਾਂ ਬਹੁਤ ਚੱਲ ਗਿਆ ਏਹੇ।"

"ਕੀ ?"

"ਲੋਕ ਇੱਜ਼ਤ ਕਰਦੇ ਐ ਬਾਣੇ ਦੀ। ਚੀਜ਼ ਲੈਣ ਲੱਗੇ ਪਾਧਾ ਨੀ ਪੁੱਛਦੇ। ਬਈ ਧਰਮੀ ਬੰਦਿਆਂ ਦੇ ਹੱਥੋਂ ਬਣਿਐ। ਹੁਣ ਤਾਂ ਗੁੜ, ਦੁੱਧ, ਲੱਸੀ, ਘਿਉ, ਜਿਸ ਮਰਜ਼ੀ ਭਾਅ ਵੇਚ ਲਉ। ਮਹਿੰਗਾ ਵਿਕਦੈ ਤਾਂ ਲੈਣ ਆਲੇ ਸੋਚਦੇ ਐ ਵਾਕਿਆ ਸ਼ੁੱਧ ਹੋਊ।"

"ਪਰ ਆਪਾਂ ਤਾਂ ਇੱਖ ਪਿੰਡੋਂ ਲਿਆਏ। ਤੇ ਆਹ ਭਈਏ ਬਣਾਈ ਜਾਂਦੇ ਐ।"

"ਤੂੰ ਤਾਂ ਕਮਲੈਂ ਤਾਇਆ। ਗੁੜ 'ਤੇ ਲਿਖਿਐ ਬਈ ਕੀਹਨੇ ਬਣਾਇਆ। ਕਿੱਥੋਂ ਆਇਆ ?"



"ਤੋਂ ਪਹਿਲਾਂ ਨਾ ਦੱਸਿਆ।"

"ਕੀ ?"

"ਬਈ ਬਣਾਉਂਦੇ ਮਾਰੂੜ ਐ, ਵਿਕਦਾ ਬਾਣੇ ਦੇ ਨਾਉਂ ਐਂ।"

"ਚਲ ਫਿਰ ਆਪਾਂ ਨੂੰ ਕੀ ?"

"ਕੀ ਕਿਹਾ ?" ਵੀਰੂ ਦੇ ਜਿਵੇਂ ਸੱਪ ਲੜਿਆ। ਉਸ ਚਾਹ ਪਰ੍ਹਾਂ ਧੱਕੀ। "ਮੈਂ ਤਾਂ ਰੱਬ ਦਾ ਰੂਪ ਸਮਝਦਾਂ ਰਮਤਿਆਂ ਨੂੰ। ਮੱਥਾ ਟੇਕਦਾਂ ਦੂਰੋਂ। ਇਨ੍ਹਾਂ ਰੱਬ ਵੀ ਵਿੱਚੇ ਘੜੀਸ ਲਿਆ। ਆਪਣੀ ਨਾਂਹ ਐ ਬਈ।"

ਅੱਗ ਚੁੱਭੇ 'ਚੋ ਨਿਕਲ ਬਾਹਰ ਮੱਚ ਉੱਠੀ।...

ਇੰਜਨ ਰੁਕਿਆ ਤਾਂ ਮਾਲਕ ਦੌੜੇ ਆਏ।

"ਕੀ ਹੋਇਆ ?"

"ਜਾਂਦੈ ਜੀ ਵੀਰੂ।" ਸੁਰਤੀ ਕਿਹਾ।

"ਕਿਉਂ ?" ਮਾਲਕ ਹੈਰਾਨ।

"ਸਾਊ ਕੀਹਦੈਂ ਤੂੰ ?" ਵੀਰੂ ਮੁੰਡੇ ਦੀਆਂ ਅੱਖਾਂ 'ਚ ਝਾਕਿਆ।

"ਵੱਡਾ ਲੜਕਾਂ... ਸੁੰਦਰ ਮਠਾੜੂ ਦਾ।"

"ਰਮਤੇ ਦਾ ?"

"ਹਾਂ ?"

"ਤੇਰੇ ਪਿਉ ਦਾ ਤਾਂ ਨਾਂ ਲੈ ਕੇ ਉੱਠਦਾ ਸੀ ਪਿੰਡ। ਮੈਂ ਨਾਈ, ਮੈਂ ਨੀ ਝੂਠ ਬੋਲਦਾ, ਤੁਸੀਂ ਕਦ ਤੋਂ ਲੱਗਗੇ ?"

"ਕੀ ਝੂਠ ਬੋਲਿਆ ਅਸੀਂ ?" ਤਿੰਨੇ ਭੱਜ ਕੇ ਪਏ।

"ਪਹਿਲੀ ਗੱਲ ਬੌਂਡਾ ਬਡਾਰੂ ਰਮਤਾ ਸੀ। ਜਿਹੜਾ ਸਭ ਕੁਝ ਛੱਡ ਕੇ ਨਿਕਲ ਗਿਆ ਜੰਗਲਾਂ ਨੂੰ। ਚੱਲੋ ਅੱਲ ਪੈ ਗਈ ਧੌਡੀ ਉਹ ਵੀ ਮੰਨੀ। ਬਾਣਾ ਧਾਰ ਲਿਆ ਉਹ ਵੀ ਮੰਨਿਆ। ਤੁਸੀਂ ਆਪ ਬੀਜਦੇ ਇੱਖ। ਵੱਢਦੇ। ਛਿੱਲਦੇ। ਝੋਕਾ ਲਾਉਂਦੇ। ਪਕਾਉਂਦੇ। ਫਿਰ ਵੇਚਦੇ। ਫਿਰ ਸੀ ਰਮਤਿਆਂ ਦਾ ਗੁੜ। ਧਰਮੀ ਅੱਲ ਵਾਲਿਆਂ ਦੇ ਹੱਥਾਂ ਦਾ। ਹੁਣ ਕਿਸੇ ਬੀਜਿਆ। ਕਿਸੇ ਪੀੜਿਆ। ਕਿਸੇ ਪਕਾਇਆ। ਤੁਸੀਂ ਵੇਚਣ ਬੈਠ ਗਏ। ਕਿਸੇ ਦੇ ਜੁਆਕ ਨੂੰ ਝੱਗਾ ਪੁਆ ਕੇ ਆਪ ਪਿਉ ਬਣ ਗਏ। ਬਾਹ ਓਏ ਥੌਡੇ।..."

ਤਖਾਣ ਮੱਚ ਉੱਠੇ।

"ਹੱਦ ਹੋ ਗਈ। ਹਰ ਚੀਜ਼ ਮੁੱਢ ਤੋਂ ਆਖ਼ਰ ਤੱਕ ਕਿਵੇਂ ਬਣਾ ਲੂ ਕੋਈ ?" ਤੇਰੇ ਕਹੇ ਤੇ ਕੰਮ ਠੱਪ ਕਰਕੇ ਭੁੱਖੇ ਮਰੀਏ ?"

"ਨਾ ਸਾਊ। ਪਰ ਰਮਤਿਆਂ ਦਾ ਕਹਿ ਕੇ ਧੋਖਾ ਨਾ ਕਰੋ।"

ਅਚਾਨਕ ਲੱਗਾ, ਸਭ ਕਾਮੇ ਸੁਣ ਰਹੇ ਸਨ। ਉਨ੍ਹਾਂ ਪੈਂਤੜਾ ਬਦਲਿਆ।

"ਚੱਲ ਤੇਰਾ ਕਿਹਾ ਸਿਰ ਮੱਥੇ। ਪਰ ਕੰਮ ਨਾ ਰੋਕ। ਨਾ ਦਿਹਾੜੀ ਤੋੜ ਕੇ

ਆਪਣੇ ਢਿੱਡ 'ਤੇ ਲੱਤ ਮਾਰ। ਹਾਂ, ਜੇ ਗਲਤੀ ਅਸੀਂ ਕਰਾਂਗੇ ਤਾਂ ਰੱਬ ਸਾਨੂੰ ਦੇਖੂ... ਤੈਨੂੰ ਕੀ?"

"ਕੀ ਕਿਹਾ ਉਏ!" ਵੀਰੂ ਚੀਕਿਆ।"ਤੈਨੂੰ ਦੇਖੇ ਨਾ ਦੇਖੇ, ਮੇਰੀ ਜਾਣਦੀ ਐ ਜੁੱਤੀ। ਆਪਣਾ ਡਰ ਮਾਰਦੇ ਮੈਨੂੰ।"

"ਹੱਦ ਹੋ ਗਈ। ਕਾਰੋਬਾਰ ਸਾਡਾ। ਅਸੀਂ ਜੋ ਮਰਜ਼ੀ ਕਰੀਏ। ਤੈਨੂੰ ਕੀ ਡਰ ਐ ਬਈ?"

"ਦੱਸਾਂ ਕੀ ਡਰ ਐ?"

"ਦੱਸ!" ਸਭ ਅਵਾਕ ਖੜ੍ਹੇ ਸਨ।

"ਪਿਉ ਕਿਹਾ ਕਰਦਾ ਸੀ ਮੇਰਾ। ਇਕ ਸਾਧ ਮਰ ਕੇ ਗਿਆ ਸੁਰਗ 'ਚ। ਜਮਾਂ ਨੇ ਰੋਕ ਲਿਆ। ਕਹਿੰਦੇ ਤੂੰ ਜਾ ਸਕਦੋਂ ਅੰਦਰ ਪਰ ਤੇਰੀ ਇਕ ਉਂਗਲ ਨੀ ਜਾ ਸਕਦੀ। ਕਹਿੰਦਾ ਕਿਉਂ ਬਈ? ਕਹਿੰਦੇ ਕੇਰਾਂ ਤੈਨੂੰ ਕਸਾਈਆਂ ਪੁੱਛਿਆ ਐਧਰ ਗਊ ਤਾਂ ਨੀ ਗਈ। ਤੋਂ ਇੱਕ ਉਂਗਲ ਦੇ ਇਸ਼ਾਰੇ ਨਾਲ ਦੱਸ ਕੇ ਗਊ ਮਰਵਾ ਤੀ ਸੀ।... ਅਰ ਅੱਗੇ ਸੁਣ ਓਏ।" ਵੀਰੂ ਚੀਕਿਆ। "ਮੰਨ ਲੈ ਨਰਕ-ਸੁਰਗ ਝੂਠ ਐ। ਕੇਰਾਂ ਇਕ ਪਾਪ ਹੋ ਗਿਆ ਸੀ ਮੈਥੋਂ, ਅਨਭੋਲ। ਕੀੜਿਆਂ ਦੇ ਭੌਣ ਤੇ ਜਾ ਬੈਠਾ ਸੀ। ਹੁਣ ਜੇ ਮਰੇ ਤੋਂ ਰੱਬ ਨੇ ਪੁੱਛ ਲਿਆ, ਬਈ ਕੰਜਰਾ। ਨੰਗੀ ਦੇਖ ਵੀ ਲਈ ਤੇ ਨਾਲ ਵੀ ਰਲਿਆ ਰਿਹਾ ਤਾਂ ਕਿਹੜੇ ਭੌਣ ਤੇ ਬੈਠੂੰ? ਰਹੀ ਗੱਲ ਢਿੱਡ ਤੇ ਲੱਤ ਮਾਰਨ ਦੀ... ਥਾਰ ਨੀ ਮਾਰਦਾ ਮੈਂ ਐਸੀ ਕਮਾਈ 'ਤੇ ਓਏ..."

ਕਿਸੇ ਰੋਹ ਵਿਚ ਵੀਰੂ ਪਰਨਾਂ ਛੰਡ ਮੋਢੇ 'ਤੇ ਸਿੱਟਿਆ ਤੇ ਬਿਨਾਂ ਪਿੱਛੇ ਦੇਖੇ ਇੰਜ ਤੁਰਿਆ ਗਿਆ ਜਿਵੇਂ ਘੁਲਾੜ ਤੇ ਰਮਤਿਆਂ ਨੂੰ ਮਿੱਧ ਕੇ ਲੰਘ ਰਿਹਾ ਹੋਵੇ।...

•



# ਤਾਸੀਰ

## ਦ੍ਰਿਸ਼ 1

ਡਾਕਟਰ ਮਿੱਤਲ ਬਿਸ਼ੰਬਰ ਦੀ ਨਬਜ਼ ਟੋਹੀ। ਛਾਤੀ ਪਰਖੀ। ਪਲਕਾਂ ਪਲਟੀਆਂ ਦਵਾਈਆਂ ਦੇਖੀਆਂ। ਅਜੀਬ ਮੁੱਦਰਾ ਵਿਚ ਬੁੱਲ੍ਹ ਭੀਚੇ, ਅਤੇ ਜਿਵੇਂ ਹੀ ਪੀ.ਜੀ.ਆਈ. ਦਾ ਆਖ ਕੇ ਗਿਆ; ਨੀਰੂ ਦਾ ਦਿਲ ਡੁੱਬਿਆ। ਦੇਰ ਬਾਦ ਸੰਭਲੀ ਤਾਂ ਸੁੱਤੀ ਪਈ ਧੀ ਲਾਗ ਆ ਖੜ੍ਹੀ। ਕਾਫ਼ੀ ਦੇਰ ਖੜ੍ਹੀ ਰਹੀ। ਅਚਾਨਕ ਅੱਥਰੂਆਂ ਦੀ ਇਕ ਛੱਲ ਉੱਠੀ। ਉਹਦਾ ਗਚ ਭਰ ਆਇਆ। ਫਿਰ ਪਤਾ ਹੀ ਨਾ ਲੱਗਾ, ਕਦੋਂ ਉਹ ਬਿਸ਼ੰਬਰ ਦੀ ਪੁਆਂਦੀ ਜਾ ਬੈਠੀ ਅਤੇ ਪਿਘਲਦੀ ਚਲੀ ਗਈ...

## ਦ੍ਰਿਸ਼ 2

ਉਸ ਦਿਨ ਦਫ਼ਤਰ ਤੋਂ ਨੀਰੂ ਜਿਵੇਂ ਹੀ ਘਰ ਪਰਤੀ। ਘਰ ਵਿਚ ਹਨੇਰਾ ਦੇਖ, ਖਾਨਿਉਂ ਗਈ। ਪਰਸ ਵਾਲੀ ਚਾਬੀ ਨਾਲ ਅੰਦਰ ਗਈ। ਬੱਤੀਆਂ ਜਗਾਈਆਂ। ਲਾਰਾ ਨਾ ਦੇਖ ਹੌਲ ਪਿਆ। ਕਮਰਾ, ਰਸੋਈ, ਬੈਠਕ, ਛੱਤ, ਘੜੀ ਦੇਖੀ, ਸੱਤ ਵੀਹ। ਉਹ ਤਾਂ ਕਦੇ ਲੇਟ ਨਹੀਂ ਹੋਈ। ਫੋਨ ਮਿਲਾਇਆ। ਬੰਦ ਆਇਆ ਤਾਂ ਦਿਲ ਡੁੱਬਣ ਲੱਗਾ।

ਸੁਧਾ ਨੂੰ ਫੋਨ ਕੀਤਾ। ਉਹ ਚੰਡੀਗੜ੍ਹ ਸੀ।

ਰੋਣ ਨਿਕਲਿਆ ਤਾਂ ਬਿਸ਼ੰਬਰ ਨੂੰ ਕੀਤਾ।

"ਘਰੇ ਆਉ ਛੇਤੀ।"

"ਕਿਉਂ?"

ਅਗੋਂ ਸਿਸਕੀਆਂ ਤੇ ਰੁਦਨ।

ਜਦ ਨੂੰ ਘਰ ਆਇਆ; ਗੁਆਂਢੀ ਮਹਿਤਾ ਤੇ ਸ਼ਰਮਾ ਆਏ ਖੜ੍ਹੇ ਸਨ।

ਬਿਸ਼ੰਬਰ ਦਾ ਮੱਥਾ ਠਣਕਿਆ।

"ਕੀ ਹੋਇਆ?"

"ਭੈਣ ਜੀ ਨੇ ਫੋਨ ਕੀਤਾ ਬਈ ਲਾਰਾ ਨਹੀਂ ਆਈ। ਸਾਡੀ ਤਾਂ ਜਾਨ ਗਈ। ਕੁੜੀ ਫੋਨ ਮਾਰੇ ਇਧਰ-ਉਧਰ। ਪਤਾ ਲੱਗਾ, ਕਾਲਜ ਤੋਂ ਬਾਦ ਮੁੰਡੇ ਕੁੜੀਆਂ ਨਾਲ ਫਨ ਸਿਟੀ ਗਈ। ਕਿਸੇ ਪਾਰਟੀ 'ਤੇ।" ਮਹਿਤੇ ਕਿਹਾ।

"ਕੀਹਨੇ ਦੱਸਿਆ?"

"ਸੰਜੂ ਨੇ...ਸਾਡੀ ਗਥੂ ਨੂੰ।"
"ਸੰਜੂ ਕੌਣ?"
"ਹੈ ਭੱਠੇ ਵਾਲਿਆਂ ਦਾ।"
"ਪਤਾ ਕਰਾਂ ਫਨ ਸਿਟੀ?" ਬਿਸ਼ੂ ਕਾਹਲਾ ਪਿਆ।
"ਪੁੱਛ ਲਿਆ ਜੀ। ਚਾਰ ਵਜੇ ਮੁੱਕ ਗਈ ਪਾਰਟੀ।" ਸ਼ਰਮੇਂ ਹਉਕਾ ਲਿਆ।
ਤਦੇ ਨੇਤਾ ਬੱਤਰਾ ਆਇਆ। ਸਾਹ ਚੜ੍ਹਿਆ।
"ਸੁਣਿਆ ਕੁੜੀ ਚੱਕੀ ਗਈ।"
"ਓ ਮਹਾਂਰਾਜ ਬਖਸ਼ੋ। ਐਵੇਂ ਨਾ ਖੇਹ ਉਡਾਅ ਦਿਉ। ਕੁੜੀ ਲੇਟ ਐ ਥੋੜ੍ਹੀ।"
ਸਭ ਹੈਰਾਨ। ਬੱਤਰੇ ਕੀ ਉਛਾਲ ਦਿੱਤਾ।
"ਥਾਣੇ ਕਰੀਏ ਖ਼ਬਰ?" ਬੱਤਰਾ ਕਾਹਲਾ ਸੀ।
"ਓ ਨਹੀਂ ਜੀ ਨਹੀਂ। ਥਾਣੇ ਗਏ ਤਾਂ ਗੱਲ ਗਈ।" ਮਹਿਤੇ ਲੀਕ ਖਿੱਚੀ।
"ਦੇਖ ਲਉ, ਕਹੁ ਤਾਂ ਪਾ ਦਿੰਨੇ ਆਂ ਖੇਡ।"

ਬਿਸ਼ੰਬਰ ਦਾ ਰੋਣ ਨੂੰ ਜੀਅ ਕੀਤਾ। ਕਈ ਚਿਰਾਂ ਤੋਂ ਉਹਨੂੰ ਅੰਦਰਖਾਤੇ ਇਹੋ ਖਦਸ਼ਾ ਸੀ। ਕੁੜੀ ਦੇ ਚੋਪਾ-ਚੋਪਾ ਲੀੜੇ। ਛੁਚੂ ਗਿੱਠ ਦਾ ਫੋਨ। ਪੰਜ ਦੀ ਲੋੜ ਪੰਜਾਹ ਹੱਥ 'ਤੇ। ਆਖਿਰ ਆਹ ਸਿੱਟਾ ਨਿਕਲਣਾ ਸੀ?

"ਠੀਕ ਐ।" ਲੋੜ ਹੋਈ ਤਾਂ ਦੱਸਣਾ।" ਬੱਤਰਾ ਜਾਣ ਲਈ ਕਾਹਲਾ ਸੀ।
ਬਿਸ਼ੰਬਰ ਬਾਹਰ ਤੱਕ ਛੱਡਣ ਆਇਆ। ਤਦੇ ਬਾਈਕ ਤੋਂ ਇਕ ਮੁੰਡਾ ਉੱਤਰਿਆ।
"ਅੰਕਲ ਲੱਗਾ ਪਤਾ?"
ਬਿਸ਼ੰਬਰ ਮੁੰਡਾ ਘੇਰਿਆ। "ਕਿੱਥੇ ਐ ਉਏ ਕੁੜੀ?"
"ਅੰਕਲ ਪਲੀਜ਼ ! ਮੇਰੇ ਤਾਂ ਨਾਲ ਸੀ ਉਹ। ਮੈਂ ਕਿਹਾ ਬਾਈਕ ਤੇ ਛੱਡ ਦਿੰਨਾ। ਕਹਿੰਦੀ ਨਹੀਂ।"
"ਫਿਰ?"
"ਘੰਟੇ ਬਾਦ ਫੋਨ ਆਇਆ। ਫਿਰ ਕੱਟਿਆ ਗਿਆ। ਮੈਂ ਤਾਂ ਖ਼ੁਦ ਪਰੇਸ਼ਾਨ ਆਂ।"
"ਤੂੰ ਕਿਉਂ ਪਰੇਸ਼ਾਨ ਐਂ ਉਏ। ਤੈਨੂੰ ਕਿਵੇਂ ਪਤਾ ਕੁੜੀ ਘਰ ਨਹੀਂ ਆਈ?"
"ਰੁਕੋ ਮੈਂ ਕਰਦਾਂ ਗੱਲ।" ਬੱਤਰਾ ਮੁੰਡੇ ਨਾਲ ਪਰ੍ਹਾਂ ਜਾ ਖੜ੍ਹਾ। ਪਰਤ ਕੇ ਕਿਹਾ "ਇਹ ਚਾਰ ਵਜੇ ਨਿਕਲੇ ਜੀ ਓਥੋਂ। ਬਾਕੀਆਂ ਲਈ ਲੋਕਲ। ਇਹ ਆਇਆ ਮੋਟਰਸੈਕਲ 'ਤੇ। ਪਹਿਲੀ ਗੱਲ ਇਹਦੇ ਨਾਲ ਨਹੀਂ ਬੈਠੀ। ਕੁੱਝ 'ਤੇ ਬੈਠੀ ਤਾਂ ਘਰ ਕਿਉਂ ਨਹੀਂ ਆਈ। ਹੁਣ ਵੱਜੇ ਨੇ ਅੱਠ। ਇਹਨਾਂ ਚਹੁੰ ਘੰਟਿਆਂ 'ਚ ਕੁੜੀ ਕਿੱਥੇ ਐ?"
ਸਭ ਸੋਚਣ ਲੱਗੇ।
"ਬੀਰ ਜੀ ਸੋਚੋ ਨਾ; ਪਾ ਦਿਉ ਖੇਡ।" ਬੱਤਰਾ ਫਿਰ ਕਾਹਲਾ ਪਿਆ।



"ਥਟੇ ਗੱਲ ਸੁਣ।" ਨੀਰੂ ਸੰਜੂ ਨੂੰ ਲੈ ਕੇ ਕੁਝ ਦੂਰ ਜਾ ਖੜ੍ਹੀ।
"ਕਿੱਥੇ ਹੋ ਸਕਦੀ ਐ ਤੇਰੇ ਹਿਸਾਬ?"
"ਕਹਿ ਨਹੀਂ ਸਕਦਾ ਆਂਟੀ।"
"ਪਾਰਟੀ 'ਚ ਡਰਿੰਕ ਲਈ?" ਨੀਰੂ ਕਹਿ ਤਾਂ ਗਈ। ਵਿੱਚੋਂ ਕੰਬੀ।
ਸੰਜੂ ਨੀਵੀਂ ਪਾਈ।
"ਦੱਸ ਦੇ...ਕੁਝ ਨਹੀਂ ਕਹਿੰਦੀ।"
"ਸਿਰਫ਼ ਦੋ-ਦੋ ਪੈਗ ਵੋਦਕਾ। ਸਭ ਨੇ।"
ਨੀਰੂ ਦਾ ਰੋਣ ਨਿਕਲ ਆਇਆ। ਬੱਤਰਾ ਪੁਲਿਸ ਨੂੰ ਫੋਨ ਕਰ ਰਿਹਾ ਸੀ।

ਗੱਲ ਪੁਲਿਸ ਤੱਕ ਗਈ। ਸਭ ਤੋਂ ਵੱਧ ਪੀੜ ਬਿਸ਼ੰਬਰ ਦੀ ਅੱਖ ਵਿਚ ਡਿੱਗਣ ਦੀ ਸੀ। ਜਿਸਨੂੰ ਉਸ ਕਦੇ ਭੁੱਟੀ ਅੱਖ ਨਹੀਂ ਸੀ ਚਾਹਿਆ। ਮਹਿਤਾ ਅਤੇ ਸ਼ਰਮਾ ਵੀ ਜਾਣ ਲਈ ਉੱਠੇ ਤਾਂ ਨੀਰੂ ਸ਼ੁਕਰ ਕੀਤਾ। ਜੀ ਕੀਤਾ ਸਾਰੇ ਚਲੇ ਜਾਣ ਤੇ ਉਹ ਦੱਬ ਰੋਵੇ।

ਬਿਸ਼ੰਬਰ ਨੂੰ ਸੁੱਝ ਨਹੀਂ ਸੀ ਰਿਹਾ, ਕੀ ਕਰੇ।
"ਤੂੰ ਜਾਹ ਬੇਟਾ।" ਨੀਰੂ ਸੰਜੂ ਨੂੰ ਕਿਹਾ।
ਸੰਜੂ ਜਿਵੇਂ ਹੀ ਗੇਟ ਤੇ ਗਿਆ। ਚੀਕਿਆ
"ਅੰਕਲ ਲਾਰਾ...।"
ਸਭ ਬਾਹਰ ਦੌੜੇ। ਸਾਮ੍ਹਣੇ ਲਾਰਾ। ਜਿਵੇਂ ਕੋਈ ਡਰਨਾ ਹੋਵੇ।
"ਕਿੱਥੇ ਸੀ ਤੂੰ?" ਨੀਰੂ ਝੰਜੋੜਿਆ।
ਨੀਰੂ ਵੱਟ ਕੇ ਥੱਪੜ ਮਾਰਿਆ। "ਬੋਲਦੀ ਕਿਉਂ ਨਹੀਂ?"
ਲਾਰਾ ਧਾਹ ਕੇ ਮਾਂ ਨਾਲ ਚੰਬੜੀ 'ਤੇ ਰੋਣ ਲੱਗੀ।
ਬਿਸ਼ੰਬਰ ਸਿਰ ਫੜ ਕੇ ਬੈਠ ਗਿਆ।
ਨੀਰੂ ਜਿਵੇਂ ਹੀ ਧੀ ਨੂੰ ਲੈ ਕੇ ਅੰਦਰ ਗਈ। ਮਹਿਤੇ ਅਤੇ ਸ਼ਰਮੇ ਹਉਕਾ ਲਿਆ। "ਮਿਹਰ ਕਰੀਂ ਦਾਤਿਆ।"
ਅਗਲੇ ਪਲ ਸਾਰਾ ਘਰ ਸਿਸਕੀਆਂ ਨਾਲ ਤੜਪ ਉੱਠਿਆ।

ਦ੍ਰਿਸ਼ 3

ਸਿਸਕੀਆਂ ਬਹੁਤ ਪਹਿਲਾਂ ਵੀ ਇਸ ਘਰ ਵਿੱਚ ਉੱਤਰੀਆਂ। ਜਦੋਂ ਬਿਸ਼ੂ ਦਾ ਪਿਉ ਗੱਜਣ ਰਵਦਾਸੀਆ ਤੇ ਮਾਂ ਦੇਵਕੀ ਦਿਨਾਂ ਦੇ ਫਰਕ ਨਾਲ ਮੋਏ। ਤਦ ਬਿਸ਼ੂ ਸਤਾਰ੍ਹਵੇਂ ਅਤੇ ਰਾਜੂ ਪੰਜਵੇਂ ਵਿਚ ਸੀ। ਗੱਜਣ ਸਬਜ਼ੀ ਮੰਡੀ ਵਿਚ ਪੱਲੇਦਾਰੀ ਕਰਦਾ। ਮਸੀਂ ਡੰਗ ਦਾ ਡੰਗ ਤੁਰਦਾ। ਗੱਜੂ ਦੇ ਮਰਦਿਆਂ ਲੈਣਦਾਰ ਇਤਨੇ ਉੱਠ ਖੜ੍ਹੇ, ਪੱਲੇਦਾਰੀ ਤਾਂ ਗਈ ਹੀ ਚਾਰ ਖਣ ਵੀ ਗਿਰਵੀ ਪੈ ਗਏ।

ਫਿਰ ਚੱਲ ਸੋ ਚੱਲ। ਬਿਸ਼ੂ ਲਈ ਸਵੇਰੇ ਅਖ਼ਬਾਰਾਂ ਦੀ ਹਾਕਰੀ। ਕਦੇ ਸਬਜ਼ੀ ਦੀ ਫੜ੍ਹੀ। ਕਦੇ ਰੱਦੀ ਦੀ ਖਰੀਦ। ਕਦੇ ਦਿਹਾੜੀ। ਬਿਸ਼ੰਬਰ ਅੰਬਰ ਨੂੰ ਪਾੜ ਲਾਉਣ 'ਤੇ ਤੁੱਲ ਗਿਆ।

ਪਾੜ ਲੱਗਾ ਵੀ।...

ਰਾਜੂ ਨੂੰ ਪੜ੍ਹਾਇਆ। ਬਿਜਲੀ ਮਹਿਕਮੇ 'ਚ ਨੌਕਰੀ ਲਵਾਇਆ। ਪੜ੍ਹੀ ਲਿਖੀ ਨੀਰੂ ਨਾਲ ਵਿਆਹ ਕੀਤਾ। ਬੋਲੀ ਵਿਚ ਅੜ ਕੇ ਮੰਡੀ 'ਚ ਬੂਥ ਖ਼ਰੀਦਿਆ।

ਤਦ ਤੀਕ ਬਿਸ਼ੰਬਰ ਦੀ ਆਪਣੀ ਧੁੱਕੀ ਨਿਕਲ ਗਈ। ਚਾਲ੍ਹੀਆਂ ਨੂੰ ਜਾ ਢੁੱਕਿਆ।

ਸਵੇਰੇ ਤੋਂ ਰਾਤ ਤੱਕ ਚਾਹ ਦਾ ਧੰਦਾ। ਪਿੰਡੇ ਅਤੇ ਕੱਪੜਿਆਂ ਵਿੱਚੋਂ ਜੂਠ ਅਤੇ ਧੂੰਏਂ ਦੀ ਗੰਧ। ਭੁੱਲ ਹੀ ਗਿਆ, ਉਹਨੂੰ ਸੁਪਨੇ ਵੀ ਆਉਣੇ ਚਾਹੀਦੇ ਸਨ। ਪਰ ਨਹੀਂ ਸਨ ਆਉਂਦੇ।

ਫਿਰ ਰਾਜੂ ਦੇ ਘਰ ਲਾਰਾ ਆ ਗਈ। ਬਿਸ਼ੂ ਤਾਂ ਆਪਣੇ ਧੰਦੇ ਵਿਚ ਹੀ ਮਸਤ ਸੀ। ਸੌਤੇ ਪਏ ਘਰ ਆਉਂਦਾ। ਰਾਹ 'ਚੋਂ ਪਊਆ ਲੈਂਦਾ। ਢਾਬੇ ਤੋਂ ਮੰਨੀਆਂ ਚੱਬਦਾ। ਮਲਕੜੇ ਜਿਹੇ ਬਾਹਰਲੀ ਛਤੜੀ ਦਾ ਬੂਹਾ ਖੋਹਲਦਾ। ਪੈਂਦਾ ਹੀ ਇਕਲਾਪੇ ਅਤੇ ਨੀਂਦ ਦੀਆਂ ਦਲਦਲਾਂ ਵਿਚ ਉੱਤਰ ਜਾਂਦਾ। ਵੈਸੇ ਪਿਛਲੇ ਪੂਰੇ ਵਰ੍ਹੇ ਤੋਂ ਉਹਦਾ ਵਿਹਲਾ ਸਮਾਂ ਮੰਡੀ ਤੋਂ ਬਾਹਰ ਫੜ੍ਹੀ ਵਾਲਿਆਂ ਦੇ ਪੱਕੇ ਬੂਥਾਂ ਲਈ ਮੰਗ ਬਦਲੇ ਲਾਏ ਸਥਾਈ ਧਰਨੇ ਤੇ ਗੁਜ਼ਰਦਾ। ਘਰ ਨਾਲ ਇਕ ਤਰ੍ਹਾਂ ਉਹਦਾ ਸੰਬੰਧ ਰੈਣ-ਬਸੇਰੇ ਜਿਹਾ ਸੀ। ਫਿਰ ਵੀ ਨੀਰੂ ਪਾਸਾ ਵੱਟ ਕੇ ਰੱਖਦੀ।

ਉਹਨੂੰ ਬਿਸ਼ੰਬਰ ਦੇ ਰੁੱਖੇ ਅਤੇ ਖਿਚੜੀ ਵਾਲ। ਕੰਡਿਆਲੀ ਦਾੜ੍ਹੀ। ਮੈਲੀ ਧੋਤੀ। ਦੋ ਜੇਬੀ ਫਤੂਹੀ। ਮੈਲੀ ਸਾਫ਼ੀ। ਬਿਆਈਆਂ ਵਿਚ ਫਸੀ ਜੂਠ। ਚੱਪਲਾਂ ਦੀਆਂ ਘਸੀਆਂ ਅੱਡੀਆਂ। ਗਿੱਟਿਆਂ ਤੇ ਮੈਲ ਦੀਆਂ ਪਰਤਾਂ ਅਤੇ ਚੋਰੀ ਪੀਤੀ ਬੀੜੀ ਦੀ ਬੋਅ ਤੋਂ ਨਫ਼ਰਤ ਸੀ।

ਪਰ ਉਹ ਰਾਜੂ ਨਾਲ ਖ਼ੁਸ਼ ਸੀ।... ਅਤੇ ਖ਼ੁਸ਼ੀ ਇਸ ਘਰ ਨੂੰ ਰਾਸ ਨਹੀਂ ਸੀ। ਇਕ ਦਿਨ ਖੰਭੇ 'ਤੇ ਚੜ੍ਹੇ ਰਾਜੂ ਨੂੰ ਬਿਜਲੀ ਦਾ ਕਰੰਟ ਭੁੰਨ ਗਿਆ।

ਬਿਸ਼ੰਬਰ ਦੀ ਤਾਂ ਦੁਨੀਆਂ ਹੀ ਉੱਜੜ ਗਈ।...

ਨੀਰੂ ਲਈ ਵੀ ਹਨੇਰ ਪੱਸਰ ਗਿਆ। ਅੱਗ ਜਿਹੀ ਉਮਰ। ਕੁੱਛੜ ਕੁੜੀ ਤੇ ਰੰਡੇਪੇ ਦਾ ਸਰਾਪ। ਪਰ ਬਿਰਾਦਰੀ ਨੀਰੂ ਨੂੰ ਬਿਸ਼ੰਬਰ ਨਾਲ ਨਰੜ ਦਿੱਤਾ।

ਨੀਰੂ ਤੜਫ਼ ਉੱਠੀ। "ਰਿਸ਼ਤਾ ਸਿਰਫ਼ ਲੋਕਾਚਾਰੀ ਨਿਭਾਵਾਂਗੀ।"

ਬਿਸ਼ੂ ਸੋਚਿਆ, ਇਕੱਲ ਤਾਂ ਭੋਗ ਹੀ ਰਿਹਾ ਹਾਂ। ਉਸ ਦੰਦਾਂ ਥੱਲੇ ਜੀਭ ਲੈ ਲਈ। ਲੈ ਤਾਂ ਲਈ, ਪਰ ਪਤਾ ਹੀ ਨਾ ਲੱਗਾ ਕਦੋਂ ਟੁੱਕੀ ਗਈ।

ਨੀਰੂ ਨੂੰ ਜਿਵੇਂ ਹੀ ਬੀਮੇਂ ਦੀ ਰਕਮ ਅਤੇ ਰਾਜੂ ਦੀ ਥਾਂ ਨੌਕਰੀ ਦੀ ਨਿਆਮਤ



ਮਿਲੀ, ਉਹ ਹਵਾ ਵਿਚ ਉੱਡਣ ਲੱਗੀ। ਦੂਜੇ ਤੀਜੇ ਸਾਲ ਹੀ ਮਹਿਕਮੇ ਵਿਚ ਉਹਦੀ ਉੱਚੇ ਲੋਕਾਂ ਤੱਕ ਪਹੁੰਚ ਦੀ ਹਵਾ ਉੱਡ ਗਈ। ਸਮਾਜ-ਸੇਵਾ ਬਦਲੇ ਉਹ ਪੁਲਿਸ ਦੇ ਵਿਮੈਨ ਸੈੱਲ ਵਿੱਚ 'ਸਾਲਸ' ਵਜੋਂ ਜਾ ਵੜੀ। ਸਮਝੌਤੇ। ਤਲਾਕ। ਵੱਢ੍ਹੀ, ਤੇ ਫੈਸਲੇ, ਉਸ ਲਈ ਚੁਟਕੀ ਦੀ ਖੇਡ ਹੋ ਗਏ।

ਲਾਰਾ ਮਾਂ ਤੋਂ ਵੀ ਅੱਗੇ ਜਾ ਨਿਕਲੀ। ਬੀ.ਏ. ਤੱਕ ਆਉਂਦੇ ਉਹ ਭੁੱਲ ਹੀ ਗਈ, ਉਹਦੀਆਂ ਜੜ੍ਹਾਂ ਦਲਿਤ ਮਿੱਟੀ ਵਿਚ ਸਨ ਤੇ ਉਹਦੀ ਮਾਂ ਆਪਦੇ ਮੌਜੂਦਾ ਪਤੀ ਨਾਲ ਕਲਾਮ ਨਹੀਂ ਸੀ ਕਰਦੀ। ਲਾਰਾ ਅੰਬਰ ਛੋਹਣ ਲੱਗੀ।

ਅਚਾਨਕ ਜ਼ਮੀਨ ਤੇ ਡਿੱਗੀ, ਅਤੇ ਚੂਰ ਹੋ ਗਈ।...

## ਦ੍ਰਿਸ਼ 4

ਪਿਛਲੇ ਇਕ ਘੰਟੇ ਵਿਚ ਨੀਰੂ ਦੀ ਸਾਰੀ ਹੈਂਕੜ ਠੁੱਸ ਹੋ ਚੁੱਕੀ ਸੀ। ਪੁਲਿਸ ਜੋ ਉਹਦੀ ਅੱਖ ਵਿਚ ਹਾਈਂ-ਮਾਈਂ ਸੀ, ਹਊਆ ਦਿੱਸਣ ਲੱਗੀ। ਗੇਟ 'ਤੇ ਥਾਣੇਦਾਰ ਮਿਲਿਆ ਵੀ, "ਹੁਣੇ ਆਇਆ" ਆਖ ਚਲਾ ਗਿਆ ਤਾਂ ਨੀਰੂ ਦੇ ਅੰਦਰ ਕੜੱਕ ਕਰਕੇ ਕੁਝ ਟੁੱਟਿਆ। ਸਿਪਾਹੀ ਨੇ ਬਾਹਰ ਖੜ੍ਹੇ 'ਤੇ ਬੈਠਣ ਲਈ ਕਿਹਾ ਤਾਂ ਉਹ ਪੂਰੀ ਤਰ੍ਹਾਂ ਬਿਖਰ ਗਈ।

ਥਾਣਾ ਸ਼ਹਿਰ ਦੀ ਉੱਜੜੀ ਸਰਾਂ ਵਿਚ ਸੀ। ਡਿੱਗੀਆਂ ਫ਼ਸੀਲਾਂ। ਖੋੜੀਆਂ ਛਾਟਾਂ। ਹਨੇਰੇ ਵਿਚ ਦਹਿਸ਼ਤ ਪੈਦਾ ਕਰਦੀਆਂ। ਜਿਉਂ ਜਿਉਂ ਰਾਤ ਗੁਜ਼ਰ ਰਹੀ ਸੀ, ਨੀਰੂ ਲਈ ਬਾਹਰ ਬੈਠਣਾ, ਮਹਿਜ਼ ਬੈਠਣਾ ਨਹੀਂ ਸੀ। ਆਪਣੀ ਤੇ ਬਿਸ਼ੂ ਦੀ ਅੱਖ ਵਿਚ ਡਿੱਗਣਾ ਸੀ।

ਦੇਰ ਬਾਦ ਥਾਣੇਦਾਰ ਆਇਆ ਤਾਂ ਸਿਪਾਹੀ ਅੰਦਰ ਆਉਣ ਨੂੰ ਕਿਹਾ।

ਸਾਮ੍ਹਣੇ ਬੈਠਦੀ ਨੀਰੂ ਹੱਥ ਜੋੜੇ।

"ਬੋਲ।"

"ਜੀ ਮੈਂ ਨੀਰੂ ਚੌਹਾਨ, ਵਿਮੈਨ ਸੈੱਲ...।"

"ਕੰਮ ਦੱਸ।" ਨਾਜ਼ਰ ਸਿਹੁੰ ਟੋਕਿਆ।

"ਸਰ । ਬੱਤਰਾ ਨੇ ਕੀਤਾ ਸੀ ਫੋਨ।"

"ਓ ਹਾਂ, ਪਰ ਉਸਨੇ ਤਾਂ ਕਿਹਾ ਕੁੜੀ ਘਰ ਆ ਗਈ।"

"ਜੀ ਦਰਅਸਲ...।" ਨੀਰੂ ਦਾ ਗਲਾ ਭਰ ਆਇਆ।

"ਹਾਂ, ਹਾਂ ਬੋਲ।" ਨਾਜ਼ਰ ਪੈਨੀ ਅੱਖ ਝਾਕਿਆ।

"ਸਰ ਹਾਦਸਾ ਹੋ ਗਿਆ ਬਹੁਤ ਵੱਡਾ।"

"ਸੁਇਸਾਈਡ ?"

ਨੀਰੂ ਨਾਂਹ ਵਿਚ ਸਿਰ ਹਿਲਾਉਂਦੀ ਰੋਣ ਲੱਗੀ।

"ਮੈਡਮ ਪਲੀਜ਼ ! ਗੱਲ ਕਰੋ ਛੇਤੀ।"

ਨੀਰੂ ਦਿਲ ਕਰੜਾ ਕੀਤਾ।

"ਮੇਰੀ ਲੜਕੀ ਗਈ ਜੀ ਕਿਸੇ ਪਾਰਟੀ 'ਤੇ।"

"ਕਿੱਥੇ ?"

"ਫਨ ਸਿਟੀ... ਵਾਪਸ ਆਈ ਤਾਂ...।" ਨੀਰੂ ਦੀ ਭੁੱਬ ਨਿਕਲੀ।

"ਵਾਪਿਸ ਆਈ ਤਾਂ ਕੀ ?"

"ਉਹਦੀ ਇੱਜ਼ਤ...।" ਨੀਰੂ ਤੋਂ ਗੱਲ ਨਾ ਹੋਈ।

ਤਦੇ ਬੱਤਰਾ ਆਇਆ।

"ਸਿੰਘ ਸਾਹਬ ਹੋ ਗਈ ਰਪਟ ?"

"ਬਤਰਾ ਤੂੰ ਕਿਹਾ ਕੁੜੀ ਘਰ ਆ ਗਈ। ਇਹ ਕਹਿੰਦੇ ਹਾਦਸਾ ਹੋ ਗਿਆ।"

"ਸਿੰਘ ਸਾਹਬ ! ਕੁੜੀ ਨਾਲ ਹੋ ਗਿਆ ਬਹੁੰ ਧੱਕਾ। ਆਹ ਦੇਖੋ," ਬੱਤਰੇ ਹੱਥ ਜੋੜੇ। "ਮੈਂ ਥੋੜ੍ਹਾ ਕਾਹਲੀ 'ਚ ਹਾਂ। ਤੁਸੀਂ ਕਾਰਵਾਈ ਕਰੋ ਬੱਸ।"

"ਆ ਬਈ ਰਾਮ ਸਿੰਘ ਲਿਖ।" ਨਾਜਰ ਸਿਹੁੰ ਮੁਨਸ਼ੀ ਨੂੰ ਕਿਹਾ।

"ਜੀ ਸ਼ਾਮੀਂ ਆਈ ਬੇਟੀ ਫਨ ਸਿਟੀ ਤੋਂ...।"

"ਹੋ ਗਿਆ ਫਨ ਸਿਟੀ, ਅੱਗੇ।"

"ਜੀ ਰਾਹ 'ਚ...।"

"ਇਕੱਲੀ ਗਈ ਕੁੜੀ ?"

"ਸਹੇਲੀਆਂ ਵੀ ਸਨ ਨਾਲ।"

"ਕੌਣ ਸਨ ?"

"ਮਿੰਨੂ ਸਰਾਫ ਦੀ ਕੁੜੀ ਤੇ ਨੈਨਸੀ।"

"ਮੁੰਡੇ ?"

"ਤਿੰਨ ਚਾਰ ਸੀ ਸ਼ਾਇਦ...ਕਾਲਜ ਦੇ।"

"ਕੀ ਦੱਸਿਆ ਕੁੜੀ ਨੇ ?"

"ਜੀ ਬੋਲ ਨਹੀਂ ਰਹੀ ਕੁਛ।"

"ਕਿਉਂ ?"

ਨੀਰੂ ਚੁੱਪ ਸੀ।

"ਵਿੱਚ ਓਪਰਾ ਵੀ ਸੀ ਕੋਈ ?"

"ਜੀ ਨਹੀਂ ਪਤਾ ।"

"ਫਿਰ ਮੈਨੂੰ ਪਤੈ ?" ਨਾਜਰ ਸਿਹੁੰ ਖਿਝ ਕੇ ਉੱਠ ਖੜ੍ਹਾ।

ਨੀਰੂ ਫਿਰ ਅੱਖਾਂ ਭਰ ਆਈ।

"ਦੇਖੋ ਕੇਸ ਬੋਗਸ ਨਾ ਹੋਵੇ। ਕਚਹਿਰੀਆਂ 'ਚ ਜਦੋਂ ਲਹਿੰਦੇ ਐ ਨਾ ਕੱਪੜੇ।



ਪੁਲਿਸ ਰਹਿ ਜਾਂਦੀ ਐ ਛੈਣੇ ਵਜਾਉਂਦੀ।"

"ਸਰ ਮੇਰੀ ਧੀ ਤਬਾਹ ਹੋ ਗਈ। ਮੈਂ ਆਪਣੀ ਮਿੱਟੀ ਕੁੱਟਣ ਆਊਂਗੀ ਥਾਣੇ ?"

"ਕਿਸੇ ਨੂੰ ਵਿਕਟਮ ਤਾਂ ਬਣਾਅ। ਹਵਾ 'ਚੋਂ ਫੜਾਂ ਮੱਛੀਆਂ ?"

ਨੀਰੂ ਕੁਛ ਨਾ ਬੋਲੀ।

"ਮੁਆਇਨਾ ਕਰਾਇਆ ?"

ਨੀਰੂ ਨਾਂਹ ਵਿਚ ਸਿਰ ਹਿਲਾਇਆ।

"ਕਿੱਥੇ ਐ ਕੁੜੀ ?"

"ਬਾਹਰ।"

"ਹੱਦ ਹੋ ਗਈ ਮੁੱਦਾ ਬਾਹਰ ਐ ਤੂੰ ਐਥੇ ਰੋਈ ਜਾਨੀ ਐਂ। ਸ਼ਾਮ ਲਾਲ ਦੇਖ ਕੌਣ ਐ ਬਾਹਰ।" ਨਾਜਰ ਸਿਹੁੰ ਸਿਪਾਹੀ ਨੂੰ ਕਿਹਾ।

ਬਿਸ਼ੰਬਰ ਅਤੇ ਲਾਰਾ ਅੰਦਰ ਆਏ।

ਕੁੜੀ ਨਾਲ ਕਿਸੇ ਸ਼ੋਹਦੇ ਜਿਹੇ ਬੰਦੇ ਨੂੰ ਪਛਾਣਦੇ ਥਾਣੇਦਾਰ ਪੁੱਛਿਆ।

"ਇਹ ?"

"ਮੇਰੇ ਹਸਬੈਂਡ।" ਨੀਰੂ ਸ਼ਾਇਦ ਪਹਿਲੀ ਵੇਰ ਕਿਹਾ। ਇਸ ਲਈ ਪੀੜ ਹੋਈ। ਨਾਜਰ ਸਿਹੁੰ ਕੁੜੀ, ਮਾਂ ਤੇ ਪਿਉ ਦੇ ਲਿਬਾਸ ਵਿਚ ਅੰਤਰ ਦੇਖ ਪੁਛਿਆ। "ਕੀ ਕੰਮ ਕਰਦੇ ਹੋ ਤੁਸੀਂ ?"

"ਦੁਕਾਨ ਕਰਦਾਂ ਜੀ ਚਾਹ ਦੀ ਮੰਡੀ 'ਚ।"

"ਹੱਛਾ, ਹੱਛਾ, ਹੱਛਾ, ਆਈ ਸੀ। ਉਹ ਧਰਨੇ ਵਾਲਾ ਲੀਡਰ ਬਿਸ਼ੰਬਰ ?"

ਬਿਸ਼ੰਬਰ ਬਿਨਾਂ ਕੁਝ ਕਹੇ ਹੱਥ ਜੋੜੇ।

"ਹਾਂ ਬੇਟਾ !" ਨਾਜਰ ਕੁੜੀ ਕੋਲ ਗਿਆ। "ਡਰ ਨਾ...। ਹੁਲੀਆ, ਥਾਂ, ਕੁਝ ਵੀ ਦੱਸ। ਸਵੇਰ ਤੱਕ ਮੰਜੀ ਠੋਕ ਦਿਉਂ ਸਭ ਦੀ।"

ਪਰ ਕੁੜੀ ਨਿਰਜਿੰਦ ਸੀ।

"ਬੋਲ ਬੇਟਾ, ਡਰ ਨਾ।" ਨਾਜਰ ਸਿਹੁੰ ਫਿਰ ਕਿਹਾ।

"ਬਹੁਤ ਡਰ ਗਈ ਜੀ।" ਬਿਸ਼ੰਬਰ ਫਿਰ ਹੱਥ ਜੋੜੇ।

"ਬੰਦੇ ਪਛਾਣਦੀ ਹੈ ?"

ਬਿਸ਼ੂ ਅਤੇ ਨੀਰੂ ਨਾਂਹ ਵਿਚ ਸਿਰ ਹਿਲਾਏ।

"ਹੱਦ ਹੋ ਗਈ, ਜਿਸਨੂੰ ਪਤੈ ਉਹ ਬੋਲਦੀ ਨਹੀਂ। ਲਿਖਾਂ ਕੀ ?"

"ਮਾਈ ਬਾਪ ਕੁਝ ਤਾਂ ਲਿਖੋ। ਐਡਾ ਅਨਰਥ ਹੋ ਗਿਆ।"

"ਕੋਈ ਥਾਂਹ ਤਾਂ ਫੜਾਓ। ਕੁੜੀ ਫਨ ਸਿਟੀ ਗਈ। ਰਾਹ 'ਚ ਰੇਪ ਹੋ ਗਿਆ।" ਬੱਸ ? ਕੀਹਦੇ ਨਾਲ ਗਈ। ਕੀਹਦੇ ਨਾਲ ਆਈ। ਕੁਛ ਤਾਂ ਬੋਲੋ। ਅਣਪਛਾਤੇ ਬੰਦਿਆਂ

ਤੇ ਕੇਸ ਕਰ ਕੇ ਕੀ ਕੱਢੋਗੇ?"

"ਬਸ ਏਨਾ ਪਤਾ ਲੱਗਾ ਜੀ ਆਟੋ ਤੇ ਆਈ ਇਕੱਲੀ।"

"ਕਿਸਨੇ ਕਿਹਾ?"

"ਜੀ ਮੁੰਡਾ ਆਇਆ ਘਰ। ਉਹ ਨਾਲ ਸੀ।"

"ਕੀ ਨਾਂ ਹੈ ਮੁੰਡੇ ਦਾ?"

"ਜੀ ਸੰਜੂ।"

"ਕਿੱਥੇ ਉੱਤਰੀ ਆਟੋ ਤੋਂ?"

"ਜੀ ਇਹੀ ਤਾਂ ਪਤਾ ਨਹੀਂ।"

"ਪਾਰਟੀ ਤੇ ਗਈ ਤਾਂ ਡਰਿੰਕ ਵੀ ਕੀਤੀ ਹੋਊ। ਕਿੰਨੇ ਵਜੇ ਆਈ ਘਰ?"

"ਕਰੀਬ ਅੱਠ ਵਜੇ।"

"ਨਸ਼ੇ 'ਚ ਸੀ?"

"ਜਨਾਬ ਕੈਸੀ ਗੱਲ ਕਰ ਦਿੱਤੀ।" ਬਿਸ਼ੂ ਦੇ ਅੰਦਰ ਕੋਈ ਕਾਤੀ ਫਿਰੀ।

"ਕੋਈ ਨਾ ਮੁਆਇਨੇ 'ਚ ਹੋ ਜੂ ਕਲੀਅਰ। ਪਰ ਆਹ ਤਿੰਨ ਘੰਟਿਆਂ ਦਾ ਬਲੈਕ ਆਊਟ ਪੁੱਛੋ ਲੀਡਰ ਸਾਹਿਬ। ਨਹੀਂ ਘਰ ਬੈਠੋ ਚੁੱਪ ਕਰਕੇ।"

"ਜਨਾਬ ਕੀ ਕਹਿ ਰਹੇ ਹੋ ਤੁਸੀਂ।"

"ਠੀਕ ਕਹਿ ਰਿਹਾਂ। ਮੈਂ ਵੀ ਧੀਆਂ ਵਾਲਾਂ। ਕੁੜੀ ਚੁੱਪ ਹੈ। ਤੁਸੀਂ ਥਾਣੇ ਨੂੰ ਮੂੰਹ ਚੱਕ ਲਿਆ। ਔਖੀ ਖਾਸੀ ਐ; ਇਕ ਔਂਧੇ ਹਰਾਮੀ ਦੇ ਚੌਂਡਿਆਂ 'ਚ ਲੱਤ ਠੋਕੀ ਹੁੰਦੀ। ਖੁੱਸੀ ਹੋ ਕੇ ਘਰ ਪਿਆ ਹੁੰਦਾ ਸਾਲਾ। ਲੀਡਰੀ ਦੇ ਚਾਅ 'ਚ ਕਿਤੇ ਮੀਡੀਏ ਦੇ ਹੱਥੇ ਨਾ ਚੜ੍ਹ ਜਿਉ। ਖੇਹ ਕਰਾ ਲੌਗੇ ਆਪਦੀ।"

ਨੀਰੂ ਤੇ ਬਿਸ਼ੰਬਰ ਹੈਰਾਨੀ 'ਚ ਇਕ ਦੂਜੇ ਵੱਲ ਝਾਕਿਆ।

"ਦੇਖੋ, ਮੈਨੂੰ ਹਮਦਰਦੀ ਐ ਥੋਡੇ ਨਾਲ। ਬਿਆਨ ਦੁਆਊ। ਮੁਆਇਨਾ ਹੋਊ। ਫਿਰ ਦੇਖਿਉ ਮੇਰੇ ਹੱਥ। ਆਖਰ ਤਿੰਨ ਘੰਟੇ ਨਾਲ ਰਹੀ। ਕੁਛ ਤਾਂ ਦੇਖਿਆ ਹੋਊ। ਗੱਲਬਾਤ। ਬੀਹੇਵ। ਉਮਰ। ਸ਼ਕਲ ਕਿ ਕੁਝ ਵੀ ਨਹੀਂ?"

ਨੀਰੂ ਬਿਨਾਂ ਕੁਝ ਕਹੇ ਉੱਠ ਖੜ੍ਹੀ ਤਾਂ ਨਾਜਰ ਨੂੰ ਅੱਗ ਲੱਗ ਗਈ।

"ਪੁਲਿਸ ਦੀ ਨੌਕਰੀ ਐ। ਕੋਈ ਬਨੀਏ ਦੀ ਦੁਕਾਨ ਨਹੀਂ। ਢਿੱਡ ਭਰਨਾ ਪੈਂਦੇ ਕੇਸ ਦਾ। ਅੱਗ ਲੱਗਦੀ ਐ ਬਲਾਤਕਾਰ ਦਾ ਨਾਂ ਸੁਣਦੇ। ਕੇਸ ਕਰਨੈ ਤਾਂ ਸੋਚ ਕੇ ਚੱਲਿਉ। ਵਕੀਲ ਨੰਗਾ ਕਰਨਗੇ। ਕਿੱਥੇ-ਕਿੱਥੇ ਹੱਥ ਲਾਇਆ। ਪੂਰੇ ਮਰਦ ਸਨ ਕੇ ਨਹੀਂ। ਕੱਛੀਆਂ ਦੇ ਰੰਗ ਪੁੱਛਣਗੇ। ਇਹਨੂੰ ਕਹੋ ਤਕੜੀ ਹੋਵੇ।"

ਨੀਰੂ ਨੂੰ ਲੱਗਾ, ਸਿਫਾਰਸ਼ ਨਾ ਲਿਆ ਕੇ ਗ਼ਲਤੀ ਕੀਤੀ। ਸਵੇਰੇ ਸੁਧਾ ਨਾਲ ਗੱਲ ਕਰੇਗੀ।

ਡਰੇ ਪੀਤੇ ਉਹ ਜਿਵੇਂ ਹੀ ਡਿਉਢੀ ਵਿਚ ਆਏ। ਬਾਹਰ ਇਕ ਲੰਡੀ ਜਿਹੀ



ਜੀਪ ਦੇਖ, ਲਾਰਾ ਚੀਕ ਮਾਰ ਮਾਂ ਨਾਲ ਚੰਬੜੀ।

ਨਾਜਰ ਅਤੇ ਸਿਪਾਹੀ ਵੀ ਬਾਹਰ ਆਏ।

"ਕੀ ਹੋਇਆ?" ਨਾਜਰ ਪੁੱਛਿਆ।

"ਇਸ ਜੀਪ ਨੂੰ ਦੇਖ ਕੇ ਡਰੀ ਜੀ।"

"ਓ ਭਾਈ ਬਿਆਨਾਂ ਵੱਲ ਆਉ, ਕੁਛ ਨਹੀਂ ਪਿਆ ਇਨ੍ਹਾਂ ਜੀਪਾਂ ਜੁਪਾਂ 'ਚ।"

ਤਿੰਨੇ ਰੀਂਘਦੇ ਪਰਤ ਆਏ।...

## ਦ੍ਰਿਸ਼ 5

ਨੀਰੂ ਤੇ ਬਿਸ਼ੰਬਰ ਲਈ ਮਰਨ ਸੀ।

ਵਿਮੈਨ ਸੈੱਲ ਦੀ ਸਾਲਸੀ ਕਰਦਿਆਂ ਨੀਰੂ ਨੂੰ ਪੁਲਿਸ ਕਦੇ ਇਸ ਤਰ੍ਹਾਂ ਰੁੱਖਾ ਪੇਸ਼ ਨਹੀਂ ਸੀ ਆਈ। ਨੀਰੂ ਪੁੱਛ-ਪੁੱਛ ਹਫ ਗਈ ਸੀ ਤਾਂ ਲਾਰਾ ਨੇ ਸਿਰਫ਼ ਇਤਨਾਂ ਕਿਹਾ ਸੀ, 'ਆਟੋ ਤੋਂ ਉੱਤਰ ਉਹ ਡੀਅਰ ਪਾਰਕ ਬਾਂਦਰਾਂ ਨੂੰ ਭੁੱਜੇ ਛੋਲੇ ਪਾਉਣ ਗਈ। ਹੋਰ ਯਾਦ ਨਹੀਂ। ਹੋਸ਼ ਆਈ ਤਾਂ ਨਹਿਰੂ ਪਾਰਕ ਦੇ ਫੁੱਟਪਾਥ ਤੇ ਸੀ।"

ਨੀਰੂ ਤੇ ਬਿਸ਼ੰਬਰ ਲਈ ਰਾਤ ਗੁਜ਼ਰਨੀ ਮੁਸ਼ਕਿਲ ਹੋ ਗਈ। ਹਾਲਾਂਕਿ ਦੋਹਾਂ ਵਿਚ ਕੋਈ ਸੰਵਾਦ ਨਹੀਂ ਸੀ। ਨਾ ਹੁਣ, ਨਾ ਕਦੇ। ਸੁਭਾ ਨੀਰੂ ਸੁਧਾ ਨੂੰ ਰੋ ਕੇ ਵਿਥਿਆ ਦੱਸੀ। ਸੁਧਾ ਮਸ਼ਹੂਰ ਵਕੀਲ ਦੱਤਾ ਦੀ ਸਹਾਇਕ ਸੀ।

"ਮਿਨਟ ਨਾ ਲਾਅ, ਇਲਾਕੇ ਦੇ ਐਮ.ਐਲ.ਏ. ਧੀਰੂ ਭਾਈ ਨੂੰ ਮਿਲ, ਤੇ ਕੇਸ ਦਰਜ ਕਰਵਾ।" ਸੁਧਾ ਕਿਹਾ।

ਨੀਰੂ ਨੂੰ ਪਹਿਲੀ ਵੇਰ ਲੱਗਾ। ਉਹ ਤੇ ਉਹਦੀ ਧੀ ਬਰਬਾਦ ਹੋ ਚੁੱਕੀਆਂ ਸਨ। ਉਹ ਕਿਤਨੀ ਇਕੱਲੀ ਸੀ। ਰਹਿੰਦੀ ਬਿਸ਼ੰਬਰ ਦੀ ਅੱਖ ਵਿਚ ਡਿੱਗ ਗਈ।

## ਦ੍ਰਿਸ਼ 6

ਲਾਰਾ ਅਤੇ ਬਿਸ਼ੂ ਨੂੰ ਲਾਅਨ ਵਿਚ ਬਿਠਾਅ, ਨੀਰੂ ਅੰਦਰ ਗਈ। ਧੀਰੂ ਭਾਈ ਦੇਰ ਬਾਦ ਅਖ਼ਬਾਰਾਂ ਤੋਂ ਸਿਰ ਚੁੱਕਿਆ।

"ਤੁਸੀਂ ਕੌਣ?"

"ਜੀ ਮੈਂ ਨੀਰੂ ਵਿਮੈਨ ਸੈੱਲ..."

"ਕੰਮ ਦੱਸੋ।" ਧੀਰੂ ਭਾਈ ਟੋਕਿਆ।

"ਸਰ ਮੇਰੀ ਬੇਟੀ ਬਰਬਾਦ ਕਰ ਦਿੱਤੀ।"

"ਛੇੜ ਛਾੜ ਹੋਈ?"

ਨੀਰੂ ਔਖਰੂ ਪੂੰਝੇ।

"ਰੇਪ ਵਗੈਰਾ ?"

ਨੀਰੂ ਦੀ ਭੁੱਬ ਨਿਕਲੀ।

"ਕਿਸ ਵਾਰਡ ਤੋਂ ਹੋ ?"

"ਜੀ ਨੌਂ।"

"ਫਿਰ ਇੱਥੇ ਕੀ ਲੈਣ ਆ ਗਈ।"

"ਸਰ ਰਪਟ ਨਹੀਂ ਲਿਖ ਰਹੀ ਪੁਲਿਸ।"

"ਨੌਂ ਨੰਬਰ 'ਚੋਂ ਤਾਂ ਇਕ ਵੋਟ ਨਹੀਂ ਪਈ ਮੈਨੂੰ। ਨਲਕੇ ਲਵਾਏ ਮੈਂ। ਨਾਲੀਆਂ ਬਣਾਈਆਂ ਮੈਂ। ਤੇ ਵੋਟਾਂ ਉਸ ਕੁੱਤੇ ਗਿਰਧਾਰੀ ਨੂੰ ?"

ਨੀਰੂ ਉੱਠ ਕੇ ਧੀਰੂ ਭਾਈ ਦੇ ਪੈਰਾਂ 'ਤੇ ਝੁਕੀ।

ਧੀਰੂ ਭਾਈ ਇਕ ਪਲ ਸੋਚਿਆ ਤੇ ਕਿਹਾ।

"ਕਿਹੜਾ ਥਾਣੇ ?"

"ਸਿਵਲ ਲਾਈਨ।"

"ਬੰਦੇ ਪਛਾਣਦੀ ਹੈ ਕੁੜੀ ?"

ਨੀਰੂ ਨੀਵੀਂ ਪਾਈ।

"ਬਿਆਨ ਹੋ ਗਏ ?"

"ਪੁਲਿਸ ਸੁਣ ਨਹੀਂ ਰਹੀ।"

"ਕਿੱਥੇ ਐ ਕੁੜੀ ?"

"ਜੀ ਬਾਹਰ ਐ।"

"ਹੱਦ ਹੋ ਗਈ। ਬੁਲਾਅ।"

ਬਿਸ਼ੂ ਤੇ ਲਾਰਾ ਅੰਦਰ ਆਏ। ਬਿਸ਼ੂ ਵੱਲ ਦੇਖ ਧੀਰੂ ਯਾਦ ਕਰਨ ਦੀ ਕੋਸ਼ਿਸ਼ ਕੀਤੀ। "ਤੈਨੂੰ ਦੇਖਿਐ ਕਿਤੇ।"

"ਦੁਕਾਨ ਕਰਦਾਂ ਜੀ ਚਾਹ ਦੀ। ਮੰਡੀ 'ਚ।"

"ਓ ਹਾਂ। ਤੇਰੀ ਹੀ ਛਪੀ ਸੀ ਨਾ ਖ਼ਬਰ ਧਰਨੇ ਤੇ ਮੁਫ਼ਤ ਚਾਹ ਪਿਲਾਉਣ ਵਾਲੀ। ਕੀ ਲਗਦੀ ਐ ਤੇਰੀ ?"

"ਤਾਇਆਂ ਜੀ ਇਹਦਾ।" ਬਿਸ਼ੂ ਹੱਥ ਜੋੜੇ।

"ਪਾਗਲ ਐਂ ਤੂੰ। ਤੇਰੇ ਸਾਮ੍ਹਣੇ ਕੀ ਕਹੇ। ਬਾਹਰ ਬੈਠੋ ਮੈਂ ਕਰਦਾਂ ਗੱਲ।"

ਦੋਵੇਂ ਬਾਹਰ ਚਲੇ ਆਏ।

"ਹਾਂ ਕੀ ਨਾਂ ਹੈ ਬੱਚੇ ਤੇਰਾ ?" ਧੀਰੂ ਲਾਰਾ ਦੀ ਪਿੱਠ 'ਤੇ ਹੱਥ ਰੱਖਿਆ। "ਮੇਰੇ ਵੱਲ ਦੇਖ। ਡਰਨ ਦੀ ਲੋੜ ਨਹੀਂ ਕਿਸੇ ਤੋਂ। ਔਰ ਦੂਜੀ ਗੱਲ ਇਸ ਗੱਲ ਨੂੰ ਬਹੁਤਾ ਸੀਰੀਅਸ ਲੈਣ ਦੀ ਵੀ ਲੋੜ ਨਹੀਂ। ਕਿਉਂਕਿ ਇਹ ਕੋਈ ਅਨੋਖੀ ਗੱਲ ਨਹੀਂ ਹੋਈ। ਹਾਂ ਤੇਰੇ ਨਾਲ ਜ਼ਰਾ ਪਹਿਲਾਂ ਹੋ ਗਈ। ਤੇਰੀ ਮਰਜ਼ੀ ਤੋਂ ਉਲਟ ਹੋ ਗਈ। ਬਸ ਐਨੀ



ਗੱਲ ਐ ਨਾ ?"

ਕੁੜੀ ਚੁੱਪ ਦੇਖ ਧੀਰੂ ਖਿਝਿਆ।

"ਦੇਖ ਕੁੜੀਏ, ਦੂਜੀ ਵਾਰ ਤਾਂ ਮੈਂ ਪਿਉ ਨੂੰ ਨਹੀਂ ਪੁੱਛਦਾ। ਕੁੜੀ ਦੀ ਉਤਨਾਂ ਚਿਰ ਚੱਲਦੀ ਹੈ ਜਿਤਨਾ ਚਿਰ ਉਹਦੇ ਪੱਤੇ ਲੁੱਕੇ ਰਹਿਣ। ਹੁਣ ਤੇਰੇ ਪੱਤੇ ਹੋ ਗਏ ਨੰਗੇ। ਹੁਣ ਸਰਾਂ ਬਣਾ ਰੱਜ ਕੇ। ਇਨਜਾਇ ਕਰ ਲਾਈਫ਼। ਤੂੰ ਮਾਡਰਨ ਕੁੜੀ ਐ ਤਾਂ ਕਹਿ ਰਿਹਾਂ। ਤੂੰ ਸਾਰੀ ਗੱਲ ਦੀ ਪੰਜਾਬੀ ਦੱਸ, ਆਪਾਂ ਸਾਲੇ ਦਾ ਸਵੇਰੇ ਲਾਹ ਦਿੰਨੇ ਆਂ ਤਾਂਗਾ ਸੜਕ ਤੋਂ।"

ਤਦੇ ਧੀਰੂ ਭਾਈ ਨੂੰ ਕਿਤੋਂ ਫੋਨ ਆ ਗਿਆ।

ਪਰਤਿਆ ਤਾਂ ਕਿਹਾ। "ਉੱਠ !...ਆਊਟ।" ਧੀਰੂ ਭਾਈ ਉਂਗਲ ਤਣੀ।

ਲਾਰਾ ਜਿਵੇਂ ਹੀ ਡੁਸਕਦੀ ਬਾਹਰ ਆਈ। ਨੀਰੂ ਅਤੇ ਬਿਸ਼ੂ ਘਾਬਰ ਕੇ ਅੰਦਰ ਗਏ।

"ਜੀ ਕੀ ਹੋਇਆ ?"

"ਹੋਇਐ ਸੁਆਹ ਤੇ ਖੇਹ। ਕੁੜੀ ਕੀ-ਕੀ ਕਰਦੀ ਫਿਰਦੀ ਐ ਬਾਹਰ ਪਤੈ ?"

"ਜੀ...।" ਨੀਰੂ ਕੁਝ ਕਹਿਣਾ ਚਾਹਿਆ।

"ਗੱਲ ਸੁਣੋ ਮੇਰੀ। ਜਾਂ ਤਾਂ ਮੇਰੇ ਕੋਲ ਆਉਣਾ ਨਹੀਂ ਸੀ। ਆਏ ਹੋ ਤਾਂ ਕੰਨ ਖੋਲ੍ਹ ਕੇ ਸੁਣੋ। ਠੀਕ ਹੋਇਆ ਜਾਂ ਗ਼ਲਤ ਹੁਣ ਮੇਰਾ ਮਸਲੈ। ਔਰ ਤੂੰ ਲੀਡਰੀ ਦੀ ਚੁਸਤੀ ਨਾ ਕਰੀਂ। ਦੇਖਦਾਂ ਕਿੱਦਾਂ ਨਹੀਂ ਸੁਣਦੀ ਪੁਲਿਸ। ਸਿੱਧੇ ਘਰ ਜਾਓ। ਮੇਰੇ ਤੋਂ ਬਿਨਾਂ ਇਕ ਕਦਮ ਨਹੀਂ ਪੁੱਟਣਾ ਤੁਸੀਂ। ਮੈਂ ਕਰਾਊਂ ਮੁਆਇਨਾ। ਸਮਝੇ ? ਜੇ ਹੋਰ ਕੁੱਤੇ-ਝਾਕ ਰੱਖਣੀ ਐ ਤਾਂ ਹੁਣੇ ਦਸ ਦਿਉ।"

ਤਿੰਨੇ ਰੀਂਘਦੇ ਹੋਏ ਪਰਤ ਆਏ।...

## ਦ੍ਰਿਸ਼ 7

ਘਰ ਵੜਦੇ ਨੀਰੂ ਦੱਬ ਰੋਈ। ਮਾਂ ਵੱਲ ਦੇਖ ਲਾਰਾ ਵੀ ਰੋਣ ਲੱਗੀ। ਬਿਸ਼ੰਬਰ ਚਾਹੁਣ ਤੇ ਵੀ ਮੰਡੀ ਨਾ ਗਿਆ ਅਤੇ ਸੋਚਾਂ ਵਿਚ ਡੁੱਬ ਗਿਆ। ਨੀਰੂ ਇਤਨਾਂ ਛਟਪਟਾਈ; ਹਮੇਸ਼ਾਂ ਸਿਰ ਤੇ ਰਹਿਣ ਵਾਲੀਆਂ ਐਨਕਾਂ ਪਰੇ ਵਗਾਹ ਮਾਰੀਆਂ। ਗਲ ਦੁਆਲੇ ਪਾਈਆਂ ਮਾਲਾ ਤੋੜ ਸੁੱਟੀਆਂ। ਪਾਗਲਾਂ ਵਾਂਗ ਅਲਮਾਰੀ ਦੇ ਕੱਪੜੇ ਪਲਟਣ ਲੱਗੀ। ਜੀਅ ਕੀਤਾ ਮੋਢਿਆਂ ਤੋਂ ਕੱਟ; ਅੱਗੋਂ ਪਿੱਛੋਂ ਲੋਅ-ਕੱਟ। ਪਾਰਦਰਸ਼ੀ ਜੰਪਰ। ਹਾਈ ਹੀਲ ਸੈਂਡਲ ਤੇ ਮੇਕਅਪ ਦੇ ਸਮਾਨ ਨੂੰ ਕਿਧਰੇ ਦੂਰ ਸੁੱਟ ਆਵੇ।

ਪਾਗਲਾਂ ਵਾਂਗ ਕਲਪ ਰਹੀ ਸੀ ਜਾਂ ਗੁਆਂਢੀ ਆ ਗਏ। ਮਹਿਤਾ, ਸ਼ਰਮਾਂ, ਪੰਡਤਾਣੀ, ਗੰਗੀ ਫੈਜਣ, ਬਿਊਟੀਪਾਰਲਰ ਵਾਲੀ ਪੂਜਾ ਅਤੇ ਆਟੋ-ਰਿਕਸ਼ਾ ਵਾਲਾ ਦੀਪੂ। ਸਭ ਦਾ ਇਕੋ ਸਵਾਲ। ਕੀ ਬਣਿਆ। ਬੰਦੇ ਫੜੇ ਗਏ ਕਿ ਨਹੀਂ। ਤੇ ਬਿਆਨ ?

ਨੀਰੂ ਚੁੱਪ। ਤਦੇ ਸੁਧਾ ਆ ਗਈ।

"ਹੁਣੇ ਤੁਰ ਤੇ ਚੱਲ ਦੱਤਾ ਨੂੰ ਮਿਲੀਏ।" ਸੁਧਾ ਕਿਹਾ।

"ਕੇਸ ਕਿਉਂ ਨਹੀਂ ਦਰਜ ਹੋਇਆ?" ਗੁਆਂਢੀ ਤਲਖ਼ ਸਨ।

ਇਸ ਵਾਰ ਸੁਧਾ ਨੇ ਹੱਥ ਜੋੜੇ, "ਇਕ ਵਾਰ ਮੈਨੂੰ ਕੋਸ਼ਿਸ਼ ਕਰ ਲੈਣ ਦਿਉ।"

ਥੋੜ੍ਹੀ ਦੇਰ ਬਾਦ ਨੀਰੂ ਅਤੇ ਸੁਧਾ ਦੱਤਾ ਦੇ ਸਾਮ੍ਹਣੇ ਸਨ।

"ਯੇਹ ਕਉਨ?" ਦੱਤਾ ਕਿਹਾ।

"ਵਾਕਿਫ਼ ਹੈ ਸਰ !"

"ਕਈਸੇ?"

"ਵਿਮੈਨ ਸੈੱਲ ਮੇ ਮਿਲਤੇ ਹੈਂ ਕਭੀ ਕਭਾਰ।"

"ਇਧਰ ਕਾਹੇ ਕੂ ਆਯਾ?"

"ਕੇਸ ਹੈ ਸਰ !"

"ਕਈਸਾ?"

"ਰੇਪ ਹੋ ਗਿਆ ਇਨਕੀ ਲੜਕੀ ਕਾ।"

"ਬਾਲਗ ਹੈ?"

"ਜੀ !"

"ਤੋ?"

"ਸਰ ਐਫ਼ ਆਈ ਆਰ ਕੇ ਲੀਏ ਹੈਲਪ ਚਾਹੀਏ।"

"ਇਤਨਾ ਕੇ ਲੀਏ ਤੂ ਹੈ ਨਾ...!"

"ਸਰ ਕੇਸ ਆਪ ਹੈਂਡਲ ਕੀਜੀਏ !"

"ਫ਼ੀਸ ਕਾ ਬੋਲਾ?"

ਅਵੇਸ਼ ਵਿਚ ਉੱਠਦੀ ਨੀਰੂ ਦੱਤਾ ਦੇ ਪੈਰ ਫੜੇ।

"ਅਰੇ ਕਿਆ ਕਰ ਰਹੀ ਹੈਂ ਆਪ? ਆਈਸਾ ਹੈ ਤੋਂ ਭਗਵਾਨ ਕੇ ਪਾਸ ਜਾਈਏ। ਇਧਰ ਕਾਹੇ ਕੂ ਆਇਆ। ਅਰੇ ਬਾਬਾ ਸਮਝਾਅ ਇਸ ਕੂ।"

ਸੁਧਾ ਨੀਰੂ ਨੂੰ ਰੋਕਿਆ।

"ਸਰ ਲੜਕੀ ਬਹੁਤ ਨਰਵਸ ਹੈ। ਬੋਲ ਨਹੀਂ ਪਾ ਰਹੀ। ਸਟੇਟਮੈਂਟ ਕੇ ਲੀਏ ਹੈਲਪ ਚਾਹੀਏ ਆਪ ਕਾ।"

"ਅਸਾਈਨਮੈਂਟ ਕਾ ਪੇਮਿਟ ਕਰੋ ਤੋਂ ਡੀਟੇਲ ਲਿਖੋ। ਔਰ ਪੂਛੋ ਫਸਾਨਾ ਕਿਸ ਕੂ ਹੈ?"

"ਸਰ ਜੈਨੂਅਨ ਰੇਪਿਸਟ ਕੋ।"

"ਬੀਚ ਮੇਂ ਕੋਈ ਆਸ਼ਕ ਵਾਸ਼ਿਕ ਕਾ ਲਫੜਾ ਤੋ ਨਹੀਂ?"

"ਨੋ ਸਰ !"



"ਸੁਧਾ ਗ਼ਲਤ ਬੰਦਾ ਨਾ ਫਸੇ। ਆਹ ਦੇਖ।" ਨੀਰੂ ਹੱਥ ਜੋੜੇ।

"ਕਿਆ ਬੋਲਾ?"

"ਸਰ ਵੁਹੀ ਜੈਨੂਅਨ ਵਾਲੀ ਬਾਤ।"

"ਅਰੇ ਬਾਬਾ ਬੜਾ ਇਸਕੂ, ਦੱਤਾ ਹੂੰ ਮੈਂ। ਕੂੰਆ ਖ਼ੁਦ ਗਯਾ ਤੋ ਕਿਸੀ ਕੋ ਭੀ ਗਿਰਾ ਦੋ; ਸੂਖਾ ਨਹੀਂ ਨਿਕਲਨੇ ਦੂੰਗਾ। ਕਹਾਨੀ ਹੋ ਗਾ ਮੇਰਾ ਮਾਫ਼ਿਕ। ਏਕ ਦਮ ਥ੍ਰਿਲਿੰਗ। ਸਾਲਿਡ।"

"ਦੀਦੀ, ਅਸੀਂ ਝੂਠ ਕਿਉਂ ਬੋਲਾਂਗੇ।"

"ਲੜਕੀ ਮੇਰਾ ਮਾਫ਼ਿਕ ਬੋਲੇ ਤੋ ਚੈਂਸ।"

"ਜੀ ਸਰ !"

ਤਦੇ ਦੱਤਾ ਨੂੰ ਫੋਨ ਆ ਗਿਆ।

"ਦੀਦੀ ਮੈਂ ਸਮਝੀ ਨਹੀਂ।"

"ਨੀਰੂ, ਸਰ ਕੇਸ ਨੂੰ ਆਪਣੇ ਹਿਸਾਬ ਸ਼ੇਪ ਦਿੰਦੇ ਨੇ।"

"ਕਿਉਂ?"

"ਜਰਾ ਸੋਚ, ਜੋ ਹੋਇਆ ਆਪਾਂ ਦੇਖਿਆ?"

"ਨਹੀਂ।"

"ਫਿਰ ਅਦਾਲਤ ਤਾਂ ਉਹੀ ਦੇਖੂ ਜੋ ਆਪਾਂ ਦਿਖਾਵਾਂਗੇ।"

ਤਦੇ ਦੱਤਾ ਆਇਆ।

"ਬੇਬੀ ਮੈਂ ਯੇਹ ਕੇਸ ਨਹੀਂ ਲੇਗਾ।"

"ਸਰ ਕਿਉਂ?"

"ਨੋ ਬੋਲਾ, ਤੋ ਨੋ !"... ਦੱਤੇ ਪੈਰ ਪਟਕਿਆ।

## ਦ੍ਰਿਸ਼ 8

ਸੁਧਾ ਦੰਗ ਰਹਿ ਗਈ। ਦੱਤਾ ਦੀ ਨਾਂਹ ਧੁਰ ਅੰਦਰ ਕਿਤੇ ਬਰਛੀ ਵਾਂਗ ਉੱਤਰੀ। ਕਾਫ਼ੀ ਦੇਰ ਬਾਦ ਬੋਲੀ।

"ਮਸਲਾ ਗੰਭੀਰ ਲੱਗ ਰਿਹੈ ਨੀਰੂ।"

"ਕਿਉਂ?"

"ਲੜਾਈ ਵੱਡੀ ਲੱਗ ਰਹੀ ਏ ਮੈਨੂੰ।"

"ਸੁਧਾ ਕੀ ਕਹਿ ਰਹੀ ਏਂ ਤੂੰ?"

"ਜ਼ਰਾ ਸੋਚ, ਸਰ ਨੂੰ ਫੋਨ ਆਇਆ। ਇਕ ਦਮ ਮੁੱਕਰ ਗਿਆ। ਇਸ ਦਾ ਮਤਲਬ ਕੋਈ ਵਾਲੇ ਕਰ ਰਿਹੈ ਤੈਨੂੰ 'ਤੇ ਮੈਨੂੰ।"

"ਹੈਂ !" ਨੀਰੂ ਦਹਿਲ ਗਈ।

"ਸੋ ਪ੍ਰਜ਼ੈਂਟ ਕੋਈ ਤਕੜਾ ਬੰਦਾ ਇਨਵਾਲਵ ਹੈ ਕੇਸ 'ਚ। ਔਰ ਇਕ ਗੱਲ

ਹੋਰ ਸਮਝ ਵਿਚ ਆ ਰਹੀ ਏ ਮੇਰੇ।"

"ਕੀ ?"

"ਜਾਂ ਤਾਂ ਇਸ ਗੱਲ 'ਤੇ ਇੱਥੇ ਹੀ ਮਿੱਟੀ ਪਾ। ਜਾਂ ਆਰ-ਪਾਰ ਦਾ ਸੋਚ ਕੇ ਤੁਰ। ਜੇ ਇਕ ਵੇਰ ਨੰਗੇ ਹੋ ਗਏ। ਪਿੱਛੇ ਨਹੀਂ ਮੁੜਿਆ ਜਾਣਾ।"

"ਸੁਧਾ ਡਰਾਅ ਨਾ ਮੈਨੂੰ।"

"ਡਰਾਅ ਨਹੀਂ ਰਹੀ। ਸੱਚ ਕਹਿ ਰਹੀ ਹਾਂ ਮੈਂ। ਕਿਉਂਕਿ ਮੈਂ ਖ਼ੁਦ ਜ਼ਲੀਲ ਹੋਈ ਹਾਂ ਇਸ ਰਾਹ ਤੁਰ ਕੇ।"

"ਤੂੰ ?"

"ਹਾਂ। ਮੇਰੇ ਨਾਲ ਵੀ ਇਹੋ ਕੁਝ ਹੋਇਆ। ਬਾਹਰ ਦੇ ਕੁੱਤਿਆਂ ਮਾਸ ਨੋਚਿਆ, ਅਦਾਲਤਾਂ 'ਚ ਹਜ਼ਾਰਾਂ ਸਾਮ੍ਹਣੇ ਨੰਗਾ ਹੋਣਾ ਪਿਆ। ਕਿੱਸੇ ਛਪੇ। ਸੁਧਾ ਕੇਸ। ਇਸ ਲਈ ਕਿਹਾ, ਹੁਣ ਸੋਚ ਲੈ। ਦੱਤਾ ਹਟ ਗਿਆ, ਹਟਣ ਦੇ। ਮੈਂ ਖੜਾਂਗੀ ਤੇਰੇ ਨਾਲ।"

ਨੀਰੂ ਪਰਤ ਆਈ। ਪਰ ਮੋਇਆ ਵਜੂਦ ਲੈ ਕੇ। ਉਹਨੂੰ ਲੱਗਾ, ਜੇ ਸੁਧਾ ਜ਼ਲੀਲ ਹੋ ਸਕਦੀ ਹੈ ਤਾਂ ਉਹ ਕੀਹਦੀ ਪਾਣੀਹਾਰ ਹੈ ? ਅਹਿਸਾਸ ਹੋਇਆ, ਧੀ ਨੂੰ ਜੰਮਣ ਤੋਂ ਵੱਧ, ਹਾਦਸਿਆਂ ਦੀ ਪੀੜਾ ਦੁਖਦਾਈ ਸੀ। ਰਹਿ ਰਹਿ ਕਿ ਉਹਦੇ ਮਨ ਵਿਚ ਆਇਆ, ਬਿਸ਼ੰਬਰ, ਜਿਸਨੂੰ ਉਸ ਕਦੇ ਫਿਟੇ ਮੂੰਹ ਨਹੀਂ ਸੀ ਕਿਹਾ, ਕਦਾਚਿਤ ਨਾਲ ਨਹੀਂ ਤੁਰੇਗਾ। ਘਰ ਆਉਣ ਤਕ ਉਹ ਮਨ ਹੀ ਮਨ ਕਈ ਵਾਰ ਰੋਈ। ਪਹਿਲੀ ਵੇਰ ਲੱਗਾ ਉਹ ਕਿਤਨੀ ਇਕੱਲੀ ਅਤੇ ਬੇ-ਸਹਾਰਾ ਸੀ।

ਨੀਰੂ ਨੂੰ ਨੀਵੀਂ ਪਾਈ ਦੇਖ, ਬਿਸ਼ੂ ਤੜਪ ਉੱਠਿਆ। ਇਸ ਤੀਵੀਂ ਉਸਨੂੰ ਕਿਸ ਕੰਗਾਰ ਤੇ ਲਿਆ ਖੜ੍ਹਾ ਕੀਤਾ। ਉਹ ਨੀਰੂ ਪ੍ਰਤਿ ਤਿਰਸਕਾਰ ਨਾਲ ਭਰ ਗਿਆ। ਦਿਲ ਕੀਤਾ ਪੁੱਛੇ, ਕਿੱਥੇ ਗਈ ਤੇਰੀ ਹੈਂਕੜ ? ਪਰ ਚੁੱਪ ਰਿਹਾ।

ਉਚਾਟ ਮਨ ਨੀਰੂ ਕਈ ਵੇਰ ਬਿਸ਼ੂ ਦੀ ਕੋਠੜੀ ਵੱਲ ਗਈ। ਪੁੱਛਣਾ ਚਾਹਿਆ, ਉਹ ਕੀ ਕਰੇ ? ਪਰ ਹੀਆ ਨਾ ਪਿਆ। ਥੋੜ੍ਹੀ ਦੇਰ ਬਾਦ ਉਸ ਬਿਸ਼ੂ ਨੂੰ ਦੋ ਜੇਬੀ ਕਛੂਹੇ, ਗਲ ਕੁਰਤਾ ਅਤੇ ਤੇੜ ਧੋਤੀ ਬੰਨ੍ਹਦੇ ਦੇਖਿਆ ਤਾਂ ਲਾਰਾ ਨੂੰ ਪੁੱਛਿਆ।

"ਕਿੱਧਰ ਜਾ ਰਿਹੈ ਤੇਰਾ ਤਾਇਆ ?"

"ਪਤਾ ਨਹੀਂ।"

"ਮੇਰੇ ਪਿੱਛੋਂ ਬੋਲਿਆ ਤੇਰੇ ਨਾਲ ?"

"ਹਾਂ।"

"ਕੀ ਕਿਹਾ ?"

"ਰੋਈ ਗਿਆ।"

"ਕਿਉਂ ?"

"ਪਤਾ ਨਹੀਂ।"



"ਜਾਹ ਕਹਿ ਦੇ ਕਿਤੇ ਨਹੀਂ ਜਾਣਾ।"

"ਨਹੀਂ ਰੁਕੇਗਾ ਮੰਮੀ।"

"ਕਿਉਂ ?"

"ਉਹ ਤੇਰੇ ਵਰਗਾ ਨਹੀਂ ਮੰਮੀ।"

ਨੀਰੂ ਧੀ ਵੱਲ ਵੇਖਦੀ ਰਹਿ ਗਈ।...

## ਦ੍ਰਿਸ਼ 9

ਨੇਤਾ ਗਿਰਧਾਰੀ। ਭਲਵਾਨੀ ਦੇਹ। ਮੱਥੇ ਤਿਲਕ। ਲੰਮਾ ਚੋਲਾ। ਗੁੱਟ ਅਤੇ ਗਲੇ ਪੁਰ ਰੁਦਰਾਕਸ਼ ਦੀਆਂ ਮਾਲਾ। ਐਨਕ। ਨਗਦਾਰ ਛਾਪਾਂ। ਕਥੱਈ ਦੰਦ। ਅਰਾਮ ਕੁਰਸੀ ਵਿਚ ਫੈਲੀ ਦੇਹ। ਲਾਪਰੀ ਦਾੜ੍ਹੀ। ਲੱਗਿਆ ਦਰਬਾਰ। ਗਿਰਧਾਰੀ ਦੋ ਦਿਨਾਂ ਬਾਦ ਸ਼ਹਿਰ ਵਿਚ ਪਰਤਿਆ ਸੀ ਅਤੇ ਪਾਰਟੀ ਬਾਰੇ ਸਭ ਠੀਕ-ਠਾਕ ਦੀ ਹਵਾ ਸੁਣ ਕੇ ਹਟਿਆ ਸੀ।

ਤਦੇ ਕਾਲੀਆ ਆਇਆ ਅਤੇ ਹਲਕਾ ਜਿਹਾ ਨਿਵ ਕੇ ਪਰ੍ਹੇ ਜਾ ਖੜ੍ਹਾ।

"ਕਿਆ ਹੁਆ ਰੇ ?"

"ਕੁੱਛ ਨਹੀਂ।"

"ਕੁੱਛ ਨਈਂ ਤੋ ਥੋਬੜਾ ਮੱਤ ਲਟਕਾਓ। ਜਾਓ ਯਹਾਂ ਸੇ।"

"ਕਹਾਂ ਜਾਏਂ ? ਕੋਈ ਵੁੱਕਤ ਹੈ ਹਮਾਰੀ ?"

"ਕਿਆ ਹੁਆ ?"

"ਸਾਲਾ ਏਕ ਰਪਟ ਨਹੀਂ ਲਿਖਵਾ ਸਕਤੇ ਹਮ।"

"ਅਰੇ ਸੀਧਾ ਬਕ।"

"ਕਿਆ ਬਕੇਂ ਸਾਲਾ ਕਲੇਜਾ ਫਟ ਗਯਾ ਹਮਾਰਾ।"

"ਕਈਸਾ ਕਰੇਜਾ ?"

"ਕੱਲ੍ਹ ਮੇਰੀ ਹੀ ਜਾਤ ਮੇਂ, ਰੇਪ ਹੁਆ ਸਾਲਾ। ਅਉ ਬੱਤਰਾ ਏਕ ਰਪਟ ਨਹੀਂ ਲਿਖਾ ਸਕਾ ਥਾਨੇ। ਅਰੇ ਰਪਟ ਤੋ ਦੂਰ, ਬੈਠਨੇ ਤਕ ਕੋ ਲੀਏ ਨਹੀਂ ਕਹਾ ਦਰੋਗਾ।"

"ਕਿਸ ਕਾ ਰੇਪ ਹੁਆ ?" ਗਿਰਧਾਰੀ ਤ੍ਰਭਕਿਆ।

"ਹੈ ਏਕ ਹਮਾਰੀ ਜਾਤ ਕਾ ਬਿਸ਼ੰਬਰ। ਚਾਏ ਬੇਚਤਾ ਹੈ ਮੰਡੀ ਮੇਂ।"

"ਦਲਿਤ ਹੈ ?"

"ਹਾਂ। ਜਾਨਤੇ ਤੋ ਹੋ ਤੁਮ, ਖ਼ੈਖਾ ਕੇ ਲੀਏ ਲਗਾਏ ਧਰਨੇ ਵਾਲਾ।"

"ਅਰੇ ਉਸ ਕੁ ਛੋੜ। ਰੇਪ ਕਿਸਕਾ ਹੁਆ ?"

"ਉਸੀ ਕੀ ਲੜਕੀ ਕਾ।"

"ਕਿਆ ਨਾਮ ਬੋਲਾ ?"

"ਬਿਸ਼ੰਬਰ !"
"ਲੜਕੀ ਉਸਕੀ ਹੈ ?"
"ਭਾਈ ਕੀ ਹੈ, ਲੇਕਿਨ ਭਾਈ ਨਹੀਂ ਹੈ।"
"ਪੱਕਾ ਇੱਜਤ ਲੁਟਾ ?"
"ਕਿਆ ਦਾਦਾ।"
"ਅਊ ਬੱਤਰਾ ਸਾਲਾ ਥਾਨਾਂ ਲੇ ਗਯਾ ? ਜਾਨਤੇ ਹੁਏ ਭੀ ਕਿ ਲਫੜਾ ਤੇਰੇ, ਯਨੀ ਧੀਰੂ ਕੇ ਏਰੀਏ ਮੇਂ ਹੁਆ।"
"ਇਸਮੇ ਕਿਆ ਦਾਦਾ।"
"ਅਰੇ ਮਰ ਗਯਾ ਸਾਲਾ ਦਾਦਾ। ਇਸੀ ਲੀਏ ਤੋ ਅਪੋਜੀਸਨ ਮੇਂ ਪੜਾ ਹੂੰ। ਸਾਲੀ ਇਤਨੀ ਸੀ ਬਾਤ ਨਹੀਂ ਘੁਸਤੀ ਭੇਜੇ ਮੇਂ।"
"ਦਾਦਾ ਸਮਝਾ ਨਹੀਂ ਮੈਂ।"
"ਅਰੇ ਬੇਵਕੂਫ ਵੋਹ ਲੜਕੀ ਕਾਮਧੇਨੂ ਥੀ ਹਮਾਰੇ ਲੀਏ। ਜੋ ਚਾਹਤੇ ਮਿਲਤਾ। ਲੇਕਿਨ ਵੋਹ ਸਾਲਾ ਬੱਤਰਾ ! ਇਸੀ ਲੀਏ ਤੋ ਸੜ ਰਹਾ ਹੂੰ ਅਪੋਜੀਸ਼ਨ ਮੇਂ।"
"ਲੇਕਿਨ ਬੱਤਰਾ ਨੇ ਕਿਆ ਕੀਆ ?"
"ਅਬ ਯੇਹ ਭੀ ਮੈਂ ਹੀ ਬਤਾਊਂ ?"
"ਅਬ ਪੱਲੇ ਨਹੀਂ ਪੜਾ ਤੋ ਕਿਆ ਕਰੇਂ।"
"ਚਲ ਬਤਾਅ, ਰੇਪ ਤੇਰੇ ਮਹੱਲੇ ਕੀ ਲੜਕੀ ਕਾ ਹੁਆ ?"
"ਬਰੋਬਰ।"
"ਲੜਕੀ ਦਲਿਤ ਥੀ ?"
"ਹਾਂ।"
"ਏਰੀਆ ਧੀਰੂ ਕਾ ?"
"ਹਾਂ।"
"ਬੱਤਰਾ ਬਾਤ ਥਾਨੇ ਲੇ ਗਯਾ ?"
"ਤੋ ਕਿਆ ਕਰਤਾ ?"
"ਚੁੱਲੂ ਭਰ ਪਾਨੀ ਮੇਂ ਡੂਬ ਮਰਤਾ।"
ਕਾਲੀਆ ਗਿਰਧਾਰੀ ਦੇ ਮੂੰਹ ਵੱਲ ਦੇਖਦਾ ਰਹਿ ਗਿਆ।
"ਇਤਨਾਂ ਭੀ ਨਹੀਂ ਸੋਚਾ ਕਿਤਨਾ ਦਲਿਤ ਵੋਟ ਹੈ ਹਮਾਰਾ।"
"ਅਰੇ ਬਾਪ ਰੇ...।" ਕਾਲੀਏ ਮੱਥਾ ਪਟਕਿਆ।
"ਅਰੇ ਬਾਰੂਦ ਥਾ ਉਸਕੇ ਪਾਸ। ਯੂੰ (ਚੁਟਕੀ ਵਜਾਉਂਦੇ) ਜਲਾਅ ਕੇ ਰਾਖ ਕਰ ਦੇਤਾ, ਧੀਰੂ ਕੋ।"
"ਵੋਹ ਕੈਸੇ ਦਾਦਾ !"



"ਇਸ ਬਾਤ ਕੋ ਆਗ ਕੀ ਤਰ੍ਹੇਂ ਫੇਂਕਤੇ ਦਲਿਤ ਬਸਤੀਉਂ ਮੇਂ... ਔਰ ਹਵਾ ਦੇਤੇ। ਜਾਤੀ। ਇੱਜਤ। ਆਗ ਉਠਤੀ ਬਸਤੀਉ ਮੇ ਸੇ। ਲੋਗ ਸੜਕੋਂ ਪਰ ਆਤੇ। ਸੜਕੇਂ ਰੁਕਤੀ। ਏਕ ਲਾਵਾ ਬਨਤਾ ਬਲਾਤਕਾਰ। ਔਰ ਸੱਤਾ। ਸੱਤਾ ਤੋ ਦਸ ਮੋਮਬੱਤੀਉਂ ਸੇ ਜਲ ਉਠਤੀ।"
"ਅਰੇ ਬਾਪ ਰੇ...।" ਕਾਲੀਏ ਜੀਭ ਟੁੱਕੀ।
"ਅਬ ਬਾਕੀ ਛੋੜ। ਸਬ ਵਰਕਰ ਅੰਦਰ ਬੁਲਾਅ।"
ਕੁਝ ਵਰਕਰ ਕਾਹਲੀ ਨਾਲ ਅੰਦਰ ਆਏ। ਗਿਰਧਾਰੀ ਅੱਗ ਉਂਗਲੀ ਅਤੇ ਆਖਿਰ 'ਚ ਕਿਹਾ। "ਅਬ ਹਮਾਰੀ ਬੇਟੀਆਂ ਲੋਗੋਂ ਕੀ ਹਵਸ ਕੇ ਲੀਏ ਹੈਂ ?"
"ਬੋਲੋ ਤੋ ਸ਼ਹਿਰ ਕੋ ਜਲਾਅ ਦੇਂ ?" ਕਿਸੇ ਰੋਹ 'ਚ ਕਿਹਾ।
"ਜਲਾਏਂਗੇ ਬੇਟਾ... ਲੇਕਿਨ ਵਕਤ ਆਨੇ ਪਰ। ਅਭੀ ਸਭ ਵਰਕਰ ਇਕੱਠਾ ਕਰੋ। ਅਊ ਉਸ ਲੜਕੀ ਕਾ ਫੋਟੂ ਨਿਕਾਲੋ। ਔਰ ਅਈਸਾ ਪਲਾਨ ਕਰੋ। ਇਧਰ ਮੇਰੀ ਪ੍ਰੈਸ ਮੀਟਿੰਗ ਹੋ। ਉਧਰ (ਕਿਆ ਨਾਮ ਬੋਲਾ) ਬਿਸ਼ੰਬਰ ਕਾ ਲੜਕੀ ਉਠਾਓ। ਫੋਟੂ ਕੋ ਹਰ ਘਰ ਮੇਂ ਫੇਂਕੋ, ਔ ਨਾਰ੍ਹਾ ਦੋ। ਖ਼ੂਨ ਕੇ ਬਦਲੇ ਖ਼ੂਨ। ਯੂਥ ਕੋ ਗਰਮਾਓ।"
"ਸ਼ਾਮ ਕੋ ਮੀਟਿੰਗ ਬੁਲਾਏਂ ?"
"ਅਰੇ ਅੱਭੀ ਕਾ ਅੱਭੀ।"
ਕਾਲੀਆ ਜਾਂਦਾ ਜਾਂਦਾ ਰੁਕਿਆ।
"ਦਾਦਾ ਲੜਕੀ ਕਿਉਂ ਉਠਾਏਂ ?"
"ਤੂ ਅਭੀ ਬੱਚਾ ਹੈ ਕਾਲੀਆ। ਤੂ ਦਸ ਬੀਸ ਲੌਂਡੇ ਪਕੜ ਔਰ ਸ਼ਾਮ ਤਕ ਬਾਪ ਬੇਟੀ ਕੋ ਮੇਰੇ ਗੁਦਾਮ ਮੇ ਪੈਕ ਕਰ। ਜਲਦੀ।"
"ਇਤਨਾ ਲੜਕਾ ਕਹਾਂ ਸੇ ਲਾਊਂ ?"
"ਕਹੀਂ ਸੇ ਭੀ। ਭਾੜੇ ਪੇ ਉਠਾਅ।"
"ਗੁਦਾਮ ਮੇ ਕਿਉਂ ?"
"ਪ੍ਰੋਟੈਕਸ਼ਨ ਕੇ ਨਾਮ ਪੇ।"
"ਲੇਕਿਨ ਦਾਦਾ...।"
"ਅਰੇ ਜੈਸੇ ਬੋਲਾ ਵੈਸੇ ਕਰ। ਲੜਕੀ ਮੁੱਠੀ ਮੇਂ ਤੋ ਬਾਜੀ ਹਮਾਰੀ। (ਕੁਝ ਪੈਸੇ ਦਿੰਦਾ ਹੋਇਆ) ਬਾਪ ਕੋ ਬੋਲ ਹਮ ਦਿਲਵਾਏਂਗੇ ਇਨਸਾਫ਼। ਲੇਕਿਨ ਮੀਡੀਏ ਕੋ ਭਨਕ ਨਾ ਪੜੇ।"
ਤਦੇ ਬੱਤਰਾ ਆਇਆ।
"ਕੋਈ ਫਾਇਦਾ ਨਹੀਂ। ਸਭ ਸੁਨ ਲੀਆ ਮੈਨੇ।"
"ਅਰੇ ਕਿਆ ਸੁਨਾ ? ਕੁਛ ਨਹੀਂ। ਦੇਖਨਾ ਅਬ ਕੈਸੇ ਉਠਤਾ ਹੈ ਧੂੰਆ। ਤੁਮ ਨੇ ਤੋ ਚੌਪਟ ਕਰ ਦੀਆ ਥਾ ਸਭ।"

"ਤਾਂ ਇਹਦਾ ਮਤਲਬ ਹਨੇਰੇ 'ਚ ਫਿਰਦੈਂ ਸਾਈਂ ਤੂੰ? ਖੇਡ ਪੜ ਗਈ ਉਧਰ।"

"ਕਿਆ ਹੁਆ?"

"ਲੜਕੇ ਪਹਿਚਾਨ ਲੀਏ ਲੜਕੀ ਨੇ।"

"ਕੌਨ थे ਸਾਲੇ?"

"ਸੁਨਾ ਹੈ ਏਕ ਪ੍ਰਾਪਰਟੀ ਡੀਲਰ ਧੰਨਾ ਕਾ ਹੈ, ਔਰ ਏਕ ਕੋਈ ਦੂਸਰਾ।"

"ਧੀਰੂ ਕਾ ਸਾਲਾ ਹੈ ਜੋ ਡੀਲਰ?"

"ਹਾਂ।"

"ਅਰੇ ਵਾਹ! ਯੇਹ ਤੋ ਕਮਾਲ ਹੋ ਗਯਾ।"

"ਛੋੜੋ ਸਾਈਂ; ਧੀਰੂ ਬੱਚਾ ਹੈ ਕਿਆ?"

"ਅਰੇ ਬੱਚਾ ਤੋ ਅਬ ਬਨੇਗਾ ਸਾਲਾ! ਜਬ ਊਂਟ ਪਹਾੜ ਕੇ ਨੀਚੇ ਆਇਆ।"

"ਸਾਂਈ ਨਿਗਲ ਗਯਾ ਪਹਾੜ ਕੋ ਊਂਟ...ਕੋਈ ਔਰਤ ਹੈ ਵਕੀਲ, ਉਸਨੇ ਉਠਾਇਆ ਮੁੱਦਾ।"

"ਤੋ ਪ੍ਰਾਪਰਟੀ ਡੀਲਰ ਕੋ ਕਿਉਂ ਲਪੇਟਾ?"

"ਉਸਕੀ ਜੀਪ ਕੂ ਪਹਿਚਾਨਾ ਲੜਕੀ।"

"ਪੱਕਾ!"

"ਕਿਆ ਪੱਕਾ, ਵੋਹ ਸਾਲਾ ਧੀਰੂ...ਕਿਸੀ ਦਲਿਤ ਲੜਕੇਂ ਕੋ ਬਲਾਤਕਾਰੀ ਬਨਾ ਕੇ ਪੇਸ਼ ਕਰ ਦੀਆ ਔਰ ਪੂਰੀ ਬਾਜ਼ੀ ਹੀ ਉਲਟ ਦੀ।"

ਇਕ ਪਲ ਗਿਰਧਾਰੀ ਬੁਝ ਗਿਆ। ਫਿਰ ਉਛਲਿਆ।

"ਬੱਤਰਾ, ਤੂ ਕਿਸੀ ਤਰ੍ਹੇ ਲੜਕੀ ਕੇ ਬਾਪ ਕੋ ਪਟਾਅ।"

"ਨਹੀਂ ਹੋ ਗਾ।"

"ਕਾਹੇ?"

"ਖੇਖਾ ਵਾਲੀ ਯੂਨੀਅਨ ਹੈ ਸਾਥ।"

"ਤੋ ਕਿਆ।"

"ਅਰੇ ਏਕ ਸਾਲ ਸੇ ਊਪਰ ਲਗਾ ਧਰਨਾ ਉਠਾਅ ਲੀਆ ਬਿਸ਼ੰਬਰ ਕੇ ਲੀਏ।"

"ਕਾਹੇ?"

"ਸ਼ੁਰੂ ਮੇਂ ਉਸੀ ਨੇ ਉਠਾਈ ਮਾਂਗ। ਰੇੜ੍ਹੀ ਫੜ੍ਹੀ ਵਾਲੋਂ ਕੇ ਲੀਏ ਬੂਥ ਕੀ। ਅਬ ਲੜਕੀ ਕਾ ਮਾਮਲਾ ਹੁਆ ਤੋ ਆ ਗਏ ਪੀਠ ਪੇ।"

"ਕਿਆ ਕਰੋਂਗੇ ਅਬ?"

"ਕਿਆ ਮਾਲੂਮ, ਲੇਕਿਨ ਮੰਡੀ ਸੇ ਧਰਨਾ ਉਠਾਅ ਕੇ, ਬੈਠ ਗਏ ਧੀਰੂ ਭਾਈ ਕੇ ਦਫ਼ਤਰ ਸਾਮਨੇਂ।"



"ਫੈਕਟਰੀ ਕੇ ਪਾਸ?"

"ਹਾਂ।"

"ਮਾਨੋ ਧੀਰੂ ਤੋ ਗਯਾ।"

"ਕਿਆ ਦਾਦਾ, ਬੇਚਾਰੀ ਲੜਕੀ ਤੋ ਬਰਬਾਦ ਹੋ ਗਈ ਨਾ।"

"ਯਾਰ ਕਿਆ ਲੜਕੀ...ਲੜਕੀ...। ਵੋਹ ਚਾਏ ਵਾਲਾ ਬੈਠੇਗਾ ਧਰਨੇ ਪੇ?"

"ਤੋ?"

ਗਿਰਧਾਰੀ ਉੱਠਿਆ। ਬੱਤਰੇ ਦੇ ਨੇੜੇ ਗਿਆ। ਉਹਦਾ ਹੱਥ ਫੜਿਆ।

"ਕੁਰਸੀ ਚਹੀਏ?"

"ਅਰੇ ਦਾਦਾ..." ਬੱਤਰੇ ਤ੍ਰਭਕ ਕੇ ਗਿਰਧਾਰੀ ਦੀਆਂ ਅੱਖਾਂ 'ਚ ਦੇਖਿਆ।

"ਗੋਲਡਨ ਚਾਂਸ ਹੈ ਬੱਤਰਾ!"

"ਕਿਆ?" ਬੱਤਰਾ ਹੈਰਾਨ।

"ਦੇਖਨਾ ਯੂੰ।" ਗਿਰਧਾਰੀ ਚੁਟਕੀ ਵਜਾਈ।

"ਜਲਾਅ ਦੂੰਗਾ ਪੂਰੀ ਸੱਤਾ ਕੋ।"

"ਲੇਕਿਨ ਕੈਸੇ?" ਬੱਤਰਾ ਹਾਲੇ ਵੀ ਹੈਰਾਨ ਸੀ।

"ਬੱਸ ਆਜ ਰਾਤ...ਕਿਸੀ ਭੀ ਤਰ੍ਹੋਂ। ਵੋਹ ਲੜਕੀ ਕੇ ਬਾਪ ਪਰ, ਧਰਨੇ ਪੇ ਅਟੈਕ ਹੋਨਾ ਚਾਹੀਏ। ਔਰ ਅਟੈਕ ਧੀਰੂ ਭਾਈ ਕੇ ਖਾਤੇ ਮੇਂ।"

ਬੱਤਰਾ ਅਵਾਕ, ਗਿਰਧਾਰੀ ਵੱਲ ਦੇਖਦਾ ਰਹਿ ਗਿਆ।...

## ਦ੍ਰਿਸ਼ 10

ਬਿਸ਼ੰਬਰ ਗੁੱਸੇ ਨਾਲ ਘਰੋਂ ਨਿਕਲਿਆ।...

ਨੀਰੂ ਅਤੇ ਸੁਧਾ ਦੇ ਦੱਤਾ ਵੱਲ ਜਾਣ ਪਿੱਛੋਂ ਜਿਵੇਂ ਹੀ ਲਾਰਾ ਬਿਸ਼ੂ ਗਲ ਚੰਬੜੀ; ਬਿਸ਼ੂ ਦੀਆਂ ਭੁੱਬਾਂ ਨਿਕਲ ਗਈਆਂ। ਲਾਰਾ ਵੀ ਸੁੰਨ ਰਹਿ ਗਈ। ਵੱਡੇ ਪਾਪਾ ਇਤਨੇਂ ਆਪਣੇ ਸਨ? ਮੰਮੀ ਨੇ ਕਦੇ ਨੇੜੇ ਹੀ ਨਹੀਂ ਸੀ ਹੋਣ ਦਿੱਤਾ। ਲਾਰਾ ਵੀ ਆਪੇ ਨੂੰ ਰੋਕ ਨਾ ਸਕੀ ਤੇ ਧਾਹੀਂ ਉੱਤਰ ਆਈ। ਕਮਲੀ ਨਹੀਂ ਸੀ ਜਾਣਦੀ, ਵੇਗ ਮੂੰਹ-ਜ਼ੋਰ ਹੋਣ, ਸ਼ਬਦ ਸਾਥ ਨਾ ਦੇਣ ਤਾਂ ਅੱਥਰੂ ਹੀ ਮਨ ਦੀਆਂ ਮੈਲਾਂ ਧੋ ਸੁੱਟਦੇ ਹਨ।

ਰੋਂਦੇ ਹਫ਼ ਗਏ ਤਾਂ ਬਿਸ਼ੰਬਰ ਉੱਠਿਆ। ਮੂੰਹ ਹੱਥ ਧੋਤਾ। ਲੀੜੇ ਬਦਲੇ। ਲਾਰਾ ਸਿਰ ਪਿਆਰ ਦਿੱਤਾ।

"ਲੈ ਧੀਏ ਜਾਂ ਤਾਂ ਮੁੜਦਾ ਨਹੀਂ। ਮੁੜੂੰ ਤਾਂ ਸਿਰੇ ਲਾ ਕੇ।"

ਘਰੋਂ ਨਿਕਲ ਇਕ ਦਮ ਔਟਲ ਗਿਆ। ਇਕ ਪਲ ਸਮਝ ਨਾ ਆਈ ਕੀ ਕਰੇ? ਮਨ ਹੀ ਮਨ ਦੁੱਖ ਹੋਇਆ। ਸਾਰਾ ਦਿਨ ਤੀਮੀਂ ਪਿੱਛੇ ਐਮੀਂ ਖੁਰ ਵਢਾਉਂਦਾ ਰਿਹਾ। ਮਨ 'ਚ ਅਚਵੀ ਹੋਈ। ਅਖੇ ਪੁਲਿਸ ਮੇਰੀ। ਮੈਂ ਆਹ। ਮੈਂ ਅਹੁ। ਸਾਲਾ ਕੁੱਤਾ ਨੀ ਕਹੇ

ਲੱਗਿਆ। ਧੀ ਡੋਬ ਤੀ ਕੰਜਰਦੀ ਨੇ...।

ਸ਼ਾਮ ਉੱਤਰ ਰਹੀ ਸੀ। ਅੰਦਰ ਦਾਰੂ ਲਈ ਖੋਹ ਪਈ।

ਸੋਚੀਂ ਪਿਆ ਹਾਤੇ 'ਚ ਆ ਬੈਠਾ।

ਦਿਲ 'ਚ ਆਈ, ਹਨੇਰਾ ਪਏ ਤੋਂ ਸਿੱਧਾ ਧਰਨੇ 'ਤੇ ਜਾਏਗਾ। ਕੀ ਪਤਾ ਲੱਖੀ ਪ੍ਰਧਾਨ ਜਾਂ ਧਰਮਾ ਕਿਸੇ ਰਾਹੇ ਪਾ ਦੇਣ।

ਪਊਏ ਨੂੰ ਡੁਕ ਮਾਰ ਜਿਵੇਂ ਹੀ ਉਹ ਨਦੀ ਦਾ ਪੁਲ ਟੱਪਿਆ। ਗੂੜ੍ਹੇ ਹਨੇਰੇ 'ਚ ਕਿਸੇ ਵਾਜ ਮਾਰੀ। ਉਹ ਮੁੜਿਆ।

ਫੜ੍ਹੀ ਵਾਲੇ ਦੀਪੂ ਤੇ ਜਾਗਰ ਸਨ।

"ਜਾਰ ਕਿੱਥੇ ਛੁੱਪ ਗਿਆ ਤੂੰ...ਲੱਭ-ਲੱਭ ਹਫ ਗਏ।"

"ਪਹਿਲਾਂ ਘਰ ਗਏ। ਫਿਰ ਹਾਤੇ ਚੋਂ ਪੈੜ ਦੱਬੀ ਤੇਰੀ।"

ਦੋਵੇਂ ਹਫੇ ਪਏ ਸਨ।

"ਕੀ ਹੋਇਆ ?" ਬਿਸ਼ੂ ਨੂੰ ਫ਼ਿਕਰ ਹੋਇਆ।

"ਹੱਦ ਹੋ ਗਈ। ਯੂਨੀਅਨ ਪੱਬਾਂ ਭਾਰ ਹੋ ਗਈ। ਤੂੰ ਕਹਿਨੈ ਕੀ ਹੋਇਆ ?"

"ਪਰ ਕਾਹਤੋਂ ?"

"ਅੱਗ ਮੱਚ ਗਈ ਬਾਈ ! ਤੇਰੀ ਕੁੜੀ ਤੋਂ।... ਪ੍ਰਧਾਨ ਤਾਂ ਰੋ ਹੀ ਪਿਆ। ਕਹਿੰਦਾ, ਬੂਥਾਂ ਵਾਲਾ ਮਸਲਾ ਫਿਰ ਦੇਖਾਂਗੇ। ਪਹਿਲਾਂ ਧੀਰੂ ਨੂੰ ਦੇਖੋ।"

"ਧੀਰੂ ਨੂੰ ਕਿਉਂ ?"

"ਜਾਰ ਅੰਨ੍ਹੈਂ ਤੂੰ...ਮਾਜਰੀ ਦੇ ਮੁੰਡੇ ਫਸਾਏ ਨ-ਹੱਕੇ ਸਾਲੇ ਨੇ।"

ਬਿਸ਼ੂ ਦਾ ਹਿਰਦਾ ਕੰਬਿਆ। ਉਹਨੂੰ ਲੱਗਾ ਡਿਗ ਪਵੇਗਾ। ਬਿੜਕਦਾ ਜਿਹਾ ਫੁਟਪਾਥ ਦੀ ਬੰਨੀ 'ਤੇ ਹੀ ਬੈਠ ਗਿਆ। ਜਿਸਦਾ ਡਰ ਸੀ, ਉਹੋ ਹੋਇਆ। ਧੀ ਬੱਦੂ ਹੋ ਗਈ।

"ਪਹਿਲਾਂ ਘਰ ਗਏ ਤੇਰੇ। ਫਿਰ ਹਾਤੇ ਚੋਂ ਇੱਧਰ ਆਏ। ਪ੍ਰਧਾਨ ਕਿਹਾ, ਲੱਭ ਛੇਤੀ।"

"ਤੁਸੀਂ ਚੱਲੋ ਆਉਨਾਂ ਮੈਂ।" ਬਿਸ਼ੂ ਬੁਝੇ ਮਨ ਕਿਹਾ।

"ਮੰਡੀ 'ਚ ਨਹੀਂ। ਗੁਦਾਮਾਂ ਕੋਲ ਆਉਣੈ।"

ਬਿਸ਼ੂ ਨੂੰ ਲੱਗਾ, ਯੂਨੀਅਨ ਤੱਕ ਗੱਲ ਗਈ ਤਾਂ ਲੜਾਈ ਆਰ ਪਾਰ ਹੋਊ। ਪਰ ਧੀਰੂ ਨੂੰ ਕਿਉਂ ਲਪੇਟ ਰਹੇ ਸਨ। ਇਹਦੀ ਸਮਝ ਨਹੀਂ ਸੀ ਆ ਰਹੀ।...

ਜਦ ਨੂੰ ਬਿਸ਼ੂ ਅਪੜਿਆ। ਧਰਨਾ ਭਖਿਆ ਪਿਆ ਸੀ।

ਬਹੁਤਿਆਂ ਬਿਸ਼ੂ ਘੇਰਿਆ।

ਪ੍ਰਧਾਨ ਲੱਖੀ ਮੱਚ ਰਿਹਾ ਸੀ।

"ਦੇਖ ਬਿਸ਼ੰਬਰਾ ! ਤੈਂ ਰੇੜ੍ਹੀ-ਫੜ੍ਹੀ ਵਾਲਿਆਂ ਲਈ ਜਾਨ ਹੂਲ ਕੇ ਧਰਨਾਂ ਸ਼ੁਰੂ



ਕੀਤਾ। ਜਦ ਕਿ ਤੇਰੇ ਕੋਲ ਤਾਂ ਬੂਥ ਹੈ ਸੀ। ਤੈਂ ਮੁੱਦਾ ਚੱਕਿਆ, ਬਈ ਸਭ ਰੇੜ੍ਹੀ ਫੜ੍ਹੀ ਵਾਲਿਆਂ ਨੂੰ ਥਾਂ ਦਿਉ ਪੱਕੀ। ਕਿਹਾ ਨਾ ? ਸਾਲ ਤੋਂ ਧਰਨੇ ਤੇ ਬੰਦਿਆਂ ਨੂੰ ਚਾਹ ਪਿਆਈ ਮੁਫ਼ਤ। ਅੱਜ ਭੀੜ ਬਣੀ ਤੋਂ ਸਾਨੂੰ ਹੀ ਭੁੱਲ ਗਿਆ।"

ਬਿਸ਼ੂ ਦਾ ਗਲਾ ਭਰ ਆਇਆ।

"ਕੰਜਕ ਦਾ ਫ਼ਿਕਰ ਸੀ ਬਾਈ।"

"ਕੰਜਕ ਤੇਰੀ ਜ਼ਿਆਦੇ... ਸਾਡੀ ਨੀਂ ? ਇਹ ਤਾਂ ਵਕੀਲਣੀ ਟੱਕਰਗੀ, ਨਹੀਂ ਸਾਨੂੰ ਕੀ ਪਤਾ ਲਗਦਾ ਵਿਚਲੀ ਗੱਲ ਦਾ...। ਓਸ ਕਿਹਾ, ਹਰ ਹਾਲਤ 'ਚ ਧੀਰੂ ਵਿਚ ਐ।"

"ਧੀਰੂ ?"

"ਹਾਂ ਧੀਰੂ ! ਕਹਿੰਦੀ ਸੱਚੇ, ਕੁੜੀ ਪਹਿਲਾਂ ਲੰਡੀ ਜੀਪ ਤੋਂ ਡਰੀ। ਜੀਪ ਧੀਰੂ ਦੇ ਸਾਲੇ ਦੀ। ਫਿਰ ਤੁਸੀਂ ਗਏ, ਤੁਹਾਨੂੰ ਟਰਕਾਅ ਦਿੱਤਾ, ਅਖੇ ਮੈਤੋਂ ਬਿਨਾ ਨਾ ਤੁਰਿਉ। ਦੱਤੇ ਕੋਲ ਗਈਆਂ ਉਹਨੂੰ ਫੋਨ ਆ ਗਿਆ। ਉਹ ਯਰਕ ਗਿਆ। ਦੱਸ ਧੀਰੂ ਨੂੰ ਕਿਵੇਂ ਕੱਢੇਂਗਾ ਬਾਹਰ ?"

"ਤੁਸੀਂ ਮੰਡੀ 'ਚੋਂ ਧਰਨਾ ਨਾ ਸੀ ਚੱਕਣਾ।"

"ਜਾਰ ਕੈਸਾ ਬੰਦੈਂ ਤੂੰ ? ਧਰਨਾ ਦਿੱਸ ਗਿਆ, ਰਪਟ ਨਹੀਂ ਦਿੱਸੀ। ਨੇਤਾ ਖਿਸਕ ਗਿਆ। ਵਕੀਲ ਖਿਸਕ ਗਿਆ। ਧੀ ਲੁੱਟੀ ਗਈ, ਉਹ ਨਹੀਂ ਦਿੱਸੀ। ਧਰਨਾਂ ਦਿੱਸ ਗਿਆ ?"

ਬਿਸ਼ੂ ਨੂੰ ਸਚਮੁਚ ਧੁਰ ਅੰਦਰ ਕਿਤੇ ਪੀੜ ਹੋਈ। ਇਹ ਸਾਜਿਸ਼ ਉਹਨੂੰ ਕਿਉਂ ਨਾ ਸਮਝ ਆਈ ? ਸ਼ਮਿਆਨੇ ਤੋਂ ਪਰੇ ਵਰਕਰਾਂ ਦਾ ਹਜ਼ੂਮ ਸੀ। ਰੇੜ੍ਹੀ ਫੜ੍ਹੀ ਵਾਲੇ ਅਤੇ ਹੋਰ ਕਈ। ਹਨੇਰੇ ਕਾਰਨ ਬੜਾ ਡਰਾਉਣਾ ਦਿਸ ਸੀ।

"ਸਾਥੀਓ ! ਇਨਸਾਫ਼ ਮਿਲਣ ਤੱਕ ਪੰਜ ਬੰਦਿਆਂ ਦੀ ਹਾਜ਼ਰੀ ਵਾਲੀ ਚੇਨ ਰਹੇਗੀ।" ਧਰਮਾਂ ਚੀਖ ਰਿਹਾ ਸੀ।

ਬਿਸ਼ੂ ਨੂੰ ਹੌਲੀ-ਹੌਲੀ ਧੁੰਦ ਸਾਫ਼ ਹੁੰਦੀ ਦਿਖਾਈ ਦਿੱਤੀ। ਇਸ ਹਿਸਾਬ ਤਾਂ ਵਕੀਲ ਸਿਆਣੀ ਨਿਕਲੀ।

ਯੂਨੀਅਨ ਲਈ ਬਿਸ਼ੰਬਰ ਦੇ ਮਨ 'ਚ ਅੱਥਰੂ ਉਮਡ ਆਏ।

ਇਕ ਵੇਰ ਲਾਰਾ ਨੂੰ ਮਿਲ ਆਉਣ ਦੀ ਤਲਬ ਉੱਠੀ।

ਸਾਲ ਪਹਿਲਾਂ ਜਦੋਂ ਉਸ ਕਿਸ਼ਤਾਂ 'ਤੇ ਬੂਥ ਖਰੀਦਿਆ ਸੀ ਤਾਂ ਕਮੇਟੀ ਨੇ ਉਹਦੇ ਮਰ ਗਏ ਪਿਉ ਦੇ ਮੂੰਹ ਨੂੰ ਬੂਥ ਕਿਸ਼ਤਾਂ ਤੇ ਦੇ ਦਿੱਤਾ ਸੀ। ਬਿਸ਼ੂ ਦੂਜੇ ਫੜ੍ਹੀ ਵਾਲਿਆਂ ਲਈ ਵੀ ਕਿਸ਼ਤਾਂ ਦੀ ਮੰਗ ਕੀਤੀ ਤਾਂ ਕਮੇਟੀ ਅੜ ਗਈ। ਪੈਸੇ ਨਕਦ। ਮੰਗ ਧਰਨੇ 'ਚ ਬਦਲ ਗਈ।

ਧਰਨੇ 'ਚ ਕਈ ਉਤਰਾਅ-ਚੜ੍ਹਾਅ ਆਏ। ਪਰ ਗੱਲ ਸਿਰੇ ਨਾ ਲੱਗੀ।

ਅੱਜ ਉਹਦੀ ਧੀ ਬਦਲੇ ਧਰਨਾ ਹੀ ਦਾਅ 'ਤੇ ਲਾਅ ਦਿੱਤਾ। ਉਹ ਪ੍ਰਧਾਨ ਲੱਖੀ ਤੇ ਧਰਮੇ ਸੈਕਟਰੀ ਲਈ ਕਿਰਤੱਗਤਾ ਨਾਲ ਭਰ ਗਿਆ।

ਘਰ ਆਇਆ ਤਾਂ ਦੰਗ ਰਹਿ ਗਿਆ।

ਲੱਗਾ ਕਿਸੇ ਦੂਜੇ ਦੇ ਘਰ ਆ ਗਿਆ।

ਨੀਰੂ ਨੀਵੀਂ ਪਾਈ ਪਹਿਲੀ ਵੇਰ ਉਸਦੇ ਇਤਨੀ ਨੇੜੇ ਆਈ। ਲਾਰਾ ਵੀ ਆ ਕੇ ਲਿਪਟ ਗਈ।

"ਪੁੱਤ ਰੋਟੀ ਪੁੱਛ ਲੈ।" ਨੀਰੂ ਸਿੱਧਾ ਨਾ ਆਖ ਲਾਰਾ ਨੂੰ ਕਿਹਾ।

ਪਰ ਬਿਸ਼ੂ ਭਰੇ ਮਨ ਬਿਨਾਂ ਕੁਝ ਕਹੇ ਪਰਤ ਗਿਆ।

ਘਰੋਂ ਨਿਕਲਦੇ ਲੱਗਾ, ਉਹ ਕਿਸੇ ਜੋਸ਼ ਅਤੇ ਰੋਹ ਨਾਲ ਭਰਿਆ ਪਿਆ ਸੀ। ਉਹ ਵਲਾਅ ਕੇ ਜਾਣ ਦੀ ਥਾਂ, ਚਨਾਰ ਬਾਗ ਤੋਂ ਸਿੱਧਾ ਹੀ ਧਰਨੇ ਵੱਲ ਤੁਰਿਆ ਆਇਆ।

ਅੱਗੇ ਦਰੀ ਤੇ ਸੁੱਖਾ ਕੁਲੇ ਮਾਜਰੀਆ ਸੀ।

ਧਰਨੇ ਤੋਂ ਕੁਝ ਦੂਰੀ ਖੰਭੇ ਦੇ ਸਹਿਕਦੇ ਚਾਨਣ ਵਿਚ ਰੇੜ੍ਹੀ ਫੜੀ ਵਾਲੇ ਬਿਹਾਰੀਏ ਜਰਦਾ ਬੀੜੇ ਦੇ ਆਹਰੇ ਗੱਲੀਂ ਜੁਟੇ ਸਨ। ਦਸ ਕਦਮਾਂ 'ਤੇ ਕਬਾੜੀ ਮਾਰਕੀਟ ਸੀ। ਰੁੱਕ-ਰੁੱਕ ਕੇ ਕਿਸੇ ਵਦਾਣ ਦੀ ਸੱਟ ਗੂੰਜਦੀ, ਜਾਂ ਵੈਲਡਿੰਗ ਦੀ ਤੇਜ਼ ਲਿਸ਼ਕੋਰ ਹਨੇਰਾ ਚੀਰਦੀ। ਸੱਜੀ ਵੱਖੀ 'ਖੰਨਾ ਹਾਈਟ' ਦੇ ਦਸ ਮੰਜਿਲਾ ਫਲੈਟ ਸਨ। ਇਹ ਉਹੋ ਖੰਨਾਂ ਸੀ ਜਿਸ ਦੀ ਜੀਪ ਤੋਂ ਲਾਰਾ ਡਰੀ। ਇਸ ਵੇਲੇ ਭਾਵੇਂ ਇਹ ਲੁੱਗੀ ਥਾਂ ਸੀ ਅਤੇ ਕਣਕ ਦੇ ਗੁਦਾਮ ਹਨੇਰੇ ਵਿਚ ਡਰਾਉਣੇ ਲੱਗ ਰਹੇ ਸਨ। ਪਰ ਦਿਨ ਵੇਲੇ ਇਧਰੋਂ ਅੱਧਾ ਸ਼ਹਿਰ ਲੰਘਦਾ। ਧਰਨੇ ਦੇ ਐਨ ਸਾਮ੍ਹਣੇ ਧੀਰੂ ਭਾਈ ਦਾ ਦਫ਼ਤਰ ਸੀ ਜਿਸ ਵਿਚ ਧੀਰੂ ਭਾਈ ਤੇ ਵਰਕਰ ਦੇਰ ਰਾਤ ਤਕ ਬੈਠਦੇ।

"ਕਿੱਧਰ ਗਏ?" ਧਰਨਾਂ ਸੁੰਨਾਂ ਦੇਖ ਬਿਸ਼ੂ ਸੁੱਖੀ ਤੋਂ ਪੁੱਛਿਆ।

"ਦੇਖ਼ਾ ਤਾਂ ਕਿਸੇ ਪੱਤਰਕਾਰ ਨੂੰ ਲੈਣ ਗਿਐ।"

"ਕਿਉਂ?"

"ਕਹਿੰਦੇ ਖ਼ਬਰ ਭੇਜਾਂਗੇ।"

"ਬਾਕੀ?"

"ਕੰਡੂ ਰੋਟੀ ਲਿਆਊ ਢਾਬਿਉਂ। ਪ੍ਰਧਾਨ ਤੇ ਧਰਮਾਂ ਹੋਂ ਨੂੰ ਗਏ ਐ, ਥੋੜ੍ਹਾ ਚਿਰ ਪਹਿਲਾਂ।" ਸੁੱਖੀ ਇਸ਼ਾਰੇ ਨਾਲ ਦੱਸਿਆ।

ਬਿਸ਼ੂ ਨੂੰ ਅਚਵੀ ਹੋਈ।

ਮੂਰਖ ਧਰਨਾਂ ਸੁੰਨਾਂ ਛੱਡ ਗਏ। ਸੁੰਨੇ ਧਰਨੇ 'ਚ ਬਰਕਤ ਨਹੀਂ ਰਹਿੰਦੀ। ਟਹਿਲਦਾ ਗੁਦਾਮਾਂ ਵੱਲ ਚਲਿਆ ਗਿਆ।

ਸਫੈਦਿਆਂ ਦੀ ਓਟ ਵਿਚ; ਥੋਰ ਦੇ ਚੁਬੱਚੇ 'ਤੇ ਕਿਸੇ ਦੇ ਬੈਠੇ ਹੋਣ ਦਾ ਝਾਉਲਾ



ਪਿਆ। ਉਹ ਰੁਕਿਆ, ਅਤੇ ਆਦਿਸਤਾ ਜਿਹੇ ਨੇੜੇ ਹੋਇਆ। ਪ੍ਰਧਾਨ ਅਤੇ ਧਰਮਾਂ ਸਨ।

"ਪੱਤਰਕਾਰ ਆਊ ਨਾ ਪੱਕਾ?"

"ਇੱਟ ਅਰਗਾ।"

"ਦੇਖ ਧਰਮੇਂ ਹੁਣ ਮੌਕਾ ਮਿਲਿਐ ਬਿਸ਼ੂ ਦੀ ਪਿੱਠ ਤੇ ਖੜ੍ਹਨ ਦਾ।

"ਦੇਖਦੇ ਆਂ।"

"ਦੇਖਦੇ ਨਹੀਂ, ਨਾਸੀਂ ਧੂੰ ਦਿਉ ਸਾਲੇ ਦੇ।"

"ਪਰ ਹਰਾਮੀ ਐ ਧੀਰੂ... ਜੇ ਨਾ ਲਿਵਿਆ?"

"ਫੇ ਕੀ ਪੁੱਤ ਲਗਦੈ ਸਾਲਾ। ਸਿੱਧਾ ਟਕਰਾਂਗੇ।"

"ਮਸਲਨ!"

"ਫੇ ਕੁੜੀ ਦਾਗੀ ਕਰਾਉ ਸਾਲੇ ਦੀ।"

ਬਿਸ਼ੂ ਦੀਆਂ ਲੱਤਾਂ ਕੰਬੀਆਂ। ਚੱਕਰ ਆਇਆ। ਡਿਗਦਾ ਡਿਗਦਾ ਬਚਿਆ।...

ਉਹ ਹਨੇਰੀ ਵਾਂਗ ਪਰਤਿਆ ਅਤੇ ਬੇ-ਤਹਾਸ਼ਾ ਚੀਕਦਾ ਹੋਇਆ ਸ਼ਮਿਆਨਾ ਪੁੱਟਣ ਲੱਗਾ। ਪਾਗਲਾਂ ਵਾਂਗ।...

ਚੰਘਾੜਦੇ ਬੋਲ ਹਿਰਦਾ ਚੀਰਦੇ ਸਨ।

"ਸਾਲਿਓ ਮੇਰੀ ਧੀ ਬਦਲੇ ਲੋਕਾਂ ਦੀਆਂ ਧੀਆਂ ਚੱਕੋਗੇ? ਆਓ ਕਿਹੜਾ ਹੱਥ ਲਾਉਂਦੈ ਧੀਰੂ ਦੀ ਕੁੜੀ ਨੂੰ...।"

ਬਿਸ਼ੂ ਚੀਕ ਰਿਹਾ ਸੀ। ਬੇ-ਤਹਾਸ਼ਾ ਪਾਗਲਾਂ ਵਾਂਗ। ਇਤਨਾ ਉੱਚੀ ਕਿ ਹਨੇਰਾ ਅਤੇ ਰਾਤ ਦੋਵੇਂ ਲੰਗਾਰੇ ਗਏ।

ਅੱਖ ਦੇ ਫੋਰ ਵਿਚ ਕਬਾੜੀਏ। ਧੀਰੂ ਦੇ ਵਰਕਰ। ਫੜ੍ਹੀ ਵਾਲੇ ਤੇ ਹੋਰ ਪਤਾ ਨਹੀਂ ਕਿੱਥੋਂ ਹਜੂਮ ਉਮਡ ਆਇਆ।

ਪ੍ਰਧਾਨ, ਧਰਮਾਂ ਅਤੇ ਪੱਤਰਕਾਰ ਵੀ ਆ ਰਲਿਆ। ਸਭ ਨੇ ਦੇਖਿਆ, ਬਿਸ਼ੂ ਸਿਰ ਇਕ ਤਰ੍ਹਾਂ ਫਤੂਰ ਸੀ। ਕਿਸੇ ਤੋਂ ਫੜਿਆ ਨਹੀਂ ਸੀ ਜਾ ਰਿਹਾ।...

ਸਭ ਨੇ ਪ੍ਰਧਾਨ ਵੱਲ ਝਾਕਿਆ।

ਇਹ ਧੀਰੂ ਭਾਈ ਦੀ ਕੁੜੀ ਕਿਵੇਂ ਆ ਗਈ ਵਿੱਚ?

"ਦਿਲ ਨੂੰ ਲਾ ਲਈ ਕੋਹੜੀ ਨੇ।" ਪ੍ਰਧਾਨ ਹਉਕਾ ਲਿਆ।

ਆਪੇ ਤੋਂ ਬਾਹਰ ਬਿਸ਼ੂ ਨੂੰ ਹਜੂਮ ਕਦੇ ਧੱਕ ਕੇ ਏਧਰ ਲੈ ਜਾਂਦਾ; ਕਦੇ ਓਧਰ। ਹਨੇਰੇ ਵਿਚ ਕਿਸੇ ਨੂੰ ਕੁਝ ਸੁੱਝ ਨਹੀਂ ਸੀ ਰਿਹਾ, ਉਹ ਪਾਗਲ ਹੋਏ ਬਿਸ਼ੂ ਨੂੰ ਕਿਵੇਂ ਕਾਬੂ ਕਰਨ।

"ਸਾਲਿਓ ਲਾਓ ਧੀਰੂ ਦੀ ਕੁੜੀ ਨੂੰ ਹੱਥ।"

ਭੀੜ ਨੇ ਜੱਫਾ ਭਰਿਆ ਅਤੇ ਬਿਸ਼ੂ ਨੂੰ ਧੱਕ ਕੇ ਪਰ੍ਹਾਂ ਲੈ ਗਏ।

ਬਿਸ਼ੂ ਪਕੜ 'ਚੋਂ ਨਿਕਲਣ ਲਈ ਜ਼ੋਰ ਲਾਇਆ। ਤਦੇ ਉਹਦੀ ਵੱਖੀ ਵਿਚ

ਕੁਝ ਉੱਤਰਿਆ। ਜਿਵੇਂ ਕਿਸੇ ਅੰਗਿਆਰ ਧਰਿਆ ਹੋਵੇ। ਚੀਸ ਪਈ। ਇਕਾਇਕ ਪੀੜ ਸਿਰ ਨੂੰ ਚੜ੍ਹੀ। ਟੋਹਿਆ। ਹੱਥ ਨੂੰ ਕੁੱਝ ਤਰਲ ਛੋਹਿਆ। ਡਰ ਨਾਲ ਹਿਰਦਾ ਕੰਬਿਆ। ਚੱਕਰ ਆਇਆ। ਸਿਰ ਚੁੱਕਿਆ। ਕੰਨਾਂ ਵਿਚ ਸ਼ੋਰ ਅਤੇ ਪੀੜਾ ਉੱਠੀ। ਹਨੇਰਾ ਵਿਗ ਵਾਂਗ ਉੱਲਰਿਆ। ਦੂਜੇ ਪਲ ਬਿਸ਼ੂ ਡਿੱਗਿਆ। ਕਿਸੇ ਚੀਕ ਮਾਰੀ।

"ਕਿਸੇ ਨੇ ਚਾਕੂ ਮਾਰ ਤਾ ਉਏ ਬਾਈ ਦੇ...।"

ਹਨੇਰਾ ਕੰਬਿਆ। ਭਗਦੜ ਮੱਚੀ।

ਕਿਸ ਚੁੱਕਿਆ। ਪਤਾ ਨਹੀਂ। ਕਦੋਂ ਹੋਸ਼ ਆਈ ਪਤਾ ਨਹੀਂ ?

ਉਸ ਰਾਤ ਸ਼ਹਿਰ ਦੇ ਪੂਰੇ ਅਸਮਾਨ 'ਤੇ ਇਕ ਖੰਭ ਚੜ੍ਹੀ; ਜਿਸ ਵਿਚ ਲਾਰਾ ਦੀ ਅਸਮਤ, ਧੀਰੂ ਦੀ ਧੀ ਤੇ ਬਿਸ਼ੂ ਦੀਆਂ ਕੁਤਰੀਆਂ ਆਂਦਰਾਂ...ਬੋਟੀ ਬੋਟੀ ਕਰਕੇ ਉੱਡੀਆਂ।...

ਜਿਵੇਂ ਹੀ ਖੰਭ ਬੈਠੀ। ਬਿਸ਼ੂ ਅੱਖਾਂ ਖੋਲ੍ਹੀਆਂ। ਉਹਦਾ ਸਿਰ ਨੀਰੂ ਦੀ ਝੋਲੀ ਵਿਚ ਸੀ ਤੇ ਠੋਡੀ ਦੀ ਕੰਡਿਆਲੀ ਦਾੜ੍ਹੀ ਨੀਰੂ ਦੀ ਤਲੀ ਨੇ ਬੋਚ ਰੱਖੀ ਸੀ। ਸ਼ਾਇਦ ਉਹ ਰੋ ਕੇ ਹਟੀ ਸੀ।

ਸਾਮ੍ਹਣੇ ਲਾਰਾ ਅਤੇ ਸੁਧਾ ਨੂੰ ਦੇਖ ਬਿਸ਼ੂ ਅੰਦਰੋਂ ਕਿਸੇ ਜੋਸ਼ ਦੀ ਲਹਿਰ ਉੱਠੀ। ਉਸਦਾ ਮੱਥਾ ਕਿਸੇ ਜਿੱਤ ਦੀ ਆਸ ਵਿਚ ਟਹਿਕ ਉੱਠਿਆ। ਉਸ ਜ਼ਖ਼ਮ ਦੀ ਪੀੜ ਭੁੱਲ ਉੱਠਣ ਲਈ ਜ਼ੋਰ ਲਾਉਂਦੇ ਚੀਕਣਾ ਚਾਹਿਆ। ਸਾਲਿਓ ਕੈਸੇ ਲੀਡਰ ਓ ਤੁਸੀਂ? ਲਹੂ ਨਾਲ ਲਹੂ ਤੇ ਚਿੱਕੜ ਨਾਲ ਚਿੱਕੜ ਧੋਵੋਗੇ ? ਲਾਨ੍ਹਤ ਐ ਐਸੀ ਲੜਾਈ 'ਤੇ; ਤੁਸੀਂ ਕੋਈ ਨਾ ਆਇਓ। ਮੈਂ ਕੱਲਾ ਲੜੂੰ ਧੀ ਲਈ...।" ਪਰ ਉਹ ਕੁਝ ਵੀ ਨਾ ਆਖ, ਸੁਧਾ ਵੱਲ ਦੇਖ ਅਤੇ ਲਾਰਾ ਨੂੰ ਹਿੱਕ ਨਾਲ ਘੁੱਟ ਕੇ ਲਾਉਂਦੇ, ਰੋਹ ਵਿਚ ਮੱਚ ਉੱਠਿਆ। ਉਹਦੀ ਖੱਲ ਵਿਚ ਹੁਣ ਭੋਰਾ ਡਰ ਨਹੀਂ ਸੀ।...

ਦੂਜੇ ਦਿਨ ਲੋਕਾਂ ਦੇ ਮੱਥੇ ਬਾਰ-ਬਾਰ ਇੱਕੋ ਅੰਗਿਆਰ ਸੁਲਗਿਆ, ਇਹ ਬਿਸ਼ੂ ਕੈਸੀ ਤਾਸੀਰ ਦਾ ਸੀ ?

ਤਬਾਹ ਕਰਨ ਵਾਲੇ ਦੀ ਧੀ ਬਦਲੇ ਖ਼ੁਦ ਹੀ ਅੱਗ 'ਚ ਕੁੱਦ ਗਿਆ ? ਆਖ਼ਰ ?...

•••